**Reo-Bankowned Properties**

From San Jose to Sacramento

JASSI GILL *Broker/Owner*

510-304-9292

**Refinance Now**

@ZERO COST

Call Sukhi Gill:510-207-9067

CA DRE Lic.#01180969



*Jassi Gill*

CA DRE# 00966763

**Hardeep S.Rai**

ਇੰਮੇਗਰੇਸ਼ਨ ਵਕੀਲ

Attorney-at-Law

• ਨੌਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ

• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ

• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੇਰਿਕਨ ਅੰਬੇਸੀ ਦੇ ਕੇਸ • ਬੈਂਕਰਪਸੀ

SAN FRANCISCO
TEL: 415.693.9131
FAX. 415.693.9135

rai@hsrai.com
www.hsrai.com

SAN JOSE
TEL: 408.280.1111
FAX. 408.280.1212

**Kuldip Singh Dhariwal**

Attorney At Law

ਇਮੀਗਰੇਸ਼ਨ ਸੇਵਾਵਾਂ

ਫੈਮਿਲੀ ਲਾਅ

Tel : (510) 744-1280

Fax: (510) 744-4192



ਕੁਲਦੀਪ ਸਿੰਘ ਧਾਰੀਵਾਲ

3100 Mowry Ave. #303, Fremont, CA 94538

E-mail: kuldipdhariwal@yahoo.com



Eleventh Year in Publication

ਕੈਲੇਫੋਰਨੀਆ ਐਡੀਸ਼ਨ Price 50¢

Email:punjabtimes1@sbcglobal.net

www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 11, Issue 49, December 4, 2010 20451 N Plum Grove Rd. Palatine, IL 60074 Ph:847-359-0746, Fax:847-705-9388


# ਸਪੈਕਟ੍ਰਮ ਘੁਟਾਲਾ:ਰਾਡੀਆ ਟੇਪਾਂ ਨੇ ਸਰਕਾਰ ਦਾ ਸੰਕਟ ਹੋਰ ਵਧਾਇਆ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਦੇਸ਼ 'ਚ 2-ਜੀ ਸਪੈਕਟ੍ਰਮ ਘੁਟਾਲੇ ਨਾਲ ਜੁੜੀਆਂ ਕੜੀਆਂ ਨੇ ਜਿੱਥੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਸਾਫ਼ ਅਕਸ ਨੂੰ ਢਾਹ ਲਾਈ ਹੈ ਉਥੇ ਲੋਕਤੰਤਰ ਦਾ ਚੌਥਾ ਥੰਮ੍ਹ ਕਹੇ ਜਾਣ ਵਾਲੇ ਮੀਡੀਆ ਨੂੰ ਵੀ ਸ਼ਰੇਆਮ ਨੰਗਾ ਕੀਤਾ ਹੈ। ਭਾਵੇਂ ਇਸ ਘੁਟਾਲੇ ਦੇ ਮੁੱਖ ਸੂਤਰਧਾਰ ਦੂਰ ਸੰਚਾਰ ਮੰਤਰੀ ਏ ਰਾਜਾ ਨੇ ਅਸਤੀਫਾ ਦੇ ਦਿੱਤਾ ਹੈ ਪਰ ਯੂ.ਪੀ.ਏ. ਸਰਕਾਰ ਦਾ ਖਹਿੜਾ ਅਜੇ ਵੀ ਨਹੀਂ ਛੁੱਟਿਆ। ਪਿਛਲੇ 13 ਦਿਨਾਂ ਤੋਂ ਚਲਦੇ ਅੜਿੱਕੇ ਨੂੰ ਖਤਮ ਕਰਨ ਲਈ 30 ਨਵੰਬਰ ਨੂੰ ਬੁਲਾਈ ਸਰਬ ਪਾਰਟੀ ਮੀਟਿੰਗ ਵਿਚ ਵਿਰੋਧੀ ਧਿਰਾਂ ਸਾਂਝੀ ਸੰਸਦੀ ਕਮੇਟੀ ਦੀ ਮੰਗ 'ਤੇ ਅੜੀਆਂ ਰਹੀਆਂ।



*ਰਤਨ ਟਾਟਾ ਅਤੇ ਨੀਰਾ ਰਾਡੀਆ*

ਦੂਜੇ ਪਾਸੇ ਮਾਮਲੇ ਦੀ ਗੰਭੀਰਤਾ ਨੂੰ ਲੈਂਦਿਆਂ ਕੇਂਦਰ ਸਰਕਾਰ ਨੇ ਨੀਰਾ ਰਾਡੀਆ ਦੀ ਟੈਲੀਫੋਨ ਗੱਲਬਾਤ ਦੀਆਂ ਟੇਪਾਂ ਦੇ ਮੀਡੀਆ ਵਿਚ ਲੀਕ ਹੋਣ ਬਾਰੇ ਜਾਂਚ ਦੇ ਹੁਕਮ ਦੇ ਦਿੱਤੇ ਹਨ। ਇਸ ਦੇ ਨਾਲ ਹੀ ਟਾਟਾ ਗਰੁੱਪ ਦੇ ਚੇਅਰਮੈਨ ਰਤਨ ਟਾਟਾ ਨੇ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾ ਕੇ ਟੇਪਾਂ

## ਪੱਤਰਕਾਰਾਂ ਵੱਲੋਂ ਕੀਤੀ ਦਲਾਲੀ ਨਸ਼ਰ

ਲੀਕ ਹੋਣ ਲਈ ਜ਼ਿੰਮੇਵਾਰ ਲੋਕਾਂ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਹੈ। ਉਨ੍ਹਾਂ ਨੇ ਮੁਲਕ ਦੀ ਸਰਬਉਚ ਅਦਾਲਤ ਤੋਂ ਆਪਣੀ ਨਿੱਜਤਾ ਦੀ ਰਾਖੀ ਕੀਤੇ ਜਾਣ ਤੇ ਇਨ੍ਹਾਂ ਟੇਪਾਂ ਨੂੰ ਨਾਜਾਇਜ਼ ਢੰਗ ਨਾਲ ਨਸ਼ਰ ਕੀਤੇ ਜਾਣ ਉਤੇ ਪਾਬੰਦੀ ਲਾਉਣ ਦੀ ਮੰਗ ਕੀਤੀ ਹੈ। ਇਸ ਦੇ ਨਾਲ ਹੀ ਸੀ.ਬੀ.ਆਈ. ਨੇ ਵੀ 29 ਨਵੰਬਰ ਨੂੰ 2-ਜੀ ਸਪੈਕਟ੍ਰਮ ਵੰਡ ਘੁਟਾਲੇ ਬਾਰੇ ਜਾਂਚ ਦੀ ਸਥਿਤੀ ਰਿਪੋਰਟ ਸੁਪਰੀਮ ਕੋਰਟ ਵਿਚ ਪੇਸ਼ ਕਰ ਦਿੱਤੀ ਹੈ। ਇਹ ਜਾਂਚ ਇੰਟੈਲੀਜੈਂਸ ਬਿਊਰੋ (ਆਈ.ਬੀ.) 'ਤੇ ਸਿੱਧੇ ਕਰਾਂ ਬਾਰੇ ਕੇਂਦਰੀ ਬੋਰਡ (ਸੀ.ਬੀ.ਡੀ.ਟੀ.) ਵੱਲੋਂ ਕੀਤੀ ਜਾਵੇਗੀ। ਇਸ ਵਿਚ ਇਸ ਗੱਲ ਦਾ ਪਤਾ ਲਾਇਆ ਜਾਵੇਗਾ ਕਿ ਟੇਪਾਂ ਨੂੰ ਕਿਸ ਨੇ ਕਿਵੇਂ ਲੀਕ ਕੀਤਾ। ਇਹ ਫੋਨ ਟੇਪਿੰਗ ਪਿਛਲੇ ਸਮੇਂ ਦੌਰਾਨ ਸੀ.ਬੀ.ਡੀ.ਟੀ. ਨੇ ਗ੍ਰਹਿ ਮੰਤਰਾਲੇ ਦੀ ਇਜਾਜ਼ਤ ਨਾਲ ਕੀਤੀ ਸੀ। ਸੀ.ਬੀ.ਆਈ. ਵੱਲੋਂ 2-ਜੀ ਸਪੈਕਟ੍ਰਮ ਘਪਲੇ ਸਬੰਧੀ ਇਨ੍ਹਾਂ ਟੇਪਾਂ ਨੂੰ ਜਾਂਚਿਆ ਪਰਖਿਆ ਜਾ ਰਿਹਾ ਸੀ ਜਿਹੜੀਆਂ 5000 ਕਾਲਾਂ ਨਾਲ ਸਬੰਧਤ ਹਨ। ਇਨ੍ਹਾਂ 'ਚੋਂ ਤਕਰੀਬਨ 104 ਟੇਪਿੰਗ ਰਿਕਾਰਡ ਪਹਿਲਾਂ ਹੀ ਬਾਜ਼ਾਰ ਵਿਚ ਆ ਚੁੱਕੇ ਹਨ। ਦੂਜੇ ਪਾਸੇ ਕੇਂਦਰੀ ਕਾਨੂੰਨ ਮੰਤਰਾਲੇ ਨੇ ਸਰਗਰਮੀ ਵਿਖਾਉਂਦਿਆਂ ਦੂਰ ਸੰਚਾਰ ਮੰਤਰਾਲੇ ਦੇ ਕਾਨੂੰਨੀ ਸਲਾਹਕਾਰ ਸੰਤੋਖ ਸਿੰਘ ਨੂੰ ਮੁਅੱਤਲ ਕਰ ਦਿੱਤਾ ਹੈ। ਸੰਤੋਖ ਸਿੰਘ 'ਤੇ ਸ੍ਰੀ ਏ. ਰਾਜਾ ਦੇ ਕਾਰਜਕਾਲ ਦੌਰਾਨ ਸੁਪਰੀਮ ਕੋਰਟ ਵਿਚ ਉਹ ਵਿਵਾਦਗ੍ਰਸਤ ਹਲਫਨਾਮਾ ਦਾਖ਼ਲ ਕਰਨ ਦਾ ਦੋਸ਼ ਹੈ ਜਿਸ ਵਿਚ 2-ਜੀ ਸਪੈਕਟ੍ਰਮ ਦੀ ਵੰਡ 'ਚ ਪ੍ਰਧਾਨ ਮੰਤਰੀ ਨੂੰ ਵੀ ਲਪੇਟਿਆ ਗਿਆ ਸੀ। ਇਸੇ ਦੌਰਾਨ ਸਪੈਕਟ੍ਰਮ ਦੀ ਵੰਡ ਵਿਚ 1.76 ਲੱਖ ਕਰੋੜ ਰੁਪਏ ਦੇ ਕਥਿਤ ਘੁਟਾਲੇ ਕਾਰਨ ਸਖ਼ਤ ਆਲੋਚਨਾ ਝੱਲ ਰਹੀ ਸਰਕਾਰ ਨੇ ਦਰਜਨਾਂ ਅਪਰੇਟਰਾਂ ਵੱਲੋਂ ਪੇਸ਼ ਕੀਤੇ ਗਲਤ ਤੱਥਾਂ ਕਾਰਨ ਉਨ੍ਹਾਂ ਦੇ ਲਾਇਸੈਂਸ ਰੱਦ ਕਰ ਕਰਨ ਬਾਰੇ ਨੋਟਿਸ

*(ਬਾਕੀ ਸਫਾ 5 'ਤੇ)*



*ਬੇਕਰਜ਼ਫੀਲਡ ਵਿਚ ਗੁਰੂ ਨਾਨਕ ਪ੍ਰਕਾਸ਼ ਪੁਰਬ 'ਤੇ ਕੀਤਾ ਗਿਆ ਮਹਾਨ ਨਗਰ ਕੀਰਤਨ* *(ਰਿਪੋਰਟ ਸਫਾ 22 'ਤੇ)*

# ਮਨਪ੍ਰੀਤ ਦੀ 'ਜਾਗੋ ਪੰਜਾਬ ਯਾਤਰਾ' ਨੂੰ ਭਰਵਾਂ ਹੁੰਗਾਰਾ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਵੱਲੋਂ ਸ਼ੁਰੂ ਕੀਤੀ ਗਈ 'ਜਾਗੋ ਪੰਜਾਬ ਯਾਤਰਾ' ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਭਾਵੇਂ ਸਰਕਾਰ ਵੱਲੋਂ ਉਨ੍ਹਾਂ ਦੀ ਮੁਹਿੰਮ ਨੂੰ ਠੁੱਸ ਕਰਨ ਲਈ ਹਰ ਹਰਬਾ ਵਰਤਿਆ ਜਾ ਰਿਹਾ ਹੈ ਪਰ ਉਹ ਜਿੱਥੇ ਵੀ ਜਾਂਦੇ ਹਨ ਉਥੇ ਵੱਡੀ ਗਿਣਤੀ 'ਚ ਲੋਕ ਉਨ੍ਹਾਂ ਦੇ ਵਿਚਾਰ ਸੁਣਨ ਲਈ ਜੁੜ ਜਾਂਦੇ ਹਨ।

ਸ. ਮਨਪ੍ਰੀਤ ਬਾਦਲ ਨੇ ਫਰੀਦਕੋਟ ਵਿਖੇ ਟਿੱਲਾ ਬਾਬਾ ਫਰੀਦ 'ਤੇ ਮੱਥਾ ਟੇਕ ਕੇ ਇਸ ਯਾਤਰਾ ਦਾ ਆਗ਼ਜ਼ ਕੀਤਾ ਜੋ ਪੰਜਾਬ ਦੇ 117 ਹਲਕਿਆਂ 'ਚ ਜਾਵੇਗੀ। ਉਹ ਇਸ ਯਾਤਰਾ ਦੌਰਾਨ

*(ਬਾਕੀ ਸਫਾ 13 'ਤੇ)*


**Ad Space Available Please Call 847-359-0746**

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets

Toll Free 1-866-FOR-RAJA
www.rajasweets.com
msbains@rajasweets.com

ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Follow us on:

**Raja™ SWEETS & CATERING®**

AUTHORIZED CATERER FOR MAJOR 5-STAR HOTELS

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।



Call Makhan Bains or Ravinder Singh for your next Party 1-866-FOR RAJA www.RajaSweets.com

Law Offices Of
**Manpreet S. Gahra**

ਇਮੀਗਰੇਸ਼ਨ ਸੇਵਾਵਾਂ

ਫੈਮਿਲੀ ਲਾਅ

ਬਿਜਨਸ ਲਾਅ



Manpreet S.Gahra
Attorney At Law

Berkeley Office
2161 Shattuck Ave. #304, Berkeley
Ph. 510-841-4582, Fax: 510-217-6847

Sacramento Office
Call For Appointments
Ph. 916-924-1617
Email:manpreet@gahralaw.com

# ਕੀ ਤੁਸੀਂ ਡਾਇਬਟੀਜ਼, ਥਾਇਰਾਡ, ਹਾਈ ਕੋਲੈਸਟਰੋਲ, ਹਾਈ ਬਲੱਡ ਪ੍ਰੈਸ਼ਰ ਤੋਂ ਪੀੜਤ ਹੋ ਜਾਂ ਕੋਈ ਹੋਰ ਰੋਗ ਤੁਹਾਡੇ ਲਈ ਚਿੰਤਾ ਦਾ ਵਿਸ਼ਾ ਹੈ

*ਟਾਈਪ-2 ਡਾਇਬਟੀਜ਼-ਕੀ ਤੁਹਾਡੇ ਕੋਲ ਇਸ ਤੋਂ ਛੁਟਕਾਰੇ ਦਾ ਕੋਈ ਰਾਹ ਨਹੀਂ? ਇਹ ਤੁਹਾਡੇ ਨਾਲ ਹੀ ਨਿਭੇਗੀ!*



ਸਟਾਕਟਨ ਏਰੀਏ ਦੇ ਡਾਇਬਟੀਜ਼ ਦੇ ਮਰੀਜਾਂ ਦੇ ਸਹਾਇਕ ਇਕ ਮਾਹਰ ਵਲੋਂ ਹਾਲ ਹੀ ਵਿਚ ਰਿਲੀਜ਼ ਹੋਈ ਆਪਣੀ ਖਪਤਕਾਰ ਗਾਈਡ ਵਿਚ ਇੰਕਸ਼ਾਫ ਕੀਤਾ ਗਿਆ ਹੈ ਕਿ ਤੁਹਾਡਾ ਸ਼ੂਗਰ ਰੋਗ ਉਮਰ ਭਰ ਦੀ ਸਜ਼ਾ ਨਹੀਂ ਹੋਣਾ ਚਾਹੀਦਾ! ਅਤੇ ਤੁਸੀਂ ਇਸ ਬਾਰੇ ਕੀ ਕੁਝ ਕਰ ਸਕਦੇ ਹੋ?

**ਆਪਣੇ ਤੋਂ ਇਹ ਸਵਾਲ ਪੁਛੋ:**

*ਕੀ ਤੁਹਾਡਾ ਡਾਕਟਰ ਤੁਹਾਡੀ ਵਿਜ਼ਿਟ ਸਮੇਂ ਤੁਹਾਡੇ ਨਾਲ ਲੋੜੀਂਦਾ ਸਮਾਂ ਗੁਜਾਰਦਾ ਹੈ?

*ਕੀ ਕੋਈ ਵਜ਼ਨ ਘਟਾਉਣ, ਥਕਾਵਟ ਦੂਰ ਕਰਨ, ਕਸਰਤ... ਜਾਂ ਸਿਹਤਮੰਦ ਹੋਣ ਵਿਚ ਤੁਹਾਡੀ ਮਦਦ ਕਰ ਰਿਹਾ ਹੈ?

*ਕੀ ਤੁਹਾਨੂੰ ਉਹ ਸਾਰੇ ਅਤੇ ਬੇਹੱਦ ਜਰੂਰੀ ਟੈਸਟ ਕਰਵਾਉਣ ਦੀ ਸਲਾਹ ਦਿੱਤੀ ਗਈ ਹੈ ਜਿਨ੍ਹਾਂ ਨਾਲ ਤੁਹਾਨੂੰ ਘੱਟ ਦਵਾਈ ਦੀ ਲੋੜ ਪਵੇ ਜਾਂ ਬਿਲਕੁਲ ਹੀ ਨਾ ਪਵੇ?

*ਕੀ ਤੁਹਾਡਾ ਡਾਕਟਰ ਤੁਹਾਨੂੰ ਸ਼ੂਗਰ ਬਾਰੇ ਇਹ ਆਮ ਪੰਜ ਗਲਤੀਆਂ ਕਰਨਾ ਅਤੇ ਭਰਮ ਪਾਲਣਾ ਸਿਖਾ ਰਿਹਾ ਹੈ? ਇਸ ਸਭ ਦੇ ਜਵਾਬ ਹੇਠਾਂ ਦਿੱਤੇ ਗਏ ਹਨ:

ਸਟਾਕਟਨ ਇਲਾਕੇ ਵਿਚ ਲੰਮੇ ਸਮੇਂ ਤੋਂ ਸਿਹਤ ਸਹੂਲਤਾਂ ਮੁਹੱਈਆ ਕਰ ਰਹੇ ਡਾ. ਜਗਜੀਤ ਸਿੰਘ ਸਿਹੋਤਾ, ਡੀ ਸੀ ਨੇ ਇਸ ਏਰੀਏ ਦੇ ਸ਼ੂਗਰ ਰੋਗ ਤੋਂ ਪੀੜਿਤ ਮਰੀਜਾਂ ਦੀਆਂ ਆਮ ਤੇ ਗੰਭੀਰ ਮੁਸ਼ਕਿਲਾਂ ਬਾਰੇ ਜਨਤਕ ਤੌਰ 'ਤੇ ਗੱਲਾਂ ਕੀਤੀਆਂ। ਡਾ. ਸਿਹੋਤਾ ਮਾਡੈਸਟੋ, ਸਟਾਕਟਨ ਅਤੇ ਇਸ ਨਾਲ ਲਗਦੇ ਇਲਾਕਿਆਂ ਵਿਚ ਸਿਹਤ ਸੰਭਾਲ ਦੇ ਮਾਮਲੇ ਵਿਚ ਇਕ ਜਾਣੀ ਪਛਾਣੀ ਸ਼ਖਸੀਅਤ ਹਨ ਅਤੇ ਹਾਲ ਹੀ ਵਿਚ ਉਨ੍ਹਾਂ ਨੇ ਸਾਡੇ ਨਾਲ ਇਕ ਰਿਪੋਰਟ ਸਾਂਝੀ ਕੀਤੀ ਜਿਸ ਦਾ ਸਿਰਲੇਖ ਹੈ, "ਤੁਹਾਡਾ ਸ਼ੂਗਰ ਰੋਗ ਉਮਰ ਭਰ ਦੀ ਸਜ਼ਾ ਨਹੀਂ ਹੋਣਾ ਚਾਹੀਦਾ" ਅਤੇ ਇਹੋ ਇਸ ਲੇਖ ਦਾ ਮੂਲ ਮੁੱਦਾ ਹੈ। ਉਨ੍ਹਾਂ ਨੇ ਸ਼ੂਗਰ ਰੋਗ ਬਾਰੇ ਆਮ ਗਲਤਫਹਿਮੀਆਂ, ਬੇਚੈਨੀਆਂ ਅਤੇ ਇਸ ਨਾਲ ਜੱਦੋਜਹਿਦ ਦਾ ਜ਼ਿਕਰ ਕੀਤਾ ਹੈ ਜਿਨ੍ਹਾਂ ਨਾਲ ਡਾਇਬਟੀਜ਼ ਦੇ ਲੱਖਾਂ ਮਰੀਜ਼ ਹਰ ਵਰ੍ਹੇ ਦੋ-ਚਾਰ ਹੁੰਦੇ ਹਨ।

## ਡਾਇਬਟੀਜ਼ ਬਾਰੇ ਪੰਜ ਮੁੱਖ ਗਲਤਫਹਿਮੀਆਂ

(1) ਇਹ ਸੋਚਣਾ ਕਿ ਟਾਈਪ-2 ਡਾਇਬਟੀਜ਼ ਮੂਲੋਂ ਹੀ ਪੁਸ਼ਤੈਨੀ ਹੈ

ਕੀ ਡਾਇਬਟੀਜ਼ ਤੁਹਾਨੂੰ ਪੁਸ਼ਤੈਨੀ ਤੌਰ 'ਤੇ ਮਿਲੀ ਹੈ ਅਤੇ ਇਹ ਜਨਮ ਨਾਲ ਹੀ ਤੁਹਾਡੇ ਸਰੀਰ ਵਿਚ ਆ ਗਈ ਹੈ? ਬਿਲਕੁਲ ਠੀਕ! ਪਰ ਤੁਹਾਡੇ ਸ਼ੂਗਰ ਰੋਗ ਵਿਚ ਰੋਗ ਦਾ ਪੁਸ਼ਤੈਨੀ ਹੋਣਾ ਬਹੁਤ ਸਾਰੇ ਕਾਰਨਾਂ ਵਿਚੋਂ ਸਿਰਫ ਇਕ ਕਾਰਨ ਹੈ ਅਤੇ ਇਹੋ ਹੀ ਇਕ ਇਕੱਲਾ ਕਾਰਨ ਨਹੀਂ ਹੈ।

ਬਹੁਤ ਗੰਭੀਰ ਅਤੇ ਖਤਰਨਾਕ ਚੀਜ਼ ਤਾਂ ਇਹ ਖਿਆਲ ਹੈ ਜੋ ਕੋਈ ਡਾਕਟਰ ਆਪਣੇ ਸ਼ੂਗਰ ਰੋਗ ਦੇ ਮਰੀਜਾਂ ਨੂੰ ਦਿੰਦਾ ਹੈ ਕਿ ਉਹ "ਲਾਚਾਰ" ਹਨ ਅਤੇ ਮਰੀਜ ਅੱਗੋਂ "ਹਥਿਆਰ ਸੁੱਟ ਦੇਣ ਦਾ ਰੁਖ ਅਪਨਾ ਲੈਂਦੇ ਹਨ।" ਮਰੀਜਾਂ ਨੂੰ ਇਹ ਜਚਾ ਦੇਣਾ ਕਿ ਉਨ੍ਹਾਂ ਪਾਸ ਸਿਰਫ ਦਵਾਈਆਂ ਖਾਈ ਜਾਣ ਅਤੇ ਆਪਣੀ ਥੋੜ੍ਹੀ ਰਹਿੰਦੀ ਜ਼ਿੰਦਗੀ ਵਿਚ ਰੋਗ ਦਾ ਦੁੱਖ ਭੋਗਣ ਤੋਂ ਇਲਾਵਾ ਕੋਈ ਚਾਰਾ ਹੀ ਨਹੀਂ ਹੈ, ਉਕਾ ਹੀ ਗਲਤ ਹੈ ਤੇ ਇਹ ਸੱਚ ਤੋਂ ਕੋਹਾਂ ਦੂਰ ਹੈ। ਇਹ ਖਿਆਲ ਦੇਣਾ ਕਿ "ਕਿਉਂਕਿ ਤੁਹਾਡੇ ਮਾਂ-ਬਾਪ ਨੂੰ ਡਾਇਬਟੀਜ਼ ਸੀ ਸੋ ਕੋਈ ਹੈਰਾਨੀ ਨਹੀਂ ਕਿ ਤੁਹਾਨੂੰ ਵੀ ਹੈ" ਇਹ ਨੁਕਤਾ ਨਿਗਾਹ ਨਿਹਾਇਤ ਖਤਰਨਾਕ ਹੈ ਕਿਉਂਕਿ ਇਹ ਇਲਾਜ ਅਤੇ ਠੀਕ ਹੋਣ ਦੀਆਂ ਤੁਹਾਡੀਆਂ ਸੰਭਾਵਨਾਵਾਂ ਨੂੰ ਸੀਮਤ ਕਰਦਾ ਹੈ।

(2) ਇਹ ਯਕੀਨ ਕਰਨਾ ਕਿ ਤੁਹਾਨੂੰ ਇਸ ਦੇ ਸੰਗ ਹੀ ਰਹਿਣਾ ਪਵੇਗਾ ਅਤੇ ਇਸ ਦਾ ਕੋਈ ਇਲਾਜ ਹੀ ਨਹੀਂ ਹੈ

ਜੇ ਤੁਹਾਨੂੰ ਇਹ ਮੂਲੋਂ ਹੀ ਝੂਠਾ ਸੰਕਲਪ ਦਿੱਤਾ ਗਿਆ ਹੈ ਤਾਂ ਤੁਹਾਡੇ ਨਾਲ ਝੂਠ ਬੋਲਿਆ ਗਿਆ ਹੈ। ਜੋ ਲੋਕ ਇਹ ਕਹਿੰਦੇ ਹਨ, ਉਨ੍ਹਾਂ ਨੇ ਆਪਣਾ ਹੋਮਵਰਕ ਨਹੀਂ ਕੀਤਾ ਹੁੰਦਾ ਅਤੇ ਉਹ ਹਾਰ ਮੰਨੀ ਬੈਠੇ ਹੁੰਦੇ ਹਨ। ਬਦਲੇ ਵਿਚ ਉਹ ਆਪਣੀ ਹਾਰ ਨੂੰ ਤੁਹਾਡੇ ਸਿਰ ਮੜ੍ਹਨਾ ਚਾਹੁੰਦੇ ਹਨ।

ਡਾ. ਰੌਨ ਰੋਜ਼ਨਡੇਲ ਐਮ ਡੀ ਅਤੇ ਜੌਸਫ ਮਰਕੋਲਾ ਐਮ ਡੀ ਵਰਗੇ ਕਈ ਮੈਡੀਕਲ ਮਾਹਿਰਾਂ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਡਾਇਬਟੀਜ਼ ਦਾ ਇਲਾਜ ਸੰਭਵ ਹੈ। ਪਰ ਮੁਸੀਬਤ ਇਹ ਹੈ ਕਿ ਇਹ ਗੱਲ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਲਈ ਬਹੁਤ ਘਾਟੇਵੰਦੀ ਹੈ।

ਇਸ ਇਕ ਗਲਤੀ ਕਰਕੇ ਡਾਕਟਰ ਨਿਰੰਤਰ ਸ਼ੂਗਰ, ਹਾਈ ਬਲੱਡ ਪ੍ਰੈਸ਼ਰ ਅਤੇ ਕੋਲੈਸਟਰੌਲ ਘਟਾਉਣ ਦੀਆਂ ਹੋਰ ਅਤੇ ਹੋਰ ਦਵਾਈਆਂ ਦਿੱਤੀ ਜਾ ਰਹੇ ਹਨ... ਅਤੇ ਬਿਨਾਂ ਸ਼ੱਕ ਇਸ ਯਕੀਨ ਦਾ ਨਤੀਜਾ ਤੁਹਾਡੀ ਸਮੁੱਚੀ ਸਿਹਤ ਦੇ ਹੋਰ ਵਿਗੜਨ ਵਿਚ ਨਿਕਲਦਾ ਹੈ। ਪ੍ਰਿਸਕ੍ਰਿਪਸ਼ਨ ਆਮ ਕਰਕੇ ਹੋਰ ਵਧੇਰੇ ਇੰਸੂਲਿਨ ਦੀ ਹੁੰਦੀ ਹੈ।

(3) ਇਹ ਜਾਹਰ ਕਰਨਾ ਕਿ ਪ੍ਰਿਸਕ੍ਰਿਪਸ਼ਨ ਵਾਲੀਆਂ ਦਵਾਈਆਂ ਹੀ ਤੁਹਾਡੀ ਟਾਈਪ-2 ਡਾਇਬਟੀਜ਼ ਦਾ ਇਕੋ ਇਕ ਇਲਾਜ ਹੈ!

ਕੀ ਇਹ ਬਿਆਨ ਸ਼ੂਗਰ ਰੋਗ ਦੇ ਕੁਝ ਮਰੀਜਾਂ ਲਈ ਸਹੀ ਹੈ? ਹਾਂ, ਬਿਲਕੁਲ। ਕੀ ਤੁਸੀਂ ਆਪਣੇ ਡਾਕਟਰ ਦੀ ਸਲਾਹ ਬਿਨਾਂ ਆਪਣੀ ਦਵਾਈ ਕਿਸੇ ਤਰ੍ਹਾਂ ਬਦਲ ਸਕਦੇ ਹੋ?... ਨਹੀਂ, ਬਿਲਕੁਲ ਨਹੀਂ। ਪਰ ਜੇ ਤੁਹਾਡਾ ਡਾਕਟਰ ਪਹਿਲਾਂ ਹੀ ਹਥਿਆਰ ਸੁੱਟ ਚੁਕਾ ਹੈ ਅਤੇ ਉਸ ਦਾ ਯਕੀਨ ਹੈ ਕਿ ਇਹ ਤਿੰਨ ਪਹਿਲੀਆਂ ਗਲਤੀਆਂ ਠੀਕ ਹਨ, ਤਾਂ ਫਿਰ ਬਿਹਤਰੀਨ ਅਤੇ ਅਕਲ ਦੀ ਗੱਲ ਇਹੋ ਹੋਵੇਗੀ ਕਿ ਤੁਸੀਂ ਕਿਸੇ ਦੂਜੇ-ਤੀਜੇ ਜਾਂ ਚੌਥੇ ਦੀ ਸਲਾਹ ਲਵੋ।

ਜ਼ਰਾ ਸੋਚੋ, ਹਰ ਵਰ੍ਹੇ ਕਿੰਨੇ ਕਰੋੜ ਡਾਲਰ ਡਾਇਬਟੀਜ਼ ਬਾਰੇ ਖੋਜ ਉਪਰ ਖਰਚ ਕੀਤੇ ਜਾਂਦੇ ਹਨ। ਫਿਰ ਵੀ ਕੋਈ ਇਲਾਜ ਨਹੀਂ ਨਿਕਲਿਆ ਅਤੇ ਦਿਨੋਂ ਦਿਨ ਹੋਰ ਵਧੇਰੇ ਲੋਕ ਸ਼ੂਗਰ ਦੇ ਮਰੀਜ ਬਣੀ ਜਾ ਰਹੇ ਹਨ। ਮੌਜੂਦਾ ਪਹੁੰਚ ਅਧੀਨ ਉਨ੍ਹਾਂ ਦੇ ਮੋਟਾਪੇ ਦਾ ਸ਼ਿਕਾਰ ਹੋਣ, ਸੁਸਤ ਹੋਣ ਅਤੇ ਦਿਨੋਂ ਦਿਨ ਬੁੱਢੇ ਹੋ ਜਾਣ ਤੋਂ ਇਲਾਵਾ ਕੋਈ ਵੀ ਰਾਹ ਨਹੀਂ ਹੈ।

(4) ਇਹ ਆਸ ਕਰਨੀ ਕਿ ਸਭ ਡਾਕਟਰਾਂ ਨੂੰ ਡਾਇਬਟੀਜ਼ ਦੇ ਇਲਾਜ ਦਾ ਪਤਾ ਹੈ!

ਇਹ ਇਕ ਬਹੁਤ ਹੀ ਸੰਵੇਦਨਸ਼ੀਲ ਅਤੇ ਵਿਵਾਦਪੂਰਨ ਵਿਸ਼ਾ ਹੈ ਪਰ ਇਹ ਸਮਾਂ ਸੱਚ ਨੂੰ ਸੱਚ ਕਹਿਣ ਦਾ ਹੈ।

ਹਕੀਕਤ ਤਾਂ ਇਹ ਹੈ ਕਿ ਅਜਿਹੇ ਇਲਾਜ ਸੰਭਵ ਹਨ ਜਿਨ੍ਹਾਂ ਵਿਚ ਘਾਤਕ ਦਵਾਈ ਦੀ ਬਹੁਤ ਘੱਟ ਜਾਂ ਬਿਲਕੁਲ ਹੀ ਲੋੜ ਨਹੀਂ ਪੈਂਦੀ... ਹਕੀਕਤ ਤਾਂ ਇਹ ਵੀ ਹੈ ਕਿ ਬਹੁਤੇ ਡਾਕਟਰਾਂ ਨੂੰ ਇਹ ਪਤਾ ਹੀ ਨਹੀਂ ਹੈ ਕਿ ਦਵਾਈ ਬਿਨਾਂ ਵੀ ਕਿਸੇ ਦਾ ਇਲਾਜ ਸੰਭਵ ਹੋ ਸਕਦਾ ਹੈ ਅਤੇ ਉਹ ਮਰੀਜਾਂ ਨੂੰ ਟਾਈਪ-2 ਦੀ ਡਾਇਬਟੀਜ਼ ਤੋਂ ਛੁਟਕਾਰਾ ਦਿਵਾ ਸਕਦੇ ਹਨ।

ਯਕੀਨਨ, ਆਮ ਮਸ਼ਵਰਾ ਦਵਾਈਆਂ ਦੇਣ ਦਾ ਹੈ ਅਤੇ ਜਬਾਨੀ ਕਲਾਮੀ ਇਹ ਕਹਿਣ ਦਾ ਕਿ ਘੱਟ ਖਾਓ, ਕਸਰਤ ਕਰੋ। ਪਰ ਸੱਚ ਇਹ ਹੈ ਕਿ ਕੋਈ ਵੀ ਮਾਹਿਰ ਹੋਵੇ, ਭਾਵੇਂ ਇਹ ਕੋਈ ਕਾਰ ਮਕੈਨਿਕ, ਡੈਂਟਿਸਟ, ਅਕਾਊਂਟੈਂਟ ਜਾਂ ਡਾਕਟਰ ਹੋਵੇ, ਜੇ ਤੁਹਾਨੂੰ ਕੋਈ ਸਮੱਸਿਆ ਹੈ, ਉਸ ਬਾਰੇ ਉਸ ਨੂੰ ਬਹੁਤ ਘੱਟ ਤਜ਼ਰਬਾ ਹੋਵੇਗਾ ਅਤੇ ਇਸ ਗੱਲ ਦੀ ਸੰਭਾਵਨਾ ਹੈ ਕਿ ਉਹ ਤੁਹਾਡੀ ਕੋਈ ਮਦਦ ਨਾ ਕਰ ਸਕੇ।

ਦਵਾਈ ਬਿਨਾਂ ਤੁਹਾਡੀ ਡਾਇਬਟੀਜ਼ ਦਾ ਇਲਾਜ ਇਕ ਅਜਿਹਾ ਮਾਮਲਾ ਹੈ ਜਿਸ ਬਾਰੇ ਤੁਹਾਡਾ ਡਾਕਟਰ ਸ਼ਾਇਦ ਕੁਝ ਵੀ ਨਾ ਜਾਣਦਾ ਹੋਵੇ ਜਾਂ ਉਸ ਨੂੰ ਉਕਾ ਹੀ ਤਜ਼ਰਬਾ ਨਾ ਹੋਵੇ। ਬੇਸ਼ੱਕ ਇਹ ਗੱਲ ਸਾਰੇ ਹੀ ਡਾਕਟਰਾਂ ਬਾਰੇ ਸਹੀ ਨਹੀਂ ਹੈ ਪਰ ਜੇ ਤੁਹਾਡਾ ਡਾਕਟਰ ਨਿਰੰਤਰ ਅਤੇ ਦਿਲੋਂ ਆਪਣੇ ਡਾਇਬਟੀਜ਼ ਦੇ ਮਰੀਜਾਂ ਦੀ ਘੱਟ ਤੋਂ ਘੱਟ ਦਵਾਈ ਦੀ ਵਰਤੋਂ ਨਾਲ ਠੀਕ ਹੋਣ ਵਿਚ ਮਦਦ ਨਹੀਂ ਕਰ ਰਿਹਾ ਤਾਂ ਤੁਹਾਨੂੰ ਨਿਸ਼ਚੇ ਹੀ ਕਿਸੇ ਹੋਰ ਅਜਿਹੇ ਡਾਕਟਰ ਜਾਂ ਸਿਹਤ ਵਿਗਿਆਨੀ ਦੀ ਮਦਦ ਲੈਣੀ ਪਵੇਗੀ ਜਿਸ ਨੂੰ ਇਸ ਸਬੰਧੀ ਤਜ਼ਰਬਾ ਹੋਵੇ ਅਤੇ ਤੁਹਾਡੀ ਸਿਹਤ ਵਿਚ ਕੋਈ ਸੁਧਾਰ ਆ ਸਕੇ।

ਕੀ ਟਾਈਪ-2 ਡਾਇਬਟੀਜ਼ ਦੇ ਕੁਝ ਮਰੀਜਾਂ ਲਈ ਦਵਾਈ ਦਾ ਸਹਾਰਾ ਲੈਣਾ ਲਾਜ਼ਮੀ ਹੈ? ਹਾਂ। ਕੀ ਇਸ ਰੋਗ ਦੇ ਮਰੀਜ਼ ਕੁਝ ਸਾਦਾ ਓਹੜ-ਪੋਹੜ ਕਰ ਕੇ ਦਵਾਈ ਦੀ ਮਾਤਰਾ ਘਟਾ ਸਕਦੇ ਹਨ ਜਾਂ ਦਵਾਈ ਤੋਂ ਉਕਾ ਹੀ ਛੁਟਕਾਰਾ ਪਾ ਸਕਦੇ ਹਨ? ਅਤੇ ਆਪਣੀ ਜ਼ਿੰਦਗੀ ਨੂੰ ਚੋਖੀ ਹੱਦ ਤਕ ਬਿਹਤਰ ਬਣਾ ਸਕਦੇ ਹਨ?

ਬਿਲਕੁਲ। ਅਜਿਹਾ ਕੁਝ ਸੰਭਵ ਹੈ? ਇਹ ਜਾਣਨ ਲਈ ਤੁਹਾਨੂੰ ਕਿਸੇ ਅਨੁਭਵੀ ਡਾਕਟਰ ਤੋਂ ਸਹੀ ਸਲਾਹ-ਮਸ਼ਵਰਾ ਲੈਣਾ ਪਵੇਗਾ। ਇਥੇ ਨੁਕਤਾ ਇਹ ਨਹੀਂ ਹੈ ਕਿ ਦਵਾਈਆਂ ਦੀ ਲੋੜ ਨਹੀਂ ਜਾਂ ਦਵਾਈ ਗਲਤ ਹੈ। ਇਥੇ ਨੁਕਤਾ ਇਹ ਹੈ ਕਿ ਬੜੀਆਂ ਸਾਦਾ ਜਿਹੀਆਂ ਰਣਨੀਤੀਆਂ ਮੌਜੂਦ ਹਨ ਜਿਨ੍ਹਾਂ ਨੂੰ ਅਪਨਾ ਕੇ ਡਾਇਬਟੀਜ਼ ਦਾ ਕਰੀਬ ਹਰ ਮਰੀਜ਼ ਆਪਣੀ ਸਿਹਤ ਵਿਚ ਵਡਾ ਸੁਧਾਰ ਲਿਆ ਸਕਦਾ ਹੈ।

(5) ਜੇ ਤੁਸੀਂ ਟਾਈਪ 2 ਡਾਇਬਟੀਜ਼ ਦੇ ਮਰੀਜ਼ ਹੋ ਤਾਂ ਤੁਹਾਡੇ ਪੈਨਕ੍ਰਿਆ ਲੋੜੀਂਦੀ ਇੰਸੂਲੀਨ ਤਿਆਰ ਨਹੀਂ ਕਰ ਰਹੇ।

ਇਹ ਇਕ ਅਜਿਹੀ ਸਭ ਤੋਂ ਵਡੀ ਤੇ ਗੰਭੀਰ ਭੁਲ ਹੈ ਜੋ ਅਕਸਰ ਸ਼ੂਗਰ ਦੇ ਮਰੀਜ਼ ਕਰਦੇ ਹਨ। ਕੀ ਪੈਨਕ੍ਰਿਆ ਦਾ ਡਾਇਬਟੀਜ਼ ਵਿਚ ਕੋਈ ਦਖਲ ਹੈ?...ਇਸ ਬਾਰੇ ਕੋਈ ਕਿੰਤੂ ਹੀ ਨਹੀਂ...ਹਾਂ! ਪਰ ਇਸ ਰੋਗ ਵਿਚ ਸਰੀਰ ਪੈਦਾ ਹੋ ਰਹੀ ਇੰਸੂਲੀਨ ਦੀ ਉਸ ਤਰ੍ਹਾਂ ਵਰਤੋਂ ਨਹੀਂ ਕਰ ਪਾਉਂਦਾ ਜਿਸ ਤਰ੍ਹਾਂ ਕਿ ਕਰਨੀ ਚਾਹੀਦੀ ਹੈ। ਮਰੀਜ਼ ਉਤੇ ਇੰਸੂਲੀਨ ਦਾ ਕੋਈ ਅਸਰ ਹੀ ਨਹੀਂ ਹੁੰਦਾ। ਡਾਇਬਟੀਜ਼ ਦੇ ਜਿਹੜੇ ਮਰੀਜ਼ ਇਹ ਸੋਚਦੇ ਹਨ ਕਿ ਸਿਰਫ ਪੈਨਕ੍ਰਿਆ ਦਾ ਹੀ ਕਸੂਰ ਹੈ, ਉਹ ਉਸ ਵੀਨਾ ਵਾਦਕ ਵਾਂਗ ਹੁੰਦੇ ਹਨ ਜੋ ਇਕੋ ਤਾਰ ਦਾ ਇਸਤੇਮਾਲ ਕਰਦਾ ਹੈ ਜਾਂ ਉਸ ਸਾਈਕਲ ਸਵਾਰ ਵਰਗੇ ਹੁੰਦੇ ਹਨ ਜੋ ਇਕੋ ਪਹੀਏ ਨਾਲ ਸਾਈਕਲ ਚਲਾਉਣ ਦੀ ਕੋਸ਼ਿਸ਼ ਕਰਦਾ ਹੈ। ਇਕ ਸਿਹਤਮੰਦ ਸਰੀਰ ਲਈ ਲੋੜੀਂਦੇ ਦੂਜੇ ਅੰਗਾਂ, ਜਿਵੇਂ ਗੁਰਦੇ, ਐਡਰੀਨਲ ਗਲੈਂਡਜ਼, ਥਾਇਰਾਡ ਅਤੇ ਪਾਚਨ ਕ੍ਰਿਆ ਦੇ ਮੁਲੰਕਣ ਅਤੇ ਉਨ੍ਹਾਂ ਦੀ ਅਹਿਮੀਅਤ ਨੂੰ ਨਜ਼ਰਅੰਦਾਜ਼ ਕਰਨਾ ਇਕ ਅਜਿਹੀ ਅਤੇ ਬਹੁਤ ਮਹਿੰਗੀ ਸਾਬਤ ਹੋਣ ਵਾਲੀ ਬਹੁਤ ਵਡੀ ਗਲਤੀ ਹੈ ਜੋ ਅਕਸਰ ਸ਼ੂਗਰ ਦੇ ਮਰੀਜ਼ ਕਰ ਬੈਠਦੇ ਹਨ। ਸ਼ੂਗਰ ਦੇ ਮਰੀਜ਼ਾਂ ਵਿਚ ਖੁਰਾਕੀ ਤੱਤਾਂ ਦਾ ਅਸੰਤੁਲਨ ਅਤੇ ਵਿਟਾਮਿਨਾਂ ਦੀ ਕਮੀ ਵੀ ਹੁੰਦੀ ਹੈ।

## ਇਕ ਹੋਰ ਬਹੁਤ ਅਹਿਮ ਸਵਾਲ ਜੋ ਤੁਸੀਂ ਜਾਂ ਸਟਾਕਟਨ ਏਰੀਆ ਵਿਚ ਰਹਿੰਦੇ ਸ਼ੂਗਰ ਦੇ ਹੋਰ ਮਰੀਜ਼ ਕਰ ਸਕਦੇ ਹਨ...

"ਪਿਛਲੀ ਵਾਰ ਕਦੋਂ ਤੁਹਾਡੇ ਡਾਕਟਰ ਨੇ ਇਨ੍ਹਾਂ ਪ੍ਰਣਾਲੀਆਂ ਦਾ ਮੁਲੰਕਣ ਇਹ ਜਾਨਣ ਲਈ ਕੀਤਾ ਸੀ ਕਿ ਤੁਸੀਂ ਵਾਸਤਵ ਵਿਚ ਕਿੰਨੇ ਸਿਹਤਮੰਦ ਹੋ ਜਾਂ ਇਹ ਜਾਨਣ ਲਈ ਟੈਸਟ ਕਦੋਂ ਕੀਤੇ ਗਏ ਸਨ ਕਿ ਇਨ੍ਹਾਂ ਦਾ ਤੁਹਾਡੀ ਸਿਹਤ ਉਤੇ ਕੀ ਅਸਰ ਪੈ ਰਿਹਾ ਹੈ?" ਜੇ ਤੁਹਾਡਾ ਜਵਾਬ ਹੈ, "ਮੈਨੂੰ ਯਾਦ ਨਹੀਂ" ਜਾਂ "ਕਦੀ ਨਹੀਂ" ਤਾਂ ਫਿਰ ਇਸ ਤੋਂ ਪਹਿਲਾਂ ਕਿ ਬਹੁਤ ਦੇਰ ਹੋ ਜਾਵੇ, ਇਨ੍ਹਾਂ ਅਸੰਤੁਲਨਾਂ ਦੇ ਤੁਹਾਡੇ ਸ਼ੂਗਰ ਰੋਗ ਉਤੇ ਪੈਂਦੇ ਅਸਰ ਦਾ ਪਤਾ ਲਾਉਣ ਲਈ ਕਿਸੇ ਅਨੁਭਵੀ ਡਾਕਟਰ ਕੋਲ ਤੁਹਾਨੂੰ ਮਹਿਜ ਤੁਰ ਕੇ ਨਹੀਂ ਸਗੋਂ ਵਾਹੋ-ਦਾਹੀ ਦੌੜ ਕੇ ਪਹੁੰਚਣਾ ਚਾਹੀਦਾ ਹੈ।

ਸਟਾਕਟਨ ਅਤੇ ਆਲੇ-ਦੁਆਲੇ ਦੇ ਇਲਾਕੇ ਦੇ ਮਰੀਜ਼ਾਂ ਦਾ ਵਰ੍ਹਿਆਂ ਤੋਂ ਇਲਾਜ ਕਰਦੇ ਆ ਰਹੇ ਇਸ ਡਾਕਟਰ ਨੇ ਦੇਖਿਆ ਹੈ ਕਿ ਡਾਇਬਟੀਜ਼ ਇਲਾਜ ਨਾ ਹੋਣ ਜਾਂ ਸਿਰਫ ਦਵਾਈਆਂ ਨਾਲ ਇਲਾਜ ਹੋਣ ਤੇ ਸਿਹਤ ਉਤੇ ਕਿੱਡਾ ਮਾਰੂ ਅਸਰ ਪਾ ਸਕਦੀ ਹੈ। ਇਹ ਡਾਕਟਰ ਸਟਾਕਟਨ ਏਰੀਏ ਦੇ ਡਾਇਬਟੀਜ਼ ਮਰੀਜ਼ਾਂ ਲਈ ਸਭ ਤੋਂ ਵਧ ਬੇਬਾਕ, ਖਰਾ ਤੇ ਹਮਦਰਦ ਡਾਕਟਰ ਬਣ ਕੇ ਉਭਰਿਆ ਹੈ ਅਤੇ ਇਹੋ ਕਾਰਨ ਹੈ ਕਿ ਉਸ ਨੇ ਡਾਇਬਟੀਜ਼ ਦੇ ਉਨ੍ਹਾਂ ਮਰੀਜ਼ਾਂ ਤਕ ਪਹੁੰਚਣ ਲਈ ਸਹਿਮਤੀ ਪ੍ਰਗਟਾਈ ਹੈ ਜਿਨ੍ਹਾਂ ਨੂੰ ਮਦਦ ਦੀ ਜਰੂਰਤ ਹੈ। ਨਿਰਾ ਇਨਾ ਹੀ ਨਹੀਂ, ਡਾਕਟਰ ਨੇ ਖੁਲ੍ਹਦਿਲੀ ਦਿਖਾਉਂਦਿਆਂ ਇਹ ਲੇਖ ਪੜ੍ਹਨ ਵਾਲੇ 25 ਪਾਠਕਾਂ ਨੂੰ, ਜਿਸ ਨੂੰ ਉਹ "ਸਟਾਕਟਨ ਵਿਚ ਸਭ ਤੋਂ ਵਧ ਹਮਦਰਦਾਨਾ ਬਹੁਪਾਸਾਰੀ ਡਾਇਬਟੀਜ਼ ਸਿਹਤ ਅਤੇ ਅਰੋਗਤਾ ਮੁਲੰਕਣ" ਦਾ ਨਾਂ ਦਿੰਦਾ ਹੈ, ਦਾ ਅਨੁਭਵ ਦੇਣ ਦੀ ਪੇਸ਼ਕਸ਼ ਕੀਤੀ ਹੈ। ਜਾਹਰ ਰਹੇ ਕਿ ਇਹ ਕੋਈ ਉਨ੍ਹਾਂ ਦੀ ਕਲੀਨਿਕ ਦੇ ਮਰੀਜ਼ ਬਣਨ ਲਈ ਸੱਦਾ ਨਹੀਂ ਹੈ। ਇਸ ਡਾਕਟਰ ਦੀ ਪ੍ਰੈਕਟਿਸ ਪਹਿਲਾਂ ਹੀ ਬਹੁਤ ਚਲਦੀ ਹੈ ਅਤੇ ਉਸਦੇ 'ਡਾਇਬਟੀਜ਼ ਸਿਹਤ ਅਤੇ ਅਰੋਗਤਾ' ਪ੍ਰੋਗਰਾਮ ਲਈ ਢੁਕਵੇਂ ਹੋਰ ਮਰੀਜ਼ ਲੈਣ ਦੀ ਗੁੰਜਾਇਸ਼ ਬਹੁਤ ਹੀ ਸੀਮਤ ਹੈ।

## ਸ਼ੂਗਰ ਰੋਗ ਦੇ ਬਹੁਤੇ ਮਰੀਜ਼ ਚਿੰਤਾ ਕਰਦੇ ਹਨ...

ਕੀ ਤੁਸੀਂ ਵੀ ਕਰਦੇ ਹੋ? ਕੀ ਤੁਸੀਂ ਫਿਕਰਮੰਦ ਹੋ ਕਿ ਉਸ ਤੋਂ ਪਹਿਲਾਂ ਤੁਹਾਡੇ ਕੋਲ ਕਿੰਨਾ ਕੁ ਸਮਾਂ ਬਚਿਆ ਹੈ ਕਿ ਸ਼ੂਗਰ ਰੋਗ ਤੁਹਾਡਾ ਜਿਊਣਾ ਮੁਹਾਲ ਕਰ ਦੇਵੇ ਅਤੇ ਜ਼ਿੰਦਗੀ ਲਈ ਖਤਰਾ ਬਣਨ ਵਾਲੀਆਂ ਇਹ ਅਲਾਮਤਾਂ ਤੁਹਾਨੂੰ ਘੇਰ ਲੈਣ:

*ਤੁਹਾਡੀ ਨਜ਼ਰ ਦਾ ਚਲੇ ਜਾਣਾ?

*ਤੁਹਾਡੇ ਦਿਲ ਨੂੰ ਨੁਕਸਾਨ ਪਹੁੰਚਣਾ ਜਾਂ ਦਿਲ ਦਾ ਰੋਗੀ ਹੋ ਜਾਣਾ?

*ਜ਼ਿੰਦਗੀ ਦੀ ਕੋਈ ਕੁਆਲਿਟੀ ਨਾ ਰਹਿਣਾ?

*ਵਜ਼ਨ ਦਾ ਵੱਧ ਜਾਣਾ ਅਤੇ ਕਸਰਤ ਨਾ ਕਰ ਸਕਣਾ?

*ਆਪਣੇ ਗੁਰਦਿਆਂ ਲਈ ਡਾਇਲਸਸ ਦੀ ਲੋੜ ਪੈਣਾ?

*ਕੋਲੈਸਟਰੋਲ ਦਾ ਵਧਣਾ ਅਤੇ ਇਸ ਨਾਲ ਹਿਰਦੇ ਰੋਗ ਦਾ ਖਤਰਾ?

*ਸਟਰੋਕ ਦਾ ਖਤਰਾ ਵਧਣਾ?

*ਮਿਤਰਾਂ-ਸਨੇਹੀਆਂ ਨਾਲ ਸਮਾਂ ਨਾ ਬਿਤਾ ਸਕਣਾ ਅਤੇ ਉਹ ਕੁਝ ਨਾ ਕਰ ਸਕਣਾ ਜੋ ਤੁਸੀਂ ਕਰਨਾ ਚਾਹੁੰਦੇ ਹੋ?

ਪਰੰਤੂ ਜੇ ਤੁਸੀਂ ਇਸ ਡਾਕਟਰ ਦੇ "ਸਟਾਕਟਨ ਵਿਚ ਸਭ ਤੋਂ ਵਧ ਹਮਦਰਦਾਨਾ ਬਹੁਪਾਸਾਰੀ ਡਾਇਬਟੀਜ਼ ਸਿਹਤ ਅਤੇ ਅਰੋਗਤਾ ਮੁਲੰਕਣ" ਪ੍ਰੋਗਰਾਮ ਦਾ ਮੁਫਤ ਫਾਇਦਾ ਉਠਾਉਣਾ ਚਾਹੁੰਦੇ ਹੋ...ਆਪਣੇ ਸਾਰੇ ਸਵਾਲਾਂ ਦੇ ਜਵਾਬ ਹਾਸਲ ਕਰਨ ਲਈ ਡਾਕਟਰ ਨਾਲ ਸਲਾਹ-ਮਸ਼ਵਰਾ ਕਰੋ। ਤੁਸੀਂ ਇਕ ਅਜਿਹੇ ਮਾਹੌਲ ਵਿਚ ਹੋਵੋਗੇ ਜਿਥੇ ਤੁਹਾਡੀ ਉਂਗਲ ਫੜ ਕੇ ਤੁਹਾਡੇ ਸਾਰੇ ਸਵਾਲਾਂ ਅਤੇ ਸਰੋਕਾਰਾਂ ਦਾ ਤਸੱਲੀਬਖਸ਼ ਅਤੇ ਗਾਰੰਟੀ ਨਾਲ ਜਵਾਬ ਦਿਤਾ ਜਾਏਗਾ।

ਤੁਹਾਡੇ ਇਸ ਮੁਲੰਕਣ ਦੇ ਹਿੱਸੇ ਵਜੋਂ ਤੁਹਾਨੂੰ ਡਾਇਬਟੀਜ਼ ਟਾਈਪ-2 ਪ੍ਰਸ਼ਨੋਤਰੀ ਦਿਤੀ ਜਾਏਗੀ ਅਤੇ ਤੁਹਾਡੀ ਕੇਸ ਹਿਸਟਰੀ ਲਈ ਜਾਏਗੀ ਤਾਂ ਜੋ ਇਹ ਪਤਾ ਲਾਇਆ ਜਾ ਸਕੇ ਕਿ ਤੁਹਾਡੀ ਕਿਸ ਤਰ੍ਹਾਂ ਬਿਹਤਰ ਮਦਦ ਕੀਤੀ ਜਾ ਸਕਦੀ ਹੈ? ਟਾਈਪ-2 ਡਾਇਬਟੀਜ਼ ਲਈ ਤੁਹਾਡੀ ਖੁਰਾਕੀ ਅਤੇ ਤੁਹਾਡੇ ਪਿਸ਼ਾਬ ਦਾ ਮੁਕੰਮਲ ਟੈਸਟ ਕਰਾਇਆ ਜਾਏਗਾ। ਇਹ ਉਹ ਕਲੀਨਿਕ ਹੈ ਜਿਥੇ ਡਾਕਟਰ ਖੁਦ ਤੁਹਾਡੀ ਕੇਸ ਹਿਸਟਰੀ ਦਾ ਵਿਸ਼ਲੇਸ਼ਣ ਕਰੇਗਾ, ਤੁਹਾਡਾ ਮੁਆਇਨਾ ਕਰੇਗਾ, ਤੁਹਾਡੀ ਖੁਰਾਕ, ਆਦਤਾਂ ਅਤੇ ਸਿਹਤ ਦੇ ਟੀਚਿਆਂ ਬਾਰੇ ਪੁਛੇਗਾ ਤਾਂ ਜੋ ਇਹ ਪਤਾ ਲਾਇਆ ਜਾ ਸਕੇ ਕਿ ਤੁਹਾਨੂੰ ਕਿਸੇ ਮਦਦ ਦੀ ਲੋੜ ਹੈ ਜਾਂ ਨਹੀਂ। ਇਸ ਤੋਂ ਇਲਾਵਾ ਇਹ ਪਤਾ ਲਾਉਣ ਲਈ ਕਿ ਤੁਹਾਡੇ ਲਈ ਕਿਹੜੀ ਪਹੁੰਚ ਬਿਲਕੁਲ ਸਹੀ ਸਾਬਤ ਹੋਵੇਗੀ, ਤੁਹਾਡੀਆਂ ਤਾਕਤ ਦੀਆਂ ਦਵਾਈਆਂ ਅਤੇ ਦੂਜੀਆਂ ਦਵਾਈਆਂ ਦੀ ਪੂਰੀ ਸੂਚੀ ਦਾ ਮੁਲੰਕਣ ਕੀਤਾ ਜਾਏਗਾ। (ਕਿਉਂਕਿ ਸਲਾਹ-ਮਸ਼ਵਰਾ ਮੁਫਤ ਹੈ, ਜੇ ਤੁਸੀਂ ਉਹ ਹੈਲਥ ਸਪਲੀਮੈਂਟ ਲੈ ਰਹੇ ਹੋ ਜਿਨ੍ਹਾਂ ਦੀ ਤੁਹਾਨੂੰ ਲੋੜ ਨਹੀਂ ਤਾਂ ਇਕੇ ਇਸ ਗੱਲ ਨਾਲ ਤੁਸੀਂ ਸੈਂਕੜੇ ਡਾਲਰ ਬਚਾ ਸਕਦੇ ਹੋ)

ਇਸ ਡਾਕਟਰ ਨੂੰ ਸਟਾਕਟਨ ਦੇ ਸਭ ਤੋਂ ਵੱਧ ਬਾਜ਼ਮੀਰ ਅਤੇ ਸਭ ਤੋਂ ਵੱਧ ਖਿਆਲ ਰਖਣ ਵਾਲੇ ਡਾਕਟਰ ਦਾ ਅਵਾਰਡ ਦਿਤੇ ਜਾਣ ਲਈ ਜਿਵੇਂ ਇਹ ਸਭ ਕਾਫੀ ਨਹੀਂ ਸੀ, ਇਹ ਡਾਕਟਰ ਤੁਹਾਡੇ ਸਾਰੇ ਹੈਲਥ ਰਿਕਾਰਡ ਬਲੱਡ ਟੈਸਟਾਂ, ਅਲਟਰਾਸਾਊਂਡ ਅਤੇ ਐਕਸਰੇ ਰਿਪੋਰਟਾਂ ਦੀ ਵੀ ਬਾਰੀਕੀ ਨਾਲ ਇਹ ਜਾਨਣ ਲਈ ਛਾਣ-ਬੀਣ ਕਰੇਗਾ ਕਿ ਕਿਧਰੇ ਕੋਈ ਚੀਜ਼ ਨਜ਼ਰਅੰਦਾਜ਼ ਤਾਂ ਨਹੀਂ ਹੋ ਗਈ। ਡਾ. ਸਿਹੋਤਾ ਦਾ ਕਹਿਣਾ ਹੈ ਕਿ ਤੁਹਾਨੂੰ ਇਹ ਜਾਣ ਕੇ ਬੇਹੱਦ ਹੈਰਾਨੀ ਹੋਵੇਗੀ ਕਿ ਕਿੰਨੀ ਵਾਰੀ ਇਸ ਮੁਲੰਕਣ ਦੇ ਜਰੀਏ ਪਹਿਲਾਂ ਨਜ਼ਰਅੰਦਾਜ਼ ਕਰ ਦਿੱਤੀ ਗਈ ਕਿਸੇ ਅਜਿਹੀ ਅਹਿਮ ਗੱਲ ਦਾ ਪਤਾ ਲਗਦਾ ਹੈ ਜਿਸ ਨਾਲ ਕਿ ਤੁਹਾਡੀ ਜ਼ਿੰਦਗੀ ਦਾ ਕਾਇਆਕਲਪ ਹੋ ਸਕਦਾ ਹੈ। ਜੇ ਤੁਹਾਨੂੰ ਕਿਸੇ ਹੋਰ ਅਜਿਹੇ ਡਾਕਟਰ ਦਾ ਪਤਾ ਹੈ ਜੋ ਤੁਹਾਡੇ ਲਈ ਇਨਾ ਸਮਾਂ, ਆਪਣੀ ਤਾਕਤ ਅਤੇ ਕੋਸ਼ਿਸ਼ ਲਾ ਸਕਦਾ ਹੈ ਤਾਂ ਮੈਨੂੰ ਹੈਰਾਨੀ ਹੋਵੇਗੀ...ਨਹੀਂ! ਮੈਂ ਤਾਂ ਇਕ ਤਰ੍ਹਾਂ ਨਾਲ ਹੱਕਾ-ਬੱਕਾ ਹੀ ਰਹਿ ਜਾਵਾਂਗਾ।

ਜਿਵੇਂ ਕਿ ਪਹਿਲਾਂ ਕਿਹਾ ਗਿਆ ਹੈ, ਹਰ ਮਹੀਨੇ ਬਹੁਤ ਥੋੜੇ ਜਿਹੇ ਨਵੇਂ ਮਰੀਜ਼ ਲਏ ਜਾਂਦੇ ਹਨ ਅਤੇ ਇਹ ਵੀ ਪੂਰੀ ਤਰ੍ਹਾਂ ਸੰਭਵ ਹੈ ਕਿ ਤੁਹਾਨੂੰ ਇਸ ਕਲੀਨਿਕ ਵਲੋਂ ਆਪਣੇ ਮਰੀਜ਼ ਵਜੋਂ ਨਾ ਲਿਆ ਜਾਵੇ, ਉਸ ਸੂਰਤ ਵਿਚ ਤੁਹਾਡੇ ਪਾਸ ਉਹ ਕੀਮਤੀ ਸਲਾਹ-ਮਸ਼ਵਰਾ ਮੌਜੂਦ ਹੋਵੇਗਾ ਜਿਸਦੇ ਜਰੀਏ ਤੁਸੀਂ ਆਪਣੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਲਈ ਹੋਰ ਢੁਕਵੇਂ ਕਦਮ ਉਠਾ ਸਕਦੇ ਹੋ।

## ਤੁਹਾਡੀ ਸ਼ੂਗਰ ਆਸ ਦਾ ਅੰਤ ਨਹੀਂ

**ਜੇ ਤੁਹਾਡੇ ਮੁਲੰਕਣ ਦੇ ਆਧਾਰ 'ਤੇ ਤੁਹਾਨੂੰ ਮਰੀਜ਼ ਵਜੋਂ ਲੈ ਕੇ ਡਾਕਟਰ ਨਾਲ ਸਿਧੇ ਸਲਾਹ-ਮਸ਼ਵਰੇ ਵਾਸਤੇ ਪ੍ਰਵਾਨ ਕੀਤਾ ਜਾਂਦਾ ਹੈ ਤਾਂ ਡਾਕਟਰ ਵਲੋਂ ਤੁਹਾਨੂੰ ਹੋਰ ਇਕ ਦਿਨ ਦਾ ਸਲਾਹ-ਮਸ਼ਵਰਾ ਬਿਲਕੁਲ ਮੁਫਤ ਦਿਤਾ ਜਾਏਗਾ। ਇਸ ਕਲੀਨਿਕ ਵਿਚ ਤੁਹਾਨੂੰ ਤੁਹਾਡੀ ਹਾਲਤ ਬਾਰੇ ਸੰਖੇਪ ਅਤੇ ਸਪਸ਼ਟ ਰਿਪੋਰਟ ਤੁਹਾਡੇ ਲਈ ਸਹੀ ਅਤੇ ਢੁਕਵੀਂ ਡਾਇਬਟਿਕ ਸਿਹਤ ਅਤੇ ਅਰੋਗਤਾ ਕਾਰਜ ਯੋਜਨਾ ਸਮੇਤ ਦਿਤੀ ਜਾਏਗੀ। ਜੇ ਤੁਹਾਨੂੰ ਇਸ ਗੱਲ ਉਤੇ ਯਕੀਨ ਹੈ...ਇਸ ਸਭ ਦੀ ਡਾਕਟਰ ਵਲੋਂ ਇਹ ਲੇਖ ਪੜ੍ਹਨ ਵਾਲੇ ਸਟਾਕਟਨ ਅਤੇ ਆਲੇ-ਦੁਆਲੇ ਦੇ 25 ਪਾਠਕਾਂ ਨੂੰ ਪੇਸ਼ਕਸ਼ ਕੀਤੀ ਜਾ ਰਹੀ ਹੈ। ਇਸ ਸਭ ਦੀ ਕੀਮਤ 447 ਡਾਲਰ ਹੈ ਅਤੇ ਜੇ ਤੁਸੀਂ ਇਹ ਸਭ ਮੁਫਤ ਚਾਹੁੰਦੇ ਹੋ ਤਾਂ ਸਟਾਕਟਨ ਡਾਇਬਟੀਜ਼ ਹਾਟਲਾਈਨ 209-390-9529 ਉਤੇ ਤੁਰਤ ਫੋਨ ਕਰੋ। ਇਹ ਪੇਸ਼ਕਸ਼ 9 ਦਸੰਬਰ 2010 ਤਕ ਹੈ।**

* The information contained in this advertisement, "functional" nutritional protocol is not intended as a diagnosis, treatment or cure for any medical condition. The information in the article is for informational purposes only and does not replace the advice of a doctor. All individuals are encouraged to seek the opinion of their physician especially regarding their medications.

Copyright © 2010 CMC, LLC

# ਕਸ਼ਮੀਰ ਦੀ ਆਜ਼ਾਦੀ ਬਾਰੇ ਬੋਲਣ 'ਤੇ ਮੀਰਵਾਇਜ਼ ਉਤੇ ਹਮਲਾ

**ਚੰਡੀਗੜ੍ਹ:** ਇੰਟਰਨੈਸ਼ਨਿਸਟ ਡੈਮੋਕਰੈਟਿਕ ਪਾਰਟੀ (ਆਈ.ਡੀ.ਪੀ.) ਵੱਲੋਂ ਇਥੇ ਸੈਕਟਰ 35 ਵਿਚ ਕਿਸਾਨ ਭਵਨ ਹਾਲ ਵਿਚ ਹਿੰਦ-ਪਾਕਿ ਸਬੰਧਾਂ ਬਾਰੇ ਕਰਵਾਏ ਸੈਮੀਨਾਰ ਦੌਰਾਨ ਕੁਝ ਮੂਲਵਾਦੀ ਹਿੰਦੂ ਜਥੇਬੰਦੀਆਂ ਦੇ ਕਾਰਕੁਨਾਂ ਨੇ ਜੰਮੂ-ਕਸ਼ਮੀਰ ਦੀ ਸਰਬ ਪਾਰਟੀ ਹੁਰੀਅਤ ਕਾਨਫਰੰਸ ਦੇ ਨਰਮ ਧੜੇ ਦੇ ਚੇਅਰਮੈਨ ਮੀਰਵਾਇਜ਼ ਉਮਰ ਫਾਰੂਕ ਉਤੇ ਹਮਲਾ ਕਰ ਦਿੱਤਾ। ਇਸੇ ਦੌਰਾਨ ਕੋਲਕਾਤਾ ਵਿਚ ਇਕ ਸਮਾਗਮ ਤੋਂ ਬਾਅਦ ਉਨ੍ਹਾਂ ਦੀ ਕਾਰ ਉਤੇ ਕੁਝ ਸ਼ਰਾਰਤੀਆਂ ਨੇ ਆਂਡੇ ਵੀ ਸੁੱਟੇ।

ਚੰਡੀਗੜ੍ਹ ਅਤੇ ਕੋਲਕਾਤਾ ਵਿਚ ਹੋਏ ਇਨ੍ਹਾਂ ਹਮਲਿਆਂ ਬਾਰੇ ਪੁੱਛਣ 'ਤੇ ਮੀਰਵਾਇਜ਼ ਨੇ ਕਿਹਾ ਕਿ ਇਉਂ ਬੁਰਛਾਗਰਦੀ ਕਰਕੇ ਕਸ਼ਮੀਰੀਆਂ ਨੂੰ ਖ਼ਾਮੋਸ਼ ਨਹੀਂ ਕੀਤਾ ਜਾ ਸਕਦਾ। ਜਿਹੜੇ ਲੋਕਾਂ ਕੋਲ ਕਹਿਣ ਲਈ ਕੁਝ ਨਹੀਂ ਹੁੰਦਾ, ਉਹ ਹੀ ਅਜਿਹੀਆਂ ਹੋਛੀਆਂ ਕਾਰਵਾਈਆਂ ਕਰਦੇ ਹਨ। ਉਨ੍ਹਾਂ ਕਿਹਾ ਕਿ ਉਹ ਇਸ ਮਸਲੇ ਬਾਰੇ ਹਰ ਪੱਖ 'ਤੇ ਗੱਲ ਕਰਨ ਲਈ ਤਿਆਰ ਹਨ। ਯਾਦ ਰਹੇ ਕਿ ਦੋਹਾਂ ਸਮਾਗਮਾਂ ਵਿਚ ਮੀਰਵਾਇਜ਼ ਨੇ ਕਿਹਾ ਸੀ ਕਿ ਕਸ਼ਮੀਰ ਵਿਵਾਦਗ੍ਰਸਤ ਇਲਾਕਾ ਹੈ ਅਤੇ ਸਰਕਾਰ ਨੂੰ ਘਾਟੀ ਦੇ ਲੋਕਾਂ ਦੀਆਂ ਭਾਵਨਾਵਾਂ ਦੀ ਕਦਰ ਕਰਨੀ ਚਾਹੀਦੀ ਹੈ ਅਤੇ ਇਸ ਵਿਵਾਦ ਦਾ ਹੱਲ ਕੱਢਣਾ ਚਾਹੀਦਾ ਹੈ। ਉਨ੍ਹਾਂ ਇਸ ਮਸਲੇ ਦੇ ਹੱਲ ਲਈ ਗੱਲਬਾਤ 'ਤੇ ਜ਼ੋਰ ਦਿੱਤਾ ਤੇ ਨਾਲ ਹੀ ਕਿਹਾ ਪਹਿਲਾਂ ਗੱਲਬਾਤ ਲਈ ਸਾਜ਼ਗਾਰ ਮਾਹੌਲ ਤਿਆਰ ਕੀਤਾ ਜਾਵੇ।

ਚੰਡੀਗੜ੍ਹ ਵਿਚ ਸੈਮੀਨਾਰ ਦੇ ਪ੍ਰਬੰਧਕਾਂ ਅਤੇ ਹਮਲਾਵਰਾਂ ਦੇ ਧੜਿਆਂ ਵਿਚਕਾਰ ਹੱਥੋ-ਪਾਈ ਵੀ ਹੋ ਗਈ। ਹਮਲਾਵਰਾਂ ਅਤੇ ਕਿਸਾਨ ਭਵਨ ਦੇ ਬਾਹਰ ਖੜ੍ਹੇ ਹਮਾਇਤੀਆਂ ਨੇ ਅੱਧਾ ਘੰਟਾ ਭਵਨ ਵਿਚ ਭੰਨ ਤੋੜ ਕੀਤੀ। ਮਗਰੋਂ ਇਨ੍ਹਾਂ ਖਰੂਦੀਆਂ ਨੂੰ ਖਦੇੜ ਦਿੱਤਾ ਗਿਆ। ਹਾਲ ਵਿਚ ਜਿਉਂ ਹੀ ਹੱਥੋ-ਪਾਈ ਸ਼ੁਰੂ ਹੋਈ, ਸਭ ਤੋਂ ਪਹਿਲਾਂ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਪ੍ਰੇਮ ਸਿੰਘ ਚੰਦੂਮਾਜਰਾ ਹਾਲ ਵਿਚੋਂ ਖਿਸਕ ਗਏ। ਮੀਰਵਾਇਜ਼ ਉਤੇ ਇਹ ਹਮਲਾ ਉਦੋਂ ਹੋਇਆ ਜਦੋਂ ਉਹ ਕਸ਼ਮੀਰ ਸਮੱਸਿਆ ਦੇ ਹੱਲ ਬਾਰੇ ਬੋਲ ਰਹੇ ਸਨ। ਇਕ ਨੌਜਵਾਨ ਨੇ ਉਨ੍ਹਾਂ ਨੂੰ ਵਿਚਕਾਰੋਂ ਟੋਕਿਆ ਅਤੇ ਫਿਰ ਮੇਜ਼ ਉਤੇ ਚੜ੍ਹ ਕੇ ਮੀਰਵਾਇਜ਼ ਵੱਲ ਵਧਿਆ ਪਰ ਲਾਗੇ ਖੜ੍ਹੇ ਸੈਮੀਨਾਰ ਪ੍ਰਬੰਧਕਾਂ ਤੇ ਪੁਲਿਸ ਨੇ ਉਸ ਨੂੰ ਤੁਰੰਤ ਦਬੋਚ ਲਿਆ। ਇਸ ਨੌਜਵਾਨ ਦੇ ਹਮਲਾ ਕਰਦਿਆਂ ਹੀ ਲੈਕਚਰ ਸੁਣਨ ਲਈ ਆਏ ਸਰੋਤਿਆਂ ਦੇ ਰੂਪ ਵਿਚ ਆਏ ਤਿੰਨ-ਚਾਰ ਹੋਰ ਨੌਜਵਾਨਾਂ ਨੇ ਮੀਰਵਾਇਜ਼ ਨੂੰ ਹੱਥ ਪਾਉਣ ਦੀ ਕੋਸ਼ਿਸ਼ ਕੀਤੀ ਪਰ ਆਈ.ਡੀ.ਪੀ. ਕਾਰਕੁਨਾਂ ਨੇ ਉਨਾਂ ਨੂੰ ਹਾਲ ਤੋਂ ਬਾਹਰ ਕੱਢ ਦਿੱਤਾ।

ਇੰਨੇ ਨੂੰ ਉਨਾਂ ਦੇ ਬਾਹਰ ਖੜ੍ਹੇ ਹਮਾਇਤੀਆਂ ਨੇ ਕਿਸਾਨ ਭਵਨ ਵਿਚ ਰੱਖੇ ਗਮਲੇ ਅਤੇ ਪੱਥਰ ਚੁੱਕ ਕੇ ਲੋਕਾਂ ਅਤੇ ਪੁਲਿਸ ਉਤੇ ਵਰ੍ਹਾਉਣੇ ਸ਼ੁਰੂ ਕਰ ਦਿੱਤੇ। ਹਮਲਾਵਰਾਂ ਨੇ ਉਥੇ ਪਏ ਗਮਲੇ ਹਾਲ ਦੇ ਸ਼ੀਸ਼ਿਆਂ ਤੇ ਦਰਵਾਜ਼ੇ-ਖਿੜਕੀਆਂ 'ਤੇ ਮਾਰ-ਮਾਰ ਕੇ ਅੱਧੇ ਘੰਟੇ ਤੋਂ ਵੱਧ ਸਮੇਂ ਲਈ ਭੰਨਤੋੜ ਜਾਰੀ ਰੱਖੀ। ਕਿਸਾਨ ਭਵਨ ਵਿਚ ਡਿਊਟੀ 'ਤੇ ਤਾਇਨਾਤ ਪੁਲਿਸ ਇਨ੍ਹਾਂ ਨੌਜਵਾਨਾਂ ਅਤੇ ਉਨ੍ਹਾਂ ਦੇ ਹਮਾਇਤੀਆਂ ਨੂੰ ਮੌਕੇ 'ਤੇ ਕਾਬੂ ਕਰਨ ਵਿਚ ਅਸਫਲ ਰਹੀ ਪਰ ਪਿੱਛੋਂ ਡੀ.ਐਸ.ਪੀ. ਸਤਬੀਰ ਸਿੰਘ ਦੀ ਅਗਵਾਈ ਵਿਚ ਪੁੱਜੀ ਹੋਰ ਪੁਲਿਸ ਨੇ ਭੀੜ ਨੂੰ ਖਦੇੜ ਦਿੱਤਾ। ਪੁਲਿਸ ਨੇ ਇਕ ਦਰਜਨ ਤੋਂ ਵੱਧ ਲੋਕਾਂ ਨੂੰ ਹਿਰਾਸਤ ਵਿਚ ਲੈ ਲਿਆ।



*ਮੀਰਵਾਇਜ਼ 'ਤੇ ਹਮਲੇ ਦੌਰਾਨ ਉਸ ਦਾ ਬਚਾਅ ਕਰਦੇ ਹੋਏ ਪ੍ਰਬੰਧਕ ਤੇ ਪੁਲਿਸ*

ਹਮਲਾਵਰ ਜਿਨ੍ਹਾਂ ਦਾ ਸਬੰਧ ਵਿਸ਼ਵ ਹਿੰਦੂ ਪ੍ਰੀਸ਼ਦ ਤੇ ਭਾਜਪਾ ਨਾਲ ਸੀ, ਸੈਮੀਨਾਰ ਵਿਚ ਮਿੱਥ ਕੇ ਗੜਬੜ ਕਰਨ ਆਏ ਸਨ।

ਤਕਰੀਬਨ ਇਕ ਘੰਟੇ ਦੇ ਰੌਲੇ-ਰੱਪੇ ਪਿੱਛੋਂ ਇਹ ਸੈਮੀਨਾਰ ਸਖ਼ਤ ਪ੍ਰਬੰਧਾਂ ਹੇਠ ਮੁੜ ਤੋਂ ਸ਼ੁਰੂ ਹੋਇਆ। ਸੈਮੀਨਾਰ ਦੀ ਸ਼ੁਰੂਆਤ ਕਰਦਿਆਂ ਆਈ.ਡੀ.ਪੀ. ਦੇ ਪ੍ਰਧਾਨ ਆਈ.ਡੀ. ਖਜੂਰੀਆ ਨੇ ਕਿਹਾ ਕਿ ਜੇ ਸਭ ਧਿਰਾਂ ਸਹਿਣਸ਼ੀਲਤਾ ਤੋਂ ਕੰਮ ਲੈਣ ਤਾਂ ਕੋਈ ਅਜਿਹੀ ਸਮੱਸਿਆ ਨਹੀਂ ਜਿਸ ਦਾ ਕੋਈ ਹੱਲ ਨਾ ਕੱਢਿਆ ਜਾ ਸਕੇ। ਉਨ੍ਹਾਂ ਨੇ ਕਸ਼ਮੀਰ ਸਮੱਸਿਆ ਦੇ ਹੱਲ ਲਈ ਚੰਡੀਗੜ੍ਹ 'ਚ ਅਮਨ ਦਾ ਨਵਾਂ ਰਸਤਾ ਕੱਢਣ ਦਾ ਐਲਾਨ ਕਰਦਿਆਂ ਇਸ ਨੂੰ ਅੱਗੇ ਤੋਰਨ ਦਾ ਪ੍ਰਣ ਲਿਆ।

ਹੁਰੀਅਤ ਕਾਨਫਰੰਸ ਦੇ ਚੇਅਰਮੈਨ ਮੀਰਵਾਇਜ਼ ਉਮਰ ਫਾਰੂਕ ਨੇ ਆਪਣੇ ਭਾਸ਼ਣ ਵਿਚ ਕਿਹਾ ਕਿ ਕਸ਼ਮੀਰ ਦੀ ਸਮੱਸਿਆ ਪੁਰਾਣੀ ਹੈ। ਇਹ ਇਨਸਾਨੀ ਮਸਲਾ ਹੈ ਜਿਸ ਦੇ ਹੱਲ ਲਈ ਸਿਆਸਤਦਾਨਾਂ ਤੋਂ ਇਲਾਵਾ ਉਥੋਂ ਦੇ ਲੋਕਾਂ ਨੂੰ ਵੀ ਸ਼ਾਮਲ ਕੀਤਾ ਜਾਵੇ। ਹੁਣ ਤਕ ਦੀ ਗੱਲਬਾਤ ਇਸ ਕਰ ਕੇ ਹੀ ਸਿਰੇ ਨਹੀਂ ਚੜ੍ਹ ਸਕੀ ਕਿਉਂਕਿ ਜਦੋਂ ਵੀ ਦੋਹਾਂ ਦੇਸ਼ਾਂ ਨੇ ਗੱਲਬਾਤ ਕੀਤੀ ਤਾਂ ਲੋਕਾਂ ਨੂੰ ਭਰੋਸੇ ਵਿਚ ਨਹੀਂ ਲਿਆ।

ਉਨ੍ਹਾਂ ਨੇ ਕਿਹਾ ਕਿ ਸਿਆਸੀ ਮਸਲੇ ਦੇ ਹੱਲ ਲਈ ਗੱਲਬਾਤ ਤੋਂ ਪਹਿਲਾਂ ਸਰਕਾਰਾਂ ਵੱਲੋਂ ਕੀਤੇ ਵਾਅਦੇ ਪੂਰੇ ਕੀਤੇ ਜਾਣ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਮਸਲੇ ਨੂੰ ਲਮਕਾਉਣ ਨਾਲ ਹੱਲ ਨਹੀਂ ਨਿਕਲਦਾ। ਉਨ੍ਹਾਂ ਸਰਕਾਰ ਤੋਂ ਅੱਗੋਂ ਗੱਲਬਾਤ ਤੋਂ ਪਹਿਲਾਂ ਕਸ਼ਮੀਰ ਵਿੱਚੋਂ ਫੋਜਾਂ ਹਟਾਉਣ ਅਤੇ ਸਿਆਸੀ ਕੈਦੀ ਰਿਹਾਅ ਕਰਨ ਸਮੇਤ ਤਸ਼ੱਦਦ ਬੰਦ ਕਰਨ ਦੀ ਮੰਗ ਕੀਤੀ।

ਜੰਮੂ-ਕਸ਼ਮੀਰ ਦੇ ਮਨੁੱਖੀ ਅਧਿਕਾਰ ਕਾਰਕੁਨ ਅਤੇ ਪੱਤਰਕਾਰ ਬਲਰਾਜ ਪੁਰੀ ਨੇ ਗੱਲਬਾਤ ਲਈ ਪਲੇਟਫਾਰਮ ਮੁਹੱਈਆ ਕਰਾਉਣ ਦੀ ਪੇਸ਼ਕਸ਼ ਕੀਤੀ। ਸੁਪਰੀਮ ਕੋਰਟ ਦੇ ਵਕੀਲ ਅਸ਼ੋਕ ਭਾਨ ਨੇ ਕਿਹਾ ਕਿ ਕਸ਼ਮੀਰੀ ਪੰਡਤਾਂ ਸਮੇਤ ਜੰਮੂ-ਕਸ਼ਮੀਰ ਦੇ ਸਾਰੇ ਲੋਕਾਂ 'ਤੇ ਹੋਏ ਜ਼ੁਲਮਾਂ ਦੀ ਜਾਂਚ ਲਈ ਉਚ ਪੱਧਰੀ ਕਮਿਸ਼ਨ ਬਣਾਇਆ ਜਾਵੇ। ਜਨ ਹਸਤਕਸ਼ੇਪ (ਦਖ਼ਲ) ਦੇ ਪ੍ਰੋ. ਅਸ਼ੀਸ਼ ਮਿਸ਼ਰਾ ਨੇ ਕਿਹਾ ਕਿ ਕਸ਼ਮੀਰੀ ਲੋਕਾਂ ਨਾਲ ਬਹੁਤ ਮਾੜਾ ਸਲੂਕ ਹੋ ਰਿਹਾ ਹੈ ਅਤੇ ਉਥੋਂ ਦੇ ਲੋਕਾਂ ਦੀ ਜ਼ਿੰਦਗੀ ਨਰਕ ਬਣੀ ਪਈ ਹੈ।

ਸੈਮੀਨਾਰ ਨੂੰ ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਦੇ ਆਗੂ ਹਰਪਾਲ ਸਿੰਘ ਚੀਮਾ, ਹੁਰੀਅਤ ਆਗੂ ਬਿਲਾਲ ਲੋਨ ਅਤੇ ਪ੍ਰੋ. ਪਿਆਰੇ ਲਾਲ ਗਰਗ ਨੇ ਵੀ ਸੰਬੋਧਨ ਕੀਤਾ।

ਬਾਅਦ ਵਿਚ ਪੁਲਿਸ ਵੱਲੋਂ ਗ੍ਰਿਫ਼ਤਾਰ ਭਾਜਪਾ ਤੇ ਹੋਰ ਜਥੇਬੰਦੀਆਂ ਦੇ ਕਾਰਕੁਨਾਂ ਜਿਨ੍ਹਾਂ ਵਿਚ ਵਿਜੈ ਸਿੰਘ ਭਾਰਦਵਾਜ, ਚੰਦਨ ਭਾਰਦਵਾਜ, ਅਬੀਲੇਸ਼, ਗਿਆਨ ਈਸ਼ਵਰ, ਸੰਜੀਵ ਕੁਮਾਰ ਸਤਿਆਵਾਨ, ਅਰਵਿੰਦ ਰਾਣਾ ਸੰਜੇ ਕੌਲ, ਅਮਿਤ ਰਾਣਾ, ਹੇਮੰਤ, ਦਿਨੇਸ਼ ਚੌਹਾਨ, ਸੰਜੀਵ ਵਰਮਾ, ਕੁਲਜੀਤ ਕੌਲ, ਸੁਨੀਲ ਕੰਵਲ ਸ਼ਾਲ ਸਨ, ਨੂੰ ਸ਼ਾਮ ਨੂੰ ਛੱਡ ਦਿੱਤਾ ਗਿਆ। ਐਸ.ਐਸ.ਪੀ. ਚੰਡੀਗੜ੍ਹ ਨੌਨਿਹਾਲ ਸਿੰਘ ਨੇ ਦੱਸਿਆ ਕਿ ਸੈਮੀਨਾਰ ਵਿਚ ਗੜਬੜ ਕਰਨ ਵਾਲੇ ਅਨਸਰਾਂ ਵਿਰੁੱਧ ਭਾਰਤੀ ਦੰਡਾਵਲੀ ਦੀ ਧਾਰਾ 147, 149 ਤੇ 323 ਅਤੇ ਪ੍ਰਾਪਰਟੀ ਪ੍ਰੀਵੈਨਸ਼ਨ ਐਕਟ ਦੀ ਧਾਰਾ 3 ਤਹਿਤ ਮਾਮਲਾ ਦਰਜ ਕੀਤਾ ਹੈ।

ਆਈ.ਡੀ.ਪੀ. ਦੇ ਕੌਮੀ ਸਕੱਤਰ ਜ਼ਮੀਲ ਕਾਜ਼ਮੀ ਨੇ ਦੋਸ਼ ਲਾਇਆ ਕਿ ਸੈਮੀਨਾਰ ਵਿਚ ਗੜਬੜ ਕਰਨ ਵਾਲੇ ਉਹ ਲੋਕ ਹਨ ਜੋ ਦੇਸ਼ ਨੂੰ ਇਕ ਨਹੀਂ ਦੇਖਣਾ ਚਾਹੁੰਦੇ। ਇਸ ਮੌਕੇ ਜ਼ਿਲ੍ਹਾ ਸਾਂਭਾ (ਜੰਮੂ-ਕਸ਼ਮੀਰ) ਦੀ ਆਈ.ਡੀ.ਪੀ. ਇਕਾਈ ਦੇ ਪ੍ਰਧਾਨ ਸੁਭਾਸ਼ ਸਿੰਘ ਐਡਵੋਕੇਟ ਨੇ ਦੋਸ਼ ਲਾਇਆ ਕਿ ਇਸ ਸਮੁੱਚੀ ਘਟਨਾ ਦੌਰਾਨ ਚੰਡੀਗੜ੍ਹ ਪੁਲਿਸ ਤਮਾਸ਼ਬੀਨ ਬਣ ਕੇ ਸਭ ਕੁਝ ਦੇਖਦੀ ਰਹੀ।

ਹਮਲੇ ਤੇ ਭੰਨਤੋੜ ਦੀ ਨਿਖੇਧੀ: ਵੱਖ-ਵੱਖ ਜਥੇਬੰਦੀਆਂ ਨੇ ਮੀਰਵਾਇਜ਼ ਉਮਰ ਫਾਰੂਕ ਉਤੇ ਹਮਲੇ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕਰਦਿਆਂ ਕਿਹਾ ਕਿ ਹਰ ਕਿਸੇ ਨੂੰ ਆਪਣੇ ਵਿਚਾਰ ਰੱਖਣ ਦਾ ਹੱਕ ਹੈ। ਜੇ ਤੁਸੀਂ ਕਿਸੇ ਦੇ ਵਿਚਾਰ ਨਾਲ ਸਹਿਮਤ ਨਹੀਂ ਤਾਂ ਇਉਂ ਜ਼ੁਬਾਨਬੰਦੀ ਨਹੀਂ ਕੀਤੀ ਜਾ ਸਕਦੀ। ਇਹ ਜਮਹੂਰੀ ਕਦਰਾਂ-ਕੀਮਤਾਂ ਦੇ ਖ਼ਿਲਾਫ਼ ਹੈ।

ਇਨਕਲਾਬੀ ਕੇਂਦਰ ਪੰਜਾਬ ਦੇ ਜਨਰਲ ਸਕੱਤਰ ਕੰਵਲਜੀਤ ਖੰਨਾ, ਲੋਕ ਮੋਰਚਾ ਦੇ ਜਨਰਲ ਸਕੱਤਰ ਅਮੋਲਕ ਸਿੰਘ, ਅਪਰੇਸ਼ਨ ਗ੍ਰੀਨ ਹੰਟ ਵਿਰੋਧੀ ਜਮਹੂਰੀ ਮੰਚ ਦੇ ਕੋ-ਕਨਵੀਨਰ ਪ੍ਰੋ. ਏ.ਕੇ. ਮਲੇਰੀ, ਇੰਟਰਨੈਸ਼ਨਲ ਡੈਮੋਕਰੇਟਿਕ ਪਾਰਟੀ ਦੀ ਪੰਜਾਬ ਇਕਾਈ ਦੇ ਪ੍ਰਧਾਨ ਕਰਨੈਲ ਸਿੰਘ ਜਖੇਪਲ, ਕੁਦਰਤ ਮਾਨਵ ਕੇਂਦਰਿਤ ਲਹਿਰ ਦੇ ਆਗੂ ਸੁਖਦੇਵ ਸਿੰਘ ਭੁਪਾਲ, ਮੱਘਰ ਸਿੰਘ ਕੁਲਰੀਆਂ ਨੇ ਕਿਹਾ ਕਿ ਸਰੋਤਿਆਂ ਨੇ ਬਾਅਦ ਵਿਚ ਸੈਮੀਨਾਰ ਵਿਚ ਭਰਵੀਂ ਸ਼ਿਰਕਤ ਕਰਕੇ ਦਰਸਾ ਦਿੱਤਾ ਹੈ ਕਿ ਉਹ ਅਜਿਹੇ ਹਮਲਿਆਂ ਨੂੰ ਇਸੇ ਤਰ੍ਹਾਂ ਦਾ ਜਵਾਬ ਦੇਣਗੇ। ਉਨ੍ਹਾਂ ਕਿਹਾ ਕਿ ਇਨ੍ਹਾਂ ਲੋਕਾਂ ਨੇ ਜੰਮੂ ਵਿਚ ਵੀ ਇਉਂ ਹੀ ਭੰਨਤੋੜ ਕੀਤੀ ਸੀ ਅਤੇ ਹਾਲ ਹੀ ਵਿਚ ਭੁਬਨੇਸ਼ਵਰ ਵਿਚ ਅਰੁੰਧਤੀ ਰਾਏ ਖ਼ਿਲਾਫ਼ ਵੀ ਵਿਖਾਵਾ ਕਰਨ ਦਾ ਯਤਨ ਕੀਤਾ ਸੀ। ਉਨ੍ਹਾਂ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਅਜਿਹੇ ਹਮਲਿਆਂ ਨੂੰ ਠੱਲ੍ਹਣ ਲਈ ਅੱਗੇ ਆਉਣ।

# ਕਸ਼ਮੀਰੀਆਂ ਦੇ ਹੱਕ 'ਚ ਬੋਲਣ 'ਤੇ ਅਰੁੰਧਤੀ ਤੇ ਗਿਲਾਨੀ ਖ਼ਿਲਾਫ਼ ਕੇਸ ਦਰਜ

**ਨਵੀਂ ਦਿੱਲੀ:** ਕਸ਼ਮੀਰੀ ਲੋਕਾਂ ਦੇ ਹੱਕ 'ਚ ਆਵਾਜ਼ ਬੁਲੰਦ ਕਰਨ ਦੇ ਦੋਸ਼ 'ਚ ਦਿੱਲੀ ਪੁਲਿਸ ਨੇ ਪ੍ਰਸਿੱਧ ਲੇਖਕਾ ਅਰੁੰਧਤੀ ਰਾਏ, ਕਸ਼ਮੀਰੀ ਆਗੂ ਸਈਅਦ ਅਲੀ ਸ਼ਾਹ ਗਿਲਾਨੀ, ਇਨਕਲਾਬੀ ਸ਼ਾਇਰ ਵਰ ਵਰਾ ਰਾਓ, ਪ੍ਰੋ.



*ਅਰੁੰਧਤੀ ਰਾਏ*

ਐਸ.ਏ. ਗਿਲਾਨੀ ਤੇ ਹੋਰਾਂ ਖ਼ਿਲਾਫ਼ ਭਾਰਤੀ ਦੰਡ ਵਿਧਾਨ ਦੀ ਧਾਰਾ 124ਏ, 153ਏ, 153ਬੀ, 504 ਤੇ 505 ਤਹਿਤ ਕੇਸ ਦਰਜ ਕਰ ਲਿਆ ਹੈ। ਇਨ੍ਹਾਂ ਵਿਦਵਾਨਾਂ ਉਤੇ ਦੋਸ਼ ਹੈ ਕਿ ਇਨ੍ਹਾਂ ਨੇ ਦਿੱਲੀ ਵਿਖੇ ਹੋਏ ਸੈਮੀਨਾਰ ਦੌਰਾਨ ਦੇਸ਼ ਵਿਰੋਧੀ ਭਾਸ਼ਣ ਦਿੱਤੇ। ਯਾਦ ਰਹੇ ਕਿ ਸੈਮੀਨਾਰ ਵਿਚ ਕਸ਼ਮੀਰ ਦੀ ਆਜ਼ਾਦੀ ਦੇ ਮਸਲੇ ਬਾਰੇ ਵਿਚਾਰ-ਵਟਾਂਦਰਾ ਹੋਇਆ ਸੀ ਤੇ ਇਨ੍ਹਾਂ ਸਾਰਿਆਂ ਨੇ ਸੈਮੀਨਾਰ ਦੌਰਾਨ ਵਿਚਾਰ ਪ੍ਰਗਟਾਏ ਸਨ। ਪੁਲਿਸ ਨੇ ਇਹ ਕੇਸ ਦਿੱਲੀ ਦੀ ਇਕ ਅਦਾਲਤ ਦੇ ਹੁਕਮ 'ਤੇ ਦਰਜ ਕੀਤੇ ਹਨ।

ਜ਼ਿਕਰਯੋਗ ਹੈ ਕਿ ਮੈਟਰੋਪੋਲਿਟਨ ਮੈਜਿਸਟਰੇਟ ਨਵਿਤਾ ਕੁਮਾਰ ਬੱਗਾ ਨੇ 27 ਨਵੰਬਰ ਨੂੰ ਹੁਕਮ ਦਿੱਤਾ ਸੀ ਕਿ ਦੇਸ਼ ਵਿਰੋਧੀ ਭਾਸ਼ਣ ਦੇਣ ਦੇ ਮਾਮਲੇ ਵਿਚ ਜਿਹੜੀਆਂ ਵੀ ਧਾਰਾਵਾਂ ਇਨ੍ਹਾਂ ਖ਼ਿਲਾਫ਼ ਲਗਦੀਆਂ ਹਨ, ਉਹ ਲਗਾ ਕੇ ਉਸ ਬਾਰੇ 6 ਜਨਵਰੀ 2011 ਨੂੰ ਅਗਲੀ ਸੁਣਵਾਈ ਵੇਲੇ ਰਿਪੋਰਟ ਅਦਾਲਤ ਵਿਚ ਪੇਸ਼ ਕੀਤੀ ਜਾਵੇ। ਅਦਾਲਤ ਨੇ ਦਿੱਲੀ ਪੁਲਿਸ ਵੱਲੋਂ ਸੌਂਪੀ ਗਈ ਉਸ ਰਿਪੋਰਟ ਨੂੰ ਰੱਦ ਕਰ ਦਿੱਤਾ ਜਿਸ ਵਿਚ ਕਿਹਾ ਗਿਆ ਸੀ ਕਿ ਗਿਲਾਨੀ ਤੇ ਹੋਰਾਂ ਖ਼ਿਲਾਫ਼ ਦੇਸ਼ ਧ੍ਰੋਹ ਦਾ ਕੋਈ ਅਪਰਾਧ ਨਹੀਂ ਬਣਦਾ। ਅਦਾਲਤ ਨੇ ਕਿਹਾ ਕਿ ਪਹਿਲੀ ਨਜ਼ਰੇ ਮੁਲਜ਼ਮਾਂ ਖ਼ਿਲਾਫ਼ ਪ੍ਰਤੱਖ ਸਬੂਤ ਹਨ ਤੇ ਉਸ ਨੇ ਪੁਲਿਸ ਨੂੰ ਦੋਸ਼ਾਂ ਦੀ ਹੋਰ ਜਾਂਚ ਕਰਨ ਤੇ ਰਿਪੋਰਟ ਪੇਸ਼ ਕਰਨ ਲਈ ਕਿਹਾ। ਅਦਾਲਤ ਨੇ ਇਸ ਤੋਂ ਪਹਿਲਾਂ ਰਾਏ ਤੇ ਗਿਲਾਨੀ ਖ਼ਿਲਾਫ਼ ਐਫ.ਆਈ.ਆਰ. ਦਰਜ ਕਰਨ ਦੀ ਮੰਗ ਕਰਨ ਵਾਲੀ ਸੁਸ਼ੀਲ ਪੰਡਿਤ ਦੀ 28 ਅਕਤੂਬਰ ਨੂੰ ਪਾਈ ਸ਼ਿਕਾਇਤ ਉਪਰ ਢੁਕਵੀਂ ਸਥਿਤੀ ਰਿਪੋਰਟ ਪੇਸ਼ ਕਰਨ ਵਿਚ ਨਾਕਾਮ ਰਹਿਣ 'ਤੇ ਪੁਲਿਸ ਦੀ ਖਿਚਾਈ ਕੀਤੀ ਸੀ।

ਜ਼ਿਕਰਯੋਗ ਹੈ ਕਿ ਅਕਤੂਬਰ ਵਿਚ 'ਆਜ਼ਾਦੀ-ਦਿ ਓਨਲੀ ਵੇਅ' ਵਿਸ਼ੇ ਉਪਰ ਕਰਵਾਏ ਸੈਮੀਨਾਰ ਦੌਰਾਨ ਉਪਰੋਕਤ ਵਿਦਵਾਨਾਂ ਨੇ ਕਸ਼ਮੀਰ ਸਮੱਸਿਆ ਦਾ ਇਕੋ ਹੱਲ ਆਜਾਦੀ ਦੱਸਿਆ ਸੀ। ਇਸ ਮੌਕੇ ਹੁਰੀਅਤ ਆਗੂ ਨਾਲ ਮੰਚ 'ਤੇ ਅਰੁੰਧਤੀ ਰਾਏ ਤੇ ਮਾਓਵਾਦੀ ਸਮਰਥਕ ਆਗੂ ਵਰਵਰਾ ਰਾਓ ਵੀ ਸਨ। ਇਕ ਨਵੰਬਰ ਨੂੰ ਸੀ.ਆਰ.ਪੀ.ਸੀ. ਦੀ ਧਾਰਾ 156 (3) ਤਹਿਤ ਅਦਾਲਤ ਵਿਚ ਦਾਇਰ ਸ਼ਿਕਾਇਤ ਵਿਚ ਦੋਸ਼ ਲਗਾਇਆ ਸੀ ਕਿ ਸਰਕਾਰ ਭਾਰਤ ਵਿਰੋਧੀ ਸੈਮੀਨਾਰ ਦੇ ਮੁਲਜ਼ਮਾਂ ਖ਼ਿਲਾਫ਼ ਕਾਰਵਾਈ ਕਰਨ ਵਿਚ ਪੂਰੀ ਤਰ੍ਹਾਂ ਨਾਕਾਮ ਰਹੀ ਹੈ ਇਸ ਲਈ ਉਨ੍ਹਾਂ ਖ਼ਿਲਾਫ਼ ਇਕ ਨਿੱਜੀ ਸ਼ਿਕਾਇਤ ਦਿੱਤੀ ਗਈ।

# ਉਹ ਤਾਂ ਨਹਿਰੂ ਖ਼ਿਲਾਫ਼ ਵੀ ਕੇਸ ਦਰਜ ਕਰ ਸਕਦੇ ਹਨ: ਅਰੁੰਧਤੀ

**ਨਵੀਂ ਦਿੱਲੀ:** ਅਦਾਲਤ ਦੇ ਇਸ ਫ਼ੈਸਲੇ ਬਾਰੇ ਅਰੁੰਧਤੀ ਰਾਏ ਨੇ ਕਿਹਾ ਹੈ ਕਿ ਉਹ ਤਾਂ ਸ਼ਾਇਦ ਮਰਹੂਮ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਖ਼ਿਲਾਫ਼ ਵੀ ਕੇਸ ਦਰਜ ਕਰ ਲੈਣ ਕਿਉਂਕਿ ਉਨ੍ਹਾਂ (ਨਹਿਰੂ) ਨੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨੂੰ ਭੇਜੀਆਂ ਤਾਰਾਂ ਵਿਚ ਇਹ ਗੱਲ ਮੰਨੀ ਹੈ ਕਿ 'ਕਸ਼ਮੀਰ' ਵਿਵਾਦ ਵਾਲਾ ਮਾਮਲਾ ਹੈ ਤੇ ਇਸ ਬਾਰੇ ਫ਼ੈਸਲਾ ਕਸ਼ਮੀਰੀਆਂ ਨੇ ਹੀ ਕਰਨਾ ਹੈ।

ਬੀਬੀ ਅਰੁੰਧਤੀ ਰਾਏ ਨੇ ਕਿਹਾ ਕਿ ਇਸ ਸਿਲਸਿਲੇ ਵਿਚ 6 ਜੁਲਾਈ, 1951 ਨੂੰ ਹੋਈ ਕਾਂਗਰਸ ਕਮੇਟੀ ਦੀ ਮੀਟਿੰਗ ਦੀ ਰਿਪੋਰਟ ਘੋਖਣੀ ਲਾਜ਼ਮੀ ਹੈ। ਇਹ ਰਿਪੋਰਟ 9 ਜੁਲਾਈ, 1951 ਨੂੰ 'ਸਟੇਟਸਮੈਨ' (ਨਵੀਂ ਦਿੱਲੀ) ਅਖ਼ਬਾਰ ਵਿਚ ਵੀ ਛਪੀ ਸੀ। ਉਦੋਂ ਜਨਾਬ ਨਹਿਰੂ ਨੇ ਕਿਹਾ ਸੀ, "ਕਸ਼ਮੀਰ ਨੂੰ ਤਾਂ ਐਵੇਂ ਭਾਰਤ ਜਾਂ ਪਾਕਿਸਤਾਨ ਦਾ ਵੱਕਾਰ ਬਣਾਇਆ ਜਾ ਰਿਹਾ ਹੈ। ਲੋਕ ਭੁੱਲ ਰਹੇ ਹਨ ਕਿ ਕਸ਼ਮੀਰ ਕੋਈ ਵਸਤੂ ਨਹੀਂ ਹੈ ਜਿਸ ਦਾ ਵਟਾਂਦਰਾ ਕੀਤਾ ਜਾ ਸਕਦਾ ਹੋਵੇ। ਇਸ ਦੀ ਆਪਣੀ ਅਲਹਿਦਾ ਹੋਂਦ ਹੈ ਅਤੇ ਇਸ ਦੇ ਭਵਿੱਖ ਦਾ ਫ਼ੈਸਲਾ ਇਸ ਦੇ ਆਵਾਮ ਨੇ ਕਰਨਾ ਹੈ। ਇਸ ਲਈ ਜ਼ਾਹਿਰ ਹੈ ਕਿ ਜੱਦੋਜਹਿਦ ਹੁਣ ਮੈਦਾਨ ਵਿਚ ਨਹੀਂ ਸਗੋਂ ਲੋਕਾਂ ਦੇ ਮਨ ਵਿਚ ਹੋ ਰਹੀ ਹੈ।"

ਬੀਬੀ ਅਰੁੰਧਤੀ ਨੇ ਇਸ ਬਾਰੇ ਸ੍ਰੀ ਨਹਿਰੂ ਵੱਲੋਂ 27 ਅਕਤੂਬਰ, 1947 ਅਤੇ ਫਿਰ 31 ਅਕਤੂਬਰ, 1947 ਨੂੰ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨੂੰ ਭੇਜੀਆਂ ਤਾਰਾਂ ਤੋਂ ਇਲਾਵਾ 2 ਨਵੰਬਰ, 1947 ਨੂੰ ਆਲ ਇੰਡੀਆ ਰੇਡੀਓ ਤੋਂ ਨਸ਼ਰ ਅਤੇ ਫਿਰ 3 ਨਵੰਬਰ, 1947 ਨੂੰ ਨਸ਼ਰ ਦੇਸ਼ ਦੇ ਨਾਂ ਸੰਦੇਸ਼ ਦਾ ਹਵਾਲਾ ਦਿੱਤਾ ਹੈ। ਇਸੇ ਤਰ੍ਹਾਂ 25 ਨਵੰਬਰ, 1947 ਅਤੇ 3 ਮਾਰਚ, 1948 ਨੂੰ ਭਾਰਤੀ ਸੰਵਿਧਾਨ ਸਭਾ ਵਿਚ ਦਿੱਤੇ ਭਾਸ਼ਣਾਂ ਦਾ ਜ਼ਿਕਰ ਕੀਤਾ ਗਿਆ ਹੈ। ਇਉਂ ਉਨ੍ਹਾਂ (ਅਰੁੰਧਤੀ ਰਾਏ) 14 ਅਜਿਹੇ ਹਵਾਲਿਆਂ ਦਾ ਜ਼ਿਕਰ ਕੀਤਾ ਹੈ ਜਿਨ੍ਹਾਂ ਵਿਚ ਕਸ਼ਮੀਰ ਬਾਰੇ ਚਰਚਾ ਕੀਤੀ ਗਈ ਹੈ ਅਤੇ ਸਪਸ਼ਟ ਕਿਹਾ ਗਿਆ ਹੈ ਕਿ ਕਸ਼ਮੀਰ ਬਾਰੇ ਫ਼ੈਸਲਾ ਕਸ਼ਮੀਰੀਆਂ ਦੇ ਹੱਥ ਹੈ। ਭਾਰਤ ਇਸ ਸਿਲਸਿਲੇ ਵਿਚ ਕੋਈ ਜ਼ਬਰਦਸ਼ਤੀ ਨਹੀਂ ਕਰੇਗਾ। 31 ਮਾਰਚ, 1955 ਨੂੰ ਲੋਕ ਸਭਾ ਵਿਚ ਦਿੱਤੇ ਭਾਸ਼ਣ ਵਿਚ ਪੰਡਿਤ ਨਹਿਰੂ ਨੇ ਕਿਹਾ ਸੀ: "ਕਸ਼ਮੀਰ ਸ਼ਾਇਦ ਭਾਰਤ ਤੇ ਪਾਕਿਸਤਾਨ ਵਿਚਕਾਰ ਪਏ ਰੱਫੜਾਂ ਵਿਚੋਂ ਸਭ ਤੋਂ ਮੁਸ਼ਕਲ ਹੈ। ਸਾਨੂੰ ਚੇਤੇ ਰੱਖਣਾ ਪਵੇਗਾ ਕਿ ਕਸ਼ਮੀਰ ਦੀ ਆਪਣੀ ਵੀ ਕੋਈ ਹੋਂਦ ਹੈ।"

ਅਰੁੰਧਤੀ ਰਾਏ ਨੇ ਕਿਹਾ ਹੈ ਕਿ ਜੇ ਸੱਚ ਬੋਲਣ ਨਾਲ ਕੇਸ ਦਰਜ ਹੋਣੇ ਹਨ ਤਾਂ ਕੋਈ ਫ਼ਿਕਰ ਨਹੀਂ। ਉਹ ਸੱਚ ਬੋਲਣ ਤੋਂ ਕਦੇ ਝਿਜਕੇਗੀ ਨਹੀਂ।

Motel For Sale

Mufreesboro Inn in NC

Property Description: 32 rooms, newly renovated with owner's 4 bedroom house attached to the property. Only Motel in popular university town of North Carolina. Located on main street . No other motel in 15 miles area radius.

Price $725K- ALL CASH.

Please Call, Ph:919-794-6429

## ਸਾਹਿਤ ਸਭਾ ਡਾ. ਆਤਮਜੀਤ ਦੀ ਯਾਦ 'ਚ ਸਮਾਗਮ ਕਰਾਏਗੀ

**ਯੂਨੀਅਨ ਸਿਟੀ:** ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ ਬੇ-ਏਰੀਆ ਇਕਾਈ ਨੇ ਡਾ. ਆਤਮਜੀਤ ਸਿੰਘ ਅਤੇ ਡਾ. ਪ੍ਰੀਤਮ ਸਿੰਘ ਰਾਹੀ ਦੇ ਦਿਹਾਂਤ ਉਤੇ ਦੁਖ ਦਾ ਇਜ਼ਹਾਰ ਕਰਦਿਆਂ ਇਸ ਨੂੰ ਪੰਜਾਬੀ ਜ਼ੁਬਾਨ ਅਤੇ ਸਾਹਿਤ ਲਈ ਵੱਡਾ ਘਾਟਾ ਕਰਾਰ ਦਿੱਤਾ ਹੈ। ਸਭਾ ਦੀ ਇਥੇ ਹੋਈ ਇਕ ਮੀਟਿੰਗ ਵਿਚ ਵਿਛੜੀਆਂ ਰੂਹਾਂ ਨੂੰ ਮੌਨ ਧਾਰਨ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ ਅਤੇ ਸਵਰਗੀ ਡਾ. ਆਤਮਜੀਤ ਸਿੰਘ ਦੀ ਯਾਦ ਵਿਚ ਇਕ ਸਮਾਗਮ ਕਰਵਾਉਣ ਦਾ ਫ਼ੈਸਲਾ ਕੀਤਾ ਗਿਆ।

ਸਭਾ ਦੇ ਪ੍ਰਧਾਨ ਤਾਰਾ ਸਿੰਘ ਸਾਗਰ ਨੇ ਸਭਾ ਦੀ ਚੋਣ ਦਾ ਐਲਾਨ ਕਰਦਿਆਂ ਕਿਹਾ ਕਿ ਇਹ ਚੋਣ ਪੰਜਾਬੀ ਸਾਹਿਤ ਸਭਾ ਦੇ ਸੰਵਿਧਾਨ ਮੁਤਾਬਿਕ ਹੀ ਹੋਵੇਗੀ, ਯੋਗ ਉਮੀਦਵਾਰ ਆਪਣੀ ਦਰਖ਼ਾਸਤ ਉਨ੍ਹਾਂ ਨੂੰ 5 ਦਸੰਬਰ ਤੱਕ ਭੇਜ ਸਕਦੇ ਹਨ। ਇਸ ਚੋਣ ਲਈ ਉਹ ਖੁਦ ਚੋਣ ਕਮਿਸ਼ਨਰ ਹੋਣਗੇ ਅਤੇ ਚੋਣ 12 ਦਸੰਬਰ ਨੂੰ 12 ਤੋਂ 3 ਵਜੇ ਤੱਕ ਹੋਵੇਗੀ।

ਇਸ ਮੌਕੇ ਨਵਨੀਤ ਕੌਰ ਪਨੂੰ, ਸੁਲਤਾਨ ਅਖ਼ਤਰ, ਅਵਤਾਰ ਸਿੰਘ ਮਿਸ਼ਨਰੀ, ਜਗਤਾਰ ਸਿੰਘ ਪਰਮਿੰਦਰ ਸਿੰਘ ਪਰਵਾਨਾ, ਤਾਰਾ ਸਿੰਘ ਸਾਗਰ, ਜਸਦੀਪ ਸਿੰਘ, ਸਰਬਜੀਤ ਕੌਰ ਚੀਮਾ ਅਤੇ ਨੀਲਮ ਸੈਣੀ ਨੇ ਆਪਣੀਆਂ ਰਚਨਾਵਾਂ ਸੁਣਾਈਆਂ। ਮੰਚ ਸੰਚਾਲਨ ਨੀਲਮ ਸੈਣੀ ਨੇ ਕੀਤਾ।

## ਦਸਤਾਰ ਦੀ ਜਾਂਚ ਕਰਨ ਵਾਲਾ ਯੰਤਰ ਹੀ .ਗਲਤ ਨਿਕਲਿਆ

**ਕੈਲੀਫੋਰਨੀਆ:** ਅਮਰੀਕਾ ਦੇ ਹਵਾਈ ਅੱਡਿਆਂ 'ਤੇ ਜਾਂਚ ਅਧਿਕਾਰੀਆਂ ਵੱਲੋਂ ਸੁਰੱਖਿਆ ਦੇ ਨਾਂ ਤੇ ਸਿੱਖਾਂ ਦੀਆਂ ਪੱਗਾਂ ਦੀ ਜਾਂਚ ਉਸ ਸਮੇਂ ਡਰਾਮਾ ਸਾਬਤ ਹੋਈ ਜਦੋਂ ਜਾਂਚ ਲਈ ਵਰਤਿਆ ਗਿਆ ਯੰਤਰ ਹੀ ਸਹੀ ਨਾ ਦੱਸ ਸਕਿਆ। ਪਿਛਲੇ ਦਿਨੀਂ ਕੈਲੇਫੋਰਨੀਆ ਦੇ ਸ਼ਹਿਰ ਸਨਫਰਾਂਸਿਸਕੋ ਦੇ ਹਵਾਈ ਅੱਡੇ 'ਤੇ ਬਿਜ਼ਨੈਸਮੈਨ ਦਲਜੀਤ ਸਿੰਘ ਮਾਨ ਨੂੰ ਜਾਂਚ ਅਧਿਕਾਰੀਆਂ ਵੱਲੋਂ ਕਾਫੀ ਪ੍ਰੇਸ਼ਾਨ ਕੀਤਾ ਗਿਆ।

ਜਾਂਚ ਅਧਿਕਾਰੀਆਂ ਨੇ ਗਲਤ ਸ਼ਬਦਾਂ ਦੀ ਵਰਤੋਂ ਕਰਦੇ ਹੋਏ ਕਿਹਾ ਕਿ ਉਨ੍ਹਾਂ ਦਾ ਜਾਂਚ ਯੰਤਰ ਪੱਗ 'ਚ ਕੁਝ ਹੋਣ ਦੀ ਸੂਚਨਾ ਦੇ ਰਿਹਾ ਹੈ ਤੇ ਇਸ ਲਈ ਉਹ ਆਪਣੀ ਦਸਤਾਰ ਉਤਾਰ ਦੇਣ ਜਾਂ ਸਫਰ ਕਰਨ ਲਈ ਨਹੀਂ ਜਾ ਸਕਦੇ। ਇਸ ਤੋਂ ਪਿਛੋਂ ਨਾ ਚਾਹੁੰਦੇ ਹੋਏ ਵੀ ਦਲਜੀਤ ਸਿੰਘ ਆਪਣੀ ਦਸਤਾਰ ਉਤਾਰਨ ਲਈ ਲਾਚਾਰ ਹੋ ਗਿਆ ਜਿਸ ਕਾਰਨ ਉਨ੍ਹਾਂ ਨੂੰ ਕਾਫੀ ਮੁਸ਼ਕਲ ਦਾ ਸਾਹਮਣਾ ਕਰਨਾ ਪਿਆ। ਦਸਤਾਰ ਦੀ ਪੂਰੀ ਤਰ੍ਹਾਂ ਜਾਂਚ ਕਰਨ ਤੋਂ ਪਿੱਛੋਂ ਅਧਿਕਾਰੀਆਂ ਨੂੰ ਕੋਈ ਵੀ ਗ਼ਲਤ ਚੀਜ਼ ਨਹੀਂ ਮਿਲੀ। ਪੱਗ ਸਿੱਖ ਦੇ ਸਿਰ ਤੋਂ ਥੱਲੇ ਉਤਾਰ ਕੇ ਜਾਂਚ ਅਧਿਕਾਰੀਆਂ ਦਾ ਯੰਤਰ ਫਿਰ ਨਹੀਂ ਬੋਲਿਆ। ਇਸ ਘਟਨਾ ਨੇ ਅਮਰੀਕੀ ਅਧਿਕਾਰੀਆਂ ਤੇ ਉਨ੍ਹਾਂ ਦੇ ਜਾਂਚ ਯੰਤਰ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ।

# ਮਾਦਾ ਭਰੂਣ ਹੱਤਿਆ ਖਿਲਾਫ ਦਲ ਖਾਲਸਾ ਵਲੋਂ ਧੀਆਂ ਦੀ ਲੋਹੜੀ ਲਈ ਤਿਆਰੀਆਂ ਸ਼ੂਰੂ

**ਐਲ ਸਬਰਾਂਟੇ, ਕੈਲੀਫੋਰਨੀਆ:** ਦਲ ਖਾਲਸਾ ਅਲਾਇੰਸ ਵਲੋਂ ਪਿਛਲੇ ਸਾਲ ਦੀ ਤਰ੍ਹਾਂ ਇਸ ਵਾਰ ਵੀ ਧੀਆਂ ਦੀ ਲੋਹੜੀ ਜਨਵਰੀ ਮਹੀਨੇ ਮਨਾਈ ਜਾਏਗੀ। ਜਥੇਬੰਦੀ ਵਲੋਂ ਇਸ ਸਬੰਧੀ ਤਿਆਰੀਆਂ ਅਰੰਭ ਕਰ ਦਿੱਤੀਆਂ ਗਈਆਂ ਹਨ ਅਤੇ ਤਾਰੀਖ ਦਾ ਐਲਾਨ ਜਲਦ ਹੀ ਕੀਤਾ ਜਾਏਗਾ।

ਇਥੇ ਜਾਰੀ ਇਕ ਬਿਆਨ ਵਿਚ ਇਹ ਜਾਣਕਾਰੀ ਦਿੰਦਿਆਂ ਦਲ ਖਾਲਸਾ ਅਲਾਇੰਸ ਦੇ ਪ੍ਰਧਾਨ ਸ. ਪਰਮਜੀਤ ਸਿੰਘ ਦਾਖਾ ਨੇ ਕਿਹਾ ਕਿ ਸਾਡਾ ਉਨ੍ਹਾਂ ਸਿੱਖ ਪਰਿਵਾਰਾਂ ਅਗੇ ਸੀਸ ਝੁਕਦਾ ਹੈ, ਜਿਨ੍ਹਾਂ ਨੇ ਸਮਾਜਕ ਕੁਰੀਤੀਆਂ ਨੂੰ ਆਪਣੇ ਘਰਾਂ ਦੀ ਦਹਿਲੀਜ ਦੇ ਅੰਦਰ ਫਟਕਣ ਨਹੀਂ ਦਿੱਤਾ। ਸਿੱਖ ਕੌਮ ਅੰਦਰ ਉਹ ਘਰ, ਉਹ ਪਰਿਵਾਰ, ਭਾਗਾਂ ਵਾਲਾ ਹੋਵੇਗਾ ਜਿਥੇ ਕੁੜੀ ਮਾਰ ਦੇ ਰੁਝਾਨ ਦਾ ਪ੍ਰਛਾਵਾਂ ਨਹੀਂ ਪਿਆ ਹੋਵੇਗਾ। ਹਿੰਦੁਸਤਾਨ ਅੰਦਰ ਮਾਦਾ ਭਰੂਣ ਹਤਿਆ ਦੀ ਬੁਰਾਈ ਸਮਾਜਕ ਬੁਰਾਈ ਦਾ ਰੂਪ ਧਾਰ ਕੇ ਸਿੱਖ ਕੌਮ ਦੀਆਂ ਜੜ੍ਹਾਂ 'ਚ ਵੀ ਤੇਲ ਦੇਣ ਲੱਗ ਪਈ ਹੈ। ਇਸ ਦੀ ਰੋਕਥਾਮ ਹਥਿਆਰਾਂ ਨਾਲ ਨਹੀਂ, ਵਿਚਾਰਾਂ ਨਾਲ ਹੀ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਦਲ ਖਾਲਸਾ ਅਲਾਇੰਸ ਵੱਲੋਂ ਮਾਦਾ ਭਰੂਣ ਹਤਿਆ ਦੇ ਖਿਲਾਫ ਜਾਗ੍ਰਿਤੀ ਪੈਦਾ ਕਰਨ ਲਈ ਜਨਵਰੀ 2010 ਵਿਚ ਧੀਆਂ ਦੀ ਲੋਹੜੀ ਮਨਾਉਣ ਦਾ ਬੀੜਾ ਉਠਾਇਆ ਗਿਆ। ਦਲ ਖਾਲਸਾ ਵੱਲੋਂ ਜਨਵਰੀ 2011 'ਚ ਭਰੂਣ ਹਤਿਆ ਦੇ ਖਿਲਾਫ ਧੀਆਂ ਦੀ ਲੋਹੜੀ, ਇੰਟਰਨੈਸ਼ਨਲ ਸਿੱਖ ਸਭਿਆਚਾਰ ਸੁਸਾਇਟੀ ਦੇ ਨਾਂ ਥੱਲੇ ਮਨਾਈ ਜਾ ਰਹੀ ਹੈ ਅਤੇ ਇਸ ਸੰਸਥਾ ਦੀ 15 ਮੈਂਬਰੀ ਕਮੇਟੀ ਦਾ ਐਲਾਨ ਵੀ ਛੇਤੀ ਹੀ ਕੀਤਾ ਜਾ ਰਿਹਾ ਹੈ।

ਭਾਈ ਦਾਖਾ ਅਨੁਸਾਰ ਉਨ੍ਹਾਂ ਦੀ ਜਥੇਬੰਦੀ ਸਿੱਖ ਕੌਮ ਦੀ ਆਜ਼ਾਦੀ ਲਈ ਸੰਘਰਸ਼ ਦੇ ਨਾਲ ਨਾਲ ਸਮਾਜਿਕ ਕੁਰੀਤੀਆਂ ਦੇ ਖਿਲਾਫ ਪੰਥਕ ਸੋਚ ਪੈਦਾ ਕਰਨ ਲਈ ਪੰਥ ਦਰਦੀਆਂ ਦੇ ਸਹਿਯੋਗ ਨਾਲ ਪਿਛਲੇ ਲੰਮੇ ਸਮੇਂ ਤੋਂ ਸੰਘਰਸ਼ਸ਼ੀਲ ਹੈ। ਇਸੇ ਤਹਿਤ ਅਮਰੀਕਾ ਦੇ ਸਿੱਖ ਇਤਿਹਾਸ 'ਚ ਪਹਿਲੀ ਵਾਰ, ਦਲ ਖਾਲਸਾ ਅਲਾਇੰਸ ਵੱਲੋਂ ਭਰੂਣ ਹਤਿਆ ਦੇ ਖਿਲਾਫ ਮੁਹਿੰਮ ਵਜੋਂ ਧੀਆਂ ਦੀ ਲੋਹੜੀ ਮਨਾਉਣ, ਬੱਚਿਆਂ ਦੇ ਧਾਰਮਿਕ ਮੁਕਾਬਲੇ ਕਰਾ ਕੇ ਜੇਤੂ ਬੱਚਿਆਂ ਨੂੰ ਗੋਲਡ ਮੈਡਲਾਂ ਨਾਲ ਸਨਮਾਨਿਤ ਕਰਨ, ਪੰਥ ਹਿਤੈਸ਼ੀਆਂ ਦਾ ਸਨਮਾਨ ਕਰਨ, ਪੰਥਕ ਮਸਲਿਆਂ ਸਬੰਧੀ ਰੇਡੀਓ ਟਾਕ ਸ਼ੋ ਕਰਾਉਣ, ਗੁਰੂ ਘਰਾਂ ਦੀਆਂ ਲਾਇਬਰੇਰੀਆਂ ਵਿਚ ਪੁਸਤਕਾਂ ਦਾ ਪ੍ਰਬੰਧ ਕਰਨ, ਕਵੀ ਦਰਬਾਰ ਕਰਾਉਣ, ਜੋਤਸ਼ੀਆਂ, ਪੁਛਾਂ ਦੇਣ ਵਾਲਿਆਂ ਅਤੇ ਹੋਰ ਪੰਥ ਵਿਰੋਧੀ ਇਸ਼ਤਿਹਾਰ ਲਾਲਚਵੱਸ ਲਾਉਣ ਵਾਲੇ ਪੰਜਾਬੀ ਅਖਬਾਰਾਂ ਦੀ ਗੁਰੂ ਘਰਾਂ ਦੇ ਅੰਦਰ ਮਨਾਹੀ, ਖਾਲਿਸਤਾਨ ਦੇ ਨਾਂ 'ਤੇ ਕਾਨਫਰੰਸਾਂ, ਸੈਮੀਨਾਰ ਕਰਾਉਣ, ਯੂ ਐਨ ਓ ਤੱਕ ਪਹੁੰਚ ਕਰ ਕੇ ਮੈਮੋਰੰਡਮ ਦੇਣ, ਖਾਲਿਸਤਾਨ ਦਾ ਝੰਡਾ ਲਹਿਰਾਉਣ, ਖਾਲਿਸਤਾਨ ਦੀ ਕਰੰਸੀ ਤੇ ਨਕਸ਼ਾ ਜਾਰੀ ਕਰਨ ਜਿਹੇ ਉਪਰਾਲੇ ਕੀਤੇ ਗਏ ਹਨ। ਹੋਰ ਜਾਣਕਾਰੀ ਲਈ ਫੋਨ 510-774-5909 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਸਰਪੰਚ ਮਨਿੰਦਰ ਸਿੰਘ ਦੀ ਪਹਿਲੀ ਬਰਸੀ ਮੌਕੇ ਆਗੂਆਂ ਵਲੋਂ ਸ਼ਰਧਾਂਜਲੀਆਂ

**ਗੁਰਦਾਸਪੁਰ:** ਉਘੇ ਅਕਾਲੀ ਆਗੂ ਅਤੇ ਪੰਜਾਬ ਦੇ ਇਤਿਹਾਸ ਵਿਚ ਸਭ ਤੋਂ ਛੋਟੀ ਉਮਰੇ ਸਰਪੰਚ ਬਣਨ ਵਾਲੇ ਇਸ ਜ਼ਿਲੇ ਦੇ ਪਿੰਡ ਨਬੀਪੁਰ ਦੇ ਸਰਪੰਚ ਸ. ਮਨਿੰਦਰ ਸਿੰਘ ਦੀ ਪਹਿਲੀ ਬਰਸੀ ਪਿੰਡ ਨਬੀਪੁਰ ਵਿਚ ਮਨਾਈ ਗਈ। ਵੱਖ ਵੱਖ ਆਗੂਆਂ ਨੇ ਮਨਿੰਦਰ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਉਸ ਨੂੰ ਇਲਾਕੇ ਦਾ ਇਕ ਹੋਣਹਾਰ ਆਗੂ ਅਤੇ ਵਧੀਆ ਸਰਪੰਚ ਦੱਸਿਆ।



ਮਰਹੂਮ ਮਨਿੰਦਰ ਸਿੰਘ

ਇਸ ਮੌਕੇ ਬੋਲਦਿਆਂ ਪੰਜਾਬ ਦੇ ਸਿਖਿਆ ਅਤੇ ਐਨ ਆਰ ਆਈ ਮਾਮਲਿਆਂ ਬਾਰੇ ਮੰਤਰੀ ਜਥੇਦਾਰ ਸੇਵਾ ਸਿੰਘ ਸੇਖਵਾਂ ਨੇ ਕਿਹਾ ਕਿ ਮਨਿੰਦਰ ਦੀ ਅਚਨਚੇਤੀ ਮੌਤ ਨਾਲ ਜਿਥੇ ਪਰਿਵਾਰ ਨੂੰ ਬਹੁਤ ਵੱਡਾ ਘਾਟਾ ਪਿਆ ਹੈ ਉਥੇ ਅਕਾਲੀ ਦਲ ਨੇ ਵੀ ਇਕ ਜਰਨੈਲ ਸਦਾ ਸਦਾ ਲਈ ਗਵਾ ਲਿਆ ਹੈ ਜਿਸ ਦੀ ਘਾਟ ਪਾਰਟੀ ਨੂੰ ਆਉਣ ਵਾਲੇ ਸਮੇਂ ਵਿਚ ਸਦਾ ਰੜਕਦੀ ਰਹੇਗੀ।

ਜ਼ਿਕਰਯੋਗ ਹੈ ਕਿ ਸ. ਮਨਿੰਦਰ ਸਿੰਘ ਸਰਪੰਚ ਐਨ ਆਰ ਆਈ ਸਭਾ, ਅਮਰੀਕਾ ਦੇ ਚੇਅਰਮੈਨ ਸ. ਜੋਬਨਜੀਤ ਸਿੰਘ ਬੌਬੀ ਦੇ ਵੱਡੇ ਭਰਾ ਸਨ ਜਿਨ੍ਹਾਂ ਦਾ ਪਿਛਲੇ ਸਾਲ ਇਕ ਸੰਖੇਪ ਜਿਹੀ ਬਿਮਾਰੀ ਪਿਛੋਂ ਦਿਹਾਂਤ ਹੋ ਗਿਆ ਸੀ। ਭੋਗ ਮੌਕੇ ਇਕੱਤਰ ਰਿਸ਼ਤੇਦਾਰਾਂ, ਦੋਸਤਾਂ-ਮਿੱਤਰਾਂ ਤੋਂ ਇਲਾਵਾ ਪਿੰਡ ਵਾਸੀ ਅਤੇ ਵੱਡੀ ਗਿਣਤੀ ਵਿਚ ਅਕਾਲੀ ਵਰਕਰ ਮੌਜੂਦ ਸਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਐਨ ਆਰ ਆਈ ਸਭਾ ਦੇ ਪ੍ਰਧਾਨ ਸ੍ਰੀ ਕੰਵਲਜੀਤ ਸਿੰਘ ਹੇਅਰ, ਚੇਅਰਮੈਨ ਜਗਰੂਪ ਸਿੰਘ ਸੇਖਵਾਂ, ਅਮਰਦੀਪ ਬੋਨੀ (ਐਮ ਐਲ ਏ, ਅਜਨਾਲਾ), ਪ੍ਰਿਥੀ ਚੰਦ (ਡੀ ਸੀ, ਗੁਰਦਾਸਪੁਰ), ਵਰਿੰਦਰਪਾਲ (ਐਸ ਐਸ ਪੀ, ਗੁਰਦਾਸਪੁਰ), ਹਰਜੀਤ ਸਿੰਘ ਟਿੱਕਾ (ਸਕੱਤਰ, ਯੂਥ ਅਕਾਲੀ ਦਲ, ਪੰਜਾਬ), ਗੁਰਬਚਨ ਸਿੰਘ (ਜਰਨਲ ਸਕੱਤਰ, ਭਾਰਤੀ ਕਿਸਾਨ ਯੂਨੀਅਨ), ਚਰਨਜੀਤ ਸਿੰਘ ਬਾਠ (ਅਮਰੀਕਾ), ਪ੍ਰੀਤਮ ਸਿੰਘ ਗਰੇਵਾਲ (ਅਮਰੀਕਾ), ਕਮਲਜੀਤ ਸਿੰਘ ਕਾਕੀ (ਚੇਅਰਮੈਨ, ਬਲਾਕ ਸੰਮਤੀ), ਮਨਮੋਹਨ ਸਿੰਘ (ਚੇਅਰਮੈਨ, ਲੈਂਡਮਾਰਗੇਜ ਬੈਂਕ), ਪਾਲ ਸਿੰਘ, ਗੁਰਪ੍ਰੀਤ ਸਿੰਘ ਚੌਹਾਨ, ਅਮਰੀਕ ਸਿੰਘ ਪੁਆਰ ਅਤੇ ਪਾਇਲਟ ਮਹਿਰਾਜ ਸਿੰਘ ਸੇਖਵਾਂ ਮੌਜੂਦ ਸਨ।

## ਬੰਡਾਲਾ ਟਰਸਟ ਵਲੋਂ ਬੰਡਾਲ ਮੰਝਕੀ 'ਚ ਕਬੱਡੀ ਮੇਲਾ 5 ਨੂੰ



ਬੰਡਾਲਾ ਐਨ ਆਰ ਆਈ ਚੈਰੀਟੇਬਲ ਟਰਸਟ ਦੀ ਹੋਈ ਮੀਟਿੰਗ ਸਮੇਂ ਅਹੁਦੇਦਾਰ ਤੇ ਮੈਂਬਰ

**ਮਾਡੈਸਟੋ (ਮਹਿੰਦਰ ਕੰਡਾ):** ਕੈਨੇਡਾ, ਅਮਰੀਕਾ ਅਤੇ ਇੰਗਲੈਂਡ ਵਿਚ ਰਹਿ ਰਹੇ ਜਲੰਧਰ ਜ਼ਿਲੇ ਦੇ ਪਿੰਡ ਬੰਡਾਲ ਮੰਝਕੀ ਦੇ ਵਾਸੀਆਂ ਵਲੋਂ ਬਣਾਏ ਗਏ ਬੰਡਾਲਾ ਐਨ ਆਰ ਆਈ ਚੈਰੀਟੇਬਲ ਟਰਸਟ ਦੀ ਇਕ ਵਿਸ਼ੇਸ਼ ਮੀਟਿੰਗ ਪਿਛਲੇ ਦਿਨੀਂ ਇਥੇ ਪ੍ਰੇਮ ਇੰਡੀਅਨ ਸਵੀਟਸ ਵਿਚ ਹੋਈ ਜਿਸ ਵਿਚ ਬਾਸੀ ਪਰਿਵਾਰਾਂ ਨੇ ਪਿਛਲੇ ਚਾਰ ਸਾਲ ਦੌਰਾਨ ਬੰਡਾਲਾ ਟਰਸਟ ਵਲੋਂ ਕੀਤੇ ਕੰਮਾਂ ਬਾਰੇ ਵਿਚਾਰ ਕੀਤੀ ਅਤੇ ਆਉਣ ਵਾਲੇ ਸਮੇਂ ਵਿਚ ਇਸ ਟਰਸਟ ਨੂੰ ਹੋਰ ਸਰਗਰਮ ਕਰਨ ਲਈ ਫੈਸਲਾ ਲਿਆ ਗਿਆ।

ਪਿੰਡ ਬੰਡਾਲ ਮੰਝਕੀ ਵਿਚ ਆਉਂਦੀ 5 ਫਰਵਰੀ ਨੂੰ ਤੀਜਾ ਕੌਮਾਂਤਰੀ ਕਬੱਡੀ ਕੱਪ ਕਰਵਾਉਣ ਲਈ ਤਿਆਰੀਆਂ ਉਪਰ ਵੀ ਮੀਟਿੰਗ ਵਿਚ ਵਿਚਾਰ ਕੀਤਾ ਗਿਆ। ਇਸ ਕਬੱਡੀ ਟੂਰਨਾਮੈਂਟ ਵਿਚ ਪਹਿਲਾ ਇਨਾਮ ਕੰਡੋਲਾ ਭਰਾਵਾਂ (ਬਖਸ਼ੀਸ਼ ਸਿੰਘ) ਅਤੇ ਦੂਸਰਾ ਕਰਤਾਰ ਸਿੰਘ ਬਾਸੀ (ਕੈਲੇ ਅਤੇ ਬਾਸੀ ਪਰਿਵਾਰ) ਵਲੋਂ ਦਿੱਤਾ ਜਾਏਗਾ। ਟੂਰਨਾਮੈਂਟ ਦੇ ਬੈਸਟ ਖਿਡਾਰੀ ਲਈ ਸਪੈਸ਼ਲ ਇਨਾਮ ਮੋਟਰ ਸਾਈਕਲ ਰਿਚਮੰਡ ਕਬੱਡੀ ਕਲੱਬ ਵੈਨਕੂਵਰ, ਕੈਨੇਡਾ ਵਲੋਂ ਦਿੱਤਾ ਜਾਏਗਾ। ਕਲੱਬ ਦੇ ਅਹੁਦੇਦਾਰਾਂ ਗੁਰਪਾਲ ਸਿੰਘ ਕੈਲੇ, ਬਲਰਾਜ ਬਾਸੀ ਅਤੇ ਜਸਵੰਤ ਸਿੰਘ ਬਾਸੀ ਨੇ ਦੱਸਿਆ ਕਿ ਬੰਡਾਲਾ ਐਨ ਆਰ ਆਈ ਟਰਸਟ ਗਰੀਬਾਂ ਦੇ ਬੱਚਿਆਂ ਲਈ ਮੁਫਤ ਵਿਦਿਆ, ਡਾਕਟਰੀ ਮਦਦ, ਲੜਕੀਆਂ ਦੇ ਵਿਆਹ ਅਤੇ ਪਿੰਡਾਂ ਦੇ ਵਿਕਾਸ ਲਈ ਕਾਇਮ ਕੀਤਾ ਗਿਆ ਹੈ। ਟਰਸਟ ਨਾਲ ਫੋਨ 604-644-0322 ਤੇ 209-394-3229 ਜਾਂ ਵੈਬ ਸਾਈਟ www.bnrict.com ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

ਜਸਪ੍ਰੀਤ ਸਿੰਘ
ਅਟਾਰਨੀ ਐਟ ਲਾਅ

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



Attorny At Law

Law Offices Of Jaspreet Singh


4491 W. Shaw Ave., Suite 300 B (Near Costco) Fresno, CA 93722 Ph: 559-271-5511

44790 S. Grimmer Blvd. #204 Fremont CA-94538 Ph:510-657-6444 Fax: 510-657-6443

2945 W. Capitol Ave, Sacramento CA-95691 Ph: 916-372-4448 Fax: 916-372-4440

TAJ
INSURANCE SERVICES

*Local or Long Haul Trucking (48 States)
*Personal or Commercial Lines
*Standard or Non Satandard Market
*Auto and Home package Available



Gurdawar S. Mann

To beat your rates, Visit or Call
Gurdawar S. Mann Or Pal Rai
4 Union Square, Union city, CA 94587
Ph:(510) 487-1000, Fax (510)740-3451
Note:Also Income Tax filing Available

Lic#0F34231

# ਪਰਵਾਸੀਆਂ ਨੂੰ ਵੋਟ ਦੇ ਹੱਕ ਬਾਰੇ ਨੋਟੀਫਿਕੇਸ਼ਨ ਦਾ ਜਥੇਦਾਰ ਸੇਖਵਾਂ ਵਲੋਂ ਸਵਾਗਤ

**ਗੁਰਦਾਸਪੁਰ:** ਪੰਜਾਬ ਦੇ ਐਨ ਆਰ ਆਈ ਮਾਮਲਿਆਂ ਬਾਰੇ ਮੰਤਰੀ ਜਥੇਦਾਰ ਸੇਵਾ ਸਿੰਘ ਸੇਖਵਾਂ ਨੇ ਭਾਰਤ ਸਰਕਾਰ ਦਾ ਇਸ ਗੱਲੋਂ ਧੰਨਵਾਦ ਕੀਤਾ ਹੈ ਕਿ ਉਸ ਨੇ ਪਰਵਾਸੀ ਭਾਰਤੀਆਂ ਨੂੰ ਵੋਟ ਦਾ ਹੱਕ ਦੇਣ ਲਈ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ। ਇਸ ਪਿਛੋਂ ਪਰਵਾਸੀ ਭਾਰਤੀ ਵੀ ਆਪਣੇ ਵੋਟ ਦੇ ਹੱਕ ਦਾ ਭਾਰਤ ਵਿਚ ਇਸਤੇਮਾਲ ਕਰ ਸਕਣਗੇ।

ਇਥੇ ਐਨ ਆਰ ਆਈ ਸਭਾ ਦੀ ਇਕ ਅਹਿਮ ਮੀਟਿੰਗ ਨੂੰ ਸੰਬੋਧਨ ਕਰਦਿਆਂ ਜਥੇਦਾਰ ਸੇਖਵਾਂ ਨੇ ਉਠਾਏ ਗਏ ਮਾਮਲੇ ਦਾ ਜ਼ਿਕਰ ਕਰਦਿਆਂ ਜਥੇਦਾਰ ਸੇਖਵਾਂ ਨੇ ਆਖਿਆ ਕਿ ਉਹ ਇਸ ਬਾਰੇ ਪਹਿਲਾਂ ਹੀ ਵਿਦੇਸ਼ ਮੰਤਰਾਲੇ ਨੂੰ ਕੋਈ ਠੋਸ ਕਦਮ ਚੁੱਕਣ ਲਈ ਅਪੀਲ ਕਰ ਚੁਕੇ ਹਨ ਅਤੇ ਜਲਦ ਹੀ ਉਹ ਐਨ ਆਰ ਆਈ ਸਭਾ, ਅਮਰੀਕਾ ਦੇ ਚੇਅਰਮੈਨ ਜੋਬਨਜੀਤ ਸਿੰਘ ਬੌਬੀ ਨੂੰ ਨਾਲ ਲੈ ਕੇ ਵਿਦੇਸ਼ ਮੰਤਰੀ ਨਾਲ ਮੁਲਾਕਾਤ ਕਰਨਗੇ।

ਐਨ ਆਰ ਆਈ ਸਭਾ ਦੀ ਇਸ ਮੀਟਿੰਗ ਵਿਚ ਜਿਹੜੇ ਹੋਰ ਬੁਲਾਰਿਆਂ ਨੇ ਆਪਣੇ ਵਿਚਾਰ ਰੱਖੇ ਉਨ੍ਹਾਂ ਵਿਚ ਐਨ ਆਰ ਆਈ ਸਭਾ ਦੇ ਪ੍ਰਧਾਨ



ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਪਰਵਾਸੀ ਭਾਰਤੀਆਂ ਨੂੰ ਡਾਕ ਰਾਹੀਂ ਵੋਟ ਭੇਜਣ ਦਾ ਅਧਿਕਾਰ ਦਿੱਤਾ ਜਾਵੇ ਤਾਂ ਜੋ ਇਸ ਪ੍ਰਣਾਲੀ ਨੂੰ ਸੌਖਿਆਂ ਅਤੇ ਕਾਰਗਰ ਬਣਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਇਸ ਸਮੇਂ ਜੇ ਕੋਈ ਪਰਵਾਸੀ ਭਾਰਤੀ ਆਪਣੇ ਵੋਟ ਦਾ ਇਸਤੇਮਾਲ ਕਰਨਾ ਚਾਹੇ ਤਾਂ ਉਸ ਨੂੰ ਹਜ਼ਾਰਾਂ ਡਾਲਰ ਖਰਚ ਕੇ ਭਾਰਤ ਆਉਣਾ ਪਵੇਗਾ ਜੋ ਕਿ ਬਹੁਤੇ ਪਰਵਾਸੀਆਂ ਲਈ ਮੁਸ਼ਕਿਲ ਹੋਵੇਗਾ। ਇੰਜ ਉਹ ਆਪਣੇ ਵੋਟ ਦਾ ਹੱਕ ਹੋਣ ਦੇ ਬਾਵਜੂਦ ਇਸ ਦਾ ਇਸਤੇਮਾਲ ਕਰ ਨਹੀਂ ਸਕਣਗੇ।

ਅਮਰੀਕੀ ਹਵਾਈ ਅੱਡਿਆਂ ਉਤੇ ਤਲਾਸ਼ੀਆਂ ਦੌਰਾਨ ਦਸਤਾਰ ਦੀ ਬੇਅਦਬੀ ਬਾਰੇ ਕਮਲਜੀਤ ਸਿੰਘ ਹੇਅਰ, ਚਰਨਜੀਤ ਸਿੰਘ ਬਾਠ (ਅਮਰੀਕਾ) ਤੇ ਪ੍ਰੀਤਮ ਸਿੰਘ ਗਰੇਵਾਲ (ਵਾਈਸ ਚੇਅਰਮੈਨ, ਐਨ ਆਰ ਆਈ ਸਭਾ, ਅਮਰੀਕਾ), ਜਗਰੂਪ ਸਿੰਘ ਸੇਖਵਾਂ (ਚੇਅਰਮੈਨ), ਕਮਲਜੀਤ ਕਾਕੀ (ਚੇਅਰਮੈਨ, ਬਲਾਕ ਸੰਮਤੀ) ਸ਼ਾਮਲ ਸਨ। ਇਸ ਮੌਕੇ ਐਨ ਆਰ ਆਈ ਸਭਾ ਅਮਰੀਕਾ ਦੇ ਚੇਅਰਮੈਨ ਸ. ਜੋਬਨਜੀਤ ਸਿੰਘ ਬੌਬੀ ਦਾ ਇਕੱਤਰ ਹੋਈਆਂ ਸ਼ਖਸੀਅਤਾਂ ਨੇ ਵਿਸ਼ੇਸ਼ ਸਨਮਾਨ ਕੀਤਾ। ਸ. ਬੌਬੀ ਨੇ ਸਨਮਾਨ ਲਈ ਧੰਨਵਾਦ ਕਰਦਿਆਂ ਕਿਹਾ ਕਿ ਉਹ ਪਰਵਾਸੀਆਂ ਦੀਆਂ ਮੁਸ਼ਕਲਾਂ ਦੂਰ ਕਰਵਾਉਣ ਲਈ ਸਿਰਤੋੜ ਯਤਨ ਜਾਰੀ ਰੱਖਣਗੇ।

# ਰਾਗੀ ਭਾਈ ਸੁਰਿੰਦਰ ਸਿੰਘ ਪਟਨਾ ਸਾਹਿਬ ਸੁਰਗਵਾਸ

**ਬੈਟਲਕਰੀਕ, ਮਿਸ਼ੀਗਨ (ਡੀ. ਐਸ. ਮਾਂਗਟ):** ਅਪਰੇਸ਼ਨ ਬਲੂ ਸਟਾਰ ਤੋਂ ਬਾਅਦ ਰੇਡੀਓ ਉਤੇ ਹਰਿਮੰਦਰ ਸਾਹਿਬ ਤੋਂ ਕੀਰਤਨ ਕਰਦਿਆਂ "ਕੂਤਾ ਰਾਜ ਬਹਾਲੀਐ ਫਿਰ ਚੱਕੀ ਚੱਟੈ॥" ਸ਼ਬਦ ਦੇ ਗਾਇਨ ਰਾਹੀਂ ਹਿਰਦਿਆਂ ਨੂੰ ਧੂਹ ਪਾਉਣ ਵਾਲੇ ਰਾਗੀ ਭਾਈ ਸੁਰਿੰਦਰ ਸਿੰਘ ਪਟਨਾ ਸਾਹਿਬ ਵਾਲੇ ਪਿਛਲੇ ਦਿਨੀਂ ਅੰਮ੍ਰਿਤਸਰ ਆਪਣੇ ਨਿਵਾਸ 'ਤੇ ਗੁਰੂ ਚਰਨਾਂ ਵਿਚ ਜਾ ਬਿਰਾਜੇ। ਉਹ 60 ਵਰ੍ਹਿਆਂ ਦੇ ਸਨ ਅਤੇ ਪਿਛਲੇ ਕੁਝ ਸਮੇਂ ਤੋਂ ਦਿਲ ਦੇ ਮਰੀਜ ਸਨ।



*ਭਾਈ ਸੁਰਿੰਦਰ ਸਿੰਘ*

ਇਹ ਜਾਣਕਾਰੀ ਦਿੰਦਿਆਂ ਉਨ੍ਹਾਂ ਦੇ ਛੋਟੇ ਭਰਾ ਬੈਟਲਕਰੀਕ, ਮਿਸ਼ੀਗਨ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਰਵਿੰਦਰ ਸਿੰਘ ਨੇ ਦੱਸਿਆ ਕਿ ਭਾਈ ਸੁਰਿੰਦਰ ਸਿੰਘ ਆਪਣੇ ਪਿਛੇ ਆਪਣੀ ਧਰਮਪਤਨੀ ਬੀਬੀ ਸੋਨੀਆ ਕੌਰ, ਤਿੰਨ ਲੜਕੇ-ਗੁਰਜੋਧ ਸਿੰਘ, ਪ੍ਰਕਾਸ਼ ਸਿੰਘ ਤੇ ਗਗਨਜੋਤ ਸਿੰਘ ਅਤੇ ਇਕ ਲੜਕੀ ਕੰਵਲਦੀਨ ਕੌਰ ਛੱਡ ਗਏ ਹਨ। ਉਨ੍ਹਾਂ ਦਾ ਅੰਤਿਮ ਸਸਕਾਰ 24 ਨਵੰਬਰ ਨੂੰ ਕਰ ਦਿੱਤਾ ਗਿਆ। ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਸਾਬਕਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਅਤੇ ਵੱਡੀ ਗਿਣਤੀ ਵਿਚ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਅਤੇ ਹੋਰ ਲੋਕ ਹਾਜ਼ਰ ਸਨ।

ਭਾਈ ਸੁਰਿੰਦਰ ਸਿੰਘ ਬਹੁਤ ਹੀ ਨੇਕ ਇਨਸਾਨ ਸਨ ਅਤੇ ਸਿੱਖ ਭਾਈਚਾਰੇ ਵਿਚ ਉਨ੍ਹਾਂ ਦਾ ਬੇਹੱਦ ਸਤਿਕਾਰ ਹੈ। ਉਨ੍ਹਾਂ ਦੇ ਵਿਛੋੜੇ ਨਾਲ ਸਿੱਖ ਭਾਈਚਾਰੇ ਨੂੰ ਗਹਿਰਾ ਸਦਮਾ ਲੱਗਾ ਹੈ। ਉਨ੍ਹਾਂ ਨੇ 1972 ਤੋਂ 1975 ਤੱਕ ਪਟਨਾ ਸਾਹਿਬ ਵਿਖੇ ਸੇਵਾ ਕੀਤੀ ਜਿਸ ਕਰਕੇ ਉਨ੍ਹਾਂ ਦੇ ਨਾਂ ਨਾਲ ਪਟਨਾ ਸਾਹਿਬ ਵਾਲੇ ਜੁੜ ਗਿਆ। 1975 ਤੋਂ 1987 ਤੱਕ ਉਹ ਦਰਬਾਰ ਸਾਹਿਬ ਅੰਮ੍ਰਿਤਸਰ ਹਜ਼ੂਰੀ ਕੀਰਤਨੀਏ ਰਹੇ ਅਤੇ ਉਸ ਉਪਰੰਤ ਉਨ੍ਹਾਂ 1987 ਤੋਂ 1998 ਤੱਕ ਹਜ਼ੂਰ ਸਾਹਿਬ ਵਿਖੇ ਸੇਵਾ ਕੀਤੀ। ਜੂਨ 1984 ਦੇ ਆਪਰੇਸ਼ਨ ਬਲੂ ਸਟਾਰ ਤੋਂ ਬਾਅਦ ਲਗਾਤਾਰ ਤਿੰਨ ਮਹੀਨੇ ਉਨ੍ਹਾਂ ਹਰਿਮੰਦਰ ਸਾਹਿਬ ਤੋਂ ਕੀਰਤਨ ਰਿਲੇਅ ਸਮੇਂ ਬੜੀ ਦ੍ਰਿੜਤਾ ਨਾਲ ਸੇਵਾ ਨਿਭਾਈ। ਉਸ ਸਮੇਂ ਉਨ੍ਹਾਂ ਵਲੋਂ ਉਚਾਰੇ ਜਾਂਦੇ ਰਹੇ ਸ਼ਬਦ 'ਕੂਤਾ ਰਾਜ ਬਹਾਲੀਐ ਫਿਰ ਚੱਕੀ ਚੱਟੈ' ਅਤੇ 'ਜੈਕਾਰ ਕੀਉ ਧਰਮੀਆ ਕਾ ਪਾਪੀ ਕੋ ਦੰਡ ਦੀਉ' ਹਮੇਸ਼ਾ ਸਿੱਖ ਹਿਰਦਿਆਂ ਉਤੇ ਉਕਰੇ ਰਹਿਣਗੇ।

ਭਾਈ ਸੁਰਿੰਦਰ ਸਿੰਘ ਦੀਆਂ ਗੁਰਬਾਣੀ ਕੀਰਤਨ ਦੀਆਂ ਕਰੀਬ 35 ਕੈਸਿਟਾਂ ਅਤੇ ਸੀਡੀਆਂ ਰਿਲੀਜ਼ ਹੋ ਚੁਕੀਆਂ ਹਨ ਜਿਨ੍ਹਾਂ ਵਿਚੋਂ 1979 ਵਿਚ ਰਿਲੀਜ਼ ਹੋਈ 'ਤੇਰਾ ਥਾਨ ਸੁਹਾਵਾ ਰੂਪ ਸੁਹਾਵਾ' ਸਿੱਖ ਭਾਈਚਾਰੇ ਵਿਚ ਬੇਹੱਦ ਮਕਬੂਲ ਹੋਈ। ਭਾਈ ਸੁਰਿੰਦਰ ਸਿੰਘ ਦੁਨੀਆਂ ਦੇ ਵੱਖ ਵੱਖ ਮੁਲਕਾਂ-ਸਿੰਗਾਪੁਰ, ਥਾਈਲੈਂਡ, ਮਲੇਸ਼ੀਆ ਅਤੇ ਦੁਬਈ ਵਿਚ ਵੀ ਕੀਰਤਨ ਸੇਵਾ ਕਰਦੇ ਰਹੇ। ਉਨ੍ਹਾਂ ਨੂੰ 1985 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਗੋਲਡ ਮੈਡਲ ਨਾਲ ਸਨਮਾਨਿਆ ਗਿਆ। ਉਨ੍ਹਾਂ ਦੇ ਛੋਟੇ ਭਰਾ ਭਾਈ ਰਵਿੰਦਰ ਸਿੰਘ ਅਤੇ ਭਾਈ ਮਹਿੰਦਰ ਸਿੰਘ ਨੂੰ ਵੀ ਪੰਜਾਬੀ ਯੂਨੀਵਰਸਿਟੀ ਵਲੋਂ ਸਨਮਾਨਿਤ ਕੀਤਾ ਗਿਆ। ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ ਵਿਚ 1978 ਤੋਂ 1980 ਦੇ ਸੈਸ਼ਨ ਦਰਮਿਆਨ ਸਾਰੇ ਪੇਪਰ ਭਾਈ ਸੁਰਿੰਦਰ ਸਿੰਘ ਵਲੋਂ ਤਿਆਰ ਕੀਤੇ ਗਏ ਅਤੇ ਉਸ ਸਮੇਂ ਜਿਸ ਬੱਚੇ ਨੇ ਪਹਿਲਾ ਸਥਾਨ ਹਾਸਲ ਕੀਤਾ ਉਹ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲਿਆਂ ਦੇ ਨਾਂ ਨਾਲ ਜਾਣਿਆ ਜਾਣ ਲੱਗਾ। ਗੁਰਦੁਆਰਾ ਬੈਟਲਕਰੀਕ ਦੀਆਂ ਸੰਗਤਾਂ ਨੇ ਉਨ੍ਹਾਂ ਦੇ ਅਕਾਲ ਚਲਾਣੇ ਉਤੇ ਡੂੰਘਾ ਦੁੱਖ ਅਨੁਭਵ ਕੀਤਾ ਹੈ ਅਤੇ ਪ੍ਰਭੂ ਚਰਨਾਂ ਵਿਚ ਅਰਦਾਸ ਕੀਤੀ ਹੈ ਕਿ ਉਨ੍ਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ। ਭਾਈ ਰਵਿੰਦਰ ਸਿੰਘ ਨਾਲ ਸੰਪਰਕ 571-209-0700 ਅਤੇ ਭਾਈ ਮਹਿੰਦਰ ਸਿੰਘ ਨਾਲ ਫੋਨ 860-518-9898 ਅਤੇ ਇੰਡੀਆ ਵਿਚ ਉਨ੍ਹਾਂ ਦੇ ਪਰਿਵਾਰ ਨਾਲ ਫੋਨ 91-98152-04405 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

ATM's & Credit Card Terminals at Lowest Prices! No Hidden Fees.

Merchant Accounts-Grocery, Motels, Limos/Taxis, Gas stations.

**Credit card** terminals -Verifone, Hypercom...

Transfer existing CC processing to us for **lower rates.**

***99% approved same day.*** We specialize in high risk businesses.

**ATMs – TRANAX/TRITON/WRG,** starting at $69/mo.*
*(Perfect for retail stores, hotels, gas stations, etc.)*

***Need Money?*** We provide cash advance against credit card processing with **NO collateral** or personal guarantee.

Online Data Corp. is a registered ISO/MSP of Wells Fargo Bank N.A.
*Credit restrictions apply

Call SAGAR HANDA at: 773-416-8526
or 773-935-VISA, SagarATM@yahoo.com




www.GoldCoastATM.com

# ਬੇ-ਏਰੀਆ ਕਾਲਜ ਆਫ ਨਰਸਿੰਗ

...ਜਿਥੇ ਕੋਈ ਵੇਟਿੰਗ ਲਿਸਟ ਨਹੀਂ! ਰਜਿਸਟਰ ਹੋਵੋ ਤੇ ਨਰਸ ਬਣੋ!

* ਇੰਡੀਆ ਤੋਂ ਵੀ ਵਿਦਿਆਰਥੀ M-1 ਵੀਜ਼ੇ ਰਾਹੀਂ ਦਾਖਲ ਹੋ ਸਕਦੇ ਹਨ।
* ਨਰਸਿੰਗ ਅਸਿਸਟੈਂਟ ਦੀਆਂ ਕਲਾਸਾਂ ਇਕ ਮਹੀਨੇ ਵਿਚ ਪੂਰੀਆਂ ਕਰੋ।
* ਵੋਕੇਸ਼ਨਲ ਨਰਸ ਦੀਆਂ ਕਲਾਸਾਂ 13 ਮਹੀਨਿਆਂ ਵਿਚ ਪੂਰੀਆਂ ਕਰੋ, ਫਿਰ ਬੋਰਡ ਦੀ ਪਰੀਖਿਆ ਪਾਸ ਕਰ ਕੇ LVN ਬਣੋ।
* 8 ਮਹੀਨੇ 'ਚ RN ਦਾ ਕੋਰਸ ਕਰੋ-ਦਾਖਲੇ ਅਗਲੇ ਸਾਲ ਦੇ ਸ਼ੁਰੂ ਵਿਚ

BAY AREA COLLEGE OF NURSING 2004



ਬੇ-ਏਰੀਆ ਵਿਚ ਤਿੰਨ ਲੋਕੇਸ਼ਨਾਂ
-ਪਾਲੋ ਆਲਟੋ ਫੋਨ: 650-858-6810
-ਸੈਨ ਹੋਜੇ ਫੋਨ: 408-280-6888
-ਡੇਲੀ ਸਿਟੀ ਫੋਨ: 650-755-6888


**3 Locations in Bay Area:**
- Palo Alto (650) 858-6810
- San Jose (408) 280-6888
- Daly City (650) 755-6888

ਪੰਜਾਬੀ ਵਿਚ ਜਾਣਕਾਰੀ ਲੈਣ ਲਈ
ਸੈਨ ਹੋਜ਼ੇ ਲੋਕੇਸ਼ਨ ਤੇ ਕਮਲਪ੍ਰੀਤ ਟੂਟ ਨੂੰ ਫੋਨ ਕਰੋ ਜੀ।

www.bayareacollege.net

# Realtor & Mortgage Specialist Bay Area & Central Valley

ਘਰ, ਹੋਟਲ, ਮੋਟਲ, ਗੈਸ ਸਟੇਸ਼ਨ, ਲਿੱਕਰ ਸਟੋਰ, ਗਰੋਸਰੀ ਸਟੋਰ ਤੇ ਹਰ ਪ੍ਰਕਾਰ ਦੀ ਬਿਜਨਸ ਪ੍ਰਾਪਰਟੀ ਖਰੀਦਣ-ਵੇਚਣ ਵਿਚ ਚੰਗੀ ਜੁਗਤ ਨਾਲ ਚਿੰਤਾ ਮੁਕਤ ਕਰ ਸਕਦੇ ਹਾਂ



RAJ SINGH
M.A., M.Ed Retd. Principal
Realtor & Financial Adviser
Lic#01776459 & OG22467

ਬੈਂਕਾਂ ਨੂੰ ਮੁੜੇ ਜ਼ਬਤ ਘਰ ਤੇ ਸ਼ਾਰਟ ਸੇਲ ਵਾਲੇ ਘਰ ਖਰੀਦਣ ਸਮੇਂ ਅੱਵਲ ਦਰਜੇ ਦੀ ਸੇਵਾ ਦੇ ਸਕਦੇ ਹਾਂ।

Doing Short Sale is much better than Forclosure home.

RAJ SINGH
Cell:510-452-7370

MISSIONPEAK
46560 Fremont Blvd., Suite #111 Fremont, CA 94538
singhrajpaul@yahoo.com

3.5% ਡਾਊਨ ਨਾਲ ਘਰ ਦੁਆ ਕੇ ਕਿਰਾਏ ਦਾ ਝੰਜਟ ਮੁਕਾ ਸਕਦੇ ਹਾਂ

**Punjab Times**

**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mandeep Mann
661-889-1927
Shiara Dhindsa
Photographer
661-703-6664
Charanjit Singh Pannu
408-608-4961

**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Photographer**
Kamaljit Singh Virdi
Ph. 847-502-2703

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 80 ਡਾਲਰ,**
**ਪੰਜ ਸਾਲ ਲਈ: 375 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਰਾਡੀਆ ਟੇਪਾਂ ਨੇ ਸਰਕਾਰ ਦਾ ਸੰਕਟ ਹੋਰ ਵਧਾਇਆ

ਕੱਢੇ ਹਨ। ਕੈਗ ਵੱਲੋਂ ਪੇਸ਼ ਰਿਪੋਰਟ ਦੇ ਆਧਾਰ 'ਤੇ 85 ਲਾਇਸੈਂਸਧਾਰਕਾਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤੇ ਗਏ ਹਨ।

ਇਸ ਪੂਰੇ ਮਸਲੇ 'ਚ ਏ ਰਾਜਾ ਨੂੰ ਦੂਰ ਸੰਚਾਰ ਮੰਤਰੀ ਬਣਵਾਉਣ ਤੋਂ ਲੈ ਕੇ ਘੁਟਾਲਿਆਂ 'ਤੇ ਪਰਦਾ ਪਵਾਉਣ ਪਿੱਛੇ ਸਭ ਤੋਂ ਅਹਿਮ ਕਾਰਜ ਨੀਰਾ ਰਾਡੀਆ ਨਾਂ ਦੀ ਔਰਤ ਕਰ ਰਹੀ ਸੀ ਜਿਸ ਦੀਆਂ ਕਈ ਵੱਡੀਆਂ ਪੀ ਆਰ (ਲੋਕ ਸੰਪਰਕ) ਫਰਮਾਂ ਤੋਂ ਇਲਾਵਾ ਦੂਰ ਸੰਚਾਰ ਨਾਲ ਜੁੜੇ ਕਾਰੋਬਾਰ ਸਨ। ਰਿਲਾਇੰਸ ਦੇ ਮੁਕੇਸ਼ ਅੰਬਾਨੀ, ਐਨ.ਡੀ.ਟੀ.ਵੀ. ਤੇ ਸਟਾਰ ਨਿਊਜ਼ ਸਣੇ ਉਸ ਨੇ ਕਈ ਮੀਡੀਆ ਤੇ ਉਦਯੋਗਪਤੀ ਘਰਾਣਿਆਂ ਦੇ ਪੀ.ਆਰ. ਦਾ ਕੰਮ ਸਾਂਭਿਆ ਹੋਇਆ ਹੈ। ਉਸ ਨੇ ਹੀ ਏ ਰਾਜਾ ਨੂੰ ਦੂਰ ਸੰਚਾਰ ਮੰਤਰੀ ਬਣਵਾਉਣ ਲਈ ਹਿੰਦੋਸਤਾਨ ਟਾਈਮਜ਼ ਦੇ ਸੀਨੀਅਰ ਪੱਤਰਕਾਰ ਵੀਰ ਸੰਘਵੀ ਤੇ ਐਨ.ਡੀ.ਟੀ.ਵੀ. ਦੀ ਗਰੁੱਪ ਐਡੀਟਰ ਤੇ ਪਦਮਸ਼੍ਰੀ ਨਾਲ ਸਨਮਾਨਿਤ ਬਰਖਾ ਦੱਤ ਨੂੰ ਸ਼ਾਮਲ ਕੀਤਾ ਸੀ। ਇਸ ਤਰ੍ਹਾਂ ਮੀਡੀਆ ਵੱਲੋਂ ਸੋਚ ਸਮਝ ਕੇ ਛੇੜੀ ਮੁਹਿੰਮ ਨਾਲ ਏ ਰਾਜਾ ਦੂਰ ਸੰਚਾਰ ਮੰਤਰੀ ਬਣੇ ਸਨ।

ਇਹ ਖੁਲਾਸਾ ਏ ਰਾਜਾ ਨੂੰ ਮੰਤਰੀ ਬਣਵਾਉਣ ਦੌਰਾਨ ਨੀਰਾ ਰਾਡੀਆ ਦੀ ਵੀਰ ਸੰਘਵੀ ਤੇ ਬਰਖਾ ਦੱਤ ਨਾਲ ਟੈਲੀਫੋਨ 'ਤੇ ਹੋਈ ਗੱਲਬਾਤ ਦੀ ਰਿਕਾਰਿੰਡ ਦੌਰਾਨ ਸਾਹਮਣੇ ਆਇਆ ਹੈ। ਇਸ ਮੁਹਿੰਮ ਦੌਰਾਨ ਬਰਖਾ ਦੱਤ ਨੇ ਪਹਿਲਾਂ ਇਹ ਪਤਾ ਕੀਤਾ ਕਿ ਪ੍ਰਧਾਨ ਮੰਤਰੀ ਮੰਤਰੀ ਮੰਡਲ 'ਚ ਕਿਸ ਕਿਸ ਨੂੰ ਸ਼ਾਮਲ ਕਰ ਰਹੇ ਹਨ ਤੇ ਕਿਹੜਾ ਕਿਹੜਾ ਮੰਤਰਾਲਾ ਕਿਸ ਨੂੰ ਦੇ ਰਹੇ ਹਨ ਤੇ ਫੇਰ ਸ਼ਤਰੰਜ ਦੀ ਚਾਲ ਚੱਲੀ। ਮੀਡੀਆ ਨੂੰ ਸ਼ਰਮਸਾਰ ਕਰਨ ਵਾਲੀ ਇਹ ਪੂਰੀ ਰਿਕਾਡਿੰਗ ਸਾਫ ਕਰਦੀ ਹੈ ਕਿ ਕਿਸ ਤਰ੍ਹਾਂ ਨੀਰਾ ਰਾਡੀਆ ਨੇ ਏ ਰਾਜਾ ਨੂੰ ਦੂਰ ਸੰਚਾਰ ਮੰਤਰੀ ਬਣਵਾਉਣ ਲਈ ਰਾਜਸੀ ਗਲਿਆਰਿਆਂ 'ਚ ਅਸਰ ਰਸੂਖ ਰੱਖਦੇ ਪੱਤਰਕਾਰਾਂ ਤੋਂ ਮੁਹਿੰਮ ਸ਼ੁਰੂ ਕਰਵਾਈ। ਇਸ ਮਾਮਲੇ 'ਚ ਸਾਹਮਣੇ ਆਇਆ ਹੈ ਕਿ ਦੇਸ਼ ਦੇ ਕਈ ਉਦਯੋਗਪਤੀਆਂ ਤੇ ਬਹੁਰਾਸ਼ਟਰੀ ਕੰਪਨੀਆਂ ਦੀ ਇੱਛਾ ਮੁਤਾਬਕ ਨੀਰਾ ਰਾਡੀਆ ਨੇ ਪੀ.ਆਰ. ਦਲਾਲੀ ਦੇ ਜ਼ਰੀਏ ਦਲਾਲ ਪੱਤਰਕਾਰਾਂ ਨੂੰ ਨਾਲ ਸ਼ਾਮਲ ਕਰਦੇ ਹੋਏ ਇਹ ਕੰਮ ਕੀਤਾ।

ਏ ਰਾਜਾ ਨੇ ਮੰਤਰੀ ਬਣਦਿਆਂ ਹੀ ਉਦਯੋਗਪਤੀਆਂ ਤੇ ਬਹੁਰਾਸ਼ਟਰੀ ਕੰਪਨੀਆਂ ਨੂੰ ਲਾਹਾ ਦੇਣ ਲਈ ਨੈਤਿਕਤਾ ਨੂੰ ਕਿੱਲੀ 'ਤੇ ਟੰਗ ਦਿੱਤਾ ਤੇ ਘੁਟਾਲਿਆਂ ਤੇ ਭ੍ਰਿਸ਼ਟਾਚਾਰ ਦਾ ਦੌਰ ਸ਼ੁਰੂ ਕਰ ਦਿੱਤਾ ਤੇ ਹੁਣ 70 ਹਜ਼ਾਰ ਕਰੋੜ ਰੁਪਏ 'ਚ ਕਿਸਦੀ ਕਿੰਨੀ ਹਿੱਸੇਦਾਰੀ ਸੀ, ਇਹ ਹੌਲੀ ਹੌਲੀ ਸਾਹਮਣੇ ਆ ਰਿਹਾ ਹੈ। ਇਸ ਘੁਟਾਲੇ ਦੇ ਬੇਨਕਾਬ ਹੋਣ ਨਾਲ ਮੀਡੀਏ ਦੇ ਮਾਫੀਏ ਦੀ ਦਲਾਲੀ ਤੇ ਉਸਦੇ ਸੱਤਾਧਾਰੀਆਂ ਨਾਲ ਨਪਾਕ ਗੱਠਜੋੜ ਦਾ ਵੀ ਪਰਦਾਫਾਸ਼ ਹੋ ਗਿਆ ਹੈ। ਇਸ ਵੇਲੇ ਭਾਰਤ ਦੇ ਦੋ 'ਸਨਮਾਨਤ' ਪੱਤਰਕਾਰਾਂ ਬਰਖਾ ਦੱਤ ਤੇ ਵੀਰ ਸੰਘਵੀ ਦੀ ਜ਼ੁਬਾਨ ਕੈਮਰੇ ਤੇ ਕਾਲਮਾਂ 'ਚ ਕੈਂਚੀ ਵਾਂਗ ਚੱਲਦੀ ਹੈ ਪਰ ਹੁਣ ਉਹ ਸਾਰੇ ਤਮਾਸ਼ੇ ਨੂੰ ਗੂੰਗੇ ਵਾਂਗ ਵੇਖ ਰਹੇ ਹਨ।

ਇਕ ਵੱਡੀ ਗੱਲ ਹੋਰ ਸਾਹਮਣੇ ਆਈ ਹੈ ਕਿ 'ਰਾਈ ਨੂੰ ਪਹਾੜ' ਬਣਾਉਣ ਵਾਲਾ ਮੀਡੀਆ ਦਿੱਲੀ ਦੇ ਇਨ੍ਹਾਂ ਦਲਾਲ ਪੱਤਰਕਾਰਾਂ ਬਾਰੇ ਕਝ ਨਹੀਂ ਬੋਲ ਰਿਹਾ ਕਿਉਂਕਿ ਉਨ੍ਹਾਂ ਦੀਆਂ ਨਿੱਜੀ ਯਾਰੀਆਂ-ਦੋਸਤੀਆਂ ਤੇ ਰਿਸ਼ਤੇਦਾਰੀਆਂ 'ਚ ਤਰੇੜ ਆਉਣ ਦਾ ਖ਼ਤਰਾ ਹੈ। ਇਸ ਮਾਮਲੇ ਨੂੰ ਟੈਲੀਵੀਜ਼ਨ ਪੱਤਰਕਾਰੀ ਨਾਲ ਜੁੜੇ ਪ੍ਰਸੂੰਨ ਬਾਜਪਈ ਨੇ ਸਭ ਤੋਂ ਪਹਿਲਾਂ ਆਪਣੇ ਬਲੌਗ ਤੇ 'ਪ੍ਰਥਮ ਪ੍ਰਵੱਕਤਾ' ਨਾਂ ਦੇ ਮੈਗਜ਼ੀਨ 'ਚ ਲਿਖ ਕੇ 2-ਜੀ ਸਪੈਕਟ੍ਰਮ 'ਚ ਸਿਰਫ ਮੀਡੀਆ ਦੇ ਲੋਕਾਂ ਦੇ ਨਾਂ ਆਉਣ ਦੀ ਗੱਲ ਲਿਖੀ ਸੀ।

## ਰਾਡੀਆ ਨੇ ਵਸੂਲੀ 60 ਕਰੋੜ ਫੀਸ

ਕਾਰਪੋਰੇਟ ਘਰਾਣਿਆਂ ਲਈ ਸੱਤਾ ਦੇ ਗਲਿਆਰਿਆਂ ਵਿਚ ਮੁਹਿੰਮ ਚਲਾਉਣ ਵਾਲੀ ਨੀਰਾ ਰਾਡੀਆ ਨੇ ਸਾਬਕਾ ਦੂਰ ਸੰਚਾਰ ਮੰਤਰੀ ਏ. ਰਾਜਾ ਤੋਂ ਟਾਟਾ ਟੈਲੀ ਸਰਵਿਸਿਜ਼ ਦਾ ਕੰਮ ਕਰਵਾਉਣ ਲਈ 60 ਕਰੋੜ ਰੁਪਏ ਦੀ ਫੀਸ ਵਸੂਲੀ ਸੀ। ਨੀਰਾ ਰਾਡੀਆ ਨੇ ਇਨਫੋਰਸਮੈਂਟ ਡਾਇਰੈਕਟੋਰੇਟ ਦੇ ਅਧਿਕਾਰੀਆਂ ਵਲੋਂ ਪੁੱਛਗਿੱਛ ਦੌਰਾਨ ਇਹ ਖੁਲਾਸਾ ਕੀਤਾ ਹੈ। ਉਸਨੇ 1990 ਵਿਚ ਵਿਦੇਸ਼ੀ ਕੰਪਨੀ ਸਿੰਗਾਪੁਰ ਏਅਰਲਾਈਨਜ਼ ਦੇ ਭਾਰਤ ਵਿਚ ਦਾਖਲੇ 'ਚ ਅਹਿਮ ਭੂਮਿਕਾ ਨਿਭਾਈ ਸੀ। ਰਾਡੀਆ ਨੇ ਵਪਾਰ ਜਗਤ ਵਿਚ ਸੰਨ 2000 ਵਿਚ ਉਸ ਵੇਲੇ ਤਰਥੱਲੀ ਮਚਾ ਦਿੱਤੀ ਜਦੋਂ ਉਸਨੇ ਸਿਰਫ ਇਕ ਲੱਖ ਰੁਪਏ ਦੀ ਪੂੰਜੀ ਨਾਲ ਆਪਣੀ ਏਅਰਲਾਈਨਜ਼ ਕੰਪਨੀ ਸ਼ੁਰੂ ਕਰਨ ਲਈ ਲਾਇਸੈਂਸ ਮੰਗਿਆ ਸੀ। ਹਾਲਾਂਕਿ ਉਸਦੀ ਅਰਜ਼ੀ ਰੱਦ ਕਰ ਦਿੱਤੀ ਗਈ ਪਰ ਉਸ ਵੇਲੇ ਤਕ ਰਤਨ ਟਾਟਾ ਰਾਡੀਆ ਤੋਂ ਕਾਫੀ ਪ੍ਰਭਾਵਿਤ ਹੋ ਚੁੱਕੇ ਸਨ। ਉਨਾਂ ਨੇ ਰਾਡੀਆ ਨੂੰ ਟਾਟਾ ਟੈਲੀ ਸਰਵਿਸਿਜ਼ ਨਾਲ ਜੁੜੇ ਮਾਮਲਿਆਂ ਵਿਚ ਆ ਰਹੀਆਂ ਰੁਕਾਵਟਾਂ ਦੂਰ ਕਰਨ ਦੀ ਜ਼ਿੰਮੇਵਾਰੀ ਸੌਂਪੀ।

ਰਾਡੀਆ ਨੇ ਟਾਟਾ ਗਰੁੱਪ ਨਾਲ ਨਜ਼ਦੀਕੀ ਦਾ ਲਾਭ ਉਠਾਇਆ ਤੇ ਉਹ 50 ਵੱਡੀਆਂ ਕੰਪਨੀਆਂ ਨੂੰ ਸਲਾਹ ਦੇਣ ਦਾ ਕੰਮ ਕਰਨ ਲੱਗੀ। ਮੁਕੇਸ਼ ਅੰਬਾਨੀ ਨੇ 2008-09 ਵਿਚ ਮੀਡੀਆ ਮੈਨੇਜਮੈਂਟ ਲਈ ਰਾਡੀਆ ਦੀ ਕੰਪਨੀ ਨੂੰ ਸਲਾਹਕਾਰ ਬਣਾਇਆ। ਇਸ ਦੌਰਾਨ ਰਾਡੀਆ 2-ਜੀ ਲਾਇਸੈਂਸ ਅਲਾਟਮੈਂਟ ਲਈ ਸਰਗਰਮ ਹੋ ਗਈ ਤੇ ਦੂਰਸੰਚਾਰ ਵਿਭਾਗ ਦੇ ਅਫਸਰਾਂ ਨਾਲ ਸੰਬੰਧ ਬਣਾਏ ਸਨ।

## *ਵਿਰੋਧੀ ਧਿਰਾਂ ਸਾਂਝੀ ਸੰਸਦੀ ਕਮੇਟੀ ਬਣਾਉਣ 'ਤੇ ਅੜੀਆਂ*

**ਨਵੀਂ ਦਿੱਲੀ:** ਲੋਕ ਸਭਾ ਦੀ ਸਪੀਕਰ ਸ੍ਰੀਮਤੀ ਮੀਰਾ ਕੁਮਾਰ ਵੱਲੋਂ 2-ਜੀ ਸਪੈਕਟ੍ਰਮ ਉਤੇ ਵਿਰੋਧੀ ਧਿਰਾਂ ਵੱਲੋਂ ਸਾਂਝੀ ਸੰਸਦੀ ਕਮੇਟੀ (ਜੇ.ਪੀ.ਸੀ.) ਦੀ ਜਾਂਚ ਨੂੰ ਲੈ ਕੇ ਸੰਸਦ ਵਿਚ ਪਿਛਲੇ 13 ਦਿਨਾਂ ਤੋਂ ਚਲਦੇ 'ਅੜਿੱਕੇ' ਨੂੰ ਖਤਮ ਕਰਨ ਲਈ 30 ਨਵੰਬਰ ਨੂੰ ਬੁਲਾਈ ਸਰਬ ਪਾਰਟੀ ਮੀਟਿੰਗ ਵਿਚ ਵਿਰੋਧੀ ਧਿਰਾਂ ਸਾਂਝੀ ਸੰਸਦੀ ਕਮੇਟੀ ਦੀ ਮੰਗ 'ਤ ਅੜੀਆਂ ਰਹੀਆਂ।

ਬੈਠਕ ਖਤਮ ਹੋਣ ਤੋਂ ਤੁਰੰਤ ਬਾਅਦ ਭਾਜਪਾ ਨੇਤਾ ਸ੍ਰੀਮਤੀ ਸੁਸ਼ਮਾ ਸਵਰਾਜ ਨੇ ਕਿਹਾ ਕਿ ਉਹ ਸਾਂਝੀ ਸੰਸਦੀ ਕਮੇਟੀ ਤੋਂ ਹੇਠਾਂ ਕੁਝ ਵੀ ਮੰਨਣ ਨੂੰ ਤਿਆਰ ਨਹੀਂ। ਮਾਰਕਸੀ ਪਾਰਟੀ ਦੇ ਨੇਤਾ ਸੀਤਾ ਰਾਮ ਯੇਚੂਰੀ ਨੇ ਕਿਹਾ ਕਿ ਸਾਂਝੀ ਸੰਸਦੀ ਕਮੇਟੀ ਤੋਂ ਘੱਟ ਉਹ ਕਿਸੇ ਸਮਝੌਤੇ ਲਈ ਤਿਆਰ ਨਹੀਂ ਹਨ।

ਇਸ ਤੋਂ ਪਹਿਲਾਂ ਲੋਕ ਸਭਾ ਦੇ ਨੇਤਾ ਤੇ ਵਿੱਤ ਮੰਤਰੀ ਪ੍ਰਣਾਬ ਮੁਖਰਜੀ ਵੀ ਵਿਰੋਧੀ ਧਿਰਾਂ ਦੇ ਨੇਤਾਵਾਂ ਨਾਲ 'ਸਰਬ ਪਾਰਟੀ' ਪੱਧਰ ਦੀਆਂ ਦੋ ਬੈਠਕਾਂ ਕਰਕੇ ਸੰਸਦ ਵਿਚ ਚੱਲ ਰਹੇ ਅੜਿੱਕੇ ਨੂੰ ਤੋੜਨ ਦੀ ਕੋਸ਼ਿਸ਼ ਕਰ ਚੁੱਕੇ ਹਨ। ਉਨ੍ਹਾਂ ਨੇ ਵਿਰੋਧੀ ਦਲਾਂ ਨੂੰ ਪੇਸ਼ਕਸ਼ ਕੀਤੀ ਸੀ ਕਿ ਸਰਕਾਰ ਸੁਪਰੀਮ ਕੋਰਟ ਦੀ ਦੇਖ-ਰੇਖ ਥੱਲੇ ਘੁਟਾਲੇ ਵਿਚ ਸੀ.ਬੀ.ਆਈ. ਜਾਂਚ ਕਰਵਾਉਣ ਨੂੰ ਤਿਆਰ ਹੈ ਪਰ ਵਿਰੋਧੀ ਦਲਾਂ ਨੇ ਇਹ ਪੇਸ਼ਕਸ਼ ਠੁਕਰਾ ਦਿੱਤੀ ਸੀ।

## ਰਤਨ ਟਾਟਾ ਨੇ ਪ੍ਰਧਾਨ ਮੰਤਰੀ ਦਾ ਪੱਖ ਪੂਰਿਆ

**ਨਵੀਂ ਦਿੱਲੀ:** ਟਾਟਾ ਗਰੁੱਪ ਦੇ ਚੇਅਰਮੈਨ ਰਤਨ ਟਾਟਾ ਨੇ ਵਿਰੋਧੀ ਪਾਰਟੀਆਂ ਵੱਲੋਂ 2-ਜੀ ਸਪੈਕਟ੍ਰਮ ਘੁਟਾਲੇ ਨੂੰ ਲੈ ਕਿ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਬਾਰੇ ਕੀਤੀਆਂ ਟਿੱਪਣੀਆਂ ਦੀ ਨਿੰਦਾ ਕਰਦਿਆਂ ਕਿਹਾ ਹੈ ਕਿ ਉਹ ਈਮਾਨਦਾਰ ਵਿਅਕਤੀ ਹਨ ਤੇ ਉਨ੍ਹਾਂ ਨਾਲ ਅਪਮਾਨਜਨਕ ਢੰਗ ਨਾਲ ਪੇਸ਼ ਆਉਣਾ ਠੀਕ ਨਹੀਂ ਹੈ।

ਪ੍ਰਧਾਨ ਮੰਤਰੀ ਦੀ ਹਮਾਇਤ 'ਚ ਜਨਤਕ ਤੌਰ 'ਤੇ ਸਾਹਮਣੇ ਆਉਣ ਲਈ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਦੀ ਸ਼ਲਾਘਾ ਕਰਦਿਆਂ ਰਤਨ ਟਾਟਾ ਨੇ ਕਿਹਾ ਕਿ ਮੇਰਾ ਵਿਚਾਰ ਹੈ ਕਿ ਸੰਸਦ ਮੈਂਬਰਾਂ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਕੰਮ ਕਰਨ ਤੇ ਦੇਸ਼ ਨੂੰ ਚਲਾਉਣ ਤੇ ਉਨ੍ਹਾਂ ਨੂੰ ਹਰ ਰੋਜ਼ ਸੰਸਦ ਦੀ ਕਾਰਵਾਈ ਵਿਚ ਵਿਘਨ ਨਹੀਂ ਪਾਉਣਾ ਚਾਹੀਦਾ। ਟਾਟਾ ਨੇ ਕਿਹਾ ਕਿ ਮਨਮੋਹਨ ਸਿੰਘ ਇਕ ਅਜਿਹੇ ਵਿਅਕਤੀ ਹਨ ਜੋ ਕਿਸੇ ਵੀ ਦੋਸ਼ ਤੋਂ ਉਪਰ ਹਨ।

# ਪ੍ਰਤਾਪ ਸਿੰਘ ਬਾਜਵਾ ਵੱਲੋਂ ਕੈਪਟਨ ਅਮਰਿੰਦਰ ਖ਼ਿਲਾਫ਼ ਮੁੜ ਬਗਾਵਤ

**ਚੰਡੀਗੜ੍ਹ:** ਲੱਖ ਦਾਅਵਿਆਂ ਦੇ ਬਾਵਜੂਦ ਪੰਜਾਬ ਕਾਂਗਰਸ 'ਚ ਆਪਸੀ ਖਿੱਚੋਤਾਣ ਖ਼ਤਮ ਨਹੀਂ ਹੋਈ ਤੇ ਵਿਰੋਧੀ ਧੜੇ ਵੱਲੋਂ ਕੈਪਟਨ ਅਮਰਿੰਦਰ ਸਿੰਘ ਨੂੰ ਨਜ਼ਰਅੰਦਾਜ਼ ਕਰਨਾ ਜਾਰੀ ਹੈ। ਅਸਲ 'ਚ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੀ ਏਕਤਾ 'ਤੇ ਮੁੜ ਸਵਾਲੀਆ ਚਿੰਨ੍ਹ ਉਸ ਵੇਲੇ ਲੱਗਾ ਜਦੋਂ ਗੁਰਦਾਸਪੁਰ ਤੋਂ ਸੰਸਦ ਮੈਂਬਰ ਤੇ ਸੀਨੀਅਰ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸੰਭਾਵੀ ਅਹੁਦੇਦਾਰਾਂ ਦੀ ਸੂਚੀ ਆਪਣੇ ਪੱਧਰ 'ਤੇ ਹੀ ਕਾਂਗਰਸ ਦੀ ਹਾਈ ਕਮਾਨ ਨੂੰ ਭੇਜ ਦਿੱਤੀ। ਸ੍ਰੀ ਬਾਜਵਾ ਨੇ ਇਹ ਸੂਚੀ ਹਾਈ ਕਮਾਨ ਨੂੰ ਉਸ ਵੇਲੇ ਭੇਜੀ ਹੈ ਜਦੋਂ ਕਾਂਗਰਸ ਦੇ ਨਵ-ਨਿਯੁਕਤ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਰਾਜ ਇਕਾਈ ਦਾ ਗਠਨ ਸਮੂਹ ਧਿਰਾਂ ਦੀ ਸਹਿਮਤੀ ਨਾਲ ਕਰਨ ਲਈ ਕਹਿੰਦੇ ਆ ਰਹੇ ਹਨ।

ਸ੍ਰੀ ਬਾਜਵਾ ਨੇ 8 ਮੈਂਬਰਾਂ ਦੀ ਸੂਚੀ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੂੰ ਭੇਜਣ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਉਨ੍ਹਾਂ ਨੇ ਰਾਜ ਦੇ ਮਾਝਾ ਤੇ ਦੋਆਬਾ ਖੇਤਰ ਦੇ ਆਗੂਆਂ ਦੀ ਸੂਚੀ ਦਿੱਲੀ ਭੇਜੀ ਹੈ। ਸ੍ਰੀ ਬਾਜਵਾ ਨੇ ਵੱਖਰੇ ਤੌਰ 'ਤੇ ਆਗੂਆਂ ਦੀ ਸੂਚੀ ਹਾਈ ਕਮਾਨ ਨੂੰ ਭੇਜ ਕੇ ਇਹ ਵੀ ਪ੍ਰਭਾਵ ਦੇ ਦਿੱਤਾ ਹੈ ਕਿ ਫਿਲਹਾਲ ਕੈਪਟਨ ਨਾਲ ਉਨ੍ਹਾਂ ਦੇ ਸਬੰਧਾਂ ਵਿਚ ਸਭ 'ਠੀਕ' ਨਹੀਂ ਹੈ। ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਉਨ੍ਹਾਂ ਨੇ ਵੱਖਰੇ ਤੌਰ 'ਤੇ ਸੋਨੀਆ ਨੂੰ ਸੂਚੀ ਕਿਉਂ ਭੇਜੀ ਹੈ ਤਾਂ ਸ੍ਰੀ ਬਾਜਵਾ ਨੇ ਕਿਹਾ ਜੇ ਕੈਪਟਨ ਉਨ੍ਹਾਂ ਨੂੰ ਇਸ ਬਾਬਤ ਭਰੋਸੇ ਵਿਚ ਲੈਣਗੇ ਤਾਂ ਉਹ ਉਨ੍ਹਾਂ ਨੂੰ ਵੀ ਸੂਚੀ ਭੇਜ ਦੇਣਗੇ। ਉਨ੍ਹਾਂ ਦਾਅਵਾ ਕੀਤਾ ਕਿ ਹਾਲੇ ਉਹ ਨਵੇਂ ਪਾਰਟੀ ਪ੍ਰਧਾਨ ਨੂੰ ਮਿਲੇ ਨਹੀਂ ਹਨ। ਉਨ੍ਹਾਂ ਕਿਹਾ ਕਿ ਆ ਰਹੀਆਂ ਵਿਧਾਨ ਸਭਾ ਚੋਣਾਂ ਦੌਰਾਨ ਪਾਰਟੀ ਲਈ ਮਾਝਾ ਤੇ ਦੋਆਬਾ ਖੇਤਰ ਬੜੇ ਮਹੱਤਵਪੂਰਨ ਹਨ ਕਿਉਂਕਿ ਕਾਂਗਰਸ ਡੇਢ ਸਾਲ ਪਹਿਲਾਂ ਹੋਈਆਂ ਲੋਕ ਸਭਾ ਚੋਣਾਂ ਦੌਰਾਨ ਮਾਲਵਾ ਖੇਤਰ ਵਿਚੋਂ ਭਾਰੀ ਖੋਰਾ ਲਵਾ ਚੁੱਕੀ ਹੈ। ਜਦਕਿ ਵਿਧਾਨ ਸਭਾ ਚੋਣਾਂ ਦੌਰਾਨ ਕਾਂਗਰਸ ਨੇ ਮਾਲਵਾ ਵਿਚੋਂ ਹੂੰਝਾਫੇਰ ਜਿੱਤ ਹਾਸਲ ਕੀਤੀ ਸੀ।

ਸੰਸਦ ਮੈਂਬਰ ਨੇ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਨੇ ਮੌਜੂਦਾ ਰਾਜਕਾਲ ਦੌਰਾਨ ਮਾਲਵਾ ਕੇਂਦਰ ਨੂੰ ਨਿਰੰਤਰ ਆਪਣਾ ਕੇਂਦਰ ਬਿੰਦੂ ਬਣਾਈ ਰੱਖਿਆ ਹੈ ਤੇ ਕਾਂਗਰਸ ਨੂੰ ਮਾਝਾ ਤੇ ਦੋਆਬਾ ਖੇਤਰਾਂ ਵੱਲ ਜ਼ੋਰਦਾਰ ਲਾਮਬੰਦੀ ਕਰਨੀ ਚਾਹੀਦੀ ਹੈ। ਇਹ ਖਿੱਤੇ ਪੰਜਾਬ ਦੀ ਸਿਆਸਤ ਲਈ ਬੜੇ ਮਹੱਤਵਪੂਰਨ ਹਨ। ਇਸ ਤੋਂ ਇਲਾਵਾ ਸ੍ਰੀ ਬਾਜਵਾ ਨੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਉਪਰ ਵੀ ਕੈਪਟਨ ਦੇ ਸਟੈਂਡ ਤੋਂ ਵੱਖਰੀ ਰਾਏ ਦਿੰਦਿਆਂ ਕਿਹਾ ਕਿ ਪਾਰਟੀ ਨੂੰ ਮਨਪ੍ਰੀਤ ਨੂੰ ਕਾਂਗਰਸ ਵਿਚ ਲੈਣ ਜਾਂ ਨਾ ਲੈਣ ਬਾਰੇ ਇਕਸੁਰ ਹੋ ਕੇ ਵਿਚਰਨਾ ਚਾਹੀਦਾ ਹੈ।

ਇਸੇ ਦੌਰਾਨ ਪੰਜਾਬ ਕਾਂਗਰਸ ਦੀ ਪ੍ਰਧਾਨਗੀ ਦੇ ਸ੍ਰੀ ਬਾਜਵਾ ਸਮੇਤ ਮਜ਼ਬੂਤ ਦਾਅਵੇਦਾਰ ਰਹੇ ਜਗਮੀਤ ਸਿੰਘ ਬਰਾੜ ਨੇ ਖੁਲਾਸਾ ਕੀਤਾ ਕਿ ਜਦੋਂ ਦੇ ਕੈਪਟਨ ਪੰਜਾਬ ਕਾਂਗਰਸ ਦੇ ਪ੍ਰਧਾਨ ਬਣੇ ਹਨ, ਉਨ੍ਹਾਂ ਨੇ ਨਾ ਤਾਂ ਪਾਰਟੀ ਪ੍ਰਧਾਨ ਨਾਲ ਗੱਲ ਕੀਤੀ ਹੈ ਤੇ ਨਾ ਹੀ ਫਿਲਹਾਲ ਉਨ੍ਹਾਂ ਨੂੰ ਮਿਲੇ ਹਨ। ਦੱਸਣਯੋਗ ਹੈ ਕਿ ਕੈਪਟਨ ਅਮਰਿੰਦਰ ਸਿੰਘ ਪਾਰਟੀ ਪ੍ਰਧਾਨ ਬਣਨ ਤੋਂ ਬਾਅਦ ਪੰਜਾਬ ਦੇ ਸਾਬਕਾ ਪ੍ਰਧਾਨ ਮਹਿੰਦਰ ਸਿੰਘ ਕੇ.ਪੀ. ਤੇ ਕਾਂਗਰਸ ਦੇ ਵਿਧਾਇਕ ਦਲ ਦੀ ਨੇਤਾ ਬੀਬੀ ਰਜਿੰਦਰ ਕੌਰ ਭੱਠਲ ਨਾਲ ਮੀਟਿੰਗਾਂ ਕਰ ਚੁੱਕੇ ਹਨ। ਇਥੇ ਜ਼ਿਕਰਯੋਗ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੇ ਪ੍ਰਧਾਨਗੀ ਸੰਭਾਲਣ ਦੇ ਸਮਾਗਮ ਸਮੇਂ ਕਾਂਗਰਸੀਆਂ ਨੇ ਕੁਝ ਖਾਸ ਹੀ ਏਕਤਾ ਦਾ ਮੁਜ਼ਾਹਰਾ ਕੀਤਾ ਸੀ।

## ਪ੍ਰੇਮੀ ਵੱਲੋਂ ਪ੍ਰੇਮਿਕਾ ਦੀ ਚਿਤਾ ਵਿਚ ਛਾਲ ਮਾਰ ਕੇ ਆਤਮਦਾਹ

**ਸਿਰਸਾ:** ਹਰਿਆਣਾ ਦੇ ਕਸਬਾ ਰੋੜੀ ਵਿਚ ਇਕ ਪ੍ਰੇਮੀ ਨੇ ਆਪਣੀ ਪ੍ਰੇਮਿਕਾ ਦੀ ਮੌਤ ਦਾ ਦੁੱਖ ਨਾ ਸਹਾਰਦਿਆਂ ਉਸ ਦੀ ਚਿਤਾ ਵਿਚ ਛਾਲ ਮਾਰ ਕੇ ਆਤਮਦਾਹ ਕਰ ਲਿਆ।

ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਰੋੜੀ ਵਿਚ ਅੱਠਵੀਂ ਕਲਾਸ ਦੀ ਇਕ ਵਿਦਿਆਰਥਣ ਦੇ ਆਪਣੇ ਪਿੰਡ ਨਾਨਕੇ ਰਹਿੰਦੇ ਨੌਜਵਾਨ ਨਾਲ ਕਾਫ਼ੀ ਸਮੇਂ ਤੋਂ ਪ੍ਰੇਮ ਸਬੰਧ ਸਨ। ਕੁਝ ਦਿਨ ਪਹਿਲਾਂ ਲੜਕੀ ਨੂੰ ਬੁਰੀ ਤਰ੍ਹਾਂ ਝੁਲਸੀ ਹੋਈ ਹਾਲਤ ਵਿਚ ਸਿਰਸਾ ਦੇ ਸਰਕਾਰੀ ਹਸਪਤਾਲ ਦਾਖ਼ਲ ਕਰਵਾਇਆ ਗਿਆ ਸੀ ਜਿਥੇ ਉਹ ਮੌਤ ਤੇ ਜ਼ਿੰਦਗੀ ਨਾਲ ਜੂਝਦੀ ਹੋਈ ਬੀਤੇ ਦਿਨ ਦਮ ਤੋੜ ਗਈ।

ਉਸ ਦਾ ਸਸਕਾਰ ਪਿੰਡ ਦੇ ਸ਼ਮਸ਼ਾਨਘਾਟ ਵਿਚ ਕੀਤਾ ਜਾ ਰਿਹਾ ਸੀ। ਜਦ ਉਸ ਦੀ ਮੌਤ ਦੀ ਖਬਰ ਉਸ ਦੇ ਪ੍ਰੇਮੀ ਨੂੰ ਮਿਲੀ ਤਾਂ ਉਸ ਨੇ ਵੀ ਉਸ ਦੀ ਚਿਤਾ ਵਿਚ ਛਾਲ ਮਾਰ ਕੇ ਆਤਮ ਦਾਹ ਕਰ ਲਿਆ। ਉਸ ਦੇ ਆਤਮ ਦਾਹ ਕਰਨ ਦਾ ਪਤਾ ਉਸ ਸਮੇਂ ਲੱਗਾ ਜਦ ਲੜਕੀ ਦੇ ਘਰ ਵਾਲੇ ਦੇਰ ਸ਼ਾਮ ਉਸ ਦੀ ਚਿਤਾ ਨੂੰ ਸੰਭਾਲਣ ਲਈ ਗਏ ਤਾਂ ਉਨ੍ਹਾਂ ਚਿਤਾ ਦੇ ਨੇੜੇ ਇਕ ਮੋਬਾਈਲ ਫੋਨ ਤੇ ਕੱਪੜੇ ਪਏ ਦੇਖੇ। ਉਨ੍ਹਾਂ ਦੇਖਿਆ ਕਿ ਚਿਤਾ ਵਿਚ ਇਕ ਨੌਜਵਾਨ ਦੀ ਅੱਧ ਮੱਚੀ ਲਾਸ਼ ਪਈ ਸੀ। ਇਸ ਗੱਲ ਦਾ ਪਤਾ ਜਦ ਲੜਕੇ ਦੇ ਮਾਮਿਆਂ ਨੂੰ ਲੱਗਾ ਤਾਂ ਉਨ੍ਹਾਂ ਨੇ ਚੁੱਪਚਾਪ ਉਸ ਦਾ ਵੱਖਰੀ ਚਿਤਾ ਵਿਚ ਸਸਕਾਰ ਕਰ ਦਿੱਤਾ। ਇਸ ਮਾਮਲੇ ਦੀ ਦੋਵਾਂ ਦੇ ਪਰਿਵਾਰ ਵਾਲਿਆਂ ਵੱਲੋਂ ਕੋਈ ਵੀ ਸੂਚਨਾ ਪੁਲੀਸ ਨੂੰ ਨਹੀਂ ਦਿੱਤੀ ਗਈ। ਮਾਮਲੇ ਵਿਚ ਦੋਵਾਂ ਦੇ ਪਰਿਵਾਰਾਂ ਦੀ ਕੋਈ ਭੂਮਿਕਾ ਨਾ ਹੋਣ ਕਰਕੇ ਇਸ ਨੂੰ ਪੰਚਾਇਤ ਤੱਕ ਹੀ ਸੀਮਤ ਰਹਿਣ ਦਿੱਤਾ ਗਿਆ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ

ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)

ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

## ਤਿਰਛੀ ਨਜ਼ਰ

ਜਸਵੰਤ ਸਿੰਘ ਸ਼ਾਦ, ਸਟਾਕਟਨ
ਫੋਨ:209-992-7185

***1984 ਦੀ ਸਿੱਖ ਨਸਲਕੁਸ਼ੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਮਿਲਣ ਤੱਕ ਸੰਘਰਸ਼ ਜਾਰੀ ਰੱਖਾਂਗੇ-ਸੁਖਬੀਰ ਬਾਦਲ**

-ਤੇ ਪੰਜਾਬ 'ਚ ਸਿੱਖਾਂ ਦੀ ਨਸਲਕੁਸ਼ੀ ਕਰਨ ਵਾਲੇ ਅਫਸਰਾਂ ਨੂੰ ਸਨਮਾਨਜਨਕ ਅਹੁਦੇ ਦਿੰਦੇ ਰਹਾਂਗੇ।

***ਪੱਛੜੀਆਂ ਸ਼੍ਰੇਣੀਆਂ ਤੇ ਘੱਟਗਿਣਤੀ ਵਰਗ ਬੈਂਕਫਿੱਟੋ ਦਾ ਲਾਹਾ ਲੈਣ-ਡੀ ਸੀ ਫਤਿਹਗੜ੍ਹ ਸਾਹਿਬ**

-ਤੇ ਵਿਚੋਂ ਅਸੀਂ ਵੀ ਚਾਰ ਛਿੱਲੜ ਕਮਾਉਣ ਜੋਗੇ ਹੋਈਏ।

***ਵਿਕਾਸ ਦੇ ਮੁੱਦੇ 'ਤੇ ਲੜੀਆਂ ਜਾਣਗੀਆਂ ਵਿਧਾਨ ਸਭਾ ਚੋਣਾਂ-ਬਿਕਰਮ ਸਿੰਘ ਮਜੀਠੀਆ**

-ਅੱਛਾ! ਤਾਂ ਹੀ ਸਰਕਾਰ ਨੇ ਵਿਕਾਸ ਨਹੀਂ ਕਰਵਾਇਆ ਮਤੇ ਮੁੱਦਾ ਹੱਥੋਂ ਨਿਕਲ ਜਾਏ।

***ਸਮੇਂ ਦੀਆਂ ਸਰਕਾਰਾਂ ਨੇ ਹਮੇਸ਼ਾ ਸ਼੍ਰੋਮਣੀ ਕਮੇਟੀ 'ਤੇ ਕਬਜ਼ਾ ਕਰਨਾ ਚਾਹਿਆ-ਮੱਕੜ**

-ਚਾਹਿਆ ਕੀ ਜੀ, ਸਰਕਾਰ ਨੇ ਤੇ ਕਬਜ਼ਾ ਕੀਤਾ ਹੋਇਐ।

***ਸਪੋਕਸਮੈਨ ਦੇ ਮੁੱਖ ਸੰਪਾਦਕ ਨੂੰ ਪ੍ਰੇਸ਼ਾਨ ਕਰਨਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ-ਜਸਜੀਤ ਸਿੰਘ ਯੂ ਕੇ**

-ਮੇਲੇ 'ਚ ਚੱਕੀਰਾਹੇ ਨੂੰ ਕੌਣ ਪੁੱਛਦੈ?

***11 ਹਜ਼ਾਰ ਨਵੇਂ ਅਧਿਆਪਕਾਂ ਦੀ ਭਰਤੀ ਜਲਦੀ-ਸੇਖਵਾਂ**

-ਰੇਟ ਲਿਸਟ ਆਉਂਦੇ ਕੁਝ ਦਿਨਾਂ 'ਚ ਜਾਰੀ ਹੋਵੇਗੀ।

***ਬੇਰੁਜ਼ਗਾਰ ਲਾਈਨਮੈਨਾਂ ਵਲੋਂ ਅਰਥੀ ਫੂਕ ਮੁਜ਼ਾਹਰਾ**

-ਅਗਲਿਆਂ ਨੇ ਵੀ ਟਾਈਮ ਪਾਸ ਕਰਨਾ ਹੋਇਆ।

# ਕਪਤਾਨੀ ਮਿਲਣ ਪਿਛੋਂ ਅਮਰਿੰਦਰ ਸ਼ਾਹੀ ਅੰਦਾਜ਼ 'ਚ ਜੱਦੀ ਸ਼ਹਿਰ ਪੁੱਜੇ

**ਪਟਿਆਲਾ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦਾ ਪ੍ਰਧਾਨ ਬਣਨ ਪਿਛੋਂ 26 ਨਵੰਬਰ ਨੂੰ ਪਹਿਲੀ ਵਾਰ ਆਪਣੇ ਜੱਦੀ ਸ਼ਹਿਰ ਪਟਿਆਲਾ ਪੁੱਜਣ 'ਤੇ ਹਜ਼ਾਰਾਂ ਦੀ ਗਿਣਤੀ 'ਚ ਪੁੱਜੇ ਪਾਰਟੀ ਵਰਕਰਾਂ ਤੇ ਆਮ ਲੋਕਾਂ ਨੇ ਸ਼ਾਹੀ ਅੰਦਾਜ਼ 'ਚ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਸਵਾਗਤ ਕੀਤਾ।

ਇਸ ਦੌਰਾਨ ਜਿੱਥੇ ਕਾਫਲੇ 'ਤੇ ਜਹਾਜ਼ ਰਾਹੀਂ ਫੁੱਲ ਵਰਸਾਏ ਗਏ, ਉਥੇ ਆਤਿਸ਼ਬਾਜ਼ੀ ਤੇ ਪਟਾਖੇ ਚਲਾਉਣ ਸਮੇਤ ਵਾਜਿਆਂ ਨਾਲ ਵੀ ਥਾਂ-ਥਾਂ 'ਤੇ ਉਨ੍ਹਾਂ ਦਾ ਭਰਵਾਂ ਸਵਾਗਤ ਕੀਤਾ ਗਿਆ।ਕੈਪਟਨ ਬਿਨਾਂ ਕਿਸੇ ਭਾਸ਼ਣ ਤੋਂ ਚੁਪਚਾਪ ਲੋਕਾਂ ਦੀ ਭਾਰੀ ਭੀੜ 'ਚ ਅੱਗੇ ਵਧਦੇ ਗਏ। ਮਹਿਲ ਵਿਚ ਪੁੱਜਣ 'ਤੇ ਜ਼ਿਲ੍ਹਾ ਕਾਂਗਰਸ ਕਮੇਟੀ ਦਿਹਾਤੀ ਵਲੋਂ ਉਨ੍ਹਾਂ ਨੂੰ ਪਾਰਟੀ ਫੰਡ ਵਜੋਂ 11 ਲੱਖ ਰੁਪਏ ਦੀ ਥੈਲੀ ਭੇਟ ਕੀਤੀ ਗਈ।

ਇਕ ਖੁੱਲ੍ਹੀ ਗੱਡੀ ਵਿਚ ਇਥੇ ਪੁੱਜੇ ਕੈਪਟਨ ਦੇ ਨਾਲ ਉਨ੍ਹਾਂ ਦੀ ਪਤਨੀ ਕੇਂਦਰੀ ਵਿਦੇਸ਼ ਮੰਤਰੀ ਪ੍ਰਨੀਤ ਕੌਰ, ਯੁਵਰਾਜ ਰਣਇੰਦਰ ਸਿੰਘ, ਸਾਬਕਾ ਵਿੱਤ ਮੰਤਰੀ ਲਾਲ ਸਿੰਘ ਵੀ ਮਜ਼ੂਦ ਸਨ। ਉਨ੍ਹਾਂ ਦੇ ਪਟਿਆਲਾ ਪਹੁੰਚਣ 'ਤੇ ਕਾਂਗਰਸੀਆਂ 'ਚ ਇੰਨਾ ਜ਼ਿਆਦਾ ਉਤਸ਼ਾਹ ਵੇਖਿਆ ਗਿਆ ਕਿ ਉਨ੍ਹਾਂ ਨੂੰ ਜਿਨ੍ਹਾਂ ਸਮਾਂ ਜ਼ੀਰਕਪੁਰ ਤੋਂ ਪਟਿਆਲਾ ਪਹੁੰਚਣ ਤੱਕ ਲੱਗਿਆ ਉਸ ਤੋਂ ਕਿਤੇ ਵੱਧ ਸਮਾਂ ਪਟਿਆਲਾ ਸ਼ਹਿਰ 'ਚ ਹੀ ਲੱਗ ਗਿਆ। ਪਟਿਆਲਾ ਦੇ ਵਸਨੀਕ ਤੇ ਵਿਧਾਇਕ ਹੋਣ ਕਰਕੇ ਉਨ੍ਹਾਂ ਦੇ ਪ੍ਰਧਾਨ ਬਣਨ ਦਾ ਲੋਕਾਂ 'ਚ ਹੋਰ ਵੀ ਵਧੇਰੇ ਚਾਅ ਨਜ਼ਰ ਆਇਆ।ਸ਼ਹਿਰ 'ਚ ਪ੍ਰਵੇਸ਼ ਕਰਨ 'ਤੇ ਨੌਜਵਾਨ ਆਗੂ ਵੱਲੋਂ ਇਥੇ ਸੈਫਾਬਾਦੀ ਗੇਟ 'ਤੇ ਜਦੋਂ ਉਨ੍ਹਾਂ ਨੂੰ ਸ੍ਰੀ ਸਾਹਿਬ ਭੇਂਟ ਕੀਤੀ ਤਾਂ ਜਿੱਤ ਦੇ ਪ੍ਰਤੀਕ ਵਜੋਂ ਅਮਰਿੰਦਰ ਸਿੰਘ ਨੇ ਇਹ ਕ੍ਰਿਪਾਨ ਹਵਾ ਵਿਚ ਵੀ ਲਹਿਰਾਈ। ਸਵਾਗਤੀ ਸਮਾਰੋਹ ਦਾ ਇਹ ਸਿਲਸਿਲਾ ਦੇਰ ਸ਼ਾਮ ਮਹਿਲਾਂ ਦੇ ਬਿਲਕੁਲ ਸਾਹਮਣੇ ਸਥਿਤ ਆਪਣੀ ਰਿਹਾਇਸ਼ 'ਤੇ ਰਚਾਏ ਗਏ ਸਵਾਗਤੀ ਸਮਾਰੋਹ ਨਾਲ ਸਮਾਪਤ ਹੋਇਆ।



**ਕੈਪਟਨ ਅਮਰਿੰਦਰ ਸਿੰਘ ਤੇ ਉਨ੍ਹਾਂ ਦੀ ਪਤਨੀ ਮਹਾਰਾਣੀ ਪ੍ਰਨੀਤ ਕੌਰ ਖੁੱਲ੍ਹੀ ਜੀਪ ਵਿਚ ਲੋਕਾਂ ਦਾ ਪਿਆਰ ਕਬੂਲਦੇ ਹੋਏ।**

# ਹਾਈਕੋਰਟ ਵੱਲੋਂ ਭਨਿਆਰਾ ਦੇ ਗ੍ਰੰਥ ਬਾਰੇ ਰਿਪੋਰਟ ਤਲਬ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ) :** ਹਾਈਕੋਰਟ ਨੇ ਸਖ਼ਤੀ ਨਾਲ ਪੰਜਾਬ ਸਰਕਾਰ ਨੂੰ ਬਾਬਾ ਪਿਆਰਾ ਸਿੰਘ ਭਨਿਆਰਾ ਦੇ ਗ੍ਰੰਥ ਬਾਰੇ ਰਿਪੋਰਟ ਚਾਰ ਹਫ਼ਤਿਆਂ 'ਚ ਪੇਸ਼ ਕਰਨ ਲਈ ਕਿਹਾ ਹੈ। ਸਰਕਾਰ ਵੱਲੋਂ ਭਨਿਆਰਾ ਵਾਲਾ ਦੇ ਗ੍ਰੰਥ 'ਤੇ ਪਿਛਲੇ ਕਈ ਸਾਲਾਂ ਤੋਂ ਪਾਬੰਦੀ ਲਗਾਈ ਹੋਈ ਹੈ।



ਰਾਜ ਸਰਕਾਰ ਵੱਲੋਂ ਅਦਾਲਤ 'ਚ ਪੇਸ਼ ਕੀਤੇ ਪੱਤਰ ਰਾਹੀਂ ਬੇਨਤੀ ਕੀਤੀ ਕਿ ਹਾਈਕੋਰਟ ਨੇ 7 ਮਈ ਤੇ 20 ਅਗਸਤ ਨੂੰ ਭਨਿਆਰਾ ਦੇ ਗ੍ਰੰਥ 'ਭਵਸਾਗਰ ਸਮੁੰਦਰ ਅਮਰਬਾਣੀ ਗ੍ਰੰਥ' ਦੇ ਅਧਿਐਨ ਲਈ ਕਮੇਟੀ ਦੇ ਗਠਨ ਦੇ ਜਿਹੜੇ ਹੁਕਮ ਦਿੱਤੇ ਸਨ ਉਨ੍ਹਾਂ ਦੇ ਮੱਦੇਨਜ਼ਰ ਸਰਕਾਰ ਨੇ 5 ਅਜਿਹੇ ਵਿਸ਼ੇਸ਼ ਵਿਅਕਤੀਆਂ ਦੀ ਚੋਣ ਕਰ ਲਈ ਹੈ ਜਿਨ੍ਹਾਂ ਦੇ ਆਧਾਰ 'ਤੇ ਕਮੇਟੀ ਦਾ ਗਠਨ ਕੀਤਾ ਜਾ ਸਕਦਾ ਹੈ। ਸਰਕਾਰ ਨੇ ਇਹ ਪੱਤਰ ਪੇਸ਼ ਕਰਦਿਆਂ ਅਦਾਲਤ ਤੋਂ ਦੋ ਹਫ਼ਤਿਆਂ ਦਾ ਸਮਾਂ ਮੰਗਦਿਆਂ ਕਿਹਾ ਕਿ ਇਸ ਸਮੇਂ ਦੇ ਅੰਦਰ-ਅੰਦਰ ਕਮੇਟੀ ਦਾ ਗਠਨ ਕਰ ਦਿੱਤਾ ਜਾਵੇਗਾ।

ਸਰਕਾਰ ਦੇ ਇਸ ਜਵਾਬ 'ਤੇ ਅਦਾਲਤ ਨੇ ਅਸੰਤੁਸ਼ਟੀ ਪ੍ਰਗਟ ਕਰਦਿਆਂ ਕਿਹਾ ਕਿ ਅਦਾਲਤ ਨੂੰ ਇਸ ਗੱਲ ਨਾਲ ਕੋਈ ਮਤਲਬ ਨਹੀਂ ਕਿ ਸਰਕਾਰ ਕਿੰਨੇ ਸਮੇਂ 'ਚ ਕਮੇਟੀ ਦਾ ਗਠਨ ਕਰਦੀ ਹੈ। ਅਦਾਲਤ ਨੂੰ ਤਾਂ ਕਮੇਟੀ ਦੀ ਅਧਿਐਨ ਰਿਪੋਰਟ ਨਾਲ ਮਤਲਬ ਹੈ। ਅਦਾਲਤ ਨੇ ਸਰਕਾਰ ਨੂੰ ਹੁਕਮ ਦਿੱਤੇ ਕਿ ਦੋ ਹਫ਼ਤਿਆਂ ਦੀ ਥਾਂ 4 ਹਫ਼ਤਿਆਂ ਦੇ ਸਮੇਂ ਦੇ ਅੰਦਰ ਗ੍ਰੰਥ ਬਾਰੇ ਰਿਪੋਰਟ ਅਦਾਲਤ 'ਚ ਪੇਸ਼ ਕੀਤੀ ਜਾਵੇ । ਇਸ ਮਾਮਲੇ ਦੀ ਅਗਲੀ ਸੁਣਵਾਈ 24 ਦਸੰਬਰ ਨੂੰ ਨਿਸਚਤ ਕੀਤੀ ਹੈ। ਸਰਕਾਰ ਦੇ ਵਕੀਲ ਨੇ ਇਸ ਮਾਮਲੇ 'ਤੇ ਸੁਪਰੀਮ ਕੋਰਟ 'ਚ ਕੇਸ ਚੱਲਣ ਤੇ 14 ਦਸੰਬਰ ਨੂੰ ਉਸ ਕੇਸ ਦੀ ਸੁਣਵਾਈ ਹੋਣ ਦਾ ਹਵਾਲਾ ਵੀ ਦਿੱਤਾ। ਬਾਬਾ ਭਨਿਆਰਾ ਨੇ ਸਰਕਾਰ ਵੱਲੋਂ ਗ੍ਰੰਥ 'ਤੇ ਲਗਾਈ ਪਾਬੰਦੀ ਦੇ ਮਾਮਲੇ ਨੂੰ ਅਦਾਲਤ 'ਚ ਚੁਣੌਤੀ ਦਿੱਤੀ ਹੋਈ ਹੈ। ਹਾਈਕੋਰਟ ਵੱਲੋਂ ਸਰਕਾਰ ਨੂੰ ਨਿਰਦੇਸ਼ ਦਿੱਤੇ ਗਏ ਸਨ ਕਿ ਗ੍ਰੰਥ ਦੇ ਅਧਿਐਨ ਲਈ ਮਾਹਿਰਾਂ ਦੀ ਕਮੇਟੀ ਦਾ ਗਠਨ ਕੀਤਾ ਜਾਵੇ ਤਾਂ ਜੋ ਗ੍ਰੰਥ ਵਿੱਚ ਕਿਹੜੀ ਗੱਲ ਇਤਰਾਜ਼ਯੋਗ ਹੈ ਤਾਂ ਕਿ ਉਸ ਬਾਰੇ ਤੱਥ ਸਾਹਮਣੇ ਆ ਸਕਣ।

## ਜਾਸੂਸੀ ਦੇ ਦੋਸ਼ 'ਚ ਭਾਰਤੀ ਗ੍ਰਿਫ਼ਤਾਰ

**ਪਿਸ਼ਾਵਰ:** ਪਾਕਿਸਤਾਨ ਨੇ ਭਾਰਤੀ ਨਾਗਰਿਕ ਨੂੰ ਜਾਸੂਸੀ ਕਰਨ ਦੇ ਦੋਸ਼ ਵਿਚ ਗ੍ਰਿਫ਼ਤਾਰ ਕਰਨ ਦਾ ਦਾਅਵਾ ਕੀਤਾ ਹੈ। ਪਾਕਿ ਪੁਲਿਸ ਨੇ ਦੱਸਿਆ ਕਿ ਬੱਨੂ ਜ਼ਿਲ੍ਹੇ ਵਿਚ ਭਾਰਤੀ ਨਾਗਿਰਕ ਕੋਲਨ ਰਾਜ ਨੂੰ ਪਾਕਿਸਤਾਨੀ ਫ਼ੌਜ ਨੇ ਜਾਨੀ ਖੇਲ ਇਲਾਕੇ ਵਿਚ ਛਾਪਾ ਮਾਰ ਕੇ ਗ੍ਰਿਫ਼ਤਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਹੈਦਰਾਬਾਦ ਦਾ ਰਹਿਣ ਵਾਲਾ ਰਾਜ ਰਾਅ ਦਾ ਏਜੰਟ ਹੈ ਜਿਸ ਦੇ ਕਬਜ਼ੇ ਵਿਚੋਂ ਪਾਕਿਸਤਾਨ ਦੇ ਅਹਿਮ ਨਕਸ਼ੇ ਤੇ ਹਥਿਆਰ ਵੀ ਬਰਾਮਦ ਹੋਏ ਹਨ। ਉਨ੍ਹਾਂ ਦੱਸਿਆ ਕਿ ਰਾਜ ਦਾ ਇਕ ਸਾਥੀ ਫਰਾਰ ਹੋਣ ਵਿਚ ਸਫਲ ਹੋ ਗਿਆ। ਬੇਸ਼ੱਕ ਪਾਕਿ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਬਦੁਲ ਬਾਸ਼ਿਤ ਨੇ ਕਿਸੇ ਅਜਿਹੀ ਗ੍ਰਿਫ਼ਤਾਰੀ ਦੀ ਪੁਸ਼ਟੀ ਨਹੀਂ ਕੀਤੀ ਪਰ ਭਰੋਸੇਯੋਗ ਸੂਤਰਾਂ ਅਨੁਸਾਰ ਰਾਜ ਕੋਲੋਂ ਕਿਸੇ ਅਣਦੱਸੀ ਥਾਂ 'ਤੇ ਲਿਜਾ ਕੇ ਪੁੱਛਗਿੱਛ ਕੀਤੀ ਜਾ ਰਹੀ ਹੈ।

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

ਸੈਕਰਾਮੈਂਟੋ, ਕੈਲੀਫੋਰਨੀਆ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

National Truck Driving School



Call For Special Price

Kashmir S. Thandi
Office: (866) 933-3038
Balhar S. Ranu
Cell:916-502-7733

4585 Pell Dr. Secramento CA, 95838

Real Estate & Loans Under One Roof

Call:Sam Chahal Tel: 916-612-5773

For Buying and Selling Residential, Commercial property and for Loans in Sacramento area



Sam (Sohanpreet)Chahal
CA Lic. 01504071
Realtor/Notary Public
e-mail:sam@jassigill.com

Short Sale Specialist

*ਜੇਕਰ ਤੁਹਾਡਾ ਘਰ ਕਿਸ਼ਤਾਂ ਬੰਦ ਕਰਨ ਕਰਕੇ ਫੋਰਕਲੋਜ਼ਰ 'ਚ ਹੈ ਤੇ ਟਰੱਸਟੀ ਸੇਲ ਦੀ ਤਾਰੀਖ ਵੀ ਆ ਗਈ ਹੈ ਤਾਂ ਵੀ ਅਸੀਂ ਤੁਹਾਡਾ ਘਰ Short Sale 'ਤੇ ਲਾ ਕੇ ਵੇਚ ਸਕਦੇ ਹਾਂ ਤੇ 2 ਤੋਂ 6 ਮਹੀਨੇ ਤੱਕ ਦਾ ਹੋਰ ਸਮਾਂ ਲੈ ਸਕਦੇ ਹਾਂ।
*Foreclosure ਦੇ ਮੁਕਾਬਲੇ Short Sale 'ਤੇ ਵੇਚਣ ਨਾਲ ਕਰੈਡਿਟ ਵੀ ਘੱਟ ਖਰਾਬ ਹੁੰਦਾ ਹੈ।
*ਜੇਕਰ ਤੁਸੀਂ ਕਿਸ਼ਤਾਂ ਵੇਲੇ ਸਿਰ ਦੇ ਰਹੇ ਹੋ ਤੇ ਘਰ ਦੀ ਕੀਮਤ ਲੋਨ ਨਾਲੋਂ ਕਾਫੀ ਘੱਟ ਗਈ ਹੈ ਤਾਂ ਵੀ Short Sale 'ਤੇ ਲਾ ਕੇ ਘਰ ਵੇਚ ਸਕਦੇ ਹਾਂ।

Reo-Bankowned Properties
Serving from Bay Area to Sacramento

We Help You Buy/Sell Business & Homes

Multi-Million Dollars Producer-2007-08

Call Master of Winners in Multiple Offers

ਸਰਕਾਰ ਵਲੋਂ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਨੂੰ ਹਜ਼ਾਰਾਂ ਡਾਲਰ ਟੈਕਸ ਕਰੈਡਿਟ ਦੇ ਰੂਪ ਵਿਚ ਦਿੱਤੇ ਜਾ ਰਹੇ ਹਨ। ਜਾਣਕਾਰੀ ਲਈ ਕਾਲ ਕਰੋ।

Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

# ਭੂਤਰੇ ਗੋਰੇ ਨਸਲਪ੍ਰਸਤਾਂ ਵਲੋਂ ਸਿੱਖ ਟੈਕਸੀ ਡਰਾਈਵਰ ਦੀ ਕੁਟਮਾਰ

**ਸੈਕਰਾਮੈਂਟੋ (ਮਨਦੀਪ ਮਾਨ):** ਲੰਘੇ ਐਤਵਾਰ ਤੜਕਸਾਰ ਭੂਤਰੇ ਹੋਏ ਕੁਝ ਗੋਰੇ ਨਸਲਪ੍ਰਸਤਾਂ ਨੇ ਇਕ ਸਿੱਖ ਟੈਕਸੀ ਡਰਾਈਵਰ ਦੀ ਬੇਵਜ੍ਹਾ ਭਾਰੀ ਕੁਟਮਾਰ ਕੀਤੀ। ਇਹ ਖਬਰ ਲਿਖੇ ਜਾਣ ਤਕ ਪੁਲਿਸ ਕੋਈ ਗ੍ਰਿਫਤਾਰੀ ਨਹੀਂ ਸੀ ਕਰ ਸਕੀ।

ਪੁਲਿਸ ਦਾ ਕਹਿਣਾ ਹੈ ਕਿ ਇਸ ਹਮਲੇ ਦਾ ਮਨੋਰਥ ਟੈਕਸੀ ਡਰਾਈਵਰ ਹਰਭਜਨ ਸਿੰਘ ਤੋਂ ਪੈਸੇ ਖੋਹਣਾ ਸੀ। ਦੂਜੇ ਪਾਸੇ ਹਰਭਜਨ ਸਿੰਘ ਦਾ ਕਹਿਣਾ ਹੈ ਕਿ ਗੋਰੇ ਉਸ ਤੋਂ ਪੈਸੇ ਨਹੀਂ ਸਨ ਖੋ ਰਹੇ ਸਗੋਂ ਉਸਦੀ ਪੱਗ ਕਰ ਕੇ ਉਸ ਉਪਰ ਹਮਲਾ ਕੀਤਾ ਗਿਆ। ਉਸਨੇ ਦੱਸਿਆ ਕਿ ਹਮਲਾਵਰ ਉਸਨੂੰ ਵਾਰ ਵਾਰ ਬਿਨ ਲਾਦੇਨ ਆਖ ਰਹੇ ਸਨ ਅਤੇ ਜਦੋਂ ਉਸਨੇ ਕਿਹਾ ਕਿ ਉਹ ਮੁਸਲਮਾਨ ਨਹੀਂ ਹੈ ਤਾਂ ਵੀ ਉਹ ਉਸਦੀ ਪੱਗ ਵਲ ਇਸ਼ਾਰਾ ਕਰ ਕੇ ਉਸਨੂੰ ਕੁਟਦੇ ਰਹੇ। ਇਸੇ ਦੌਰਾਨ ਅਮਰੀਕੀ-ਇਸਲਾਮੀ ਸਬੰਧਾਂ ਬਾਰੇ ਕੌਂਸਲ ਦੇ ਸੈਕਰਾਮੈਂਟੋ ਚੈਪਟਰ ਨੇ ਇਸ ਘਟਨਾ ਨੂੰ ਇਕ ਨਸਲਵਾਦੀ ਹਮਲਾ ਕਰਾਰ ਦਿੰਦਿਆਂ ਐਫ ਬੀ ਆਈ ਤੋਂ ਇਸ ਦੀ ਜਾਂਚ ਕਰਵਾਏ ਜਾਣ ਦੀ ਅਪੀਲ ਕੀਤੀ ਹੈ।

56 ਸਾਲਾ ਹਰਭਜਨ ਸਿੰਘ, ਜਿਸਨੂੰ ਉਸਦੇ ਸਾਥੀ ਪਿਆਰ ਨਾਲ ਪਿਆਰਾ ਸਿੰਘ ਵੀ ਕਹਿੰਦੇ ਹਨ ਅਤੇ ਸਮਾਰਟ ਕੈਬ ਕੰਪਨੀ ਦੀ ਟੈਕਸੀ ਨੰਬਰ 850 ਚਲਾਉਂਦਾ ਹੈ, ਨੇ ਸਨਿਚਰਵਾਰ ਦੀ ਰਾਤ ਨੂੰ 12 ਵਜੇ ਤੋਂ ਬਾਅਦ ਇਥੇ ਹਾਰਲੋਸ ਬਾਰ ਤੋਂ 2 ਗੋਰੇ ਮੁੰਡੇ ਅਤੇ 2 ਕੁੜੀਆਂ ਨੂੰ ਚੁਕਿਆ। ਇਹ ਮੁੰਡੇ-ਕੁੜੀਆਂ ਉਸਨੂੰ ਬਿਨਾ ਵਜ੍ਹਾ ਜਗ੍ਹਾ-ਜਗ੍ਹਾ ਘੁਮਾਉਂਦੇ ਰਹੇ ਅਤੇ ਅਖੀਰ ਉਸ ਨੂੰ ਵੈਸਟ ਸੈਕਰਾਮੈਂਟੋ ਵਿਚ ਇਕ ਬੰਦ ਗਲੀ ਵਿਚ ਲੈ ਗਏ। ਪਿਛਲੀ ਸੀਟ 'ਤੇ ਬੈਠੀ ਇਕ ਗੋਰੀ ਕੁੜੀ ਨੇ ਟੈਕਸੀ ਡਰਾਈਵਰ ਨੂੰ ਕਿਹਾ ਕਿ ਉਸਨੂੰ ਉਥੇ ਉਤਾਰ ਦੇਵੇ। ਦੂਜੀ ਗੋਰੀ ਕੁੜੀ ਡਰਾਈਵਰ ਦੀ ਨਾਲ ਵਾਲੀ ਸੀਟ 'ਤੇ ਬੈਠੀ ਸੀ।

ਜਦੋਂ ਇਕ ਗੋਰਾ ਨੌਜਵਾਨ ਕਿਰਾਏ ਦੇ ਪੈਸੇ ਦੇਣ ਲਗਿਆ ਤਾਂ ਦੂਜੇ ਗੋਰੇ ਮੁੰਡੇ ਨੇ ਹਰਭਜਨ ਸਿੰਘ ਨੂੰ ਕੁਟਣਾ ਸ਼ੁਰੂ ਕਰ ਦਿਤਾ। ਇਸ ਪਿਛੋਂ ਕਿਰਾਇਆ ਦੇ ਰਹੇ ਗੋਰੇ ਮੁੰਡੇ ਨੇ ਵੀ ਉਸਨੂੰ ਕੁਟਣਾ ਸ਼ੁਰੂ ਕਰ ਦਿਤਾ। ਇਸ ਦੌਰਾਨ ਹਰਭਜਨ ਸਿੰਘ ਦੀ ਨਾਲ ਵਾਲੀ ਸੀਟ ਉਤੇ ਬੈਠੀ ਕੁੜੀ ਹਰਭਜਨ ਸਿੰਘ ਦੇ ਬਚਾਅ ਲਈ ਉਸ ਉਤੇ ਡਿਗ ਪਈ ਪਰ ਹਮਲਾਵਰਾਂ ਨੇ ਉਸਨੂੰ ਵੀ ਬੁਰੀ ਤਰ੍ਹਾਂ ਕੁਟਿਆ। ਦੂਜੀ ਕੁੜੀ ਇਹ ਸਭ ਵੇਖ ਘਬਰਾ ਕੇ ਮੌਕੇ ਤੋਂ ਭਜ ਗਈ। ਇਸ ਦੌਰਾਨ ਹਰਭਜਨ ਸਿੰਘ ਨੇ ਬਚਾਉ ਲਈ ਆਪਣੀ ਕਾਰ ਤੋਰ ਲਈ ਅਤੇ ਹਮਲਾਵਰਾਂ ਨੇ ਚਲਦੀ ਕਾਰ ਵਿਚੋਂ ਅਗੇ ਬੈਠੀ ਕੁੜੀ ਨੂੰ ਥਲੇ ਖਿੱਚ ਲਿਆ।

ਇਸ ਮਾਰ-ਕੁਟਾਈ ਦੌਰਾਨ ਹਰਭਜਨ ਸਿੰਘ ਦੇ ਚੇਹਰੇ ਉਪਰ ਕਾਫੀ ਗੰਭੀਰ ਚੋਟਾਂ ਲੱਗੀਆਂ, ਖਾਸ ਕਰ ਅੱਖ ਉਪਰ। ਖੂਨ ਨਾਲ ਲੱਥਪਥ ਹਰਭਜਨ ਸਿੰਘ ਨੇ ਕਿਸੇ ਗੋਰੇ ਨੂੰ ਕਹਿ ਕੇ ਪੁਲਿਸ ਨੂੰ ਕਾਲ ਕਰਵਾਈ ਅਤੇ ਐਂਬੂਲੈਂਸ ਰਾਹੀਂ ਹਸਪਤਾਲ ਪਹੁੰਚਿਆ। ਉਸੇ ਦੇ ਜਖਮਾਂ ਉਪਰ ਕਈ ਟਾਂਕੇ ਲਗੇ ਹਨ। 2 ਦਿਨ ਹਸਪਤਾਲ ਰਖਣ ਪਿਛੋਂ ਸੋਮਵਾਰ ਨੂੰ ਉਸ ਨੂੰ ਛੁਟੀ ਦੇ ਦਿਤੀ ਗਈ।

ਇਸੇ ਦੌਰਾਨ ਟੈਕਸੀ ਡਰਾਈਵਰਾਂ ਦਾ ਇਕ ਵਫਦ ਮਹੇਸ਼ਇੰਦਰ ਸਿੰਘ ਬਠਿੰਡਾ, ਕੈਸ਼ਮੈਨ ਤੇ ਭਜਨ ਸਿੰਘ ਬਰਿਆਣਾ ਦੀ ਅਗਵਾਈ ਹੇਠ ਸ਼ਹਿਰ ਦੇ ਮੇਅਰ ਨੂੰ ਮਿਲਿਆ ਅਤੇ ਸਾਰੀ ਘਟਨਾ ਬਾਰੇ ਜਾਣਕਾਰੀ ਦਿਤੀ। ਵਫਦ ਨੇ ਪੁਲਿਸ ਦੇ ਢਿਲੇ ਰਵੱਈਏ ਦੀ ਸ਼ਿਕਾਇਤ ਵੀ ਮੇਅਰ ਪਾਸ ਦਰਜ ਕਰਵਾਈ। ਮਹੇਸ਼ਇੰਦਰ ਸਿੰਘ ਬਠਿੰਡਾ ਨੇ ਇਸ ਪੱਤਰਕਾਰ ਨਾਲ ਗੱਲ ਕਰਦਿਆਂ ਕਿਹਾ ਕਿ ਉਹ ਪਹਿਲਾਂ ਵੀ ਟੈਕਸੀ ਡਰਾਈਵਰਾਂ ਦੀ ਸੁਰਖਿਆ ਨੂੰ ਲੈ ਕੇ ਸਿਟੀ ਕੌਂਸਲ ਕੋਲ ਆਪਣੇ ਵਿਚਾਰ ਪਹੁੰਚਾ ਚੁਕੇ ਹਨ ਪਰ ਇਸ ਸਬੰਧੀ ਕੋਈ ਵੀ ਲੋੜੀਂਦੇ ਕਦਮ ਨਹੀਂ ਉਠਾਏ ਗਏ, ਪਿਛਲੇ ਤਿੰਨ ਮਹੀਨਿਆਂ ਵਿਚ ਕੁਟਮਾਰ ਦੀ ਇਹ ਅੱਠਵੀਂ ਘਟਨਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਉਹ ਜਲਦ ਹੀ ਟੈਕਸੀ ਚਾਲਕਾਂ ਦਾ ਇਕ ਵਫਦ ਲੈ ਕੇ ਐਨ ਆਰ ਆਈ ਸਭਾ ਕੈਲੀਫੋਰਨੀਆ ਦੇ ਪ੍ਰਧਾਨ ਸ੍ਰੀ ਕੈਨੀ ਵਿਰਕ ਨੂੰ ਨਾਲ ਲੈ ਕੇ ਪੁਲਿਸ ਮੁਖੀ ਅਤੇ ਮੇਅਰ ਨੂੰ ਮਿਲਣਗੇ ਅਤੇ ਮੰਗ ਕਰਨਗੇ ਕਿ ਇਸ ਸਬੰਧੀ ਸਖਤ ਸੁਰੱਖਿਆ ਕਦਮ ਉਠਾਏ ਜਾਣ।

# ਐਨ ਆਰ ਆਈ ਸਭਾ ਵਲੋਂ ਪ੍ਰਵਾਸੀਆਂ ਨੂੰ ਵੋਟ ਦੇ ਹੱਕ ਬਾਰੇ ਨੋਟੀਫਿਕੇਸ਼ਨ ਦਾ ਸਵਾਗਤ

**ਸੈਕਰਾਮੈਂਟੋ:** ਐਨ ਆਰ ਆਈ ਸਭ ਅਮਰੀਕਾ ਨੇ ਕੇਂਦਰ ਸਰਕਾਰ ਵਲੋਂ ਪ੍ਰਵਾਸੀ ਭਾਰਤੀਆਂ ਨੂੰ ਵੋਟ ਦਾ ਅਧਿਕਾਰ ਦੇਣ ਸਬੰਧੀ ਜਾਰੀ ਕੀਤੇ ਨੋਟੀਫਿਕੇਸ਼ਨ ਦਾ ਸਵਾਗਤ ਕੀਤਾ ਹੈ।

ਸਭਾ ਦੇ ਅਹੁਦੇਦਾਰਾਂ ਦੀ ਇਥੇ ਸ. ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ ਪ੍ਰਧਾਨ ਐਨ ਆਰ ਆਈ ਸਭਾ ਅਮਰੀਕਾ ਦੀ ਪ੍ਰਧਾਨਗੀ ਹੇਠ ਹੋਈ ਇਕ ਮੀਟਿੰਗ ਵਿਚ ਕੈਨੀ ਵਿਰਕ ਪ੍ਰਧਾਨ ਕੈਲੀਫੋਰਨੀਆ, ਨਰਿੰਦਰਪਾਲ ਸਿੰਘ ਹੁੰਦਲ ਮੁੱਖ ਬੁਲਾਰਾ ਐਨ ਆਰ ਆਈ ਸਭਾ ਅਮਰੀਕਾ, ਨਵਿੰਦਰ ਭੰਡਾਲ ਵਾਈਸ ਚੇਅਰਮੈਨ ਕੈਲੀਫੋਰਨੀਆ, ਬੌਬੀ ਗੋਸਲ ਵਾਈਸ ਚੇਅਰਮੈਨ ਕੈਲੀਫੋਰਨੀਆ, ਨੇਕਵੀਰ ਭੰਡਾਲ ਪ੍ਰਧਾਨ ਸੈਕਰਾਮੈਂਟੋ, ਦਿਲ ਨਿੱਝਰ ਜਨਰਲ ਸਕੱਤਰ, ਹਰਜਿੰਦਰ ਸਿੰਘ, ਬਲਿਹਾਰ ਸਿੰਘ ਸਰਪੰਚ, ਕਸ਼ਮੀਰ ਸਿੰਘ ਥਾਂਦੀ, ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ।

ਇਸ ਮੌਕੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਸ. ਜਸਪ੍ਰੀਤ ਸਿੰਘ ਅਟਾਰਨੀ ਨੇ ਕਿਹਾ ਕਿ ਕੇਂਦਰ ਸਰਕਾਰ ਵਲੋਂ ਜਾਰੀ ਨੋਟੀਫਿਕੇਸ਼ਨ ਪੰਜਾਬ ਸਰਕਾਰ ਦੀ ਅਹਿਮ ਜਿੱਤ ਹੈ ਕਿਉਂਕਿ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਗਠਜੋੜ ਸਰਕਾਰ ਵਲੋਂ ਕੇਂਦਰ ਸਰਕਾਰ ਤੇ ਪ੍ਰਵਾਸੀਆਂ ਦੇ ਇਸ ਮਸਲੇ ਸਬੰਧੀ ਕਈ ਵਾਰ ਦਬਾਅ ਪਾਇਆ ਗਿਆ ਸੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਅਤੇ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਪ੍ਰਵਾਸੀਆਂ ਦੇ ਮਸਲਿਆਂ ਦੇ ਹੱਲ ਲਈ ਯਤਨਸ਼ੀਲ ਹਨ ਜਿਸ ਕਾਰਨ ਉਨ੍ਹਾਂ ਪ੍ਰਤੀ ਵਿਦੇਸ਼ਾਂ ਵਿਚ ਸਤਿਕਾਰ ਵਧਿਆ ਹੈ। ਉਨ੍ਹਾਂ ਕੈਬਨਿਟ ਮੰਤਰੀ ਸ. ਸੇਵਾ ਸਿੰਘ ਸੇਖਵਾਂ ਵਲੋਂ ਪ੍ਰਵਾਸੀਆਂ ਲਈ ਡਾਕ ਰਾਹੀਂ ਵੋਟ ਪੋਲਿੰਗ ਦੀ ਕੇਂਦਰ ਸਰਕਾਰ ਕੋਲ ਕੀਤੀ ਮੰਗ ਦੀ ਪ੍ਰੋੜਤਾ ਕਰਦਿਆਂ ਕਿਹਾ ਕਿ ਇਹ ਅਧਿਕਾਰ ਪ੍ਰਵਾਸੀਆਂ ਨੂੰ ਮਿਲਣਾ ਚਾਹੀਦਾ ਹੈ ਤਾਂ ਹੀ ਉਹ ਇਸ ਕਾਨੂੰਨ ਦਾ ਸਹੀ ਲਾਹਾ ਲੈ ਸਕਦੇ ਹਨ।

ਇਸ ਮੌਕੇ ਬੀਤੇ ਦਿਨੀਂ ਇਕ ਸਿੱਖ ਡਰਾਈਵਰ ਦੀ ਹੋਈ ਲੁੱਟ ਅਤੇ ਕੁੱਟਮਾਰ ਦੀ ਘਟਨਾ ਦੇ ਖਿਲਾਫ ਵੀ ਰੋਸ ਪ੍ਰਗਟ ਕੀਤਾ ਗਿਆ ਅਤੇ ਇਸ ਸਬੰਧੀ ਪ੍ਰਸ਼ਾਸਨ ਤੱਕ ਅਵਾਜ਼ ਪਹੁੰਚਾਉਣ ਲਈ ਰਣਨੀਤੀ ਵੀ ਬਣਾਈ ਗਈ ਅਹੁਦੇਦਾਰਾਂ ਨੇ ਕਿਹਾ ਕਿ ਪੀੜਤ ਸਿੱਖ ਨੂੰ ਜਲਦੀ ਤੋਂ ਜਲਦੀ ਇਨਸਾਫ ਦਵਾਉਣ ਲਈ ਸੰਘਰਸ਼ ਅਰੰਭਿਆ ਜਾਵੇਗਾ।

PIA PEOPLES INSURANCE AGENCY

*Nationwide Trucking Insurance Specialist*


*1700 8th Street SW Waverly, Iowa 50677*

**LICENSED IN 46 STATES**

*Quote 50 Trucking Insurance Companies *No Interest – No Finance Fee Payment Plans

ਫਰੀ ਕੋਟ, ਵਧੀਆ ਕਵਰੇਜ, ਪਹੁੰਚਯੋਗ ਡਾਊਨ ਪੇਮੈਂਟ, ਦੇਸ਼ ਵਿਚ ਸਭ ਤੋਂ ਵਧੀਆ ਰੇਟ, ਅਨੁਭਵੀ ਸਟਾਫ ਜੋ ਤੁਹਾਡੀ ਮਦਦ ਲਈ ਹਮੇਸ਼ਾ ਤਿਆਰ ਹੈ।

ਇਕ ਵਾਰੀ ਇਹ ਜਾਨਣ ਲਈ ਬੈਨ ਹੋਗਨ ਨਾਲ ਸੰਪਰਕ ਕਰੋ ਕਿ ਪੀਪਲਜ਼ ਇੰਸ਼ੋਰੈਂਸ ਤੁਹਾਡੀਆਂ ਟਰਾਂਸਪੋਰਟੇਸ਼ਨ ਇੰਸ਼ੋਰੈਂਸ ਲੋੜਾਂ ਪੂਰੀਆਂ ਕਰਨ ਵਿਚ ਕਿਵੇਂ ਸਹਾਈ ਸਾਬਤ ਹੋ ਸਕਦੀ ਹੈ।




**1-800-932-4801 Ext. 345**

**Fax:877-902-3657**

ben@peoples-insurance.com
www.peoples-insurance.com

# ਗੁਰੂ ਨਾਨਕ ਮਿਸ਼ਨ ਟਰੱਸਟ ਢਾਹਾਂ ਕਲੇਰਾਂ ਮੰਦਹਾਲੀ 'ਚੋਂ ਬਾਹਰ:ਕਲੇਰ

**ਵਾਟਸਨਵਿਲ, ਕੈਲੀਫੋਰਨੀਆ:** ਅਮਰੀਕਾ ਦੇ ਦੌਰੇ 'ਤੇ ਆਏ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨ ਟਰੱਸਟ ਢਾਹਾਂ ਕਲੇਰਾਂ ਦੇ ਪ੍ਰਧਾਨ ਅਮਰਜੀਤ ਸਿੰਘ ਕਲੇਰ ਰੇਡੀਓ ਚੜ੍ਹਦੀ ਕਲਾਂ ਰਾਹੀਂ ਸਰੋਤਿਆਂ ਦੇ ਰੂ-ਬਰੂ ਹੋਏ। ਉਨ੍ਹਾਂ ਨੇ ਆਪਣਾ ਅਹੁਦਾ ਸੰਭਾਲਣ ਤੋਂ ਪਹਿਲਾਂ ਤੇ ਬਾਅਦ ਦੇ ਤਜਰਬੇ ਸਾਂਝੇ ਕੀਤੇ।



ਅਮਰਜੀਤ ਸਿੰਘ ਕਲੇਰ

ਰੇਡੀਓ ਚੜ੍ਹਦੀ ਕਲਾ ਦੇ ਮਾਲਕ ਤੇ ਹੋਸਟ ਗੁਰਚਰਨ ਸਿੰਘ ਮਾਨ ਵੱਲੋਂ ਪੁੱਛੇ ਸਵਾਲਾਂ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਟਰੱਸਟ ਦੇ ਪ੍ਰਬੰਧਾਂ ਵਿਚ ਸੁਧਾਰ ਕਰਨ ਨਾਲ 92 ਲੱਖ ਰੁਪਏ ਦੇ ਘਾਟੇ ਵਿਚ ਚੱਲ ਰਹੀ ਸੰਸਥਾ ਇਸ ਵਿੱਤੀ ਵਰ੍ਹੇ ਦੇ ਅੰਤ ਤੱਕ ਮੰਦਹਾਲੀ ਵਿਚੋਂ ਬਾਹਰ ਆ ਜਾਵੇਗੀ ਤੇ ਫਰਵਰੀ 'ਚ ਹੋਣ ਵਾਲੀ ਸਾਲਾਨਾ ਮੀਟਿੰਗ 'ਚ ਬੈਲੇਂਸ ਸ਼ੀਟ ਪੇਸ਼ ਕੀਤੀ ਜਾਵੇਗੀ ਜੋ ਘਾਟਾ ਮੁਕਤ ਹੋਵੇਗੀ। ਜ਼ਿਕਰਯੋਗ ਹੈ ਕਿ ਜਦੋਂ ਪਿਛਲੇ ਸਾਲ ਸ੍ਰੀ ਕਲੇਰ ਅਮਰੀਕਾ ਆਏ ਸਨ ਤਾਂ ਉਨ੍ਹਾਂ ਦੱਸਿਆ ਸੀ ਕਿ ਟਰੱਸਟ 92 ਲੱਖ ਦੇ ਘਾਟੇ 'ਚ ਚੱਲ ਰਿਹਾ ਹੈ।

ਪੱਤਰਕਾਰ ਹੁਸਨ ਲੜੋਆ ਬੰਗਾ ਨੇ ਬਾਬਾ ਬੁੱਧ ਸਿੰਘ ਦੀ ਤਾਰੀਫ ਕੀਤੀ ਪਰ ਬੀਬੀ ਸੁਸ਼ੀਲ ਸ਼ਰਮਾ ਵਾਲੇ ਵਾਕੇ ਨੂੰ ਮੰਦਭਾਗਾ ਦੱਸਿਆ। ਇਸ ਮੌਕੇ ਬਹੁਤ ਸਾਰੇ ਸਰੋਤਿਆਂ ਨੇ ਅਕਾਊਂਟਸ ਨੂੰ ਆਨਲਾਈਨ ਕਰਨ ਦਾ ਸੁਝਾਅ ਦਿੱਤਾ। ਇਸ ਮੌਕੇ ਫੋਨ ਰਾਹੀਂ ਪੁੱਛੇ ਸਵਾਲਾਂ ਦੇ ਜਵਾਬ 'ਚ ਸ੍ਰੀ ਕਲੇਰ ਨੇ ਕਿਹਾ ਕਿ ਉਚ ਵਿਦਿਆ ਲਈ ਇਕ ਹੋਰ ਯੂਨਿਟ ਦੀ ਉਸਾਰੀ ਚੱਲ ਰਹੀ ਹੈ ਤੇ ਉਹ ਜਿੱਥੇ ਇਸ ਪ੍ਰਾਜੈਕਟ ਲਈ ਮਾਇਕ ਸਹਾਇਤਾ ਲਈ ਅਮਰੀਕਾ ਆਏ ਹਨ ਉਥੇ ਪਰਵਾਸੀ ਭਰਾਵਾਂ ਨੂੰ ਮਾਰਚ-ਅਪਰੈਲ ਵਿਚ ਹੋਣ ਵਾਲੇ ਉਸ ਪ੍ਰਾਜੈਕਟ ਦੇ ਉਦਘਾਟਨ ਵਿਚ ਸ਼ਾਮਲ ਹੋਣ ਦਾ ਸੱਦਾ ਦਿੰਦੇ ਹਨ।

ਇਕ ਹੋਰ ਕਾਲਰ ਨੇ ਉਨ੍ਹਾਂ ਨੂੰ ਪੁੱਛਿਆ ਕਿ ਕੀ ਤੁਸੀਂ ਪਰਵਾਸੀ ਭਾਰਤੀਆਂ ਨੂੰ ਦੁੱਧ ਦੇਣ ਵਾਲੀ ਮੱਝ ਹੀ ਸਮਝਦੇ ਹੋ ਜਾਂ ਉਨ੍ਹਾਂ ਲਈ ਕੁਝ ਸਹੂਲਤਾਂ ਵੀ ਮੁਹੱਈਆ ਕਰਵਾਉਂਦੇ ਹੋ, ਤਾਂ ਜਵਾਬ ਵਿਚ ਸ੍ਰੀ ਕਲੇਰ ਨੇ ਕਿਹਾ ਕਿ ਨਰਸਿੰਗ ਲਈ ਪਰਵਾਸੀਆਂ ਵਾਸਤੇ 10 ਸੀਟਾਂ ਰਾਖਵੀਆਂ ਹਨ। ਨਾਲ ਹੀ ਹਸਪਤਾਲ ਵਿਚ ਪਰਵਾਸੀਆਂ ਵਾਸਤੇ ਵਾਤਾਵਰਣ ਅਨੁਕੂਲਤ ਕਮਰੇ ਹਨ ਤੇ ਹੌਲੀ ਹੌਲੀ ਹੋਰ ਸਹੂਲਤਾਂ ਵੀ ਦਿੱਤੀਆਂ ਜਾ ਰਹੀਆਂ ਹਨ।

ਯੂਨਾਈਟਡ ਸਪੋਰਟਸ ਕਲੱਬ ਦੇ ਚੇਅਰਮੈਨ ਅਮੋਲਕ ਸਿੰਘ ਗਾਖਲ ਨੇ ਕਾਲ ਕਰਕੇ ਜਿਥੇ ਸਮਾਜ ਸੇਵੀ ਸੰਸਥਾ ਦੇ ਪ੍ਰਧਾਨ ਦਾ ਇਥੇ ਆਉਣ ਲਈ ਧੰਨਵਾਦ ਕੀਤਾ, ਉਥੇ ਉਨ੍ਹਾਂ ਸਰੋਤਿਆਂ ਨੂੰ ਵੀ ਅਪੀਲ ਕੀਤੀ ਕਿ ਸਾਰਿਆਂ ਨੂੰ ਸੰਸਥਾ ਨਾਲ ਜੁੜਨਾ ਚਾਹੀਦਾ ਹੈ, ਕਿਸੇ ਵਿਸ਼ੇਸ਼ ਸ਼ਖਸ ਨਾਲ ਨਹੀਂ। ਸੰਸਥਾ ਸਥਿਰ ਹੁੰਦੀ ਹੈ, ਸੇਵਾਦਾਰ ਆਉਂਦੇ-ਜਾਂਦੇ ਰਹਿੰਦੇ ਹਨ। ਸਭ ਨੂੰ ਸਮਾਜ ਸੇਵੀ ਸੰਸਥਾਵਾਂ ਦੀ ਦਿਲ ਖੋਲ੍ਹ ਕੇ ਮਦਦ ਕਰਨੀ ਚਾਹੀਦੀ ਹੈ। ਅੰਤ ਵਿਚ ਅਮਰਜੀਤ ਸਿੰਘ ਕਲੇਰ ਨੇ ਸਮੂਹ ਪਰਵਾਸੀਆਂ ਦਾ ਧੰਨਵਾਦ ਕੀਤਾ ਜਿਨ੍ਹਾਂ ਸੰਸਥਾ ਦੀ ਚੜ੍ਹਦੀ ਕਲਾ ਲਈ ਸਦਾ ਵਧ-ਚੜ੍ਹ ਕੇ ਯੋਗਦਾਨ ਪਾਇਆ ਹੈ।

# ਅੰਮ੍ਰਿਤਸਰ-ਟੋਰਾਂਟੋ ਸਿੱਧੀ ਉਡਾਣ ਬਹਾਲ ਹੋਵੇਗੀ

**ਨਵੀਂ ਦਿੱਲੀ:** ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਨਵੀਂ ਦਿੱਲੀ ਵਿਚ ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰੀ ਪ੍ਰਫੁੱਲ ਪਟੇਲ ਨਾਲ ਮੁਲਾਕਾਤ ਕੀਤੀ। ਮੁਲਾਕਾਤ ਦੌਰਾਨ ਕੇਂਦਰੀ ਮੰਤਰੀ ਨੇ ਅੰਮ੍ਰਿਤਸਰ-ਟੋਰਾਂਟੋ ਸਿੱਧੀ ਏਅਰ ਇੰਡੀਆ ਉਡਾਣ ਬਹਾਲ ਕਰਨ ਨੂੰ ਸਿਧਾਂਤਕ ਰੂਪ ਵਿਚ ਪ੍ਰਵਾਨਗੀ ਦੇ ਦਿੱਤੀ। ਕੇਂਦਰੀ ਮੰਤਰੀ ਨੇ ਇਹ ਵੀ ਐਲਾਨ ਕੀਤਾ ਕਿ ਮਾਲਵੇ ਨੂੰ ਸੰਸਾਰ ਹਵਾਈ ਸੇਵਾ ਨਾਲ ਜੋੜਨ ਲਈ ਅਗਲੇ ਸਾਲ 20 ਜਨਵਰੀ ਨੂੰ ਬਠਿੰਡਾ ਘਰੇਲੂ ਟਰਮੀਨਲ ਦਾ ਨੀਂਹ ਪੱਥਰ ਰੱਖਿਆ ਜਾਵੇਗਾ।

ਵਫਦ ਵਿਚ ਨਵਜੋਤ ਸਿੰਘ ਸਿੱਧੂ, ਡਾ. ਰਤਨ ਸਿੰਘ ਅਜਨਾਲਾ, ਬਲਵਿੰਦਰ ਸਿੰਘ ਭੂੰਦੜ, ਨਰੇਸ਼ ਗੁਜਰਾਲ ਅਤੇ ਅਵਿਨਾਸ਼ ਰਾਏ ਖੰਨਾ (ਸਾਰੇ ਸੰਸਦ ਮੈਂਬਰ) ਤੇ ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਹਰਚਰਨ ਬੈਂਸ ਵੀ ਸ਼ਾਮਲ ਸਨ। ਸ੍ਰੀ ਪਟੇਲ ਨੇ ਏਅਰ ਇੰਡੀਆ ਦੇ ਚੇਅਰਮੈਨ-ਕਮ-ਮੈਨੇਜਿੰਗ ਡਾਇਰੈਕਟਰ ਅਰਵਿੰਦ ਯਾਦਵ ਨੂੰ ਅੰਮ੍ਰਿਤਸਰ-ਟੋਰਾਂਟੋ ਉਡਾਣ ਦੀ ਬਹਾਲੀ ਦਾ ਅਮਲ ਤੇਜ਼ ਕਰਨ ਲਈ ਆਖਿਆ।

ਚੇਤੇ ਰਹੇ ਕਿ ਅੰਮ੍ਰਿਤਸਰ-ਟੋਰਾਂਟੋ ਉਡਾਣ ਅਕਤੂਬਰ ਤੋਂ ਬੰਦ ਸੀ। ਸ੍ਰੀ ਪਟੇਲ ਨੇ ਸ੍ਰੀ ਬਾਦਲ ਨੂੰ ਦੱਸਿਆ ਕਿ ਬਠਿੰਡਾ ਘਰੇਲੂ ਟਰਮੀਨਲ ਦੀ ਸਥਾਪਨਾ ਲਈ ਲੋੜੀਂਦੀਆਂ ਰੱਖਿਆ, ਵਾਤਾਵਰਣ ਅਤੇ ਹੋਰ ਪ੍ਰਵਾਨਗੀਆਂ ਪਹਿਲਾਂ ਹੀ ਸੁਰੱਖਿਅਤ ਹਨ। ਵਫਦ ਵੱਲੋਂ ਮੰਤਰੀ ਨੂੰ ਦਿੱਤੇ ਯਾਦ ਪੱਤਰ ਵਿਚ ਦੱਸਿਆ ਗਿਆ ਕਿ ਅੰਮ੍ਰਿਤਸਰ-ਟੋਰਾਂਟੋ ਉਡਾਣ ਰੱਦ ਹੋਣ ਨਾਲ ਸੰਸਾਰ ਭਰ ਦੇ ਪਰਵਾਸੀ ਭਾਰਤੀ ਰੋਹ ਵਿਚ ਸਨ।

# ਕਲਮਾਡੀ ਦੇ ਸਾਥੀਆਂ ਦੇ ਟਿਕਾਣਿਆਂ 'ਤੇ ਛਾਪੇ

**ਨਵੀਂ ਦਿੱਲੀ:** ਕੇਂਦਰੀ ਜਾਚ ਬਿਊਰੋ (ਸੀ.ਬੀ.ਆਈ.) ਨੇ ਰਾਸ਼ਟਰਮੰਡਲ ਖੇਡਾਂ ਦੀ ਇੰਤਜ਼ਾਮੀਆ ਕਮੇਟੀ ਦੇ ਮੁਖੀ ਸੁਰੇਸ਼ ਕਲਮਾਡੀ ਦੇ ਚਾਰ ਸਹਾਇਕਾਂ ਦੇ 11 ਟਿਕਾਣਿਆਂ 'ਤੇ ਛਾਪੇ ਮਾਰੇ ਜਿਨ੍ਹਾਂ ਵਿਚ ਉਨ੍ਹਾਂ ਦੀਆਂ ਰਿਹਾਇਸ਼ਾਂ ਵੀ ਸ਼ਾਮਲ ਹਨ। ਇਹ ਛਾਪੇ ਖੇਡਾਂ ਦੇ ਨਤੀਜੇ ਦੱਸਣ ਵਾਲੇ ਇਲੈਕਟ੍ਰਾਨਿਕ ਸਿਸਟਮ ਲਈ ਦਿੱਤੇ ਗਏ 107 ਕਰੋੜ ਰੁਪਏ ਦੇ ਠੇਕੇ ਵਿਚ ਹੋਈਆਂ ਬੇਨਿਯਮੀਆਂ ਨਾਲ ਸਬੰਧਤ ਸਨ। ਜਾਂਚ ਏਜੰਸੀ ਨੇ ਉਨ੍ਹਾਂ ਖਿਲਾਫ ਕੇਸ ਵੀ ਦਰਜ ਕਰ ਲਏ ਹਨ।

ਸੀ.ਬੀ.ਆਈ. ਨੇ ਇੰਤਜ਼ਾਮੀਆ ਕਮੇਟੀ ਦੇ ਸਕੱਤਰ ਜਨਰਲ ਲਲਿਤ ਭਨੋਟ, ਡਾਇਰੈਕਟਰ ਜਨਰਲ ਵੀ.ਕੇ. ਵਰਮਾ, ਜੁਆਇੰਟ ਡਾਇਰੈਕਟਰ ਜਨਰਲ (ਕੋਆਰਡੀਨੇਸ਼ਨ) ਆਰ.ਕੇ. ਸਾਚੇਤੀ ਅਤੇ ਖੇਡਾਂ ਦੇ ਇਮੇਜ ਅਤੇ ਲੁੱਕ ਗਰੁਪ ਦੀ ਮੈਂਬਰ ਸੰਗੀਤਾ ਵਲਿੰਗਦਰ ਦੀਆਂ ਰਿਹਾਇਸ਼ਾਂ 'ਤੇ ਮਾਰੇ। ਇਹ ਛਾਪੇ ਗੁੜਗਾਉਂ, ਨੋਇਡਾ ਅਤੇ ਨਵੀਂ ਦਿੱਲੀ ਤੇ ਇੰਤਜ਼ਾਮੀਆ ਕਮੇਟੀ ਦਾ ਇਥੇ ਸਥਿਤ ਹੈਡਕੁਆਰਟਰ ਵਿਚ ਵੀ ਮਾਰੇ ਹਨ। ਇਹ ਠੇਕਾ ਸਵਿਟਰਜ਼ਰਲੈਂਡ ਦੀ ਇਕ ਕੰਪਨੀ ਨਾਲ ਕੀਤਾ ਗਿਆ ਸੀ ਅਤੇ ਸੀ.ਬੀ.ਆਈ. ਨੇ ਇਸ ਮੁਤੱਲਕ ਐਫ. ਆਈ.ਆਰ. ਦਰਜ ਕਰ ਲਈ ਗਈ ਹੈ।

ਰਾਸ਼ਟਰਮੰਡਲ ਖੇਡਾਂ ਸਬੰਧੀ ਪ੍ਰੋਜੈਕਟਾਂ ਵਿਚ ਬੇਨਿਯਮੀਆਂ ਬਾਰੇ ਸੀ.ਬੀ.ਆਈ. ਵੱਲੋਂ ਦਰਜ ਕੀਤੀ ਗਈ ਇਹ ਤੀਜੀ ਐਫ.ਆਈ.ਆਰ. ਹੈ। ਇਸ ਤੋਂ ਪਹਿਲਾਂ ਜਾਂਚ ਏਜੰਸੀ ਨੇ ਖੇਡਾਂ ਸਬੰਧੀ ਲੰਡਨ ਵਿਚ ਬੀਤੇ ਸਾਲ ਹੋਈ ਕੁਈਨਜ਼ ਬੈਟਨ ਰਿਲੇਅ ਦੇ ਸਬੰਧ ਵਿਚ ਦੋ ਐਫ.ਆਈ.ਆਰਜ਼ ਦਰਜ ਕੀਤੀਆਂ ਸਨ ਅਤੇ ਖੇਡਾਂ ਦੇ ਤਿੰਨ ਸਾਬਕਾ ਅਧਿਕਾਰੀਆਂ ਨੂੰ ਗ੍ਰਿਫ਼ਤਾਰ ਕੀਤਾ ਸੀ।

# ਪਰਵਾਸੀ ਭਾਰਤੀ ਕੁੜੀ ਨਾਲ ਵਿਆਹ ਕਰਾਉਣਾ ਮਹਿੰਗਾ ਪਿਆ

## ਲੱਖਾਂ ਰੁਪਏ ਠੱਗ ਕੇ ਵਾਪਸ ਤੋਰਿਆ

**ਫ਼ਿਰੋਜ਼ਪੁਰ:** ਪਿੰਡ ਸੁਰ ਸਿੰਘ ਦੇ ਅਜੇਪਾਲ ਨੂੰ ਵਿਦੇਸ਼ੀ ਲੜਕੀ ਨਾਲ ਵਿਆਹ ਕਰਵਾਉਣਾ ਉਸ ਵੇਲੇ ਮਹਿੰਗਾ ਪਿਆ ਜਦੋਂ ਉਹ ਉਸ ਨੂੰ ਲੱਖਾਂ ਦਾ ਚੂਨਾ ਲਾ ਕੇ ਆਸਟਰੇਲੀਆ ਜਾ ਪਹੁੰਚੀ।

ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਸੁਰ ਸਿੰਘ ਦੇ ਵਾਸੀ ਜਗਰੂਪ ਸਿੰਘ ਦੇ ਬੇਟੇ ਅਜੈਪਾਲ ਸਿੰਘ ਦਾ ਵਿਆਹ 23 ਜਨਵਰੀ 09 ਨੂੰ ਆਸਟਰੇਲੀਆ 'ਚ ਰਹਿੰਦੀ ਵੀਰਪ੍ਰੀਤ ਕੌਰ ਪੁੱਤਰੀ ਨਛੱਤਰ ਸਿੰਘ ਵਾਸੀ ਦਸਮੇਸ਼ ਨਗਰ ਮੋਗਾ ਹਾਲ ਵਾਸੀ ਮੈਲਬਰਨ ਨਾਲ ਬਗੈਰ ਦਾਜ-ਦਹੇਜ ਦੇ ਹੋਇਆ ਸੀ। ਵਿਆਹ ਪਿਛੋਂ ਵੀਰਪ੍ਰੀਤ ਕੌਰ ਨੇ ਜਲਦੀ ਆਸਟਰੇਲੀਆ ਵਾਪਸ ਪਰਤਣ ਬਾਰੇ ਦੱਸਿਆ ਤੇ ਪੜ੍ਹਾਈ ਪੂਰੀ ਕਰਨ ਲਈ 2 ਲੱਖ ਰੁਪਏ ਫੀਸ ਦੀ ਮੰਗ ਕੀਤੀ। ਅਜੇਪਾਲ ਅਨੁਸਾਰ ਉਸ ਦੀ ਪਤਨੀ ਮਹਿੰਗੇ ਸੂਟ, 40 ਗ੍ਰਾਮ ਸੋਨੇ ਦਾ ਸੈਟ ਤੇ 4 ਚੂੜੀਆਂ ਸੋਨੇ ਦੀਆਂ ਤੇ ਹੋਰ ਸਾਮਾਨ ਲੈ ਆਸਟਰੇਲੀਆ ਚਲੀ ਗਈ ਤੇ ਮੁੜ 2 ਲੱਖ ਰੁਪਏ ਦੀ ਮੰਗ ਕੀਤੇ ਜਾਣ 'ਤੇ 4 ਮਈ 09 ਨੂੰ ਉਸਨੇ ਵੀਰਪ੍ਰੀਤ ਕੌਰ ਦੇ ਖਾਤੇ 'ਚ ਇਕ ਲੱਖ 64 ਹਜ਼ਾਰ ਰੁਪਏ ਭੇਜੇ। ਉਸ ਵੱਲੋਂ ਘੱਟ ਹੋਣ ਬਾਰੇ ਕਹਿਣ 'ਤੇ 5 ਮਈ 09 ਨੂੰ ਫਿਰ 98553 ਰੁਪਏ ਭੇਜੇ ਗਏ।

ਅਜੇਪਾਲ ਨੇ ਦੱਸਿਆ ਕਿ ਪੀ.ਆਰ. ਦਾ ਕੇਸ ਲਾਉਣ ਲਈ ਵੀਰਪ੍ਰੀਤ ਕੌਰ ਨੇ 2 ਲੱਖ ਰੁਪਏ ਹੋਰ ਭੇਜਣ ਦੀ ਮੰਗ ਕੀਤੀ ਜਿਸ ਦੌਰਾਨ ਅਜੈਪਾਲ ਵੱਲੋਂ ਉਸਨੂੰ ਇਕ ਲੱਖ 16 ਹਜ਼ਾਰ 550 ਰੁਪਏ ਹੋਰ ਬੈਂਕ ਰਾਹੀਂ ਭੇਜੇ ਗਏ ਪਰ ਇਸ ਤੋਂ ਪਿਛੋਂ ਉਸਦੀ ਪਤਨੀ ਉਸਦੇ ਵੀਜ਼ੇ ਬਾਰੇ ਟਾਲ-ਮਟੋਲ ਕਰਨ ਲੱਗੀ ਅਖੀਰ 9 ਜਨਵਰੀ 10 ਨੂੰ ਜਦੋਂ ਉਹ ਆਸਟਰੇਲੀਆ ਪਹੁੰਚਿਆ ਤਾਂ ਉਸਦੀ ਪਤਨੀ ਦਾ ਰਵੱਈਆ ਠੀਕ ਨਹੀਂ ਸੀ ਤੇ ਉਸ ਨੂੰ ਵਾਪਸ ਚਲੇ ਜਾਣ ਬਾਰੇ ਦਬਾਅ ਬਣਾਇਆ ਗਿਆ।

ਅਜੈਪਾਲ ਸਿੰਘ ਨੇ ਦੱਸਿਆ ਕਿ ਹਲਾਤ ਤਲਖੀ ਭਰੇ ਹੋਣ ਕਾਰਨ ਤੇ ਉਹ ਆਪਣੇ ਦੋਸਤਾਂ ਕੋਲ ਆਸਟਰੇਲੀਆ 'ਚ ਰਹਿਣ ਲੱਗਾ ਤੇ 18 ਫਰਵਰੀ 10 ਨੂੰ ਵਾਪਸ ਭਾਰਤ ਆ ਗਿਆ। ਉਸਨੇ ਦੱਸਿਆ ਕਿ ਜਦੋਂ ਉਸਦੇ ਸੱਸ-ਸਹੁਰਾ 20 ਅਪਰੈਲ 10 ਨੂੰ ਭਾਰਤ ਪਰਤੇ ਤਾਂ ਉਹ ਇਲਾਕੇ ਦੇ ਮੋਹਤਬਰ ਤੇ ਰਿਸਤੇਦਾਰ ਲੈ ਕੇ ਉਨ੍ਹਾਂ ਕੋਲ ਗਏ ਤਾਂ ਉਨ੍ਹਾਂ ਕੋਈ ਗਲ ਨਹੀਂ ਸੁਣੀ।

ਅਜੇਪਾਲ ਦੀ ਸ਼ਿਕਾਇਤ 'ਤੇ ਪੁਲੀਸ ਨੇ ਕਾਨੂੰਨੀ ਕਾਰਵਾਈ ਕਰਦਿਆਂ ਵੀਰਪ੍ਰੀਤ ਕੌਰ, ਮਲਕੀਤ ਕੌਰ (ਸੱਸ) ਤੇ ਨਛੱਤਰ ਸਿੰਘ ਸਹੁਰਾ ਵਾਸੀ ਦਸਮੇਸ਼ ਨਗਰ ਮੋਗਾ ਖਿਲਾਫ਼ ਧੋਖਾਧੜੀ ਦਾ ਮਾਮਲਾ ਦਰਜ ਕਰਦਿਆਂ ਧਾਰਾ 420, 406, 120-ਬੀ ਆਈ.ਪੀ.ਸੀ. ਅਧੀਨ ਕਾਰਵਾਈ ਕੀਤੀ ਹੈ।

# ਓਬਾਮਾ ਨੂੰ ਧਮਕੀ ਦੇਣ ਵਾਲਾ ਗ੍ਰਿਫ਼ਤਾਰ

**ਨਿਊਯਾਰਕ:** ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੂੰ ਜਾਨ ਤੋਂ ਮਾਰਨ ਦੀ ਧਮਕੀ ਦੇਣ ਵਾਲੇ ਵਿਅਕਤੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

ਸੂਤਰਾਂ ਮੁਤਾਬਕ ਮਾਈਕਲ ਸਟੀਫਨ ਬੋਡੇਨ ਨਾਮਕ 78 ਸਾਲਾ ਇਸ ਸਾਬਕਾ ਸਿਪਾਹੀ ਨੇ ਸੇਵਾ ਮੁਕਤ ਫੌਜੀਆਂ ਦੇ ਇਕ ਕਲੀਨਿਕ 'ਚ ਕੰਮ ਕਰਦੀ ਇਕ ਨਰਸ ਨੂੰ ਕਿਹਾ ਸੀ ਕਿ ਉਹ ਵਾਸ਼ਿੰਗਟਨ ਜਾਣ ਦੀ ਸੋਚ ਰਿਹਾ ਹੈ ਤਾਂ ਕਿ ਉਥੇ ਜਾ ਕੇ ਉਹ ਰਾਸ਼ਟਰਪਤੀ ਬਰਾਕ ਓਬਾਮਾ ਨੂੰ ਗੋਲੀ ਮਾਰ ਸਕੇ। ਇਸ ਦਾ ਕਾਰਨ ਪੁੱਛੇ ਜਾਣ 'ਤੇ ਉਸ ਨੇ ਕਿਹਾ ਕਿ ਓਬਾਮਾ ਅਫਰੀਕੀ-ਅਮਰੀਕੀ ਨਾਗਰਿਕਾਂ ਦੀ ਸਹਾਇਤਾ ਲਈ ਕੁਝ ਨਹੀਂ ਕਰ ਰਿਹਾ ਹੈ।

# ਅਦਾਲਤ ਵੱਲੋਂ ਪਾਸ਼ਾ ਤੇ ਸਈਦ ਤਲਬ

**ਵਾਸ਼ਿੰਗਟਨ:** ਅਮਰੀਕੀ ਅਦਾਲਤ ਨੇ ਪਾਕਿਸਤਾਨ ਦੀ ਖੁਫ਼ੀਆ ਏਜੰਸੀ ਆਈ.ਐਸ.ਆਈ ਦੇ ਮੁਖੀ ਅਹਿਮਦ ਸ਼ੁਜਾ ਪਾਸ਼ਾ ਸਣੇ ਏਜੰਸੀ ਦੇ ਕਈ ਸੀਨੀਅਰ ਅਫ਼ਸਰਾਂ, ਹਮਲੇ ਦੇ ਸੂਤਰਧਾਰ ਤੇ ਲਸ਼ਕਰ-ਏ-ਤੋਇਬਾ ਦੇ ਆਗੂ ਹਾਫਿਜ਼ ਸਈਦ ਤੇ ਜ਼ਕੀਉਰ ਰਹਿਮਾਨ ਲਖਵੀ ਨੂੰ ਸੰਮਨ ਜ਼ਾਰੀ ਕੀਤੇ ਹਨ। ਇਹ ਸੰਮਨ ਮੁਬੰਈ ਹਮਲੇ 'ਚ ਮਾਰੇ ਗਏ ਦੋ ਅਮਰੀਕੀ ਨਾਗਰਿਕਾਂ ਦੇ ਰਿਸ਼ਤੇਦਾਰਾਂ ਵੱਲੋਂ ਪਾਈ ਪਟੀਸ਼ਨ ਦੀ ਸੁਣਵਾਈ ਦੌਰਾਨ ਜਾਰੀ ਕੀਤੇ ਗਏ। 26 ਪੰਨਿਆਂ ਦਾ ਇਹ ਮੁਕੱਦਮਾ ਨਿਊਯਾਰਕ ਦੀ ਇਕ ਅਦਾਲਤ 'ਚ ਆਈ.ਐਸ.ਆਈ. ਤੇ ਲਸ਼ਕਰ-ਏ-ਤੋਇਬਾ ਖ਼ਿਲਾਫ਼ ਰੱਬੀ ਗੈਵਰੀਅਲ ਨੋਆਹ ਹੋਲਜ਼ਬਰਗ ਤੇ ਉਸ ਦੀ ਪਤਨੀ ਰਿਵਕਾ ਦੇ ਰਿਸ਼ਤੇਦਾਰਾਂ ਵੱਲੋਂ ਦਾਇਰ ਕੀਤਾ ਗਿਆ ਹੈ। ਰੱਬੀ ਤੇ ਰਿਵਕਾ ਨੂੰ ਮੁੰਬਈ ਦੇ ਸ਼ਾਦਾਬ ਹਾਊਸ ਵਿਚ ਅਤਿਵਾਦੀਆਂ ਨੇ ਮਾਰ ਦਿੱਤਾ ਸੀ। ਮੁਕੱਦਮੇ ਵਿਚ ਦੋਸ਼ ਲਾਇਆ ਗਿਆ ਹੈ ਕਿ ਆਈ.ਐਸ.ਆਈ. ਨੇ ਲਸ਼ਕਰ-ਏ-ਤੋਇਬਾ ਨੂੰ ਸ਼ਹਿ ਦਿੱਤੀ ਸੀ। ਇਸ 'ਤੇ ਅਦਾਲਤ ਨੇ ਮੇਜਰ ਸਮੀਰ ਅਲੀ, ਆਜ਼ਮ ਚੀਮਾ, ਇਸਲਾਮੀ ਗਣਰਾਜ ਪਾਕਿਸਤਾਨ ਦੀ ਇੰਟਰ ਸਰਵਿਸਿਜ਼ ਇੰਟੈਲੀਜੈਂਸ,





ਮੇਜਰ ਇਕਬਾਲ, ਲਖਵੀ, ਲਸ਼ਕਰ-ਏ-ਤੋਇਬਾ, ਸਾਜਿਦ ਮਾਜਿਦ, ਪਾਸ਼ਾ, ਸਈਦ ਤੇ ਨਦੀਮ ਤਾਜ ਨੂੰ ਸੰਮਨ ਜਾਰੀ ਕੀਤੇ ਹਨ।

ਮਕਤੂਲ ਰੱਬੀ ਦੇ ਰਿਸ਼ਤੇਦਾਰਾਂ ਵੱਲੋਂ ਦਾਇਰ ਮੁਕੱਦਮੇ ਵਿਚ ਕਿਹਾ ਗਿਆ ਹੈ ਕਿ ਆਈ.ਐਸ.ਆਈ. ਆਪਣੇ ਮਕਸਦਾਂ ਦੀ ਪੂਰਤੀ ਲਈ ਲਸ਼ਕਰ-ਏ-ਤੋਇਬਾ ਸਣੇ ਕੌਮਾਂਤਰੀ ਦਹਿਸ਼ਤਗਰਦ ਗਰੁੱਪਾਂ ਨੂੰ ਪਾਲ਼ਦੀ ਤੇ ਵਰਤਦੀ ਰਹੀ ਹੈ। ਪਾਸ਼ਾ ਜੋ ਸਤੰਬਰ 2008 ਤੋਂ ਲੈ ਕੇ ਆਈ.ਐਸ.ਆਈ. ਦਾ ਡਾਇਰੈਕਟਰ ਚਲਿਆ ਆ ਰਿਹਾ, ਨੂੰ ਤਲਬ ਕੀਤਾ ਗਿਆ ਤੇ ਇਸੇ ਤਰ੍ਹਾਂ ਸਤੰਬਰ 2007 ਤੋਂ ਸਤੰਬਰ 2008 ਤੱਕ ਆਈ.ਐਸ. ਆਈ. ਦੇ ਡਾਇਰੈਕਟਰ ਜਨਰਲ ਰਹੇ ਨਦੀਮ ਤਾਜ ਨੂੰ ਵੀ ਸੰਮਨ ਜਾਰੀ ਕੀਤੇ ਗਏ ਹਨ। ਆਈ.ਐਸ.ਆਈ. ਅਫ਼ਸਰ ਮੇਜਰ ਇਕਬਾਲ ਤੇ ਮੇਜਰ ਸਮੀਰ ਅਲੀ ਨੂੰ ਵੀ ਤਲਬ ਕੀਤਾ ਗਿਆ ਹੈ। ਮੁਕੱਦਮੇ ਵਿਚ ਦੋਸ਼ ਲਾਇਆ ਗਿਆ ਹੈ ਕਿ ਮੁੰਬਈ ਦਹਿਸ਼ਤੀ ਹਮਲੇ ਦੀ ਵਿਉਂਤ, ਸਿਖਲਾਈ ਤੇ ਅਮਲ ਲਸ਼ਕਰ-ਏ-ਤੋਇਬਾ ਵੱਲੋਂ ਕੀਤਾ ਗਿਆ ਸੀ। ਆਈ.ਐਸ.ਆਈ. ਵੱਲੋਂ ਇਸ ਦੀ ਬਾਰੀਕ ਵਿਉਂਤ, ਸਾਜ਼ੋ-ਸਾਮਾਨ, ਕੰਟਰੋਲ ਤੇ ਤਾਲਮੇਲ ਦੇ ਰੂਪ ਵਿਚ ਮਦਦ ਕੀਤੀ ਸੀ। ਪਾਸ਼ਾ, ਤਾਜ, ਇਕਬਾਲ ਤੇ ਅਲੀ ਜਿਹੇ ਅਫ਼ਸਰ ਸਾਜ਼ੋ-ਸਾਮਾਨ ਤੇ ਹਥਿਆਰ ਮੁਹੱਈਆ ਕਰਵਾਉਣ ਵਿਚ ਪੂਰੀ ਤਰ੍ਹਾਂ ਸ਼ਾਮਲ ਸਨ। 26 ਨਵੰਬਰ 2008 ਤੋਂ ਪਹਿਲਾਂ ਇਹ ਅਫ਼ਸਰ ਹੈਡਲੀ ਤੇ ਰਾਣਾ ਜਿਹੇ ਅਮਰੀਕੀ ਨਾਗਰਿਕਾਂ ਤੋਂ ਮਦਦ ਲੈਂਦੇ ਰਹੇ ਸਨ। ਪਟੀਸ਼ਨ ਵਿਚ ਧਿਆਨ ਦਿਵਾਇਆ ਗਿਆ ਹੈ ਕਿ ਪਾਕਿਸਤਾਨ, ਕਸ਼ਮੀਰ ਤੇ ਅਫ਼ਗਾਨਿਸਤਾਨ ਵਿਚ ਲਸ਼ਕਰ-ਏ-ਤੋਇਬਾ ਦੇ ਕੈਂਪ ਅਜੇ ਵੀ ਚੱਲ ਰਹੇ ਹਨ ਤੇ ਇਹ ਗਰੁੱਪ ਭਾਰਤ, ਇਸਰਾਈਲ ਤੇ ਅਮਰੀਕਾ ਖ਼ਿਲਾਫ਼ ਸ਼ਰੇਆਮ ਹਿੰਸਾ ਦਾ ਪ੍ਰਚਾਰ ਕਰਦਾ ਹੈ।

ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਮੁੰਬਈ ਹਮਲੇ ਵਿਚ ਪਹਿਲਾਂ ਹੀ ਆਪਣੀ ਸ਼ਮੂਲੀਅਤ ਦਾ ਇਕਬਾਲ ਕਰ ਚੁੱਕਿਆ ਹੈਡਲੀ ਸ਼ਿਕਾਗੋ ਤੋਂ ਪਾਕਿਸਤਾਨ ਤੱਕ ਜਾਲ਼ ਬੁਣਦਾ ਆ ਰਿਹਾ ਸੀ ਤੇ ਉਹ ਲਸ਼ਕਰ-ਏ-ਤੋਇਬਾ ਤੇ ਆਈ.ਐਸ. ਆਈ. ਦੀ ਮਦਦ ਨਾਲ ਕੰਮ ਕਰਦਾ ਸੀ।

# ਸੁਖਬੀਰ ਸਿੰਘ ਬਾਦਲ ਦੀ ਅਗਲੀ ਪੇਸ਼ੀ 9 ਨੂੰ

**ਫ਼ਰੀਦਕੋਟ:** ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਖ਼ਿਲਾਫ਼ ਚੱਲ ਰਹੇ ਫੌਜਦਾਰੀ ਮੁਕੱਦਮੇ ਦੀ ਕਾਰਵਾਈ ਨੂੰ 9 ਦਸੰਬਰ ਤੱਕ ਮੁਲਤਵੀ ਕਰ ਦਿੱਤਾ ਗਿਆ ਹੈ। ਅਦਾਲਤ 'ਚ ਸੁਖਬੀਰ ਸਿੰਘ ਬਾਦਲ ਵੱਲੋਂ ਉਨ੍ਹਾਂ ਦੇ ਵਕੀਲ ਸੁਰਿੰਦਰ ਇਕਬਾਲ ਸਿੰਘ ਬਰਾੜ ਪੇਸ਼ ਹੋਏ।



ਜ਼ਿਕਰਯੋਗ ਹੈ ਕਿ ਸਤੰਬਰ, 1999 ਦੀਆਂ ਲੋਕ ਸਭਾ ਚੋਣਾਂ ਵੇਲੇ ਉਪ ਮੁੱਖ ਮੰਤਰੀ ਖਿਲਾਫ਼ ਪੱਤਰਕਾਰ ਦੀ ਕੁੱਟਮਾਰ ਕਰਨ ਤੇ ਕੈਮਰਾ ਖੋਹਣ ਦੇ ਦੋਸ਼ਾਂ ਤਹਿਤ ਇਹ ਫ਼ੌਜਦਾਰੀ ਮੁਕੱਦਮਾ ਚੱਲ ਰਿਹਾ ਹੈ। ਇਸ ਦੀ ਸੁਣਵਾਈ 'ਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਰੋਕ ਲਾਈ ਹੋਈ ਹੈ ਜਿਸ ਕਾਰਨ ਇਸ ਕੇਸ 'ਚ ਅੱਗੇ ਸੁਣਵਾਈ ਨਹੀਂ ਹੋ ਸਕੀ ਤੇ ਇਸ ਨੂੰ 9 ਦਸੰਬਰ ਤੱਕ ਮੁਲਤਵੀ ਕਰ ਦਿੱਤਾ ਗਿਆ। ਸਿਟੀ ਪੁਲੀਸ ਕੋਟਕਪੂਰਾ ਨੇ ਹਾਈ ਕੋਰਟ ਦੇ ਹੁਕਮਾਂ 'ਤੇ ਜੂਨ, 2006 ਸੁਖਬੀਰ ਬਾਦਲ ਖਿਲਾਫ਼ ਮਾਮਲਾ ਦਰਜ ਕੀਤਾ ਸੀ।

San Jose ਤੋਂ Sacramento, Yuba City, Fresno ਅਤੇ Bakersfield ਵਿੱਚ ਸੁਣਿਆ ਜਾਣ ਵਾਲਾ

ਪੰਜਾਬੀ ਰੇਡੀਓ
Punjabi RADIO
24 ਘੰਟੇ ਚੱਲਣ ਵਾਲਾ ਪੰਜਾਬੀ ਰੇਡੀਓ
ਕੀਮਤ $25
ਆਪਣੇ ਸਟੋਰ 'ਤੇ ਰੇਡੀਓ ਵੇਚਣ ਲਈ ਕਾਲ ਕਰੋ

ਖ਼ਬਰਾਂ
ਹਰ ਘੰਟੇ ਬਾਅਦ ਸਟੂਡੀਓ ਤੋਂ
ਪੰਜਾਬ ਇੰਡੀਆ ਅਤੇ ਪੰਜਾਬ ਪਾਕਿਸਤਾਨ ਤੋਂ
ਦੁਨੀਆਂ 'ਚ ਕਿਤੇ ਵੀ ਆਨਲਾਈਨ, ਆਈ ਫੋਨ, ਬਲੈਕ ਬੇਰੀ ਉਪਰ ਲਾਈਵ ਸੁਣ ਸਕਦੇ ਹੋ।
www.punjabiradiousa.com

ਗੁਰਬਾਣੀ ਪ੍ਰੋਗਰਾਮ
ਸਵੇਰ ਨੂੰ ਗੁਰਬਾਣੀ ਦਾ ਸਿੱਧਾ ਪ੍ਰਸਾਰਣ
ਗੁਰਦੁਆਰਾ ਸਾਹਿਬ ਫਰੀਮਾਂਟ ਤੋਂ
ਸ਼ਾਮ ਨੂੰ ਵੱਖ ਵੱਖ ਗੁਰੂਘਰਾਂ ਤੋਂ

ਸਪੈਸ਼ਲ ਟਾਕ ਸ਼ੋਅ ਹਰ ਰੋਜ
ਸ਼ਾਮ 8.00 ਤੋਂ 9.00 ਵਜੇ ਤੱਕ

ਨੌਜਵਾਨਾਂ ਦੇ ਦਿਲਾਂ ਦੀ ਧੜਕਣ
ਡੀ ਜੇ ਪ੍ਰੀਤ
25 ਅਕਤੂਬਰ ਤੋਂ
ਹਰ ਰੋਜ ਸ਼ਾਮ 4.00 ਵਜੇ ਤੋਂ 6.00 ਵਜੇ ਤੱਕ
ਫਰਮਾਈਸ਼ੀ ਗੀਤ ਸੁਣਾਇਆ ਕਰਨਗੇ।

ਹਰ ਘੰਟੇ ਬਾਅਦ ਪੰਜਾਬ, ਲਹਿੰਦਾ ਪੰਜਾਬ ਅਤੇ ਉੱਤਰੀ ਅਮਰੀਕਾ ਤੋਂ ਖਬਰਾਂ ਸੁਣੋ

ਪੰਜਾਬੀ ਰੇਡੀਓ Sacramento ਵਿਚ ਸ਼ੁਰੂ
Sacramento Station Covers
Antelope, Citrus Heights, Carmichael, Davis, Dixon, Elk Grove, Florin, Folsom, Gridley, Galt, Live Oak, Marysville, Natomas, Roseville, Rocklin, Rancho Cordova, Sacrament, Vacaville, Williams, Woodland, Yuba City.

ਰੇਡੀਓ ਹੇਠ ਲਿਖੇ ਸਟੋਰਾਂ ਤੋਂ ਪ੍ਰਾਪਤ ਕਰੋ ਜੀ

Sacramento & Yuba City Station
1) India Spices & Bollywood Music -Elk Grove -- 916-691-1110
2) India Market- Elk Grove -- 916-338-5511
3) India Stop-Elk Grove -- 916-685-3133
4) Desi Bazzar-Scaramento-- 916-509-9598
5) AB India Restaurant & Catering-Sacramento-- 916-681-6950
6) Star India Mart-Sacramento-- 916-525-2362
7) India House of Grocery-Sacramento-- 916-424-6342
8) India Fresh-Sacramento-- 916-476-6289
9) Natomas Fabrics-Sacramento-- 916-649-8786
10) Vicky Emporium-Sacramento-- 916-725-7633
11) Shan Market-Sacramento-- 916-649-9321
12) Hothi Palace-Sacramento-- 916-725-4825
13) Norcal Security, Near Gurdwara Sahib, Sacramento-- 916-416-1251
14) Kirpal Singh Dhillon-Elk Grove, CA-- 916-678-2268

Bay Area Stores
(San Jose & Berkeley Station)
1) Royal Fabrics- Union City 510-429-0122
2) Kash Fabrics- Hayward 510-538-1138
3) Roshni Fabrics & Grocery- Union City- 510-487-5141
4) McKee Liquors - San Jose- 408-929-1111
5) Bhai Khushminder Singh 408-406-9135

ਹੋਰ ਜਾਣਕਾਰੀ ਲਈ
Phone : 408.722.7698
Email: punjabiradiousa@yahoo.com
3750 McKee Road, # B, San Jose CA 95127

# ਵਿਦੇਸ਼ਾਂ ’ਚ ਵੀ ਨਾਜਾਇਜ਼ ਕਾਰੋਬਾਰ ’ਚ ਪੰਜਾਬੀ ਮੋਹਰੀ

ਦੁਬਈ-ਇਥੋਂ ਅਮੀਰ ਬਣਨ ਦੇ ਸੁਪਨੇ ਲੈ ਕੇ ਵਿਦੇਸ਼ਾਂ ‘ਚ ਗਏ ਪੰਜਾਬੀ ਵਿਦੇਸ਼ਾਂ ‘ਚ ਵੀ ਨਾਜਾਇਜ਼ ਕੰਮਾਂ ‘ਚ ਫਸ ਗਏ ਹਨ। ਘੋਰ ਗਰੀਬੀ ਕਾਰਨ ਰੋਜ਼ੀ-ਰੋਟੀ ਲਈ ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) ਗਏ ਦਰਜਨਾਂ ਭਾਰਤੀ ਨੌਜਵਾਨ ਉਥੋਂ ਦੇ ਲੇਬਰ ਕੈਂਪਾਂ ਵਿਚ ਨਾਜਾਇਜ਼ ਸ਼ਰਾਬ ਦੇ ਕਾਰੋਬਾਰ ਵਿਚ ਸ਼ਾਮਲ ਹੋਣ ਦੇ ਦੋਸ਼ ਕਾਰਨ ਜੇਲ੍ਹਾਂ ਵਿਚ ਬੰਦ ਹਨ।

ਸੂਤਰਾਂ ਮੁਤਾਬਕ ਗ੍ਰਿਫ਼ਤਾਰ ਕੀਤੇ ਗਏ ਇਨ੍ਹਾਂ ਨੌਜਵਾਨਾਂ ਵਿਚੋਂ ਜ਼ਿਆਦਾ ਕਰਕੇ ਨੌਜਵਾਨ ਸ਼ਾਰਜਾਹ ਤੇ ਦੁਬਈ ਵਿਚਲੇ ਵਿਰੋਧੀ ਗਰੁੱਪਾਂ ਦੇ ਮੈਂਬਰਾਂ ਦੀਆਂ ਹੱਤਿਆਵਾਂ ਦੇ ਦੋਸ਼ ਵਿਚ ਮੌਤ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਹਨ। ਯੂ.ਏ.ਈ. ਦੀਆਂ ਅਦਾਲਤਾਂ ਨੇ 22 ਭਾਰਤੀਆਂ ਨੂੰ ਪਿਛਲੇ ਤਿੰਨ ਸਾਲਾਂ ਵਿਚ ਮੌਤ ਦੀ ਸਜ਼ਾ ਸੁਣਾਈ ਗਈ। ਗਲਫ ਨਿਊਜ਼ ਦੀ ਜਾਂਚ ਮੁਤਾਬਕ 19 ਤੋਂ 28 ਸਾਲ ਦੀ ਉਮਰ ਦੇ 60 ਨੌਜਵਾਨ ਜਾਂ ਤਾਂ ਮੌਤ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਹਨ ਜਾਂ ਉਨ੍ਹਾਂ ਉਪਰ ਮੁਕੱਦਮੇ ਚੱਲ ਰਹੇ ਹਨ। ਇਨ੍ਹਾਂ ਵਿਚ 59 ਨੌਜਵਾਨ ਪੰਜਾਬ ਦੇ ਤੇ ਇਕ ਹਰਿਆਣਾ ਦਾ ਹੈ। ਇਨ੍ਹਾਂ ਵਿਚ ਉਹ 17 ਭਾਰਤੀ ਵੀ ਸ਼ਾਮਲ ਹਨ

### ਦੁਬਈ ’ਚ ਚਲਦੇ ਨੇ ਸ਼ਰਾਬ ਦੇ ਅੱਡੇ

ਜਿਨ੍ਹਾਂ ਨੂੰ ਸ਼ਾਰਜਾਹ ਵਿਚ ਨਾਜਾਇਜ਼ ਸ਼ਰਾਬ ਦੇ ਕਾਰੋਬਾਰ ‘ਤੇ ਕਬਜ਼ਾ ਕਰਨ ਲਈ ਲੜਾਈ ਦੌਰਾਨ ਇਕ ਪਾਕਿਸਤਾਨੀ ਨੂੰ ਕਤਲ ਕਰਨ ਦੇ ਦੋਸ਼ ਵਿਚ ਮੌਤ ਦੀ ਸਜ਼ਾ ਸੁਣਾਈ ਗਈ ਹੈ। ਯੂ.ਏ.ਈ. ਵਿਚ ਕਰੀਬ ਇਕ ਲੱਖ ਪੰਜਾਬੀ ਹਨ।

ਦੁਬਈ ਵਿਚਲੀ ਇੰਡੀਅਨ ਪੰਜਾਬੀ ਸੁਸਾਇਟੀ ਦੇ ਮੋਢੀ ਮੈਂਬਰ ਐਮ.ਪੀ. ਓਬਰਾਏ ਦਾ ਕਹਿਣਾ ਹੈ ਕਿ ਪੰਜਾਬੀ ਨੌਜਵਾਨਾਂ ਦੇ ਇਸ ਧੰਦੇ ਵਿਚ ਪੈਣ ਦਾ ਮੁੱਖ ਕਾਰਨ ਉਨ੍ਹਾਂ ਦੀ ਗਰੀਬੀ ਹੈ। ਇਹ ਨੌਜਵਾਨ ਆਪਣੇ ਪਰਿਵਾਰਾਂ ਦੀ ਗਰੀਬੀ ਦਾ ਰੋਣਾ-ਧੋਣ ਲਈ ਜਾਨ ਨੂੰ ਖਤਰੇ ਵਿਚ ਪਾ ਕੇ ਸ਼ਰਾਬ ਦੇ ਨਾਜਾਇਜ਼ ਕਾਰੋਬਾਰ ਵਿਚ ਰਲ ਗਏ। ਉਨ੍ਹਾਂ ਦੱਸਿਆ ਕਿ”ਗਰੀਬੀ ਦੇ ਸਤਾਏ ਨੌਜਵਾਨ ਪੰਜਾਬ ਤੋਂ ਕਰਜ਼ੇ ਚੁੱਕ ਕੇ ਇਥੇ ਆਉਂਦੇ ਹਨ। ਸਿਰ ‘ਤੇ ਕਰਜ਼ੇ ਦਾ ਭਾਰ ਤੇ ਪਰਿਵਾਰ ਦੀ ਹੋਰ ਜ਼ਿੰਮੇਵਾਰੀ ਉਨ੍ਹਾਂ ਨੂੰ ਗਲਤ ਪਾਸੇ ਤੋਰ ਰਹੀ ਹੈ।”

ਰਿਪੋਰਟ ਮੁਤਾਬਕ ਸ਼ਰਾਬ ਦੇ ਧੰਦੇ ਵਿਚ ਪੈਣ ਤੋਂ ਪਹਿਲਾਂ ਇਕ ਨੌਜਵਾਨ ਆਮ ਕੰਮ ਧੰਦੇ ਤੋਂ 14940 ਰੁਪਏ ਮਹੀਨਾ ਕਮਾਉਂਦਾ ਹੈ ਪਰ ਸ਼ਰਾਬ ਦੇ ਕਾਰੋਬਾਰ ਵਿਚ ਪੈਣ ਮਗਰੋਂ ਉਸ ਨੂੰ 6225 ਰੁਪਏ ਹਰ ਰੋਜ਼ ਮਿਲਦੇ ਹਨ। ਇਸ ਸਾਲ ਅਗਸਤ ਵਿਚ ਅਖਬਾਰ ਨੇ ਦੁਬਈ ਨੇੜਲੇ ਚਬੇਲ ਅਲੀ ਲੇਬਰ ਕੈਂਪਾਂ ਵਿਚ ਚੱਲ ਰਹੇ ਨਾਜਾਇਜ਼ ਸ਼ਰਾਬ ਦੇ ਕਾਰੋਬਾਰ ਦਾ ਪਰਦਾਫਾਸ਼ ਕੀਤਾ ਸੀ ਤੇ ਕਿਹਾ ਸੀ ਕਿ ਇਸ ਧੰਦੇ ਵਿਚ ਪੰਜਾਬੀਆਂ ਦਾ ਬੋਲਬਾਲਾ ਹੈ। ਇਨ੍ਹਾਂ ਨੇ ਆਪਣੇ ਆਪਣੇ ਖੇਤਰ ਵੰਡੇ ਹੋਏ ਹਨ। ਇਕ ਦੂਜੇ ਦੇ ਇਲਾਕੇ ਵਿਚ ਘੁਸਪੈਠ ਕਰਨ ਕਾਰਨ ਕਤਲ ਹੋ ਰਹੇ ਹਨ।

# ਤੀਹ ਹਜ਼ਾਰ ਭਾਰਤੀ ਵਿਦਿਆਰਥੀਆਂ ਵੱਲੋਂ ਆਸਟਰੇਲੀਆ ਨੂੰ ਅਲਵਿਦਾ

**ਚੰਡੀਗੜ੍ਹ:** ਹਮਲਿਆਂ, ਸਖ਼ਤ ਵੀਜ਼ਾ ਨਿਯਮਾਂ ਤੇ ਸਥਾਈ ਨਿਵਾਸ ਦੇਣ ਤੋਂ ਇਨਕਾਰ ਕਰਨ ਕਾਰਨ ਪਿਛਲੇ ਸਾਲ ਤਕਰੀਬਨ 30 ਹਜ਼ਾਰ ਭਾਰਤੀ ਵਿਦਿਆਰਥੀਆਂ ਨੇ ਆਸਟਰੇਲੀਆ ਨੂੰ ਅਲਵਿਦਾ ਕਹਿ ਦਿੱਤੀ ਹੈ। ਇਨ੍ਹਾਂ ਵਿੱਚੋਂ ਬਹੁਤੇ ਵਿਦਿਆਰਥੀ ਮੈਲਬਰਨ ਵਿਚ ਰਹਿ ਰਹੇ ਸਨ। ਮੈਲਬਰਨ ਤੋਂ ਛਪਦੀ ਅਖ਼ਬਾਰ ‘ਇੰਡੀਅਨ ਸਟੂਡੈਂਟ’ ਦੇ ਤਾਜ਼ਾ ਅੰਕ ਵਿਚ ਛਪੇ ਲੇਖ ਮੁਤਾਬਕ ਪਿਛਲੇ ਇਕ ਸਾਲ ਤੋਂ ਆਸਟਰੇਲੀਆ ਭਾਰਤੀ ਵਿਦਿਆਰਥੀਆਂ ਲਈ ਖਿੱਚਵੀ ਥਾਂ ਨਹੀਂ ਰਹੀ।

ਆਸਟਰੇਲੀਆ ਵਿਚ ਭਾਰਤੀ ਵਿਦਿਆਰਥੀ ਸੰਘ ਦੇ ਬੁਲਾਰੇ ਗੌਤਮ ਗੁਪਤਾ ਨੇ ਦੱਸਿਆ ਕਿ ਹਿਜਰਤ ਦਾ ਸਭ ਤੋਂ ਵੱਡਾ ਕਾਰਨ ਨਸਲੀ ਹਮਲੇ ਹਨ। ਰੁਜ਼ਗਾਰ ਦੀ ਘਾਟ ਕਾਰਨ ਵੀ ਵਿਦਿਆਰਥੀ ਆਸਟਰੇਲੀਆ ਛੱਡ ਰਹੇ ਹਨ। ਸ਼ਰਤਾਂ ਪੂਰੀਆਂ ਕਰਨ ਦੇ ਬਾਵਜੂਦ ਸਥਾਈ ਨਿਵਾਸ ਦੀ ਮਨਜ਼ੂਰੀ ਨਾ ਮਿਲਣਾ ਵੀ ਇਕ ਕਾਰਨ ਹੈ।

ਸੂਤਰਾਂ ਅਨੁਸਾਰ ਆਸਟਰੇਲੀਆਈ ਡਾਲਰ ਦੀ ਮਜ਼ਬੂਤੀ ਕਾਰਨ ਵੀ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਘਟੀ ਹੈ। ਆਸਟਰੇਲੀਆਈ ਡਾਲਰ ਦੀ ਕੀਮਤ ਵਧਣ ਨਾਲ ਉਥੇ ਸਥਾਈ ਰੂਪ ’ਚ ਰਹਿਣ ਵਾਲੇ ਵਿਦਿਆਰਥੀਆਂ ਨੂੰ ਫਾਇਦਾ ਹੈ ਪਰ ਭਾਰਤ ਤੋਂ ਆਸਟਰੇਲੀਆ ਜਾਣਾ ਕਾਫੀ ਮਹਿੰਗਾ ਪੈਂਦਾ ਹੈ। ਦੋ ਸਾਲ ਪਹਿਲਾਂ ਆਸਟਰੇਲੀਆ ਡਾਲਰ ਦੀ ਕੀਮਤ 30 ਰੁਪਏ ਸੀ ਜੋ ਹੁਣ ਵਧ ਕੇ 44 ਰੁਪਏ ਤਕ ਪਹੁੰਚ ਗਈ ਹੈ। ਆਸਟਰੇਲੀਆ ਵਿਚ ਦੋ ਸਾਲ ਖੋਜ ਦੀ ਫੀਸ ਔਸਤਨ 36000 ਡਾਲਰ ਹੈ।

# ਰੁਪਏ ਗੁੰਮ ਹੋਣ ’ਤੇ ਕਿਸਾਨ ਵੱਲੋਂ ਆਤਮ ਹੱਤਿਆ

**ਬਾਘਾ ਪੁਰਾਣਾ:** ਭੇਤਭਰੇ ਢੰਗ ਨਾਲ 6 ਲੱਖ 50 ਹਜ਼ਾਰ ਰੁਪਏ ਗੁੰਮ ਹੋ ਜਾਣ ‘ਤੇ ਪਿੰਡ ਢਿੱਲਵਾਂ ਵਾਲਾ ਦੇ ਕਿਸਾਨ ਵੱਲੋਂ ਜ਼ਹਿਰ ਪੀ ਕੇ ਜੀਵਨ ਖੁਦਕੁਸ਼ੀ ਕਰ ਲਈ ਗਈ। ਮ੍ਰਿਤਕ ਸੁਖਦੇਵ ਸਿੰਘ (46 ਸਾਲ) ਦੇ ਬੇਟੇ ਰਣਜੀਤ ਸਿੰਘ ਵੱਲੋਂ ਪੁਲਿਸ ਨੂੰ ਦੱਸਿਆ ਕਿ ਸੁਖਦੇਵ ਸਿੰਘ ਨੇ 24 ਨਵੰਬਰ ਨੂੰ ਬੈਂਕ ਆਫ ਇੰਡੀਆ ਰੋਡੇ ਦੀ ਬਰਾਂਚ ਵਿਚ ਲਿਮਟ ਭਰੀ ਸੀ। ਲਿਮਟ ਭਰਨ ਉਪਰੰਤ 25 ਨਵੰਬਰ ਨੂੰ ਬੈਂਕ ਵਿਚੋਂ 2 ਲੱਖ ਰੁਪਏ ਦੀ ਰਾਸ਼ੀ ਸੁਖਦੇਵ ਸਿੰਘ ਤੇ ਪਿੰਡ ਢਿੱਲਵਾਂ ਵਾਲਾ ਦੇ ਹੀ ਕਿਸਾਨ ਰੂਪ ਸਿੰਘ ਨੇ 5 ਲੱਖ ਰੁਪਏ ਦੀ ਰਾਸ਼ੀ ਬੈਂਕ ਵਿਚੋਂ 25 ਨਵੰਬਰ ਨੂੰ ਕਢਵਾਈ। ਜਿਸ ਵਿਚੋਂ ਸਾਢੇ 6 ਲੱਖ ਰੁਪਏ ਥੈਲੇ ਵਿਚ ਪਾ ਕੇ ਮੋਟਸਾਈਕਲ ਨਾਲ ਬੰਨ੍ਹ ਲਏ ਤੇ 50 ਹਜ਼ਾਰ ਰੁਪਏ ਸੁਖਦੇਵ ਸਿੰਘ ਨੇ ਆਪਣੀ ਜੇਬ ਵਿਚ ਪਾ ਲਏ। ਸੁਖਦੇਵ ਸਿੰਘ ਤੇ ਰੂਪ ਸਿੰਘ ਨੇ ਬਾਘਾ ਪੁਰਾਣਾ ਪਹੁੰਚ ਕੇ ਸਥਾਨਕ ਬੱਸ ਅੱਡੇ ਸਾਹਮਣੇ ਇਕ ਦੁਕਾਨ ‘ਤੇ ਕੁਝ ਪੈਸੇ ਦਿੱਤੇ ਤੇ ਮੁੜ ਵਾਪਸ ਪਿੰਡ ਢਿੱਲਵਾਂ ਵਾਲਾ ਨੂੰ ਚੱਲ ਪਏ। ਜਦੋਂ ਇਹ ਦੋਵੇਂ ਪਿੰਡ ਦੱਲੂਵਾਲਾ ਵਿਖੇ ਪਹੁੰਚੇ ਤਾਂ ਮੋਟਰਸਾਈਕਲ ਨਾਲ ਬੰਨ੍ਹਿਆ ਝੋਲਾ ਗਾਇਬ ਸੀ। ਜਿਸ ‘ਤੇ ਸੁਖਦੇਵ ਸਿੰਘ ਤੇ ਰੂਪ ਸਿੰਘ ਨੇ ਪੁਲਿਸ ਥਾਣਾ ਬਾਘਾ ਪੁਰਾਣਾ ਨੂੰ ਸੂਚਿਤ ਕਰ ਦਿੱਤਾ।

ਪੈਸੇ ਗੁੰਮ ਹੋਣ ਸਦਕਾ ਸੁਖਦੇਵ ਸਿੰਘ ਦਿਮਾਗੀ ਤੌਰ ‘ਤੇ ਪਰੇਸ਼ਾਨ ਹੋ ਗਿਆ ਤੇ ਆਪਣੇ ਖੇਤ ਵਿਚ ਜਾ ਕੇ ਸਪਰੇਅ ਵਾਲੀ ਦਵਾਈ ਪੀ ਲਈ ਤੇ ਉਸਦੀ ਹਸਪਤਾਲ ਲਿਜਾਂਦੇ ਵਕਤ ਮੌਤ ਹੋ ਗਈ। ਸੁਖਦੇਵ ਸਿੰਘ ਸਿਰ ਬੈਂਕਾਂ ਤੇ ਲੋਕਾਂ ਦਾ ਕਰਜ਼ਾ ਵੀ ਸੀ।

## ਉਜਲ ਦੁਸਾਂਝ ਖਿਲਾਫ ਚੰਡੀਗੜ੍ਹ ਦੀ ਅਦਾਲਤ ’ਚ ਫੌਜਦਾਰੀ ਕੇਸ ਦਰਜ

**ਚੰਡੀਗੜ੍ਹ:** ਸਿੱਖਸ ਫਾਰ ਜਸਟਿਸ ਨੇ ਕੈਨੇਡਾ ਦੇ ਨਾਗਰਿਕ ਅਵਤਾਰ ਸਿੰਘ ਰਾਹੀਂ ਵੈਨਕੂਵਰ, ਕੈਨੇਡਾ ਤੋਂ ਸੰਸਦ ਮੈਂਬਰ ਸ੍ਰੀ ਉਜਲ ਦੁਸਾਂਝ ਦੇ ਖਿਲਾਫ ਖਾਲਿਸਤਾਨ ਲਈ ਆਵਾਜ਼ ਉਠਾ ਰਹੇ ਸਿੱਖਾਂ ਦੇ ਖਿਲਾਫ ਦਿੱਤੇ ਬਿਆਨ ਦੇ ਆਧਾਰ ‘ਤੇ ਇਥੋਂ ਦੇ ਚੀਫ ਜੁਡੀਸ਼ੀਅਲ ਮੈਜਿਸਟਰੇਟ ਦੀ ਅਦਾਲਤ ਵਿਚ ਫੌਜਦਾਰੀ ਮੁਕੱਦਮਾ ਦਾਇਰ ਕੀਤਾ ਹੈ। ਕੈਨੇਡਾ ਦੇ ਨਾਗਰਿਕ ਅਤੇ ਸਿੱਖਸ ਫਾਰ ਜਸਟਿਸ ਦੇ ਯੂਥ ਕੋਆਰਡੀਨੇਟਰ ਜਤਿੰਦਰ ਸਿੰਘ ਗਰੇਵਾਲ ਇਸ ਮੁਕੱਦਮੇ ਵਿਚ ਮੁਢਲੇ ਗਵਾਹ ਹੋਣਗੇ।

ਇਸ ਮੁਕੱਦਮੇ ਦੀ ਪੈਰਵਾਈ ਕਰਦਿਆਂ ਮਨੁੱਖੀ ਅਧਿਕਾਰਾਂ ਬਾਰੇ ਉਘੇ ਵਕੀਲ ਨਵਕਿਰਨ ਸਿੰਘ ਨੇ ਕਿਹਾ ਕਿ ਉਜਲ ਦੁਸਾਂਝ ਦੇ ਖਿਲਾਫ ਭਾਰਤੀ ਦੰਡਾਵਲੀ ਦੀ ਧਾਰਾ 500-501 ਤਹਿਤ ਕੇਸ ਦਾਇਰ ਕੀਤਾ ਗਿਆ ਹੈ। ਅਦਾਲਤ ਨੇ ਕੇਸ ਦੀ ਸੁਣਵਾਈ ਲਈ 12 ਦਸੰਬਰ 2010 ਦੀ ਤਰੀਕ ਪਾਈ ਹੈ ਅਤੇ ਉਜਲ ਦੁਸਾਂਝ ਨੂੰ ਮਾਨਹਾਨੀ ਦੇ ਫੌਜਦਾਰੀ ਦੰਡ ਲਈ ਤਲਬ ਕੀਤਾ ਜਾਵੇਗਾ। ਐਡਵੋਕੇਟ ਨਵਕਿਰਨ ਸਿੰਘ ਨੇ ਦਸਿਆ ਕਿ ਜੇਕਰ ਅਦਾਲਤ ਅਪਰਾਧਕ ਮੁਕੱਦਮੇ ਵਿਚ ਲਾਏ ਗਏ ਦੋਸ਼ਾਂ ਨੂੰ ਸਹੀ ਠਹਿਰਾਉਂਦੀ ਹੈ ਤਾਂ ਦੋ ਸਾਲ ਦੀ ਸਜ਼ਾ ਦਾ ਹੁਕਮ ਦੇ ਸਕਦੀ ਹੈ।

ਇਸੇ ਦੌਰਾਨ ਮਨੁੱਖੀ ਅਧਿਕਾਰ ਜਥੇਬੰਦੀ ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਅਟਰਾਨੀ ਗੁਰਪਤਵੰਤ ਸਿੰਘ ਪੰਨੂ ਨੇ ਦਸਿਆ ਕਿ ਸ੍ਰੀ ਦੁਸਾਂਝ ਖਿਲਾਫ ਫੌਜਦਾਰੀ ਮੁਕੱਦਮੇ ਦਾ ਆਧਾਰ ਉਹ ਬਿਆਨ ਹਨ ਜੋ ਉਨ੍ਹਾਂ 11 ਸਤੰਬਰ 2010 ਨੂੰ ਚੰਡੀਗੜ੍ਹ ਵਿਚ ਇਕ ਪ੍ਰੈਸ ਕਾਨਫਰੰਸ ਵਿਚ ਦਿੱਤੇ। ਇਨ੍ਹਾਂ ਬਿਆਨਾਂ ਵਿਚ ਉਨ੍ਹਾਂ ਕੈਨੇਡਾ ਸਰਕਾਰ ਨੂੰ ਚਿਤਾਵਨੀ ਦਿੱਤੀ ਸੀ ਕਿ ਕੈਨੇਡਾ ਵਿਚ ਰਹਿੰਦੇ ਦੂਜੀ ਅਤੇ ਤੀਜੀ ਪੀੜੀ ਦੇ ਸਿੱਖ ਪਰਵਾਸੀ ਖਾਲਿਸਤਾਨ ਨੂੰ ਬੜਾਵਾ ਦੇ ਰਹੇ ਹਨ।

ਉਨ੍ਹਾਂ ਕਿਹਾ ਕਿ ਕੈਨੇਡਾ ਦੇ ਜੰਮਪਲ ਨਾਗਰਿਕ ਜਿਹੜੇ ਹਲਫੀਆ ਬਿਆਨ ਦੇਣਾ ਚਾਹੁੰਦੇ ਉਹ ਅੱਗੇ ਆਉਣ ਕਿ ਉਜਲ ਦੁਸਾਂਝ ਦੇ ਬਿਆਨ ਦੂਜੀ ਅਤੇ ਤੀਜੀ ਪੀੜੀ ਦੇ ਸਿੱਖਾਂ ਲਈ ਮਾਨਹਾਨੀ ਹੈ।

*Visit us on the web:*
***punjabtimesusa.com***

# ਹਰਸਿਮਰਤ ਬਾਦਲ ਸਭ ਤੋਂ ਅਮੀਰ ਸੰਸਦ ਮੈਂਬਰ

**ਬਠਿੰਡਾ:** ਬਠਿੰਡਾ ਤੋਂ ਸੰਸਦ ਮੈਂਬਰ ਤੇ ਉਪ ਮੁਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਧਰਮ ਪਤਨੀ ਹਰਸਿਮਰਤ ਕੌਰ ਬਾਦਲ ਉੱਤਰੀ ਭਾਰਤ ਦੀ ਸਭ ਤੋਂ ਦੌਲਤਮੰਦ ਮਹਿਲਾ ਸੰਸਦ ਮੈਂਬਰ ਹੈ। ਨੈਸ਼ਨਲ ਇਲੈਕਸ਼ਨ ਵਾਚ (ਏ.ਡੀ.ਆਰ.) ਵੱਲੋਂ ਜੋ ਸੰਸਦ ਮੈਂਬਰਾਂ ਦੀ ਜਾਇਦਾਦ ਦਾ ਮੁਲਾਂਕਣ ਕੀਤਾ ਗਿਆ ਹੈ ਉਸ ਵਿਚ ਬੀਬੀ ਬਾਦਲ ਦਾ ਮੁਲਕ ਦੀਆਂ ਮਹਿਲਾ ਸੰਸਦ ਮੈਂਬਰਾਂ ‘ਚੋਂ ਦੂਸਰਾ ਨੰਬਰ ਹੈ ਜਦੋਂਕਿ ਉਤਰੀ ਭਾਰਤ ‘ਚ ਪਹਿਲਾ ਨੰਬਰ ਹੈ।



ਏ.ਡੀ.ਆਰ. ਅਨੁਸਾਰ ਲੋਕ ਸਭਾ ਦੇ 543 ਸੰਸਦ ਮੈਂਬਰਾਂ ‘ਚੋਂ 59 ਮਹਿਲਾ ਸੰਸਦ ਮੈਂਬਰਾਂ ਹਨ। ਇਨ੍ਹਾਂ 59 ਮਹਿਲਾ ਸੰਸਦ ਮੈਂਬਰਾਂ ‘ਚੋਂ 57 ਮਹਿਲਾ ਸੰਸਦ ਮੈਂਬਰਾਂ ਨਾਲੋਂ ਬੀਬੀ ਬਾਦਲ ਕੋਲ ਜ਼ਿਆਦਾ ਜਾਇਦਾਦ ਹੈ। ਦੌਲਤ ‘ਚ ਪਹਿਲੇ ਨੰਬਰ ‘ਤੇ ਉੱਤਰ ਪ੍ਰਦੇਸ਼ ਦੇ ਪ੍ਰਤਾਪਗੜ੍ਹ ਹਲਕੇ ਤੋਂ ਮਹਿਲਾ ਸੰਸਦ ਮੈਂਬਰ ਰਾਜ ਕੁਮਾਰੀ ਰਤਨਾ ਸਿੰਘ ਹੈ ਜੋ ਕਾਂਗਰਸ ਦੀ ਟਿਕਟ ‘ਤੇ ਚੋਣ ਜਿੱਤੀ ਹੈ। ਰਾਜ ਕੁਮਾਰੀ ਰਤਨਾ ਸਿੰਘ ਕੋਲ 67.82 ਕਰੋੜ ਰੁਪਏ ਦੀ ਚੱਲ-ਅਚੱਲ ਜਾਇਦਾਦ ਹੈ ਜਦੋਂਕਿ ਬੀਬੀ ਹਰਸਿਮਰਤ ਕੌਰ ਬਾਦਲ ਕੋਲ 60.31 ਕਰੋੜ ਰੁਪਏ ਦੀ ਜਾਇਦਾਦ ਹੈ। ਇਸ ‘ਚ ਪਰਿਵਾਰਕ ਜਾਇਦਾਦ ਵੀ ਸ਼ਾਮਲ ਹੈ।

ਬਠਿੰਡਾ ਤੋਂ ਸੰਸਦ ਮੈਂਬਰ ਬੀਬੀ ਬਾਦਲ ਕੋਲ ਇਸ ਜਾਇਦਾਦ ‘ਚ 24.11 ਕਰੋੜ ਰੁਪਏ ਚੱਲ ਤੇ 36.19 ਕਰੋੜ ਰੁਪਏ ਅਚੱਲ ਜਾਇਦਾਦ ਹੈ। ਅਚੱਲ ਜਾਇਦਾਦ ਦੇ ਮਾਮਲੇ ‘ਚ ਬੀਬੀ ਬਾਦਲ ਮਹਿਲਾ ਸੰਸਦਾਂ ‘ਚੋਂ ਪਹਿਲੇ ਨੰਬਰ ‘ਤੇ ਹੈ। ਉਂਝ ਸੰਪਤੀ ਦੇ ਮਾਮਲੇ ‘ਚ ਪਹਿਲੇ ਨੰਬਰ ਵਾਲੀ ਮਹਿਲਾ ਸੰਸਦ ਮੈਂਬਰ ਰਾਜ ਕੁਮਾਰੀ ਰਤਨਾ ਸਿੰਘ ਕੋਲ ਅਚੱਲ ਜਾਇਦਾਦ ਕੇਵਲ 5.54 ਕਰੋੜ ਹੈ ਜਦੋਂਕਿ ਬੀਬੀ ਬਾਦਲ ਕੋਲ ਅਚੱਲ ਜਾਇਦਾਦ 36.19 ਕਰੋੜ ਰੁਪਏ ਹੈ।

ਨੈਸ਼ਨਲ ਇਲੈਕਸ਼ਨ ਵਾਚ ਨੇ ਸੰਸਦ ਮੈਂਬਰਾਂ ਵੱਲੋਂ ਚੋਣਾਂ ਸਮੇਂ ਦਾਇਰ ਕੀਤੇ ਸੰਪਤੀ ਦੇ ਹਲਫੀਆ ਬਿਆਨਾਂ ਦੇ ਅਧਾਰ ‘ਤੇ ਮੁਲਾਂਕਣ ਕੀਤਾ ਗਿਆ ਹੈ। ਸੰਸਦ ਮੈਂਬਰ ਬੀਬੀ ਹਰਸਿਮਰਤ ਕੌਰ ਬਾਦਲ ਕੋਲ 1.94 ਕਰੋੜ ਰੁਪਏ ਦਾ ਸੋਨਾ ਹੈ। ਜਾਇਦਾਦ ‘ਚ ਪੰਜਾਬ ਦੀ ਇਕ ਹੋਰ ਸੰਸਦ ਮੈਂਬਰ ਸੰਤੋਸ਼ ਚੌਧਰੀ ਦਾ 24ਵਾਂ ਨੰਬਰ ਹੈ ਜਦੋਂਕਿ ਫਰੀਦਕੋਟ ਤੋਂ ਮੈਂਬਰ ਪਾਰਲੀਮੈਂਟ ਸੰਪਤੀ ‘ਚ ਕਾਫੀ ਪਿੱਛੇ ਹੈ ਜਿਨ੍ਹਾਂ ਦਾ 59 ਮਹਿਲਾ ਸੰਸਦ ਮੈਂਬਰਾਂ ‘ਚੋਂ 32ਵਾਂ ਨੰਬਰ ਹੈ। ਸੰਤੋਸ਼ ਚੌਧਰੀ ਕੋਲ 2.68 ਕਰੋੜ ਰੁਪਏ ਦੀ ਚੱਲ-ਅਚੱਲ ਜਾਇਦਾਦ ਹੈ। ਮਹਿਲਾ ਸੰਸਦ ਮੈਂਬਰਾਂ ‘ਚੋਂ ਜਾਇਦਾਦ ਦੇ ਮਾਮਲੇ ‘ਚ ਸਭ ਤੋਂ ਪਿਛੇ ਸੰਸਦ ਮੈਂਬਰ ਸਰੋਜ ਪਾਂਡੇ ਹੈ ਜਿਸ ਕੋਲ ਕੇਵਲ 3.79 ਲੱਖ ਰੁਪਏ ਦੀ ਹੀ ਚੱਲ-ਅਚੱਲ ਜਾਇਦਾਦ ਹੈ। ਇਹ ਮਹਿਲਾ ਸੰਸਦ ਮੈਂਬਰ ਛਤੀਸਗੜ੍ਹ ਦੇ ਦੁਰਗ ਹਲਕੇ ਤੋਂ ਚੋਣ ਜਿੱਤੀ ਹੈ।

# ਪੰਜਾਬ ਦੇ ਵਿਕਾਸ ਦੇ ਨਾਂ ’ਤੇ ਵਿਦੇਸ਼ਾਂ ’ਚੋਂ ਡਾਲਰਾਂ ਦੀ ਉਗਰਾਹੀ

**ਚੰਡੀਗੜ੍ਹ:** ਪੰਜਾਬੀਅਤ ਦਾ ਪ੍ਰਚਾਰ ਕਰਨ ਦੀ ਆੜ ਹੇਠ ਵਿਦੇਸ਼ਾਂ ਵਿਚ ਜਾਂਦੇ ਨਾਮੀ ਵਿਅਕਤੀ ਉਥੇ ਆਪਣੀਆਂ ਜੇਬਾਂ ਭਰਨ ਤੱਕ ਹੀ ਸੀਮਤ ਰਹਿੰਦੇ ਹਨ ਤੇ ਵਿਦੇਸ਼ਾਂ ‘ਚ ਵੱਸਦੇ ਪੰਜਾਬੀ ਪਰਵਾਸੀਆਂ ਦੇ ਮਨਾਂ ’ਚ ਅਜਿਹੇ ਵਿਅਕਤੀਆਂ ਪ੍ਰਤੀ ਵਿਸ਼ਵਾਸ ਦੀ ਭਾਵਨਾ ਖ਼ਤਮ ਹੋ ਰਹੀ ਹੈ।

ਇਹ ਖੁਲਾਸਾ ਏਸ਼ੀਅਨ-ਅਮਰੀਕਨ ਸੀਨੀਅਰਜ਼ ਐਸੋਸੀਏਸ਼ਨ ਦੇ ਪ੍ਰਧਾਨ ਤੇ ਸਤਿੰਦਰ ਕੌਰ ਰਮਦੇਵ ਮੈਮੋਰੀਅਲ ਟਰੱਸਟ ਫਾਰ ਐਡਵਸਮੈਂਟ ਆਫ ਲਾਇਬ੍ਰੇਰੀਅਨਸ਼ਿਪ (ਸਤਕਾਲ) ਦੇ ਮੋਢੀ ਪ੍ਰੋਫੈਸਰ ਜੋਗਿੰਦਰ ਸਿੰਘ ਰਮਦੇਵ ਨੇ ਪੰਜਾਬ ਕਲਾ ਪ੍ਰੀਸ਼ਦ ਵੱਲੋਂ ਕਲਾ ਭਵਨ ਵਿਖੇ ਪਰਵਾਸੀ ਭਾਰਤੀਆਂ ਦੇ ਰੂਬਰੂ ਪ੍ਰੋਗਰਾਮ ਦੌਰਾਨ ਕੀਤਾ।

ਉਨ੍ਹਾਂ ਕਿਹਾ ਕਿ ਇਹ ਲੋਕ ਪੰਜਾਬ ਦੇ ਵਿਕਾਸ ਦੇ ਨਾਂ ’ਤੇ ਵਿਦੇਸ਼ਾਂ ’ਚੋਂ ਡਾਲਰਾਂ ਦੇ ਬੈਗ ਭਰ ਕੇ ਆਪਣੇ ਹਿੱਤਾਂ ਲਈ ਵਰਤਣ ਵਾਲਿਆਂ ਉਤੇ ਰੋਕ ਲਾਉਣ ਦੇ ਉਪਰਾਲੇ ਕੀਤੇ ਜਾਣ। 1970 ਤੋਂ ਸ਼ਿਕਾਗੋ (ਅਮਰੀਕਾ) ’ਚ ਰਹਿ ਰਹੇ



ਰਮਦੇਵ ਨੇ ਇਥੋਂ ਦੇ ਕੁਝ ਅਸਥਾਨਾਂ ਦਾ ਹਵਾਲਾ ਦੇ ਕੇ ਦੁੱਖ ਪ੍ਰਗਟ ਕੀਤਾ ਕਿ ਅਜਿਹੇ ਅਸਥਾਨਾਂ ਦੇ ਨਾਂ ’ਤੇ ਕੁਝ ਵਿਅਕਤੀਆਂ ਵੱਲੋਂ ਵਿਦੇਸ਼ਾਂ ’ਚੋਂ ਵੱਡੀ ਮਾਤਰਾ ’ਚ ਡਾਲਰ ਇਕੱਠੇ ਕੀਤੇ ਹਨ। ਇਧਰੋਂ ਗਏ ਵਿਅਕਤੀਆਂ ਵੱਲੋਂ ਵਿਦੇਸ਼ਾਂ ਦੇ ਗੁਰਦੁਆਰਿਆਂ ’ਚ ਭਾਸ਼ਣ ਦੇਣ ਦੇ ਵੀ ਪੈਸੇ ਵਸੂਲੇ ਜਾਂਦੇ ਹਨ।

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ 1960 ਤੋਂ1970 ਦੌਰਾਨ ਲਾਇਬ੍ਰੇਰੀਅਨ ਦੀਆਂ ਜ਼ਿੰਮੇਵਾਰੀਆਂ ਨਿਭਾਅ ਚੁੱਕੇ ਰਮਦੇਵ ਅਮਰੀਕਾ ਜਾਣ ਤੋਂ ਬਾਅਦ ਵੀ ਉਥੇ ਆਈ.ਆਈ.ਟੀ. ਵਿਚ ਬਤੌਰ ਲਾਇਬ੍ਰੇਰੀਅਨ ਜ਼ਿੰਮੇਵਾਰੀਆਂ ਨਿਭਾਉਂਦੇ ਰਹੇ ਹਨ। ਇਸ ਮੌਕੇ ਉਨ੍ਹਾਂ ਸਾਹਿਤ ਅਕਾਦਮੀ ਰਾਹੀਂ ਆਪਣੇ ਨਾਨਕੇ ਪਿੰਡ ਦੋ ਲਾਇਬ੍ਰੇਰੀਆਂ ਖੋਲ੍ਹਣ ਦਾ ਐਲਾਨ ਕੀਤਾ। ਉਨ੍ਹਾਂ ਇਧਰਲੇ ਪੰਜਾਬੀਆਂ ਨੂੰ ਉਲਾਂਭਾ ਦਿੱਤਾ ਕਿ ਉਨ੍ਹਾਂ ਵਿਚ ਪੜ੍ਹਨ ਦੀ ਖਿੱਚ ਘੱਟ ਗਈ ਹੈ।

ਉਨ੍ਹਾਂ ਸਵਾਲ ਕੀਤਾ ਕਿ ਜੇ ਅੱਜ ਪੰਜਾਬੀ ਵਿਦੇਸ਼ਾਂ ’ਚ ਹਰੇਕ ਖੇਤਰ ’ਚ ਮੋਹਰੀ ਭੂਮਿਕਾ ਨਿਭਾਉਣ ਦੇ ਸਮਰੱਥ ਹਨ ਤਾਂ ਫਿਰ ਆਪਣੀ ਧਰਤੀ ’ਤੇ ਕਿਹੜਾ ਸੱਪ ਸੁੰਘ ਗਿਆ ਹੈ।

## ਪੰਜਾਬ ਕੇਂਦਰ ਅੱਗੇ ਰੱਖੇਗਾ 2400 ਕਰੋੜ ਮੁਆਵਜ਼ੇ ਦੀ ਮੰਗ

ਚੰਡੀਗੜ੍ਹ: ਪੰਜਾਬ ਦੀ ਵਿੱਤ ਮੰਤਰੀ ਉਪਿੰਦਰਜੀਤ ਕੌਰ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਗੁਡਜ਼ ਐਂਡ ਸਰਵਿਸਿਜ਼ ਟੈਕਸ (ਜੀ.ਐਸ.ਟੀ.) ਬਾਰੇ ਹੋਣ ਵਾਲੀ ਆਗਾਮੀ ਮੀਟਿੰਗ ਦੌਰਾਨ ਕੇਂਦਰ ਤੋਂ ਰਾਜ ਲਈ 2400 ਕਰੋੜ ਰੁਪਏ ਮੁਆਵਜ਼ੇ ਦੀ ਮੰਗ ਰੱਖੇਗਾ ਕਿਉਂਕਿ ਸੂਬਾਈ ਪੱਧਰ ਦੇ ਅਨੇਕਾਂ ਟੈਕਸਾਂ ਨੂੰ ਜੀ.ਐਸ.ਟੀ. ‘ਚ ਮਿਲਾ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਅਸੀਂ ਕੇਂਦਰ ਅੱਗੇ 2400 ਕਰੋੜ ਰੁਪਏ ਦੇ ਮੁਆਵਜ਼ੇ ਦੀ ਮੰਗ ਰੱਖਾਂਗੇ ਕਿਉਂਕਿ ਰਾਜ ਦੇ ਅਨਾਜ ਦੀ ਖਰੀਦ ਸਬੰਧੀ ਟੈਕਸ ਅਤੇ ਪੇਂਡੂ ਵਿਕਾਸ ਫੰਡ ਨੂੰ ਜੀ.ਐਸ.ਟੀ. ‘ਚ ਮਿਲਾ ਦਿੱਤਾ ਗਿਆ ਹੈ।

ਪੰਜਾਬ ਸਰਕਾਰ ਇਹ ਵੀ ਮੰਗ ਕਰੇਗੀ ਕਿ ਇਹ ਮੁਆਵਜ਼ਾ ਪੱਕੇ ਤੌਰ ‘ਤੇ ਦੇਣਾ ਯਕੀਨੀ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਅਨਾਜ ‘ਤੇ ਖਰੀਦ ਟੈਕਸ ਤੇ ਪੇਂਡੂ ਵਿਕਾਸ ਫੰਡ ਤੇ ਬੁਨਿਆਦੀ ਢਾਂਚਾ ਸੈੱਸ ਦੀ ਵਸੂਲੀ ਰਾਹੀਂ ਪੰਜਾਬ ਨੂੰ ਸਾਲਾਨਾ 2400 ਕਰੋੜ ਰੁਪਏ ਦੀ ਕਮਾਈ ਹੁੰਦੀ ਹੈ। ਇਹ ਮੀਟਿੰਗ 6 ਦਸੰਬਰ ਨੂੰ ਹੋਣੀ ਹੈ।

# ਹਾਈਕੋਰਟ ਵੱਲੋਂ ਪੰਜਾਬ ਸਰਕਾਰ ਨੂੰ ਝਾੜ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਦਾਗੀ ਅਫ਼ਸਰਾਂ ਦੇ ਮਾਮਲੇ ‘ਚ ਠੋਸ ਨੀਤੀ ਬਣਾਉਣ ‘ਚ ਕੀਤੀ ਜਾ ਰਹੀ ਦੇਰੀ ‘ਤੇ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਪੰਜਾਬ ਸਰਕਾਰ ਦੀ ਚੰਗੀ ਝਾੜ-ਝੰਬ ਕੀਤੀ ਹੈ। ਅਦਾਲਤ ਨੇ ਰਾਜ ਸਰਕਾਰ ਨੂੰ ਪਹਿਲਾਂ ਹੀ ਦਾਗੀ ਪੁਲਿਸ ਅਫ਼ਸਰਾਂ ਵਿਰੁੱਧ ਕਾਰਵਾਈ ਕਰਨ ਲਈ ਕਿਹਾ ਹੋਇਆ ਹੈ।

ਸਰਕਾਰ ਨੇ ਅਦਾਲਤ ‘ਚ ਦਾਗੀ ਪੁਲਿਸ ਅਫ਼ਸਰਾਂ ਦੀਆਂ ਨਿਯੁਕਤੀਆਂ ਤੇ ਤਰੱਕੀਆਂ ਦੇ ਮਾਮਲੇ ‘ਚ ਨੀਤੀ ਬਣਾਉਣ ਦੇ ਹੁਕਮ ਦਿੱਤੇ ਸਨ। ਹਾਈਕੋਰਟ ਵੱਲੋਂ ਸਰਕਾਰ ਨੂੰ ਨੀਤੀ ਬਣਾਉਣ ਲਈ ਆਖ਼ਰੀ ਮੌਕਾ ਦੇਣ ਦੇ ਬਾਵਜੂਦ ਸਰਕਾਰ ਇਸ ਬਾਰੇ ਨੀਤੀ ਅਦਾਲਤ ਵਿਚ ਪੇਸ਼ ਨਹੀਂ ਕਰ ਸਕੀ। ਚੀਫ਼ ਜਸਟਿਸ ਨੇ ਅਦਾਲਤ ‘ਚ ਸਰਕਾਰ ਦੀ ਖਿਚਾਈ ਕਰਦਿਆਂ ਉਸ ਨੂੰ ਤਿੰਨ ਹਫ਼ਤਿਆਂ ਦੇ ਅੰਦਰ-ਅੰਦਰ ਇਸ ਬਾਰੇ ਨੀਤੀ ਪੇਸ਼ ਕਰਨ ਦੇ ਹੁਕਮ ਦਿੱਤੇ ਹਨ।

### ਦਾਗ਼ੀ ਪੁਲਿਸ ਅਫ਼ਸਰਾਂ ਬਾਰੇ ਰਿਪੋਰਟ ਮੰਗੀ

ਪੰਜਾਬ ਸਰਕਾਰ ਵੱਲੋਂ ਇਸ ਮਾਮਲੇ ‘ਤੇ ਅਦਾਲਤ ਵਿਚ ਕੋਈ ਠੋਸ ਉੱਤਰ ਨਾ ਦਿੱਤੇ ਜਾਣ ‘ਤੇ ਜਸਟਿਸ ਗੋਗੋਈ ਨੇ ਪੁੱਛਿਆ ਕੀ ਸਰਕਾਰ ਨੇ ਇਸ ਬਾਰੇ ਕੋਈ ਮੀਟਿੰਗ ਕੀਤੀ ਹੈ ਜਾਂ ਹੋਰ ਮੀਟਿੰਗਾਂ ਦੀ ਜ਼ਰੂਰਤ ਹੈ?


ਅਦਾਲਤ ਨੇ ਇਸ ਗੱਲ ਦਾ ਵੀ ਨੋਟਿਸ ਲਿਆ ਕਿ ਪੰਜਾਬ ਪੁਲਿਸ ਐਕਟ ਵਿਚ ਥਾਣਾ ਮੁਖੀ ਜੋ ਜਨਤਕ ਅਹੁਦਾ ਮੰਨਿਆ ਜਾਂਦਾ ਹੈ, ‘ਤੇ ਕਿਸੇ ਦਾਗੀ ਨੂੰ ਨਹੀਂ ਲਗਾਇਆ ਜਾ ਸਕਦਾ ਪਰ ਇਹ ਮੱਦ ਪੁਲਿਸ ਫੋਰਸ ਦੇ ਆਈ.ਪੀ.ਐਸ. ਅਫ਼ਸਰਾਂ ਸਣੇ ਸੀਨੀਅਰ ਅਫ਼ਸਰਾਂ ‘ਤੇ ਵੀ ਲਾਗੂ ਹੋਣੀ ਚਾਹੀਦੀ ਹੈ। ਸਰਕਾਰ ਵੱਲੋਂ ਅਦਾਲਤ ‘ਚ ਪੇਸ਼ ਹੋਏ ਕਾਰਜਕਾਰੀ ਐਡਵੋਕੇਟ ਜਨਰਲ ਰੁਪਿੰਦਰ ਖੋਸਲਾ ਨੇ ਦਲੀਲ ਦਿੱਤੀ ਕਿ ਛੋਟੇ ਮੋਟੇ ਮਾਮਲਿਆਂ, ਜਿਵੇਂ ਟਰੈਫਿਕ ਨਿਯਮਾਂ ਦੀ ਉਲੰਘਣਾ ਵਿਚ ਦਾਗੀ ਠਹਿਰਾਏ ਅਫ਼ਸਰ ਨੂੰ ਨੌਕਰੀ ਤੋਂ ਨਹੀਂ ਕੱਢਿਆ ਜਾ ਸਕਦਾ। ਜਸਟਿਸ ਗੋਗੋਈ ਨੇ ਇਨ੍ਹਾਂ ਦਲੀਲਾਂ ਨੂੰ ਰੱਦ ਕਰਦਿਆਂ ਕਿਹਾ ਕਿ ਜਿਹੜੇ ਪੁਲਿਸ ਅਫ਼ਸਰ ਸੰਗੀਨ ਜੁਰਮ ਦੇ ਭਾਗੀਦਾਰ ਹਨ ਉਨਾਂ ਦਾ ਕੀ ਕੀਤਾ ਜਾਵੇ? ਪੰਜਾਬ ਤੇ ਹਰਿਆਣਾ ਹਾਈ ਕੋਰਟ ‘ਚ ਸਰਕਾਰ ਵੱਲੋਂ ਜੋ ਤਾਜ਼ਾ ਹਲਫ਼ੀਆ ਬਿਆਨ ਦਿੱਤਾ ਗਿਆ, ਉਸ ਮੁਤਾਬਕ 74 ਪੁਲਿਸ ਅਧਿਕਾਰੀ ਵੱਖ-ਵੱਖ ਅਪਰਾਧਾਂ ‘ਚ ਸ਼ਾਮਲ ਹਨ। ਇਨ੍ਹਾਂ ਵਿਚ 4 ਡੀ.ਐਸ.ਪੀ. ਹਨ।

ਇਸ ਮਾਮਲੇ ‘ਚ ਜਨਤਕ ਹਿੱਤ ਦੀ ਪਟੀਸ਼ਨ ਦਾਇਰ ਕਰਨ ਵਾਲੇ ਵਕੀਲ ਐਚ.ਸੀ. ਅਰੋੜਾ ਦਾ ਕਹਿਣਾ ਹੈ ਕਿ ਪੰਜਾਬ ਪੁਲਿਸ ਦੇ ਦਾਗੀ ਅਫ਼ਸਰਾਂ ਵਿਚ ਕਈਆਂ ਵਿਰੁੱਧ ਕਤਲ ਤੇ ਧੋਖਾਧੜੀ ਦੇ ਮਾਮਲੇ ਦਰਜ ਹਨ। ਉਧਰ ਪੰਜਾਬ ਪੁਲਿਸ ਦੇ ਸੂਤਰਾਂ ਦਾ ਦੱਸਣਾ ਹੈ ਕਿ ਉੱਚ ਪੁਲਿਸ ਅਧਿਕਾਰੀਆਂ ਵੱਲੋਂ ਦਾਗੀ ਪੁਲੀਸ ਅਫ਼ਸਰਾਂ ਦੇ ਬਚਾਅ ਲਈ ਲਗਾਤਾਰ ਭੱਜ ਨੱਠ ਕੀਤੀ ਜਾ ਰਹੀ ਹੈ। ਇਨ੍ਹਾਂ ਪੁਲਿਸ ਅਫ਼ਸਰਾਂ ਨੂੰ ਅਦਾਲਤ ਦੀ ਕਾਰਵਾਈ ਤੋਂ ਬਚਾਉਣ ਲਈ ਰਾਹ ਵੀ ਲੱਭੇ ਜਾ ਰਹੇ ਹਨ। ਉੱਚ ਪੁਲਿਸ ਅਧਿਕਾਰੀਆਂ ਦੀ ਇਸ ਰਣਨੀਤੀ ਕਾਰਨ ਸਰਕਾਰ ਨੂੰ ਅਦਾਲਤ ਵਿਚ ਨਮੋਸ਼ੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

# ਪੰਜਾਬ 'ਚ ਰਾਜਸੀ ਫ਼ਿਜ਼ਾ ਤਬਦੀਲ, ਵਾਅਦਿਆਂ ਤੇ ਦਾਅਵਿਆਂ ਦਾ ਦੌਰ ਸ਼ੁਰੂ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸ਼੍ਰੋਮਣੀ ਕਮੇਟੀ ਤੇ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਪੰਜਾਬ ਦੀ ਰਾਜਸੀ ਫ਼ਿਜ਼ਾ ਨੇ ਕਰਵਟ ਲੈ ਲਈ ਹੈ ਤੇ ਸੱਤਾਧਾਰੀ ਧਿਰ ਸਣੇ ਬਾਕੀ ਪਾਰਟੀਆਂ ਨੇ ਵਾਅਦਿਆਂ ਤੇ ਦਾਅਵਿਆਂ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਹੈ। ਸੱਤਾਧਾਰੀ ਅਕਾਲੀ-ਭਾਜਪਾ ਵੱਲੋਂ ਦੂਜੀਆਂ ਵਿਰੋਧੀ ਧਿਰਾਂ ਦੀ ਸਰਗਰਮੀ ਨੂੰ ਵੇਖਦਿਆਂ ਜਿੱਥੇ ਪੰਜਾਬ 'ਚ ਮੀਟਿੰਗਾਂ ਤੇ ਰੈਲੀਆਂ ਦਾ ਗੇੜ ਸ਼ੁਰੂ ਕੀਤਾ ਹੈ ਉਥੇ ਵਿਕਾਸ ਦੇ ਦਾਅਵੇ ਕਰਦਿਆਂ ਕਈ ਲੋਕ ਲੁਭਾਊ ਸਹੂਲਤਾਂ ਦਾ ਐਲਾਨ ਕੀਤਾ ਹੈ। ਪਟਿਆਲਾ ਵਿਖੇ 29 ਨਵੰਬਰ ਨੂੰ ਕੀਤੀ ਰੈਲੀ 'ਚ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਨੇ ਪਿਛਲੇ ਸਾਲਾਂ ਦੌਰਾਨ ਵਿਕਾਸ ਦੇ ਏਨੇ ਜ਼ਿਆਦਾ ਕੰਮ ਕੀਤੇ ਹਨ ਕਿ ਉਸ ਨੇ ਵਿਰੋਧੀ ਧਿਰ ਕੋਲ ਕੋਈ ਮੁੱਦਾ ਹੀ ਨਹੀਂ ਛੱਡਿਆ। ਕਾਂਗਰਸ ਸਿਰਫ਼ 20 ਹਜ਼ਾਰ ਕੇਸ ਦਰਜ ਕਰਨ ਤੋਂ ਇਲਾਵਾ ਕੋਈ ਗੱਲ ਹੀ ਨਹੀਂ ਕਰ ਸਕੀ।

ਇਸ ਤੋਂ ਪਹਿਲਾਂ ਚੰਡੀਗੜ੍ਹ ਵਿਖੇ ਅਹਿਮ ਮੀਟਿੰਗ ਦੌਰਾਨ ਸੁਖਬੀਰ ਸਿੰਘ ਬਾਦਲ ਨੇ ਪ੍ਰਸ਼ਾਸਕੀ ਸੁਧਾਰਾਂ 'ਚ ਤੇਜ਼ੀ ਲਿਆਉਣ ਤੇ ਇਨ੍ਹਾਂ ਸੁਧਾਰਾ ਨੂੰ ਜੂਨ 2011 ਤੱਕ ਅਮਲੀ ਜਾਮਾ ਪਹਿਨਾਉਣ ਦਾ ਹੁਕਮ ਦਿੰਦੇ ਹੋਏ ਸੂਬੇ 'ਚ 400



ਪਟਿਆਲਾ ਵਿਖੇ ਰੈਲੀ ਨੂੰ ਸੰਬੋਧਨ ਕਰਦੇ ਹੋਏ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ।

ਪੁਲਿਸ ਕਮਿਊਨਿਟੀ ਸੈਂਟਰ ਕਾਇਮ ਕਰਨ ਸਮੇਤ ਕਈ ਅਹਿਮ ਫੈਸਲੇ ਲਏ।

ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਪ੍ਰਸ਼ਾਸਕੀ ਸੁਧਾਰਾਂ ਬਾਰੇ ਕਮਿਸ਼ਨ ਦੇ ਮੁਖੀ ਤੇ ਸੀਨੀਅਰ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਹਦਾਇਤ ਕੀਤੀ ਹੈ ਕਿ ਲਏ ਗਏ ਫੈਸਲਿਆਂ ਨੂੰ ਅਗਲੇ ਛੇ ਮਹੀਨਿਆਂ ਅੰਦਰ ਅਮਲੀ ਰੂਪ ਦਿੱਤਾ ਜਾਵੇ ਤਾਂ ਜੋ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਲੋਕਾਂ ਵਿਚ ਇਨ੍ਹਾਂ ਸੁਧਾਰਾਂ ਦਾ ਸੁਨੇਹਾ ਚਲਿਆ ਜਾਵੇ। ਫੈਸਲਿਆਂ ਮੁਤਾਬਕ ਆਮ ਆਦਮੀ ਨੂੰ ਸਹੂਲਤਾਂ ਦੇਣ ਲਈ 20 ਸੁਵਿਧਾ ਕੇਂਦਰ ਕਾਇਮ ਕਰਨ, ਸਕੂਲਾਂ ਤੇ ਕਾਲਜਾਂ ਵਿਚ ਲਰਨਿੰਗ ਡਰਾਈਵਿੰਗ ਲਾਇਸੈਂਸ ਬਣਾਉਣ, ਟਰੱਕਾਂ ਤੇ ਬੱਸਾਂ ਲਈ ਕਾਗਜ਼ ਦਿਖਾਉਣ ਦਾ ਝੰਜਟ ਖਤਮ ਕਰਕੇ ਸਟਿੱਕਰ ਲਾਉਣ, ਜਾਇਦਾਦ ਦੀ ਰਜਿਸਟਰੀ ਸਰਲ ਕਰਨ ਤੇ ਭ੍ਰਿਸ਼ਟਾਚਾਰ-ਮੁਕਤ ਪ੍ਰਸ਼ਾਸਨ ਵਾਸਤੇ ਆਰੰਭੀਆਂ ਗਈਆਂ ਪਹਿਲ-ਕਦਮੀਆਂ ਦੇ ਲਾਗੂ ਹੋਣ ਦਾ ਰਾਹ ਪੱਧਰਾ ਹੋ ਗਿਆ ਹੈ।

ਪ੍ਰਸ਼ਾਸਕੀ ਸੁਧਾਰਾਂ ਬਾਰੇ ਕਮਿਸ਼ਨ ਦੇ ਚੇਅਰਮੈਨ ਡਾ. ਪ੍ਰਮੋਦ ਕੁਮਾਰ ਨੇ ਦੱਸਿਆ ਕਿ ਪੰਜਾਬ ਵਿਚ 400 ਪੁਲੀਸ ਕਮਿਊਨਿਟੀ ਸੈਂਟਰ ਅਗਲੇ 6 ਮਹੀਨਿਆਂ ਵਿਚ ਕਾਇਮ ਹੋ ਜਾਣਗੇ। ਇਹ ਸਾਰੇ ਸੈਂਟਰ ਆਪਸ ਵਿਚ ਜੁੜੇ ਹੋਣਗੇ। ਇਨ੍ਹਾਂ ਕੇਂਦਰਾਂ 'ਤੇ ਆਮ ਲੋਕਾਂ ਦੀਆਂ ਸ਼ਿਕਾਇਤਾਂ ਸੁਣੀਆਂ ਜਾਣਗੀਆਂ। ਇਸੇ ਤਰ੍ਹਾਂ ਐਨ.ਆਰ.ਆਈ. ਲਈ ਵੱਖਰਾ ਸੈੱਲ ਬਣੇਗਾ। ਪਾਸਪੋਰਟ ਤੇ ਇਸ ਤਰ੍ਹਾਂ ਦੇ ਹੋਰ ਮਾਮਲਿਆਂ ਦਾ ਕੰਮ ਇਥੇ ਹੀ ਨਿਬੜ ਜਾਇਆ ਕਰੇਗਾ। ਸ਼ਹਿਰੀ ਖੇਤਰ ਵਿਚ ਲੋਕਾਂ ਨੂੰ ਖੱਜਲ ਖੁਆਰੀ ਤੋਂ ਬਚਾਉਣ ਤੇ ਸਹੂਲਤਾਂ ਦੇਣ ਲਈ ਸਰਕਾਰ ਨੇ 20 ਸਰਵਿਸ ਕੇਂਦਰ ਖੋਲ੍ਹਣ ਦਾ ਫੈਸਲਾ ਕੀਤਾ ਹੈ। ਇਨ੍ਹਾਂ ਨੂੰ ਅੱਗੇ ਸ਼ਹਿਰਾਂ ਤੇ ਕਸਬਿਆਂ ਵਿਚ 360 ਕੇਂਦਰਾਂ ਨਾਲ ਜੋੜਿਆ ਜਾਵੇਗਾ। ਮੀਟਿੰਗ ਵਿਚ ਦੱਸਿਆ ਗਿਆ ਕਿ ਅਗਸਤ 2011 ਤੱਕ ਸਬ ਤਹਿਸੀਲਾਂ ਸਮੇਤ ਸਾਰੇ ਸ਼ਹਿਰਾਂ ਅੰਦਰ 20 ਨਾਗਰਿਕ ਸੇਵਾਵਾਂ ਪ੍ਰਦਾਨ ਕਰਨ ਵਾਲੇ ਸੁਵਿਧਾ ਕੇਂਦਰ ਆਪਣਾ ਕੰਮ ਸ਼ੁਰੂ ਕਰ ਦੇਣਗੇ।

## ਕਾਂਗਰਸ ਵੱਲੋਂ ਸੁਖਬੀਰ ਦੀ ਖੁੱਲ੍ਹੀ ਬਹਿਸ ਦੀ ਚੁਣੌਤੀ ਪ੍ਰਵਾਨ

**ਚੰਡੀਗੜ੍ਹ:** ਪੰਜਾਬ ਦੇ ਵਿਕਾਸ ਨਾਲ ਸਬੰਧਤ ਮੁੱਦਿਆਂ 'ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਦਿੱਤੀ ਚੁਣੌਤੀ ਕਾਂਗਰਸ ਖੁੱਲ੍ਹ ਦਿਲੀ ਨਾਲ ਸਵੀਕਾਰ ਵੀ ਕਰਦੀ ਹੈ।

ਇਹ ਗੱਲ ਭੁੱਲਥ ਤੋਂ ਕਾਂਗਰਸੀ ਵਿਧਾਇਕ ਸੁੱਖਪਾਲ ਸਿੰਘ ਖਹਿਰਾ ਨੇ ਕਹੀ। ਉਨ੍ਹਾਂ ਕਿਹਾ ਕਿ ਸੁਖਬੀਰ ਬਹਿਸ ਲਈ ਫੌਰੀ ਸਮਾਂ, ਤਰੀਕ ਤੇ ਬਹਿਸ ਵਾਲੀ ਥਾਂ ਤੈਅ ਕਰੇ। ਉਨ੍ਹਾਂ ਕਿਹਾ ਕਿ ਜਨਤਕ ਖੇਤਰ ਦੀਆਂ ਇਕਾਈਆਂ ਦੇ ਕਰਜ਼ਿਆਂ ਸਣੇ ਪੰਜਾਬ 1,50,000 ਕਰੋੜ ਰੁਪਏ ਤੋਂ ਵੱਧ ਦੇ ਕਰਜ਼ੇ ਦੇ ਭਾਰ ਕਾਰਨ ਵੱਡੇ ਸੰਕਟ 'ਚ ਹੈ। ਸਿੱਖਿਆ ਤੇ ਸਿਹਤ ਸੰਭਾਲ ਦੇ ਬੁਨਿਆਦੀ ਸੈਕਟਰ ਮੰਦੇ ਹਾਲੀ 'ਚ ਹਨ। ਸੂਬੇ ਭਰ 'ਚ ਕੈਂਸਰ ਪੈਰ ਪਸਾਰ ਰਿਹਾ ਹੈ ਤੇ ਪੰਜਾਬ ਦੇ ਲੱਖਾਂ ਨੌਜਵਾਨ ਬੇਕਾਰ ਫਿਰਦੇ ਹਨ। ਖਹਿਰਾ ਨੇ ਕਿਹਾ ਕਿ ਜੇਕਰ ਬਾਦਲ ਹੁਣ ਖੁੱਲ੍ਹੀ ਬਹਿਸ ਦੀ ਆਪਣੀ ਚੁਣੌਤੀ ਤੋਂ ਪਿਛਾਂਹ ਹਟਦੇ ਹਨ ਤਾਂ ਇਹ ਮੰਨ ਲਿਆ ਜਾਵੇਗਾ ਕਿ ਉਨ੍ਹਾਂ ਨੇ ਲੜਾਈ ਤੋਂ ਪਹਿਲਾਂ ਹੀ ਵਿਰੋਧੀ ਧਿਰ ਹੱਥੋਂ ਹਾਰ ਸਵੀਕਾਰ ਕਰ ਲਈ ਹੈ।

## ਧਮਾਕਿਆਂ 'ਚ ਈਰਾਨੀ ਪ੍ਰਮਾਣੂ ਵਿਗਿਆਨੀ ਦੀ ਮੌਤ

**ਤਹਿਰਾਨ:** 29 ਨਵੰਬਰ ਨੂੰ ਹੋਏ ਦੋ ਕਾਰ ਬੰਬ ਧਮਾਕਿਆਂ 'ਚ ਈਰਾਨੀ ਪ੍ਰਮਾਣੂ ਵਿਗਿਆਨੀ ਦੀ ਮੌਤ ਹੋ ਗਈ ਤੇ ਹੋਰ ਜ਼ਖਮੀ ਹੋ ਗਏ। ਟੀ. ਵੀ. ਚੈਨਲ ਦੀ ਰਿਪੋਰਟ ਮੁਤਾਬਿਕ ਈਰਾਨ ਦੀ ਰਾਜਧਾਨੀ ਤਹਿਰਾਨ 'ਚ ਇਹ ਬੰਬ ਧਮਾਕੇ ਦੇਸ਼ ਦੀ ਪ੍ਰਮਾਣੂ ਨੀਤੀ ਬਾਰੇ ਚਰਚਾ ਕਰਨ ਲਈ ਅਗਲੇ ਮਹੀਨੇ ਈਰਾਨ ਤੇ ਮੁੱਖ ਸ਼ਕਤੀਆਂ ਵਿਚਕਾਰ ਬੈਠਕ ਹੋਣ ਦੀ ਸੰਭਾਵਨਾ ਨੂੰ ਧਿਆਨ 'ਚ ਰੱਖ ਕੇ ਕੀਤੇ ਗਏ ਹਨ।

ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਅਮਰੀਕਾ ਅਤੇ ਇਸ ਦੇ ਸਹਿਯੋਗੀਆਂ ਲਈ ਇਹ ਬੈਠਕ ਬਹੁਤ ਮਹੱਤਵਪੂਰਣ ਹੈ।

# ਪੰਜਾਬੀ ਦੇ ਵਿਕਾਸ ਲਈ ਬਣੀ ਯੂਨੀਵਰਸਿਟੀ ਵੱਲੋਂ ਹੀ ਮਾਂ-ਬੋਲੀ ਨਾਲ ਵਿਤਕਰਾ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਮਾਂ ਬੋਲੀ ਪੰਜਾਬੀ ਤੇ ਸਿੱਖ ਧਰਮ ਦੇ ਪ੍ਰਚਾਰ ਤੇ ਪਸਾਰ ਲਈ ਬਣਾਈ ਗਈ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਹੀ ਪੰਜਾਬੀ ਨੂੰ ਨਜ਼ਰ ਅੰਦਾਜ ਕੀਤਾ ਜਾ ਰਿਹਾ ਹੈ ਜਿਸ ਦਾ ਸਖ਼ਤ ਨੋਟਿਸ ਲੈਂਦਿਆਂ ਪੰਜਾਬੀ ਹਤੈਸ਼ੀਆਂ ਨੇ ਸੰਘਰਸ਼ ਵਿੱਢਣ ਦੀ ਧਮਕੀ ਦਿੱਤੀ ਹੈ।

ਮਿਲੀ ਜਾਣਕਾਰੀ ਅਨੁਸਾਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉਪ ਕੁਲਪਤੀ ਨੇ ਯੂਨੀਵਰਸਿਟੀ ਅਧੀਨ ਕਾਲਜਾਂ ਵਿਚੋਂ ਸਾਇੰਸ ਤੇ ਟੈਕਨੀਕਲ ਕਲਾਸਾਂ 'ਚੋਂ ਪੰਜਾਬੀ ਦੀ ਪੜ੍ਹਾਈ ਖਤਮ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਇਸ ਦੀ ਅਲੋਚਨਾ ਕਰਦਿਆਂ ਪੰਜਾਬੀ ਅਦੀਬਾਂ, ਚਿੰਤਕਾਂ ਤੇ ਅਧਿਆਪਕਾਂ ਨੇ ਤਿੱਖਾ ਵਿਰੋਧ ਕੀਤਾ ਹੈ। ਪੰਜਾਬ ਤੇ ਚੰਡੀਗੜ੍ਹ ਕਾਲਜ ਟੀਚਰਜ਼ ਯੂਨੀਅਨ ਦੇ ਆਗੂ ਲਾਇਲਪੁਰ ਖ਼ਾਲਸਾ ਕਾਲਜ ਦੇ ਪ੍ਰੋਫੈਸਰ ਤੇ ਪੰਜਾਬੀ ਚਿੰਤਕ ਡਾ. ਹਰਜਿੰਦਰ ਸਿੰਘ ਅਟਵਾਲ ਨੇ ਦੱਸਿਆ ਕਿ ਯੂਨੀਵਰਸਿਟੀ ਦੀ ਕਾਲਜ ਵਿਕਾਸ ਕੌਂਸਲ ਦੀ ਇਕੱਤਰਤਾ 10 ਨਵੰਬਰ ਨੂੰ ਉਪ ਕੁਲਪਤੀ ਪ੍ਰੋ. ਅਜੈਬ ਸਿੰਘ ਬਰਾੜ ਦੀ ਪ੍ਰਧਾਨਗੀ ਹੇਠ ਹੋਈ ਸੀ ਜਿਸ ਲਈ ਨਿਰਧਾਰਤ ਕਾਰਜ ਸੂਚੀ ਵਿਚ ਸਾਇੰਸ ਕਲਾਸਾਂ ਬਾਰੇ ਵਿਚਾਰ ਕਰਨਾ ਸੀ। ਉਨ੍ਹਾਂ ਕਿਹਾ ਕਿ ਜਦੋਂ ਉਨ੍ਹਾਂ ਇਸ ਬਾਰੇ ਉਪ ਕੁਲਪਤੀ ਤੋਂ ਜਾਣਕਾਰੀ ਮੰਗੀ ਤਾਂ ਉਨ੍ਹਾਂ ਦਾ ਕਹਿਣਾ ਸੀ ਕਿ ਬੀ.ਐਸ.ਸੀ. ਭਾਗ ਪਹਿਲਾ, ਦੂਜਾ ਤੇ ਤੀਜਾ ਦੇ ਵਿਦਿਆਰਥੀਆਂ 'ਤੇ ਸਿਲੇਬਸ ਦਾ ਭਾਰ ਘਟਾਉਣ ਹਿੱਤ ਕੁਝ ਤਜਵੀਜ਼ਾਂ ਹਨ ਜਿਸ ਵਿਚ ਪੰਜਾਬੀ ਭਾਸ਼ਾ ਦੇ ਮੌਜੂਦਾ ਸਰੂਪ ਨੂੰ ਘੱਟ ਕਰਨਾ ਵੀ ਸ਼ਾਮਲ ਹੈ।

ਉਨ੍ਹਾਂ ਕਿਹਾ ਕਿ ਇਸ ਵੇਲੇ ਬੀ.ਐਸ.ਸੀ. ਭਾਗ ਪਹਿਲਾ, ਦੂਜਾ ਤੇ ਤੀਜਾ ਵਿਚ 100 ਅੰਕਾਂ ਦੀ ਪੰਜਾਬੀ 6 ਪੀਰੀਅਡ ਲਈ ਹਫ਼ਤਾ ਪੜ੍ਹਾਈ ਜਾ ਰਹੀ ਹੈ। ਇਸ ਨੂੰ ਘਟਾਉਣ ਜਾਂ ਹਟਾਉਣ ਨਾਲ ਸਾਡੀ ਆਉਣ ਵਾਲੀ ਪੀੜੀ ਪੰਜਾਬੀ ਭਾਸ਼ਾ ਤੇ ਸੱਭਿਆਚਾਰ ਤੋਂ ਜਾਣੂ ਨਹੀਂ ਹੋ ਸਕੇਗੀ। ਇਸ ਮੌਕੇ ਸ਼੍ਰੋਮਣੀ ਪੰਜਾਬੀ ਸ਼ਾਇਰ ਸ੍ਰੀ ਪ੍ਰਮਿੰਦਰਜੀਤ ਨੇ ਕਿਹਾ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਜਿਸ ਦੀ ਸਥਾਪਨਾ ਪੰਜਾਬੀ ਭਾਸ਼ਾ ਤੇ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਕੀਤੀ ਗਈ ਸੀ, ਵੱਲੋਂ ਪੰਜਾਬੀ ਨੂੰ ਨਜ਼ਰਅੰਦਾਜ਼ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੀਤ ਪ੍ਰਧਾਨ ਸ੍ਰੀ ਤਲਵਿੰਦਰ ਸਿੰਘ ਤੇ ਸ਼ਾਇਰ ਦੇਵ ਦਰਦ ਨੇ ਕਿਹਾ ਕਿ ਜੇਕਰ ਉਪ ਕੁਲਪਤੀ ਨੇ ਤੁਰੰਤ ਇਹ ਤਜਵੀਜ਼ ਵਾਪਸ ਨਾ ਲਈ ਤਾਂ ਪੰਜਾਬੀ ਲੇਖਕ ਯੂਨੀਵਰਸਿਟੀ ਵਿਖੇ ਜ਼ੋਰਦਾਰ ਰੋਸ ਪ੍ਰਦਰਸ਼ਨ ਕਰਨਗੇ। ਪੰਜਾਬੀ ਮੰਚ ਦੇ ਆਗੂਆਂ ਸ: ਰੂਪਇੰਦਰ ਸਿੰਘ ਮਾਹਲ ਤੇ ਪ੍ਰੋ: ਜਗਦੀਪ ਸਿੰਘ ਨੇ ਕਿਹਾ ਕਿ ਪੰਜਾਬੀ ਮੰਚ ਤਾਂ ਪੀ.ਟੀ.ਯੂ. ਦੇ ਸਾਰੇ ਕਾਲਜਾਂ ਵਿਚ ਪੰਜਾਬੀ ਲਾਗੂ ਕਰਾਉਣ ਲਈ ਯਤਨਸ਼ੀਲ ਹੈ ਪਰ ਪੰਜਾਬੀ ਦੇ ਵਿਕਾਸ ਦੀ ਮੁੱਦਈ ਯੂਨੀਵਰਸਿਟੀ ਹੀ ਇਸ ਨੂੰ ਦਰ ਕਿਨਾਰ ਕਰਨ ਦੀਆਂ ਸਾਜਿਸ਼ਾਂ ਘੜ ਰਹੀ ਹੈ।


FARMERS INSURANCE GROUP
Symbol of Superior Service
FARMERS®
181 Metro Drive, Suite 290, San Jose, CA 95110
ਆਪਨੀ ਕਾਰ ਜਾਂ ਆਪਣੇ ਘਰ ਦੀ ਇੰਸ਼ੋਰੈਂਸ ਕਵਰੇਜ ਬਾਰੇ ਤੁਹਾਡੇ ਮਨ ਵਿਚ ਕੋਈ ਸਵਾਲ ਹੈ? ਬਿਨਾਂ ਝਿਜਕ ਸਾਨੂੰ ਕਾਲ ਕਰੋ।
*Call for a Review of your any Insurance Policy or to Get a Quote. !! Totally Free and No Obligation to buy from us!!*



Satwant Singh
Insurance Specialist
License # OH11256

*Auto *Home *Life *Business *Workers Compensation
Call for consultation
Ph: 408-771-2438
*408-580-6063, 408-687-7566*
Fax: 408-573-3829
ssingh6@farmeragent.com
*Call us to know about special discounts for nurses, teachers, engineers, pharmacists, doctors and more professionals to get low prices.*

Reliable and Experienced Real Estate Professional
ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ ਫੋਨ: 209-815-1869
*Bay Area*Tracy *Manteca * Lathrop * Weston Ranch*Stockton *Lodi *Elk Grove *Sacramento *Modesto *Turlock *Brentwood *Antioch * Oakley *Discovery Bay
We Specialize in Bankowned, Foreclosure and Short Sale Homes
ਘਰਾਂ ਵਾਸਤੇ ਲੋਨ ਲੈਣ ਲਈ ਅਸੀਂ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਤੁਹਾਡੀ ਮਦਦ ਕਰਦੇ ਹਾਂ।
We Do Loan Modification and Credit Repair to Save Your Home From Forclosure
Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ
Right Time To Buy For Investers And First Time Home Buyers
REALTY WORLD® Millennium




Gurbans Singh Gill
Realtor
12 Years Experiance in Real Estate
e-mail: gurbans@gotracy.com
Fax: 209-836-0706
www.gotracy.com
Gurbans Gill 209-815-1869

# ਭਾਰਤ 'ਚ ਇਸ ਵਾਰ ਨਰਮੇ ਦੇ ਭਾਅ ਕਾਫੀ ਚੰਗੇ

**ਬਠਿੰਡਾ (ਬਲਜਿੰਦਰ ਕੋਟਭਾਰਾ):** ਇਸ ਵਾਰ ਨਰਮੇ ਦੇ ਚੰਗੇ ਭਾਅ ਤੋਂ ਕਿਸਾਨ ਬਾਗੋ-ਬਾਗ ਹਨ। ਮੀਡੀਆ ਦੇ ਇੱਕ ਹਿੱਸੇ ਵਿਚ ਇਸ ਦੇ ਭਾਅ ਘਟਣ ਦੇ ਰੁਝਾਨ ਦਾ ਖੰਡਨ ਕਰਦਿਆ ਮਾਹਿਰਾਂ ਨੇ ਸਾਫ਼ ਕਿਹਾ ਹੈ ਕਿ ਨਰਮੇ ਦਾ ਭਾਅ ਕਿਸੇ ਵੀ ਹਾਲਤ ਵਿਚ ਘਟੇਗਾ ਨਹੀਂ। ਹਫ਼ਤੇ ਦੀ ਵਕਤੀ ਖੜੋਤ ਤੋਂ ਮਗਰੋਂ ਇਸ ਨੇ ਫਿਰ ਤੇਜੀ ਦਿਖਾਉਣੀ ਸ਼ੁਰੂ ਕਰ ਦਿੱਤੀ ਹੈ। ਵੱਖ-ਵੱਖ ਸਰੋਤਾਂ ਤੋਂ ਇਕੱਤਰ ਕੀਤੀ ਜਾਣਕਾਰੀ ਅਨੁਸਾਰ ਇਸ ਵਾਰ ਪਿਛਲੇ ਸਾਲ ਦੀ ਤੁਲਨਾ ਵਿਚ ਅਟਕਲਬਾਜ਼ੀਆਂ ਤੋਂ ਉਲਟ ਪੂਰੇ ਭਾਰਤ ਦੀਆਂ ਮੰਡੀਆਂ ਵਿਚ ਨਰਮੇ ਦੀ ਆਮਦ ਵਧੀ ਹੈ। ਸਰੋਤਾਂ ਨੇ ਦੱਸਿਆ ਕਿ 18 ਨਵੰਬਰ ਤੱਕ ਭਾਰਤ ਦੀਆਂ ਮੰਡੀਆਂ ਵਿਚ 52 ਲੱਖ ਗੱਠ ਨਰਮੇ ਦੀ ਆਮਦ ਹੋ ਚੁੱਕੀ ਹੈ, ਜੋ ਕਿ ਪਿਛਲੇ ਸਾਲ ਦੇ ਮੁਕਾਬਲੇ 14 ਲੱਖ ਗੱਠ ਵੱਧ ਹੈ। ਇਸ ਦੇ ਉਲਟ ਪੰਜਾਬ ਦੀਆਂ ਕਪਾਹ ਪੱਟੀ ਦੀਆਂ ਮੰਡੀਆਂ ਵਿਚ ਉਕਤ ਮਿਤੀ ਤੱਕ 5 ਲੱਖ 10 ਹਜ਼ਾਰ ਗੱਠ ਦੀ ਆਮਦ ਹੋ ਚੁੱਕੀ ਹੈ, ਜੋ ਪਿਛਲੇ ਸਾਲ ਦੀ ਤੁਲਨਾ ਵਿਚ 50 ਹਜ਼ਾਰ ਗੱਠ ਘੱਟ ਹੈ।

ਮਾਹਿਰਾਂ ਨੇ ਆਮਦ 'ਤੇ ਤਸੱਲੀ ਪ੍ਰਗਟ ਕਰਦਿਆਂ ਕਿਹਾ ਹੈ ਕਿ ਘੱਟ ਆਮਦ ਤੋਂ ਇਸ ਦੇ ਘੱਟ ਝਾੜ ਦਾ ਅੰਦਾਜ਼ਾ ਲਾ ਲੈਣਾ ਗਲਤ ਹੈ, ਕਿਸਾਨਾਂ ਨੇ ਭਾਅ ਵੱਧਣ ਦੀ ਉਮੀਦ ਵਿਚ ਆਮਦ ਰੋਕੀ ਹੋਈ ਹੈ ਅਤੇ ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਚੰਗੇ ਭਾਅ ਨੇ ਵੀ ਉਨ੍ਹਾਂ ਦੀਆਂ ਲੋੜਾਂ ਪੂਰੀਆਂ ਕੀਤੀਆਂ ਹਨ। ਜਾਣਕਾਰੀ ਅਨੁਸਾਰ ਇਸ ਵਾਰ ਗੁਜਰਾਤ ਵਿਚ ਵੀ ਚੰਗੀ ਆਮਦ ਨੋਟ ਕੀਤੀ ਗਈ ਹੈ। ਉਥੋਂ ਦੀਆਂ ਮੰਡੀਆਂ ਦੇ ਰਿਕਾਰਡ ਅਨੁਸਾਰ ਇਸ ਸੂਬੇ ਵਿਚ ਉਕਤ ਮਿਤੀ ਤੱਕ ਕਰੀਬ 20 ਲੱਖ ਗੱਠ, ਰਾਜਸਥਾਨ ਵਿਚ 2 ਲੱਖ, ਮਹਾਂਰਾਸ਼ਟਰ, ਆਧਰਾ ਅਤੇ ਕਰਨਾਟਕ ਵਿਚ 15 ਲੱਖ ਗੱਠ ਨਰਮੇ ਦੀ ਆਮਦ ਹੋਈ ਹੈ। ਵਪਾਰੀਆਂ ਦਾ ਇਹ ਵੀ ਮੰਨਣਾ ਹੈ ਕਿ ਪਿਛਲੇ ਸਾਲ ਦੇ ਮੁਕਾਬਲੇ ਪੰਜਾਬ ਵਿਚ ਇਸ ਵਾਰ ਨਰਮੇ ਦੀ ਕੁਆਲਿਟੀ ਕਾਫੀ ਅੱਛੀ ਹੈ। ਪੰਜਾਬ ਦੀਆਂ ਨਰਮਾ ਮੰਡੀਆਂ ਵਿਚ ਉਚੇ ਭਾਅ ਦੇ ਰਿਕਾਰਡ ਕਾਇਮ ਵੀ ਹੋਏ। ਜਿਲ੍ਹੇ ਦੀ ਰਾਮਪੁਰਾ ਮੰਡੀ ਵਿਚ 10 ਨਵੰਬਰ ਨੂੰ ਢਾਈ ਕੁਇੰਟਲ ਨਰਮੇ ਦਾ ਭਾਅ ਪੂਰੇ ਭਾਰਤ ਵਿਚੋਂ ਰਿਕਾਰਡ ਤੋੜ ਰਿਹਾ ਜਿੱਥੇ 5135 ਰੁਪਏ ਪ੍ਰਤੀ ਕੁਇੰਟਲ ਰੇਟ ਲੱਗਿਆ। ਇਸ ਮੰਡੀ ਵਿਚ ਪਿਛਲੇ ਸਾਲ 2 ਲੱਖ 35 ਹਜ਼ਾਰ 4 ਸੌ ਕੁਇੰਟਲ ਨਰਮੇ ਦੀ ਆਮਦ ਹੋਈ ਜਦੋਂਕਿ ਇਸ ਸਾਲ 18 ਨਵੰਬਰ ਤੱਕ 65 ਹਜ਼ਾਰ 1 ਸੌ 81 ਕੁਇੰਟਲ ਨਰਮਾ ਆਇਆ। ਪੰਜਾਬ ਦੀ ਕਪਾਹ ਪੱਟੀ ਦੀ ਅਹਿਮ ਅਬੋਹਰ ਮੰਡੀ ਵਿਚ 18 ਨਵੰਬਰ ਤੱਕ 3 ਲੱਖ 68 ਹਜ਼ਾਰ ਕੁਇੰਟਲ ਨਰਮਾ ਆਇਆ, ਪਿਛਲੇ ਸਾਲ ਇਹ ਆਮਦ 6 ਲੱਖ 75 ਹਜ਼ਾਰ ਕੁਇੰਟਲ ਸੀ। ਇਸੇ ਦਿਨ ਫ਼ਾਜ਼ਿਲਕਾ ਮੰਡੀ ਵਿਚ ਭਾਅ ਰਿਕਾਰਡ 5015 ਰੁਪਏ ਪ੍ਰਤੀ ਕੁਇੰਟਲ ਰਿਹਾ। ਬਠਿੰਡਾ ਕਪਾਹ ਮੰਡੀ ਨੇ ਵੀ ਕਿਸਾਨਾਂ ਨੂੰ ਚੰਗਾ ਮੁੱਲ ਮੋੜਿਆ ਜਿੱਥੇ ਉਕਤ ਦਿਨ ਹੀ 5010 ਰੁਪਏ ਪ੍ਰਤੀ ਕੁਇੰਟਲ ਦਾ ਭਾਅ ਰਿਹਾ। ਮੁਕਤਸਰ ਜਿਲ੍ਹੇ ਦੀਆਂ ਮੰਡੀਆਂ ਵੀ ਘੱਟ ਨਹੀਂ ਰਹੀਆਂ, ਮੁੱਖ ਮੰਡੀ ਮੁਕਤਸਰ ਵਿਚ 5 ਹਜ਼ਾਰ 50 ਰੁਪਏ ਅਤੇ ਮਲੋਟ ਮੰਡੀ ਵਿਚ 4875 ਰੁਪਏ ਪ੍ਰਤੀ ਕੁਇੰਟਲ ਦਾ ਰਿਕਾਰਡ ਕਾਇਮ ਹੈ।


ਫ਼ੋਟੋ-ਯਾਦਵਿੰਦਰ ਯਾਦ

ਮੰਡੀ ਮਾਨਸਾ ਵਿਚ 19 ਨਵੰਬਰ ਤੱਕ 27 ਲੱਖ 5 ਹਜ਼ਾਰ ਕੁਇੰਟਲ ਨਰਮਾ ਆਇਆ ਜਦੋਂਕਿ ਪਿਛਲੇ ਸਾਲ 28 ਲੱਖ 6 ਹਜ਼ਾਰ ਕੁਇੰਟਲ ਨਰਮਾ ਆਇਆ ਸੀ। ਇਸ ਮੰਡੀ ਵਿਚ ਸਭ ਤੋਂ ਉਚਾ ਭਾਅ 4925 ਰੁਪਏ ਰਿਹਾ, ਜਦੋਂਕਿ ਬੁਢਲਾਡਾ ਮੰਡੀ ਵਿਚ 97 ਹਜ਼ਾਰ 6 ਸੌ 15 ਕੁਇੰਟਲ ਨਰਮਾ ਆਇਆ ਅਤੇ ਸਭ ਤੋਂ ਚੰਗਾ ਰੇਟ 4950 ਰੁਪਏ ਰਿਹਾ। ਸਰਦੂਲਗੜ੍ਹ ਮੰਡੀ ਵਿਚ 4950 ਰੁਪਏ ਕੁਇੰਟਲ ਦਾ ਰਿਕਾਰਡ ਹੈ। ਇਸ ਮੰਡੀ ਵਿਚ ਉਕਤ ਮਿਤੀ ਤੱਕ 58 ਹਜ਼ਾਰ 8 ਸੌ ਕੁਇੰਟਲ ਨਰਮਾ ਆਇਆ। ਮਾਲਵੇ ਦੇ ਨਰਮਾ ਕਾਸ਼ਤਕਾਰਾਂ ਦਾ ਕਹਿਣਾ ਹੈ ਕਿ ਇਸ ਸਾਲ ਪਿਛਲੇ ਸਾਲ ਦੇ ਮੁਕਾਬਲੇ 2 ਤੋਂ 4 ਕੁਇੰਟਲ ਪ੍ਰਤੀ ਏਕੜ ਝਾੜ ਘੱਟ ਗਿਆ ਹੈ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ 5 ਤੋਂ 7 ਪ੍ਰਤੀਸ਼ਤ ਤੱਕ ਨਰਮਾ ਸਰਕਾਰੀ ਰਿਕਾਰਡ ਦੀ ਬਜਾਏ ਸਿੱਧਾ ਹੀ ਕਪਾਹ ਫੈਕਟਰੀਆਂ ਵਿਚ ਲਿਜਾਇਆ ਜਾਂਦਾ ਹੈ। ਅਜਿਹਾ ਵੱਖ-ਵੱਖ ਟੈਕਸਾਂ ਤੇ ਹੋਰ ਖ਼ਰਚਿਆਂ ਦੀ ਚੋਰੀ ਲਈ ਕੀਤਾ ਜਾਂਦਾ ਹੈ।

ਪੰਜਾਬ ਕਾਟਨ ਫੈਕਟਰੀ ਜਿੰਨਰ ਐਸੋਸੀਏਸ਼ਨ ਦੇ ਸੁਰੇਸ ਬਾਂਸਲ ਦਾ ਕਹਿਣਾ ਹੈ ਕਿ ਇਸ ਵਾਰ ਝਾੜ ਘੱਟਣ ਦਾ ਰੌਲਾ ਨਿਰਮੂਲ ਸਾਬਤ ਹੋਵੇਗਾ। ਮਾਹਿਰਾਂ ਅਨੁਸਾਰ ਪਾਕਿਸਤਾਨ ਵਿਚ ਹੜ੍ਹਾਂ ਨੇ ਨਰਮੇ ਦੀ ਫ਼ਸਲ ਦੀ ਵੱਡੀ ਬਰਬਾਦੀ ਕੀਤੀ ਹੈ ਅਤੇ ਚੀਨ ਵਿਚ ਮਿੱਥੇ ਟੀਚੇ ਤੋਂ 6 ਕਰੋੜ ਗੱਠਾਂ ਦੀ ਘੱਟ ਆਮਦ ਨੇ ਭਾਰਤ ਵਿਚ ਨਰਮੇ ਦੇ ਭਾਅ ਦਾ ਰਿਕਾਰਡ ਕਾਇਮ ਕੀਤਾ ਹੈ।

# ਖੁਸ਼ਵੰਤ ਰੰਧਾਵਾ ਨੇ ਜਿੱਤੀ ਆਸਟਰੇਲੀਅਨ ਕਾਰ ਰੈਲੀ

**ਪਟਿਆਲਾ:** ਪਟਿਆਲਾ ਦੇ ਮੋਟਰ ਕਾਰ ਚਾਲਕ ਖੁਸ਼ਵੰਤ ਰੰਧਾਵਾ ਨੇ ਆਸਟਰੇਲੀਆ ਦੀ ਵਿਸ਼ਵ ਪ੍ਰਸਿੱਧ ਗੈਸ ਡੈਸ਼ ਆਫ ਰੋਡ ਰੈਲੀ 'ਚ ਦੋਹਰਾ ਖਿਤਾਬ ਜਿੱਤਣ ਦਾ ਮਾਣ ਪ੍ਰਾਪਤ ਕੀਤਾ ਹੈ। ਇਹ ਪ੍ਰਾਪਤੀ ਕਰਨ ਵਾਲਾ ਉਹ ਪਹਿਲਾ ਭਾਰਤੀ ਤੇ ਏਸ਼ੀਆਈ ਚਾਲਕ ਹੈ।

ਪੱਛਮੀ ਆਸਟਰੇਲੀਆ ਦੇ ਕਨਾਰਵਾਨ ਇਲਾਕੇ 'ਚ ਵਗਦੇ ਅਤੇ ਪਵਿੱਤਰ ਮੰਨੇ ਜਾਂਦੇ ਗੈਸ ਦਰਿਆ ਦੇ ਕਿਨਾਰਿਆਂ 'ਤੇ ਊਬੜ-ਖਾਬੜ ਰਸਤਿਆਂ 'ਚੋਂ ਗੁਜ਼ਰਨ ਵਾਲੀ 1200 ਕਿਲੋਮੀਟਰ ਲੰਬੀ ਇਸ ਰੈਲੀ ਦੇ 8 ਤੇ 4 ਸਿਲੰਡਰ ਗੱਡੀਆਂ ਵਾਲੇ ਦੋ ਵਰਗਾਂ 'ਚ ਖੁਸ਼ਵੰਤ ਰੰਧਾਵਾ ਨੇ ਇਹ ਖਿਤਾਬ ਜਿੱਤੇ।

ਉਸ ਨੇ ਦੱਸਿਆ ਕਿ ਸਪਾਂਸਰਸ਼ਿਪ ਦੀ ਘਾਟ ਦੇ ਬਾਵਜੂਦ ਉਸ ਨੇ ਮਹਿੰਗੀ ਕਾਰ ਰੈਲੀ 'ਚ ਏਸ਼ੀਆ ਤੇ ਭਾਰਤ ਦਾ ਨਾਮ ਬੁਲੰਦ ਕੀਤਾ। ਉਸ ਨੇ ਦੋ ਦਿਨਾਂ 'ਚ ਪੂਰੀ ਹੋਣ ਵਾਲੀ 8 ਸਿਲੰਡਰ ਗੱਡੀਆਂ ਵਾਲੀ ਰੈਲੀ 29 ਮਿੰਟ ਅਤੇ 4 ਸਿਲੰਡਰ ਵਾਲੀ ਰੈਲੀ 19 ਮਿੰਟ ਦੇ ਵਕਫੇ ਨਾਲ ਦੂਸਰੇ ਸਥਾਨ 'ਤੇ ਰਹੇ ਮੋਟਰ ਚਾਲਕਾਂ ਤੋਂ ਜਿੱਤੀ।


*ਖੁਸ਼ਵੰਤ ਰੰਧਾਵਾ ਜੇਤੂ ਟਰਾਫੀ ਨਾਲ*

ਖੁਸ਼ਵੰਤ ਰੰਧਾਵਾ ਨੇ ਦੱਸਿਆ ਕਿ ਉਸ ਨੂੰ ਇਸ ਵਿਸ਼ਵ ਪ੍ਰਸਿੱਧ ਰੈਲੀ ਲਈ ਕੌਮੀ ਪੱਧਰ ਦੀ ਕਾਰਗੁਜ਼ਾਰੀ ਦੇ ਅਧਾਰ 'ਤੇ ਹਿੱਸਾ ਲੈਣ ਦਾ ਮੌਕਾ ਮਿਲਿਆ ਸੀ। ਇਸ ਮੁਕਾਬਲੇ ਲਈ ਉਸ ਨੇ ਆਸਟਰੇਲੀਆ 'ਚ ਹੀ ਗੱਡੀ ਤਿਆਰ ਕਰਵਾਈ ਸੀ ਅਤੇ ਇੰਜਣ ਦੇ ਪੁਰਜ਼ੇ ਭਾਰਤ 'ਚੋਂ ਭੇਜੇ ਸਨ। ਇਸ ਰੈਲੀ 'ਚ ਦੁਨੀਆਂ ਦੇ ਚੋਟੀ ਦੇ ਚਾਲਕਾਂ ਨੇ ਹਿੱਸਾ ਲਿਆ, ਜਿਨ੍ਹਾਂ ਵਿਚ ਆਸਟਰੇਲੀਆ, ਦੱਖਣੀ ਅਫਰੀਕਾ, ਆਸਟਰੀਆ, ਭਾਰਤ ਤੇ ਨਿਊਜ਼ੀਲੈਂਡ ਤੋਂ ਇਲਾਵਾ ਕਈ ਮੁਲਕਾਂ ਦੇ ਚਾਲਕ ਸ਼ਾਮਲ ਸਨ। ਸ੍ਰੀ ਰੰਧਾਵਾ ਨੇ ਦੱਸਿਆ ਕਿ ਉਸ ਨਾਲ ਸਹਾਇਕ ਦੀ ਭੂਮਿਕਾ ਹਰਿਆਣਾ ਦੇ ਸਮਰਾਟ ਯਾਦਵ ਨੇ ਨਿਭਾਈ। ਸੰਨ 2006 ਤੇ 2009 'ਚ ਕੌਮੀ ਚੈਂਪੀਅਨਸ਼ਿਪ, ਸਜੋਬਾ ਰੈਲੀ ਅਤੇ 2007 'ਚ ਕੌਮਾਂਤਰੀ ਡੈਜ਼ਰਟ ਰੈਲੀ ਜਿੱਤਣ ਵਾਲੇ ਖੁਸ਼ਵੰਤ ਨੇ ਦੱਸਿਆ ਕਿ ਇਹ ਰੈਲੀ ਅਜਿਹੇ ਖੇਤਰ 'ਚ ਹੁੰਦੀ ਹੈ, ਜਿੱਥੇ ਬਿਲਕੁਲ ਹੀ ਵਸੋਂ ਨਹੀਂ ਹੈ ਅਤੇ ਰੈਲੀ ਦਾ ਸਮੁੱਚਾ ਪ੍ਰਬੰਧ ਹੈਲੀਕਾਪਟਰ ਰਾਹੀਂ ਕੀਤਾ ਜਾਂਦਾ ਹੈ। ਇਹ ਖੇਤਰ ਪਰਥ ਤੋਂ 1200 ਕਿਲੋਮੀਟਰ ਦੂਰ ਹੈ।


# ਰੇਡੀਓ ਗੀਤ ਸੰਗੀਤ ਦਾ ਨਾਂ ਹੈ ਹੁਣ "ਰੇਡੀਓ ਚੜ੍ਹਦੀ ਕਲਾ"



*Radio Geet Sangeet is now Radio Chardi Kala Fremont California, in Bay Area Since September 10, 2010.*

ਹੁਣ ਤੁਸੀਂ ਪੰਜਾਬੀ ਰੇਡੀਓ ਚੜ੍ਹਦੀ ਕਲਾ ਕੈਲੀਫੋਰਨੀਆ ਦੇ ਪੰਜਾਬੀ ਵਸੋਂ ਵਾਲੇ ਸਾਰੇ ਸ਼ਹਿਰਾਂ ਅਤੇ ਬੇ-ਏਰੀਆ ਵਿਚ ਸੁਣ ਸਕਦੇ ਹੋ

**You can listen Punjabi Radio Chardi Kala in dense Punjabi populated cities in California. We thanks our advertisers, listeners, supports, will wishers, and every body.**



**To participate in programs**

**Call 510-972-0820**

*To advertise or for more information:*

Gurcharan Singh Mann 510-557-0061

Lakhbir Singh 510-760-9882

Mailing address: Radio CK, PO Box 296, Fremont, CA 94536

listen live www.radiock.com

# ਮਨਪ੍ਰੀਤ ਦੀ 'ਜਾਗੋ ਪੰਜਾਬ ਯਾਤਰਾ' ਨੂੰ ਭਰਵਾਂ ਹੁੰਗਾਰਾ

ਲੋਕਾਂ ਨਾਲ ਵਾਅਦਾ ਕਰ ਰਹੇ ਹਨ ਕਿ ਉਹ ਆਪਣੇ ਛੇ ਨੁਕਾਤੀ ਪ੍ਰੋਗਰਾਮ ਲਈ ਦਿਨ-ਰਾਤ ਇਕ ਕਰ ਦੇਣਗੇ ਜਿਸ ਵਿਚ ਸਿਆਸੀ ਸੁਧਾਰ, ਸਮਾਜਿਕ ਸੁਧਾਰ, ਖੇਤੀ ਸੁਧਾਰ, ਆਰਥਿਕ ਸੁਧਾਰ ਤੇ ਵਾਤਾਵਰਣ ਸੁਧਾਰ ਮੁੱਖ ਤੌਰ 'ਤੇ ਸ਼ਾਮਲ ਹਨ। ਪਹਿਲੇ ਦਿਨ ਹੀ ਉਨ੍ਹਾਂ ਦੀ ਇਹ ਮੁੰਹਿਮ ਉਸ ਵੇਲੇ ਚਰਚਾ 'ਚ ਆ ਗਈ ਜਦੋਂ ਸਾਦਿਕ ਵਿਚ ਕੀਤੀ ਰੈਲੀ ਦੌਰਾਨ ਪੰਜਾਬੀ ਲੇਖਕ ਜਸਵੰਤ ਸਿੰਘ ਕੰਵਲ ਤੇ ਨਿੰਦਰ ਘੁਗਿਆਣਵੀ ਵੀ ਪੁੱਜ ਗਏ। ਇਸ ਮੌਕੇ ਕੁਸ਼ਲਦੀਪ ਸਿੰਘ ਢਿੱਲੋਂ, ਮਨਜਿੰਦਰ ਸਿੰਘ ਕੰਗ, ਜਗਬੀਰ ਸਿੰਘ ਬਰਾੜ, ਬੀਰ ਦਵਿੰਦਰ ਸਿੰਘ, ਕੁਲਦੀਪ ਸਿੰਘ ਢੋਸ, ਗੁਰਪ੍ਰੀਤ ਸਿੰਘ ਭੱਟੀ, ਜਸਪਾਲ ਸਿੰਘ ਮੌੜ, ਨਰੇਸ਼ ਕੁਮਾਰੀ ਬਾਵਾ, ਸੁਖਵਿੰਦਰ ਸਿੰਘ, ਜਸ਼ਨਪ੍ਰੀਤ ਢਿੱਲੋਂ ਸਮੇਤ ਸੈਂਕੜੇ ਆਗੂ ਵੀ ਉਨ੍ਹਾਂ ਦੇ ਨਾਲ ਸਨ।

ਸ. ਮਨਪ੍ਰੀਤ ਬਾਦਲ ਦਾ ਕਹਿਣਾ ਹੈ ਕਿ ਉਹ ਅਹਿਮ ਮੁੱਦਿਆਂ ਨੂੰ ਲੈ ਕੇ ਲੋਕਾਂ ਦੀ ਕਚਹਿਰੀ 'ਚ ਆਏ ਹਨ ਤੇ ਇਸ 170 ਦਿਨ ਦੀ ਯਾਤਰਾ ਤੋਂ ਬਾਅਦ ਉਨ੍ਹਾਂ ਨੂੰ ਪੂਰਾ ਯਕੀਨ ਹੈ ਕਿ ਸੂਬੇ ਦੇ ਲੋਕ ਉਨ੍ਹਾਂ ਦਾ ਮਾਣ ਨਹੀਂ ਤੋੜਨਗੇ। ਉਨ੍ਹਾਂ ਨਾਅਰਾ ਦਿੱਤਾ ਕਿ ਗੁਜਰਾਤੀ ਤੇ ਮਦਰਾਸੀ ਜਾਗ ਚੁਕੇ ਹਨ ਤੇ ਹੁਣ ਬਿਹਾਰੀ ਵੀ ਜਾਗ ਪਏ ਹਨ ਤੇ ਪੰਜਾਬ ਦੇ ਲੋਕ ਜੇਕਰ ਆਪਣਾ ਭਲਾ ਚਾਹੁੰਦੇ ਹਨ ਤਾਂ ਹੁਣ ਉਨ੍ਹਾਂ ਨੂੰ ਡੂੰਘੀ ਨੀਂਦਰ ਵਿਚੋਂ ਜਾਗਣਾ ਪਵੇਗਾ। ਪੰਜਾਬ ਵਿਚ ਅਜ਼ਾਦੀ ਤੋਂ ਬਾਅਦ 60 ਸਾਲ ਤੱਕ ਰਾਜ ਕਰਨ ਵਾਲੀਆਂ ਸਰਕਾਰਾਂ ਨੇ ਸੂਬੇ ਦਾ ਕੁਲ ਘਰੇਲੂ ਉਤਪਾਦਨ ਵਧਾਉਣ ਵੱਲ ਕੋਈ ਖਾਸ ਧਿਆਨ ਨਹੀਂ ਦਿੱਤਾ ਤੇ ਹੁਣ ਲੋਕ ਹੋਰ ਲੰਬੀ ਉਡੀਕ ਨਹੀਂ ਕਰ ਸਕਦੇ।

ਉਨ੍ਹਾਂ ਦਾ ਕਹਿਣਾ ਹੈ ਕਿ ਮੈਂ ਪੰਜਾਬ ਦੇ ਮਸਲਿਆਂ ਦੀ ਗੱਲ ਕੀਤੀ ਸੀ ਪਰ ਸ਼੍ਰੋਮਣੀ ਅਕਾਲੀ ਦਲ ਨੇ ਉਨ੍ਹਾਂ ਦੀ ਦਲੀਲ ਨੂੰ ਵਿਚਾਰਨ ਦੀ ਥਾਂ ਉਸ ਨੂੰ ਪਾਰਟੀ ਵਿਚੋਂ ਬਾਹਰ ਕੱਢ ਦਿੱਤਾ ਤੇ ਉਹ ਪਾਰਟੀ ਵਿਚ ਮਿੱਟੀ ਦਾ ਬਾਵਾ ਬਣ ਕੇ ਕੰਮ ਨਹੀਂ ਕਰ ਸਕਦੇ। ਉਨ੍ਹਾਂ ਦਾਅਵਾ ਕੀਤਾ ਕਿ ਬੇਸ਼ੱਕ ਉਨ੍ਹਾਂ ਦੀਆਂ ਰੈਲੀਆਂ ਨੂੰ ਅਸਫਲ ਕਰਨ ਲਈ ਪੁਲਿਸ ਤੇ ਸਿਵਲ ਪ੍ਰਸ਼ਾਸਨ ਪੱਬਾਂ ਭਾਰ ਹੋਇਆ ਹੈ ਪਰ ਇਸ ਦੇ ਬਾਵਜੂਦ ਵੱਡੀ ਗਿਣਤੀ ਵਿਚ ਲੋਕ ਪਹੁੰਚ ਕੇ ਇਸ ਗੱਲ ਦਾ ਸੰਕੇਤ ਦੇ ਰਹੇ ਹਨ ਕਿ ਉਹ ਪੰਜਾਬ ਵਿਚ ਬਦਲਾਅ ਚਾਹੁੰਦੇ ਹਨ। ਉਨ੍ਹਾਂ ਦੋਸ਼ ਲਾਇਆ ਹੈ ਕਿ ਪੰਜਾਬ ਸਰਕਾਰ 70 ਹਜ਼ਾਰ ਕਰੋੜ ਦਾ ਕਰਜ਼ਾ ਪਿਛਲੇ ਪੰਦਰਾਂ ਸਾਲ ਤੋਂ ਨਹੀਂ ਮੋੜ ਰਹੀ ਬਲਕਿ ਹਰ ਸਾਲ ਇਸ ਦਾ 800 ਕਰੋੜ ਰੁਪਏ ਵਿਆਜ ਵਾਪਸ ਕਰ ਰਹੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਅਸਤੀਫਾ ਦੇਣ ਤੋਂ ਪਹਿਲਾਂ ਉਨ੍ਹਾਂ ਸਾਹਮਣੇ ਇਕ ਪਾਸੇ ਪੰਜਾਬ ਦੇ ਕੁਝ ਪੂੰਜੀਪਤੀ ਘਰਾਣੇ, ਸਰਕਾਰੀ ਚੌਧਰ ਤੇ ਐਸ਼ੋ-ਆਰਾਮ ਸਨ ਜਦੋਂਕਿ ਦੂਸਰੇ ਪਾਸੇ ਮਜਬੂਰ ਤੇ ਮਜ਼ਦੂਰ ਲੋਕ ਤੇ ਕਰਜ਼ਾਈ ਪੰਜਾਬ ਸੀ। ਇਸ ਲਈ ਉਨ੍ਹਾਂ ਨੇ ਪੰਜਾਬ ਨੂੰ ਰਾਹਤ ਦੁਆਉਣ ਲਈ ਇਹ ਰਾਹ ਚੁਣਿਆ ਹੈ।



ਮਨਪ੍ਰੀਤ ਸਿੰਘ ਬਾਦਲ ਮੁਕਤਸਰ ਨੇੜੇ ਪਿੰਡ ਬਰਕੰਦੀ 'ਚ ਲੋਕਾਂ ਨੂੰ ਸੰਬੋਧਨ ਕਰਦੇ ਹੋਏ

ਉਨ੍ਹਾਂ ਦੀ ਹਮਾਇਤ 'ਤੇ ਆਏ ਸ਼ਹੀਦ ਭਗਤ ਸਿੰਘ ਦੇ ਭਤੀਜੇ ਅਭੈ ਸਿੰਘ ਸੰਧੂ ਦਾ ਕਹਿਣਾ ਹੈ ਕਿ ਪੰਜਾਬ ਦੀਆਂ ਮੌਜੂਦਾ ਸਿਆਸੀ ਪਾਰਟੀਆਂ ਨੇ ਪੰਜਾਬ ਦੇ ਲੋਕਾਂ ਤੇ ਇਸ ਦੇ ਸੋਮਿਆਂ ਨੂੰ ਬੁਰੀ ਤਰ੍ਹਾਂ ਲੁੱਟਿਆ ਹੈ। ਨੌਜਵਾਨਾਂ ਨੂੰ ਨਸ਼ੇ, ਬੇਰੁਜ਼ਗਾਰੀ ਅਨਪੜ੍ਹਤਾ ਹੀ ਦਿੱਤੀ ਹੈ। ਇਸ ਲਈ ਉਨ੍ਹਾਂ ਨੂੰ ਹੁਣ ਮਨਪ੍ਰੀਤ ਤੋਂ ਕੁਝ ਆਸ ਜਾਗੀ ਹੈ। ਸਾਬਕਾ ਸਪੀਕਰ ਬੀਰ ਦਵਿੰਦਰ ਸਿੰਘ ਨੇ ਦੋਸ਼ ਲਾਇਆ ਹੈ ਕਿ ਅਕਾਲੀ ਦਲ ਦੀ ਕੋਰ ਕਮੇਟੀ ਵਿਚ ਸ਼ਾਮਲ ਮੈਂਬਰ ਪੰਜਾਬ ਦੇ ਲੋਕਾਂ ਵੱਲੋਂ ਨਕਾਰੇ ਹੋਏ ਹਨ ਤੇ ਬ੍ਰਹਮਪੁਰਾ ਨੂੰ ਛੱਡ ਕੇ ਬਾਕੀ ਸਾਰੇ ਮੈਂਬਰ ਚੋਣਾਂ ਵਿਚ ਬੁਰੀ ਤਰ੍ਹਾਂ ਹਾਰ ਦਾ ਮੂੰਹ ਦੇਖ ਚੁੱਕੇ ਹਨ। ਇਸ ਕਰਕੇ ਉਨ੍ਹਾਂ ਨੂੰ ਮਨਪ੍ਰੀਤ ਦੀ ਯੋਗਤਾ ਜਾਂ ਉਸ ਦੇ ਵਿਚਾਰਾਂ ਬਾਰੇ ਨੁਕਤਾਚੀਨੀ ਕਰਨ ਦਾ ਕੋਈ ਅਧਿਕਾਰ ਨਹੀਂ। ਉਨ੍ਹਾਂ ਕਿਹਾ ਕਿ ਮੌਜੂਦਾ ਹਲਾਤ 'ਚ ਪੰਜਾਬ ਨੂੰ ਵੀ ਦੂਜੇ ਰਾਜਾਂ ਦੀ ਤਰੱਕੀ ਤੋਂ ਸਬਕ ਸਿੱਖਣਾ ਚਾਹੀਦਾ ਹੈ ਜਿਸ ਦੀ ਤਾਜ਼ਾ ਮਿਸਾਲ ਹੁਣੇ-ਹੁਣੇ ਬਣੀ ਬਿਹਾਰ ਸਰਕਾਰ ਤੋਂ ਲਈ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਸ਼ਹੀਦ ਭਗਤ ਸਿੰਘ ਦੇ ਸੁਪਨੇ ਸਨ ਕਿ ਜਦੋਂ ਦੇਸ਼ ਆਜ਼ਾਦ ਹੋ ਜਾਵੇਗਾ ਤੇ ਮਨੁੱਖ ਦੀ ਮਨੁੱਖ ਹੱਥੋਂ ਲੁੱਟ ਖਤਮ ਹੋ ਜਾਵੇਗੀ ਤਦ ਹੀ ਲੋਕੀਂ ਇੱਜ਼ਤ ਦੀ ਜਿੰਦਗੀ ਜੀਅ ਸਕਣਗੇ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਬੁਰੀ ਨਜ਼ਰ ਲੱਗ ਗਈ ਹੈ ਅਤੇ ਉਹ ਚੌਕੀਦਾਰ ਬਣ ਕੇ ਪਿੰਡ-ਪਿੰਡ ਜਾ ਕੇ ਸੂਬੇ ਨੂੰ ਲੱਗੀ ਨਜ਼ਰ ਉਤਾਰਨ ਦੀ ਕੋਸ਼ਿਸ਼ ਕਰਨਗੇ। ਉਨ੍ਹਾਂ ਕਿਹਾ ਕਿ ਰਿਸ਼ਵਤਖੋਰੀ, ਨਸ਼ਿਆਂ ਵਿਚ ਡੁਬਦੀ ਜਵਾਨੀ ਤੇ ਬੇਰੁਜ਼ਗਾਰੀ ਆਦਿ ਸਮੱਸਿਆਵਾਂ ਦੇ ਖਾਤਮੇ ਲਈ ਦਰਬਾਰ ਸਾਹਿਬ ਤੇ ਜਲ੍ਹਿਆਂ ਵਾਲੇ ਬਾਗ ਵਿਚ ਉਨ੍ਹਾਂ ਸਹੁੰ ਚੁੱਕੀ ਹੈ ਜਿਸ ਨੂੰ ਪੂਰਾ ਕਰਨ ਲਈ ਪਹਿਲਾਂ ਪੰਜਾਬ ਦੇ 117 ਵਿਧਾਨ ਸਭਾ ਹਲਕਿਆਂ ਵਿਚ 'ਜਾਗੋ ਪੰਜਾਬ ਯਾਤਰਾ' ਰਾਹੀਂ ਆਵਾਜ਼ ਬੁਲੰਦ ਕੀਤੀ ਜਾਵੇਗੀ ਤੇ ਇਸ ਤੋਂ ਬਾਅਦ ਪਾਰਟੀ ਦੇ ਨਾਂ ਤੇ ਵਿਧਾਨ ਸਭਾ ਚੋਣਾਂ ਬਾਰੇ ਸੋਚਿਆ ਜਾਵੇਗਾ। ਉਨ੍ਹਾਂ ਕਿਹਾ ਹੈ ਕਿ ਪੰਜਾਬ ਵਿਚ ਚੱਲ ਰਹੀ ਨੀਂਹ ਪੱਥਰਾਂ ਦੀ ਰਾਜਨੀਤੀ ਖਤਮ ਹੋਣੀ ਚਾਹੀਦੀ ਹੈ।

## Public Notice

### Name change

I, Amandeep S/O Dharamvir Singh, resident of VPO Samipur, Distt. Jalandhar, Punjab, India and now living at 2007, Olivera Road # A, Concord, CA 94520 (USA), have changed my name to Amandeep Singh. All concerned please note.

## Matrimonials

### ਵਰ ਦੀ ਲੋੜ

Ramgarhia Sikh parents seek professionally, qualified boy under 35 (issueless, if divorced) from US/Canada for their dentist daughter, 31 yrs, 5'-6", divorced/ issueless, living in Canada. Please respond with bio data and recent picture to: match2k@gmail.com

Professional Sikh match for Parjapat Sikh girl, 30, 5'-6", working with US University on H1 visa, PhD (Molecular biology) from US. Caste no bar. Contact at 91-98784-59056 or email piscean100@yahoo.com

## Public Notice

### Name change

I, Sukhwinder S/O Paramjit Singh Deol resident of village Chak Musa Distt. Hosiharpur, Punjab, India, now living at 744 S. Linda Lane, Fresno, CA 93727 USA, have changed my name from Sukhwinder to Sukhwinder Singh Deol. All concerned please note.

I, Karnail Singh S/O Bawa Singh Village Nijjar, District Jallandhar, Punjab, India now living at 7858 Doe Trail Way, Antelope, CA 95843, now an American citizen, have changed my name to Karnail Singh Nijjar. All concerned please note.

ਮੈਂ, ਕਰਨੈਲ ਸਿੰਘ ਸਪੁੱਤਰ ਬਾਵਾ ਸਿੰਘ, ਪਿੰਡ ਨਿੱਜਰ, ਜ਼ਿਲਾ ਜਲੰਧਰ, ਪੰਜਾਬ, ਇੰਡੀਆ, ਇਸ ਵੇਲੇ ਰਿਹਾਇਸ਼ 7858 ਡੋ ਟਰੇਲ ਵੇਅ, ਐਂਟੀਲੋਪ, ਕੈਲੀਫੋਰਨੀਆ 95843, ਹੁਣ ਅਮਰੀਕੀ ਸਿਟੀਜ਼ਨ ਹਾਂ ਅਤੇ ਆਪਣਾ ਨਾਂ ਬਦਲ ਕੇ ਕਰਨੈਲ ਸਿੰਘ ਨਿੱਜਰ ਰੱਖ ਲਿਆ ਹੈ। ਸਭ ਸਬੰਧਤ ਨੋਟ ਕਰਨ।

I, Mandeep Singh S/O Roop Singh resident of Surga Puri, Mukatsar Road, Kotkapura, Distt. Faridkot, Punjab, India currently living at 9333 W. Mckinley Ave Fresno, CA 93722 USA, have changed my name from Mandeep Singh to Mandeep Singh Grewal. All concerned please note.


SUPER TRAVEL

847-676-9090, 773-465-5566

E-mail: supertravel2003@yahoo.com

Lowest Fares With Excellent Service

AMERICAN AIR, CONTINENTAL AIR



JET AIRWAYS DELTA, AIR INDIA, KLM, LUFTHANSA.

For Emergency Call anytime at 847-673-3825

EARLY BIRD SALE!!!!

India $545
London $250



MRP TRAVEL

Lowest International and Domestic Fares

A·R·C FLY ANY AIRLINE OF YOUR CHOICE IATA

Providing the lowest Airfare, Cruise and Travel Packages to Asia, Africa, Europe, the Middle East and North America

408-929-8005

E-mail:mrptravel@gmail.com
2123 Port Way, San Jose, CA 95133
CST: 2097308-40



Asiana Airlines · Emirates · SINGAPORE AIRLINES · CATHAY PACIFIC · KOREAN AIR · Lufthansa · CHINA AIRLINES

We Also Offer Notary Service



Desi Cuts and Color Plus

For Men, Women & Children



Grand Opening



Ph:510-429-0786

Mandeep
510-200-4415

Tony
(510) 825-0820

Monday to Friday 9:00-7:30 (Tuesday Closed)
Saturday 9:00-7:00, Sunday 10:00-6:00

ਜਿੰਦਗੀ ਵਿਚ ਕਾਮਯਾਬੀ ਲਈ ਸਮਾਰਟ ਹੋਣਾ ਹੀ ਜਰੂਰੀ ਨਹੀਂ ਬਲਕਿ ਵਧੀਆ ਦਿਖਣਾ ਵੀ ਜਰੂਰੀ ਹੈ। ਵਧੀਆ ਹੇਅਰ ਕਟਿੰਗ ਤੇ ਆਪਣੀ ਦੱਖ ਹੋਰ ਸੋਹਣੀ ਬਣਾਉਣ ਲਈ ਅਜ ਹੀ ਮਿਲੋ ਮਿਸਟਰ ਟੋਨੀ ਨੂੰ, ਜੋ ਕਿ ਇੰਡੀਆ, ਇੰਗਲੈਂਡ ਯੂ ਕੇ, ਅਮਰੀਕਾ ਕੁਆਲੀਫਾਈਡ ਬਾਰਬਰ ਨੇ।

Hair cut
Beard Perm
Hair styler
Color
Facial, Threading and Waxing (Special Lady)

34685 Alvarado Niles Rd., Union City, CA 94587 ( Behind Tacobell )



FARMERS INSURANCE GROUP Symbol of Superior Service

FARMERS®

ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ

*Auto *Home *Life *Umbrella

*Business Work Comp.

Duabba Insurance Agency

2450 Peralta Blvd Suite 120, Fremont CA 94536

Phone: 510-797-7989 Fax: 510-794-7398

visit us@ farmers.com



Gurcharan Singh Mann
Insurance Agent
License # 0C 70672

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

ਪੰਜਾਬ ਟਾਈਮਜ਼

ਸਨਿਚਰਵਾਰ, 4 ਦਸੰਬਰ 2010

## ਵਿਸ਼ਵਾਸ ਦੀ ਆਜ਼ਾਦੀ ਬਨਾਮ ਜ਼ੁਬਾਨਬੰਦੀ

ਪੰਜਾਬ, ਪੱਛਮੀ ਬੰਗਾਲ ਅਤੇ ਭਾਰਤ ਦੀਆਂ ਰਾਜਧਾਨੀਆਂ ਵਿਚ ਕੁਝ ਅਜਿਹੀਆਂ ਘਟਨਾਵਾਂ ਹੋਈਆਂ ਜੋ ਅਖ਼ਬਾਰਾਂ ਦੀਆਂ ਸੁਰਖ਼ੀਆਂ ਤਾਂ ਭਾਵੇਂ ਨਹੀਂ ਬਣੀਆਂ ਪਰ ਸਾਰੀਆਂ ਅਖ਼ਬਾਰਾਂ/ਚੈਨਲਾਂ ਨੇ ਇਨ੍ਹਾਂ ਨੂੰ ਪ੍ਰਮੁੱਖਤਾ ਨਾਲ ਨਸ਼ਰ ਕੀਤਾ। ਕਸ਼ਮੀਰ ਦੇ ਸਬੰਧ ਵਿਚ ਹਿੰਦ-ਪਾਕਿ ਸਬੰਧਾਂ ਬਾਰੇ ਚੰਡੀਗੜ੍ਹ ਵਿਚ ਇਕ ਸੈਮੀਨਾਰ ਦੌਰਾਨ ਬੋਲਣ ਆਏ ਜੰਮੂ-ਕਸ਼ਮੀਰ ਦੀ ਆਲ ਪਾਰਟੀਜ਼ ਹੁਰੀਅਤ ਕਾਨਫ਼ਰੰਸ ਦੇ ਨਰਮ ਧੜੇ ਦੇ ਚੇਅਰਮੈਨ ਮੀਰਵਾਇਜ਼ ਉਮਰ ਫ਼ਾਰੂਕ਼ ਉਤੇ ਹਮਲਾ ਕਰ ਦਿੱਤਾ ਗਿਆ। ਕੋਲਕਾਤਾ ਅਤੇ ਨਵੀਂ ਦਿੱਲੀ ਵਿਖੇ ਜਦੋਂ ਉਹ ਸਮਾਗਮਾਂ ਵਿਚ ਸ਼ਿਰਕਤ ਕਰਨ ਪਿੱਛੋਂ ਪਰਤ ਰਹੇ ਸਨ ਤਾਂ ਉਨ੍ਹਾਂ ਦੀ ਕਾਰ ਉਤੇ ਆਂਡੇ ਸੁੱਟੇ ਗਏ। ਇਹ ਕਾਰਾ ਭਾਜਪਾ ਅਤੇ ਆਰ.ਐਸ.ਐਸ.ਦੀ ਅਗਵਾਈ ਹੇਠ ਕੁਝ ਕੱਟੜ ਹਿੰਦੂ ਜਥੇਬੰਦੀਆਂ ਨੇ ਕੀਤਾ ਜੋ ਦੇਸ਼ ਨੂੰ ਧਰਮ ਆਧਾਰਿਤ ਸ਼ਾਸਨ ਹੇਠ ਲਿਆਉਣ ਲਈ ਚਿਰਾਂ ਤੋਂ ਲੱਗੀਆਂ ਹੋਈਆਂ ਹਨ। ਦੂਜੇ, ਦਿੱਲੀ ਦੀ ਹਾਈ ਕੋਰਟ ਨੇ ਹੁਕਮ ਸੁਣਾਇਆ ਹੈ ਕਿ ਮਸ਼ਹੂਰ ਲੇਖਕਾ ਤੇ ਜੁਝਾਰੂ ਲੋਕਾਂ ਦੇ ਹੱਕਾਂ ਲਈ ਆਵਾਜ਼ ਬੁਲੰਦ ਕਰਨ ਵਾਲੀ ਅਰੁੰਧਤੀ ਰਾਏ, ਜੰਮੂ-ਕਸ਼ਮੀਰ ਦੀ ਆਲ ਪਾਰਟੀਜ਼ ਹੁਰੀਅਤ ਕਾਨਫ਼ਰੰਸ ਦੇ ਗਰਮ ਧੜੇ ਦੇ ਚੇਅਰਮੈਨ ਸਈਅਦ ਅਲੀ ਸ਼ਾਹ ਗਿਲਾਨੀ, ਮਾਓਵਾਦੀਆਂ ਦੇ ਸਮਰਥਕ ਇਨਕਲਾਬੀ ਸ਼ਾਇਰ ਵਰ ਵਰਾ ਰਾਓ (ਆਂਧਰਾ ਪ੍ਰਦੇਸ਼), ਪ੍ਰੋ. ਐਸ.ਏ.ਆਰ. ਗਿਲਾਨੀ ਸਣੇ 7 ਜਣਿਆਂ ਖ਼ਿਲਾਫ਼ ਦੇਸ਼ ਧ੍ਰੋਹ ਦਾ ਕੇਸ ਦਰਜ ਕੀਤਾ ਜਾਵੇ। ਇਨ੍ਹਾਂ ਸਾਰਿਆਂ ਨੇ ਨਵੀਂ ਦਿੱਲੀ ਵਿਖੇ ਕਸ਼ਮੀਰ ਬਾਰੇ ਹੋਏ ਸੈਮੀਨਾਰ ਜਿਸ ਦਾ ਵਿਸ਼ਾ 'ਆਜ਼ਾਦੀ: ਇਕੋ-ਇਕ ਰਾਹ' ਸੀ, ਵਿਚ ਸ਼ਿਰਕਤ ਕੀਤੀ ਸੀ। ਇਨ੍ਹਾਂ ਸਾਰਿਆਂ ਨੇ ਆਪੋ-ਆਪਣੇ ਸਮਾਗਮਾਂ ਵਿਚ ਮੁੱਖ ਰੂਪ ਵਿਚ ਦੋ ਹੀ ਨੁਕਤੇ ਉਭਾਰੇ ਸਨ। ਪਹਿਲਾ ਇਹ ਕਿ ਕਸ਼ਮੀਰ ਭਾਰਤ ਅਤੇ ਪਾਕਿਸਤਾਨ ਵਿਚਕਾਰ ਵਿਵਾਦ ਵਾਲਾ ਇਲਾਕਾ ਹੈ। ਦੂਜਾ, ਕਸ਼ਮੀਰ ਬਾਰੇ ਕੋਈ ਵੀ ਫ਼ੈਸਲਾ ਕਰਨ ਵੇਲੇ ਕਸ਼ਮੀਰੀ ਅਵਾਮ ਦੀ ਰਾਇ ਜ਼ਰੂਰ ਲਈ ਜਾਵੇ।

ਸਿਤਮਜ਼ਰੀਫ਼ੀ ਇਹ ਹੈ ਕਿ ਵੱਖ ਵੱਖ ਸਮਿਆਂ ਦੌਰਾਨ ਭਾਰਤੀ ਆਗੂਆਂ ਨੇ ਵੀ ਇਹੀ ਗੱਲਾਂ ਆਖੀਆਂ ਹਨ। ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲਾ ਨਹਿਰੂ ਨੇ ਕਿਹਾ ਸੀ ਕਿ ਕਸ਼ਮੀਰ ਦਾ ਭਵਿੱਖ ਤੈਅ ਕਰਨ ਲੱਗਿਆਂ ਉਥੋਂ ਦੀ ਅਵਾਮ ਦੀਆਂ ਭਾਵਨਾਵਾਂ ਦਾ ਖ਼ਿਆਲ ਰੱਖਿਆ ਜਾਵੇਗਾ। ਫ਼ਿਰ 1952 ਵਿਚ ਸੂਬੇ ਦੀ ਖ਼ੁਦਮੁਖ਼ਤਾਰੀ ਲਈ ਦਿੱਲੀ-ਸ੍ਰੀਨਗਰ ਸਮਝੌਤਾ ਕੀਤਾ ਗਿਆ। 1993 ਵਿਚ ਜਦੋਂ ਕਸ਼ਮੀਰ ਦਹਿਸ਼ਤਪਸੰਦੀ ਦੀ ਅੱਗ ਵਿਚ ਬਲ਼ ਰਿਹਾ ਸੀ ਤਾਂ ਪ੍ਰਧਾਨ ਮੰਤਰੀ ਪੀ.ਵੀ. ਨਰਸਿਮਹਾ ਰਾਓ ਨੇ ਕਿਹਾ ਸੀ ਕਿ ਕਸ਼ਮੀਰੀਆਂ ਲਈ ਅੰਬਰ ਜਿੱਡੀਆਂ ਖੁੱਲ੍ਹਾਂ ਹਨ। 2004 ਵਿਚ ਅਟਲ ਬਿਹਾਰੀ ਵਾਜਪਾਈ ਨੇ ਮਾਨਵਤਾ ਦੇ ਆਧਾਰ 'ਤੇ ਗੱਲਬਾਤ ਦੀਆਂ ਗੱਲਾਂ ਕੀਤੀਆਂ। ਫ਼ਿਰ ਡਾ. ਮਨਮੋਹਨ ਸਿੰਘ ਨੇ ਕਸ਼ਮੀਰ ਦੇ ਸਿਆਸੀ ਹੱਲ ਦਾ ਐਲਾਨ ਕੀਤਾ। ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਇਸੇ ਸਾਲ ਸਤੰਬਰ ਮਹੀਨੇ ਕਸ਼ਮੀਰ ਰਵਾਨਾ ਹੋਣ ਤੋਂ ਪਹਿਲਾਂ ਨਵੀਂ ਦਿੱਲੀ ਵਿਖੇ ਐਲਾਨ ਕੀਤਾ ਕਿ ਭਾਰਤ ਸਰਕਾਰ ਕਸ਼ਮੀਰੀਆਂ ਨਾਲ ਪਹਿਲਾਂ ਕੀਤੇ ਸਾਰੇ ਵਾਅਦੇ ਪੂਰੇ ਕਰਗੀ। ਪਰ ਹੋਇਆ ਕੀ? ਹੋਇਆ ਇਹ ਕਿ ਪਿਛਲੇ ਛੇ ਮਹੀਨਿਆਂ ਦੌਰਾਨ ਘਾਟੀ ਵਿਚ ਸੁਰੱਖਿਆ ਬਲਾਂ ਦੀਆਂ ਬੰਦੂਕਾਂ ਦੇ ਮੂੰਹ ਖੋਲ੍ਹ ਦਿੱਤੇ ਗਏ। ਲੋਕਾਂ ਨੇ ਬੇਮਿਸਾਲ ਜ਼ਬਤ ਰੱਖ ਕੇ, ਸੜਕਾਂ 'ਤੇ ਨਿਕਲ ਕੇ ਸਰੱਖਿਆ ਬਲਾਂ ਵੱਲੋਂ ਕੀਤੀਆਂ ਜਾ ਰਹੀਆਂ ਜ਼ਿਆਦਤੀਆਂ ਦੀ ਮੁਖ਼ਾਲਫ਼ਤ ਕੀਤੀ। ਉਨ੍ਹਾਂ ਕਰਫ਼ਿਊ ਤੱਕ ਦੀ ਪ੍ਰਵਾਹ ਨਾ ਕੀਤੀ। 1989 ਤੋਂ ਬਾਅਦ ਜਦੋਂ ਤੋਂ ਕਸ਼ਮੀਰ ਘਾਟੀ ਹਿੰਸਾ ਦੀ ਦੁਵੱਲੀ ਅੱਗ ਵਿਚ ਬਲ਼ ਰਹੀ ਹੈ, ਇਹ ਪਹਿਲੀ ਵਾਰ ਸੀ ਕਿ ਕਸ਼ਮੀਰ ਦਾ ਅਵਾਮ ਬੰਦੂਕ ਛੱਡ ਕੇ ਨਿਹੱਥਾ ਸੜਕਾਂ ਉਤੇ ਨਿਕਲ ਆਇਆ, ਸੁਰੱਖਿਆ ਬਲਾਂ ਦੀਆਂ ਜ਼ਿਆਦਤੀਆਂ ਦਾ ਵਿਰੋਧ ਕੀਤਾ ਪਰ ਅੱਗਿਓਂ ਗੋਲੀਆਂ ਹੀ ਮਿਲੀਆਂ। ਅਮਨਪੂਰਵਕ ਵਿਖਾਵੇ ਕਰ ਰਹੇ 111 ਕਸ਼ਮੀਰੀ ਮਾਰੇ ਗਏ।

ਕੌੜੀ ਹਕ਼ੀਕ਼ਤ ਇਹ ਹੈ ਕਿ ਜੰਮੂ-ਕਸ਼ਮੀਰ ਦੀ ਸਮੱਸਿਆ ਦੀਆਂ ਜੜ੍ਹਾਂ ਅੰਗਰੇਜ਼ਾਂ ਵੇਲੇ ਪਣਪੀ ਫ਼ਿਰਕੂ ਵੰਡ ਵਿਚ ਪਈਆਂ ਹਨ। ਪਿਛਲੇ 63 ਸਾਲਾਂ ਦੌਰਾਨ ਭਾਰਤੀ ਅਤੇ ਪਾਕਿਸਤਾਨੀ ਹੁਕਮਰਾਨ ਦੇ ਰਿਸ਼ਤੇ ਤਣਾਅ ਵਾਲੇ ਰਹੇ ਹਨ ਪਰ ਜਿਸ ਤਰ੍ਹਾਂ ਦੀਆਂ ਘਟਨਾਵਾਂ ਹੁਣ ਹੋਈਆਂ ਹਨ, ਉਹ ਪ੍ਰੇਸ਼ਾਨ ਕਰਨ ਵਾਲੀਆਂ ਤਾਂ ਹਨ ਹੀ, ਜਮਹੂਰੀ ਕਦਰਾਂ ਕੀਮਤਾਂ ਦੀਆਂ ਝੰਡਾ ਬਰਦਾਰ ਤਾਕਤਾਂ ਦੀ ਪਰਖ ਲਈ ਘੜੀ ਵੀ ਹਨ। ਹਿੰਦੂ ਕੱਟੜਪ੍ਰਸਤਾਂ ਨੇ ਜਿਸ ਤਰ੍ਹਾਂ ਜ਼ੁਬਾਨ ਬੰਦ ਕਰਨ/ਕਰਵਾਉਣ ਦੀ ਕੋਸ਼ਿਸ਼ ਕੀਤੀ ਹੈ, ਉਹ ਨਿਆਂ-ਆਧਾਰਿਤ ਸਮਾਜ ਦੇ ਮੱਥੇ 'ਤੇ ਦਾਗ਼ ਹੈ। ਜ਼ੁਬਾਨਬੰਦੀ ਕਿਸੇ ਵੀ ਮਸਲੇ ਦਾ ਹੱਲ ਨਹੀਂ ਹੈ। ਕਸ਼ਮੀਰੀ ਅਵਾਮ ਤੋੜੇ ਗਏ ਵਿਸ਼ਵਾਸ ਅਤੇ ਆਜ਼ਾਦੀ ਦਾ ਚੇਤਾ ਹੀ ਤਾਂ ਕਰਵਾ ਰਿਹਾ ਹੈ। ਉਨ੍ਹਾਂ ਦੇ ਹੱਕ ਵਿਚ ਖੜ੍ਹਨ ਵਾਲੇ ਵੀ ਸਰਕਾਰਾਂ ਵੱਲੋਂ ਕੀਤੇ ਵਾਅਦੇ ਹੀ ਤਾਂ ਯਾਦ ਕਰਵਾ ਰਹੇ ਹਨ। ਮੁਗਲ ਬਾਦਸ਼ਾਹ ਔਰੰਗਜ਼ੇਬ ਨੇ ਜਦੋਂ ਧਰਮ ਅਤੇ ਵਿਸ਼ਵਾਸ ਦੀ ਆਜ਼ਾਦੀ ਨੂੰ ਟੁੱਕਣ ਦੀ ਕੋਸ਼ਿਸ਼ ਕੀਤੀ ਸੀ ਤਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਜਾਨ ਦੇ ਕੇ ਵਿਸ਼ਵਾਸ ਦੀ ਆਜ਼ਾਦੀ ਨੂੰ ਕਾਇਮ ਰੱਖਿਆ ਸੀ। ਉਨ੍ਹਾਂ ਕਸ਼ਮੀਰੀ ਪੰਡਿਤਾਂ ਦੇ ਧਰਮ ਦੀ ਆਜ਼ਾਦੀ ਅਤੇ ਵਿਸ਼ਵਾਸ ਦੀ ਆਜ਼ਾਦੀ ਦੀ ਰੱਖਿਆ ਖ਼ਾਤਰ ਕੁਰਬਾਨੀ ਦਿੱਤੀ। ਉਨ੍ਹਾਂ ਦੀ ਸ਼ਹਾਦਤ ਤੋਂ ਸਵਾ ਤਿੰਨ ਸੌ ਸਾਲ ਬਾਅਦ ਔਰੰਗਜ਼ੇਬ ਵਾਲੀ ਫ਼ਿਰਕੂ ਸੌੜੀ ਸੋਚ ਵਾਲੇ ਕੱਟੜਪੰਥੀ ਇਕ ਵਾਰ ਫ਼ਿਰ ਬੁਰਛਾਗਰਦੀ 'ਤੇ ਉਤਰ ਆਏ ਹਨ। ਕਸ਼ਮੀਰੀਆਂ ਦੇ ਹੱਕ ਵਿਚ ਖੜ੍ਹਨ ਵਾਲਿਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਜੰਮੂ ਵਿਚ ਇਨ੍ਹਾਂ ਨੇ ਕਸ਼ਮੀਰੀ ਆਗੂ ਸ਼ੱਬੀਰ ਸ਼ਾਹ ਦੀ ਪ੍ਰੈੱਸ ਕਾਨਫਰੰਸ ਡੱਕ ਦਿੱਤੀ ਸੀ ਪਰ ਚੰਡੀਗੜ੍ਹ ਵਿਚ ਲੋਕਾਂ ਨੇ ਸਮਾਗਮ ਸਿਰੇ ਚੜ੍ਹਾ ਕੇ ਆਪਣਾ ਸਪਸ਼ਟ ਸੁਨੇਹਾ ਦੇ ਦਿੱਤਾ ਹੈ। ਇਸ ਬੁਰਛਗਰਦੀ ਖ਼ਿਲਾਫ਼ ਜਿਸ ਤਰ੍ਹਾਂ ਦੀ ਆਵਾਜ਼ ਪੰਜਾਬੀ ਅਵਾਮ ਵੱਲੋਂ ਉਠਾਈ ਗਈ ਹੈ, ਉਹ ਉਸੇ ਰੀਤ ਦਾ ਹੀ ਹਿੱਸਾ ਹੈ ਜਿਸ ਰੀਤ ਨਾਲ ਤੋੜ ਤੱਕ ਨਿਭਾਉਣ ਲਈ ਸਿਰਾਂ ਦੀ ਬਾਜ਼ੀ ਵੀ ਲਾਈ ਗਈ। ਇਸ ਰੀਤ ਦੀ ਰਾਖੀ ਹਰ ਹੀਲੇ ਅਤੇ ਹਰ ਹਾਲ ਹੋਣੀ ਚਾਹੀਦੀ ਹੈ। ਇਸ ਰੀਤ ਵਿਚੋਂ ਲੰਘ ਕੇ ਹੀ ਸਾਡੀਆਂ ਅਗਲੀਆਂ ਪੀੜ੍ਹੀਆਂ ਲਈ ਰਾਹ ਬਣਨੇ ਹਨ। ਇਨ੍ਹਾਂ ਰਾਹਾਂ 'ਤੇ ਪੈ ਕੇ ਹੀ ਮੰਜ਼ਿਲਾਂ ਸਰ ਹੋਣੀਆਂ ਹਨ।

### ਠਾਹ-ਸੋਟਾ

-ਚਾਚਾ ਬੇਲਿਹਾਜ਼

**ਜਾਗੋ ਮਨਪ੍ਰੀਤ ਦੀ!**

ਹਾਕਮ ਅਣਖ ਦੇ ਮਾਦੇ ਨੂੰ ਮਾਰਨੇ ਲਈ, ਲਾਉਂਦੇ ਵਿਹਲੀਆਂ ਖਾਣ ਦੀ ਲਾਗ ਵੀਰਾ।
ਅਗਲੀ ਪੀੜ੍ਹੀ ਦੀ ਚਿੰਤਾ ਨਾ ਮੂਲ ਕਰਦੇ, ਕੁਣਬਾ-ਤੂਰਵੀ ਵਾਸਤੇ ਘਾਗ ਵੀਰਾ।
ਬੱਚਾ-ਬੱਚਾ ਕਰਜ਼ਈ ਪੰਜਾਬ ਦਾ ਏ, ਦਿਸਦੇ ਡਿਓੜੀਓਂ ਘਰਾਂ ਦੇ ਭਾਗ ਵੀਰਾ।
ਪੂਰੇ ਦੇਸ਼ ਨੂੰ ਅੰਨ ਛਕਾਉਣ ਵਾਲੇ, ਕਿਸਮਤ ਤੇਰੀ ਵਿਚ ਰਿਹਾ ਨਾ ਸਾਗ ਵੀਰਾ।
ਮੌਕਾ ਖੁੰਝਿਆ, ਕਿਸੇ ਨੀ ਫੇਰ ਸੁਣਨਾ, ਤੇਰਾ ਗਾਇਆ ਕੁਵੇਲੇ ਦਾ ਰਾਗ ਵੀਰਾ।
ਸਬਸਿਡੀਆਂ ਦੀ ਸੇਜ 'ਤੇ ਸੌਣ ਨਾਲੋਂ, ਸੁਣ ਕੇ 'ਜਾਗੋ ਮਨਪ੍ਰੀਤ ਦੀ' ਜਾਗ ਵੀਰਾ!

# ਬਿਹਾਰ ਚੋਣਾਂ: ਵਿਕਾਸ ਦੇ ਮੁੱਦੇ ਨੇ ਨਿਭਾਇਆ ਫੈਸਲਾਕੁਨ ਰੋਲ


**ਗੋਬਿੰਦ ਠੁਕਰਾਲ**

ਨਿਤਿਸ਼ ਕੁਮਾਰ ਦੀ ਹੂੰਝਾ ਫੇਰ ਜਿੱਤ ਨੇ ਜਨਤਾ ਦਲ (ਯੂਨਾਈਟਿਡ) ਅਤੇ ਭਾਜਪਾ ਨੂੰ ਅੱਗੇ ਲੈ ਆਂਦਾ ਹੈ ਅਤੇ ਲਾਲੂ ਪ੍ਰਸਾਦ ਯਾਦਵ ਐਂਡ ਕੰਪਨੀ ਦੀ ਬੁਰੀ ਤਰ੍ਹਾਂ ਹੋਈ ਹਾਰ ਇਹ ਦਰਸਾਉਂਦੀ ਹੈ ਕਿ ਇਨ੍ਹਾਂ ਚੋਣਾਂ 'ਚ ਮੁਕਾਬਲਾ ਤਿੱਖਾ ਨਹੀਂ ਸੀ। ਨਿਤਿਸ਼ ਦੀ ਇਹ ਬਹੁਤ ਵੱਡੀ ਜਿੱਤ ਹੈ ਜੋ 1952 ਤੋਂ ਲੈ ਕੇ ਹੁਣ ਤੱਕ ਬਿਹਾਰ ਵਿਚ ਹੋਈਆਂ ਵਿਧਾਨ ਸਭਾ ਚੋਣਾਂ ਵਿਚੋਂ ਸਭ ਤੋਂ ਫੈਸਲਾਕੁਨ ਫਤਵਾ ਹੈ। ਇਨ੍ਹਾਂ ਚੋਣਾਂ ਵਿਚ ਬਿਹਾਰ ਦੇ ਵੋਟਰਾਂ ਨੇ ਵਿਕਾਸ ਦੇ ਹੱਕ 'ਚ ਆਪਣਾ ਯਾਦਗਾਰੀ ਤੇ ਸਮੂਹਿਕ ਫਤਵਾ ਦਿੱਤਾ। ਕੌਮੀ ਜਮਹੂਰੀ ਗਠਜੋੜ ਨੂੰ ਕੁੱਲ 243 ਸੀਟਾਂ ਵਿਚੋਂ 206 ਸੀਟਾਂ (ਜਨਤਾ ਦਲ-ਯੂ ਨੂੰ 115 ਅਤੇ ਭਾਜਪਾ ਨੂੰ 91) ਮਿਲੀਆਂ ਹਨ। ਇਹ ਪਹਿਲਾਂ ਹੁੰਦੀਆਂ ਰਹੀਆਂ ਚੋਣਾਂ ਨਾਲੋਂ ਬਿਲਕੁਲ ਵੱਖਰੀਆਂ ਸਨ, ਜਿਸ ਵਿਚ ਜਾਤ ਆਧਾਰਤ ਰਾਜਨੀਤੀ ਉਤੇ ਵਿਕਾਸ ਦਾ ਮੁੱਦਾ ਭਾਰੂ ਰਿਹਾ। ਨਿਤਿਸ਼ ਦੀ ਇਸ ਜਿੱਤ ਨੇ ਲਾਲੂ ਨੂੰ ਵੀ ਉਸ ਦੀ ਚੋਟੀ ਤੋਂ ਖਿਸਕਾ ਦਿੱਤਾ ਹੈ। ਉਸ ਨੂੰ ਵਿਧਾਨ ਸਭਾ ਦੀਆਂ ਸਿਰਫ 4-5% ਸੀਟਾਂ ਹੀ ਮਿਲੀਆਂ ਹਨ। ਲਾਲੂ ਤੇ ਰਾਮ ਵਿਲਾਸ ਪਾਸਵਾਨ ਦੇ ਗਠਜੋੜ ਨੂੰ ਸਿਰਫ 30 ਸੀਟਾਂ ਮਿਲੀਆਂ ਜਦੋਂ ਕਿ ਪਿਛਲੀ ਵਾਰ 34 ਸਨ। ਕਾਂਗਰਸ ਲਈ ਵੀ ਇਹ ਬੇਇੱਜ਼ਤੀ ਵਾਲੀ ਗੱਲ ਹੈ ਕਿ ਉਸ ਨੂੰ ਸਿਰਫ 4 ਸੀਟਾਂ ਮਿਲੀਆਂ ਜਦੋਂ ਕਿ ਪਿਛਲੀ ਵਾਰ ਉਸ ਕੋਲ 9 ਸੀਟਾਂ ਸਨ। ਖੱਬੇ-ਪੱਖੀ ਜੋ ਕਦੇ ਬਿਹਾਰ ਵਿਚ ਮਜ਼ਬੂਤ ਧਿਰ ਹੁੰਦੇ ਸਨ, ਨੂੰ ਸਿਰਫ ਇਕ ਸੀਟ ਮਿਲੀ ਹੈ। ਪਟਨਾ ਵਿਚ ਨਿਤਿਸ਼ ਨੇ ਪੱਤਰਕਾਰਾਂ ਨਾਲ ਲੰਮੀ ਗੱਲਬਾਤ ਦੌਰਾਨ ਕਿਹਾ ਕਿ 'ਵੋਟਰਾਂ ਨੂੰ ਤਰੱਕੀ ਅਤੇ ਵੇਲਾ ਵਿਹਾ ਚੁੱਕੀ ਸਿਆਸਤ ਦੋਵਾਂ 'ਚੋਂ ਇਕ ਨੂੰ ਚੁਣਨਾ ਪੈਣਾ ਸੀ। ਉਨ੍ਹਾਂ ਨੇ ਤਰੱਕੀ ਨੂੰ ਚੁਣਿਆ।' ਉਨ੍ਹਾਂ ਨੇ ਲਾਲੂ ਵੱਲ ਨਿਸ਼ਾਨਾ ਕੱਸਦਿਆਂ ਕਿਹਾ, 'ਜਿਹੜੇ ਲੋਕਾਂ ਦੀਆਂ ਰਣਨੀਤੀਆਂ ਜਾਤ ਤੇ ਧਰਮ 'ਤੇ ਆਧਾਰਤ ਸਨ, ਉਨ੍ਹਾਂ ਨੂੰ ਕਾਫੀ ਨਿਰਾਸ਼ਾ ਹੋਈ ਹੈ।'

ਪੂਰੀਆਂ ਚੋਣਾਂ ਦੌਰਾਨ ਨਿਤਿਸ਼ ਦਾ ਨਾਅਰਾ ਵਿਕਾਸ ਰਿਹਾ। ਨਿਤਿਸ਼ ਦਾ ਇਹ ਮੁੱਦਾ ਏਨਾ ਪ੍ਰਭਾਵ ਪਾਉਣ ਵਾਲਾ ਸੀ ਤੇ ਉਹ ਇਸ ਉਤੇ ਏਨੀ ਪ੍ਰਤੀਬੱਧਤਾ ਨਾਲ ਜ਼ੋਰ ਦੇ ਰਹੇ ਸਨ ਕਿ ਹਰ ਪਾਰਟੀ ਨੇ ਹੀ ਤੁਰੰਤ ਆਪਣਾ ਪੈਂਤੜਾ ਬਦਲਦਿਆਂ ਆਪਣੇ ਚੋਣ ਪ੍ਰਚਾਰ ਵਿਚ ਵਿਕਾਸ ਦੇ ਮੁੱਦੇ ਨੂੰ ਸ਼ਾਮਿਲ ਕਰ ਲਿਆ ਸੀ।

ਇਸ ਸਭ ਦੇ ਬਾਵਜੂਦ ਕਹਾਣੀ ਦਾ ਦੂਜਾ ਪਾਸਾ ਵੀ ਹੈ। ਵੱਖ-ਵੱਖ ਪਾਰਟੀਆਂ ਨੂੰ ਪਈਆਂ ਕੁੱਲ ਵੋਟਾਂ ਉਨ੍ਹਾਂ ਦੇ ਅਸਲੀ ਆਧਾਰ ਦੀ ਮੂੰਹ ਬੋਲਦੀ ਤਸਵੀਰ ਹਨ। ਰਿਪੋਰਟਾਂ ਅਨੁਸਾਰ ਐਨ. ਡੀ. ਏ. ਨੂੰ ਕੁੱਲ ਵੋਟਾਂ 'ਚੋਂ 40% ਵੋਟਾਂ ਪਈਆਂ। ਪਿਛਲੀਆਂ ਲੋਕ ਸਭਾ ਚੋਣਾਂ ਵਿਚ ਇਸ ਗਠਜੋੜ ਨੂੰ 38% ਵੋਟਾਂ ਅਤੇ 2005 ਦੀਆਂ ਪਿਛਲੀ ਵਾਰ ਦੀਆਂ ਵਿਧਾਨ ਸਭਾ ਚੋਣਾਂ ਵਿਚ 36% ਵੋਟਾਂ ਪਈਆਂ ਸਨ। ਦੂਜੇ ਸ਼ਬਦਾਂ ਵਿਚ, 60% ਵੋਟਾਂ ਫਿਰ ਐਨ. ਡੀ. ਏ. ਦੇ ਵਿਰੁਧ ਭੁਗਤੀਆਂ ਅਤੇ ਇਹ ਵਿਰੋਧੀ ਪਾਰਟੀਆਂ ਵਿਚ ਇਕਜੁਟਤਾ ਦੀ ਹੀ ਘਾਟ ਹੈ ਜਿਸ ਨੇ ਸੀਟਾਂ ਦੇ ਪੱਖ ਤੋਂ ਐਨ. ਡੀ. ਏ. ਨੂੰ ਵੱਡਾ ਫਾਇਦਾ ਪਹੁੰਚਾਉਣ ਲਈ ਰਾਹ ਤਿਆਰ ਕੀਤਾ। ਇਨ੍ਹਾਂ ਅੰਕੜਿਆਂ, ਜਿਨ੍ਹਾਂ ਦੀ ਭਰੋਸੇਯੋਗਤਾ ਚੋਣ ਕਮਿਸ਼ਨ ਨੇ ਅਜੇ ਪਰਖਣੀ ਹੈ, ਅਨੁਸਾਰ ਰਾਸ਼ਟਰੀ ਜਨਤਾ ਦਲ ਨੂੰ 25% ਵੋਟਾਂ ਪਈਆਂ, ਜਦੋਂ ਕਿ ਪਿਛਲੀਆਂ ਲੋਕ ਸਭਾ ਚੋਣਾਂ ਵਿਚ 26% ਸਨ ਤੇ 2005 ਦੀਆਂ ਵਿਧਾਨ ਸਭਾ ਚੋਣਾਂ ਵਿਚ 27% ਸਨ। ਇਹ ਅੰਕੜੇ ਦਰਸਾਉਂਦੇ ਹਨ ਕਿ ਭਾਵੇਂ ਲਾਲੂ ਬੁਰੀ ਤਰ੍ਹਾਂ ਹਾਰਿਆ ਹੈ ਪਰ ਵੋਟਾਂ ਪੈਣ ਦੀ ਪ੍ਰਤੀਸ਼ਤਤਾ 'ਚ ਕੋਈ ਬਹੁਤਾ ਫਰਕ ਨਹੀਂ ਪਿਆ।

ਬਿਹਾਰ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ। ਅਗਲੇ ਪੰਜ ਸਾਲਾਂ ਵਿਚ ਇਹ ਬਦਤਰ ਹਾਲਤ ਵਾਲਾ ਰਾਜ ਨਹੀਂ ਰਹੇਗਾ। ਫਿਰ ਇਹ ਗ਼ੈਰ-ਨਿਪੁੰਨ ਮਜ਼ਦੂਰਾਂ ਦੀ ਬਰਾਮਦ ਨਹੀਂ ਕਰੇਗਾ ਸਗੋਂ ਨਿਪੁੰਨ ਮਜ਼ਦੂਰਾਂ ਦੀ ਬਰਾਮਦ ਕਰੇਗਾ। ਭਾਰਤ ਦਾ ਵਿਕਸਿਤ ਰਾਜ ਹੋਣ ਦੇ ਨਾਤੇ, ਬਿਹਾਰ 'ਚ ਵੱਡੇ ਪੱਧਰ 'ਤੇ ਆਰਥਿਕ ਸਰਗਰਮੀਆਂ ਦੀ ਲਹਿਰ ਛਿੜ ਜਾਏਗੀ ਜੋ ਗਰੀਬੀ, ਅਨਪੜ੍ਹਤਾ ਤੇ ਬਿਮਾਰ ਵਿਵਸਥਾ ਖ਼ਤਮ ਕਰ ਦੇਵੇਗੀ। ਨਿਤਿਸ਼ ਕੁਮਾਰ ਸਰਕਾਰ ਦੇ ਪੰਜ ਸਾਲ ਤੋਂ ਤਾਂ ਸਪੱਸ਼ਟ ਤੌਰ 'ਤੇ ਇਹੀ ਲਗਦਾ ਹੈ ਅਤੇ ਉਨ੍ਹਾਂ ਨੂੰ ਇਸੇ ਚੀਜ਼ ਬਦਲੇ ਲੋਕਾਂ ਵੱਲੋਂ ਇਨ੍ਹਾਂ ਚੋਣਾਂ ਵਿਚ ਵੱਡਾ ਇਨਾਮ ਦਿੱਤਾ ਗਿਆ ਹੈ। ਚੰਗੇ ਪ੍ਰਸ਼ਾਸਨ ਨੇ ਹੀ ਸਾਰਾ ਕੁਝ ਬਦਲਿਆ ਹੈ। ਇਹ ਪੰਜਾਬ ਦੇ ਸਿਆਸਤਦਾਨਾਂ ਲਈ ਸਬਕ ਹੈ ਜੋ ਪੰਜਾਬ ਨੂੰ ਬਿਹਾਰ ਵਿਚ ਤਬਦੀਲ ਕਰੀ ਜਾ ਰਹੇ ਹਨ। ਪੰਜਾਬ ਅਤੇ ਹਰਿਆਣਾ ਦੋਵਾਂ ਨੂੰ ਇਸ ਗੱਲ ਲਈ ਵੀ ਚਿੰਤਤ ਹੋਣਾ ਚਾਹੀਦਾ ਹੈ ਕਿ ਖੇਤੀ ਅਤੇ ਸਨਅਤ ਲਈ ਬਿਹਾਰ ਤੋਂ ਆਉਂਦੇ ਪਰਵਾਸੀ ਮਜ਼ਦੂਰਾਂ ਦੀ ਆਮਦ ਹੁਣ ਘਟ ਰਹੀ ਹੈ।



*ਨਿਤਿਸ਼ ਕੁਮਾਰ ਵੋਟ ਪਾ ਕੇ ਆਉਣ ਤੋਂ ਬਾਅਦ*

ਇਕ ਹੋਰ ਸਬਕ ਸਿਰਫ ਬਿਹਾਰ ਲਈ ਹੀ ਨਹੀਂ, ਸਗੋਂ ਸਾਰੇ ਦੇਸ਼ ਲਈ ਹੈ। ਲਾਲੂ ਯਾਦਵ ਤੇ ਉਸ ਦੀ ਪਾਰਟੀ ਨੇ ਪਛੜੀਆਂ ਜਾਤਾਂ ਅਤੇ ਘੱਟ-ਗਿਣਤੀ ਮੁਸਲਿਮ ਭਾਈਚਾਰੇ ਦਾ ਗਠਜੋੜ ਬਣਾਇਆ ਸੀ। ਇਸ ਚੀਜ਼ ਨੇ ਇਨ੍ਹਾਂ ਜਾਤਾਂ ਨੂੰ ਪਛਾਣ ਤੇ ਤਾਕਤ ਮੁਹੱਈਆ ਕਰਾਈ ਸੀ ਪਰ ਉਨ੍ਹਾਂ 'ਚ ਸਰਕਾਰ ਚਲਾਉਣ ਦੀ ਇੱਛਾ-ਸ਼ਕਤੀ ਘੱਟ ਸੀ ਅਤੇ ਉਹ ਆਰਥਿਕ ਵਿਕਾਸ ਕਰਨ ਵਿਚ ਅਸਫਲ ਰਹੇ। ਜਿਹੜਾ ਪੈਸਾ ਉਨ੍ਹਾਂ ਨੇ ਕੇਂਦਰ ਕੋਲੋਂ ਲਿਆ, ਉਹ ਵੀ ਢੁਕਵੀਂ ਥਾਂ 'ਤੇ ਖਰਚਣ ਤੋਂ ਅਸਮਰੱਥ ਰਹੇ। ਕਈ ਸਾਲਾਂ ਤੱਕ, ਉਨ੍ਹਾਂ ਦੀ ਪਤਨੀ ਰਾਬੜੀ ਦੇਵੀ (ਜੋ ਤਾਜ਼ਾ ਵਿਧਾਨ ਸਭਾ ਚੋਣਾਂ 'ਚ ਦੋਵਾਂ ਹਲਕਿਆਂ ਤੋਂ ਹਾਰ ਗਈ ਹੈ), ਨੇ ਰਾਜ 'ਤੇ ਸ਼ਾਸਨ ਚਲਾਇਆ ਅਤੇ ਵਿਕਾਸ ਪੱਖੋਂ ਰਾਜ ਦੇ ਹੋ ਰਹੇ ਹੋਰ ਨਿਘਾਰ ਨੂੰ ਰੋਕਣ ਲਈ ਕੁਝ ਨਹੀਂ ਕੀਤਾ। ਲਾਲੂ ਦੀ ਸੋਚਣੀ ਹੈ ਕਿ ਉਸ ਦੇ ਅਡੰਬਰ ਹਰ ਵਾਰ ਉਸ ਦੀ ਮਦਦ ਕਰਨਗੇ। ਇਸ ਵਾਰ ਉਸ ਦੀ ਅਜਿਹੀ ਹਾਰ ਹੋਈ ਹੈ ਕਿ ਇਸ ਨੂੰ ਬਿਆਨ ਕਰਨ ਲਈ ਉਸ ਕੋਲ ਸ਼ਬਦ ਨਹੀਂ ਹਨ।

ਲਾਲੂ ਯਾਦਵ ਜਾਇਜ਼ ਹੀ ਇਹ ਦਾਅਵਾ ਕਰ ਸਕਦੇ ਹਨ ਕਿ ਜਦੋਂ 1990 ਵਿਚ ਉਹ ਸੱਤਾ 'ਚ ਆਏ ਸਨ, ਉਦੋਂ ਉਨ੍ਹਾਂ ਨੇ ਦਹਾਕਿਆਂ ਤੋਂ ਉੱਚੀਆਂ ਜਾਤਾਂ ਵੱਲੋਂ ਲਿਤਾੜੀਆਂ ਜਾ ਰਹੀਆਂ ਪਛੜੀਆਂ ਜਾਤਾਂ ਦੀ ਸ਼ਾਨ ਬਹਾਲ ਕਰਵਾਈ ਸੀ। ਉਨ੍ਹਾਂ ਨੇ ਮੁਸਲਮਾਨਾਂ ਨੂੰ ਸੁਰੱਖਿਆ ਮੁਹੱਈਆ ਕਰਾਈ ਜਿਨ੍ਹਾਂ ਨੂੰ ਬਾਬਰੀ ਮਸਜਿਦ ਵਿਰੋਧੀ ਅੰਦੋਲਨ ਤਹਿਤ ਧਮਕਾਇਆ ਗਿਆ ਸੀ। ਉਨ੍ਹਾਂ ਨੇ ਇਹ ਐਲਾਨ ਕੀਤਾ ਸੀ ਕਿ ਆਰਥਿਕ ਵਿਕਾਸ ਦੇ ਆਧਾਰ 'ਤੇ ਚੋਣਾਂ ਨਹੀਂ ਜਿੱਤੀਆਂ ਜਾਂਦੀਆਂ, ਜਾਤਾਂ ਤੇ ਸੰਪਰਦਾਇਕ ਇਕਜੁਟਤਾ ਦੇ ਆਧਾਰ 'ਤੇ ਜਿੱਤੀਆਂ ਜਾਂਦੀਆਂ ਹਨ। ਉਨ੍ਹਾਂ ਦਾ ਨਿਸ਼ਾਨਾ ਕਾਂਗਰਸ ਦੇ ਮਾੜੇ ਪ੍ਰਸ਼ਾਸਨ ਨੂੰ ਵਧੀਆ ਪ੍ਰਸ਼ਾਸਨ ਵਿਚ ਤਬਦੀਲ ਕਰਨਾ ਨਹੀਂ ਸੀ ਸਗੋਂ ਆਪਣੇ ਜਾਤੀ ਸਮਰਥਕਾਂ ਨੂੰ ਮਾੜੇ ਪ੍ਰਸ਼ਾਸਨ ਦੀ ਵਾਗਡੋਰ ਸੌਂਪਣੀ ਸੀ।

ਹਰ ਸਾਲ, ਲਾਲੂ ਕੇਂਦਰੀ ਵਿਕਾਸ ਫੰਡਾਂ 'ਚੋਂ ਕਈ ਸੌ ਕਰੋੜ ਰੁਪਏ ਬਿਨਾਂ ਖਰਚੇ ਵਾਪਸ ਕਰ ਦਿੰਦੇ ਰਹੇ। ਬਿਹਾਰ ਦੀਆਂ ਸੜਕਾਂ, ਸਕੂਲ ਅਤੇ ਬਿਜਲੀ ਲਾਈਨਾਂ ਤਹਿਸ-ਨਹਿਸ ਹੋ ਗਈਆਂ ਪਰ ਲਾਲੂ ਨੇ ਲਗਾਤਾਰ ਤਿੰਨ ਵਾਰ ਵਿਧਾਨ ਸਭਾ ਚੋਣਾਂ 'ਚ ਜਿੱਤ ਹਾਸਲ ਕੀਤੀ। ਯਾਦਵਾਂ ਤੇ ਮੁਸਲਮਾਨਾਂ ਦੀ ਬਿਹਾਰ 'ਚ 28% ਆਬਾਦੀ ਸੀ ਜਿਨ੍ਹਾਂ ਦਾ ਉਸ ਨੇ ਸਮਰਥਨ ਹਾਸਲ ਕੀਤਾ। ਅਤੇ ਹੋਰ ਵਰਗਾਂ ਜਿਨ੍ਹਾਂ ਦੀ ਆਬਾਦੀ 7 ਤੋਂ 8% ਸੀ, ਨੂੰ ਉਸ ਨੇ ਆਪਣੇ ਵੱਲ ਖਿੱਚਿਆ। ਇਸ ਤਰ੍ਹਾਂ ਉਹ 35% ਆਬਾਦੀ ਦੀਆਂ ਵੋਟਾਂ ਹਾਸਲ ਕਰ ਸਕਿਆ ਜੋ ਬਿਹਾਰ ਦੀ ਟੁੱਟੀ ਸਿਆਸਤ 'ਚ ਜਿੱਤ ਦਰਜ ਕਰਨ ਲਈ ਕਾਫੀ ਹੈ।

ਕਾਂਗਰਸ ਨੂੰ ਇਹ ਭਰਮ ਹੈ ਕਿ ਉਹ ਵੱਡੀ ਕੌਮੀ ਪਾਰਟੀ ਹੈ ਜਿਸ ਨੂੰ ਸ਼ਾਸਨ ਚਲਾਉਣ ਦਾ ਖ਼ਾਨਦਾਨੀ ਹੱਕ ਹੈ। ਇਸ ਨੇ ਕਿਸੇ ਨਾਲ ਗਠਜੋੜ ਨਹੀਂ ਕੀਤਾ ਅਤੇ ਰਾਹੁਲ ਗਾਂਧੀ ਨੂੰ ਚੋਣ ਪ੍ਰਚਾਰ ਲਈ ਮੈਦਾਨ 'ਚ ਉਤਾਰਿਆ, ਇਸ ਗੱਲ ਦੇ ਸਹਾਰੇ ਕਿ ਉਸ ਦੀ ਅਪੀਲ ਨੌਜਵਾਨ ਆਗੂ ਵਜੋਂ ਹੈ ਜੋ ਵਿਕਾਸ ਲਈ ਪ੍ਰਤੀਬੱਧ ਹੈ ਪਰ ਰਾਹੁਲ ਦਾ ਪੱਤਾ ਬਿਹਾਰ ਵਿਚ ਚੱਲ ਨਹੀਂ ਸਕਿਆ। ਇਹੀ ਹਸ਼ਰ ਸ੍ਰੀਮਤੀ ਸੋਨੀਆ ਗਾਂਧੀ ਤੇ ਡਾ. ਮਨਮੋਹਨ ਸਿੰਘ ਦੇ ਪ੍ਰਚਾਰ ਦਾ ਹੋਇਆ।

ਸਪੱਸ਼ਟ ਤੌਰ 'ਤੇ ਬਿਹਾਰ ਦੇ ਲੋਕਾਂ ਨੇ ਤਰੱਕੀ ਦੇ ਰਾਹ ਨੂੰ ਚੁਣਿਆ ਹੈ ਅਤੇ ਲੋਕ ਹੋਰ ਤਰੱਕੀ ਚਾਹੁੰਦੇ ਹਨ। ਬਿਹਾਰ ਦੀਆਂ ਔਰਤਾਂ ਨੇ ਜਿੰਨੀਆਂ ਇਸ ਵਾਰ ਵੋਟਾਂ ਪਾਈਆਂ ਹਨ, ਓਨੀਆਂ ਪਹਿਲਾਂ ਕਦੇ ਨਹੀਂ ਪਾਈਆਂ। ਨੌਜਵਾਨਾਂ ਨੇ ਵੀ ਚੋਣਾਂ ਵਿਚ ਅਹਿਮ ਯੋਗਦਾਨ ਪਾਇਆ। ਨਿਤਿਸ਼ ਸਰਕਾਰ ਨੇ ਕਈ ਸਕੂਲ ਤੇ ਸੜਕਾਂ ਬਣਵਾਈਆਂ। ਉਨ੍ਹਾਂ ਇਕ ਲੱਖ ਤੋਂ ਵਧ ਅਧਿਆਪਕ ਭਰਤੀ ਕੀਤੇ। ਇਸ ਤੋਂ ਇਲਾਵਾ 50 ਹਜ਼ਾਰ ਗੁੰਡਿਆਂ ਨੂੰ ਜੇਲ੍ਹ ਵਿਚ ਡੱਕਿਆ। ਕਾਨੂੰਨ ਤੇ ਸ਼ਾਸਨ ਦੀ ਵਧੀਆ ਵਿਵਸਥਾ ਮੁੱਖ ਮੰਤਰੀ ਲਈ ਵਰਦਾਨ ਸਾਬਤ ਹੋਈ ਹੈ। ਰਾਜ ਵਿਚ ਬਿਜਲੀ ਦੀ ਬੇਹੱਦ ਘਾਟ ਦੇ ਚਲਦਿਆਂ, ਸਨਅਤ ਦੀ ਮੁੜ ਸਥਾਪਤੀ ਬੜੀ ਔਖੀ ਸਾਬਤ ਹੋਈ ਹੈ ਪਰ ਸੜਕੀ ਜਾਲ ਕਾਫੀ ਵਿਛ ਗਏ ਹਨ। 2008-09 ਵਿਚ 2,417 ਕਿਲੋਮੀਟਰ ਸੜਕਾਂ ਬਣਾਈਆਂ ਗਈਆਂ, ਜਦੋਂ ਕਿ 2005-06 ਵਿਚ ਸਿਰਫ 415 ਕਿਲੋਮੀਟਰ ਸੜਕਾਂ ਦੀ ਉਸਾਰੀ ਹੋਈ ਸੀ। ਨਿਤਿਸ਼ ਦੇ ਪੰਜ ਸਾਲਾਂ ਵਿਚ ਔਸਤਨ ਕੁੱਲ ਘਰੇਲੂ ਉਤਪਾਦਨ ਦੀ ਦਰ 10.4% ਰਹੀ ਜਦੋਂ ਕਿ ਉਸ ਤੋਂ ਪਹਿਲਾਂ ਲਾਲੂ ਦੇ ਪੰਜ ਸਾਲਾਂ ਵਿਚ ਇਹ 3.5% ਰਹੀ। ਨਿਤਿਸ਼ ਦੇ ਕਾਰਜਕਾਲ ਵਿਚ ਵਿਕਾਸ ਖਰਚਾ 2,000 ਕਰੋੜ ਰੁਪਏ ਤੋਂ ਵਧ ਕੇ 16,000 ਕਰੋੜ ਰੁਪਏ ਸਾਲਾਨਾ ਹੋ ਗਿਆ। ਉਸਾਰੀ ਵਿਕਾਸ ਦੀ ਸਭ ਤੋਂ ਵੱਡੀ ਕੜੀ ਸਾਬਤ ਹੋਈ ਜੋ ਸਾਲਾਨਾ 35.8% ਦੀ ਦਰ ਨਾਲ ਵਧਦੀ ਰਹੀ। ਭਾਰਤੀ ਏਅਰਟੈਲ ਦੇ ਸੁਨੀਲ ਮਿੱਤਲ ਨੇ ਇਹ ਦਾਅਵਾ ਕੀਤਾ ਹੈ ਕਿ ਬਿਹਾਰ ਤੇਜ਼ੀ ਨਾਲ ਉਭਰ ਰਿਹਾ ਰਾਜ ਹੈ। ਦੂਰਸੰਚਾਰ ਦੇ ਖੇਤਰ ਵਿਚ ਇਸ ਨੇ 17.68% ਸਾਲਾਨਾ ਦੀ ਦਰ ਨਾਲ ਤਰੱਕੀ ਕੀਤੀ ਹੈ। ਵਪਾਰਕ ਅਦਾਰਿਆਂ, ਹੋਟਲਾਂ ਤੇ ਰੈਸਤੋਰਾਂ ਦੀ ਗਿਣਤੀ 'ਚ 17.71% ਵਾਧਾ ਹੋਇਆ ਹੈ।

ਨਿਤਿਸ਼ ਕੁਮਾਰ ਇਹ ਨਹੀਂ ਸੋਚਦੇ ਕਿ ਬਿਹਾਰ ਦੀਆਂ ਸਮੱਸਿਆਵਾਂ ਅਜੇ ਹੱਲ ਹੋ ਗਈਆਂ ਹਨ। ਉਨ੍ਹਾਂ ਦਾ ਵਾਅਦਾ ਹੈ, 'ਜਿੰਨੀ ਅਸੀਂ ਪਿਛਲੇ ਪੰਜ ਸਾਲਾਂ ਦੌਰਾਨ ਮਿਹਨਤ ਕੀਤੀ ਸੀ, ਉਸ ਤੋਂ ਵੀ ਜ਼ਿਆਦਾ ਸਖ਼ਤ ਮਿਹਨਤ ਅਸੀਂ ਇਸ ਵਾਰ ਕਰਾਂਗੇ। ਇਹ ਸਾਡਾ ਇਮਤਿਹਾਨ ਹੋਵੇਗਾ ਤੇ ਅਸੀਂ ਇਸ ਨੂੰ ਇਕਜੁਟਤਾ ਨਾਲ ਸਰ ਕਰਾਂਗੇ।'

# ਮੰਦੀ ਨਾਲ ਜੂਝ ਰਹੇ ਦੇਸ਼ਾਂ ਦਾ ਆਪਸੀ ਟਕਰਾਅ ਬਨਾਮ ਏਸ਼ੀਆ

**ਨਰਦੇਵ ਸਿੰਘ**

ਆਰਥਿਕ ਮੰਦੀ ਨਾਲ ਜੂਝ ਰਹੇ ਪੂੰਜੀਵਾਦੀ ਦੇਸ਼ਾਂ ਵਿਚਕਾਰ ਵਧ ਰਿਹਾ ਟਕਰਾਓ ਸ਼ਾਂਤ ਹੋਣ ਵਿਚ ਨਹੀਂ ਆ ਰਿਹਾ। ਜੀ-20 ਦੇਸ਼ਾਂ ਦਾ ਮਹਾਂ ਸੰਮੇਲਨ ਵੀ ਇਹ ਟਕਰਾਓ ਟਾਲਣ ਵਿਚ ਅਸਫ਼ਲ ਰਿਹਾ। ਇਹ ਸੰਮੇਲਨ, ਅਮਰੀਕਾ ਤੇ ਬਾਕੀ ਦੇਸ਼ਾਂ ਵਿਚਕਾਰ ਚਲ ਰਹੀ 'ਕਰੰਸੀ ਜੰਗ' ਦੇ ਖ਼ਾਤਮੇ ਲਈ ਕੋਈ ਠੋਸ ਹੱਲ ਪੇਸ਼ ਨਹੀਂ ਕਰ ਸਕਿਆ। ਇਹ ਦੁਨੀਆਂ ਲਈ, ਖਾਸ ਕਰਕੇ ਏਸ਼ੀਆ ਲਈ ਬੇਹੱਦ ਚਿੰਤਾ ਦੀ ਗੱਲ ਹੈ, ਕਿਉਂਕਿ ਪੂੰਜੀਵਾਦੀ ਦੇਸ਼ਾਂ ਅੰਦਰ, ਆਰਥਿਕ ਹਿੱਤਾਂ ਦੇ ਟਕਰਾਓ ਜਦੋਂ ਅਜਿਹੇ ਬਿੰਦੂ 'ਤੇ ਪਹੁੰਚ ਜਾਂਦੇ ਹਨ ਜਿਥੇ ਇਹ ਆਰਥਿਕ ਤੇ ਰਾਜਨੀਤਕ ਮੰਚਾਂ 'ਤੇ ਹੱਲ ਨਹੀਂ ਹੁੰਦੇ ਤਾਂ ਇਸ ਦਾ ਨਤੀਜਾ ਜੰਗ ਵਿਚ ਹੀ ਨਿਕਲਦਾ ਹੈ। 1930 ਦੀ ਆਰਥਿਕ ਮੰਦੀ ਦਾ ਨਤੀਜਾ ਦੂਜੀ ਸੰਸਾਰ ਜੰਗ ਦੇ ਰੂਪ ਵਿਚ ਨਿਕਲਿਆ। ਤਾਜ਼ਾ ਆਰਥਿਕ ਮੰਦੀ ਦਾ ਟਾਕਰਾ ਕਰਨ ਲਈ 2008 ਦੇ ਜੀ-20 ਦੇਸ਼ਾਂ ਦੇ ਸੰਮੇਲਨ ਵਿਚ ਜੋ ਸਾਂਝ ਦੇ ਸੰਕੇਤ ਦਿੱਤੇ ਗਏ ਸਨ, ਉਹ ਹੁਣ ਟਕਰਾਓ ਦਾ ਰੂਪ ਧਾਰਨ ਕਰ ਚੁੱਕੇ ਹਨ। ਇਹੀ ਟਕਰਾਓ ਪਿਛਲੇ ਮਹੀਨਿਆਂ ਦੌਰਾਨ ਹੋਈ ਕੌਮਾਂਤਰੀ ਮੁਦਰਾ ਕੋਸ਼ ਦੀ ਮੀਟਿੰਗ ਤੇ ਯੂਰਪ-ਏਸ਼ੀਆ ਆਰਥਿਕ ਸੰਮੇਲਨ ਵਿਚ ਵੀ ਕੇਂਦਰੀ ਮੁੱਦਾ ਬਣੇ ਰਹੇ ਅਤੇ ਇਨ੍ਹਾਂ ਦਾ ਕੋਈ ਹੱਲ ਨਹੀਂ ਨਿਕਲ ਸਕਿਆ। ਅਮਰੀਕਾ ਤੇ ਬਾਕੀ ਦੇਸ਼ਾਂ ਦਾ ਇਹ ਟਕਰਾਓ ਜਿਸ ਵਿਚ ਚੀਨ-ਅਮਰੀਕਾ ਦਾ ਟਕਰਾਓ ਕੇਂਦਰੀ ਮੁੱਦਾ ਹੈ, ਕੀ ਦੁਨੀਆਂ ਨੂੰ ਤੀਜੀ ਸੰਸਾਰ ਜੰਗ ਵੱਲ ਧੱਕ ਰਿਹਾ ਹੈ? ਇਹ ਸਵਾਲ ਅੱਜ ਹਕੀਕੀ ਪੱਧਰ 'ਤੇ ਵਧੇਰੇ ਧਿਆਨ ਦੀ ਮੰਗ ਕਰਦਾ ਹੈ ਕਿਉਂਕਿ ਇਸ ਕੌਮਾਂਤਰੀ ਆਰਥਿਕ ਟਕਰਾਓ ਦੇ ਨਾਲੋ ਨਾਲ ਏਸ਼ੀਆ ਵਿਚ ਅਮਰੀਕਾ ਦੀ ਫੌਜੀ ਸਰਗਰਮੀ ਤਿੱਖੇ ਹੋ ਰਹੇ ਟਕਰਾਓ ਵੱਲ ਹੀ ਇਸ਼ਾਰਾ ਕਰਦੀ ਹੈ।

ਅੱਜ ਆਰਥਿਕ ਵਿਕਾਸ ਦਾ ਜੋ ਸਰੂਪ ਸਾਹਮਣੇ ਆਇਆ ਹੈ, ਉਹ ਦਿਖਾਉਂਦਾ ਹੈ ਕਿ ਵਿਕਸਤ ਦੇਸ਼ਾਂ, ਖਾਸ ਕਰਕੇ ਅਮਰੀਕਾ ਦੀ ਸਨਅਤ ਦਾ ਪਹੀਆ ਜਾਮ ਹੋ ਚੁਕਿਆ ਹੈ। ਉਹ ਚੀਨ ਦੀ ਬੇਹੱਦ ਸਸਤੀ ਕਿਰਤ ਨਾਲ ਬਣੇ ਮਾਲ ਦਾ ਮੁਕਾਬਲਾ ਕਰਨ ਤੋਂ ਅਸਮਰਥ ਹੈ। ਸਿੱਟੇ ਵਜੋਂ ਉਹ ਵੱਡਾ ਕਰਜ਼ਈ ਤੇ ਚੀਨੀ ਵਸਤਾਂ ਦਾ ਵੱਡਾ ਆਯਾਤਕਾਰ ਬਣ ਗਿਆ ਹੈ। ਚੀਨ ਜਿਸ ਦੀ ਆਰਥਿਕਤਾ ਤੇਜੀ ਨਾਲ ਵਿਕਾਸ ਕਰ ਰਹੀ ਹੈ, ਮੁੱਖ ਤੌਰ 'ਤੇ ਬਰਾਮਦਕਾਰ ਦੇਸ਼ ਬਣ ਗਿਆ ਹੈ। ਸਿੱਟੇ ਵਜੋਂ ਉਸ ਕੋਲ ਡਾਲਰ ਦੇ ਬੇਸ਼ੁਮਾਰ ਭੰਡਾਰ ਜਮ੍ਹਾਂ ਹੋ ਗਏ ਹਨ। ਇਸ ਅਸਾਵੇਂ ਵਿਕਾਸ 'ਤੇ ਟਿੱਪਣੀ ਕਰਦਿਆਂ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਜੀ-20 ਸੰਮੇਲਨ ਵਿਚ ਕਿਹਾ, "ਅਮਰੀਕਾ ਬਹੁਤ ਜ਼ਿਆਦਾ ਖਪਤ ਕਰ ਰਿਹਾ ਹੈ ਜਦੋਂਕਿ ਚੀਨ ਬਹੁਤ ਹੀ ਘੱਟ। ਇਹ ਲੰਬਾ ਸਮਾਂ ਨਹੀਂ ਚੱਲ ਸਕਦਾ।" ਲੇਕਿਨ ਉਹ ਭੁੱਲ ਗਏ ਕਿ ਇਹ ਅਸਾਵਾਂ ਵਿਕਾਸ ਉਸੇ ਹੀ ਵਿਸ਼ਵੀਕਰਨ ਦੀ ਦੇਣ ਹੈ, ਜਿਸ ਤਹਿਤ ਮੁਨਾਫੇ ਦੀ ਅੰਨ੍ਹੀ ਦੌੜ ਵਿਚ ਅਮਰੀਕਾ ਦੀਆਂ ਬਹੁ-ਕੌਮੀ ਕੰਪਨੀਆਂ ਨੇ ਚੀਨ ਵਰਗੇ ਦੇਸ਼ਾਂ ਦੀ ਸਸਤੀ ਕਿਰਤ ਨੂੰ ਲੁੱਟਣ ਲਈ ਇਨ੍ਹਾਂ ਦੇਸ਼ਾਂ ਵੱਲ ਪਰਵਾਸ ਕੀਤਾ। ਇਹ ਬਹੁ-ਕੌਮੀ ਕੰਪਨੀਆਂ ਹੀ ਹਨ ਜਿਨ੍ਹਾਂ ਨੇ ਚੀਨ ਦੀ ਸਸਤੀ ਕਿਰਤ ਦੀ ਲੁੱਟ ਕਰਕੇ ਸੰਸਾਰ ਮੰਡੀ ਵਿਚੋਂ ਅੰਨ੍ਹੇ ਮੁਨਾਫੇ ਕਮਾਏ। ਇਸ ਆਰਥਿਕ ਮੰਦੀ ਵਿਚੋਂ ਨਿਕਲਣ ਲਈ ਅਮਰੀਕਾ ਸਾਹਮਣੇ




ਅੱਜ ਮੁੱਖ ਰਸਤਾ, ਬਰਾਮਦ ਵਿਚ ਵਾਧਾ ਕਰਨਾ ਹੀ ਹੈ। ਇਹਦੇ ਲਈ ਕਿਉਂਕਿ ਉਹ ਚੀਨ ਦੀ ਸਸਤੀ ਕਿਰਤ ਨਾਲ ਬਣੇ ਮਾਲ ਦਾ ਮੁਕਾਬਲਾ ਨਹੀਂ ਕਰ ਸਕਦਾ, ਇਸ ਲਈ ਉਹ ਡਾਲਰ ਦੀ ਕੀਮਤ ਘਟਾਉਣ ਤੇ ਇਹਦੇ ਮੁਕਾਬਲੇ ਬਾਕੀ ਕਰੰਸੀਆਂ ਦੀ ਕੀਮਤ ਵਧਾਉਣ ਦੇ ਰਾਹ ਚੱਲ ਪਿਆ ਹੈ।

ਜੀ-20 ਸੰਮੇਲਨ ਸ਼ੁਰੂ ਹੋਣ ਤੋਂ ਐਨ ਪਹਿਲਾਂ, ਅਮਰੀਕੀ ਫੈਡਰਲ ਬੈਂਕ ਨੇ 600 ਬਿਲੀਅਨ ਡਾਲਰ ਛਾਪਣ ਦਾ ਐਲਾਨ ਕਰ ਦਿੱਤਾ। ਫੈਡਰਲ ਮੁਖੀ ਨੇ ਇਕਤਰਫ਼ਾ ਐਲਾਨ ਕੀਤਾ, "ਅਮਰੀਕੀ ਬੈਂਕ, ਸਿਰਫ਼ ਅਮਰੀਕਾ ਦੀ ਆਰਥਿਕਤਾ ਨੂੰ ਕੇਂਦਰ ਵਿਚ ਰੱਖ ਕੇ ਡਾਲਰ ਛਾਪੇਗਾ, ਇਸ ਨਾਲ ਜੇਕਰ ਬਾਕੀ ਦੁਨੀਆਂ ਦੀਆਂ ਕਰੰਸੀਆਂ ਦੀ ਕੀਮਤ ਵਧਦੀ ਹੈ ਤਾਂ ਇਹ ਉਨ੍ਹਾਂ ਦੀ ਆਪਣੀ ਸਮੱਸਿਆ ਹੈ।" ਫੈਡਰਲ ਬੈਂਕ ਨੇ ਵਿਆਜ ਦਰਾਂ ਵੀ ਘਟਾ ਦਿੱਤੀਆਂ ਹਨ। ਅਮਰੀਕਾ ਦੇ ਇਸ ਕਦਮ ਨਾਲ ਵਿਕਾਸ ਕਰ ਰਹੇ ਬਾਕੀ ਆਰਥਚਾਰਿਆਂ ਵਿਚ ਡਾਲਰ ਦੇ ਅੰਬਾਰ ਲੱਗਣੇ ਸ਼ੁਰੂ ਹੋ ਗਏ ਹਨ। ਅਮਰੀਕੀ ਵਿੱਤੀ ਸੰਸਥਾਵਾਂ ਫੌਰੀ ਮੁਨਾਫੇ ਲਈ ਉਥੋਂ ਡਾਲਰ ਚੁਕਦੀਆਂ ਹਨ ਤੇ ਵਿਕਾਸਸ਼ੀਲ ਦੇਸ਼ਾਂ ਦੀ ਸ਼ੇਅਰ ਮਾਰਕਿਟ ਤੇ ਰੀਅਲ ਸਟੇਟ ਵਿਚ ਧੜਾ-ਧੜ ਨਿਵੇਸ਼ ਕਰ ਰਹੀਆਂ ਹਨ। ਸਿੱਟੇ ਵਜੋਂ ਇਨ੍ਹਾਂ ਦੇਸ਼ਾਂ ਦੀਆਂ ਕਰੰਸੀਆਂ ਤੇ ਕੀਮਤ ਵਿਚ ਵਾਧੇ ਲਈ ਦਬਾਅ ਵਧਣਾ ਸ਼ੁਰੂ ਹੋ ਗਿਆ। ਭਾਰਤ ਤੇ ਬ੍ਰਾਜ਼ੀਲ ਇਸ ਦੀਆਂ ਸਪੱਸ਼ਟ ਉਦਾਹਰਣਾਂ ਹਨ। ਭਾਰਤ ਅੰਦਰ ਸੰਸਥਾਗਤ ਨਿਵੇਸ਼, 24 ਬਿਲੀਅਨ ਡਾਲਰ ਦੇ ਰਿਕਾਰਡ ਅੰਕੜੇ ਤੱਕ ਪਹੁੰਚ ਗਿਆ ਤੇ ਡਾਲਰ ਦੇ ਮੁਕਾਬਲੇ ਰੁਪਏ ਦੀ ਕੀਮਤ ਵਿਚ 5 ਫ਼ੀਸਦੀ ਤੱਕ ਦਾ ਵਾਧਾ ਹੋ ਗਿਆ। ਇਕੱਲੇ ਸਤੰਬਰ ਮਹੀਨੇ ਵਿਚ ਹੀ ਇਸ ਨਿਵੇਸ਼ ਵਿਚ 8 ਬਿਲੀਅਨ (ਭਾਵ 25 ਫ਼ੀਸਦੀ) ਡਾਲਰ ਦਾ ਵਾਧਾ ਹੋਇਆ। 2009 ਤੋਂ ਲੈ ਕੇ, ਬ੍ਰਾਜ਼ੀਲ ਦੀ ਕਰੰਸੀ ਦੀ ਕੀਮਤ, ਡਾਲਰ ਦੇ ਮੁਕਾਬਲੇ 39% ਤੱਕ ਵਧ ਚੁੱਕੀ ਹੈ।

ਅਮਰੀਕਾ ਦੀ ਇਸ ਕਰੰਸੀ ਜੰਗ ਦਾ ਮੁੱਖ ਨਿਸ਼ਾਨਾ ਚੀਨ ਹੈ, ਕਿਉਂਕਿ ਚੀਨ ਨਾਲ ਉਸ ਦਾ ਵਪਾਰ ਘਾਟਾ 28 ਬਿਲੀਅਨ ਡਾਲਰ ਦੇ ਰਿਕਾਰਡ ਪੱਧਰ ਤੱਕ ਪਹੁੰਚ ਚੁੱਕਿਆ ਹੈ। ਚੀਨ ਕੋਲ ਭਾਵੇਂ ਪਹਿਲਾਂ ਹੀ ਡਾਲਰ ਦੇ ਰਿਕਾਰਡ ਭੰਡਾਰ ਜਮ੍ਹਾਂ ਹਨ, ਲੇਕਿਨ ਉਹ ਆਪਣੀ ਕਰੰਸੀ ਦੀ ਕੀਮਤ ਵਿਚ ਵਾਧਾ ਨਹੀਂ ਹੋਣ ਦੇ ਰਿਹਾ। ਅਮਰੀਕਾ ਦਾ ਦੋਸ਼ ਹੈ ਕਿ ਚੀਨ ਆਪਣੇ ਮਾਲ ਨੂੰ ਦੁਨੀਆਂ ਵਿਚ ਸਸਤਾ ਰੱਖਣ ਲਈ, ਜਾਣ ਬੁਝ ਕੇ ਆਪਣੀ ਕਰੰਸੀ ਦੀ ਕੀਮਤ ਵਧਣ ਨਹੀਂ ਦੇ ਰਿਹਾ। ਲੇਕਿਨ ਚੀਨੀ ਆਰਥਿਕਤਾ ਬਾਰੇ ਚੀਨੀ ਪ੍ਰਧਾਨ ਮੰਤਰੀ ਦਾ ਕਹਿਣਾ ਹੈ, "ਵਧੇਰੇ ਬਰਾਮਦ ਕਰਨ ਵਾਲੀਆਂ ਚੀਨੀ ਕੰਪਨੀਆਂ 2-3 ਫ਼ੀਸਦੀ ਜਾਂ ਵੱਧ ਤੋਂ ਵੱਧ 5 ਫ਼ੀਸਦੀ ਮੁਨਾਫੇ 'ਤੇ ਕੰਮ ਕਰਦੀਆਂ ਹਨ। ਜਿਵੇਂ ਅਮਰੀਕਾ ਜਾਂ ਯੂਰਪ ਵੱਲੋਂ ਮੰਗ ਕੀਤੀ ਜਾ ਰਹੀ ਹੈ, ਜੇਕਰ ਚੀਨੀ ਕਰੰਸੀ ਦੀ ਕੀਮਤ 20 ਤੋਂ 40 ਫ਼ੀਸਦੀ ਤੱਕ ਵਧਾ ਦਿੱਤੀ ਜਾਵੇ ਤਾਂ ਬਹੁ-ਗਿਣਤੀ ਬਰਾਮਦ ਕੰਪਨੀਆਂ ਦਿਵਾਲੀਆ ਹੋ ਜਾਣਗੀਆਂ, ਕਿਰਤੀ ਬੇਰੁਜ਼ਗਾਰ ਹੋ ਜਾਣਗੇ, ਕਾਮਿਆਂ ਨੂੰ ਪਿੰਡਾਂ ਨੂੰ ਵਾਪਸ ਮੁੜਨਾ ਪਵੇਗਾ, ਇਸ ਨਾਲ ਸਮਾਜ ਵਿਚ ਸ਼ਾਂਤੀ ਰੱਖਣੀ ਮੁਸ਼ਕਿਲ ਹੋ ਜਾਵੇਗੀ। ਸਮਝਣਾ ਚਾਹੀਦਾ ਹੈ ਕਿ ਅਸੀਂ ਟਾਈਮ ਬੰਬ 'ਤੇ ਬੈਠੇ ਹਾਂ।

ਇੰਗਲੈਂਡ ਨੇ ਸਪੱਸ਼ਟ ਤੌਰ 'ਤੇ ਅਮਰੀਕਾ ਦੇ ਹੱਕ ਵਿਚ ਪੈਂਤੜਾ ਮੱਲਦਿਆਂ ਕਿਹਾ ਕਿ ਜੀ-20 ਦੀ ਸਫਲਤਾ ਇਥੋਂ ਹੀ ਪਤਾ ਲੱਗੇਗੀ ਕਿ ਇਹ ਕਰਜ਼ਈ ਪੱਛਮ (ਅਮਰੀਕਾ) ਅਤੇ ਕਰਜ਼ਦਾਰ ਪੂਰਬ (ਚੀਨ) ਵਿਚਕਾਰ ਲੜਾਈ ਦਾ ਕੀ ਹੱਲ ਕੱਢਦੀ ਹੈ। ਸਾਨੂੰ ਇਸ ਅਸਾਵੇਂਪਣ ਦਾ ਹੱਲ ਲੱਭਣਾ ਹੀ ਪਵੇਗਾ। ਜਾਪਾਨ ਪਹਿਲਾਂ ਹੀ, ਇਸ ਸਾਲ ਡਾਲਰ ਦੇ ਮੁਕਾਬਲੇ ਆਪਣੀ ਕਰੰਸੀ ਦੀ ਕੀਮਤ 12 ਫ਼ੀਸਦੀ ਤੱਕ ਘਟਾਉਣ ਲਈ ਹੀਲੇ ਸ਼ੁਰੂ ਕਰ ਚੁੱਕਿਆ ਹੈ। ਅਮਰੀਕੀ ਮੁਹਿੰਮ ਦੇ ਜਵਾਬ ਵਿਚ, ਜਾਪਾਨੀ ਬੈਂਕ ਨੇ ਜਾਪਾਨੀ ਮੰਡੀ ਵਿਚੋਂ 60 ਬਿਲੀਅਨ ਡਾਲਰ ਖਰੀਦਣ ਦੀ ਯੋਜਨਾ ਬਣਾਈ ਹੈ। ਜਰਮਨੀ ਜੋ ਭਾਵੇਂ ਚੀਨ ਦੇ ਹੱਕ ਵਿਚ



ਨਹੀਂ, ਲੇਕਿਨ ਉਸ ਨੇ ਜੀ-20 ਵਿਚ ਅਮਰੀਕਾ ਦਾ ਵਿਰੋਧ ਕੀਤਾ ਹੈ। ਉਸ ਦਾ ਕਹਿਣਾ ਹੈ ਕਿ ਅਸਾਵੇਂਪਣ ਦਾ ਮਤਲਬ ਸਿਰਫ ਵਪਾਰ ਘਾਟਾ ਹੀ ਨਹੀਂ ਹੈ।

ਯੂਰਪੀ ਨੀਤੀਘਾੜਿਆਂ ਨੇ ਅਮਰੀਕੀ ਮੁਹਿੰਮ ਨੂੰ ਗੈਰ-ਜ਼ਿੰਮੇਵਾਰਾਨਾ ਕਰਾਰ ਦਿੱਤਾ ਹੈ। ਬਰਾਜ਼ੀਲ ਦੇ ਪ੍ਰਧਾਨ ਮੰਤਰੀ ਨੇ ਇਸ ਕਰੰਸੀ ਜੰਗ ਦਾ ਵਿਰੋਧ ਕਰਦਿਆਂ ਕਿਹਾ ਕਿ ਇਹ ਸਾਡੇ ਲਈ ਵੱਡਾ ਖ਼ਤਰਾ ਹੈ ਕਿਉਂਕਿ ਇਹ ਸਾਡੀ ਮੁਕਾਬਲੇਬਾਜ਼ੀ ਦੀ ਸ਼ਕਤੀ ਨੂੰ ਕਮਜ਼ੋਰ ਕਰਦੀ ਹੈ। ਇਹ ਬੇਹੱਦ ਅਫ਼ਸੋਸਨਾਕ ਹੈ ਕਿ ਭਾਰਤ ਨੇ ਅਮਰੀਕਾ ਦੀ ਇਸ ਕਰੰਸੀ ਜੰਗ ਦੀ ਇਹ ਕਹਿ ਕੇ ਹਮਾਇਤ ਕਰ ਦਿੱਤੀ ਕਿ "ਅਮਰੀਕਾ ਦੀ ਮਜ਼ਬੂਤੀ ਵਿਚ ਹੀ ਸੰਸਾਰ ਦੀ ਭਲਾਈ ਹੈ।"

ਵਿਕਸਤ ਦੇਸ਼ ਇਸ ਆਰਥਿਕ ਮੰਦੀ ਵਿਚੋਂ ਨਿਕਲਣ ਲਈ ਇਸ ਦਾ ਬੋਝ ਇਕ ਪਾਸੇ ਗਰੀਬ ਮੁਲਕਾਂ 'ਤੇ ਸੁੱਟ ਰਹੇ ਹਨ ਤੇ ਦੂਜੇ ਪਾਸੇ ਆਪਣੇ ਹੀ ਦੇਸ਼ ਦੀ ਕਿਰਤੀ ਜਮਾਤ ਨੂੰ ਨਿਸ਼ਾਨਾ ਬਣਾ ਰਹੇ ਹਨ। ਅਮਰੀਕਾ ਦੇ ਵਣਜ ਮਹਿਕਮੇ ਦਾ ਅਨੁਮਾਨ ਹੈ ਕਿ ਸਾਰੀਆਂ ਅਮਰੀਕੀ ਕੰਪਨੀਆਂ ਦੇ ਮੁਨਾਫ਼ੇ ਪਿਛਲੇ ਸਾਲ ਦੇ ਮੁਕਾਬਲੇ 26.5 ਫ਼ੀਸਦੀ ਵਧੇ ਹਨ। ਵਾਲਸਟਰੀਟ ਦੇ ਰਸਾਲੇ ਅਨੁਸਾਰ, "ਇਹ ਮੁਨਾਫੇ ਕਮਾਉਣ ਵਾਲੀਆਂ ਕੰਪਨੀਆਂ ਨੇ ਸੈਂਕੜੇ ਹਜ਼ਾਰਾਂ ਕਿਰਤੀਆਂ ਨੂੰ ਕੰਮ ਤੋਂ ਹਟਾਇਆ ਹੈ, ਘੱਟ ਮੁਨਾਫੇ ਵਾਲੇ ਯੂਨਿਟਾਂ ਨੂੰ ਬੰਦ ਕੀਤਾ ਹੈ ਤੇ ਕੰਮ ਨੂੰ ਸਸਤੀ ਕਿਰਤ ਵਾਲੇ ਇਲਾਕਿਆਂ ਵਿਚ ਸ਼ਿਫਟ ਕੀਤਾ ਹੈ।" ਘਟਦੇ ਰੁਜ਼ਗਾਰ, ਸਮਾਜਿਕ ਸੁਰੱਖਿਆ 'ਤੇ ਕੱਟ ਲਾਉਣ ਤੇ ਡਿਗਦੀਆਂ ਉਜਰਤਾਂ ਖ਼ਿਲਾਫ਼ ਲੋਕਾਂ ਅੰਦਰ ਬੇਚੈਨੀ ਵਧ ਰਹੀ ਹੈ। ਓਬਾਮਾ ਇਸ ਸਾਰੇ ਸੰਕਟ ਲਈ ਕਦੇ ਆਊਟਸੋਰਸਿੰਗ ਨੂੰ ਤੇ ਕਦੇ ਚੀਨ ਦੀ ਕਰੰਸੀ ਦੀ ਨੀਵੀਂ ਕੀਮਤ ਨੂੰ ਜ਼ਿੰਮੇਵਾਰ ਦੱਸ ਕੇ ਖੁਦ ਇਸ ਬੇਚੈਨੀ ਤੋਂ ਬਚਣਾ ਚਾਹੁੰਦਾ ਹੈ ਤੇ ਇਸ ਨੂੰ ਚੀਨ ਵਿਰੁਧ ਵਰਤਣਾ ਚਾਹੁੰਦਾ ਹੈ। ਉਸ ਨੇ ਪਿਛਲੇ ਸਮੇਂ ਦੌਰਾਨ ਬਿੱਲ ਵੀ ਪਾਸ ਕਰ ਲਿਆ ਹੈ ਜੋ ਇਹ ਇਜਾਜ਼ਤ ਦਿੰਦਾ ਹੈ ਕਿ ਜੇਕਰ ਚੀਨ ਆਪਣੀ ਕਰੰਸੀ ਦੀ ਕੀਮਤ ਨਹੀਂ ਵਧਾਉਂਦਾ ਤਾਂ ਅਮਰੀਕਾ ਚੀਨ ਤੋਂ ਆਉਣ ਵਾਲੀਆਂ ਵਸਤਾਂ 'ਤੇ ਟੈਕਸ ਲਾ ਕੇ ਉਨ੍ਹਾਂ ਨੂੰ ਮਹਿੰਗੀਆਂ ਕਰ ਸਕਦਾ ਹੈ। ਇਹ ਸਪੱਸ਼ਟ ਤੌਰ 'ਤੇ 'ਸੁਰੱਖਿਆਵਾਦ' ਅਤੇ ਵਪਾਰਕ ਜੰਗ ਵੱਲ ਸੰਕੇਤ ਕਰਦਾ ਹੈ।

ਬਰਤਾਨੀਆ ਸਰਕਾਰ ਨੇ ਵੀ ਮੰਦੀ ਨੂੰ ਮੁੱਖ ਰੱਖਦਿਆਂ ਲੋਕਾਂ ਦੀਆਂ ਸਿਹਤ ਸੇਵਾਵਾਂ ਦੇ ਖੇਤਰ ਵਿਚ 15000 ਨੌਕਰੀਆਂ ਖਤਮ ਕਰਨ, ਹਸਪਤਾਲਾਂ ਦੇ ਕਈ ਵਾਰਡ ਬੰਦ ਕਰਨ ਤੇ ਕਈ ਸੇਵਾਵਾਂ ਘਟਾਉਣ ਦਾ ਫੈਸਲਾ ਕੀਤਾ ਹੈ। ਇਹ ਸਿਹਤ ਸੇਵਾਵਾਂ ਦੇ ਫੰਡਾਂ ਵਿਚ 10 ਬਿਲੀਅਨ ਪੌਂਡ ਦੀ ਕਟੌਤੀ ਦੀ ਵਜ੍ਹਾ ਕਾਰਨ ਵਾਪਰ ਰਿਹਾ ਹੈ। ਅਕਤੂਬਰ ਦੇ ਅਖ਼ੀਰ ਵਿਚ ਜਰਮਨ ਸਰਕਾਰ ਨੇ ਇਕ ਕਾਨੂੰਨ ਪਾਸ ਕਰਕੇ, ਸਮਾਜਿਕ ਖਰਚਿਆਂ 'ਤੇ ਬਿਲੀਅਨ ਯੂਰੋ ਦੇ ਕੱਟ ਲਾਉਣ ਦਾ ਫੈਸਲਾ ਕੀਤਾ ਹੈ। ਫਰਾਂਸ ਨੇ ਪਹਿਲਾਂ ਹੀ ਪੈਨਸ਼ਨ 'ਤੇ ਕੱਟ ਦੇ ਰੂਪ ਵਿਚ ਲੋਕਾਂ 'ਤੇ ਬੋਝ ਸੁੱਟਿਆ ਹੈ। ਗਰੀਬ ਦੇਸ਼, ਜਿਥੇ ਪਹਿਲਾਂ ਹੀ ਸਮਾਜਿਕ ਸੁਰੱਖਿਆ ਦਾ ਢਾਂਚਾ ਬੇਹੱਦ ਕਮਜ਼ੋਰ ਹੈ, ਉਥੇ ਵੀ ਹੋਰ ਕੱਟ ਲਾ ਕੇ ਇਸ ਢਾਂਚੇ ਨੂੰ ਖਤਮ ਕੀਤਾ ਜਾ ਰਿਹਾ ਹੈ। ਦੁਨੀਆਂ ਪੱਧਰ 'ਤੇ ਫੈਲ ਰਹੀ ਬੇਰੁਜ਼ਗਾਰੀ ਤੇ ਸਮਾਜਿਕ ਸੁਰੱਖਿਆ 'ਤੇ ਲਗਾਏ ਜਾ ਰਹੇ ਕੱਟਾਂ ਖ਼ਿਲਾਫ਼ ਵਿਰੋਧ ਵਧ ਰਿਹਾ ਹੈ। ਸਰਕੋਜ਼ੀ ਦੀ ਪੈਨਸ਼ਨ ਕੱਟ ਸਕੀਮ ਵਿਰੁਧ ਲੱਖਾਂ ਲੋਕ ਸੜਕਾਂ 'ਤੇ ਆਏ ਹਨ। ਫੀਸਾਂ ਵਿਚ ਵਾਧੇ ਵਿਰੁਧ ਇੰਗਲੈਂਡ ਵਿਚ ਵਿਆਪਕ ਰੋਹ ਸਾਹਮਣੇ ਆਇਆ ਹੈ। ਚੀਨ ਅੰਦਰ ਲੋਕਾਂ ਦਾ ਰੋਹ ਖੁਦਕੁਸ਼ੀਆਂ ਤੇ ਵੱਡੀਆਂ ਹੜਤਾਲਾਂ ਦੇ ਰੂਪ ਵਿਚ ਸਾਹਮਣੇ ਆਇਆ ਹੈ।

ਵੱਖ-ਵੱਖ ਦੇਸ਼ਾਂ ਵਿਚਕਾਰ ਵੱਧ ਰਿਹਾ ਆਰਥਿਕ ਟਕਰਾਓ, ਹੁਣ ਫੌਜੀ ਬਲਾਕਾਂ ਦੇ ਟਕਰਾਓ ਦਾ ਰੂਪ ਲੈਣ ਲੱਗ ਪਿਆ ਹੈ। ਏਸ਼ੀਆ ਖਿੱਤੇ ਅੰਦਰ ਬੁਸ਼ ਪ੍ਰਸ਼ਾਸਨ ਤੋਂ ਅੱਗੇ ਵਧਦਿਆਂ, ਓਬਾਮਾ ਪ੍ਰਸ਼ਾਸਨ ਨੇ ਪੂਰਬੀ ਏਸ਼ੀਆ ਖਿੱਤੇ ਵਿਚ ਆਪਣੀ ਫ਼ੌਜੀ ਸਰਗਰਮੀ ਪੂਰੀ ਤੇਜ਼ ਕਰ ਦਿੱਤੀ ਹੈ। ਚੀਨ ਵਿਰੁਧ ਉਹ ਅਮਰੀਕਾ, ਜਪਾਨ, ਭਾਰਤ ਤੇ ਆਸਟਰੇਲੀਆ ਦਾ ਸਾਂਝਾ ਬਲਾਕ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਤੇ ਦੂਜੇ ਪਾਸੇ ਚੀਨ ਦੇ ਗੁਆਂਢੀ ਮੁਲਕਾਂ ਵੀਅਤਨਾਮ, ਕੰਬੋਡੀਆ, ਇੰਡੋਨੇਸ਼ੀਆ ਤੇ ਤਾਇਵਾਨ ਨੂੰ ਚੀਨ ਵਿਰੁਧ ਖੜ੍ਹਾ ਕਰਨ ਲਈ ਜ਼ੋਰ ਲਾ ਰਿਹਾ ਹੈ। ਜਪਾਨ, ਦੱਖਣੀ ਕੋਰੀਆ ਤੇ ਵੀਅਤਨਾਮ ਨਾਲ ਮਿਲ ਕੇ ਉਹ ਚੀਨ ਦੇ ਦੱਖਣੀ ਸਾਗਰ ਤੇ ਪੂਰਬੀ ਸਾਗਰ ਵਿਚ ਐਨ ਉਸ ਦੀ ਸਰਹੱਦ ਦੇ ਨੇੜੇ ਮਸ਼ਕਾਂ ਕਰ ਰਿਹਾ ਹੈ। ਉਹ ਹਿੰਦ-ਮਹਾਂਸਾਗਰ ਵਿਚ ਭਾਰਤ ਦੀ ਨਿਗਰਾਨੀ ਵਧਾਉਣ ਤੇ ਇਸ ਨੂੰ ਪੂਰਬੀ ਏਸ਼ੀਆ ਵਿਚ ਆਪਣੇ ਛੋਟੇ ਠਾਣੇਦਾਰ ਵਜੋਂ ਨਿਯੁਕਤ ਕਰਨ ਲਈ, ਭਾਰਤ ਨੂੰ ਆਧੁਨਿਕ ਤਕਨਾਲੋਜੀ ਤੇ ਹਥਿਆਰਾਂ ਨਾਲ



ਲੈਸ ਕਰ ਰਿਹਾ ਹੈ।

ਅਮਰੀਕਾ ਹਮਾਇਤੀ ਦੱਖਣੀ ਕੋਰੀਆ ਤੇ ਚੀਨ ਹਮਾਇਤੀ ਉਤਰੀ ਕੋਰੀਆ ਦਾ ਟਕਰਾਓ ਇਕ ਹੋਰ ਅਹਿਮ ਨੁਕਤਾ ਹੈ, ਜਿਸ ਨੂੰ ਅਮਰੀਕਾ ਵਰਤਦਾ ਆ ਰਿਹਾ ਹੈ। ਦੱਖਣੀ ਤੇ ਮੱਧ ਏਸ਼ੀਆ ਵਿਚ ਅਮਰੀਕਾ ਨੇ ਇਰਾਕ ਤੇ ਅਫ਼ਗਾਨਿਸਤਾਨ ਤੋਂ ਬਾਅਦ ਹੁਣ ਯਮਨ ਖ਼ਿਲਾਫ਼ ਖੁੱਲ੍ਹੀ ਜੰਗ ਦਾ ਐਲਾਨ ਕਰ ਦਿੱਤਾ ਹੈ। ਪਾਕਿਸਤਾਨ ਅੰਦਰ ਉਹ ਬੇਖ਼ੌਫ਼ ਹਮਲੇ ਕਰ ਰਿਹਾ ਹੈ ਤੇ ਇਰਾਨ ਉਸ ਦਾ ਅਗਲਾ ਨਿਸ਼ਾਨਾ ਹੈ। ਦੂਜੇ ਪਾਸੇ ਚੀਨ ਨੇ ਹੁਣੇ-ਹੁਣੇ 1800 ਫ਼ੌਜੀਆਂ ਤੇ 100 ਜਹਾਜ਼ਾਂ ਦੀ ਸ਼ਮੂਲੀਅਤ ਵਾਲੀ ਵੱਡੀ ਸਮੁੰਦਰੀ ਮਸ਼ਕ ਕਰਕੇ ਆਪਣੇ ਗੁਆਂਢੀ ਅਮਰੀਕਾ ਹਮਾਇਤੀਆਂ ਨੂੰ ਆਪਣੀ ਵਧਦੀ ਫੌਜੀ ਤਾਕਤ ਦਾ ਅਹਿਸਾਸ ਕਰਵਾਇਆ ਹੈ। ਰੂਸੀ ਰਾਸ਼ਟਰਪਤੀ ਨੇ ਜਾਪਾਨ ਨਾਲ ਸਰਹੱਦੀ ਝਗੜੇ ਵਾਲੇ 'ਕੁਰਾਇਲੀ ਟਾਪੂ' ਦਾ ਦੌਰਾ ਕਰਕੇ ਇਕ ਤਰ੍ਹਾਂ ਦੂਜੀ ਸੰਸਾਰ ਜੰਗ ਤੋਂ ਬਾਅਦ ਇਕ ਵਾਰ ਫੇਰ ਜਾਪਾਨ ਨੂੰ ਚੁਣੌਤੀ ਦਿੱਤੀ ਹੈ। ਅਮਰੀਕਾ ਦਾ ਪੱਕਾ ਹਮਾਇਤੀ ਜਾਪਾਨ ਅਸਲ ਵਿਚ ਰੂਸ ਤੇ ਚੀਨ ਦੋਵਾਂ ਲਈ ਖ਼ਤਰਾ ਹੈ। ਕੁਲ ਮਿਲਾ ਕੇ ਏਸ਼ੀਆ ਵਿਚ ਅਮਰੀਕਾ ਦੇ ਵਧਦੇ ਦਖ਼ਲ ਖ਼ਿਲਾਫ਼ ਚੀਨ, ਰੂਸ, ਇਰਾਨ ਤੇ ਪਾਕਿਸਤਾਨ ਦੀ ਨੇੜਤਾ ਵਧਦੀ ਜਾ ਰਹੀ ਹੈ। ਇਹ ਨੇੜਤਾ ਇਕ ਪੂਰੇ ਸੂਰੇ ਫੌਜੀ ਬਲਾਕ ਦੀ ਸ਼ਕਲ ਵਿਚ ਕਦੋਂ ਬਦਲੇਗੀ, ਇਹ ਤਾਂ ਸਮਾਂ ਹੀ ਦੱਸੇਗਾ।

# ਭਾਰਤੀ ਨਿਆਂ ਪ੍ਰਣਾਲੀ ਦਾ ਜਨਾਜ਼ਾ: ਸੁਪਰੀਮ ਕੋਰਟ ਵੱਲੋਂ ਅਲਾਹਬਾਦ ਹਾਈਕੋਰਟ 'ਤੇ ਗੰਭੀਰ ਦੋਸ਼

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ) :** ਭਾਰਤੀ ਨਿਆਂ ਪ੍ਰਣਾਲੀ 'ਤੇ ਸਮੇਂ-ਸਮੇਂ ਲੱਗਦੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਦੀ ਉਸ ਵੇਲੇ ਪੁਸ਼ਟੀ ਹੋਈ ਜਦੋਂ ਸੁਪਰੀਮ ਕੋਰਟ ਨੇ ਅਲਾਹਾਬਾਦ ਹਾਈਕੋਰਟ ਨੂੰ ਝਾੜ ਪਾਉਂਦਿਆਂ ਕਿਹਾ ਹੈ ਕਿ ਉੱਥੇ ਕੁਝ ਗੜਬੜ ਹੈ। ਸੁਪਰੀਮ ਕਰੋਟ ਨੇ ਹਾਈਕੋਰਟ ਦੇ ਕੁਝ ਜੱਜਾਂ ਦੀ ਇਮਾਨਦਾਰੀ 'ਤੇ ਸਵਾਲ ਉਠਾਉਂਦਿਆਂ ਕਿਹਾ ਕਿ ਜੱਜਾਂ ਦੇ ਜਾਣ-ਪਛਾਣ ਵਾਲੇ ਵਕੀਲ ਕਈ ਕੇਸਾਂ ਵਿਚ ਆਪਣੀ ਮਰਜ਼ੀ ਮੁਤਾਬਕ ਫੈਸਲੇ ਕਰਾਉਂਦੇ ਹਨ। ਭਾਵੇਂ ਇਸ ਤੋਂ ਪਹਿਲਾਂ ਰਾਜਸੀ ਲੋਕਾਂ ਤੇ ਉੱਚ ਅਧਿਕਾਰੀਆਂ ਬਾਰੇ ਸੁਪਰੀਮ ਕੋਰਟ ਨੇ ਕਈ ਵਾਰੀ ਟਿੱਪਣੀਆਂ ਕੀਤੀਆਂ ਹਨ ਪਰ ਇਹ ਪਹਿਲੀ ਵਾਰ ਹੈ ਕਿ ਦੇਸ਼ ਦੀ ਸਰਵਉੱਚ ਅਦਾਲਤ ਵੱਲੋਂ ਨਿਆਂ ਪ੍ਰਣਾਲੀ 'ਚ ਭ੍ਰਿਸ਼ਟਾਚਾਰ 'ਤੇ ਸਵਾਲ ਉਠਾਇਆ ਗਿਆ ਹੈ।

ਸੁਪਰੀਮ ਕਰੋਟ ਦੇ ਜਸਟਿਸ ਮਾਰਕੰਡੇ ਕਾਟਜੂ ਤੇ ਗਿਆਨ ਸੁਧਾ ਮਿਸ਼ਰਾ ਦੇ ਅਧਾਰਿਤ ਬੈਂਚ ਨੇ ਟਿੱਪਣੀ ਕਰਦਿਆਂ ਕਿਹਾ ਕਿ ਸ਼ੇਕਸਪੀਅਰ ਨੇ ਹੈਮਲਟ ਵਿਚ ਕਿਹਾ ਸੀ ਕਿ ਡੈਨਮਾਰਕ ਵਿਚ ਕੁਝ ਗੜਬੜ ਹੈ। ਉਸੇ ਤਰਜ਼ 'ਤੇ ਕਿਹਾ ਜਾ ਸਕਦਾ ਹੈ ਕਿ ਅਲਾਹਾਬਾਦ ਹਾਈਕੋਰਟ ਵਿਚ ਵੀ ਕੁਝ ਗੜਬੜ ਹੈ। ਇਸ ਦੇ ਨਾਲ ਹੀ ਬੈਂਚ ਨੇ ਹਾਈਕੋਰਟ ਦੇ ਚੀਫ਼ ਜਸਟਿਸ ਨੂੰ ਕਿਹਾ ਕਿ ਉਹ ਸੁਧਾਰੇ ਨਾ ਜਾ ਸਕਣ ਵਾਲੇ ਜੱਜਾਂ ਦੇ ਤਬਾਦਲੇ ਕਰਨ ਸਣੇ ਉਨ੍ਹਾਂ ਖ਼ਿਲਾਫ਼ ਹੋਰ ਸਖ਼ਤ ਕਦਮ ਚੁੱਕੇ। ਅਦਾਲਤ ਨੇ 12 ਸਫ਼ਿਆਂ ਦੇ ਹੁਕਮ ਵਿਚ ਇਹ ਟਿੱਪਣੀ ਕਰਦਿਆਂ ਹਾਈਕੋਰਟ ਦੇ ਕੁਝ ਜੱਜਾਂ ਵੱਲੋਂ 'ਅੰਕਲ ਜੱਜ' ਬਣ ਕੇ ਕੰਮ ਕਰਨ 'ਤੇ ਕੀਤੀ। ਅੰਕਲ ਜੱਜਾਂ ਦਾ ਭਾਵ ਹੈ ਕਿ ਜੱਜ ਦੇ ਜਾਣ-ਪਛਾਣ ਵਾਲੇ ਵਕੀਲਾਂ ਵੱਲੋਂ ਕੇਸਾਂ ਵਿਚ ਆਪਣੀ ਮਰਜ਼ੀ ਮੁਤਾਬਕ ਫੈਸਲਾ ਕਰਾਉਣਾ।

ਸੁਪਰੀਮ ਕੋਰਟ ਨੇ ਅਲਾਹਾਬਾਦ ਹਾਈਕੋਰਟ ਦੇ ਇਕ ਮੈਂਬਰੀ ਬੈਂਚ ਦੇ ਉਸ ਹੁਕਮ



ਨੂੰ ਰੱਦ ਕਰਦਿਆਂ ਝਾੜ ਪਾਈ, ਜਿਸ ਵਿਚ ਉਸ ਨੇ ਬਹਿਰਾਇਚ 'ਚ ਵਕਫ਼ ਬੋਰਡ ਨੂੰ ਕਿਹਾ ਸੀ ਕਿ ਉਹ ਸਾਲਾਨਾ ਮੇਲੇ ਦੌਰਾਨ ਆਪਣੀ ਜ਼ਮੀਨ ਦਾ ਇਕ ਹਿੱਸਾ ਸਰਕਸ ਮਾਲਕ ਨੂੰ ਆਪਣਾ ਸ਼ੋਅ ਦਿਖਾਉਣ ਲਈ ਅਸਥਾਈ ਤੌਰ 'ਤੇ ਦੇਵੇ। ਜਸਟਿਸ ਕਾਟਜੂ ਤੇ ਜਸਟਿਸ ਮਿਸ਼ਰਾ ਨੇ ਕਿਹਾ ਕਿ ਅਜਿਹੇ ਹੈਰਾਨ ਕਰ ਦੇਣ ਵਾਲੇ ਹੁਕਮਾਂ ਨਾਲ ਦੇਸ਼ ਦੇ ਆਮ ਆਦਮੀ ਦਾ ਵਿਸ਼ਵਾਸ ਹਿੱਲ ਜਾਵੇਗਾ।

ਸੁਪਰੀਮ ਕੋਰਟ ਨੇ ਸ਼ਿਕਾਇਤਾਂ ਦਾ ਖੁਲਾਸਾ ਕੀਤੇ ਬਗੈਰ ਕਿਹਾ ਕਿ ਇਹ ਕਹਿੰਦੇ ਦੁੱਖ ਹੋ ਰਿਹਾ ਹੈ ਪਰ ਅਲਾਹਾਬਾਦ ਹਾਈਕੋਰਟ ਦੇ ਕੁਝ ਜੱਜਾਂ ਦੀ ਇਮਾਨਦਾਰੀ ਬਾਰੇ ਬਹੁਤ ਸਾਰੀਆ ਸ਼ਿਕਾਇਤਾਂ ਮਿਲ ਰਹੀਆਂ ਹਨ। ਹਾਈਕੋਰਟ ਨੂੰ ਕਥਿਤ ਤੌਰ 'ਤੇ 'ਅੰਕਲ ਜੱਜ' ਪੰਜੇ ਵਿਚ ਜਕੜ ਲੈਣ ਦਾ ਵਰਨਣ ਕਰਦਿਆਂ ਸੁਪਰੀਮ ਕੋਰਟ ਨੇ ਕਿਹਾ ਕਿ ਕੁਝ ਜੱਜਾਂ ਦੇ ਸਕੇ-ਸਬੰਧੀ ਉਸੇ ਅਦਾਲਤ ਵਿਚ ਵਕਾਲਤ ਕਰ ਰਹੇ ਹਨ। ਵਕਾਲਤ ਸ਼ੁਰੂ ਕਰਨ ਦੇ ਕੁਝ ਸਾਲਾਂ ਅੰਦਰ ਅਜਿਹੇ ਜੱਜਾਂ ਦੇ ਪੁੱਤ ਜਾਂ ਰਿਸ਼ਤੇਦਾਰ ਪੱਖਪਾਤੀ ਹੋ ਗਏ ਤੇ ਉਨ੍ਹਾਂ ਦਾ ਬੈਂਕ ਬੈਲੇਂਸ ਕਾਫ਼ੀ ਵਧ ਗਿਆ। ਉਨ੍ਹਾਂ ਕੋਲ ਵੱਡੀਆਂ ਕਾਰਾਂ ਆ ਗਈਆਂ, ਆਲੀਸ਼ਾਨ ਮਕਾਨ ਹਨ ਤੇ ਉਹ ਆਰਾਮ ਦੀ ਜ਼ਿੰਦਗੀ ਗੁਜ਼ਾਰ ਰਹੇ ਹਨ। ਸੁਪਰੀਮ ਕੋਰਟ ਨੇ ਕਿਹਾ ਕਿ ਹੁਣ ਉਹ ਦਿਨ ਨਹੀਂ ਰਹੇ ਜਦੋਂ ਜੱਜਾਂ ਦੇ ਪੁੱਤ ਤੇ ਹੋਰ ਰਿਸ਼ਤੇਦਾਰ ਆਪਣੇ ਰਿਸ਼ਤਿਆਂ ਦਾ ਲਾਹਾ ਨਹੀਂ ਲੈਂਦੇ ਸਨ ਤੇ ਉਹ ਹੋਰ ਵਕੀਲਾਂ ਵਾਂਗ ਸੰਘਰਸ਼ ਕਰਦੇ ਸਨ।

ਸੁਪਰੀਮ ਕੋਰਟ ਨੇ ਕਿਹਾ ਕਿ ਕੁਝ ਲੋਕ ਅਜਿਹੇ ਹਨ ਜਿਨ੍ਹਾਂ ਨੂੰ ਇਹੀ ਫ਼ਿਕਰ ਰਹਿੰਦਾ ਹੈ ਕਿ ਕੋਈ ਉਨ੍ਹਾਂ ਵੱਲ ਉਂਗਲ ਨਾ ਕਰ ਦੇਵੇ ਜਦਕਿ ਅਜਿਹੇ ਲੋਕਾਂ ਦੀ ਗਿਣਤੀ ਘੱਟ ਨਹੀਂ ਜਿਹੜੇ ਆਪਣੇ 'ਸਬੰਧਾਂ' ਦੀ ਬੇਸ਼ਰਮੀ ਨਾਲ ਦੁਰਵਰਤੋਂ ਕਰ ਰਹੇ ਹਨ। ਦੋਵਾਂ ਜੱਜਾਂ ਨੇ ਕਿਹਾ ਕਿ ਹਾਈਕੋਰਟ ਦੇ ਕੁਝ ਜੱਜਾਂ ਖ਼ਿਲਾਫ਼ ਹੋਰ ਵੀ ਕਈ ਗੰਭੀਰ ਸ਼ਿਕਾਇਤਾਂ ਹਨ। ਇਸ ਲਈ ਅਲਾਹਾਬਾਦ ਹਾਈਕੋਰਟ ਨੂੰ ਸੱਚਮੁੱਚ ਹੀ ਸਫ਼ਾਈ ਕਰਨ ਦੀ ਲੋੜ ਹੈ।

# ਪੰਜਾਬ:ਇਕ ਹੋਰ 'ਹੜੱਪੇ' ਵੱਲ ਪੇਸ਼ਕਦਮੀ

**ਹਰਵਿੰਦਰ ਸਿੰਘ**

*"ਖਰ੍ਹਵੇਂ ਸ਼ਬਦਾਂ ਵਿਚ ਕਹਿਣਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਪੰਜਾਬ ਦੀ ਮਿੱਟੀ ਫੰਡਰ ਹੋ ਰਹੀ ਹੈ, ਧਰਤੀ ਬੰਜਰ ਅਤੇ ਸਭਿਆਚਾਰ ਕੰਜਰ। ਪੰਜਾਬ ਦੇ ਸਮਾਜਿਕ ਜੀਵਨ ਵਿਚੋਂ ਪੰਜਾਬੀਅਤ ਗਾਇਬ ਹੁੰਦੀ ਜਾ ਰਹੀ ਹੈ।" -ਕਿੰਨਾ ਸੱਚ ਹੈ ਇਨ੍ਹਾਂ ਸ਼ਬਦਾਂ ਵਿਚ! ਇਹੋ ਗੱਲ ਕੀਤੀ ਹੈ ਇਸ ਲੇਖ ਵਿਚ ਲੇਖਕ ਹਰਵਿੰਦਰ ਸਿੰਘ ਨੇ। ਪੰਜਾਬ ਦੇ ਅਜੋਕੇ ਹਾਲਾਤ ਉਤੇ ਇਸ ਲੇਖ ਵਿਚ ਬਹੁਤ ਹੀ ਗਹਿਰ-ਗੰਭੀਰ ਨਜ਼ਰ ਪਾਈ ਗਈ ਹੈ। -ਸੰਪਾਦਕ*

ਪੰਜਾਬ ਪੰਜ ਦਰਿਆਵਾਂ ਦੀ ਧਰਤੀ। ਜਿਥੋਂ ਦੀ ਜ਼ਰਖੇਜ਼ ਜ਼ਮੀਨ ਅਤੇ ਰਮਣੀਕ ਆਬੋ-ਹਵਾ ਵਿਚ ਜੇਠੀ ਅਤੇ ਪਲੇਠੀ ਸਭਿਅਤਾ ਦਾ ਉਦੈ ਹੋਇਆ ਜੋ ਸਿੰਧ ਘਾਟੀ ਦੀ ਸਭਿਅਤਾ ਵਜੋਂ ਜਾਣੀ ਗਈ। ਇਹ ਸੰਸਾਰ ਦੀ ਪਹਿਲੀ ਅਤਿ ਵਿਕਸਤ ਸਭਿਅਤਾ ਸੀ। ਇਥੋਂ ਦੀ ਕਮਾਲ ਦੀ ਸ਼ਹਿਰੀ ਮਨਸੂਬਾਬੰਦੀ, ਇਮਾਰਤਸਾਜ਼ੀ, ਕਲਾਤਮਕ ਕ੍ਰਿਤਾਂ, ਖੇਤੀ ਅਤੇ ਵਪਾਰਕ ਤਰੱਕੀ ਦੇ ਉਚੇ ਮੀਨਾਰਾਂ ਦੀ ਗਾਥਾ ਹੜੱਪਾ ਅਤੇ ਮੋਹਿੰਜੋਦੜੋ ਦੇ ਖੰਡਰਾਤ ਦੀ ਖੁਦਾਈ ਤੋਂ ਜੱਗ ਜ਼ਾਹਰ ਹੋਈ ਹੈ। ਐਪਰ ਇਸ ਸਭਿਅਤਾ ਦੇ ਉਚੇ ਮੀਨਾਰ ਇਸ ਦੇ ਪਤਨ ਸਮੇਂ ਕੁਝ ਹੀ ਅਰਸੇ ਵਿਚ ਢਹਿ ਢੇਰੀ ਹੋ ਕੇ ਖੰਡਰਾਤ ਵਿਚ ਤਬਦੀਲ ਹੋ ਗਏ। ਅਜਿਹਾ ਕਿਉਂ ਹੋਇਆ? ਇਹ ਸਵਾਲ ਇਤਿਹਾਸ ਨਾਲੋਂ ਵਰਤਮਾਨ ਲਈ ਜ਼ਿਆਦਾ ਮਹੱਤਵਪੂਰਨ ਹੈ ਕਿਉਂਕਿ ਅੱਜ ਵੀ ਪੰਜਾਬ ਤਕਰੀਬਨ ਅਜਿਹੀ ਹੀ ਤਬਾਹੀ ਦੇ ਕੰਢੇ ਖੜਾ ਹੈ।

ਹਰ ਸਮਾਜਕ ਵਰਤਾਰੇ ਵਾਂਗ ਸਿੰਧ ਘਾਟੀ ਦੀ ਸਭਿਅਤਾ ਦੇ ਵਿਕਾਸ ਅਤੇ ਵਿਨਾਸ਼ ਲਈ ਇਥੋਂ ਦੀਆਂ ਅੰਦਰੂਨੀ ਅਤੇ ਬਾਹਰੀ ਸ਼ਕਤੀਆਂ ਦਾ ਰੋਲ ਰਿਹਾ ਹੈ। ਸਿੰਧ ਘਾਟੀ ਦੀ ਸਭਿਅਤਾ ਦੇ ਵਿਕਾਸ ਲਈ ਇਥੋਂ ਦਾ ਕੁਦਰਤੀ ਚੌਗਿਰਦਾ ਭਾਵ ਬਰਸਾਤੀ, ਦਰਿਆਈ ਅਤੇ ਧਰਤੀ ਹੇਠਲੇ ਪਾਣੀਆਂ ਦੇ ਭਰਵੇਂ ਜਲ ਭੰਡਾਰ, ਵਿਸ਼ੇਸ਼ ਤਾਪਮਾਨ ਦਾ ਜਲਵਾਯੂ, ਤਕਰੀਬਨ ਸਾਰਾ ਸਾਲ ਉਪਲਬਧ ਸੂਰਜ ਦੀ ਊਰਜਾ, ਮਿੱਟੀ ਦੀ ਭਰਵੀਂ ਉਪਜਾਊ ਸ਼ਕਤੀ, ਵੰਨ-ਸਵੰਨੇ ਮੌਸਮਾਂ ਦਾ ਖੇੜਾ ਆਦਿ ਅਜਿਹੀਆਂ ਕੁਦਰਤੀ ਸ਼ਕਤੀਆਂ ਸਨ ਜਿਨ੍ਹਾਂ ਕਾਰਨ ਇਸ ਖਿੱਤੇ ਦਾ ਬੇਮਿਸਾਲ ਵਿਕਾਸ ਸੰਭਵ ਹੋਇਆ। ਇਨ੍ਹਾਂ ਸ਼ਕਤੀਆਂ ਦੇ ਸਹਾਰੇ ਇਥੇ ਬੇਸ਼ੁਮਾਰ ਕਿਸਮ ਦੀ ਖੇਤੀ ਸੰਭਵ ਹੋਈ ਜੋ ਅੱਗੇ ਚੱਲ ਕੇ ਸਿੰਧ ਘਾਟੀ ਦੀ ਸਭਿਅਤਾ ਦੇ ਵਣਜ ਵਪਾਰ ਅਤੇ ਵਿਕਾਸ ਦੀ ਚੂਲ ਬਣੀ। ਅਤਿ ਵਿਕਸਤ ਖੇਤੀ ਦੇ ਨਾਲ-ਨਾਲ ਇਸ ਸਭਿਅਤਾ ਦੇ ਵਣਜ ਵਪਾਰ ਦਾ ਵਾਧਾ ਵੀ ਬੇਮਿਸਾਲ ਸੀ ਜਿਸ ਦਾ ਘੇਰਾ ਯੂਨਾਨ ਦੇ ਮੈਸੋਪਟਾਮੀਆ ਤੀਕ ਫੈਲਿਆ ਹੋਇਆ ਸੀ। ਇਥੋਂ ਦੇ ਮੂਲ ਵਾਸੀਆਂ ਦੀਆਂ ਸਿਰਜੀਆਂ ਸਮਾਜਕ ਸੰਸਥਾਵਾਂ, ਹੁਨਰ ਅਤੇ ਮਿਹਨਤ ਅਜਿਹੀਆਂ ਬਾਹਰੀ ਸ਼ਕਤੀਆਂ ਸਨ ਜਿਨ੍ਹਾਂ ਨੇ ਇਥੋਂ ਦੇ ਵਿਕਾਸ ਨੂੰ ਅਮਲੀ ਰੂਪ ਦਿੱਤਾ। ਇਨ੍ਹਾਂ ਮੂਲ ਵਾਸੀਆਂ ਨੇ ਸਿੰਧ ਦੀ ਤਰਾਈ ਵਿਚ ਅੱਜ ਦੇ ਪੰਜਾਬ ਵਾਂਗ ਬਹੁਤ ਹੀ ਸੰਗਠਤ ਕਿਸਮ ਦੀ ਖੇਤੀ ਦਾ ਵਿਕਾਸ ਕੀਤਾ। ਸਿੰਜਾਈ ਲਈ ਨਦੀਆਂ 'ਤੇ ਬੰਨ੍ਹ ਲਾਉਣ ਦੀ ਰੀਤ ਚਲਾਈ, ਵਪਾਰ ਦਾ ਪਸਾਰਾ ਕੀਤਾ, ਸਮੁੰਦਰੀ ਆਵਾਜਾਈ ਦਾ ਵਿਕਾਸ ਕੀਤਾ, ਭਵਨਾਂ ਦਾ ਨਿਰਮਾਣ ਕੀਤਾ ਅਤੇ ਨਗਰ ਸਭਿਅਤਾ ਦੀ ਨੀਂਹ ਰੱਖੀ।

ਇਹ ਸਭਿਅਤਾ ਜਦੋਂ ਆਪਣੇ ਜੋਬਨ 'ਤੇ ਸੀ ਤਾਂ ਇਨ੍ਹਾਂ ਹੀ ਅੰਦਰੂਨੀ ਅਤੇ ਬਾਹਰੀ ਸ਼ਕਤੀਆਂ ਦੇ ਵਿਕਾਰ ਇਸ ਦੇ ਪਤਨ ਦਾ ਕਾਰਨ ਬਣੇ। ਇਕ ਪਾਸੇ ਤਾਂ ਕੁਦਰਤ ਦੋਖੀ ਬੇਤਹਾਸ਼ਾ ਪਦਾਰਥਕ ਤਰੱਕੀ ਅਤੇ ਸ਼ਹਿਰੀਕਰਨ ਕਾਰਨ ਕੁਦਰਤੀ ਸਾਧਨ ਅਤੇ ਸ੍ਰੋਤ ਖ਼ਤਮ ਹੋਣ ਲੱਗੇ, ਵਾਤਾਵਰਨ ਅਤੇ ਚੌਗਿਰਦੇ ਵਿਚ ਅਸੰਤੁਲਨ ਪੈਦਾ ਹੋਣ ਲੱਗਾ, ਤਾਪਮਾਨ ਵਿਚ ਅਸੰਤੁਲਨ ਅਤੇ ਮੌਨਸੂਨ ਵਿਚ ਗਿਰਾਵਟ ਹੋਣ ਲੱਗੀ ਅਤੇ ਦੂਜੇ ਪਾਸੇ ਇਨ੍ਹਾਂ ਅੰਦਰੂਨੀ ਕਾਰਨਾਂ ਕਰਕੇ ਜ਼ਰਜ਼ਰ ਹੋਈ ਵਿਵਸਥਾ ਕਾਰਨ ਇਥੋਂ ਦੇ ਮੂਲ ਨਿਵਾਸੀ ਇਸ ਨੂੰ ਛੱਡ ਕੇ ਕਿਤੇ ਹੋਰ ਜਾਣ ਲੱਗੇ ਅਤੇ ਬਾਹਰੀ ਕਬੀਲਿਆਂ ਦੇ ਲੋਕ ਕਾਬਜ਼ ਹੋਣ ਦੀ ਨੀਅਤ ਨਾਲ ਹਮਲੇ ਕਰਨ ਲੱਗੇ। ਆਰੀਅਨ ਧਾੜਵੀਆਂ ਅਤੇ ਸਿੰਧ ਦੇ ਮੂਲ ਵਾਸੀਆਂ ਵਿਚ ਸਭਿਆਚਾਰਕ ਟਕਰਾਓ ਨਾਲ ਵੀ ਇਹ ਸਭਿਅਤਾ ਢਹਿੰਦੀਆਂ ਕਲਾਂ ਵੱਲ ਚਲੀ ਗਈ, ਭਾਵ ਪ੍ਰਕ੍ਰਿਤੀ (ਕੁਦਰਤ) ਅਤੇ ਸੰਸਕ੍ਰਿਤੀ ਦੋਹਾਂ ਦਾ ਖ਼ਾਤਮਾ ਇਸ ਸਭਿਅਤਾ ਦੀ ਤਬਾਹੀ ਦਾ ਕਾਰਨ ਬਣੇ। ਪ੍ਰਕ੍ਰਿਤੀ ਦੀਆਂ ਤਬਦੀਲੀਆਂ ਕਾਰਨ ਕਦੇ ਬੇਸ਼ੁਮਾਰ ਹੜ੍ਹ, ਕਦੇ ਬਿਲਕੁਲ ਸੋਕਾ ਪੈ ਜਾਂਦਾ, ਕਦੇ ਵੱਧ ਪਾਣੀ ਮਾਰ ਕਰ ਜਾਂਦਾ ਤੇ ਕਦੇ ਸੋਕੇ ਕਾਰਨ ਕਾਲ ਪੈ ਜਾਂਦਾ। ਦਰਿਆ ਰੁਖ਼ ਬਦਲਣ ਲੱਗੇ, ਅਬਾਦੀਆਂ ਉਜੜਨ ਲੱਗੀਆਂ। ਸਰਸਵਤੀ ਨਦੀ ਸੁੱਕ ਗਈ। ਝੱਖੜ ਝੁੱਲਣ ਲੱਗੇ। ਭੁਚਾਲ ਆਉਣ ਲੱਗੇ। ਕੁਦਰਤ ਦੀ ਤਬਾਹੀ ਤੋਂ ਡਰੇ ਡੌਂਬਰੇ ਲੋਕ ਮਾਤ-ਭੂਮੀ ਤੋਂ ਹੋਰ ਖੇਤਰਾਂ ਵੱਲ ਪਰਵਾਸ ਕਰਨ ਲੱਗੇ। ਪ੍ਰਕ੍ਰਿਤੀ ਦੇ ਵਿਕਾਰਾਂ ਦੇ ਨਾਲ-ਨਾਲ ਇਥੋਂ ਦੇ ਮੂਲ ਵਾਸੀਆਂ ਦੀ ਸੰਸਕ੍ਰਿਤੀ ਉਤੇ ਬਾਹਰੀ ਧਾੜਵੀਆਂ ਦੀ ਸੰਸਕ੍ਰਿਤੀ ਹਾਵੀ ਹੋਣ ਲੱਗੀ।

ਕੀ ਪੰਜਾਬ ਅੱਜ ਵੀ ਅਜਿਹੀ ਹੀ ਹਾਲਤ ਵਿਚ ਨਹੀਂ ਹੈ? ਇਕ ਪਾਸੇ ਇਸ ਦੀ ਮਿੱਟੀ, ਪੌਣ, ਪਾਣੀ, ਬਨਸਪਤੀ ਸਭ ਦੀ ਤਾਸੀਰ ਵਿਚ ਨਾਂਹਪੱਖੀ ਤਬਦੀਲੀਆਂ ਹੋ ਰਹੀਆਂ ਹਨ ਅਤੇ ਸਮੁੱਚੇ ਵਾਤਾਵਰਨ ਦਾ ਤਵਾਜ਼ਨ ਵਿਗੜ ਰਿਹਾ ਹੈ। ਮੌਸਮ ਗੜਬੜਾ ਰਹੇ ਨੇ, ਜੀਵ ਹੜਬੜਾ ਰਹੇ ਨੇ। ਦੂਜੇ ਪਾਸੇ ਇਸ ਦੇ ਵਿਲੱਖਣ ਸਭਿਆਚਾਰ, ਭਾਸ਼ਾ 'ਤੇ ਹਮਲੇ ਹੋ ਰਹੇ ਹਨ। ਭਾਈਚਾਰਕ ਸਾਂਝ ਅਤੇ ਸਮਾਜਕ ਸੰਸਥਾਵਾਂ ਤਿੜਕ ਰਹੀਆਂ ਹਨ ਅਤੇ ਪਰਿਵਾਰਕ ਰਿਸ਼ਤਿਆਂ ਦਾ ਤਾਣਾਬਾਣਾ ਉਲਝਦਾ ਜਾ ਰਿਹਾ ਹੈ। ਰਿਸ਼ਤਿਆਂ ਦੀ ਪਾਕੀਜ਼ਗੀ ਗੰਧਲੀ ਹੋ ਚੁੱਕੀ ਹੈ। ਉੱਚੀਆਂ ਸੁੱਚੀਆਂ ਕਦਰਾਂ ਕੀਮਤਾਂ ਦੀ ਥਾਂ ਪੈਸਾ ਦੌਲਤ, ਹਰ ਪਾਸੇ ਬਿਫ਼ਰੇ ਦੈਂਤ ਵਾਂਗ ਦਨਦਨਾਉਂਦੇ ਫਿਰਦੇ ਹਨ। ਦੀਨ ਦੁਖੀ, ਜਾਂ ਗਰੀਬ ਦੀ ਮਦਦ ਦੀ ਥਾਂ ਸਵਾਰਥ ਅਤੇ ਲੁੱਟ ਦਾ ਰੁਝਾਨ ਭਾਰੂ ਹੋ ਚੁੱਕਾ ਹੈ। ਸੰਸਕ੍ਰਿਤੀ ਪੱਖੋਂ ਸਮਾਜ ਵਿਚ ਵਿਚਰਦੇ ਅਨੰਤ ਕਿਸਮ ਦੇ ਕੋੜਮੇ ਕਬੀਲਿਆਂ ਦੀਆਂ ਹਜ਼ਾਰਾਂ ਸਾਲਾਂ ਦੀ ਲੋਕ ਬੁੱਧ ਵਿਚੋਂ ਉਪਜੀਆਂ ਸੰਸਥਾਵਾਂ, ਰਵਾਇਤਾਂ, ਰਹੁ ਰੀਤਾਂ, ਤਜਰਬੇ, ਕਸਬ-ਕਿੱਤੇ ਮੋਤੀਆਂ ਦੀ ਟੁੱਟੀ ਮਾਲਾ ਵਾਂਗ ਬਿਖ਼ਰ ਰਹੇ ਹਨ। ਪੰਜਾਬ ਦਾ ਰਵਾਇਤੀ ਵਿਕਾਸ ਖੇਤੀ 'ਤੇ ਆਧਾਰਤ ਸੀ ਅਤੇ ਖੇਤੀ ਦਾ ਮਾਡਲ ਕੁਦਰਤ ਅਤੇ ਸਮਾਜ ਦੇ ਹਰ ਵਰਗ ਨਾਲ ਇਕ ਮਿੱਕ ਹੋ ਕੇ ਚੱਲਣ ਵਾਲਾ ਤੇ ਸਹਿਜ ਸੀ। ਕੁਦਰਤ ਮੌਸਮਾਂ ਵਿਚ ਤਬਦੀਲੀ ਲਿਆਉਂਦੀ ਸੀ। ਕਿਸਾਨ ਇਸ ਅਨੁਸਾਰ ਫ਼ਸਲਾਂ ਬੀਜਦੇ ਸਨ। ਅੰਨ ਉਪਜਦਾ ਸੀ। ਕਿਸਾਨਾਂ ਕੋਲ ਜ਼ਮੀਨ ਸੀ। ਤਰਖਾਣ, ਲੁਹਾਰ ਕੋਲ ਖੇਤੀ ਸੰਦ ਪੈਦਾ ਕਰਨ ਦਾ ਕਸਬ ਸੀ। ਘੁਮਿਆਰ, ਸੁਨਿਆਰ, ਨਾਈ, ਛੀਂਬੇ ਸਭ ਕੋਲ ਲੋਕਾਂ ਨੂੰ ਸੇਵਾਵਾਂ ਦੇਣ ਦਾ ਆਪੋ-ਆਪਣਾ ਪਿਤਾ-ਪੁਰਖੀ ਹੁਨਰ ਸੀ। ਸਾਰਾ ਪਿੰਡ ਇਕਾਈ ਵਾਂਗ ਇਕ ਦੂਜੇ 'ਤੇ ਨਿਰਭਰ ਸੀ। ਵਿਕਾਸ ਵਿਚ ਸਹਿਜ ਸੀ, ਕੋਈ ਕਾਹਲ ਨਹੀਂ, ਕੋਈ ਮਾਰਧਾੜ ਨਹੀਂ। ਕੁਦਰਤ ਪੱਖੀ ਖੇਤੀ ਵਿਚ, ਫਸਲਾਂ ਵਿਚ ਵੰਨ-ਸੁਵੰਨਤਾ ਸੀ। ਕਸਬਾਂ ਵਿਚ ਵੰਨ-ਸੁਵੰਨਤਾ ਸੀ। ਭਾਵ ਪ੍ਰਕ੍ਰਿਤੀ ਅਤੇ ਸੰਸਕ੍ਰਿਤੀ ਵੰਨ-ਸੁਵੰਨਤਾ ਅਤੇ ਰੰਗੀਨੀ ਨਾਲ ਭਰਪੂਰ ਸਨ। ਹੁਣ ਨਾ ਤਾਂ ਪੰਜਾਬ ਦੀ ਪ੍ਰਕ੍ਰਿਤੀ ਵਿਚ ਉਹ ਵੰਨ-ਸੁਵੰਨਤਾ ਰਹੀ ਹੈ, ਨਾ ਹੀ ਇਥੋਂ ਦੀ ਸੰਸਕ੍ਰਿਤੀ ਵਿਚ। ਇਸ ਦੀ ਪ੍ਰਕ੍ਰਿਤੀ ਵਿਚੋਂ ਅਨਹਦ ਨਾਦ ਵਾਂਗ ਵਿਗਸਦੇ ਬਿਨਸਦੇ ਅਸੰਖ ਫੁੱਲ ਫ਼ਲ਼, ਵੇਲ ਬੂਟੇ, ਅਨੰਤ ਜੀਆ-ਜੰਤ ਲੋਪ ਹੁੰਦੇ ਜਾ ਰਹੇ ਹਨ। ਸੰਸਕ੍ਰਿਤੀ ਪੱਖੋਂ ਨਾ ਭੇਸ ਆਪਣਾ ਲਗਦਾ ਹੈ ਨਾ ਦੇਸ। ਮਾਂਵਾਂ ਮਾਂ ਬੋਲੀ ਤੋਂ ਬੇਮੁੱਖ ਹੋ ਰਹੀਆਂ ਹਨ, ਧੀਆਂ ਘਟਦੀਆਂ ਜਾ ਰਹੀਆਂ ਹਨ, ਪੁੱਤਰ ਵਿਦੇਸ਼ਾਂ ਨੂੰ ਤੁਰੇ ਜਾ ਰਹੇ ਹਨ। ਜੋ ਨਹੀਂ ਜਾ ਸਕਦੇ, ਨਸ਼ਿਆਂ ਦੇ ਦਰਿਆ ਵਿਚ ਰੁੜ੍ਹਦੇ ਜਾ ਰਹੇ ਹਨ। ਨਾ ਹੁਣ ਉਵੇਂ ਤੀਆਂ ਲਗਦੀਆਂ ਹਨ, ਨਾ ਛਿੰਝਾਂ ਪੈਂਦੀਆਂ ਹਨ, ਨਾ ਮੇਲੇ ਲੱਗਦੇ ਹਨ, ਨਾ ਪੇਂਡੂ ਖੇਡਾਂ। ਨਾ ਸੁਹਾਗ ਦੇ ਗੀਤ, ਨਾ ਸਿੱਠਣੀਆਂ। ਨਾ ਤੇਰ੍ਹਵੇਂ ਨਾ ਅਲਾਹੁਣੀਆਂ। ਸਭ ਰਿਸ਼ਤਿਆਂ ਦੇ ਸਿਰਨਾਵਿਆਂ ਦੀ ਵਿਲੱਖਣਤਾ ਖ਼ਤਮ। ਚਾਚਾ, ਤਾਇਆ, ਮਾਮਾ, ਮਾਸੜ, ਫੁੱਫੜ ਸਭ ਇਕੋ ਸ਼ਬਦ 'ਅੰਕਲ' ਨੇ ਖਾ ਲਏ। ਸਭ ਕੁਝ ਇਕਰੂਪਤਾ ਵਾਲੇ ਪ੍ਰਬੰਧ ਵਿਚ ਸਮਾ ਰਿਹਾ ਹੈ। ਘਣੀ ਖੇਤੀ ਲਈ ਜੰਗਲ ਖ਼ਤਮ। ਜੰਗਲ ਖ਼ਤਮ ਹੋਣ ਨਾਲ ਜੰਗਲੀ ਜੀਵ ਖ਼ਤਮ। ਖੇਤੀ ਵਿਚ ਵੀ ਕਣਕ-ਝੋਨਾ ਦੋ ਹੀ ਅਨਾਜੀ ਫ਼ਸਲਾਂ ਦੀ ਪ੍ਰਧਾਨਤਾ, ਬਾਕੀ ਫਸਲਾਂ ਖ਼ਤਮ। ਮੱਕੀ, ਜਵਾਰ, ਬਾਜਰਾ, ਜੌਂ, ਛੋਲੇ, ਸਰ੍ਹੋਂ, ਸੂੰਹ, ਮਸਰ, ਮੋਠ, ਰੌਂਗੀ, ਮੂੰਗੀ ਸਭ ਖ਼ਤਮ। ਰੁੱਖਾਂ ਵਿਚ ਵਣ, ਜੰਡ, ਕਰੀਰ, ਸ਼ਰੀਂਹ, ਲਸੂੜੇ, ਗੋਂਦੀ, ਪਿੱਪਲ, ਬੋਹੜ ਅਤੇ ਬੇਰੀ ਖਤਮ ਤੇ ਥਾਂ ਲੈ ਲਿਆ ਪਾਪੂਲਰ ਅਤੇ ਸਫੈਦੇ ਨੇ। ਇਨ੍ਹਾਂ ਦੇ ਖ਼ਤਮ ਹੋਣ ਨਾਲ ਇਨ੍ਹਾਂ 'ਤੇ ਪਲਣ ਵਾਲੇ ਕੀਟ ਪਤੰਗੇ ਭੌਰੇ ਸਭ ਖ਼ਤਮ। ਖਾਦਾਂ ਸਪਰੇਆਂ ਨਾਲ ਕਿਸਾਨ ਮਿੱਤਰ ਜੀਵ ਜੰਤੂ, ਕੀਟ ਪਤੰਗੇ ਖ਼ਤਮ। ਪ੍ਰਕ੍ਰਿਤੀ ਦੀ ਰੰਗੀਨੀ ਤੇ ਵਿਲੱਖਣਤਾਵਾਂ ਸਭ ਖ਼ਤਮ।

ਸੰਸਕ੍ਰਿਤੀ ਨੂੰ ਵੀ ਕਦੇ ਕੌਮੀਕਰਨ, ਕਦੇ ਆਧੁਨਿਕੀਕਰਨ, ਕਦੇ ਸੰਸਾਰੀਕਰਨ ਦੇ ਨਾਂ ਹੇਠ ਭਾਰੂ ਸਭਿਆਚਾਰਾਂ ਦੀ ਪੁੱਠ ਦੇ ਕੇ ਇਕ-ਮੁਖੀ ਪ੍ਰਬੰਧ ਵਿਚ ਜਜ਼ਬ ਕੀਤਾ ਜਾ ਰਿਹਾ ਹੈ। ਇਹ ਪ੍ਰਬੰਧ ਕੁਦਰਤੀ, ਇਲਾਕਾਈ ਵਿਲੱਖਣਤਾਵਾਂ ਅਤੇ ਮਾਈਕਰੋ ਖੇਤਰੀ ਸਭਿਆਚਾਰਾਂ ਦੇ ਰੰਗ ਬਿਰੰਗੇ ਫੁੱਲਾਂ ਉਤੇ ਸੁਹਾਗਾ ਮਾਰ ਕੇ ਇਨ੍ਹਾਂ ਨੂੰ ਤਹਿਸ-ਨਹਿਸ ਹੀ ਨਹੀਂ ਕਰਦਾ ਸਗੋਂ ਇਨ੍ਹਾਂ ਦੀ ਥਾਂ 'ਤੇ ਆਪਣੇ ਹਿੱਤਾਂ ਅਨੁਸਾਰ ਮੁਨਾਫ਼ਾਖੋਰੀ ਜਾਂ ਮੰਡੀ ਮੁਖੀ ਜਾਲ ਦਾ ਪਸਾਰਾ ਵੀ ਕਰਦਾ ਹੈ। ਪ੍ਰਕ੍ਰਿਤੀ ਅਤੇ ਸੰਸਕ੍ਰਿਤੀ ਨੂੰ ਭੋਗ ਵਿਲਾਸ ਦੀਆਂ ਵਸਤਾਂ ਵਜੋਂ ਪਰੋਸ ਕੇ ਵੇਚਣਾ ਇਸ ਦਾ ਅਹਿਮ ਲੱਛਣ ਹੈ। ਖੇਤੀ ਵਿਕਾਸ ਦੇ ਨਾਂ ਹੇਠਾਂ ਇਹ ਪ੍ਰਬੰਧ ਅਜਿਹੇ ਬੀਜ, ਤਕਨੀਕ ਪੇਸ਼ ਕਰਦਾ ਹੈ ਜਿਸ ਲਈ ਬੇਸ਼ੁਮਾਰ ਪਾਣੀ, ਖਾਦਾਂ, ਦਵਾਈਆਂ, ਸਪਰੇਆਂ ਕਰਨ ਦੀ ਮਜਬੂਰੀ ਹੁੰਦੀ ਹੈ ਜੋ ਕੰਪਨੀਆਂ ਨੂੰ ਮੁਨਾਫ਼ਾ ਦਿੰਦੇ ਹਨ ਪਰ ਅੰਤਮ ਰੂਪ ਵਿਚ ਮਿੱਟੀ, ਪੌਣ, ਪਾਣੀ ਅਤੇ ਵਾਤਾਵਰਨ ਨੂੰ ਪਲੀਤ ਕਰਦੇ ਹਨ। ਪੰਜਾਬ ਅਜਿਹੇ ਵਿਕਾਸ ਦੇ ਸਿੱਟੇ ਭੁਗਤ ਰਿਹਾ ਹੈ। ਕੁਝ ਖਰ੍ਹਵੇਂ ਸ਼ਬਦਾਂ ਵਿਚ ਕਹਿਣਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਪੰਜਾਬ ਦੀ ਮਿੱਟੀ ਫੰਡਰ ਹੋ ਰਹੀ ਹੈ, ਧਰਤੀ ਬੰਜਰ ਅਤੇ ਸਭਿਆਚਾਰ ਕੰਜਰ। ਪੰਜਾਬ ਦੇ ਸਮਾਜਿਕ ਜੀਵਨ ਵਿਚੋਂ ਪੰਜਾਬੀਅਤ ਗਾਇਬ ਹੁੰਦੀ ਜਾ ਰਹੀ ਹੈ। 20-25 ਸਾਲਾਂ ਦੇ ਨੌਜਵਾਨਾਂ ਦਾ ਨਾ ਜੁੱਸਾ ਪੰਜਾਬੀਆਂ ਵਾਲਾ ਹੈ ਨਾ ਦਿੱਖ ਨਾ ਭਾਸ਼ਾ। ਜਾਤ-ਪਾਤ ਦਾ ਬੋਲਬਾਲਾ ਹੈ। ਗੁਰੂਆਂ ਦੀ ਇਸ ਧਰਤੀ 'ਤੇ ਜਾਤਾਂ ਦੇ ਨਾਂ 'ਤੇ ਗੁਰਦੁਆਰੇ ਬਣੇ ਹੋਏ ਹਨ। ਜਾਤਾਂ ਤੋਂ ਬਾਹਰ ਵਿਆਹ ਕਰਾਉਣ 'ਤੇ ਫੋਕੀ ਅਣਖ਼ ਲਈ ਕਤਲ ਕੀਤੇ ਜਾਂਦੇ ਹਨ (ਖਾਪ ਪੰਚਾਇਤਾਂ ਦੀ ਖੱਪ ਵਾਲਾ ਹਰਿਆਣਾ ਵੀ ਪੁਰਾਤਨ ਪੰਜਾਬ ਦਾ ਹਿੱਸਾ ਹੈ)। ਜਨਮ ਤੋਂ ਬਾਅਦ ਕੁੜੀਮਾਰ ਅੱਲ ਤਾਂ ਇਸ ਸੂਬੇ ਦੀ ਪਹਿਲਾਂ ਹੀ ਸੀ, ਹੁਣ ਜਨਮ ਤੋਂ ਪਹਿਲਾਂ ਕੁੜੀਮਾਰ ਸੂਬਾ ਬਣ ਗਿਆ ਹੈ। ਭਾਰਤ ਵਿਚ ਸਭ ਤੋਂ ਘੱਟ ਲਿੰਗ ਅਨੁਪਾਤ ਵਾਲੇ ਸ਼ਨਾਖਤ ਕੀਤੇ ਜ਼ਿਲ੍ਹਿਆਂ ਵਿਚੋਂ 7 ਪੰਜਾਬ ਦੇ ਹਨ।



ਆਪਣੇ ਸਭਿਆਚਾਰ, ਮਾਤ ਭਾਸ਼ਾ ਪ੍ਰਤੀ ਕੋਈ ਮੋਹ ਤੇਹ ਨਹੀਂ ਰਿਹਾ। ਮਾਤ ਭਾਸ਼ਾ ਮਾਂ ਹੈ। ਮਾਂ ਬੁੱਢੀ ਹੋ ਗਈ ਹੈ। ਉਸ ਨੇ ਹੁਣ ਕੀ ਦੇਣਾ, ਉਸ ਤੋਂ ਹੁਣ ਕੀ ਲੈਣਾ। ਛੱਡੋ ਪਰ੍ਹਾਂ ਖੂੰਜੇ ਲਾਓ। ਦੂਰ ਮੰਜਾ ਡਾਹੋ। ਇਸ ਨੇ ਜਨਮ ਦਿੱਤਾ, ਬੋਲੀ ਸਿਖਾਈ ਤਾਂ ਕੀ ਹੋਇਆ। ਹੁਣ ਮਾਡਰਨ ਮਾਸ਼ੂਕ, ਵਲੈਤੀ ਵਹੁਟੀ ਦਾ ਲੜ ਫੜੋ ਜੋ ਸਭ ਸੁੱਖ ਸਹੂਲਤਾਂ ਤੱਕ ਲੈ ਜਾਏਗੀ। ਕਿਆ ਸੱਚ ਹਾਵੀ ਹੋਇਆ ਹੈ ਸਾਡੇ ਸਭ 'ਤੇ! ਧਰਤੀ ਮਾਂ ਦਾ ਵੀ ਤ੍ਰਿਸਕਾਰ, ਮਾਤ ਭਾਸ਼ਾ ਤੇ ਜੰਮਣ ਵਾਲੀ ਮਾਂ ਦਾ ਵੀ ਤ੍ਰਿਸਕਾਰ। ਪੰਜਾਬੀ, ਪੰਜਾਬੀ ਬੋਲਣ ਤੋਂ ਕਤਰਾਉਂਦੇ ਨੇ। ਪੰਜਾਬੀ ਬੋਲਣ ਵਾਲੇ ਦੇਸੀ ਸਮਝੇ ਜਾਂਦੇ ਨੇ। ਜਿਵੇਂ ਦੇਸੀ ਹੋਣਾ ਮਿਹਣਾ ਹੋਵੇ। ਘਿਓ ਤਾਂ ਦੇਸੀ ਚੰਗਾ, ਭਾਸ਼ਾ ਦਸੌਰੀ। ਹਰ ਪਾਸੇ ਦਸੌਰੀ ਨੂੰ ਪਹਿਲ। ਭਾਸ਼ਾ ਦਸੌਰੀ, ਡੰਗਰ, ਵੱਛੇ ਦਸੌਰੀ। ਹਰ ਚੀਜ਼ ਦਸੌਰੀ, ਬੀਜ ਦਸੌਰੀ, ਸੋਚ ਦਸੌਰੀ। ਮੂਲ ਪੰਜਾਬੀ ਵਲੈਤਾਂ ਨੂੰ ਭੱਜ ਰਹੇ ਨੇ। ਹੁਣ ਤਾਂ ਇਥੇ ਲੋਕ ਵੀ ਦਸੌਰੀ ਹੀ ਰਹਿ ਗਏ ਨਾ! ਅੰਦਾਜ਼ੇ ਮੁਤਾਬਕ ਪੰਜਾਬ ਵਿਚ ਤਕਰੀਬਨ 21 ਲੱਖ ਪਰਵਾਸੀ ਮਜ਼ਦੂਰ ਹਰ ਸਾਲ ਹੋਰ ਸੂਬਿਆਂ ਤੋਂ ਆਉਂਦੇ ਹਨ। ਕੁਝ ਤਾਂ ਪੱਕੇ ਤੌਰ 'ਤੇ ਨਾਗਰਿਕ ਵੀ ਬਣ ਗਏ ਹਨ। ਪੰਜਾਬ ਦਾ ਵਿਕਾਸ ਮੂਲ ਰੂਪ ਵਿਚ ਖੇਤੀ ਤੋਂ ਅੱਗੇ ਨਹੀਂ ਵਧਿਆ। ਪੰਜਾਬੀ ਨੌਜਵਾਨ ਜਿਸ ਨੂੰ ਬਾਹਰਲੇ ਮੁਲਕਾਂ ਦੇ ਜੀਵਨ ਜਾਚ ਦੀ ਜਾਗ ਲੱਗੀ ਹੋਈ ਹੈ, ਉਸ ਲਈ ਨਾ ਤਾਂ ਖੇਤੀ ਬਹੁਤੀ ਆਕਰਸ਼ਕ ਕਿੱਤਾ ਰਿਹਾ ਹੈ ਅਤੇ ਨਾ ਹੀ ਇਸ ਦੇ ਵਿਕਾਸ ਵਿਚ ਆ ਚੁੱਕੀ ਖੜੋਤ ਉਨ੍ਹਾਂ ਨੂੰ ਸਮਾਉਣ ਦੇ ਸਮਰੱਥ ਹੈ। ਉਹ ਵਿਦੇਸ਼ਾਂ ਵੱਲ ਨਜ਼ਰ ਕਰਨ ਲੱਗੇ ਹਨ ਅਤੇ ਹੋਰ ਸੂਬਿਆਂ ਦੇ ਲੋਕ ਵੱਡੇ ਪੱਧਰ 'ਤੇ ਪਰਵਾਸ ਕਰਕੇ ਇਥੇ ਆ ਰਹੇ ਹਨ।


ਭਾਵ ਇਹ ਸਾਰੇ ਹਾਲਾਤ ਸਿੰਧ ਘਾਟੀ ਦੀ ਸਭਿਅਤਾ ਦੇ ਗ਼ਰਕ ਹੋਣ ਵਾਲੇ ਬਣ ਰਹੇ ਹਨ। ਪ੍ਰਕ੍ਰਿਤੀ ਦੇ ਸ੍ਰੋਤ ਸੁੱਕਣ ਕਿਨਾਰੇ ਹਨ ਅਤੇ ਵਾਤਾਵਰਨ ਗੜਬੜਾ ਗਿਆ ਹੈ। ਸੰਸਕ੍ਰਿਤੀ ਪੱਖੋਂ ਇਹ ਖੋਖਲਾ ਹੋ ਰਿਹਾ ਹੈ। ਇਸ ਦੇ ਸਭਿਆਚਾਰ, ਭਾਸ਼ਾ, ਖਾਣ ਹੰਢਾਉਣ, ਰਹਿਣ ਸਹਿਣ, ਬਾਹਰੀ ਪ੍ਰਭਾਵ ਹਾਵੀ ਹੋ ਰਹੇ ਹਨ ਅਤੇ ਇਸ ਦੀਆਂ ਆਪਣੀਆਂ ਕਦਰਾਂ ਕੀਮਤਾਂ ਨਵੀਂ ਪੀੜ੍ਹੀ ਲਈ ਖਾਸ ਖਿੱਚ ਵਾਲੀਆਂ ਨਹੀਂ ਰਹੀਆਂ। ਪੱਛਮੀ ਪ੍ਰਭਾਵ ਹੇਠ ਨਵੀਂ ਪਨੀਰੀ ਬਾਹਰਲੇ ਮੁਲਕਾਂ ਨੂੰ ਪਰਵਾਸ ਕਰੀ ਜਾ ਰਹੀ ਹੈ ਅਤੇ ਗ਼ੈਰ-ਪੰਜਾਬੀ, ਪੰਜਾਬ 'ਤੇ ਕਾਬਜ਼ ਹੋ ਰਹੇ ਹਨ। ਪ੍ਰਕ੍ਰਿਤੀ ਪੱਖੋਂ ਪਰਲੋਅ ਦੇ ਆਸਾਰ ਬਣਦੇ ਜਾ ਰਹੇ ਹਨ। ਸੰਸਕ੍ਰਿਤੀ ਪੱਖੋਂ ਲੂਣ ਦੀ ਖਾਣ ਵਿਚ ਡਿੱਗੇ ਮਾਦੇ ਵਾਂਗ ਸਭ ਕੁਝ ਖ਼ੁਰਦਾ ਜਾ ਰਿਹਾ ਹੈ। ਇਹ ਸਭ ਕੁਝ ਸੰਗੀਨ ਤੱਥ ਕਹਿੰਦੇ ਹਨ ਜਿਨ੍ਹਾਂ ਨੂੰ ਅਸੀਂ ਮਹਿਜ਼ ਅੰਕੜੇ ਸਮਝ ਕੇ ਤਵੱਜੋ ਨਹੀਂ ਦੇ ਰਹੇ।

ਪੰਜਾਬ ਆਪਣੇ ਵਿਸ਼ੇਸ਼ ਕੁਦਰਤੀ ਸੋਮਿਆਂ ਨਾਲ ਓਤਪੋਤ ਹੋਣ ਕਾਰਨ ਸੰਸਾਰ ਦੀ ਆਦਿ ਸਭਿਅਤਾ ਦਾ ਪੰਘੂੜਾ ਮੰਨਿਆ ਗਿਆ ਹੈ। ਭਾਰਤ ਦੇ ਪ੍ਰਸਿੱਧ ਇਤਿਹਾਸਕਾਰਾਂ ਦਾ ਇਹ ਮਤ ਹੈ ਕਿ ਆਦਿ ਮਨੁੱਖ ਦੇ ਪੰਜਾਬ ਅਤੇ ਸ਼ਿਵਾਲਿਕ ਦੀ ਭੂਮੀ ਉਤੇ ਵਿਕਸਤ ਹੋਣ ਦੇ ਪ੍ਰਮਾਣ ਮਿਲਦੇ ਹਨ। ਆਦਿ ਕਾਲ ਤੋਂ ਇਹ ਖਿੱਤਾ ਪ੍ਰਕ੍ਰਿਤਕ ਅਮੀਰੀ ਦਾ ਭਰਪੂਰ ਖਜ਼ਾਨਾ ਰਿਹਾ ਹੈ। ਕਦੇ ਸੱਤ ਦਰਿਆ ਇਸ ਦੇ ਮੈਦਾਨਾਂ ਨੂੰ ਸਰਸ਼ਾਰ ਕਰਦੇ ਲੰਘਦੇ ਸਨ। ਇਨ੍ਹਾਂ ਦਰਿਆਵਾਂ ਦੇ ਦੁਆਬਿਆਂ ਦਰਮਿਆਨ ਜ਼ਰਖੇਜ਼ ਮਿੱਟੀ ਵਿਚ ਬਹੁਭਾਂਤੀ ਫਸਲਾਂ ਅਤੇ ਜੀਵਾਂ ਦੀਆਂ ਭਾਤ-ਸੁਭਾਂਤੀਆਂ ਨਸਲਾਂ ਉਗਮਦੀਆਂ ਬਿਨਸਦੀਆਂ ਸਨ। ਪੰਜਾਬ ਦਾ ਚੱਪਾ ਚੱਪਾ ਹਰੇ ਕਚੂਰ ਸੁਹੱਪਣ ਦਾ ਜ਼ਖੀਰਾ ਸੀ। ਅਜਿਹੇ ਪੰਜਾਬ ਦਾ ਚਿਤਰਣ ਪੰਜਾਬੀ ਦੇ ਉਘੇ ਸ਼ਾਇਰ ਧਨੀ ਰਾਮ ਚਾਤ੍ਰਿਕ ਨੇ ਇੰਜ ਕੀਤਾ ਹੈ,

"ਐ ਪੰਜਾਬ ਕਰਾਂ ਕੀ ਸਿਫ਼ਤ ਤੇਰੀ,  
ਸ਼ਾਨਾਂ ਦੇ ਸਭ ਸਾਮਾਨ ਤੇਰੇ।  
ਜਲ ਪੌਣ ਤੇਰੇ ਹਰਿਔਲ ਤੇਰੀ,  
ਦਰਿਆ ਪਰਬਤ ਮੈਦਾਨ ਤੇਰੇ।  
ਭਾਰਤ ਦੇ ਸਿਰ 'ਤੇ ਛਤਰ ਤੇਰਾ,  
ਤੇਰੇ ਸਿਰ 'ਤੇ ਛਤਰ ਹਿਮਾਲਾ ਦਾ।  
ਮੋਢੇ 'ਤੇ ਚਾਦਰ ਬਰਫ਼ਾਂ ਦੀ,  
ਸੀਨੇ ਵਿਚ ਸੇਕ ਜਵਾਲਾ ਦਾ।"

ਪੰਜਾਬ ਦੀ ਇਸ ਹਰਿਆਵਲ ਵਿਚ ਬਹੁਤ ਸਾਰੀਆਂ ਕਿਸਮਾਂ ਦੇ ਫੁੱਲ-ਫ਼ਲ ਰੁੱਖਾਂ ਦੀਆਂ ਰੱਖਾਂ, ਜੰਗਲ ਬੇਲੇ ਅਤੇ ਇਸ ਵਿਚ ਮੌਲਦਾ ਅਨੰਤ ਜੀਆ-ਜੰਤ ਇਸ ਦਾ ਬੇਜੋੜ ਖਜ਼ਾਨਾ ਤੇ ਵਿਰਾਸਤ ਸੀ।

ਅਜਿਹੀ ਹਰਿਆਵਲ ਵਾਲੇ ਸੁਹਜ ਭਰਪੂਰ ਖੇਤਰ ਵਿਚ ਹੀ ਰਿਸ਼ੀਆਂ ਮੁਨੀਆਂ ਵੱਲੋਂ ਵੇਦਾਂ ਦੀਆਂ ਸ਼ਰੁਤੀਆਂ ਉਚਾਰੀਆਂ ਜਾਣੀਆਂ ਸੁਭਾਵਕ ਲਗਦੀਆਂ ਹਨ। ਰਿਗ ਵੇਦ ਵਰਗਾ ਮਹਾਨ ਗ੍ਰੰਥ ਅਜਿਹੇ ਹੀ ਪੰਜਾਬ ਦੀ ਦੇਣ ਸੀ। ਰਾਂਝੇ, ਮਿਰਜ਼ੇ ਜਿਹੇ ਅਲਬੇਲੇ ਆਸ਼ਕ ਅਜਿਹੇ ਹੀ ਪੰਜਾਬ ਦੇ ਬੇਲਿਆਂ ਵਿਚ ਵਿਚਰ ਸਕਦੇ ਸਨ। ਮੌਤ ਨੂੰ ਮਖ਼ੌਲਾਂ ਕਰਨ ਵਾਲੇ ਪੋਰਸ ਵਰਗੇ ਬੇਪਰਵਾਹ ਸੂਰਮੇ ਸੂਰਬੀਰ ਅਜਿਹੇ ਹੀ ਪੰਜਾਬ ਵਿਚ ਪੈਦਾ ਹੋ ਸਕਦੇ ਹਨ ਪਰ ਪਿਛਲੇ ਕੁਝ ਸਮੇਂ ਤੋਂ ਖਾਸ ਕਰਕੇ ਪਿਛਲੀ ਅੱਧੀ ਕੁ ਸਦੀ ਤੋਂ ਪੰਜਾਬ ਦੀ ਪ੍ਰਕ੍ਰਿਤੀ



*(ਬਾਕੀ ਅਗਲੇ ਸਫੇ 'ਤੇ)*

# ਸਿਆਸੀ ਸੂਝ ਤੇ ਬਿਆਨਬਾਜ਼ੀ ਦਾ ਲੋਕ ਸੂਝ ਨਾਲ ਰਿਸ਼ਤਾ

**ਜਤਿੰਦਰ ਪਨੂੰ**

ਇਨ੍ਹਾਂ ਗੱਲਾਂ ਉਤੇ ਅੱਜ ਦੀ ਘੜੀ ਅਸੀਂ ਸਿਰ-ਖਪਾਈ ਨਹੀਂ ਕਰਾਂਗੇ ਕਿ ਮਨਪ੍ਰੀਤ ਸਿੰਘ ਬਾਦਲ ਜਿਹੜੇ ਪੈਂਡੇ ਤੁਰ ਪਿਆ ਹੈ, ਉਸ ਵਿਚੋਂ ਉਸ ਦਾ ਭਵਿੱਖ ਨਿੱਖਰਦਾ ਹੈ ਜਾਂ ਨਿੱਘਰਦਾ ਹੈ। ਇਸ ਗੱਲ ਲਈ ਵੀ ਹੁਣੇ ਕੁਝ ਨਹੀਂ ਕਹਾਂਗੇ ਕਿ ਸੋਲਾਂ ਮਹੀਨੇ ਪਿੱਛੋਂ ਪੰਜਾਬ ਦੇ ਲੋਕ ਕਿਸ ਦੀ ਪਰਜਾ ਹੋਣਗੇ। ਵਿਧਾਨ ਸਭਾ ਚੋਣਾਂ ਹਾਲ ਦੀ ਘੜੀ 'ਕਣਕ ਖੇਤ, ਕੁੜੀ ਪੇਟ ਤੇ ਆ ਜਵਾਈਆ ਮੰਡੇ ਖਾਹ' ਵਾਲਾ ਮਾਮਲਾ ਹੈ। ਇਸ ਲਈ ਉਸ ਦੀ ਚਰਚਾ ਵਿਚ ਹੁਣੇ ਪੈਣ ਦਾ ਕੋਈ ਮਤਲਬ ਨਹੀਂ। ਇਹ ਵੀ ਅੱਜ ਦੀ ਘੜੀ ਨਹੀਂ ਕਿਹਾ ਜਾ ਸਕਦਾ ਕਿ ਕੱਲ੍ਹ ਨੂੰ ਬਾਦਲ ਬਾਪ-ਬੇਟੇ ਨੂੰ ਛੱਡ ਕੇ ਕੌਣ ਮਨਪ੍ਰੀਤ ਬਾਦਲ ਵੱਲ ਤੁਰ ਜਾਵੇਗਾ ਤੇ ਕੌਣ ਅਮਰਿੰਦਰ ਸਿੰਘ ਵੱਲ ਜਾਂ ਕੌਣ ਟਿਕਟ ਨਾ ਮਿਲਦੀ ਵੇਖ ਕੇ ਕਾਂਗਰਸ ਛੱਡ ਕੇ ਬਾਦਲ ਅਕਾਲੀ ਦਲ ਵਿਚ ਆਣ ਵੜੇਗਾ। ਜਿਨ੍ਹਾਂ ਜਿੱਤੇ ਹੋਇਆਂ ਜਾਂ ਸਾਬਕਾ ਹੋ ਚੁੱਕਿਆਂ ਦੇ ਚੋਣ ਹਲਕੇ ਰਿਜ਼ਰਵ ਹੋਣ ਜਾਂ ਰਿਜ਼ਰਵੇਸ਼ਨ ਟੁੱਟਣ ਕਾਰਨ ਛੱਡਣੇ ਪੈ ਗਏ, ਉਨ੍ਹਾਂ ਵੀ ਰਾਜਨੀਤੀ ਨਹੀਂ ਛੱਡ ਦੇਣੀ, ਸਗੋਂ 'ਮਿੱਤਰਾਂ ਦੀ ਛਤਰੀ ਤੋਂ ਉਡ ਗਈ' ਵਾਂਗ ਉਹ ਉਡਾਰੀਆਂ ਮਾਰ ਜਾਣ ਲਈ ਹੁਣੇ ਤੋਂ ਪਰ ਤੋਲਦੇ ਨਜ਼ਰ ਆਉਂਦੇ ਹਨ। ਇਸ ਕਰ ਕੇ ਇਹ ਸਾਰਾ ਕੁਝ ਓਦੋਂ ਲਈ ਛੱਡ ਕੇ ਇਸ ਵੇਲੇ ਕਈ ਕੁਝ ਹੋਰ ਵਿਚਾਰਨ ਵਾਲਾ ਪਿਆ ਹੈ।

ਅਸੀਂ ਪਿਛਲੇ ਸਾਲਾਂ ਵਿਚ ਬਹੁਤ ਸਾਰੇ ਲੀਡਰਾਂ ਦੀਆਂ ਬੇਤੁਕੀਆਂ ਗੱਲਾਂ ਸੁਣੀਆਂ ਹਨ ਪਰ ਜਿੰਨੀਆਂ ਵੀ ਸੁਣੀਆਂ ਹਨ, ਪੰਜਾਬ ਦੇ ਉਪ ਮੁੱਖ ਮੰਤਰੀ ਅਤੇ ਅਕਾਲੀ ਦਲਾਂ ਦੀ ਦਲਦਲ ਵਿਚੋਂ ਸਭ ਤੋਂ ਵੱਡੇ ਸ਼੍ਰੋਮਣੀ ਅਕਾਲੀ ਦਲ ਦੇ ਮੁਖੀ ਸੁਖਬੀਰ ਸਿੰਘ ਬਾਦਲ ਨੇ ਉਹ ਨਿਗੂਣੀਆਂ ਸਾਬਤ ਕਰਨ ਦਾ ਇਰਾਦਾ ਧਾਰ ਲਿਆ ਜਾਪਦਾ ਹੈ। ਉਹ ਇੱਕ ਗੱਲ ਅੱਜ ਆਖਦੇ ਹਨ ਤੇ ਦੂਜੇ ਦਿਨ ਨਹੀਂ, ਦੂਜੇ ਮਿੰਟ ਹੀ ਉਸ ਤੋਂ ਉਲਟ ਗੱਲ ਕਹਿ ਕੇ ਆਪਣੀ ਸਾਰੀ ਖੇਡ ਖਰਾਬ ਕਰ ਲੈਂਦੇ ਹਨ। ਠੀਕ ਜਾਂ ਗਲਤ ਦਾ ਫੈਸਲਾ ਉਨ੍ਹਾਂ ਚੇਲਿਆਂ ਨਹੀਂ ਕਰਨਾ, ਜਿਹੜੇ ਤਾੜੀਆਂ ਮਾਰਨ ਤੇ ਜੈਕਾਰੇ ਛੱਡਣ ਤੋਂ ਬਿਨਾਂ ਕੁਝ ਜਾਣਦੇ ਨਹੀਂ। ਇਨ੍ਹਾਂ ਦਾ ਪਤਾ ਤਾਂ ਓਦੋਂ ਲੱਗ ਗਿਆ ਸੀ ਜਦੋਂ ਅਮਰਿੰਦਰ ਸਿੰਘ ਦੇ ਰਾਜ ਵੇਲੇ ਜੈਤੋ ਵਿਚ ਭਾਸ਼ਣ ਕਰ ਰਹੇ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਕਾਂਗਰਸ ਨਹੀਂ ਜਿੱਤੀ, ਆਪੋ ਵਿਚ ਦੋ ਥਾਂਈਂ ਪਾਟ ਕੇ ਅਸੀਂ ਆਪਣੇ ਪੈਰਾਂ ਉਤੇ ਆਪ ਕਹੀ ਮਾਰ ਲਈ ਹੈ! ਤੇ ਇੰਨੀ ਗੱਲ ਸੁਣ ਕੇ ਇੱਕ ਅਕਾਲੀ ਨੇ 'ਬੋਲੇ ਸੋ ਨਿਹਾਲ' ਦਾ ਜੈਕਾਰਾ ਛੱਡ ਦਿੱਤਾ ਸੀ। ਓਦੋਂ ਬਾਦਲ ਸਾਹਿਬ ਨੇ ਖਿਝ ਕੇ ਕਿਹਾ ਸੀ ਕਿ ਮੈਂ ਤਾਂ ਕਿਹਾ ਹੈ ਕਿ ਅਸੀਂ ਪੈਰਾਂ 'ਤੇ ਕਹੀ ਮਾਰ ਲਈ ਹੈ, ਇਸ ਵਿਚ ਜੈਕਾਰਾ ਛੱਡਣ ਵਾਲੀ ਕਿਹੜੀ ਗੱਲ ਹੈ? ਇਹੋ ਜਿਹੇ ਜੈਕਾਰੇ ਛੱਡਣ ਵਾਲੇ ਲੋਕ ਹੁਣ ਸੁਖਬੀਰ ਸਿੰਘ ਬਾਦਲ ਦੇ ਮਗਰ ਇੰਨੇ ਫਿਰਦੇ ਹਨ ਕਿ ਉਨ੍ਹਾਂ ਵਿਚ ਇੱਕ ਦੂਜੇ ਤੋਂ ਪਹਿਲਾਂ ਤਾੜੀਆਂ ਮਾਰਨ ਤੇ ਜੈਕਾਰੇ ਮਾਰਨ ਦੀ ਦੌੜ ਲੱਗੀ ਪਈ ਹੈ।



ਜਿੱਥੋਂ ਤੱਕ ਬੇਤੁਕੀਆਂ ਦਾ ਸਬੰਧ ਹੈ, ਸੁਖਬੀਰ ਸਿੰਘ ਦੀ ਪਹਿਲੀ ਬੇਤੁਕੀ ਗੱਲ ਅਸੀਂ ਕਈ ਸਾਲ ਪਹਿਲਾਂ ਓਦੋਂ ਸੁਣੀ ਸੀ ਜਦੋਂ ਉਸ ਨੇ ਕਿਹਾ ਸੀ ਕਿ ਮੇਰੇ ਪਿਤਾ ਜੀ ਨੇ ਨੈਲਸਨ ਮੰਡੇਲਾ ਨਾਲੋਂ ਵੱਧ ਜੇਲ੍ਹ ਕੱਟੀ ਹੋਈ ਹੈ। ਉਸ ਦੇ ਪਿਤਾ ਨੇ ਵੱਖ-ਵੱਖ ਅੰਦਾਜ਼ਿਆਂ ਮੁਤਾਬਕ ਸੱਤ ਕੁ ਸਾਲ ਦੀ ਕੈਦ ਕੱਟੀ ਹੋਈ ਹੈ ਤੇ ਨੈਲਸਨ ਮੰਡੇਲਾ ਨੇ ਸਤਾਈ ਸਾਲ ਜੇਲ੍ਹਾਂ ਵਿਚ ਗੁਜ਼ਾਰੇ ਸਨ। ਜੇ ਸੁਖਬੀਰ ਨੇ ਆਪਣੇ ਪਿਤਾ ਦੇ ਸੱਤ ਸਾਲ ਵੀ ਗਿਣਾਏ ਹੁੰਦੇ ਤਾਂ ਇਹ ਪੰਜਾਬ ਦੀ ਰਾਜਨੀਤੀ ਵਿਚ ਇਸ ਵੇਲੇ ਸਰਗਰਮ ਕਿਸੇ ਵੀ ਹੋਰ ਲੀਡਰ ਨਾਲੋਂ ਘੱਟ ਸ਼ਾਇਦ ਨਹੀਂ ਸਨ ਹੋਣੇ ਪਰ ਉਸ ਨੇ ਸਤਾਈ ਸਾਲ ਕਹਿ ਕੇ ਕੁਝ ਲੋਕਾਂ ਨੂੰ ਜੇਲ੍ਹਾਂ ਦੀਆਂ ਤਰੀਕਾਂ ਪੇਸ਼ ਕਰ ਕੇ ਮਜ਼ਾਕ ਉਡਾਉਣ ਦਾ ਮੌਕਾ ਦੇ ਦਿੱਤਾ। ਨਾਲ ਹੀ ਇਹ ਬਹਿਸ ਚੱਲ ਪਈ ਕਿ ਇਸ ਵਿਚੋਂ ਪਾਰਟੀ ਦੀ ਲੋੜ ਵਾਸਤੇ ਕਿੰਨੀ ਜੇਲ੍ਹ ਕੱਟੀ ਸੀ ਤੇ ਆਪਣੀ ਲੋੜ ਵਾਸਤੇ ਕਿੰਨੀ? ਉਨ੍ਹਾਂ ਦੇ ਵਿਰੋਧੀ ਆਖਦੇ ਹਨ ਕਿ ਜਦੋਂ ਧਰਮ ਯੁੱਧ ਮੋਰਚਾ ਲੱਗਾ ਸੀ, ਓਦੋਂ ਬਾਹਰ ਖਤਰਾ ਵੇਖ ਕੇ ਬਾਦਲ ਸਾਹਿਬ ਖੁਦ ਹੀ ਜੇਲ੍ਹ ਵਿਚ ਵੱਧ ਸੁਰੱਖਿਅਤ ਮਹਿਸੂਸ ਕਰਦੇ ਸਨ। ਅਪਰੇਸ਼ਨ ਬਲਿਊ ਸਟਾਰ ਜਦੋਂ ਸਾਰਾ ਹੋ ਚੁੱਕਾ, ਓਦੋਂ ਚੰਡੀਗੜ੍ਹ ਆ ਕੇ ਉਨ੍ਹਾਂ ਨੇ ਫੌਜਾਂ ਵਿਚਲੇ ਸਿੱਖਾਂ ਨੂੰ ਬੈਰਕਾਂ ਛੱਡ ਕੇ ਪੰਥ ਲਈ ਜਾਨਾਂ ਵਾਰਨ ਦਾ ਉਹ ਸੱਦਾ ਦੇ ਦਿੱਤਾ, ਜਿਹੜਾ ਹਰ ਗੱਲ ਪੰਜ ਛਾਨਣੀਆਂ ਨਾਲ ਛਾਣਨ ਵਾਲੇ ਆਲ ਇੰਡੀਆ ਰੇਡੀਓ ਨੇ ਆਪ ਪਤਾ ਨਹੀਂ ਕਿਉਂ ਪ੍ਰਸਾਰਤ ਕੀਤਾ, ਤੇ ਜਿਸ ਨੂੰ ਸੁਣ ਕੇ ਕਈ ਥਾਂ ਬਗਾਵਤ ਹੋ ਗਈ ਸੀ। ਕਾਰਨ ਸ਼ਾਇਦ ਇਹ ਕਿ ਹਾਲਾਤ ਜੋ ਵੀ ਹੋਣ, ਅੰਦਰੋਂ ਫੜ ਕੇ ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਜਦੋਂ ਜੇਲ੍ਹ ਵਿਚ ਭੇਜ ਦਿੱਤੇ ਗਏ ਤਾਂ ਇਕੱਲੇ ਪ੍ਰਕਾਸ਼ ਸਿੰਘ ਬਾਦਲ ਦੇ ਬਾਹਰ ਰਹਿਣ ਦੇ ਕਈ ਅਰਥ ਕੱਢੇ ਜਾਣੇ ਸਨ। ਇੱਦਾਂ ਦੇ ਕਈ ਮੌਕੇ ਗਿਣਾਏ ਜਾ ਸਕਦੇ ਹਨ, ਜਦੋਂ ਰਾਜਸੀ ਲੋੜ ਖਾਤਰ ਉਨ੍ਹਾਂ ਦਾ ਬਾਹਰ ਨਾਲੋਂ ਅੰਦਰ ਰਹਿਣਾ ਵੱਧ ਲਾਹੇਵੰਦਾ ਸੀ, ਅਮਰਿੰਦਰ ਸਿੰਘ ਦੇ ਸਮੇਂ ਦੇ ਚਾਰ ਕੁ ਦਿਨ ਇਸ ਵਿਚ ਸ਼ਾਮਲ ਨਹੀਂ ਹੋਣਗੇ।

ਦੂਜਾ ਮੌਕਾ ਅੱਜ ਕੱਲ੍ਹ ਮੁੜ-ਮੁੜ ਬਣ ਰਿਹਾ ਹੈ, ਜਦੋਂ ਮਨਪ੍ਰੀਤ ਬਾਦਲ ਵੱਲੋਂ ਉਛਾਲੇ ਗਏ ਪੰਜਾਬ ਦੇ ਸਿਰ ਚੜ੍ਹੇ ਕਰਜ਼ੇ ਦੇ ਮੁੱਦੇ ਬਾਰੇ ਪੁੱਛਿਆ ਜਾਂਦਾ ਹੈ। ਮਨਪ੍ਰੀਤ ਦੇ ਗਿੱਦੜਬਾਹਾ ਵਿਚ ਕੀਤੇ ਪਹਿਲੇ ਜਲਸੇ ਮਗਰੋਂ ਆਪਣੇ ਪਹਿਲੇ ਜਲਸੇ ਵਿਚ ਸੁਖਬੀਰ ਸਿੰਘ ਬਾਦਲ ਨੇ ਕਹਿ ਦਿੱਤਾ ਕਿ ਜੇ ਮੇਰੇ ਇਸ ਭਰਾ ਦੀ ਗੱਲ ਮੰਨੀ ਜਾਵੇ ਤਾਂ ਕਿਸਾਨਾਂ ਨੂੰ ਤੀਹ-ਤੀਹ ਹਜ਼ਾਰ ਰੁਪਏ ਹਰ ਸਾਲ ਬਿਜਲੀ ਬਿੱਲਾਂ ਦੇ ਦੇਣੇ ਪੈਣਗੇ। ਇਹ ਗੱਲ ਉਸ ਨੂੰ ਪਤਾ ਨਹੀਂ ਕਿਸ ਨੇ ਦੱਸ ਦਿੱਤੀ। ਆਮ ਕਿਸਾਨ ਹੁਣ ਸਾਢੇ ਸੱਤ ਤੋਂ ਦਸ ਹਾਰਸ ਪਾਵਰ ਤੱਕ ਦੀ ਮੋਟਰ ਲਾਉਂਦੇ ਹਨ ਤੇ ਪੰਜਾਹ ਰੁਪਏ ਮਹੀਨਾ ਪ੍ਰਤੀ ਹਾਰਸ ਪਾਵਰ ਦੇ ਹਿਸਾਬ ਦਸ ਹਾਰਸ ਪਾਵਰ ਦੀ ਮੋਟਰ ਦੇ ਛੇ ਸੌ ਰੁਪਏ ਮਹੀਨਾ ਬਣ ਕੇ ਵੀ ਸਾਲ ਦੇ ਸਵਾ ਸੱਤ ਹਜ਼ਾਰ ਤੋਂ ਹੇਠਾਂ ਰਹਿ ਜਾਣਗੇ। ਤੰਗੀਆਂ-ਤੁਰਸ਼ੀਆਂ ਦੇ ਮਾਰੇ ਲੋਕਾਂ ਨੂੰ ਇੰਨੇ ਪੈਸੇ ਦੱਸ ਕੇ ਵੀ ਸਰ ਜਾਣਾ ਸੀ, ਤੀਹ ਹਜ਼ਾਰ ਦੱਸ ਕੇ ਉਨ੍ਹਾਂ ਦਾ ਤ੍ਰਾਹ ਕੱਢਣ ਦੀ ਕੀ ਲੋੜ ਸੀ?

ਪਿਛਲੇ ਹਫਤੇ ਸੁਖਬੀਰ ਸਿੰਘ ਹੋਰੀਂ ਕਪੂਰਥਲੇ ਆਏ। ਓਥੇ ਵੀ ਪੱਤਰਕਾਰਾਂ ਨੇ ਪੰਜਾਬ ਦੇ ਸੱਤਰ ਹਜ਼ਾਰ ਕਰੋੜ ਦੇ ਕਰਜ਼ੇ ਦੀ ਗੱਲ ਛੇੜ ਲਈ। ਸੁਖਬੀਰ ਹੁਰਾਂ ਨੇ ਆਪਣੀ ਘਸਦੀ ਜਾ ਰਹੀ ਓਹੋ ਟੇਪ ਚਲਾ ਦਿੱਤੀ ਕਿ ਇੰਨਾ ਕਰਜ਼ਾ ਹੈ ਹੀ ਨਹੀਂ, ਸਿਰਫ ਪੈਂਤੀ ਸੌ ਕਰੋੜ ਰੁਪਏ ਹੈ। ਪੱਤਰਕਾਰਾਂ ਨੇ ਖੜੇ ਪੈਰ ਦੂਜਾ ਸਵਾਲ ਪੁੱਛ ਲਿਆ ਕਿ ਜੇ ਪੰਜਾਬ ਸਰਕਾਰ ਇੰਨੀ ਕਰਜ਼ਾਈ ਨਹੀਂ ਤਾਂ ਕਰਮਚਾਰੀਆਂ ਦੀਆਂ ਤਨਖਾਹਾਂ ਅਤੇ ਹੋਰ ਬਕਾਇਆਂ ਦੇ ਸੱਤ ਹਜ਼ਾਰ ਕਰੋੜ ਰੁਪਏ ਦਾ ਭੁਗਤਾਨ ਕਿਉਂ ਨਹੀਂ ਕੀਤਾ ਜਾ ਰਿਹਾ? ਬਿਨਾਂ ਸੋਚੇ ਸੁਖਬੀਰ ਸਿੰਘ ਹੋਰੀਂ ਅਗਲੀ ਗੱਲ ਇਹ ਕਹਿ ਗਏ ਕਿ 'ਜਿਹੜੀ ਸਰਕਾਰ ਅੱਠ ਹਜ਼ਾਰ ਕਰੋੜ ਰੁਪਏ ਸਾਲਾਨਾ ਤੋਂ ਵੱਧ ਦਾ ਕਰਜ਼ੇ ਦਾ ਵਿਆਜ ਭਰ ਰਹੀ ਹੋਵੇ, ਉਸ ਲਈ ਇਹ ਭੁਗਤਾਨ ਕਰਨੇ ਏਡੀ ਸੌਖੀ ਗੱਲ ਨਹੀਂ ਹੁੰਦੀ।' ਇਸੇ ਗੱਲ ਨੇ ਉਨ੍ਹਾਂ ਦੀ ਹਾਲਤ ਖਰਾਬ ਕਰ ਦਿੱਤੀ ਕਿ ਹੁਣੇ ਤਾਂ ਕਿਹਾ ਸੀ ਕਿ ਕਰਜ਼ਾ ਸਿਰਫ ਪੈਂਤੀ ਸੌ ਕਰੋੜ ਰੁਪਏ ਹੈ, ਜੇ ਕਰਜ਼ਾ ਹੀ ਪੈਂਤੀ ਸੌ ਜਾਂ ਸਾਢੇ ਤਿੰਨ ਹਜ਼ਾਰ ਕਰੋੜ ਰੁਪਏ ਹੈ ਤਾਂ ਵਿਆਜ ਅੱਠ ਹਜ਼ਾਰ ਕਰੋੜ ਰੁਪਏ ਸਾਲਾਨਾ ਕਿਵੇਂ ਬਣ ਗਿਆ? ਜੇ ਸੁਖਬੀਰ ਸਿੰਘ ਬਾਦਲ ਸਾਰਾ ਕੁਝ ਗਿਣ ਮਿਥ ਕੇ ਬੋਲਣ ਅਤੇ ਬੇਤੁਕੀਆਂ ਨਾ ਛੱਡਣ ਤਾਂ ਇਹੋ ਜਿਹੀਆਂ ਉਲਝਣਾਂ ਵੀ ਨਾ ਪੈਣ।

ਹੁਣ ਉਨ੍ਹਾਂ ਨੇ ਅਠਾਰਾਂ ਨਵੰਬਰ ਦੇ ਦਿਨ ਅਕਾਲੀ ਦਲ ਦੀ ਕੋਰ ਕਮੇਟੀ ਦੀ ਮੀਟਿੰਗ ਬੁਲਾ ਕੇ ਕੁਝ ਮਤੇ ਪਾਸ ਕੀਤੇ ਤੇ ਇਹੋ ਉਲਝਣ ਹੋਰ ਵਧਾ ਦਿੱਤੀ ਹੈ। ਅਖਬਾਰਾਂ ਮੁਤਾਬਕ ਕੇਂਦਰ ਸਰਕਾਰ ਦੇ ਟੈਲੀਕਾਮ ਘੁਟਾਲੇ ਬਾਰੇ ਅਕਾਲੀ ਦਲ ਦਾ ਮਤਾ ਕਹਿੰਦਾ ਹੈ ਕਿ ਇਸ ਵਿਚ ਇੱਕ ਲੱਖ ਛਿਹੱਤਰ ਹਜ਼ਾਰ ਕਰੋੜ ਰੁਪਏ ਦੀ ਹੇਰਾਫੇਰੀ ਹੋਈ ਹੈ ਅਤੇ ਇੰਨੀ ਗੱਲ ਅਕਾਲੀ ਦਲ ਬਿਲਕੁਲ ਠੀਕ ਕਹਿੰਦਾ ਹੈ ਪਰ ਅਗਲੀ ਗੱਲ ਇਹ ਆਖ ਦਿੱਤੀ ਹੈ ਕਿ ਇੰਨੇ ਪੈਸੇ ਨਾਲ ਪੰਜਾਬ ਦਾ ਮੌਜੂਦਾ ਕਰਜ਼ਾ ਲਗਭਗ ਤਿੰਨ ਵਾਰੀ ਮੁਆਫ ਕੀਤਾ ਜਾ ਸਕਦਾ ਸੀ। ਜੇ ਕਰਜ਼ਾ ਸਿਰਫ ਪੈਂਤੀ ਸੌ ਕਰੋੜ ਰੁਪਏ ਹੋਵੇ ਤਾਂ ਉਸ ਦੀਆਂ ਤਿੰਨ ਵਾਰੀਆਂ ਸਿਰਫ ਸਾਢੇ ਦਸ ਹਜ਼ਾਰ ਕਰੋੜ ਤੱਕ ਜਾ ਕੇ ਮੁੱਕ ਜਾਂਦੀਆਂ ਹਨ ਤੇ ਟੈਲੀਕਾਮ ਘੁਟਾਲੇ ਦੇ ਪੌਣੇ ਦੋ ਲੱਖ ਕਰੋੜ ਵਿਚੋਂ ਤਾਂ 'ਇੰਨਾ' ਕਰਜ਼ਾ ਪੰਜਾਹ ਵਾਰੀ ਮੁਆਫ ਕੀਤਾ ਜਾ ਸਕਦਾ ਹੈ। 'ਤਿੰਨ ਵਾਰੀ ਮੁਆਫ ਹੋ ਸਕਦਾ' ਕਹਿਣ ਨੇ ਹੀ ਇਸ ਕਰਜ਼ੇ ਨੂੰ ਸੱਠ ਹਜ਼ਾਰ ਕਰੋੜ ਦੇ ਨੇੜੇ ਪੁਚਾ ਦਿੱਤਾ ਹੈ।

ਸਵਾਲ ਇਹ ਹੈ ਕਿ ਕੀ ਸੁਖਬੀਰ ਸਿੰਘ ਇਹੋ ਜਿਹੀਆਂ ਉਕਾਈਆਂ ਅਨਾੜੀ ਹੋਣ ਕਰ ਕੇ ਕਰਦੇ ਹਨ ਜਾਂ ਜਾਣ-ਬੁੱਝ ਕੇ ਲੋਕਾਂ ਦੀ ਉਲਝਣ ਵਧਾਉਣੀ ਚਾਹੁੰਦੇ ਹਨ ਜਾਂ ਉਨ੍ਹਾਂ ਨੂੰ ਪਤਾ ਹੀ ਨਹੀਂ ਤੇ ਜੋੜੀਦਾਰ ਜੋ ਕੁਝ ਲਿਖ ਕੇ ਫੜਾ ਦੇਂਦੇ ਹਨ, ਮਾੜਾ-ਮੋਟਾ ਪੜ੍ਹ ਕੇ ਅੱਗੇ ਬੋਲ ਦਿੰਦੇ ਹਨ? ਜਿੱਦਾਂ ਦੇ ਹਾਲਾਤ ਵਿਚ ਹੀ ਉਸ ਦੀ ਹਾਲਤ ਹਾਸੋਹੀਣੀ ਹੁੰਦੀ ਹੈ ਪਰ ਇਹ ਗੱਲ ਉਸ ਪਿੱਛੇ ਤਾੜੀਆਂ ਮਾਰਨ ਤੇ ਜੈਕਾਰੇ ਛੱਡਣ ਵਾਲੇ ਉਸ ਨੂੰ ਕਦੇ ਨਹੀਂ ਦੱਸਣਗੇ?

# ਪੰਜਾਬ

ਵਿਚ ਵੱਡੇ ਪੱਧਰ 'ਤੇ ਉਥਲ-ਪੁਥਲ ਹੋਣ ਕਾਰਨ ਨਿਘਾਰ ਆਇਆ ਹੈ। ਇਸ ਕਾਰਨ ਪੰਜਾਬ ਦੀ ਮਿੱਟੀ, ਪੌਣ ਪਾਣੀ ਅਤੇ ਵਾਤਾਵਰਨ ਪਲੀਤ ਹੋ ਰਹੇ ਹਨ। ਇਸ ਦਾ ਇਥੋਂ ਦੀਆਂ ਫਸਲਾਂ ਅਤੇ ਮਨੁੱਖਾਂ ਸਮੇਤ ਹੋਰ ਜੀਵਾਂ ਦੀਆਂ ਨਸਲਾਂ 'ਤੇ ਮਾਰੂ ਪ੍ਰਭਾਵ ਪੈ ਰਿਹਾ ਹੈ।

1960-61 ਵਿਚ ਹਰੇ ਇਨਕਲਾਬ ਤੋਂ ਪਹਿਲਾਂ ਦੇਸ਼ ਅੰਨ ਦੀ ਥੁੜ ਦਾ ਸ਼ਿਕਾਰ ਸੀ। ਦੇਸ਼ ਦੀ ਅੰਨ ਦੀ ਇਸ ਥੁੜ ਨੂੰ ਪੰਜਾਬ ਨੇ ਪੂਰਾ ਕੀਤਾ। ਦੇਸ਼ ਨੂੰ ਅੰਨ ਸੁਰੱਖਿਆ ਮੁਹੱਈਆ ਕਰਦੇ ਕਰਦੇ ਅੱਜ ਪੰਜਾਬ ਖੁਦ ਆਪਣੇ ਕੁਦਰਤੀ ਵਸੀਲਿਆਂ ਨੂੰ ਦਾਅ 'ਤੇ ਲਾਈ ਬੈਠਾ ਹੈ। ਦੇਸ਼ ਦੀ ਅਨਾਜ ਦੀ ਥੁੜ ਨੂੰ ਪੂਰਾ ਕਰਨ ਲਈ ਹਾੜ੍ਹੀ ਵਿਚ ਕਣਕ ਅਤੇ ਸਾਉਣੀ ਵਿਚ ਮੁੰਜੀ (ਝੋਨੇ) ਦੀਆਂ ਫਸਲਾਂ ਵਿਚ ਕਈ ਗੁਣਾ ਵਾਧਾ ਕੀਤਾ ਗਿਆ ਹੈ। ਹਰੇ ਇਨਕਲਾਬ ਤੋਂ ਬਾਅਦ ਹੁਣ ਤੱਕ ਮੁੰਜੀ ਦੇ ਰਕਬੇ ਵਿਚ 7 ਗੁਣਾ ਅਤੇ ਕਣਕ ਦੇ ਰਕਬੇ ਵਿਚ ਦੋ ਗੁਣਾ ਵਾਧਾ ਹੋਇਆ ਹੈ। ਇਸ ਤਰ੍ਹਾਂ ਕਣਕ ਦੀ ਪੈਦਾਵਾਰ ਵਿਚ ਤਿੰਨ ਗੁਣਾ ਅਤੇ ਮੁੰਜੀ ਦੀ ਪੈਦਾਵਾਰ ਵਿਚ 15 ਗੁਣਾ ਵਾਧਾ ਹੋਇਆ ਹੈ। ਪੰਜਾਬ ਦੀ ਖੇਤੀ ਵਿਚ ਇਨ੍ਹਾਂ ਫਸਲਾਂ ਦਾ ਇਤਨਾ ਵੱਡਾ ਵਾਧਾ ਐਵੇਂ ਨਹੀਂ ਹੋਇਆ। ਇਸ ਲਈ ਇਥੇ ਓਪਰੀ ਕਿਸਮ ਦੀ ਖੇਤੀ ਅਧੀਨ ਨਵੇਂ ਬੀਜ ਲਿਆਂਦੇ ਗਏ, ਜਿਨ੍ਹਾਂ ਲਈ ਵੱਡੀ ਪੱਧਰ ਉਤੇ ਰਸਾਇਣਕ ਖਾਦਾਂ, ਕੀੜੇਮਾਰ ਦਵਾਈਆਂ, ਬੇਤਹਾਸ਼ਾ ਪਾਣੀ ਅਤੇ ਭਾਰੀ ਭਰਕਮ ਮਸ਼ੀਨਰੀ ਦੀ ਵਰਤੋਂ ਹੋਈ।

1960 ਤੋਂ ਬਾਅਦ ਪੰਜਾਬ ਵਿਚ ਜਿਵੇਂ ਕੋਈ ਮਹਾਂ ਦੈਂਤ ਆ ਵੜਿਆ ਹੋਏ ਜਿਸ ਨੇ ਸਾਰੀ ਹਰਿਆਵਲ ਚਰ ਲਈ ਹੋਵੇ, ਜਿਸ ਨੇ ਸਾਰਾ ਪਾਣੀ ਡੀਕ ਲਿਆ ਹੋਵੇ, ਜਿਸ ਨੇ ਸਾਰੀ ਮਿੱਟੀ ਨੂੰ ਰੌਂਧਿਆ ਹੋਵੇ ਅਤੇ ਜਿਸ ਦੇ ਜ਼ਹਿਰੀਲੇ ਮਲ-ਮੂਤਰ ਕਾਰਨ ਵਾਤਾਵਰਨ ਪਲੀਤ ਹੋਣ ਕਾਰਨ ਸਭ ਪਾਸੇ ਬਦਬੋ ਫੈਲ ਗਈ ਹੋਵੇ। ਰਸਾਇਣਕ ਖੇਤੀ ਨਾਲ ਮਿੱਟੀ ਦੀ ਸੱਤਿਆ ਨੂੰ ਖੋਰਾ ਲੱਗਾ। ਸਾਲ 2008-09 ਵਿਚ ਪੰਜਾਬ ਦਾ ਬੀਜਿਆ ਜਾਣ ਵਾਲਾ ਕੁੱਲ ਰਕਬਾ 7912 ਹਜ਼ਾਰ ਹੈਕਟੇਅਰ ਸੀ ਜਿਸ ਵਿਚੋਂ 6261 ਹਜ਼ਾਰ ਹੈਕਟੇਅਰ ਕੇਵਲ ਕਣਕ ਅਤੇ ਝੋਨੇ ਅਧੀਨ ਸੀ। ਭਾਵ ਰੁਪਏ ਵਿਚੋਂ 80 ਪੈਸੇ ਰਕਬਾ ਇਨ੍ਹਾਂ ਦੋਵੇਂ ਫਸਲਾਂ ਅਧੀਨ ਹੈ। 2008-09 ਵਿਚ 3526 ਹਜ਼ਾਰ ਹੈਕਟੇਅਰ ਕਣਕ ਅਤੇ 2735 ਹਜ਼ਾਰ ਹੈਕਟੇਅਰ ਮੁੰਜੀ ਅਧੀਨ ਸੀ। 1970-71 ਵਿਚ 47% ਰਕਬਾ ਕਣਕ ਅਤੇ ਝੋਨੇ ਅਧੀਨ ਸੀ। ਘਣੀ ਖੇਤੀ ਭਾਵ ਰਕਬੇ ਉਤੇ ਸਾਲ ਵਿਚ ਕਈ-ਕਈ ਫਸਲਾਂ ਪੈਦਾ ਕਰਨ ਨਾਲ ਮਿੱਟੀ ਦੀ ਆਰਗੈਨਿਕ ਕਾਰਬਨ 1960 ਵਿਚ 0.5 ਪ੍ਰਤੀਸ਼ਤ ਤੋਂ 1990 ਵਿਚ 0.2 ਪ੍ਰਤੀਸ਼ਤ ਤਕ ਘਟ ਗਈ। ਭਾਵ ਮਿੱਟੀ ਦੀ ਮੂਲ ਸੱਤਿਆ ਜਾਂ ਸ਼ਕਤੀ ਪਹਿਲਾਂ ਨਾਲੋਂ ਅੱਧੀ ਤੋਂ ਵੀ ਘਟ ਗਈ ਹੈ। ਇਸ ਨੂੰ ਪੂਰਾ ਕਰਨ ਲਈ ਵੱਧ ਤੋਂ ਵੱਧ ਰਸਾਇਣਕ ਖਾਦਾਂ ਦੀ ਵਰਤੋਂ ਕਰਨੀ ਪਈ ਜਿਸ ਨਾਲ ਮਿੱਟੀ ਦੀ ਮੂਲ ਜਿਸਮਾਨੀ ਸੱਤਿਆ ਹੋਰ ਵੀ ਕਮਜ਼ੋਰ ਹੁੰਦੀ ਜਾ ਰਹੀ ਹੈ। ਜਿਵੇਂ ਜਿਸਮਾਨੀ ਤੌਰ 'ਤੇ ਕਮਜ਼ੋਰ ਹੋਏ ਮਰੀਜ਼ ਨੂੰ ਸਿਰਫ ਦਵਾਈਆਂ ਸਹਾਰੇ ਚਲਾਇਆ ਜਾਂਦਾ ਹੈ, ਉਵੇਂ ਹੀ ਮਿੱਟੀ ਖਾਦਾਂ ਦੇ ਅਮਲ ਸਹਾਰੇ ਚੱਲ ਰਹੀ ਹੈ। 1970-71 ਵਿਚ ਪੰਜਾਬ ਵਿਚ 213 ਹਜ਼ਾਰ ਨਿਊਟ੍ਰੀਐਂਟ ਟਨ ਰਸਾਇਣਕ ਖਾਦਾਂ ਦੀ ਵਰਤੋਂ ਹੁੰਦੀ ਸੀ ਜੋ 2008-09 ਵਿਚ ਵਧ ਕੇ 1768 ਹਜ਼ਾਰ ਨਿਊਟ੍ਰੀਐਂਟ ਟਨ ਹੋ ਗਈ। ਭਾਵ 8 ਗੁਣਾਂ ਤੋਂ ਵੀ ਵੱਧ ਦਾ ਵਾਧਾ। ਦੂਜੇ ਹਰਫਾਂ ਵਿਚ ਹਾੜ੍ਹੀ ਅਤੇ ਸਾਉਣੀ ਵਿਚ ਕੁੱਲ 1768 ਹਜ਼ਾਰ ਨਿਊਟ੍ਰੀਐਂਟ ਟਨ ਖਾਦਾਂ ਦੀ ਮਹਾਂ ਸਰਿੰਜ ਅਸੀਂ ਪੰਜਾਬ ਦੀ ਧਰਤੀ ਦੇ ਜਿਸਮ ਅੰਦਰ ਉਤਾਰ ਦਿੰਦੇ ਹਾਂ ਜਿਸ ਨਾਲ ਮਿੱਟੀ ਅਤੇ ਪਾਣੀ ਵਿਚ ਖਲਬਲੀ ਮਚ ਜਾਂਦੀ ਹੈ। ਖੇਤੀ ਉਤਪਾਦਨ ਰਾਹੀਂ ਜ਼ਹਿਰਾਂ ਜੀਵਾਂ ਤਕ ਫੈਲ ਰਹੀਆਂ ਹਨ। ਧਰਤੀ ਹੇਠਲੇ ਪਾਣੀ ਵਿਚ ਪਾਰੇ ਦੀ ਮਾਤਰਾ ਵਧ ਰਹੀ ਹੈ। ਅੱਧ ਤੋਂ ਵੱਧ ਨਲਕਿਆਂ ਦੇ ਪਾਣੀ ਵਿਚ ਸੰਖੀਏ ਦੀ ਮਾਤਰਾ ਵੱਧ ਪਤਾ ਲੱਗੀ ਹੈ। ਮਾਹਿਰਾਂ ਦਾ ਇਹ ਵੀ ਕਹਿਣਾ ਹੈ ਕਿ ਪੰਜਾਬ ਦੇ ਬਾਸ਼ਿੰਦਿਆਂ ਦੇ ਮੂਲ ਡੀ.ਐਨ.ਏ. ਵਿਚ ਤਬਦੀਲੀ ਆ ਰਹੀ ਹੈ। ਮਾਦਾ ਸ਼ੁਕਰਾਣੂਆਂ ਦੀ ਗਿਣਤੀ ਪਹਿਲਾਂ ਤੋਂ ਅੱਧੀ ਰਹਿ ਗਈ ਹੈ। ਬਾਂਝਪਣ ਵਧ ਰਿਹਾ ਹੈ। ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਤੋਂ ਇਲਾਵਾ ਦਮਾ, ਚਮੜੀ ਦੇ ਰੋਗ, ਮੰਦਬੁੱਧੀ, ਹਾਈਪਰਟੈਂਸ਼ਨ, ਮਨੋਰੋਗ ਆਦਿ ਬਿਮਾਰੀਆਂ ਵਿਚ ਵੀ ਵਾਧਾ ਹੋਇਆ ਹੈ। ਅਜਿਹੇ ਮਾਰੂ ਪ੍ਰਭਾਵ ਕੇਵਲ ਮਨੁੱਖਾਂ 'ਤੇ ਹੀ ਨਹੀਂ ਪਸ਼ੂਆਂ, ਪੰਛੀਆਂ ਅਤੇ ਬਨਸਪਤੀ ਜਗਤ 'ਤੇ ਵੀ ਪਏ ਹਨ। 2008-09 ਵਿਚ ਪੰਜਾਬ ਵਿਚ 5,76,000 ਟਨ ਕੀੜੇਮਾਰ ਦਵਾਈਆਂ ਦੀ ਵਰਤੋਂ ਹੋ ਰਹੀ ਸੀ।

> *1960 ਤੋਂ ਬਾਅਦ ਪੰਜਾਬ ਵਿਚ ਜਿਵੇਂ ਕੋਈ ਮਹਾਂ ਦੈਂਤ ਆ ਵੜਿਆ ਹੋਏ ਜਿਸ ਨੇ ਸਾਰੀ ਹਰਿਆਵਲ ਚਰ ਲਈ ਹੋਵੇ, ਜਿਸ ਨੇ ਸਾਰਾ ਪਾਣੀ ਡੀਕ ਲਿਆ ਹੋਵੇ, ਜਿਸ ਨੇ ਸਾਰੀ ਮਿੱਟੀ ਨੂੰ ਰੌਂਧਿਆ ਹੋਵੇ ਅਤੇ ਜਿਸ ਦੇ ਜ਼ਹਿਰੀਲੇ ਮਲ-ਮੂਤਰ ਕਾਰਨ ਵਾਤਾਵਰਨ ਪਲੀਤ ਹੋਣ ਕਾਰਨ ਸਭ ਪਾਸੇ ਬਦਬੋ ਫੈਲ ਗਈ ਹੋਵੇ।*

ਇਸ ਗੈਰ-ਰਵਾਇਤੀ ਕਿਸਮ ਦੀ ਅਤੇ ਕੁਦਰਤ ਦੋਖੀ ਕਿਸਮ ਦੀ ਖੇਤੀ ਕਾਰਨ ਪਾਣੀ ਦੀ ਬਹੁਤ ਜ਼ਿਆਦਾ ਲੋੜ ਪੈਂਦੀ ਹੈ, ਜਿਸ ਦੀ ਪੂਰਤੀ ਧਰਤੀ ਹੇਠਲੇ ਪਾਣੀ ਦੀ ਕੁਦਰਤੀ ਨਿਆਮਤ ਦੀ ਹੱਦੋਂ ਵੱਧ ਮਾਤਰਾ ਕੱਢ ਕੇ ਪੂਰੀ ਕੀਤੀ ਜਾਂਦੀ ਹੈ। ਇਕ ਅੰਦਾਜ਼ੇ ਮੁਤਾਬਕ ਪੰਜਾਬ ਵਿਚ ਕਣਕ ਅਤੇ ਝੋਨੇ ਦੀ ਖੇਤੀ ਲਈ 5.5 ਕਰੋੜ ਏਕੜ ਫੁੱਟ ਪਾਣੀ ਦੀ ਲੋੜ ਪੈਂਦੀ ਹੈ ਪਰ ਪੰਜਾਬ ਦੀਆਂ ਨਹਿਰਾਂ ਅਤੇ ਨਦੀਆਂ ਵਿਚ ਕੇਵਲ 2.5 ਕਰੋੜ ਏਕੜ ਫੁੱਟ ਪਾਣੀ ਹੀ ਹੁੰਦਾ ਹੈ। ਬਾਕੀ ਦਾ 3 ਕਰੋੜ ਏਕੜ ਫੁੱਟ ਪਾਣੀ ਹਰ ਸਾਲ ਧਰਤੀ ਹੇਠੋਂ ਕੱਢਿਆ ਜਾਂਦਾ ਹੈ। 1970-71 ਵਿਚ ਪੰਜਾਬ ਵਿਚ ਕੇਵਲ 1.92 ਲੱਖ ਟਿਊਬਵੈੱਲ ਸਨ ਜੋ 2008-09 ਵਿਚ ਵਧ ਕੇ 12.76 ਲੱਖ ਹੋ ਗਏ ਜਿਸ ਕਾਰਨ ਧਰਤੀ ਹੇਠਲੇ ਪਾਣੀ ਦਾ ਪੱਧਰ ਹਰ ਸਾਲ (0.23 ਮੀਟਰ) ਹੇਠਾਂ ਜਾ ਰਿਹਾ ਹੈ। ਬੋਰਾਂ ਦੇ ਡੂੰਘੇ ਹੋਣ ਨਾਲ ਲਾਗਤ ਵਿਚ ਵਾਧਾ ਹੋ ਰਿਹਾ ਹੈ ਅਤੇ ਧਰਤੀ ਹੇਠਲੇ ਪਾਣੀ ਸਰੋਤ ਵੀ ਸੁੱਕਣ ਕਿਨਾਰੇ ਖੜ੍ਹੇ ਹਨ। ਦੇਸ਼ ਦੇ ਕੁੱਲ ਟਿਊਬਵੈੱਲਾਂ ਦਾ 6 ਫੀਸਦੀ ਪੰਜਾਬ ਵਿਚ ਹੈ ਜਦਕਿ ਪੰਜਾਬ ਦਾ ਕੁੱਲ ਰਕਬਾ ਦੇਸ਼ ਦੇ ਕੁੱਲ ਰਕਬੇ ਦਾ ਕੇਵਲ 1.5 ਪ੍ਰਤੀਸ਼ਤ ਹੈ।

ਇਨ੍ਹਾਂ ਤੱਥਾਂ ਤੋਂ ਇਹ ਸਪਸ਼ਟ ਹੈ ਕਿ ਪੰਜਾਬ ਵਿਚ ਪਿਛਲੀ ਤਕਰੀਬਨ ਅੱਧੀ ਸਦੀ ਤੋਂ ਰਸਾਇਣਕ ਕਿਸਮ ਦੀ ਓਪਰੀ ਖੇਤੀ ਦੇ ਆਉਣ ਨਾਲ ਇਥੋਂ ਦੀ ਹਜ਼ਾਰਾਂ ਸਾਲਾਂ ਦੀ ਕੁਦਰਤੀ ਖੇਤੀ ਦੀ ਵਿਰਾਸਤ ਢਹਿ-ਢੇਰੀ ਹੋ ਰਹੀ ਹੈ। ਇਥੋਂ ਦੀ ਮਿੱਟੀ, ਪਾਣੀ ਅਤੇ ਆਬੋ-ਹਵਾ ਪਲੀਤ ਹੋ ਰਹੇ ਹਨ। ਪੰਜਾਬ ਦੀ ਕੁੱਲ ਪ੍ਰਕ੍ਰਿਤੀ ਵਿਨਾਸ਼ ਵੱਲ ਵਧਦੀ ਜਾ ਰਹੀ ਹੈ। ਇਸ ਕਿਸਮ ਦੀ ਤਬਾਹੀ ਨਾਲ ਪਸ਼ੂਆਂ, ਪੰਛੀਆਂ ਅਤੇ ਬਨਸਪਤੀ ਦੀਆਂ ਅਨੇਕਾਂ ਪ੍ਰਜਾਤੀਆਂ ਦਾ ਵਿਨਾਸ਼ ਹੋ ਰਿਹਾ ਹੈ। ਇਸ ਨਾਲ ਸਿਰਫ ਪ੍ਰਕ੍ਰਿਤੀ ਦਾ ਹੀ ਨਹੀਂ, ਆਰਥਿਕ ਪੱਖੋਂ ਵੀ ਨੁਕਸਾਨ ਹੁੰਦਾ ਹੈ। ਜਰਮਨ ਸਰਕਾਰ ਦੀ ਸਹਾਇਤਾ ਨਾਲ ਪ੍ਰਕਾਸ਼ਤ ਹੋਈ ਰਿਪੋਰਟ ਅਨੁਸਾਰ ਸੰਸਾਰ ਵਿਚ ਹਰ ਘੰਟੇ ਬਾਅਦ ਤਿੰਨ ਪ੍ਰਜਾਤੀਆਂ ਲੋਪ ਹੋ ਰਹੀਆਂ ਹਨ। ਇਸ ਦਾ ਵਾਤਾਵਰਨ 'ਤੇ ਹੀ ਨਹੀਂ ਆਰਥਿਕ ਪੱਖੋਂ ਵੀ 40 ਬਿਲੀਅਨ ਡਾਲਰ ਦਾ ਸਾਲਾਨਾ ਨੁਕਸਾਨ ਹੋਣ ਦਾ ਅੰਦਾਜ਼ਾ ਹੈ ਜਿਸ ਦਾ ਸਭ ਤੋਂ ਵੱਧ ਮਾੜਾ ਪ੍ਰਭਾਵ ਗਰੀਬ ਜਨਤਾ 'ਤੇ ਪੈਂਦਾ ਹੈ। ਇਸ ਅਮਲ ਨਾਲ 2050 ਤਕ ਕੁੱਲ ਸੰਸਾਰ ਦੀ ਆਮਦਨ ਵਿਚ 7% ਗਿਰਾਵਟ ਆਉਣ ਦੀ ਸੰਭਾਵਨਾ ਅਤੇ ਸੰਸਾਰ ਦੇ ਧਰਤੀ ਦੇ ਉਪਲਬਧ ਏਰੀਏ ਵਿਚ 11% ਕਮੀ ਆ ਸਕਦੀ ਹੈ। ਹਜ਼ਾਰਾਂ ਸਾਲਾਂ ਤੋਂ ਸਾਡੇ ਅੰਗ-ਸੰਗ ਰਹਿ ਰਹੀਆਂ ਚਿੜੀਆਂ, ਕੀੜੀਆਂ, ਸੂਲ ਭੰਬੀਰੀਆਂ, ਇੱਲਾਂ, ਉਲੂਆਂ, ਗਡੋਇਆਂ, ਸੱਪਾਂ, ਸਪੋਲੀਆਂ ਦਾ ਅਚਾਨਕ ਲੋਪ ਹੋ ਜਾਣਾ ਸਿਰਫ ਇਨ੍ਹਾਂ ਦੇ ਹੀ ਖ਼ਾਤਮੇ ਦਾ ਨਹੀਂ ਸਗੋਂ ਮਨੁੱਖ ਦੇ ਵੀ ਖ਼ਾਤਮੇ ਵੱਲ ਵਧਦੇ ਕਦਮਾਂ ਦਾ ਸੰਕੇਤ ਹੈ। ਮਨੁੱਖ ਵੀ ਇਨ੍ਹਾਂ ਵਰਗਾ ਹੀ ਕੁਦਰਤੀ ਜੀਵ ਹੈ। ਪਸ਼ੂ, ਪੰਛੀ ਮਨੁੱਖ ਤੋਂ ਸੰਵੇਦਨਸ਼ੀਲ ਹੁੰਦੇ ਹਨ, ਇਸ ਲਈ ਇਨ੍ਹਾਂ 'ਤੇ ਕੁਦਰਤ ਦੀ ਪ੍ਰਕੋਪੀ ਦਾ ਪ੍ਰਭਾਵ ਜਲਦੀ ਪੈਂਦਾ ਅਤੇ ਪ੍ਰਤੀਤ ਹੁੰਦਾ ਹੈ। ਭੂਚਾਲ ਆਉਣ ਤੋਂ ਕਈ ਘੰਟੇ ਪਹਿਲਾਂ ਸੱਪ ਆਪਣੀਆਂ ਖੁੱਡਾਂ ਤੋਂ ਬਾਹਰ ਨਿਕਲ ਆਉਂਦੇ ਹਨ, ਚਿੜੀਆਂ ਚੀਕ-ਚਿਹਾੜਾ ਪਾ ਦਿੰਦੀਆਂ ਹਨ। ਹੋਰ ਪਸ਼ੂ, ਜਨੌਰ ਅਜੀਬੋ-ਗਰੀਬ ਵਿਹਾਰ ਕਰਨ ਲੱਗ ਪੈਂਦੇ ਹਨ। ਇਸ ਲਈ ਇਨ੍ਹਾਂ ਦਾ ਲੋਪ ਹੋਣਾ ਮਨੁੱਖ ਦੇ ਵੀ ਲੋਪ ਹੋਣ ਦਾ ਅਗਾਊਂ ਸੂਚਕ ਸਮਝਣਾ ਚਾਹੀਦਾ ਹੈ। ਇਨ੍ਹਾਂ ਪਸ਼ੂ-ਪੰਛੀਆਂ ਦੀਆਂ ਪ੍ਰਜਾਤੀਆਂ ਦਾ ਖ਼ਾਤਮਾ ਮਨੁੱਖ ਲਈ ਖ਼ਤਰੇ ਦਾ ਅਲਾਰਮ ਹੈ। ਇਸ ਪਾਸੇ ਸੁਚੇਤ ਹੋਣ ਅਤੇ ਫੌਰੀ ਅਮਲ ਕਰਨ ਦੀ ਲੋੜ ਹੈ। ਨਹੀਂ ਤਾਂ ਹੜੱਪਾ ਦੀ ਇਕ ਹੋਰ ਸਭਿਅਤਾ ਇਨ੍ਹਾਂ ਪੰਜ ਦਰਿਆਵਾਂ ਦੇ ਦੁਆਬਿਆਂ ਵਿਚ ਦਫ਼ਨ ਹੋ ਜਾਵੇਗੀ।

# ਸ਼੍ਰੋਮਣੀ ਕਮੇਟੀ 'ਤੇ ਲੋਟੂ ਟੋਲਿਆਂ ਤੇ ਮਸੰਦਾਂ ਦਾ ਕਬਜ਼ਾ: ਸਿਮਰਨਜੀਤ ਸਿੰਘ ਮਾਨ

**ਤਰਨਤਾਰਨ:** ਪੰਜਾਬ ਵਿਧਾਨ ਸਭਾ ਚੋਣਾਂ 'ਚ ਤਕਰੀਬਨ ਡੇਢ ਕੁ ਸਾਲ ਦਾ ਸਮਾਂ ਰਹਿ ਗਿਆ ਹੈ ਤੇ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵੀ ਅਗਲੇ ਸਾਲ ਹੋਣ ਜਾ ਰਹੀਆਂ ਹਨ। ਇਸ ਨੂੰ ਲੈ ਕੇ ਪੰਜਾਬ 'ਚ ਸਾਰੀਆਂ ਸਿਆਸੀ ਧਿਰਾਂ ਸਰਗਰਮ ਹੋ ਗਈਆਂ ਹਨ ਤੇ ਰੈਲੀਆਂ ਤੇ ਮੀਟਿੰਗਾਂ ਦੇ ਸਿਲਸਿਲਾ ਜਾਰੀ ਹੈ। ਜਿਥੇ ਮਨਪ੍ਰੀਤ ਬਾਦਲ ਵੱਲੋਂ 'ਪੰਜਾਬ ਜਗਾਓ' ਰੈਲੀਆਂ ਕੀਤੀਆਂ ਜਾ ਰਹੀਆਂ ਹਨ ਉਥੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ 28 ਨਵੰਬਰ ਨੂੰ ਜਗਰਾਉਂ ਤੋਂ ਬਾਅਦ ਤਰਨਤਾਰਨ ਵਿਖੇ 'ਪੰਜਾਬ ਬਚਾਓ' ਰੈਲੀ ਕੀਤੀ ਗਈ ਜਿਸ 'ਚ ਪੰਜਾਬ ਦੇ ਕੋਨੇ-ਕੋਨੇ 'ਚੋਂ ਹਜ਼ਾਰਾਂ ਲੋਕ ਪੁੱਜੇ।

ਇਸ ਮੌਕੇ ਲੋਕਾਂ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਇਸ ਨਾਜ਼ਕ ਦੌਰ ਵਿਚ ਪਾਰਟੀ ਦਾ ਸਾਥ ਦਿਉ ਤੇ ਅਸੀਂ ਇਨਸਾਫ਼ ਦੇ ਕੇ ਪੰਜਾਬ ਦੀ ਡੁਬਦੀ ਬੇੜੀ ਨੂੰ ਕਿਨਾਰੇ ਲਾਵਾਂਗੇ। ਸ: ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਖਾਲਿਸਤਾਨ ਦੀ ਸਥਾਪਨਾ ਹੋਣ ਤੇ ਪਾਕਿ ਸਰਹੱਦ ਨਾਲ ਲੱਗਦੀ 520 ਕਿਲੋਮੀਟਰ ਲੰਮੀ ਕੰਡਿਆਲੀ ਤਾਰ ਹਟਾ ਦਿੱਤੀ ਜਾਵੇਗੀ ਤੇ ਦੋਵਾਂ ਮੁਲਕਾਂ ਵਿਚ ਵਪਾਰ ਸਾਂਝਾ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਦੀ ਖੁਸ਼ਹਾਲੀ ਲਈ ਖਾਲਿਸਤਾਨ ਸੂਬਾ ਬਣਾਉਣਾ ਜ਼ਰੂਰੀ ਹੋ ਗਿਆ ਹੈ ਜਿਸ ਕਰਕੇ ਪੰਜਾਬ ਦੀ ਜਨਤਾ ਨੂੰ ਜਾਗ੍ਰਿਤ ਕਰਨ ਲਈ ਪੂਰੇ ਪੰਜਾਬ ਵਿਚ ਪੰਜਾਬ ਬਚਾਓ ਰੈਲੀਆਂ ਕੀਤੀਆਂ ਜਾ ਰਹੀਆਂ ਹਨ।

ਉਨ੍ਹਾਂ ਕਿਹਾ ਕਿ ਜਿਹੜੀ ਸ਼੍ਰੋਮਣੀ ਕਮੇਟੀ ਨੂੰ ਗਠਤ ਕਰਨ ਲਈ ਹਜ਼ਾਰਾਂ ਸਿੱਖਾਂ ਨੇ ਕੁਰਬਾਨੀਆਂ ਦਿੱਤੀਆਂ ਹਨ ਉਸ ਉਪਰ ਅੱਜ ਲੋਟੂ ਟੋਲਿਆਂ ਤੇ ਮਸੰਦਾਂ ਨੇ ਕਬਜ਼ਾ ਕਰ ਲਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਉਪਰ ਰਾਜ ਕਰ ਰਹੀ ਬਾਦਲ ਜੁੰਡਲੀ ਆਰ.ਐਸ.ਐਸ. ਦੀ ਗੁਲਾਮ ਹੈ। ਆਰ.ਐਸ.ਐਸ. ਦੀ ਸਲਾਹ ਤੋਂ ਬਿਨਾਂ ਇਹ ਲੋਕ ਇਕ ਕਦਮ ਵੀ ਅੱਗੇ ਨਹੀਂ ਵਧਦੇ। ਬਾਬਾ ਬੋਤਾ ਸਿੰਘ ਬਾਬਾ ਗਰਜਾ ਸਿੰਘ ਪੰਡਾਲ ਵਿਖੇ ਹੋਈ ਇਸ ਰੈਲੀ ਵਿਚ ਕਈ ਮਤੇ ਵੀ ਪਾਸ ਕੀਤੇ ਗਏ।

ਉਨ੍ਹਾਂ ਕਿਹਾ ਕਿ 1978 ਤੋਂ ਲੈ ਕੇ ਹੁਣ ਤਕ ਸਿੱਖਾਂ ਦੀ ਨਸਲਕੁਸ਼ੀ ਹੀ ਕੀਤੀ ਗਈ ਹੈ। ਦਰਬਾਰ ਸਾਹਿਬ ਉਤੇ ਹਮਲਾ ਕੀਤਾ ਗਿਆ ਤੇ 3 ਦਰਜਨ ਹੋਰ ਗੁਰਧਾਮਾਂ ਨੂੰ ਨਿਸ਼ਾਨਾ ਬਣਾਇਆ ਗਿਆ। 20 ਹਜ਼ਾਰ ਸਿੱਖਾਂ ਨੂੰ ਦਿੱਲੀ ਵਿਚ ਸਰਕਾਰੀ ਸਰਪ੍ਰਸਤੀ ਹੇਠ ਕਤਲ ਕਰ ਦਿੱਤਾ ਗਿਆ ਪਰ ਇਕ ਵੀ ਦੋਸ਼ੀ ਨੂੰ ਸਜ਼ਾ ਨਹੀਂ ਦਿਤੀ ਗਈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਪਾਣੀਆਂ ਦੇ ਮਸਲੇ ਦਾ ਹੱਲ ਅੰਤਰਰਾਸ਼ਟਰੀ ਨਿਯਮਾਂ ਮੁਤਾਬਕ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਰਾਇਪੇਰੀਅਨ ਕਾਨੂੰਨ ਤੇ ਭਾਰਤੀ ਵਿਧਾਨ ਦੀ ਧਾਰਾ 246 ਅਨੁਸਾਰ ਜਿਸ ਸੂਬੇ ਵਿਚੋਂ ਦਰਿਆ ਲੰਘਦਾ ਹੈ ਉਸ ਦੇ ਪਾਣੀ ਉਤੇ ਸੂਬੇ ਦਾ ਹੀ ਹੱਕ ਹੁੰਦਾ ਹੈ ਪਰ ਹਿੰਦ ਹਕੂਮਤ ਨੇ 1960 ਦੀ ਪਾਣੀ ਸੰਧੀ ਵਿਚੋਂ ਸਿੱਖਾਂ ਨੂੰ ਬਾਹਰ ਰੱਖਿਆ।

ਉਨ੍ਹਾਂ ਕਿਹਾ ਕਿ ਕੇਂਦਰ ਨੇ ਜਾਣਬੁਝ ਕੇ ਪੰਜਾਬ ਦੇ ਦਰਿਆਵਾਂ, ਡੈਮਾਂ ਤੇ ਬਿਜਲੀ ਪੈਦਾ ਕਰਨ ਵਾਲੇ ਪ੍ਰਾਜੈਕਟਾਂ ਨੂੰ ਆਪਣੇ ਕਬਜ਼ੇ ਵਿਚ ਰਖਿਆ ਹੋਇਆ ਹੈ। ਪੰਜਾਬੀ ਬੋਲਦੇ ਇਲਾਕੇ ਪੰਜਾਬ ਨੂੰ ਨਹੀਂ ਦਿੱਤੇ ਜਾ ਰਹੇ। ਉਨ੍ਹਾਂ ਕਿਹਾ ਕਿ ਹੁਣ ਸਾਜ਼ਸ਼ ਤਹਿਤ ਪੰਜਾਬ ਵਿਚ ਭਈਆਂ ਨੂੰ ਲਿਆ ਕੇ ਵਸਾਇਆ ਜਾ ਰਿਹਾ ਹੈ ਤਾਂ ਕਿ ਉਨ੍ਹਾਂ ਨੂੰ ਸੂਬੇ ਵਿਚ ਘੱਟ-ਗਿਣਤੀ ਦਾ ਦਰਜਾ ਦਿੱਤਾ ਜਾ ਸਕੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਰਮਿੰਗਮ ਤੋਂ ਗੁਰਦਿਆਲ ਸਿੰਘ ਕੌਂਸਲਰ, ਇੰਗਲੈਂਡ ਤੋਂ ਰੇਸ਼ਮ ਸਿੰਘ, ਧਿਆਨ ਸਿੰਘ ਮੰਡ ਤੇ ਹਰਦੀਪ ਸਿੰਘ ਸੰਧੂ ਉਚੇਚੇ ਤੌਰ 'ਤੇ ਹਾਜ਼ਰ ਸਨ।

**'ਪੰਜਾਬ ਬਚਾਉ' ਰੈਲੀ 'ਚ ਭਰਵਾਂ ਇਕੱਠ**



ਤਰਨ ਤਾਰਨ ਰੈਲੀ ਦੌਰਾਨ ਸਿਮਰਨਜੀਤ ਸਿੰਘ ਮਾਨ ਨੂੰ ਸਨਮਾਨਤ ਕੀਤੇ ਜਾਣ ਦਾ ਦ੍ਰਿਸ਼।

## ਪਾਕਿ ਦੀ ਤਰੱਕੀ 'ਚ ਜ਼ਰਦਾਰੀ ਸਭ ਤੋਂ ਵੱਡਾ ਰੋੜਾ: ਅਬਦੁੱਲਾ

**ਇਸਲਾਮਾਬਾਦ:** ਸਾਊਦੀ ਅਰਬ ਦੇ ਬਾਦਸ਼ਾਹ ਦਾ ਕਹਿਣਾ ਹੈ ਕਿ ਪਾਕਿਸਤਾਨ ਦੇ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਹੀ ਆਪਣੇ ਮੁਲਕ ਦੀ ਤਰੱਕੀ ਵਿਚ ਸਭ ਤੋਂ ਵੱਡਾ ਰੋੜਾ ਹਨ। ਇਹ ਰਿਪੋਰਟ ਵੈੱਬਸਾਈਟ ਵਿਕੀਲੀਕਸ ਵੱਲੋਂ ਜੱਗ ਜ਼ਾਹਰ ਕੀਤੀ ਗਈ ਹੈ।

ਇਨਾਂ ਦਸਤਾਵੇਜ਼ਾਂ ਮੁਤਾਬਕ ਸਾਊਦੀ ਅਰਬ ਦੇ ਬਾਦਸ਼ਾਹ ਅਬਦੁੱਲਾ ਦਾ ਸ੍ਰੀ ਜ਼ਰਦਾਰੀ ਬਾਰੇ ਕਹਿਣਾ ਸੀ ਕਿ ਜਦੋਂ ਸਿਰ (ਮੁਖੀ) ਹੀ ਸੜਿਆ ਹੋਵੇ ਤਾਂ ਇਸ ਦਾ ਅਸਰ ਸਾਰੇ ਸਰੀਰ ਉੱਤੇ ਪੈਂਦਾ ਹੈ। ਦੂਜੇ ਪਾਸੇ ਸ੍ਰੀ ਜ਼ਰਦਾਰੀ ਇਸ ਵੇਲੇ ਸ੍ਰੀਲੰਕਾ ਦੇ ਦੌਰੇ ਉੱਤੇ ਹਨ ਤੇ ਉਨਾਂ ਦੇ ਤਰਜਮਾਨ ਨੇ ਇਸ ਨੂੰ ਸ੍ਰੀ ਜ਼ਰਦਾਰੀ ਦੀ ਬੇਇੱਜ਼ਤੀ ਕਰਾਰ ਦਿੱਤਾ ਹੈ। ਤਰਜਮਾਨ ਨੇ ਕਿਹਾ ਕਿ ਸ੍ਰੀ ਜ਼ਰਦਾਰੀ, ਬਾਦਸ਼ਾਹ ਅਬਦੁੱਲਾ ਨੂੰ ਆਪਣਾ 'ਵੱਡਾ ਭਰਾ' ਸਮਝਦੇ ਹਨ।

# ਕੇਂਦਰ ਸਰਕਾਰ ਵੱਲੋਂ ਆਏ ਫੰਡ ਆਪਣੇ ਕੰਮਾਂ ਲਈ ਵਰਤੇ

**ਲੁਧਿਆਣਾ (ਪੰਜਾਬ ਟਾਈਮਜ਼ ਬਿਊਰੋ):** ਸੂਬੇ 'ਚ ਖਜ਼ਾਨੇ ਦੀ ਸਥਿਤੀ ਚੰਗੀ ਹੋਣ ਦੇ ਨਿੱਤ ਦਾਅਵੇ ਕਰਦੀ ਅਕਾਲੀ-ਭਾਜਪਾ ਸਰਕਾਰ ਕੇਂਦਰੀ ਗਰਾਂਟਾਂ ਦੇ ਰੂਪ ਵਿਚ ਆਇਆ ਪੈਸਾ ਆਪਣੇ ਕੰਮਾਂ ਲਈ ਵਰਤ ਰਹੀ ਹੈ। ਇਹ ਖੁਲਾਸਾ ਕੇਂਦਰੀ ਮਕਾਨ ਤੇ ਸ਼ਹਿਰੀ ਗਰੀਬੀ ਹਟਾਓ ਮੰਤਰੀ ਕੁਮਾਰੀ ਸ਼ੈਲਜਾ ਵੱਲੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਨੂੰ ਲਿਖੇ ਗਏ ਪੱਤਰ ਰਾਹੀਂ ਹੋਇਆ ਜਿਸ 'ਚ ਉਨ੍ਹਾਂ ਨੇ ਕੇਂਦਰ ਵੱਲੋਂ ਭੇਜੀ ਰਾਸ਼ੀ 11 ਮਹੀਨੇ ਬਾਅਦ ਵੀ ਸਬੰਧਤ ਪ੍ਰਾਜੈਕਟ ਲਈ ਏਜੰਸੀ ਨੂੰ ਨਾ ਦਿੱਤੇ ਜਾਣ ਬਾਰੇ ਜਵਾਬ ਮੰਗਿਆ ਹੈ।

ਭਰੋਸੇਯੋਗ ਸੂਤਰਾਂ ਮੁਤਾਬਕ ਪੰਜਾਬ ਸਰਕਾਰ ਨੂੰ 8 ਫਰਵਰੀ 2010 ਨੂੰ ਲੁਧਿਆਣਾ 'ਚ ਸੈਰ ਸਪਾਟਾ ਕੇਂਦਰ ਬਣਾਉਣ ਲਈ 241.94 ਲੱਖ ਰੁਪਏ ਦੀ ਰਾਸ਼ੀ ਦੀ ਪਹਿਲੀ ਕਿਸ਼ਤ ਭੇਜੀ ਗਈ ਸੀ। ਇਹ ਪ੍ਰਾਜੈਕਟ 302.43 ਕਰੋੜ ਰੁਪਏ ਦਾ ਹੈ। ਇਸ ਤਹਿਤ ਸ਼ਹਿਰ 'ਚ ਜਲੰਧਰ ਰੋਡ 'ਤੇ ਅਮਲਤਾਸ ਹੋਟਲ ਨੇੜੇ ਸੂਚਨਾ ਕਮ ਸਵਾਗਤੀ ਕੇਂਦਰ, ਲੁਧਿਆਣਾ ਦੇ ਨੌਘਰਾ ਮੁਹੱਲੇ 'ਚ ਸਥਿਤ ਸ਼ਹੀਦ ਸੁਖਦੇਵ ਮੈਮੋਰੀਅਲ (ਸੁਖਦੇਵ ਦਾ ਜੱਦੀ ਘਰ) ਦੀ ਸਾਂਭ-ਸੰਭਾਲ, ਰੱਖ ਬਾਗ ਤੇ ਰੋਜ਼ ਗਾਰਡਨ 'ਚ ਸੰਗੀਤਕ ਫੁਹਾਰੇ ਲਾਉਣ, ਲੁਧਿਆਣਾ ਦੇ ਘੰਟਾ ਘਰ ਨੂੰ ਨਵਿਆ ਕੇ ਪੁਰਾਣਾ ਰੂਪ ਦੇਣ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਪੇਂਡੂ ਵਸਤਾਂ ਦੇ ਅਜਾਇਬ ਘਰ, ਲੁਧਿਆਣਾ ਦੇ ਮੁਕਤੇਸਵਰ ਟੈਂਪਲ ਤੋਂ ਇਲਾਵਾ ਬੱਸ ਅੱਡੇ ਤੇ ਰੇਲਵੇ ਸਟੇਸ਼ਨ 'ਤੇ ਸੈਰ-ਸਪਾਟਾ ਸੂਚਨਾ ਬੋਰਡ ਲਾਏ ਜਾਣੇ ਹਨ।

ਪੰਜਾਬ ਸਰਕਾਰ ਵੱਲੋਂ ਇਸ ਕੇਂਦਰੀ ਗਰਾਂਟ ਨੂੰ ਕੰਮ ਕਰਵਾਉਣ ਵਾਲੀ ਏਜੰਸੀ ਪੰਜਾਬ ਹੈਰੀਟੇਜ ਤੇ ਟੂਰਿਜ਼ਮ ਪ੍ਰਮੋਸ਼ਨ ਬੋਰਡ ਨੂੰ ਸੌਂਪਿਆ ਜਾਣਾ ਸੀ ਪਰ ਕੇਂਦਰੀ ਮੰਤਰੀ ਦੇ ਪੱਤਰ ਮੁਤਾਬਕ ਸਬੰਧਤ ਏਜੰਸੀ ਨੂੰ ਸਰਕਾਰ ਵੱਲੋਂ ਹਾਲੇ ਤੱਕ ਕੁਝ ਵੀ ਨਹੀਂ ਦਿੱਤਾ ਗਿਆ।

ਸੈਰ ਸਪਾਟਾ ਵਿਭਾਗ ਦੇ ਸੂਤਰਾਂ ਅਨੁਸਾਰ ਕੇਂਦਰ ਸਰਕਾਰ ਵੱਲੋਂ ਪਹਿਲਾਂ ਸਿੱਧਾ ਉਨ੍ਹਾਂ ਦੇ ਖਾਤੇ ਵਿਚ ਫੰਡ ਭੇਜੇ ਜਾਂਦੇ ਸਨ ਪਰ ਇਨ੍ਹਾਂ ਤਿੰਨਾਂ ਪ੍ਰਾਜੈਕਟਾਂ ਦੇ ਪੈਸੇ ਸਿੱਧੇ ਸੂਬਾਈ ਸਰਕਾਰ ਦੇ ਖਾਤੇ ਵਿਚ ਆ ਜਾਣ ਕਾਰਨ ਹੀ ਸਾਰਾ ਕੰਮ ਵਿਗੜਿਆ ਹੈ। ਉਂਝ ਵਿਭਾਗ ਦੀ ਪ੍ਰਮੁੱਖ ਸਕੱਤਰ ਵੱਲੋਂ ਕੇਂਦਰੀ ਮੰਤਰਾਲੇ ਕੋਲ ਇਸ ਬਾਰੇ ਉਜ਼ਰ ਵੀ ਕੀਤਾ ਗਿਆ ਹੈ।

## ਪਤੀ ਸਮੇਤ ਚਾਰ ਵਿਰੁੱਧ ਦਹੇਜ ਦਾ ਮਾਮਲਾ ਦਰਜ

**ਮੋਗਾ:** ਵਿਆਹੁਤਾ ਲੜਕੀ ਨੂੰ ਉਸ ਦੇ ਸਹੁਰਾ ਪਰਿਵਾਰ ਵੱਲੋਂ ਹੋਰ ਦਾਜ ਦਹੇਜ ਲਿਆਉਣ ਲਈ ਤੰਗ ਪਰੇਸਾਨ ਕਰਨ ਦੇ ਦੋਸ਼ ਵਿੱਚ ਥਾਣਾ ਧਰਮਕੋਟ ਪੁਲਿਸ ਵੱਲੋਂ ਸਹੁਰਾ ਪਰਿਵਾਰ ਦੇ ਪਤੀ ਸਮੇਤ ਚਾਰ ਜਾਣਿਆਂ ਵਿਰੁੱਧ ਮਾਮਲਾ ਦਰਜ ਕੀਤਾ ਹੈ।

ਵਿਆਹੁਤਾ ਦੇ ਪਿਤਾ ਨਿਸਾਨ ਸਿੰਘ ਦੇ ਬਿਆਨਾਂ ਤੇ ਕਾਰਵਾਈ ਕਰਦਿਆ ਵਿਆਹੁਤਾ ਦੇ ਪਤੀ ਰਘੁਵੀਰ ਸਿੰਘ, ਸੁਹਰਾ ਦਰਸ਼ਨ ਸਿੰਘ ਪੁੱਤਰ ਬਲਕਾਰ ਸਿੰਘ, ਸੱਸ ਪਰਮਜੀਤ ਕੌਰ ਪਤਨੀ ਦਰਸ਼ਨ ਸਿੰਘ, ਨਣਦ ਅਮਨਦੀਪ ਕੌਰ ਵਾਸੀ ਪਿੰਡ ਮੌਲਾਂ ਵਾਲਾ ਜ਼ਿਲ੍ਹਾ ਫਿਰੋਜ਼ਪੁਰ ਵਿਰੁੱਧ ਅ/ਧ 498-ਏ, ਆਈ. ਪੀ. ਸੀ. ਐਕਟ ਤਹਿਤ ਥਾਣਾ ਧਰਮਕੋਟ ਵਿੱਚ ਮਾਮਲਾ ਦਰਜ ਕਰ ਲਿਆ ਹੈ। ਦੋਸੀਆ ਦੀ ਗ੍ਰਿਫਤਾਰੀ ਅਜੇ ਬਾਕੀ ਹੈ।

# ਸਿੱਖ ਆਗੂਆਂ ਨੇ ਗਿਲਾਨੀ ਕੋਲ ਅਹਿਮ ਮਸਲੇ ਉਠਾਏ

**ਲਾਹੌਰ (ਪੰਜਾਬ ਟਾਈਮਜ਼ ਬਿਊਰੋ):** ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਉਣ ਲਈ ਪਾਕਿਸਤਾਨ ਪਹੁੰਚੇ ਸਿੱਖ ਆਗੂਆਂ ਨੇ ਲਾਹੌਰ 'ਚ ਪਾਕਿ ਪ੍ਰਧਾਨ ਮੰਤਰੀ ਯੂਸਫ ਰਜ਼ਾ ਗਿਲਾਨੀ ਨਾਲ ਮੁਲਾਕਾਤ ਕੀਤੀ। ਇਸ ਮੁਲਾਕਾਤ ਦੌਰਾਨ ਵੀਜ਼ਾ ਸ਼ਰਤਾਂ ਨਰਮ ਕਰਨ, ਸ੍ਰੀ ਨਨਕਾਣਾ ਸਾਹਿਬ ਵਿਖੇ ਯੂਨੀਵਰਸਿਟੀ ਬਣਾਉਣ ਤੇ ਸਿੱਖ ਭਾਈਚਾਰੇ ਦੀ ਸੁਰੱਖਿਆ ਨਾਲ ਸਬੰਧਤ ਮਸਲਿਆਂ ਨੂੰ ਉਭਾਰਿਆ ਗਿਆ। ਪ੍ਰਧਾਨ ਮੰਤਰੀ ਤੇ ਸਿੱਖ ਆਗੂਆਂ ਵਿਚਾਲੇ ਇਹ ਮੀਟਿੰਗ ਸਦਭਾਵਨਾ ਵਾਲੇ ਮਾਹੌਲ 'ਚ ਹੋਈ ਤੇ ਪ੍ਰਧਾਨ ਮੰਤਰੀ ਨੇ ਤਕਰੀਬਨ 30 ਮਿੰਟ ਸਿੱਖ ਆਗੂਆਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਵੱਲੋਂ ਰੱਖੇ ਮਾਮਲੇ ਵਿਚਾਰਨ ਦਾ ਭਰੋਸਾ ਦਿੱਤਾ।

ਇਸ ਮਿਲਣੀ ਦੌਰਾਨ ਵਫ਼ਦ ਨੇ ਗੁਰਦੁਆਰਾ ਡੇਹਰਾ ਸਾਹਿਬ ਵਿਖੇ 500 ਕਮਰਿਆਂ ਦੀ ਸਰਾਂ ਬਣਾਉਣ ਦਾ ਮਾਮਲਾ ਰੱਖਦਿਆਂ ਅਪੀਲ ਕੀਤੀ ਕਿ ਇਸ ਵਾਸਤੇ ਪਾਕਿਸਤਾਨ ਢੁਕਵੀਂ ਜ਼ਮੀਨ ਦੇਵੇ ਤਾਂ ਜੋ ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਸ਼ਰਧਾਲੂਆਂ ਲਈ ਸਰਾਂ ਦੀ ਉਸਾਰੀ ਕਰਵਾਈ ਜਾ ਸਕੇ। ਸਿੱਖ ਆਗੂਆਂ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਨੇ ਇਸ ਮਾਮਲੇ 'ਚ ਤੁਰੰਤ ਔਕਾਫ਼ ਬੋਰਡ ਦੇ ਚੇਅਰਮੈਨ ਨੂੰ ਆਦੇਸ਼ ਦਿੱਤੇ ਹਨ ਕਿ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਨੇੜੇ ਸਰਾਂ ਦੀ ਉਸਾਰੀ ਲਈ ਜ਼ਮੀਨ ਦਾ ਪ੍ਰਬੰਧ ਕੀਤਾ ਜਾਵੇ। ਇਸ ਤੋਂ ਇਲਾਵਾ ਗੁਰਧਾਮਾਂ ਦੀ ਯਾਤਰਾ ਲਈ ਵਧੇਰੇ ਜਥੇ ਭੇਜਣ ਦੀ ਆਗਿਆ ਦੇਣ ਦੀ ਅਪੀਲ ਵੀ ਕੀਤੀ। ਪਾਕਿਸਤਾਨ ਵਿਖੇ 172 ਇਤਿਹਾਸਕ ਗੁਰਦੁਆਰੇ ਹਨ ਪਰ ਸਿੱਖ ਸ਼ਰਧਾਲੂਆਂ ਨੂੰ ਕੁਝ ਇਕ ਗੁਰਦੁਆਰਿਆਂ ਦੇ ਹੀ ਦਰਸ਼ਨ ਕਰਨ ਦੀ ਆਗਿਆ ਦਿੱਤੀ ਜਾਂਦੀ ਹੈ।

ਇਸ ਦੌਰਾਨ ਵਫ਼ਦ 'ਚ ਹਾਜ਼ਰ ਅਮਰੀਕਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਖੀ ਡਾ. ਪ੍ਰਿਤਪਾਲ ਸਿੰਘ ਨੇ ਵੀ ਪ੍ਰਧਾਨ ਮੰਤਰੀ ਨੂੰ ਅਪੀਲ ਕੀਤੀ ਕਿ ਪਾਕਿਸਤਾਨ 'ਚ ਅੰਤਰਰਾਸ਼ਟਰੀ ਸਲਾਹਕਾਰ ਬੋਰਡ ਨੂੰ ਬਹਾਲ ਕੀਤਾ ਜਾਵੇ ਤਾਂ ਜੋ ਵੱਖ-ਵੱਖ ਸਿੱਖ ਮਸਲਿਆਂ ਦੇ ਹੱਲ ਲਈ ਸਮੂਹਿਕ ਤੌਰ 'ਤੇ ਯਤਨ ਕੀਤੇ ਜਾ ਸਕਣ।

## ਪੰਜਾਬ 'ਚ ਅਸਲਾ ਫੈਕਟਰੀ ਦਾ ਪਰਦਾਫਾਸ਼

ਮੋਗਾ : ਪੁਲਿਸ ਨੇ ਅਸਲਾ ਫੈਕਟਰੀ ਲਗਾ ਕੇ ਪਿਸਤੌਲ ਬਣਾਉਂਦੇ ਦੋ ਵਿਅਕਤੀਆਂ ਨੂੰ ਕਾਬੂ ਕਰਕੇ 21 ਪਿਸਤੌਲ, 19 ਕਾਰਤੂਸ ਅਤੇ ਹੋਰ ਅਸਲਾ ਬਣਾਉਣ ਦਾ ਸਾਜੋ ਸਾਮਾਨ ਬਰਾਮਦ ਕੀਤਾ ਹੈ। ਜ਼ਿਲ੍ਹਾ ਪੁਲਿਸ ਮੁਖੀ ਸਨੇਹਦੀਪ ਸ਼ਰਮਾ ਨੇ ਦੱਸਿਆ ਕਿ ਪੁਲਿਸ ਪਾਰਟੀ ਨੇ ਪਿੰਡ ਧੂੜਕੋਟ ਕਲਾਂ ਜੀ.ਟੀ. ਰੋਡ ਤੇ ਗਸ਼ਤ ਦੌਰਾਨ ਪਿੰਡ ਡਾਲਾ ਵਿਖੇ ਜੋਰਾ ਸਿੰਘ ਪੁਤਰ ਕੁੰਦਾਂ ਸਿੰਘ ਦੇ ਬੇਆਬਾਦ ਮਕਾਨ ਵਿੱਚ ਦੋ ਵਿਅਕਤੀਆਂ ਨੂੰ ਅਸਲਾ ਬਣਾਉਣ ਦੀ ਫੈਕਟਰੀ ਲਗਾ ਕੇ ਪਿਸਤੌਲ ਬਣਾਉਂਦੇਆਂ ਕਾਬੂ ਕਰ ਲਿਆ ਹੈ। ਜਿਨ੍ਹਾਂ ਕੋਲੋਂ 10 ਪਿਸਤੌਲ 0.22 ਬੋਰ, 7 ਪਿਸਤੌਲ 32 ਬੋਰ, ਇੱਕ ਪਿਸਤੌਲ 12 ਬੋਰ ਅਤੇ 3 ਪਿਸਤੌਲ ਅਨਕੰਪਲੀਟ, 19 ਜਿੰਦਾਂ ਕਾਰਤੂਸ ਅਤੇ ਅਸਲਾ ਬਣਾਉਣ ਦਾ ਸਾਜੋ ਸਮਾਨ ਬਰਾਮਦ ਕੀਤਾ ਹੈ। ਮੁਲਜ਼ਮਾਂ ਦੀ ਪਹਿਚਾਣ ਗੁਰਦੀਪ ਸਿੰਘ ਪੁਤਰ ਮਹਿੰਦਰ ਸਿੰਘ ਵਾਸੀ ਕੋਠੇ ਗੁਰੂ ਕਾ ਥਾਣਾ ਭਗਤਾ ਜਿਲਾ ਬਠਿੰਡਾ ਅਤੇ ਨਿਰਮਲ ਸਿੰਘ ਉਰਫ ਨਿੰਮਾਂ ਪੁਤਰ ਬੰਤ ਸਿੰਘ ਵਾਸੀ ਪਿੰਡ ਡਾਲਾ ਵਜੋਂ ਹੋਈ।

# '68 ਫੀਸਦੀ ਅਫਗਾਨ ਮਹਿਲਾਵਾਂ ਦਾ ਹੁੰਦੈ ਜ਼ਬਰੀ ਵਿਆਹ'

**ਚੰਡੀਗੜ੍ਹ:** ਅਫਗਾਨਿਸਤਾਨ ਵਿਚ 68 ਫੀਸਦੀ ਮਹਿਲਾਵਾਂ ਦਾ ਵਿਆਹ ਜ਼ਬਰੀ ਕਰ ਦਿੱਤਾ ਜਾਂਦਾ ਹੈ। ਇਹ ਖੁਲਾਸਾ ਚੰਡੀਗੜ੍ਹ ਆਈ ਅਫਗਾਨਿਸਤਾਨ ਦੀ ਸਾਬਕਾ ਮੰਤਰੀ ਤੇ ਦੋ ਵਾਰੀ ਰਾਸ਼ਟਰਪਤੀ ਅਹੁਦੇ ਲਈ ਉਮੀਦਵਾਰ ਰਹਿ ਚੁੱਕੀ ਡਾ. ਮਸੂਦਾ ਜ਼ਾਲਾਲ ਨੇ ਕੀਤਾ। ਡਾ. ਮਸੂਦਾ ਪੇਂਡੂ ਤੇ ਉਦਯੋਗਿਕ ਵਿਕਾਸ ਖੋਜ ਕੇਂਦਰ (ਕਰਿਡ) ਵੱਲੋਂ ਏਸ਼ੀਆ ਵਿਚ ਮਿਲਵਰਤਨ ਦਾ ਵਿਕਾਸ, ਸ਼ਾਂਤੀ 'ਤੇ ਸੁਰੱਖਿਆ ਵਿਸ਼ੇ 'ਤੇ ਕਰਵਾਈ ਗਈ ਅੰਤਰਰਾਸ਼ਟਰੀ ਕਾਨਫਰੰਸ ਵਿਚ ਹਿੱਸਾ ਲੈਣ ਲਈ ਆਏ ਸਨ। ਉਨ੍ਹਾਂ ਕਿਹਾ ਕਿ ਅਫਗਾਨਿਸਤਾਨ ਵਿਚ ਅੱਜ ਵੀ ਮਹਿਲਾਵਾਂ ਦੀ ਹਾਲਤ ਕਾਫੀ ਬੁਰੀ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਜਿਥੇ ਜ਼ਬਰੀ ਵਿਆਹ ਦੀ ਗਿਣਤੀ ਕਾਫੀ ਹੈ ਉਥੇ ਬਲੱਡ ਪ੍ਰਾਈਜ਼ਡ ਵਿਆਹ ਵੀ ਹੁੰਦਾ ਹੈ। ਇਸ ਤਹਿਤ ਜੇਕਰ ਕੋਈ ਵਿਅਕਤੀ ਕਤਲ ਕਰ ਦਿੰਦਾ ਹੈ ਤਾਂ ਉਹ ਇਸ ਕਤਲ ਦੇ ਦੋਸ਼ ਤੋਂ ਬਚਣ ਲਈ ਆਪਣੇ ਪਰਿਵਾਰ ਵਿਚੋਂ ਕਿਸੇ ਵੀ ਲੜਕੀ ਨੂੰ ਉਸ ਪਰਿਵਾਰ ਵਿਚ ਵਿਆਹ ਦਿੰਦਾ ਹੈ ਜਿਥੇ ਉਸ ਨੇ ਕਤਲ ਕੀਤਾ ਹੁੰਦਾ ਹੈ। ਇਸ ਤੋਂ ਇਲਾਵਾ ਤਬਾਦਲਾ ਵਿਆਹ ਤੇ ਵਿਕਰੀ ਵਿਆਹ ਵੀ ਹੁੰਦੇ ਹਨ।

ਉਨ੍ਹਾਂ ਦੱਸਿਆ ਕਿ ਜਿਸ ਲੜਕੀ ਦਾ ਵਿਆਹ ਕਤਲ ਹੋਣ ਵਾਲੇ ਪਰਿਵਾਰ 'ਚ ਹੁੰਦਾ ਹੈ ਉਸ ਲੜਕੀ ਨੂੰ ਸਾਰੀ ਉਮਰ ਜ਼ੁਲਮ ਸਹਿਣੇ ਪੈਂਦੇ ਹਨ। ਕੁਝ ਖੇਤਰਾਂ ਵਿਚ ਲੜਕੀਆਂ ਪੜ੍ਹਨ ਵੀ ਨਹੀਂ ਜਾ ਸਕਦੀਆਂ। ਅਫਗਾਨਿਸਤਾਨ ਵਿਚ ਤਾਲੀਬਾਨ ਦੇ ਕਬਜ਼ੇ ਵਾਲੇ ਇਲਾਕੇ ਦਾ ਤਾਂ ਸਭ ਤੋਂ ਬੁਰਾ ਹਾਲ ਹੈ ਉਥੇ ਤਾਂ ਲੜਕੀ ਆਪਣੇ ਘਰ ਤੋਂ ਵੀ ਬਾਹਰ ਨਹੀਂ ਨਿਕਲ ਸਕਦੀ। ਉਨ੍ਹਾਂ ਦੱਸਿਆ ਕਿ ਰਾਜਨੀਤਿਕ ਤੌਰ 'ਤੇ ਭਾਵੇਂ ਮਹਿਲਾਵਾਂ ਲਈ 25 ਫੀਸਦੀ ਸੀਟਾਂ ਰਾਖਵੀਆਂ ਹਨ ਪਰ ਉਨ੍ਹਾਂ ਕੋਲ ਤਾਕਤ ਫਿਰ ਵੀ ਨਹੀਂ ਆਉਂਦੀ। ਕੋਈ ਵੀ ਮਹਿਲਾ ਜੱਜ ਜਾਂ ਧਾਰਮਿਕ ਆਗੂ ਨਹੀਂ ਬਣ ਸਕਦੀ।

## ਪਾਕਿ 'ਚ ਨੂੰਹ ਦਾ ਨੱਕ ਵੱਢਿਆ

**ਇਸਲਾਮਾਬਾਦ:** ਗੁਜਰਾਂਵਾਲਾ ਜ਼ਿਲ੍ਹੇ ਵਿਚ ਸਹੁਰਿਆਂ ਨੇ ਆਪਣੀ ਨੂੰਹ ਦਾ ਨੱਕ ਵੱਢ ਦਿੱਤਾ ਤੇ ਸਿਰ ਮੁੰਨ ਦਿੱਤਾ ਕਿਉਂਕਿ ਉਨ੍ਹਾਂ ਨੂੰ ਸ਼ੱਕ ਸੀ ਕਿ ਇਸ ਦੇ ਗਵਾਂਢੀ ਮੁੰਡੇ ਨਾਲ ਨਾਜਾਇਜ਼ ਸਬੰਧ ਹਨ। ਇਸ ਘਟਨਾ ਨੇ ਅਫ਼ਗਾਨਿਸਤਾਨ ਵਿਚ ਕੁਝ ਸਮਾਂ ਪਹਿਲਾਂ ਵਾਪਰੀ ਘਟਨਾ ਚੇਤੇ ਕਰਵਾ ਦਿੱਤੀ ਹੈ ਜਿਸ ਵਿਚ ਪਤੀ ਨੇ ਆਪਣੀ ਬੀਵੀ ਦਾ ਨੱਕ ਵੱਢ ਦਿੱਤਾ ਸੀ। ਜਾਣਕਾਰੀ ਅਨੁਸਾਰ ਆਸੀਆ ਬੀਬੀ ਦੇ ਜੇਠ ਅਨਵਰ, ਉਸ ਦੀ ਪਤਨੀ ਕਲਸੂਮ ਅਤੇ ਲੜਕਿਆਂ ਵਕਾਸ ਤੇ ਅਵੇਸ ਨੇ ਉਸ ਦੀਆਂ ਬਾਹਾਂ ਘੁੱਟ ਕੇ ਫੜ ਲਈਆਂ ਤੇ ਉਸ ਦਾ ਨੱਕ ਵੱਢ ਦਿੱਤਾ ਤੇ ਸਿਰ ਵੀ ਮੁੰਨ ਦਿੱਤਾ। ਇਸ ਮਗਰੋਂ ਇਨਾਂ ਨੇ ਆਸੀਆ ਨੂੰ ਤਿੰਨ ਦਿਨ ਘਰ ਵਿਚ ਹੀ ਡੱਕੀ ਰੱਖਿਆ। ਆਸੀਆ ਦੀ ਗਵਾਂਢਣ ਨਿਦਾ ਨੇ ਦੱਸਿਆ ਕਿ ਆਸੀਆ ਆਪਣੇ ਸਹੁਰਾ ਪਰਿਵਾਰ ਨਾਲ ਰਹਿੰਦੀ ਹੈ ਤੇ ਉਸ ਦਾ ਪਤੀ ਮੁਲਤਾਨ ਵਿਚ ਕੰਮ ਕਰਦਾ ਹੈ, ਜੋ ਮੌਕੇ 'ਤੇ ਪੁੱਜ ਨਹੀਂ ਸਕਿਆ।

# ਵਿਰਾਸਤ ਦੀ ਬੇਕਦਰੀ: ਸੋਭਾ ਸਿੰਘ ਆਰਟ ਗੈਲਰੀ 'ਚੋਂ ਚਿੱਤਰ ਗਾਇਬ

ਬਟਾਲਾ: ਵੀਹਵੀਂ ਸਦੀ ਦੇ ਮਹਾਨ ਚਿੱਤਰਕਾਰ ਸੋਭਾ ਸਿੰਘ ਨੇ ਸਿੱਖ ਇਤਿਹਾਸ, ਗੁਰੂਆਂ, ਪੀਰਾਂ ਪੈਗੰਬਰਾਂ ਦੇ ਚਿੱਤਰ ਬਣਾ ਕੇ ਸਿੱਖ ਧਰਮ ਦੇ ਪ੍ਰਚਾਰ 'ਚ ਅਹਿਮ ਯੋਗਦਾਨ ਪਾਇਆ ਹੈ ਪਰ ਦੂਜੇ ਪਾਸੇ ਸਮੇਂ ਦੀਆਂ ਸਰਕਾਰਾਂ ਤਾਂ ਕੀ ਆਮ ਲੋਕਾਂ ਵੱਲੋਂ ਵੀ ਉਨ੍ਹਾਂ ਦੇ ਇਸ ਮਹਾਨ ਕੰਮ ਨੂੰ ਅੱਖੋਂ ਓਹਲੇ ਕੀਤਾ ਜਾ ਰਿਹਾ ਹੈ।

ਇਸ ਦੀ ਤਾਜ਼ਾ ਮਿਸਾਲ ਸ੍ਰੀ ਹਰਗੋਬਿੰਦਪੁਰ 'ਚ ਉਨ੍ਹਾਂ ਦੀ ਯਾਦ 'ਚ ਬਣਾਈ ਗਈ ਸੋਭਾ ਸਿੰਘ ਮੈਮੋਰੀਅਲ ਆਰਟ ਗੈਲਰੀ ਤੇ ਲਾਇਬਰੇਰੀ ਭਵਨ ਦੀ ਖਸਤਾ ਹਾਲਤ ਤੋਂ ਮਿਲਦੀ ਹੈ ਜਿਥੋਂ ਸੋਭਾ ਸਿੰਘ ਦੀ ਖੁਦ ਦੀ ਤਸਵੀਰ ਸਮੇਤ ਸਾਰੇ ਚਿੱਤਰ ਗਾਇਬ ਹਨ।29 ਨਵੰਬਰ ਨੂੰ ਉਨ੍ਹਾਂ ਦਾ ਜਨਮ ਦਿਨ ਮੌਕੇ ਇਥੇ ਨਾ ਕੋਈ ਸਰਕਾਰੀ ਅਧਿਕਾਰੀ ਪਹੁੰਚਿਆ ਹੈ ਤੇ ਨਾ ਹੀ ਕੋਈ ਸਾਹਿਤਕਾਰ।

ਇਹ ਹੋਰ ਵੀ ਦੁਖ ਦੀ ਗੱਲ ਹੈ ਕਿ 29 ਨਵੰਬਰ 1901 ਨੂੰ ਸ੍ਰੀ ਹਰਗੋਬਿੰਦਪੁਰ 'ਚ ਪੈਦਾ ਹੋਇਆ ਸੋਭਾ ਸਿੰਘ ਆਪਣੀ ਜਨਮ ਭੂਮੀ ਤੋਂ ਹੀ ਵਿਸਾਰਿਆ ਜਾ ਰਿਹਾ ਹੈ। ਇਥੇ ਨਾ ਹੀ ਹੁਣ ਸੋਭਾ ਸਿੰਘ ਦੇ ਘਰ ਦਾ ਕੋਈ ਨਾਮੋ ਨਿਸ਼ਾਨ ਦਿਖਾਈ ਦੇ ਰਿਹਾ ਹੈ ਤੇ ਨਾ ਹੀ ਸੋਭਾ ਸਿੰਘ ਦੀ ਯਾਦ ਵਿਚ 1986 ਵਿਚ ਉਸਾਰੀ ਗਈ ਸੋਭਾ ਸਿੰਘ ਮੈਮੋਰੀਅਲ ਆਰਟ ਗੈਲਰੀ ਦੀ ਹੋਂਦ ਹੀ ਬਚੀ ਹੈ। ਇਸ ਗੈਲਰੀ ਵਿਚ ਸੋਭਾ ਸਿੰਘ ਵੱਲੋਂ ਬਣਾਏ ਚਿੱਤਰ ਗਾਇਬ ਹੋ ਚੁੱਕੇ ਹਨ।



ਸੂਤਰਾਂ ਅਨੁਸਾਰ ਇਨ੍ਹਾਂ ਨੂੰ ਸਾਹਿਤਕ ਜਥੇਬੰਦੀਆਂ ਦੇ ਨੁਮਾਇੰਦੇ ਤੇ ਹੋਰ ਵਿਅਕਤੀ ਚੁੱਕ ਕੇ ਲੈ ਗਏ ਹਨ। ਇਥੇ ਸਿਰਫ਼ ਲੱਕੜ ਦੇ ਬੋਰਡ ਹਨ ਜਿਨ੍ਹਾਂ 'ਤੇ ਜਾਲੇ ਤੇ ਲਿਫਾਫੇ ਟੰਗੇ ਹੀ ਦਿਖਾਈ ਦੇ ਰਹੇ ਹਨ। ਗੈਲਰੀ ਅੰਦਰ ਮੰਜਾ ਤੇ ਚਾਹ ਬਣਾਉਣ ਦੇ ਸਾਮਾਨ ਦੇ ਨਾਲ-ਨਾਲ ਫਾਈਲਾਂ ਦੇ ਢੇਰ ਲੱਗੇ ਹੋਏ ਹਨ। ਇਸ ਅੰਦਰ ਬੇਰੋਕ-ਟੋਕ ਕੁੱਤੇ ਵੀ ਆ ਕੇ ਬੈਠਦੇ ਹਨ ਜਿਸ ਕਾਰਨ ਇਥੇ ਗੰਦ ਥਾਂ-ਥਾਂ ਖਿਲਰਿਆ ਹੋਇਆ ਹੈ। ਦਰਵਾਜ਼ੇ, ਖਿੜਕੀਆਂ ਦੀ ਹਾਲਤ ਵੀ ਖਸਤਾ ਹੋ ਚੁੱਕੀ ਹੈ।

ਉਨ੍ਹਾਂ ਦੀ ਯਾਦ ਵਿੱਚ ਬਣਾਏ ਲਾਇਬ੍ਰੇਰੀ ਭਵਨ 'ਤੇ ਵੀ ਤਾਲੇ ਲੱਗੇ ਹੋਏ ਹਨ। ਦਰਵਾਜ਼ੇ ਟੁੱਟੇ ਹੋਏ ਸਨ, ਅੰਦਰ ਘਾਹ-ਫੂਸ ਤੇ ਗੰਦਗੀ ਦੀ ਭਰਮਾਰ ਹੈ। ਸ੍ਰੀ ਹਰਗੋਬਿੰਦਪੁਰ ਦੇ ਵਸਨੀਕਾਂ ਨੇ ਪ੍ਰਸ਼ਾਸਨ ਦੀ ਅਣਦੇਖੀ ਤੇ ਸਾਹਿਤਕ ਜਥੇਬੰਦੀਆਂ ਦੇ ਗਾਇਬ ਹੋਣ 'ਤੇ ਚਿੰਤਾ ਪ੍ਰਗਟਾਉਂਦਿਆਂ ਕਿਹਾ ਕਿ ਅਜਿਹੇ ਮਹਾਨ ਚਿੱਤਰਕਾਰ ਨੂੰ ਵਿਸਾਰਨਾ ਠੀਕ ਨਹੀਂ। ਉਨ੍ਹਾਂ ਕਿਹਾ ਕਿ ਭਾਵੇਂ ਸੋਭਾ ਸਿੰਘ ਦੀ ਯਾਦ ਕਿਸੇ ਯਾਦਗਾਰ ਦੀ ਮੁਥਾਜ ਨਹੀਂ ਹੈ ਪਰ ਫਿਰ ਵੀ ਉਨ੍ਹਾਂ ਦੀ ਜਨਮ ਭੂਮੀ ਤੇ ਉਨ੍ਹਾਂ ਦੀ ਯਾਦ ਵਿੱਚ ਉਸਾਰੇ ਗਏ ਭਵਨ ਤੇ ਆਰਟ ਗੈਲਰੀ ਨੂੰ ਜਿੰਦਾ ਰੱਖਣਾ ਵਿਰਸੇ ਨੂੰ ਜਿੰਦਾ ਰੱਖਣ ਦੇ ਬਰਾਬਰ ਹੈ।

# ਸੁਖਪਾਲ ਖਹਿਰਾ ਦਸੰਬਰ ਮਹੀਨੇ ਅਮਰੀਕਾ ਆਉਣਗੇ


**ਫਰੀਮਾਂਟ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਦੇ ਮਸਲਿਆਂ ਉਤੇ ਬੁਲੰਦ ਆਵਾਜ਼ ਉਠਾਉਣ ਵਾਲੇ ਅਤੇ ਕਪੂਰਥਲਾ ਜ਼ਿਲੇ ਦੇ ਹਲਕਾ ਭੁਲੱਥ ਤੋਂ ਪੰਜਾਬ ਵਿਧਾਨ ਸਭਾ 'ਚ ਵਿਧਾਇਕ ਸੁਖਪਾਲ ਸਿੰਘ ਖਹਿਰਾ ਦਸੰਬਰ ਦੇ ਅਖੀਰਲੇ ਹਫਤੇ ਯੂਨਾਈਟਿਡ ਸਪੋਰਟਸ ਕਲੱਬ, ਕੈਲੀਫੋਰਨੀਆ ਦੇ ਸੱਦੇ ਉਤੇ ਅਮਰੀਕਾ ਦੇ ਦੌਰੇ 'ਤੇ ਆਉਣਗੇ।



ਸੁਖਪਾਲ ਸਿੰਘ ਖਹਿਰਾ

ਇਹ ਜਾਣਕਾਰੀ ਦਿੰਦਿਆਂ ਕਲੱਬ ਦੇ ਚੇਅਰਮੈਨ ਸ੍ਰੀ ਅਮੋਲਕ ਸਿੰਘ ਗਾਖਲ ਨੇ ਦੱਸਿਆ ਕਿ ਉਹ ਕੁਝ ਦਿਨ ਨਿਊ ਯਾਰਕ ਰੁਕਣਗੇ ਅਤੇ ਉਸ ਤੋਂ ਪਿਛੋਂ ਸ਼ਿਕਾਗੋ ਵਿਚ ਆਪਣੇ ਸਨੇਹੀਆਂ ਨੂੰ ਮਿਲਣਗੇ। ਨਵੇਂ ਸਾਲ ਤੋਂ ਦੋ ਦਿਨ ਪਹਿਲਾਂ ਉਹ ਕੈਲੀਫੋਰਨੀਆ ਪਹੁੰਚ ਜਾਣਗੇ। ਨਿਊ ਯਾਰਕ ਵਿਚ ਉਹ ਉਥੇ ਖੇਡ ਪ੍ਰੋਮੋਟਰ ਜਗੀਰ ਸਿੰਘ ਸਬਜ਼ੀ ਮੰਡੀ ਅਤੇ ਅਸ਼ੋਕ ਕੁਮਾਰ ਹੋਰਾਂ ਕੋਲ ਰੁਕਣਗੇ। ਜਦੋਂਕਿ ਸ਼ਿਕਾਗੋ ਵਿਚ ਉਹ ਡੈਮੋਕਰੈਟ ਪਾਰਟੀ ਦੇ ਆਗੂ ਅਤੇ ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ ਦੀ ਇਲੀਨਾਏ ਇਕਾਈ ਦੇ ਚੇਅਰਮੈਨ ਸ੍ਰੀ ਨਿੱਕ ਸਿੰਘ ਗਾਖਲ ਅਤੇ ਜਸਵਿੰਦਰ ਸਿੰਘ ਖਾਖਾ ਕੋਲ ਰੁਕਣਗੇ।

ਕੈਲੀਫੋਰਨੀਆ ਪਹੁੰਚਣ 'ਤੇ ਸ੍ਰੀ ਖਹਿਰਾ ਦਾ ਸਵਾਗਤ ਯੂਨਾਈਟਿਡ ਸਪੋਰਟਸ ਕਲੱਬ ਦੇ ਸਮੂਹ ਮੈਂਬਰਾਂ ਦੇ ਨਾਲ ਮੰਗਲ ਸਿੰਘ ਭੰਡਾਲ, ਬਲਬੀਰ ਸਿੰਘ ਭਾਟੀਆ, ਇਕਬਾਲ ਸਿੰਘ ਗਾਖਲ, ਮੱਖਣ ਸਿੰਘ ਬੈਂਸ, ਜੁਗਰਾਜ ਸਿੰਘ ਸਹੋਤਾ, ਨਰਿੰਦਰ ਸਿੰਘ ਪੱਡਾ, ਕੁਲਦੀਪ ਸਿੰਘ ਮਾਨ, ਪਰਮਜੀਤ ਸਿੰਘ ਸੰਧੂ, ਨਰਿੰਦਰ ਸਿੰਘ ਸਹੋਤਾ ਅਤੇ ਹੋਰਨਾਂ ਵਲੋਂ ਕੀਤਾ ਜਾਵੇਗਾ। ਸ੍ਰੀ ਖਹਿਰਾ ਦੇ ਇਸ ਨਿਜੀ ਦੌਰੇ ਬਾਰੇ ਹੋਰ ਜਾਣਕਾਰੀ ਅਮੋਲਕ ਸਿੰਘ ਗਾਖਲ ਪਾਸੋਂ ਫੋਨ 831-247-4637 'ਤੇ ਹਾਸਲ ਕੀਤੀ ਜਾ ਸਕਦੀ ਹੈ।




ਅਮੋਲਕ ਸਿੰਘ ਗਾਖਲ



ਮੰਗਲ ਸਿੰਘ ਭੰਡਾਲ



ਜਗੀਰ ਸਿੰਘ (ਸਬਜ਼ੀ ਮੰਡੀ)



ਨਿੱਕ ਗਾਖਲ

Visit us on the web: **www.punjabtimesusa.com**

# ਸ਼੍ਰੋਮਣੀ ਕਮੇਟੀ ਦੇ ਦੋ ਮੁਲਾਜ਼ਮ ਜਾਅਲੀ ਕਰੰਸੀ ਸਣੇ ਗ੍ਰਿਫ਼ਤਾਰ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਇਮਾਰਤੀ ਵਿਭਾਗ ਦੇ ਦੋ ਮੁਲਾਜ਼ਮਾਂ ਕੋਲੋਂ ਪੁਲੀਸ ਨੇ 15 ਹਜ਼ਾਰ 400 ਰੁਪਏ ਦੀ ਜਾਅਲੀ ਭਾਰਤੀ ਕਰੰਸੀ ਬਰਾਮਦ ਕੀਤੀ ਹੈ।

ਇਸ ਸਬੰਧੀ ਪੁਲੀਸ ਵੱਲੋਂ ਕਾਬੂ ਕੀਤੇ ਗਏ ਦੋ ਵਿਅਕਤੀਆਂ ਦੀ ਸ਼ਨਾਖਤ ਸੁਰਿੰਦਰ ਸਿੰਘ ਤੇ ਅਮਨਦੀਪ ਸਿੰਘ ਵਜੋਂ ਹੋਈ ਹੈ। ਸੁਰਿੰਦਰ ਸਿੰਘ ਸ਼੍ਰੋਮਣੀ ਕਮੇਟੀ ਦੇ ਇਮਾਰਤੀ ਵਿਭਾਗ ਵਿਚ ਸਟੋਰ ਕੀਪਰ ਹੈ ਜਦੋਂਕਿ ਅਮਨਦੀਪ ਸਿੰਘ ਉਥੇ ਕੱਚਾ ਮੁਲਾਜ਼ਮ ਸੀ।

ਇਸ ਘਟਨਾ ਮਗਰੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਵੱਲੋਂ ਸੁਰਿੰਦਰ ਸਿੰਘ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ ਜਦੋਂਕਿ ਅਮਨਦੀਪ ਸਿੰਘ ਨੂੰ ਨੌਕਰੀ ਤੋਂ ਫਾਰਗ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਦੋਵੇਂ ਉਨ੍ਹਾਂ ਦੇ ਕਾਰਜਕਾਲ ਤੋਂ ਪਹਿਲਾਂ ਦੇ ਸ਼੍ਰੋਮਣੀ ਕਮੇਟੀ ਵਿਚ ਮੁਲਾਜ਼ਮ ਹਨ। ਪੁਲੀਸ ਅਨੁਸਾਰ ਦੋਵਾਂ ਦੇ ਪਾਕਿਸਤਾਨੀ ਤਸਕਰਾਂ ਨਾਲ ਸਬੰਧ ਹੋਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ।

M.K. Nijjar DDS
Ruchi Nijjar DDS

Laser Dentistry
No shots, No Drill, No Pain.
Family Dentistry
Cosmetic Dentistry

Esthetic Crowns, Bridges & Dentures Teeth Whitening * Oral Surgery Root Canal Treatments
Treatments & Prevention of Gum Diseases New Patients & Children Welcome

510-794-7058
WWW.DRNIJJAR.COM
(Across From Washigton Hospital & Bart)
1895 Mowry Ave. Ste 104 Fremont



# ਕਬੱਡੀ ਦਾ ਉਭਰਦਾ ਕੁਮੈਂਟੇਟਰ ਜਥੇਦਾਰ ਰਾਜਵਿੰਦਰ ਸਿੰਘ ਰੰਡਿਆਲਾ

ਪ੍ਰਿੰਸੀਪਲ ਸਰਵਣ ਸਿੰਘ ਦੇ ਸ਼ਬਦਾਂ ਵਿਚ ਕਬੱਡੀ ਪੰਜਾਬੀਆਂ ਦੀ ਮਾਂ ਖੇਡ ਹੈ ਅਤੇ ਪੰਜਾਬੀ ਦੁਨੀਆਂ ਵਿਚ ਜਿਥੇ ਜਿਥੇ ਵੀ ਗਏ ਹਨ ਕਬੱਡੀ ਸਦਾ ਉਨ੍ਹਾਂ ਦੇ ਅੰਗ-ਸੰਗ ਹੀ ਰਹਿੰਦੀ ਹੈ। ਕਬੱਡੀ ਦਾ ਇਤਿਹਾਸ ਵੀ ਪੰਜਾਬ ਜਿੰਨਾ ਹੀ ਪੁਰਾਣਾ ਹੈ। ਜਿਹੜੀ ਕਬੱਡੀ ਕਦੇ ਕੱਖਾਂ ਦੀ ਗਿਣੀ ਜਾਂਦੀ ਸੀ ਅੱਜ ਲੱਖਾਂ ਨਹੀਂ ਕਰੋੜਾਂ ਦੀ ਬਣ ਚੁਕੀ ਹੈ ਅਤੇ ਇਸ ਨੂੰ ਕਰੋੜਾਂ ਦੀ ਬਣਾਉਣ ਵਿਚ ਜਿਥੇ ਕਬੱਡੀ ਦੇ ਵੱਡੇ ਵੱਡੇ ਖਿਡਾਰੀਆਂ ਦਾ ਯੋਗਦਾਨ ਹੈ ਉਥੇ ਵਧੀਆ ਕੁਮੈਂਟੇਟਰਾਂ ਤੋਂ ਬਿਨਾਂ ਅਜਿਹੀ ਕਰੋੜੀ ਖੇਡ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਇਹ ਗੱਲ ਕਿਸੇ ਤੋਂ ਭੁੱਲੀ ਨਹੀਂ ਕਿ ਇਕ ਵਧੀਆ ਕਬੱਡੀ ਕੁਮੈਂਟੇਟਰ ਮਾੜੇ ਧੀੜੇ ਮੈਚ ਨੂੰ ਵੀ ਦਰਸ਼ਕਾਂ ਲਈ ਰੁਮਾਂਚਿਕ ਬਣਾ ਸਕਦਾ ਹੈ ਅਤੇ ਮਾੜਾ ਅਨਾਊਂਸਰ ਕਿਸੇ ਤੜਕੇ ਮੈਚ ਦਾ ਕਬਾੜਾ ਵੀ ਕਰ ਸਕਦਾ ਹੈ। ਖੇਡ ਪ੍ਰਸ਼ੰਸਕ ਰੇਡੀਓ ਤੋਂ ਕੀਤੀ ਜਾਂਦੀ ਜਸਦੇਵ ਸਿੰਘ ਦੀ ਕ੍ਰਿਕਟ ਅਤੇ ਹਾਕੀ ਦੀ ਕੁਮੈਂਟਰੀ ਨੂੰ ਕਦੇ ਵੀ ਨਹੀਂ ਭੁੱਲਣਗੇ ਜੋ ਅਜਿਹਾ ਰੰਗ ਬੰਨ੍ਹ ਦਿੰਦਾ ਸੀ ਕਿ ਸੁਣਨ ਵਾਲੇ ਨੂੰ ਲੱਗਦਾ ਸੀ ਕਿ ਉਹ ਰੇਡੀਓ ਤੋਂ ਕੁਮੈਂਟਰੀ ਸੁਣ ਨਹੀਂ ਰਿਹਾ ਸਗੋਂ ਮੈਚ ਖੁਦ ਅੱਖੀਂ ਦੇਖ ਰਿਹਾ ਹੈ। ਪਿਛਲੇ ਕੁਝ ਸਮੇਂ ਵਿਚ ਜੇ ਕਬੱਡੀ ਦੀ ਖੇਡ ਲੋਕਪ੍ਰਿਯ ਹੋਈ ਹੈ ਤਾਂ ਚੰਗੇ ਕੁਮੈਂਟੇਟਰਾਂ ਦੀ ਮੰਗ ਵੀ ਵਧੀ ਹੈ। ਕਬੱਡੀ ਦੀ ਕੁਮੈਂਟਰੀ ਕਰਨਾ ਕਿਸੇ ਐਰੇ-ਗੈਰੇ ਬੁਲਾਰੇ ਦਾ ਕੰਮ ਨਹੀਂ। ਇਸ ਲਈ ਰਗਾਂ ਵਿਚ ਜਾਨ, ਸ਼ਬਦਾਂ ਦੀ ਜਾਦੂਗਰੀ ਅਤੇ ਬਿੰਬ ਬੰਨ੍ਹਣ ਦੀ ਜਾਚ ਦੀ ਲੋੜ ਪੈਂਦੀ ਹੈ।

ਅੱਜ ਅਸੀਂ ਗੱਲ ਕਰਾਂਗੇ ਉਤਰੀ ਅਮਰੀਕਾ ਦੇ ਉਭਰਦੇ ਕਬੱਡੀ ਸਟਾਰ ਕੁਮੈਂਟੇਟਰ ਜਥੇਦਾਰ ਰਾਜਵਿੰਦਰ ਸਿੰਘ ਰੰਡਿਆਲਾ ਦੀ। ਰੰਡਿਆਲੇ ਨੂੰ ਮੈਂ ਜਥੇਦਾਰ ਇਸ ਕਰਕੇ ਆਖਿਆ ਹੈ ਕਿ ਉਹ ਕੁਝ ਸਮਾਂ ਪਹਿਲਾਂ ਹੀ ਅੰਮ੍ਰਿਤ ਛਕ ਕੇ ਸਿੰਘ ਸਜ ਗਿਆ ਹੈ। ਰੰਡਿਆਲੇ ਦਾ ਜਨਮ 1983 ਵਿਚ ਮੋਗਾ ਜ਼ਿਲੇ ਦੇ ਪਿੰਡ ਰੰਡਿਆਲਾ ਵਿਚ ਸ. ਗੁਰਮੇਲ ਸਿੰਘ ਦੇ ਘਰ ਅਤੇ ਸ੍ਰੀਮਤੀ ਜਸਬੀਰ ਕੌਰ ਦੀ ਕੁੱਖੋਂ ਹੋਇਆ। ਉਸ ਦਾ ਕਾਫੀ ਸਮਾਂ ਪਿੰਡ ਢੁੱਡੀਕੇ ਬੀਤਿਆ ਜਿਥੋਂ ਉਸ ਨੇ ਆਪਣੀ ਮੁਢਲੀ ਵਿਦਿਆ ਹਾਸਲ ਕੀਤੀ। ਕਾਲਜ ਦੀ ਪੜ੍ਹਾਈ ਉਸ ਨੇ ਮੋਗੇ ਤੋਂ ਪੂਰੀ ਕੀਤੀ। ਕਬੱਡੀ ਨਾਲ ਇਸ਼ਕ ਰਾਜਵਿੰਦਰ ਨੂੰ ਬਚਪਨ ਤੋਂ ਹੀ ਸੀ ਕਿਉਂਕਿ ਉਸ ਦੇ ਨਾਨਾ ਜੀ ਸ. ਮਲਕੀਤ ਸਿੰਘ ਆਪਣੇ ਜ਼ਮਾਨੇ ਦੇ ਤਕੜੇ ਕਬੱਡੀ ਖਿਡਾਰੀ ਸਨ ਜਿਨ੍ਹਾਂ ਕੋਲੋਂ ਮਹਾਨ ਕਬੱਡੀ ਖਿਡਾਰੀਆਂ ਦੀ ਖੇਡ ਬਾਰੇ ਸੁਣ ਸੁਣ ਕੇ ਬਾਲ ਰਾਜਵਿੰਦਰ ਦੇ ਮਨ ਵਿਚ ਕਬੱਡੀ ਲਈ ਪ੍ਰੇਮ ਪੈਦਾ ਹੋ ਗਿਆ। ਉਸ ਨੇ ਮਨ ਬਣਾਇਆ ਕਿ ਵੱਡਾ ਹੋ ਕੇ ਉਹ ਕਬੱਡੀ ਦਾ ਖਿਡਾਰੀ ਬਣੇਗਾ। ਉਸ ਨੇ ਕੁਝ ਸਮਾਂ ਕਬੱਡੀ ਖੇਡੀ ਵੀ ਪਰ ਹਰਨੀਆ ਦੇ ਅਪਰੇਸ਼ਨ ਕਰਕੇ ਉਸ ਨੂੰ ਇਸ ਖੇਡ ਤੋਂ ਤੌਬਾ ਕਰਨੀ ਪਈ।



ਰਾਜਵਿੰਦਰ ਸਿੰਘ ਰੰਡਿਆਲਾ

ਰੰਡਿਆਲੇ ਨੂੰ ਕਬੱਡੀ ਦੀ ਚੇਟਕ ਖੁਦ ਹੀ ਲੱਗੀ ਭਾਵੇਂ ਉਹ ਖਿਡਾਰੀ ਬਣਨ ਦੀ ਸੀ ਜਾਂ ਫਿਰ ਕੁਮੈਂਟੇਟਰ ਬਣਨ ਦੀ। ਅੱਜ ਜੋ ਕੁਝ ਵੀ ਰੰਡਿਆਲਾ ਹੈ ਉਹ ਇਸ ਦੇ ਪਿਛੇ ਸਿਰਫ ਤੇ ਸਿਰਫ ਵਾਹਿਗੁਰੂ ਦੀ ਕਿਰਪਾ ਨੂੰ ਹੀ ਮੰਨਦਾ ਹੈ ਕਿਉਂਕਿ ਇਸ ਮੁਕਾਮ 'ਤੇ ਪਹੁੰਚਣ ਲਈ ਉਸ ਨੇ ਕਦੇ ਵੀ ਕਿਸੇ ਦੀ ਮਦਦ ਨਹੀਂ ਲਈ ਸਗੋਂ ਘਰ ਵਾਲੇ ਤਾਂ ਉਸ ਨੂੰ ਇਸ ਪਾਸੇ ਤੋਂ ਹਮੇਸ਼ਾ ਹਟਕਦੇ ਰਹੇ ਹਨ ਪਰ ਆਪਣੀ ਧੁਨ ਦਾ ਪੱਕਾ ਹੋਣ ਕਾਰਨ ਰੰਡਿਆਲਾ ਆਪਣੀ ਮਸਤ ਚਾਲੇ ਚਲਦਾ ਗਿਆ ਅਤੇ ਹੁਣ ਵੀ ਚਲ ਰਿਹਾ ਹੈ ਬਿਨਾਂ ਕਿਸੇ ਦੀ ਪਰਵਾਹ ਕੀਤਿਆਂ। ਰੰਡਿਆਲੇ ਦੀ ਕੁਮੈਂਟਰੀ ਵਿਚ ਠੇਠ ਮਲਵਈ ਸ਼ਬਦਾਵਲੀ, ਗੱਲਾਂ ਅਤੇ ਟੋਟਕੇ ਉਸ ਦੇ ਆਪਣੇ ਦਿਮਾਗ ਦੀ ਕਾਢ ਹੁੰਦੇ ਹਨ। ਉਹ ਕਿਸੇ ਦੇ ਲਿਖੇ ਟੋਟਕੇ ਜਾਂ ਸ਼ੇਅਰ ਨਹੀਂ ਬੋਲਦਾ। ਇਹ ਉਸ ਦੀ ਸਿਰਜਣਾ ਸ਼ਕਤੀ ਹੀ ਆਖੀ ਜਾ ਸਕਦੀ ਹੈ। ਰੰਡਿਆਲੇ ਨੇ ਕਬੱਡੀ ਦੀ ਕੁਮੈਂਟਰੀ ਸੰਨ 2005 ਵਿਚ ਪਹਿਲੀ ਵਾਰ ਪਿੰਡ ਘੋਲੀਆਂ ਖੁਰਦ ਤੋਂ ਸ਼ੁਰੂ ਕੀਤੀ ਅਤੇ ਫਿਰ ਢੁੱਡੀਕੇ ਕੱਪ, ਕਮਾਲਪੁਰਾ ਕੱਪ, ਘੋਲੀਆਂ ਧੌਲਕੇ (ਹਰਜੀਤ ਬਰਾੜ), ਅਤੇ ਪਿੰਡ ਡਰੋਲੀ ਦੇ ਵੱਡੇ ਖੇਡ ਮੇਲਿਆਂ ਵਿਚ ਆਪਣੀ ਕੁਮੈਂਟਰੀ ਕਲਾ ਦਾ ਜੌਹਰ ਵਿਖਾਇਆ।

ਸੰਨ 2007 ਵਿਚ ਉਹ ਅਮਰੀਕਾ ਆ ਗਿਆ ਅਤੇ ਰੋਜ਼ੀ ਰੋਟੀ ਖਾਤਰ ਟਰੱਕਿੰਗ ਦੇ ਕੰਮ ਵਿਚ ਪੈ ਗਿਆ। ਉਂਜ ਕਬੱਡੀ ਪ੍ਰਤੀ ਆਪਣੇ ਪ੍ਰੇਮ ਨੂੰ ਉਸ ਨੇ ਕਦੇ ਮੱਠਾ ਨਹੀਂ ਪੈਣ ਦਿੱਤਾ ਭਾਵੇਂ ਇਸ ਲਈ ਉਸ ਨੂੰ ਕਿੰਨਾ ਵੀ ਮਾਲੀ ਨੁਕਸਾਨ ਕਿਉਂ ਨਾ ਉਠਾਉਣਾ ਪਵੇ, ਕਿਸੇ ਵੀ ਵੱਡੇ ਟੂਰਨਾਮੈਂਟ ਉਤੇ ਉਹ ਹਰ ਹਾਲ ਵਿਚ ਪਹੁੰਚਦਾ ਹੈ। ਅਮਰੀਕਾ ਵਿਚ ਉਹ ਦਰਜਨਾਂ ਛੋਟੇ ਵੱਡੇ ਖੇਡ ਮੇਲਿਆਂ ਵਿਚ ਕੁਮੈਂਟਰੀ ਕਰਨ ਤੋਂ ਇਲਾਵਾ ਹੇਵਰਡ ਵਿਚ ਹੋਏ ਵਰਲਡ ਕਬੱਡੀ ਕੱਪ ਵਿਚ ਵੀ ਲਗਾਤਾਰ ਕੁਮੈਂਟਰੀ ਕਰ ਚੁਕਾ ਹੈ। ਰਾਜਵਿੰਦਰ ਰੰਡਿਆਲਾ ਆਪਣੇ ਪਿੰਡ ਹਰ ਸਾਲ ਕਬੱਡੀ ਦਾ ਇਕ ਵੱਡਾ ਟੂਰਨਾਮੈਂਟ ਕਰਾਉਂਦਾ ਹੈ ਜਿਸ ਵਾਸਤੇ ਚੋਟੀ ਦੀਆਂ ਟੀਮਾਂ ਪਹੁੰਚਦੀਆਂ ਹਨ। ਰੰਡਿਆਲੇ ਨੂੰ ਹੁਣ ਤੱਕ ਅਨੇਕਾਂ ਮਾਣ ਸਨਮਾਨ ਮਿਲ ਚੁਕੇ ਹਨ ਜਿਸ ਨੂੰ ਉਹ ਵਾਹਿਗੁਰੂ ਅਤੇ ਦਰਸ਼ਕਾਂ ਦੀ ਕਿਰਪਾ ਸਮਝਦਾ ਹੈ।

ਵੀਹਵੀਂ ਸਦੀ ਦੇ ਮਹਾਨ ਸੂਰਬੀਰ ਯੋਧੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਪ੍ਰਤੀ ਜਥੇਦਾਰ ਰੰਡਿਆਲਾ ਦੇ ਦਿਲ ਵਿਚ ਅਥਾਹ ਸ਼ਰਧਾ ਹੈ ਅਤੇ ਉਹ ਕਹਿੰਦਾ ਹੈ ਕਿ ਉਸ ਦੇ ਹਿੱਸੇ ਤਿੰਨ ਕਿੱਲੇ ਜ਼ਮੀਨ ਆਉਂਦੀ ਹੈ ਜਿਸ ਦੀ ਕੀਮਤ ਲੱਖਾਂ ਰੁਪਏ ਹੈ। ਉਹ ਇਹ ਜ਼ਮੀਨ ਇਸ ਸ਼ਰਤ ਉਤੇ ਖੇਡ ਸਟੇਡੀਅਮ ਬਣਾਉਣ ਲਈ ਦਾਨ ਵਿਚ ਦੇਣ ਲਈ ਤਿਆਰ ਹੈ ਕਿ ਸਰਕਾਰ ਇਸ ਦਾ ਨਾਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਨਾਂ ਉਤੇ ਰੱਖੇ। ਵਾਹਿਗੁਰੂ ਉਸ ਦੀ ਇੱਛਾ ਨੂੰ ਭਾਗ ਲਾਵੇ।

ਰੰਡਿਆਲਾ ਕਬੱਡੀ ਦੇ ਅਸਤ ਹੋ ਚੁਕੇ ਸੂਰਜ ਹਰਜੀਤ ਬਰਾੜ ਨੂੰ ਹੁਣ ਤੱਕ ਦਾ ਸਭ ਤੋਂ ਵੱਡਾ ਧਾਵੀ ਮੰਨਦਾ ਹੈ ਅਤੇ ਕਹਿੰਦਾ ਹੈ ਕਿ ਅਜਿਹੇ ਵੱਡੇ ਖਿਡਾਰੀਆਂ ਨੂੰ ਮਾਂਵਾਂ ਕਦੇ ਕਦੇ ਹੀ ਜਨਮ ਦਿੰਦੀਆਂ ਹਨ। ਉਹ ਉਸ ਦੀ ਬੇਵਕਤੀ ਮੌਤ ਨੂੰ ਆਪਣੀ ਜ਼ਿੰਦਗੀ ਦੀ ਕਦੇ ਨਾ ਭੁੱਲਣਯੋਗ ਕੌੜੀ ਯਾਦ ਮੰਨਦਾ ਹੈ। ਉਸ ਦੱਸਿਆ ਕਿ ਕਿਵੇਂ ਉਹ ਆਪਣੇ ਸਾਥੀਆਂ ਸਮੇਤ ਹਰਜੀਤ ਦੇ ਭੋਗ ਵਿਚ ਸ਼ਾਮਲ ਹੋਣ ਲਈ ਆਪਣੇ ਸਕੂਲੋਂ ਭੱਜ ਗਿਆ ਸੀ ਕਿਉਂਕਿ ਉਸ ਦੀ ਅਧਿਆਪਕ ਨੇ ਉਨ੍ਹਾਂ ਨੂੰ ਉਸ ਦੇ ਭੋਗ ਵਿਚ ਸ਼ਾਮਲ ਹੋਣ ਤੋਂ ਇਨਕਾਰ ਕਰ ਦਿੱਤਾ ਸੀ।

ਰੰਡਿਆਲਾ ਬਿਨਾਂ ਸ਼ੱਕ ਕਬੱਡੀ ਦਾ ਇਕ ਬਹੁਤ ਵਧੀਆ ਅਨਾਊਂਸਰ ਹੈ ਅਤੇ ਉਸ ਦੇ ਹੋਰ ਉਪਰ ਉਠਣ ਲਈ ਬਹੁਤ ਸੰਭਾਵਨਾਵਾਂ ਮੌਜੂਦ ਹਨ, ਪਰ ਕਈ ਦਰਸ਼ਕਾਂ ਨੂੰ ਇਹ ਸ਼ਿਕਾਇਤ ਅਕਸਰ ਰਹਿੰਦੀ ਹੈ ਕਿ ਰੰਡਿਆਲਾ ਆਪਣੀ ਕੁਮੈਂਟਰੀ ਵਿਚ ਟਰੱਕਾਂ ਦੀਆਂ ਗੱਲਾਂ ਜ਼ਿਆਦਾ ਕਰਦਾ ਹੈ ਤੇ ਖਿਡਾਰੀਆਂ ਦੇ ਨਾਂ ਅਤੇ ਉਨ੍ਹਾਂ ਦੇ ਪਿਛੋਕੜ ਤੇ ਪ੍ਰਾਪਤੀਆਂ ਬਾਰੇ ਘੱਟ ਬੋਲਦਾ ਹੈ।


## ਚਲਦੇ-ਫਿਰਦੇ



ਮਨਦੀਪ ਮਾਨ
ਫੋਨ:661-889-1927

ਕਈ ਹੋਰਨਾਂ ਨੂੰ ਸ਼ਿਕਾਇਤ ਹੈ ਕਿ ਇਸ ਤਰ੍ਹਾਂ ਕਰਕੇ ਉਹ ਟਰੱਕਾਂ ਵਾਲਿਆਂ ਦੀਆਂ ਜੇਬਾਂ ਵਿਚੋਂ ਪੈਸੇ ਕਢਵਾਉਂਦਾ ਹੈ। ਪਰ ਮੈਂ ਸਮਝਦਾ ਹਾਂ ਕਿ ਖੁਦ ਟਰੱਕਿੰਗ ਬਿਜਨਸ ਵਿਚ ਹੋਣ ਕਰਕੇ ਉਸ ਦੇ ਮੂੰਹੋਂ ਸਹਿਜ ਭਾਅ ਹੀ ਟਰੱਕਿੰਗ ਨਾਲ ਸਬੰਧਤ ਗੱਲਾਂ ਨਿਕਲ ਜਾਂਦੀਆਂ ਹਨ। ਕਈ ਹੋਰਨਾਂ ਨੂੰ ਉਸ ਵਲੋਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਬਾਰੇ ਭਾਵੁਕ ਹੋ ਕੇ ਗੱਲ ਕਰਨ ਉਤੇ ਇਤਰਾਜ਼ ਹੈ ਪਰ ਮੈਂ ਸਮਝਦਾਂ ਕਿ ਇਹ ਉਸ ਦੀ ਉਨ੍ਹਾਂ ਪ੍ਰਤੀ ਸ਼ਰਧਾ ਕਰਕੇ ਹੈ। ਫਿਰ ਵੀ ਜੇਕਰ ਰੰਡਿਆਲੇ ਨੇ ਕਬੱਡੀ ਦੇ ਇਸ ਖੇਤਰ ਵਿਚ ਲੰਮੀ ਰੇਸ ਦਾ ਘੋੜਾ ਬਣਨਾ ਹੈ ਤਾਂ ਉਸ ਨੂੰ ਆਪਣੀ ਕੁਮੈਂਟਰੀ ਦਾ ਘੇਰਾ ਵਿਸ਼ਾਲ ਕਰਨਾ ਪਵੇਗਾ, ਖਿਡਾਰੀਆਂ ਬਾਰੇ ਹੋਰ ਜਾਣਕਾਰੀ ਦਰਸ਼ਕਾਂ ਨਾਲ ਸਾਂਝੀ ਕਰਨੀ ਪਵੇਗੀ। ਉਸ ਦੇ ਟਰੱਕਾਂ ਵਾਲਿਆਂ ਬਾਰੇ ਟੋਟਕੇ ਸੁਣ ਕੇ ਮੈਂ ਵੀ ਇਹੀ ਕਹਾਂਗਾ:

ਲੰਮੇ ਰੂਟ 'ਤੇ ਟਾਇਰ ਬੋਲਦਾ
ਵਧੀਆ ਗੱਡੀ ਦਾ।
ਰੰਡਿਆਲੇ ਜਿਹਾ ਅਨਾਊਂਸਰ
ਹੈ ਨਹੀਂ ਖੇਡ ਕਬੱਡੀ ਦਾ।







LONGMAN Photo Studio
HD Videography & Digital Photography
We use "FULL HD 1080" to deliver Blu-Ray or Standard DVD
Magazine style Album & CD of Pictures
All Occasions
Call
916-712-8485
916-256-8888
510-200-3976
Email: info@longmanstudios.com


Omni Video Productions
Professional Videography & Photography
of Bakersfield
For Booking & Information Contact : Shiara S. Dhindsa
Tel: 661-835-8230
Cell: 661-703-6664
email : omnivideo@hotmail.com
Your Photos Visit
www.omnivideousa.com
Panasonic DVCPRO HD P2 and Sony DVCAM Formats
Output on Blu-ray and DVD
Avid Editing Studio
Graphic Designing & Animations
3D Effects & Special Effects
Output to DVD, HD, Beta SP, VHS, S-VHS or any format
DVD Mastering & Duplication
SINGLE CAMERA & MULTI CAMERA PRODUCTION WITH LIVE MIXING
Weddings & Receptions
Anniversaries & Birthday Parties
Stage Show & TV Ads
Interviews & Documentaries
We have been serving California & Beyond for over 17 years.
NEW SERVICE
Live worldwide streaming of your events
CRANE SETUP
Format Conversions NTSC-PAL-SECAM New & Old Video to DVD DJ Service for Parties
Photography
Studio Portraits
Family Photos
Business Photography
Digital Photo Mixing
Designed Wedding Albums
Quality & Creativity


ਇਮੀਗ੍ਰੇਸ਼ਨ ਮਸਲਾ ਹੈ?
ਅਸੀਂ ਇਮੀਗ੍ਰੇਸ਼ਨ ਪ੍ਰੈਕਟਿਸ ਹੀ ਕਰਦੇ ਹਾਂ
We only practice Immigration Law
Cases published in the 9th Circuit Court of Appeals
Law Office of Inna Lipkin
Over 11 years of experience
By appointment only
ਪੰਜਾਬੀ ਜਾਂ ਹਿੰਦੀ ਵਿਚ ਗੱਲ ਕਰਨ ਲਈ ਕਾਲ ਕਰੋ
ਧਰਮ ਪਾਲ ਸ਼ਰਮਾ
ਫੋਨ:510-410-8382
For appointment call
Tel:415-672-3261
Fax: 650-364-3988
www.innalipkinimmigrationattorney.com
1690 Woodside Rd., Ste. 103, Redwood City, CA 94061


ਰੈਸਟੋਰੈਂਟ, ਰਿਟੇਲ ਸਟੋਰ, ਸੈਲੂਨ ਅਤੇ ਹੋਰ ਬਿਜ਼ਨਸਾਂ ਲਈ
ਬਿਹਤਰੀਨ ਕੈਸ਼ ਰਜਿਸਟਰ
ਸਾਡਾ ਸਿਸਟਮ ਜਰਮਨੀ ਵਿਚ ਬਣਿਆ ਹੋਇਆ ਕਿਊਰੀਅਨ ਕੰਪਨੀ ਦਾ ਹੈ
QUORION POS SYSTEM: Q TOUCH 2, CONCERTO. www.quorion.de
For Convenience Store, Billiar Clube, Pizza Parlors Fine Dinning, Fast Food
INTERFACE WITH SCALE
BUILT IN CREDIT CARD READER
Touch Screen
with linux
QUORION
No Windows
No Fans
No Hard Drive to Crash
No Freezing
No Heating up
No Moving Parts
No Headaches
User Friendly
Think of Speed and Quality
Think of Made in Germany
www.posmb.us
Sharp ER A-450T for $399.00+Tax Factory Drop Ship
And with our DVRUNLIMITED COMPANY we offer DVR systems and integration of DVR to POS. Also we have just added POSMB PAYMENT SOLUTIONS for your CREDIT CARD, and DEBIT processing.
Free Training and 12 months of Free Technical Support for every Complete POS System.
ਕਾਲ ਕਰੋ: 916-216-4200
Arvinder Sandhu (Tony)


Are Worries Keeping You Awake?
Watch Your Business AnyTime Any Place.
ALL-IN-ONE
Attention Business Owners!!
Are You Worried About Your Business When You`re Not There?
Watch your business from anywhere on iPhone with our new technology
QuikStop
Shell
ampm
ELEVEN
76
Holiday Inn
Denny's
Arby's
ਆਪਣੇ ਘਰ ਜਾਂ ਬਿਜ਼ਨਸ 'ਤੇ ਸਿਕਿਉਰਟੀ ਸਿਸਟਮ ਲਵਾਓ ਅਤੇ ਨਿਸ਼ਚਿੰਤ ਹੋ ਜਾਓ
Financing & Lease Options For 12, 24, 36 Months Available.
ਵਾਜਬ ਕੀਮਤ ਸਹੀ ਕੰਮ
DVR UNLIMITED
Call:1-(888) 233-4566 www.dvrunlimited.com

# ਗੁਰੂ ਨਾਨਕ ਪੁਰਬ 'ਤੇ ਬੇਕਰਜ਼ਫੀਲਡ ਵਿਚ ਮਹਾਨ ਨਗਰ ਕੀਰਤਨ

**ਬੇਕਰਜ਼ਫੀਲਡ (ਮਨਦੀਪ ਮਾਨ):** ਪ੍ਰਥਮ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ 541ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਇਕ ਮਹਾਨ ਨਗਰ ਕੀਰਤਨ ਗੁਰਦੁਆਰਾ ਗੁਰੂ ਅੰਗਦ ਦਰਬਾਰ ਵਲੋਂ ਲੰਘੇ ਐਤਵਾਰ ਇਥੇ ਕਰਵਾਇਆ ਗਿਆ ਜਿਸ ਵਿਚ ਨਾਖੁਸ਼ਗਵਾਰ ਮੌਸਮ ਦੀ ਪਰਵਾਹ ਨਾ ਕਰਦਿਆਂ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਸੰਗਤਾਂ ਨੇ ਹਾਜ਼ਰੀ ਭਰ ਕੇ ਆਪਣਾ ਜੀਵਨ ਸਫਲਾ ਕੀਤਾ।

ਇਸ ਤੋਂ ਪਹਿਲਾਂ ਸਨਿਚਰਵਾਰ ਦੀ ਰਾਤ ਨੂੰ ਗੁਰੂ ਘਰ ਦੇ ਕਥਾਵਾਚਕ ਭਾਈ ਗੁਰਸਾਹਿਬ ਸਿੰਘ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸਬੰਧਤ ਸਾਖੀਆਂ ਸੁਣਾ ਕੇ ਸੰਗਤਾਂ ਨੂੰ ਬਾਬੇ ਨਾਨਕ ਦਾ ਉਪਦੇਸ਼ ਦ੍ਰਿੜ ਕਰਵਾਇਆ। ਭਾਈ ਗੁਰਦੇਵ ਸਿੰਘ ਸਾਹੋਕੇ ਦੇ ਕਵੀਸ਼ਰੀ ਜਥੇ ਨੇ ਕਵੀਸ਼ਰੀ ਰਾਹੀਂ ਗੁਰ ਇਤਿਹਾਸ ਸਰਵਣ ਕਰਾਇਆ ਅਤੇ ਭਾਈ ਸੁਖਵਿੰਦਰ ਸਿੰਘ ਗਰੇਵਾਲ ਦੇ ਢਾਡੀ ਜਥੇ ਨੇ ਬੀਰ ਰਸੀ ਵਾਰਾਂ ਗਾ ਕੇ ਸਿੱਖ ਸੰਗਤਾਂ ਨੂੰ ਮਹਾਨ ਸਿੱਖ ਇਤਿਹਾਸ ਨਾਲ ਜੋੜਿਆ। ਨਗਰ ਕੀਰਤਨ ਅਰੰਭ ਹੋਣ ਤੋਂ ਪਹਿਲਾਂ ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਗੁਰਮੁਖ ਸਿੰਘ ਅਜਨਾਲਾ, ਭਾਈ ਗੁਰਮੇਜ ਸਿੰਘ ਅਤੇ ਭਾਈ ਗੁਰਪ੍ਰੀਤ ਸਿੰਘ ਦੇ ਜਥਿਆਂ ਨੇ ਇਲਾਹੀ ਬਾਣੀ ਦੇ ਰਸਭਿੰਨੇ ਕੀਰਤਨ ਨਾਲ ਸੰਗਤਾਂ ਨੂੰ ਇਲਾਹੀ ਨਾਦ ਵਿਚ ਰੰਗਿਆ। ਇਸ ਮੌਕੇ ਜਿਹੜੇ ਬੁਲਾਰਿਆਂ ਨੇ ਸੰਗਤਾਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ ਉਨ੍ਹਾਂ ਵਿਚ ਵਾਈਸ ਚੇਅਰਮੈਨ, ਐਨ ਆਰ ਆਈ ਸਭਾ ਸ. ਜਗਦੀਸ਼ ਸਿੰਘ ਢਿੱਲੋਂ, ਸਿਟੀ ਕੌਂਸਲ ਮੈਂਬਰ ਰੱਸਲ ਜਾਨਸਨ, ਸ. ਗੁਰਨਾਮ ਸਿੰਘ ਪੰਮਾ, ਸ. ਰੌਣਕ ਸਿੰਘ, ਮਨਜੀਤ ਸਿੰਘ ਸੈਕਟਰੀ, ਅਮਰੀਕ ਸਿੰਘ ਸੈਕਟਰੀ ਆਦਿ ਮੁੱਖ ਸਨ।

ਨਗਰ ਕੀਰਤਨ ਬਾਅਦ ਦੁਪਹਿਰ 2 ਵਜੇ ਗੁਰਦੁਆਰਾ ਗੁਰੂ ਅੰਗਦ ਦਰਬਾਰ ਤੋਂ ਰਵਾਨਾ ਹੋਇਆ। ਫੁੱਲਾਂ ਨਾਲ ਸਜਾਈ ਗਈ ਪਾਲਕੀ ਵਿਚ ਸੁਸ਼ੋਭਿਤ ਗੁਰੂ ਮਹਾਰਾਜ ਦੀ ਸਵਾਰੀ ਦੀ ਅਗਵਾਨੀ ਰਵਾਇਤੀ ਸ਼ਸਤਰਾਂ-ਬਸਤਰਾਂ ਨਾਲ ਸਜੇ ਪੰਜ ਪਿਆਰੇ ਕਰ ਰਹੇ ਸਨ। ਗੁਰੂ ਮਹਾਰਾਜ ਦੀ ਸਵਾਰੀ ਦੇ ਅੱਗੇ ਅੱਗੇ ਗੁਰੂ ਕੀਆਂ ਸੰਗਤਾਂ ਝਾੜੂ ਨਾਲ ਸਫਾਈ ਕਰ ਰਹੀਆਂ ਸਨ ਅਤੇ ਪਵਿੱਤਰ ਜਲ ਤਰੌਂਕ ਰਹੀਆਂ ਸਨ। ਮੁੱਖ ਫਲੋਟ ਤੋਂ ਇਲਾਹੀ ਬਾਣੀ ਦਾ ਕੀਰਤਨ ਬੇਕਰਜ਼ਫੀਲਡ ਦੀ ਫਿਜ਼ਾ ਵਿਚ ਵਿਸਮਾਦੀ ਰੰਗ ਘੋਲ ਰਿਹਾ ਸੀ। ਸੰਗਤਾਂ ਪੂਰੀ ਸ਼ਰਧਾ ਵਿਚ ਵਾਹਿਗੁਰੂ ਦਾ ਜਾਪ ਕਰਦਿਆਂ ਨਗਰ ਕੀਰਤਨ ਦੇ ਨਾਲ ਚੱਲ ਰਹੀਆਂ ਸਨ। ਅੱਛੀ ਖਾਸੀ ਠੰਡ ਅਤੇ ਬੱਦਲਵਾਈ ਦੇ ਬਾਵਜੂਦ ਸੰਗਤਾਂ ਦੇ ਉਤਸ਼ਾਹ ਵਿਚ ਕਿਧਰੇ ਰੰਚ ਮਾਤਰ ਵੀ ਕਮੀ ਮਹਿਸੂਸ ਨਹੀਂ ਹੋਈ। ਸਿੱਖੀ ਰਵਾਇਤ ਮੁਤਾਬਕ ਭਾਂਤ ਸੁਭਾਂਤੇ ਭੋਜਨ ਪਦਾਰਥਾਂ ਦੇ ਲੰਗਰ ਨਾਲ ਸੰਗਤਾਂ ਦੀ ਸੇਵਾ ਕਰਨ ਪ੍ਰਤੀ ਸ਼ਰਧਾਲੂਆਂ ਦਾ ਉਤਸ਼ਾਹ ਵੀ ਵੇਖਿਆਂ ਹੀ ਬਣਦਾ ਸੀ। ਕਿਧਰੇ ਛੋਲ ਭਠੂਰੇ 'ਵਾਜਾਂ ਮਾਰ ਮਾਰ ਪਰੋਸੇ ਜਾ ਰਹੇ ਸਨ, ਕਿਧਰੇ ਗਰਮਾ ਗਰਮ ਜਲੇਬੀਆਂ ਵਰਤਾਈਆਂ ਜਾ ਰਹੀਆਂ ਸਨ, ਕਿਧਰੇ ਗੰਨੇ ਦਾ ਰਸ, ਸਮੋਸੇ, ਪਕੌੜੇ ਅਤੇ ਗਰਮਾ ਗਰਮ ਚਾਹ ਸ਼ਰਧਾਲੂਆਂ ਨੂੰ ਪੇਸ਼ ਕੀਤੀ ਜਾ ਰਹੀ ਸੀ। ਗਤਕਾ ਖਿਡਾਰੀ ਇਸ ਮਾਰਸ਼ਲ ਆਰਟ ਦੇ ਜੌਹਰ ਵਿਖਾ ਕੇ ਸੰਗਤਾਂ ਨੂੰ ਅਚੰਭੇ ਵਿਚ ਪਾ ਰਹੇ ਸਨ।



ਗੁਰੂ ਮਹਾਰਾਜ ਦੇ ਫਲੋਟ ਦੇ ਪਿਛੇ ਵੱਖ ਵੱਖ ਧਾਰਮਿਕ ਤੇ ਸਮਾਜਿਕ ਜਥੇਬੰਦੀਆਂ ਦੇ ਫਲੋਟ ਚੱਲ ਰਹੇ ਸਨ, ਇਨ੍ਹਾਂ ਵਿਚ ਐਨ ਆਰ ਆਈ ਸਭਾ, ਅਮਰੀਕਾ, ਅਕਾਲੀ ਦਲ (ਬਾਦਲ) ਅਤੇ ਗੁਰੂ ਨਾਨਕ ਮਿਸ਼ਨ ਦੇ ਫਲੋਟ ਵੀ ਸ਼ਾਮਲ ਸਨ ਜੋ ਹਰ ਇਕ ਦਾ ਧਿਆਨ ਆਪਣੇ ਵੱਲ ਖਿੱਚ ਰਹੇ ਸਨ। ਨਗਰ ਕੀਰਤਨ ਦੇ ਸਾਰੇ ਰੂਟ ਦਾ ਬਹੁਤ ਵਧੀਆ ਤਰੀਕੇ ਨਾਲ ਬੰਦੋਬਸਤ ਕੀਤਾ ਗਿਆ ਸੀ। ਸ਼ਹਿਰ ਦੀਆਂ ਵੱਖ ਵੱਖ ਸੜਕਾਂ ਤੋਂ ਦੀ ਹੁੰਦਾ ਹੋਇਆ ਨਗਰ ਕੀਰਤਨ ਦੇਰ ਸ਼ਾਮ ਵਾਪਸ ਗੁਰੂ ਘਰ ਆ ਕੇ ਸਮਾਪਤ ਹੋਇਆ।

ਗੁਰੂ ਘਰ ਦੇ ਅਹਾਤੇ ਅੰਦਰ ਖਰੀਦਦਾਰੀ ਦੇ ਭਾਂਤ ਸੁਭਾਂਤੇ ਸਟਾਲ ਲੱਗੇ ਹੋਏ ਸਨ। ਕਿਧਰੇ ਕੋਈ ਪੁਸਤਕਾਂ ਖਰੀਦ ਰਿਹਾ ਸੀ ਤੇ ਕਿਧਰੇ ਕੋਈ ਤਸਵੀਰਾਂ, ਕੋਈ ਕੱਪੜੇ ਅਤੇ ਕੋਈ ਖਿਡੌਣੇ ਖਰੀਦ ਰਿਹਾ ਸੀ ਪਰ ਸਭ ਤੋਂ ਵੱਧ ਵਿਕਰੀ ਕੰਬਲਾਂ ਦੀ ਹੋਈ ਸ਼ਾਇਦ ਉਸ ਦਿਨ ਦੀ ਠੰਡ ਕਰਕੇ ਜਾਂ ਆ ਰਹੀ ਠੰਡ ਦੇ ਪੇਸ਼ਗੀ ਪ੍ਰਬੰਧ ਕਰਕੇ। ਹਰ ਦੂਜੇ ਚੌਥੇ ਬੰਦੇ ਦੇ ਹੱਥ ਕੰਬਲ ਫੜ੍ਹਿਆ ਨਜ਼ਰ ਆਉਂਦਾ ਸੀ ਜਿਵੇਂ ਕਿਤੇ ਫੌਜ ਵਿਚ ਭਰਤੀ ਹੋਣ ਚੱਲੇ ਹੋਣ।

ਇਸ ਮੌਕੇ ਹਾਜ਼ਰ ਪਤਵੰਤੇ ਸੱਜਣਾਂ ਵਿਚ ਵਿਸ਼ੇਸ਼ ਤੇਜਪਾਲ ਨਿਕਸਨ, ਮਨਜੋਤ ਰਾਏ, ਗੁਰਸੇਵਕ ਬਰਾੜ, ਭਰਪੂਰ ਬਰਾੜ, ਸਿਕੰਦਰ ਗਰੇਵਾਲ, ਦਲਜੀਤ ਸੰਧੂ, ਰਾਜਿੰਦਰ ਗਿੱਲ, ਜਗਤਾਰ ਨੰਬਰਦਾਰ, ਦੀਪਾ ਢੀਂਡਸਾ, ਜੀਤਾ ਢਿੱਲੋਂ, ਲੱਕੀ, ਜੀਤਾ ਮਾਣਕ, ਕੁਲਵਿੰਦਰ ਸਿੰਘ ਖਜ਼ਾਨਚੀ, ਸੁਖਵੀਰ ਸਿੰਘ ਸੰਧੂ (ਪ੍ਰਧਾਨ ਗੁਰੂ ਘਰ), ਛਿੰਦਾ ਉਪਲ, ਅਜੀਤ ਸਿੰਘ ਬਸਰਾ, ਮਲਕੀਤ ਸਿੰਘ ਮੈਂਬਰ, ਗੁਰਪ੍ਰੀਤ ਰਾਏ, ਪਾਲਾ ਮੰਨਣ, ਬਲਜੀਤ ਧੂਤ, ਕੁਲਦੀਪ ਬਾਠ, ਅਰਵਿੰਦਰ ਸਿੰਘ ਲਾਖਨ, ਸੁੱਖਾ ਪ੍ਰਧਾਨ, ਧੰਨਾ ਸਿੰਘ ਬਾਜਵਾ, ਬਲਵੀਰ ਸਿੰਘ ਸਿੱਧੂ, ਜਗਸ਼ਰਨ ਸਿੰਘ, ਕੁਲਦੀਪ ਬਿੱਲੂ, ਜਗਮੀਤ ਮਾਨ, ਹੈਰੀ ਗਿੱਲ, ਸੁੱਖੀ ਘੁੰਮਣ, ਮਹਿੰਦਰ ਧਾਲੀਵਾਲ, ਰੁਪਿੰਦਰ ਸਿੰਘ ਝੱਜ, ਬਲਜੀਤ ਸਿੰਘ ਨਿਰਵਾਣ, ਵਿਨੋਦ ਕੰਬੋਜ, ਬਲਜੀਤ ਭੁੱਟੋ, ਪਾਲ ਗਰੇਵਾਲ, ਭੁਪਿੰਦਰ ਸਿੰਘ ਸੈਕਟਰੀ ਸ਼ਾਮਲ ਸਨ।
























# ਗੁਰੂ ਸਾਹਿਬਾਨ ਦੇ ਚਿੱਤਰ ਬਣਾਉਂਦਿਆਂ

**ਸੋਭਾ ਸਿੰਘ**

ਗੁਰੂ ਸਾਹਿਬਾਨ ਦੇ ਚਿੱਤਰ ਬਣਾਉਣ ਲੱਗਿਆਂ ਮੇਰੇ ਦਿਲ ਵਿਚ ਇਕ ਭਗਤ ਦੀ ਅਰਾਧਨਾ, ਕਲਾਕਾਰ ਦੀ ਰੀਝ ਅਤੇ ਗੁਰਸਿੱਖ ਦੀ ਸ਼ਰਧਾ ਹੁੰਦੀ ਹੈ ਅਤੇ ਮੈਂ ਪਹਿਲੇ ਪੈਂਸਲ ਨਾਲ ਕੈਨਵਸ 'ਤੇ ਪਾਏ ਹੋਏ ਪੂਰਨਿਆਂ 'ਤੇ, ਰੰਗਾਂ 'ਤੇ ਬੁਰਸ਼ਾਂ ਨਾਲ ਤਕਨੀਕੀ ਕਲਾਬਾਜ਼ੀਆਂ ਕਰ ਲੈਂਦਾ/ਦਿੰਦਾ ਹਾਂ। ਲਾਈਨ 'ਤੇ ਲਾਈਨ ਅਤੇ ਰੰਗ 'ਤੇ ਰੰਗ ਲਾਈ ਜਾਂਦਾ ਹਾਂ ਪਰ ਇਸ ਆਸ 'ਤੇ ਕਿ ਕਦੇ ਨਾ ਕਦੇ ਉਹ ਸੁਲੱਖਣੀ ਘੜੀ ਜ਼ਰੂਰ ਆਵੇਗੀ ਜਦ ਮੇਰੇ ਵਿਚੋਂ ਮੈਂ ਨਿਕਲ ਕੇ ਗੁਰੂ ਆ ਵਸਣਗੇ ਅਤੇ ਫੇਰ ਜੋ ਕੁਝ ਹੋਵੇਗਾ ਉਹ ਕਲਾ ਦੀ ਕ੍ਰਿਤ ਹੋਵੇਗੀ।

ਮੇਰਾ ਤਰਲਾ ਇਹ ਹੁੰਦਾ ਹੈ ਕਿ ਜੋ ਮੇਰੇ ਅੰਦਰ ਬਚਪਨ ਤੋਂ ਸਾਖੀਆਂ ਰਾਹੀਂ, ਸੁਣਿਆ ਜਾਂ ਪੜ੍ਹਿਆ, ਗੁਰੂ ਨਾਨਕ ਦੇਵ ਜਾਂ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਸਮਾਏ ਹੋਏ ਹਨ, ਉਹ ਕੈਨਵਸ 'ਤੇ ਉਘੜ ਆਉਣ ਪਰ ਇਹ ਮੇਰਾ ਤਰਲਾ ਹੀ ਹੁੰਦਾ ਹੈ, ਜ਼ੋਰ ਨਹੀਂ।

ਜਦੋਂ ਮੇਰੀ ਸਿਕ ਤੇ ਨਿਮਰਤਾ ਏਨੀ ਪ੍ਰਬਲ ਹੋ ਉਠਦੀ ਹੈ ਕਿ ਮੇਰੀ ਸਾਰੀ ਦੀ ਸਾਰੀ ਹੋਂਦ ਗੁਰੂ ਸਾਹਿਬ ਦੇ ਪਿਆਰ ਵਿਚ ਗੜੁੱਚ ਹੋ ਜਾਂਦੀ ਹੈ ਅਤੇ ਸੁਤੇ ਸਿਧ ਹੀ ਕੋਈ ਬੁਰਸ਼ ਦੀ ਅਜਿਹੀ ਛੋਹ ਵੱਜ ਜਾਂਦੀ ਹੈ, ਜਿਸ ਸਦਕਾ ਮੇਰੀ ਆਤਮਾ ਵਿਸਮਾਦ ਰੂਪ ਹੋ ਉਠਦੀ ਹੈ। ਫੇਰ ਜੋ ਕੁਝ ਮੈਥੋਂ ਕਰਵਾਇਆ ਜਾਂਦਾ ਹੈ, ਸਹਿਜ ਵਿਚ ਹੁੰਦਾ ਹੈ ਅਤੇ ਹੁੰਦਾ ਚਲਾ ਜਾਂਦਾ ਹੈ। ...ਕਰਦੇ ਕਰਦੇ ਕਈ ਵੇਰ ਅਜਿਹਾ ਟੱਚ ਵੀ ਵੱਜ ਜਾਂਦਾ ਹੈ ਜਿਸ ਨਾਲ ਮੇਰੀ ਬਿਰਤੀ ਉਖੜ ਜਾਂਦੀ ਹੈ ਤਾਂ ਕੋਈ ਐਸਾ ਟੱਚ ਵੱਜ ਜਾਂਦਾ ਹੈ ਕਿ ਮੈਨੂੰ ਤਸਵੀਰ ਛੱਡਣੀ ਪੈਂਦੀ ਹੈ। ਕਈ ਫੇਰ (ਵਾਰ) ਉਸ ਅਯੋਗ ਟੱਚ ਨੂੰ ਯੋਗ ਬਣਾਉਣ ਵਾਸਤੇ ਤਰਲਾ ਵੀ ਲੈਂਦਾ ਹਾਂ ਪਰ ਬਹੁਤੀ ਫੇਰ ਤਰਲੇ ਨਿਸਫਲ ਹੁੰਦੇ ਹਨ ਅਤੇ ਮੈਂ ਤਸਵੀਰ ਨੂੰ ਈਜ਼ਲ ਤੋਂ ਚੁੱਕ ਕੇ ਦੀਵਾਰ 'ਤੇ ਲਟਕਾ ਦਿੰਦਾ ਹਾਂ। ਫੇਰ ਉਸ ਸੁਲੱਖਣੀ ਘੜੀ ਦੀ ਉਡੀਕ ਵਿਚ ਰਹਿੰਦਾ ਹਾਂ ਜਦ ਫੇਰ ਮੈਨੂੰ ਪ੍ਰੇਰਨਾ ਮਿਲੇ ਅਤੇ ਮੈਂ ਉਸ 'ਤੇ ਕੰਮ ਕਰ ਸਕਾਂ।

ਉਹ ਘੜੀ ਕਈ ਫੇਰ, ਕਈ ਦਿਨਾਂ ਪਿੱਛੋਂ ਹੀ ਨਹੀਂ ਸਗੋਂ ਮਹੀਨਿਆਂ ਜਾਂ ਸਾਲਾਂ ਪਿੱਛੋਂ ਆਉਂਦੀ ਹੈ ਜਦ ਮੈਨੂੰ ਫੇਰ ਉਸ 'ਤੇ ਕੰਮ ਕਰਨ ਦਾ ਸੁਭਾਗ ਮਿਲਦਾ ਹੈ।

ਇਸ ਦੌਰਾਨ ਮੈਂ ਹੋਰ ਤਸਵੀਰਾਂ ਬਣਾਉਂਦਾ ਰਹਿੰਦਾ ਹਾਂ, ਉਸੇ ਭਾਵਨਾ ਨਾਲ, ਉਸੇ ਆਸ 'ਤੇ।

ਇਕ ਤਸਵੀਰ ਸਾਹਿਬ ਗੁਰੂ ਹਰਗੋਬਿੰਦ ਜੀ ਦੀ ਮੇਰੇ ਸਾਹਮਣੇ 1952 ਤੋਂ ਟੰਗੀ ਰਹੀ ਹੈ, ਜੋ ਦਰਸ਼ਕਾਂ ਨੂੰ ਤਾਂ ਸ਼ਾਇਦ ਸੰਪੂਰਨ ਹੀ ਲਗਦੀ ਹੋਵੇ ਪਰ ਮੈਂ ਆਪ ਅਜੇ ਇਸ ਸਬੰਧੀ ਸੰਤੁਸ਼ਟ ਨਹੀਂ ਹੋ ਸਕਿਆ। (ਅਸਲ ਵਿਚ ਗੁਰੂ ਛੇਵੇਂ ਪਾਤਸ਼ਾਹ ਦੀ ਤਸਵੀਰ ਹੈ ਵੀ ਅਤਿ ਮੁਸ਼ਕਲ ਕਿਉਂਕਿ ਇਨ੍ਹਾਂ ਵਿਚ ਗੁਰੂ ਨਾਨਕ ਦੇਵ ਮਹਾਰਾਜ ਦੀ ਧੀਰਜ ਤੇ ਮਸਤੀ ਵੀ ਚਾਹੀਦੀ ਹੈ ਅਤੇ ਦਸਮ ਪਾਤਸ਼ਾਹ ਜੀ ਦੀ ਮਸਤੀ ਤੇ ਵੀਰਤਾ ਵੀ) ਇਸ ਤਸਵੀਰ ਨੂੰ ਕਈ ਵਾਰ ਬੁਰਸ਼ ਦੀ ਛੋਹ ਦੇ ਬੈਠਾ ਹਾਂ ਅਤੇ ਅੱਗੇ ਨਾਲੋਂ ਚੰਗੀ ਵੀ ਹੋ ਗਈ ਹੈ ਪਰ ਅਜੇ ਹੋਰ ਚੰਗੇਰੀ ਬਣਾਉਣ ਤੇ ਜੀਅ ਕਰਦਾ ਹੈ, ਕਿਉਂਕਿ ਸਾਡੀ ਤਕਨੀਕ ਤੇ ਸਾਡੀ ਭਾਵਨਾ ਸਾਡੀ ਸਾਧਨਾ ਦੇ ਨਾਲ ਨਾਲ ਉਚੇਰੇ ਹੁੰਦੇ ਰਹਿੰਦੇ ਹਨ।

ਕਲਾ ਦਾ ਕਰਤਵ ਮਨੁੱਖ ਦੇ ਅੰਦਰਲੇ ਸ਼ੈਤਾਨ ਜਾਂ ਸੰਤ ਭਾਵਨਾ ਨੂੰ ਟੁੰਬਣਾ ਹੈ। ਤਸਵੀਰ ਤੋਂ ਹਰ ਦਰਸ਼ਕ ਚੰਗੀ ਜਾਂ ਭੈੜੀ ਪ੍ਰੇਰਨਾ ਲੈਂਦਾ ਰਹਿੰਦਾ ਹੈ ਤੇ ਇਸ ਦੇ ਪ੍ਰਭਾਵ ਅਨੁਸਾਰ ਚੰਗੇਰਾ ਬਣਦਾ ਰਹਿੰਦਾ ਹੈ, ਅਤੇ ਇਸ ਦੇ ਪ੍ਰਭਾਵ ਅਨੁਸਾਰ ਚੰਗੇਰਾ ਜਾਂ ਮੰਦੇਰਾ ਬਣਦਾ ਰਹਿੰਦਾ ਹੈ। ਦੂਜੇ, ਇਸ ਵਾਸਤੇ ਸ਼ਬਦਾਵਲੀ ਦੀ ਲੋੜ ਨਹੀਂ ਪੈਂਦੀ ਅਤੇ ਸਾਡਾ ਆਚਾਰ ਅਚੇਤ ਤੌਰ 'ਤੇ ਹੀ ਬਣਦਾ ਰਹਿੰਦਾ ਹੈ। ਕਿਤਾਬ ਨੂੰ ਪੜ੍ਹ ਕੇ ਉਸ ਤੋਂ ਅਨੁਭਵੀ ਤਸਵੀਰ ਬਣਾਉਣੀ ਪੈਂਦੀ ਹੈ ਪਰ ਤਸਵੀਰ ਹਰ ਵੇਲੇ ਕੰਧ 'ਤੇ ਟੰਗੀ, ਸਾਡੇ 'ਤੇ ਪ੍ਰਭਾਵ ਪਾਉਂਦੀ ਰਹਿੰਦੀ ਹੈ।

ਅਸੀਂ ਗੁਰਬਾਣੀ ਦੇ ਉਲਥਿਆਂ ਅਤੇ ਟੀਕਿਆਂ 'ਤੇ ਬੜਾ ਜ਼ੋਰ ਦੇ ਰਹੇ ਹਾਂ ਪਰ ਉਲਥਾ ਤਾਂ ਵਾਰਤਕ ਦਾ ਕਰਨਾ ਵੀ ਮੁਸ਼ਕਲ ਹੈ ਕਿਉਂਕਿ ਹਰ ਜ਼ਬਾਨ ਆਪਣੀ ਕਲਚਰ ਦੇ ਆਧਾਰ 'ਤੇ ਬਣਾਈ ਜਾਂਦੀ ਹੈ। ਦੂਜੀ ਕਲਚਰ ਵਿਚ ਸ਼ਾਇਦ ਅਜਿਹੇ ਸ਼ਬਦ ਹੀ ਨਾ ਮਿਲ ਸਕਦੇ ਹੋਣ ਜੋ ਉਸ ਭਾਵ ਨੂੰ ਪ੍ਰਗਟਾ ਸਕਣ। ਤਦ ਫੇਰ ਗੁਰਬਾਣੀ ਦਾ ਉਲਥਾ ਕਿਵੇਂ ਕੀਤਾ ਜਾ ਸਕਦਾ ਹੈ? ਕਿਉਂਕਿ ਗੁਰਬਾਣੀ ਦੇ ਵਧੇਰੇ ਭਾਗ ਕਵਿਤਾ ਨਹੀਂ ਸਗੋਂ ਰਮਜ਼ ਹੈ, ਰਮਜ਼ ਦਾ ਉਲਥਾ ਕਿਵੇਂ ਕਰੋਗੇ? ਮਿਸਾਲ ਦੇ ਤੌਰ 'ਤੇ ਗੁਰਬਾਣੀ ਤੇ ਜਪੁਜੀ ਸਾਹਿਬ ਦੀ 35ਵੀਂ ਪਉੜੀ "ਜਤ ਪਾਹਾਰਾ ਧੀਰਜ ਸੁਨਿਆਰ..." ਇਸ ਵਿਚ ਤੁਹਾਨੂੰ ਕਿਰਿਆ ਹੀ ਕੋਈ ਨਹੀਂ ਮਿਲਦੀ ਕਿਉਂਕਿ ਇਹ ਕਵਿਤਾ ਨਹੀਂ, ਰਮਜ਼ ਹੈ। ਰਮਜ਼ ਨੂੰ ਕੇਵਲ ਸਾਧਕ ਜਾਂ ਸ਼ਰਧਾਲੂ ਹੀ ਸਮਝ ਸਕਦਾ ਹੈ, ਦੂਜਾ ਨਹੀਂ।


ਦੂਜੇ ਲਓ ਟੀਚਾ। ਜਦ ਅਸੀਂ ਗੁਰੂ ਨੂੰ ਹੀ ਨਹੀਂ ਸਮਝ ਸਕਦੇ ਤਾਂ ਉਸ ਦੇ ਆਸ਼ੇ ਨੂੰ ਕਿਵੇਂ ਸਮਝ ਸਕਦੇ ਹਾਂ? ਹਾਂ, ਗੁਰੂ ਦੇ ਹੁਕਮ ਨੂੰ ਮੰਨ ਸਕਦੇ ਹਾਂ ਅਤੇ ਉਸ ਹੁਕਮ ਨੂੰ ਮੰਨ ਕੇ ਆਪਣਾ ਜੀਵਨ ਉਚੇਰਾ ਕਰ ਸਕਦੇ ਹਾਂ, ਗੁਰੂ ਨੂੰ ਸਮਝ ਨਹੀਂ ਸਕਦੇ!

ਗੁਰੂ ਸਾਡੇ ਵਾਸਤੇ ਏਵੇਂ ਹੀ ਹਨ ਜਿਵੇਂ ਕੋਈ ਐਮ.ਏ. ਦਾ ਪ੍ਰੋਫੈਸਰ ਆ ਕੇ ਦੂਜੀ ਜਮਾਤ ਜਾਂ ਉਚੇਰੀ ਜਮਾਤਾਂ ਦੇ ਵਿਦਿਆਰਥੀਆਂ ਨੂੰ ਪੜ੍ਹਾ ਜਾਵੇ। ਅਸੀਂ ਪ੍ਰੋਫੈਸਰ ਦਾ ਸਬਕ ਤਾਂ ਸਮਝ ਸਕਦੇ ਹਾਂ, ਪ੍ਰੋਫੈਸਰ ਨੂੰ ਨਹੀਂ।

ਪਰ ਜੇ ਤਸਵੀਰਾਂ (ਤਸਵੀਰਾਂ ਜੋ ਸ਼ਰਧਾ ਤੇ ਭਗਤੀ ਦੀ ਕ੍ਰਿਤ ਹੋਣ) ਰਾਹੀਂ ਸਾਡੇ ਅੰਦਰਲੇ ਸੰਤ ਨੂੰ ਟੁੰਬਿਆ ਜਾਵੇ ਅਤੇ ਗੁਰੂ ਸਾਹਿਬਾਨ ਦੀ ਪੂਰਨਤਾ ਤੇ ਭਰਪੂਰਤਾ ਨਾਲ ਪਿਆਰ ਹੋ ਜਾਵੇ ਤਾਂ ਗੁਰੂ ਸਾਹਿਬਾਨ ਦੀ ਬਾਣੀ ਦੁਆਰਾ ਸੁਚੱਜੇ ਜੀਵਨ ਲਈ ਪਾਏ ਹੋਏ ਪੂਰਨਿਆਂ ਤੇ ਦਿੱਤੇ ਹੋਏ ਸੁਝਾਵਾਂ 'ਤੇ ਚੱਲ ਕੇ ਅਸੀਂ ਆਪਣਾ ਜੀਵਨ ਸੁਧਾਰ ਸਕਦੇ ਹਾਂ, ਅਤੇ ਅਸੀਂ ਉਸ ਅਵਸਥਾ ਵਿਚ ਉਨ੍ਹਾਂ ਦੀਆਂ ਰਮਜ਼ਾਂ ਵੀ ਸਮਝ ਸਕਾਂਗੇ।

ਗੁਰੂ ਸਾਹਿਬਾਨ ਦੀ ਬਾਣੀ ਨੂੰ ਸਮਝਣ ਜਾਂ ਮਾਨਣ ਲਈ ਉਨ੍ਹਾਂ ਦੀ ਸ਼ਖ਼ਸੀਅਤ ਨਾਲ ਪਿਆਰ ਜ਼ਰੂਰੀ ਹੈ। ਪਿਆਰ ਪਾਉਣ ਲਈ ਸਾਡੇ ਅੰਦਰਲੇ ਸੰਤ ਦੀ ਜਾਗਰੂਕਤਾ ਜ਼ਰੂਰੀ ਹੈ। ਤਸਵੀਰ ਸਾਡੇ ਅੰਦਰਲੇ ਸੰਤ ਨਾਲ ਇਕ ਰੂਪ ਹੋ ਕੇ ਟੁੰਬਣਾ ਦੇ ਸਕਦੀ ਹੈ ਪਰ ਜ਼ਰੂਰੀ ਹੈ ਕਿ ਤਸਵੀਰ ਗੁਰੂ ਸਾਹਿਬਾਂ ਦੀ ਸ਼ਖ਼ਸੀਅਤ ਨਾਲ ਮੇਲ ਖਾਂਦੀ ਹੋਵੇ।

ਪਾਠਕਾਂ ਵਿਚੋਂ ਬਹੁਤ ਸਾਰੇ ਸੱਜਣਾਂ ਨੇ ਮਹਾਰਾਜ ਦਾ ਜੋ ਪ੍ਰਕਾਸ਼ ਆਪਣੀ ਸ਼ਰਧਾ ਦ੍ਰਿਸ਼ਟੀ ਨਾਲ ਅਨੁਭਵ ਕੀਤਾ ਹੈ, ਮੇਰੀ ਅਰਦਾਸ ਹੈ ਕਿ ਉਹ ਪ੍ਰਕਾਸ਼ ਮੈਂ ਕੈਨਵਸ 'ਤੇ ਰੂਪਮਾਨ ਕਰ ਸਕਾਂ। ਇਹੋ ਮੇਰਾ ਆਦਰਸ਼ ਹੈ, ਇਹੋ ਮੇਰਾ ਧਰਮ ਤੇ ਇਹੋ ਮੇਰੀ ਮਾਲਾ ਹੈ।



*ਸ. ਸੋਭਾ ਸਿੰਘ ਅਰਟਿਸਟ 1984 ਵਿਚ ਆਪਣੇ ਇੰਗਲੈਂਡ ਦੌਰੇ ਦੌਰਾਨ ਗੁਰੂ ਗੋਬਿੰਦ ਸਿੰਘ ਜੀ ਦੀ ਤਸਵੀਰ ਨੂੰ ਅੰਤਿਮ ਛੋਹਾਂ ਦਿੰਦੇ ਹੋਏ*

# ਭਾਈ ਕਾਸ਼ਤੀਵਾਲ ਦੀ 18ਵੀਂ ਬਰਸੀ ਮੌਕੇ ਸੈਂਕੜੇ ਸ਼ਹੀਦ ਸਿੰਘਾਂ ਦੀਆਂ ਮਾਤਾਵਾਂ ਦਾ ਸਨਮਾਨ

**ਅੰਮ੍ਰਿਤਸਰ:** ਖਾੜਕੂ ਸਫਾਂ ਵਿਚ ਮੋਹਰੀ ਰੋਲ ਅਦਾ ਕਰਨ ਵਾਲੇ ਸ਼ਹੀਦ ਭਾਈ ਧਰਮ ਸਿੰਘ ਕਾਸ਼ਤੀਵਾਲ ਤੇ ਉਨ੍ਹਾਂ ਦੇ ਭਰਾ ਭਾਈ ਸਾਹਿਬ ਸਿੰਘ ਕਾਸ਼ਤੀਵਾਲ ਦੀ 18ਵੀਂ ਬਰਸੀ ਮੌਕੇ ਭਾਈ ਧਰਮ ਸਿੰਘ ਖਾਲਸਾ ਟਰੱਸਟ ਵਲੋਂ ਵਿਸ਼ਾਲ



*ਸ਼ਹੀਦ ਭਾਈ ਹਰਜਿੰਦਰ ਸਿੰਘ ਦੀ ਮਾਤਾ ਗੁਰਨਾਮ ਕੌਰ ਦਾ ਸਨਮਾਨ*

ਸ਼ਹੀਦੀ ਸਮਾਗਮ ਸੁਲਤਾਨਵਿੰਡ ਦੇ ਇਤਿਹਾਸਕ ਗੁਰਦੁਆਰਾ ਅਟਾਰੀ ਸਾਹਿਬ ਵਿਖੇ ਕੀਤਾ ਗਿਆ।

ਇਸ ਮੌਕੇ ਜੁੜੇ ਇਕੱਠ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਦੇ ਆਗੂ ਭਾਈ ਬਲਵਿੰਦਰ ਸਿੰਘ ਝਬਾਲ ਨੇ ਕਿਹਾ ਕਿ ਸ਼ਹੀਦ ਕੌਮ ਦੇ ਸਰਮਾਇਆ ਹਨ। ਸਾਡੇ ਪੰਥ ਨੂੰ ਚੜਦੀ ਕਲਾ ਵਿਚ ਰੱਖਣ ਲਈ ਸ਼ਹੀਦਾਂ ਦਾ ਵੱਡਾ ਯੋਗਦਾਨ ਹੈ। ਉਨ੍ਹਾਂ ਨੇ ਖਾਲਸਾ ਫਤਿਹਨਾਮਾ ਦੇ ਸੰਪਾਦਕ ਭਾਈ ਬਲਜੀਤ ਸਿੰਘ ਖਾਲਸਾ ਤੇ ਬੀਬੀ ਸੰਦੀਪ ਕੌਰ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਮੌਜੂਦਾ ਸਮੇਂ ਵਿਚ ਇਨ੍ਹਾਂ ਦਾ ਪੰਥਕ ਸੰਘਰਸ਼ ਵਿਚ ਇਕ ਅਹਿਮ ਯੋਗਦਾਨ ਹੈ। ਇਸ ਮੌਕੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਭਾਈ ਕਰਨੈਲ ਸਿੰਘ ਪੀਰ ਮੁਹੰਮਦ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ 20ਵੀਂ ਸਦੀ ਵਿਚ ਲੜਿਆ ਗਿਆ ਸੰਘਰਸ਼ ਅੱਜ ਵੀ ਨਿਰੰਤਰ ਜਾਰੀ ਹੈ, ਅਸਾਂ ਨੇ ਜੇਕਰ ਸੰਘਰਸ਼ ਜਿੱਤਿਆ ਨਹੀਂ ਤਾਂ ਹਾਰੇ ਵੀ ਨਹੀਂ। ਉਨ੍ਹਾਂ ਨੇ ਕਿਹਾ ਕਿ ਸ਼ਹੀਦ ਪਰਿਵਾਰਾਂ ਦਾ ਮਾਣ ਸਤਿਕਾਰ ਕਰਨਾ ਸਾਡਾ ਮੁਢਲਾ ਫਰਜ਼ ਹੈ। ਭਾਈ ਕਰਨੈਲ ਸਿੰਘ ਨੇ ਐਲਾਨ ਕੀਤਾ ਕਿ 6 ਜਨਵਰੀ 2011ਤੋਂ ਸ਼ਹੀਦ ਭਾਈ ਸਤਵੰਤ ਸਿੰਘ ਦੇ ਨਗਰ ਅਗਵਾਨ ਤੋਂ ਭਾਈ ਸਤਵੰਤ ਸਿੰਘ ਤੇ ਬੀਬੀ ਸੁਰਿੰਦਰ ਕੌਰ ਦੀ ਬਰਸੀ ਮੌਕੇ ਸ਼ਹੀਦ ਪਰਿਵਾਰਾਂ ਨੂੰ ਉਨ੍ਹਾਂ ਦੇ ਘਰਾਂ ਵਿਚ ਮਿਲਣ ਦੀ ਮੁਹਿੰਮ ਚਲਾਈ ਜਾਵੇਗੀ ਜੋ ਕਿ ਨਿਰੰਤਰ ਪੂਰਾ ਸਾਲ ਜਾਰੀ ਰਹੇਗੀ ਅਤੇ ਇਸ ਮੁਹਿੰਮ ਵਿਚ ਸਮੁੱਚੀਆਂ ਪੰਥਕ ਜਥੇਬੰਦੀਆਂ ਦਾ ਸਹਿਯੋਗ ਲਿਆ ਜਾਵੇਗਾ। ਉਨ੍ਹਾਂ ਨੇ ਕਿਹਾ ਕਿ 10 ਦਸੰਬਰ ਨੂੰ 'ਵਿਸ਼ਵ ਮਨੁੱਖੀ ਅਧਿਕਾਰ ਦਿਵਸ' ਮੌਕੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਅਰਦਾਸ ਕਰਕੇ ਸ਼ਾਮ ਨੂੰ ਮੋਮਬੱਤੀ ਮਾਰਚ ਕਢਿਆ ਜਾਵੇਗਾ ਅਤੇ ਨਵੰਬਰ 1984 ਸਿੱਖ ਨਸਲਕੁਸ਼ੀ ਦੇ ਦੋਸ਼ੀਆਂ ਖਿਲਾਫ ਅਰੰਭੇ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ।

ਇਸ ਮੌਕੇ ਅਮਰ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਦੀ ਮਾਤਾ ਬੀਬੀ ਗੁਰਨਾਮ ਕੌਰ ਤੇ ਸ਼ਹੀਦ ਭਾਈ ਸਤਵੰਤ ਸਿੰਘ ਦੀ ਮਾਤਾ ਬੀਬੀ ਪਿਆਰ ਕੌਰ ਸਮੇਤ 400 ਤੋਂ ਵੱਧ ਸ਼ਹੀਦ ਸਿੰਘਾਂ ਦੀਆਂ ਮਾਤਾਵਾਂ, ਵਿਧਵਾਵਾਂ ਤੇ ਭੈਣਾਂ ਤੋਂ ਇਲਾਵਾ ਸ਼ਹੀਦ ਸਿੰਘਾਂ ਦੇ ਸਕੇ-ਸਬੰਧੀਆਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

ਸਨਮਾਨ ਕਰਨ ਵਾਲੀਆਂ ਪੰਥਕ ਸ਼ਖਸੀਅਤਾਂ ਵਿਚ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਭਾਈ ਕਰਨੈਲ ਸਿੰਘ ਪੀਰ ਮੁਹੰਮਦ, ਭਾਈ ਸੁਰਿੰਦਰ ਸਿੰਘ ਘਰਿਆਲਾ, ਭਾਈ ਬਲਵਿੰਦਰ ਸਿੰਘ ਝਬਾਲ, ਭਾਈ ਬਲਜੀਤ ਸਿੰਘ ਖਾਲਸਾ, ਰਾਣਾ ਭੁਪਿੰਦਰ ਸਿੰਘ, ਸਿੱਖ ਵਿਦਵਾਨ ਭਾਈ ਸੁਖਦੀਪ ਸਿੰਘ ਬਰਨਾਲਾ, ਭਾਈ ਜਸਬੀਰ ਸਿੰਘ ਧਧਰੀ, ਬੀਬੀ ਸੰਦੀਪ ਕੌਰ ਕਾਸ਼ਤੀਵਾਲ, ਭਾਈ ਰਣਜੀਤ ਸਿੰਘ, ਬੀਬੀ ਜਗਦੀਸ਼ ਕੌਰ ਮੁੱਖ ਗਵਾਹ ਸੱਜਣ ਕੁਮਾਰ ਕੇਸ ਸ਼ਾਮਿਲ ਸਨ। ਇਸ ਮੌਕੇ ਬਾਬਾ ਸਵਰਨਜੀਤ ਸਿੰਘ ਮੁਖੀ ਤਰਨਾ ਦਲ ਨੇ ਵੀ ਸੰਬੋਧਨ ਕੀਤਾ।

## ਓਬਾਮਾ ਨੂੰ ਧਮਕੀ ਦੇਣ ਵਾਲਾ ਗ੍ਰਿਫ਼ਤਾਰ


**ਨਿਊਯਾਰਕ:** ਰਾਸ਼ਟਰਪਤੀ ਬਰਾਕ ਓਬਾਮਾ ਨੂੰ ਜਾਨ ਤੋਂ ਮਾਰਨ ਦੀ ਧਮਕੀ ਦੇਣ ਵਾਲੇ ਵਿਅਕਤੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

ਸੂਤਰਾਂ ਮੁਤਾਬਕ ਮਾਈਕਲ ਸਟੀਫਨ ਬੋਡੇਨ ਨਾਂ ਦਾ 78 ਸਾਲਾ ਇਸ ਸਾਬਕਾ ਸਿਪਾਹੀ ਨੇ ਸੇਵਾ ਮੁਕਤ ਫੌਜੀਆਂ ਦੇ ਇਕ ਕਲੀਨਿਕ 'ਚ ਕੰਮ ਕਰਦੀ ਇਕ ਨਰਸ ਨੂੰ ਕਿਹਾ ਸੀ ਕਿ ਉਹ ਵਾਸ਼ਿੰਗਟਨ ਜਾਣ ਦੀ ਸੋਚ ਰਿਹਾ ਹੈ ਤਾਂ ਕਿ ਉਥੇ ਜਾ ਕੇ ਉਹ ਓਬਾਮਾ ਨੂੰ ਗੋਲੀ ਮਾਰ ਸਕੇ। ਕਾਰਨ ਪੁੱਛੇ ਜਾਣ 'ਤੇ ਉਸ ਕਿਹਾ ਕਿ ਓਬਾਮਾ ਅਫਰੀਕੀ-ਅਮਰੀਕੀ ਨਾਗਰਿਕਾਂ ਦੀ ਮਦਦ ਲਈ ਕੁਝ ਨਹੀਂ ਕਰ ਰਿਹਾ।

# ਫਿਲਮ ਮਾਰਟਾਇਰਜ਼ (ਸ਼ਹੀਦ) ਦੀ ਪੰਜਾਬੀ ਡੱਬਿੰਗ ਮੁਕੰਮਲ

ਸਿੱਖ ਇਤਿਹਾਸ ਤੇ ਬਣ ਰਹੀ ਅੱਜ ਤਕ ਦੀ ਸਭ ਤੋਂ ਵੱਡੀ ਫਿਲਮ ਸ਼ਹੀਦ ਦੀ ਪੰਜਾਬੀ ਭਾਸ਼ਾ ਦੀ ਡੱਬਿੰਗ ਖਤਮ ਹੋ ਗਈ ਹੈ। ਇਹ ਫਿਲਮ ਪੰਜਾਬੀ, ਅੰਗ੍ਰੇਜ਼ੀ ਅਤੇ ਸਪੈਨਿਸ਼ ਭਾਸ਼ਾਵਾਂ ਵਿਚ ਬਣਾਈ ਜਾ ਰਹੀ ਹੈ ਤਾਂ ਕਿ ਦੁਨੀਆਂ ਦੇ ਹਰ ਕੋਨੇ ਤਕ ਸਿੱਖ ਗੁਰੂਆਂ ਦਾ ਸੰਦੇਸ਼ ਪਹੁੰਚਾਇਆ ਜਾ ਸਕੇ। ਇਸ ਫਿਲਮ ਨੂੰ ਬਨਣ ਵਿਚ ਕੁਲ 3 ਸਾਲਾਂ ਦਾ ਸਮਾਂ ਲੱਗਿਆ ਹੈ ਤੇ ਤਕਨੀਕੀ ਪੱਖੋਂ ਇਹ ਫਿਲਮ ਪੂਰੀ ਤਰ੍ਹਾਂ ਹਾਲੀਵੁੱਡ ਦੀਆਂ ਫਿਲਮਾਂ ਨਾਲ ਸਿਰ ਜੋੜਦੀ ਹੈ।

ਨਿਰਦੇਸ਼ਕ ਜਗਮੀਤ ਸਿੰਘ ਸਮੁੰਦਰੀ ਨੇ ਦੱਸਿਆ ਕਿ ਫਿਲਮ ਬਣਾਉਣ ਸਮੇਂ ਸਿੱਖ ਰਹਿਤ ਮਰਿਆਦਾ ਦਾ ਪੂਰਾ ਖਿਆਲ ਰੱਖਿਆ ਗਿਆ ਹੈ। ਫਿਲਮ ਦੇ ਸ਼ੁਰੂ ਵਿਚ ਸਿੱਖ ਗੁਰੂਆਂ ਬਾਰੇ ਜਾਣਕਾਰੀ ਦਿੱਤੀ ਗਈ ਹੈ ਅਤੇ ਦੱਸਿਆ ਗਿਆ ਹੈ ਕਿ ਸਿੱਖ ਧਰਮ ਦੀ ਸ਼ੁਰੂਆਤ ਕਿਵੇਂ ਹੋਈ। ਫਿਰ ਫਿਲਮ ਸਤਾਰਵੀਂ ਸਦੀ ਦੇ ਕਾਲ ਬਾਰੇ ਜਾਣਕਾਰੀ ਦਿੰਦੀ ਹੈ ਜਦ ਔਰੰਗਜ਼ੇਬ ਨੇ ਮੁਗਲ ਸ਼ਾਸਨ ਸੰਭਾਲਿਆ ਸੀ। ਇਸ ਸਮੇਂ ਦੌਰਾਨ ਸਿੱਖ ਇਤਿਹਾਸ ਨੇ ਗੁਰੂ ਤੇਗ਼ ਬਹਾਦੁਰ ਜੀ ਦੀ ਸ਼ਹਾਦਤ ਨਾਲ ਇਕ ਨਵਾਂ ਮੋੜ ਲਿਆ ਤੇ 1699 ਵਿਚ ਖਾਲਸਾ ਪੰਥ ਦੀ ਸਥਾਪਨਾ ਹੋਈ। ਇਹ ਫਿਲਮ ਹਾਈ ਡੈਫੀਨੀਸ਼ਨ ਤਕਨੀਕ ਨਾਲ ਬਣਾਈ ਗਈ ਹੈ ਅਤੇ ਸਿੱਖ ਇਤਿਹਾਸ ਦੇ ਅਜਿਹੇ ਪਹਿਲੂਆਂ ਬਾਰੇ



*ਨਿਰਦੇਸ਼ਕ ਜਗਮੀਤ ਸਿੰਘ ਸਮੁੰਦਰੀ ਨਿਹੰਗ ਸਿੰਘਾਂ ਨਾਲ*

ਜਾਣਕਾਰੀ ਦਿੰਦੀ ਹੈ ਜੋ ਬਹੁਤ ਘੱਟ ਲੋਕਾਂ ਨੂੰ ਹੈ।

ਕਾਬਿਲੇ ਗੌਰ ਹੈ ਕੇ ਇਸ ਫਿਲਮ ਦੇ ਨਿਰਦੇਸ਼ਕ ਜਗਮੀਤ ਸਮੁੰਦਰੀ ਦੀ ਪਿਛਲੀ ਫਿਲਮ ਰਾਈਜ਼ ਆਫ ਦਾ ਖਾਲਸਾ ਨੂੰ ਨਿਊ ਯਾਰਕ ਦੇ ਅੰਤਰਰਾਸ਼ਟਰੀ ਫਿਲਮ ਸਮਾਗਮ ਵਿਚ ਸਰਵੋਤਮ ਨਿਰਦੇਸ਼ਕ ਦਾ ਪੁਰਸਕਾਰ ਮਿਲਿਆ ਸੀ ਤੇ ਨਾਰਥ ਅਮੇਰਿਕਾ ਦੇ ਕਾਫੀ ਗੁਰੂ ਘਰਾਂ ਵਿਚ ਇਹ ਵਿਖਾਈ ਗਈ ਸੀ। ਮਾਰਟਾਇਰਜ਼ ਜਿਸ ਨੂੰ ਪੰਜਾਬੀ ਨਾਂ ਸ਼ਹੀਦ ਦਿੱਤਾ ਗਿਆ ਹੈ ਜਲਦ ਹੀ ਰਿਲੀਜ਼ ਹੋ ਰਹੀ ਹੈ।

# ਮੁੰਬਈ ਹਮਲੇ ਦੇ ਦੋਸ਼ੀਆਂ ਨੂੰ ਬਖਸ਼ਿਆ ਨਹੀਂ ਜਾਵੇਗਾ-ਡਾ. ਮਨਮੋਹਨ ਸਿੰਘ

**ਮੁੰਬਈ:** ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਕਿਹਾ ਹੈ ਕਿ ਮੁੰਬਈ ਹਮਲਿਆਂ ਦੇ ਦੋਸ਼ੀਆਂ ਕਿਸੇ ਵੀ ਹਾਲਤ 'ਚ ਨਹੀਂ ਬਖਸ਼ਿਆ ਜਾਵੇਗਾ ਤੇ ਉਨ੍ਹਾਂ ਖ਼ਿਲਾਫ਼ ਕਾਨੂੰਨੀ ਕਾਰਵਾਈ ਹੋਵੇਗੀ। ਮੁੰਬਈ ਹਮਲਿਆਂ ਦੀ ਦੂਜੀ ਵਰ੍ਹੇਗੰਢ ਮੌਕੇ ਡਾ. ਮਨਮੋਹਨ ਸਿੰਘ ਨੇ ਹਮਲੇ 'ਚ ਮਾਰੇ ਗਏ ਲੋਕਾਂ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਕਿਹਾ ਕਿ ਹਮਲੇ 'ਚ ਦੋਸ਼ੀ ਲੋਕਾਂ ਨੂੰ ਕਨੂੰਨ ਦੇ ਘੇਰੇ 'ਚ ਲਿਆਉਣ ਲਈ ਹਰ ਯਤਨ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਭਾਰਤੀ ਲੋਕਾਂ ਦੇ ਕਿਰਦਾਰ ਵਿਚਲੀ ਤਾਕਤ ਤੇ ਭਾਵਨਾ ਹੈ ਜੋ ਸਮਾਜਕ ਤਾਣੇ-ਬਾਣੇ ਤੇ ਜਿਉਣ ਢੰਗ ਨੂੰ ਨਸ਼ਟ ਕਰਨ ਦੀ ਇੱਛਾ ਰੱਖਣ ਵਾਲੇ ਅਨਸਰਾਂ ਤੇ ਦੁਸ਼ਮਣਾਂ ਦੇ ਮੂੰਹ ਮੋੜਦੀ ਹੈ ਤੇ ਭਾਰਤ ਦੇ ਲੋਕ ਦੁਸ਼ਮਣਾਂ ਦੇ ਮਨਸੂਬੇ ਕਦੇ ਸਫਲ ਨਹੀਂ ਹੋਣ ਦੇਣਗੇ।

ਉਨ੍ਹਾਂ ਕਿਹਾ ਕਿ ਮਾਨਵਤਾ ਵਿਰੁੱਧ ਇਸ ਘਿਨੌਣੇ ਅਪਰਾਧ ਨੂੰ ਅੰਜ਼ਾਮ ਦੇਣ ਵਾਲਿਆਂ ਵਿਰੁੱਧ ਕਾਰਵਾਈ ਲਈ ਭਾਰਤ ਵੱਲੋਂ ਦੂਹਰੇ ਯਤਨ ਕੀਤੇ ਜਾਣਗੇ ਤੇ ਸਾਰਾ ਮੁਲਕ ਉਨ੍ਹਾਂ ਪਰਿਵਾਰਾਂ ਦੇ ਦੁੱਖ 'ਚ ਸ਼ਰੀਕ ਹੈ ਜਿਨ੍ਹਾਂ ਨੇ ਇਸ ਹਮਲੇ 'ਚ ਆਪਣੇ ਨੇੜਲੇ ਗਵਾਏ ਹਨ।

ਇਸ ਮੌਕੇ ਕੇਂਦਰੀ ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਦੱਖਣੀ ਮੁੰਬਈ 'ਚ ਪੁਲਿਸ ਜਿਮਖਾਨਾ 'ਚ ਸ਼ਹੀਦਾਂ ਦੇ ਸਮਾਰਕ 'ਤੇ ਫੁੱਲ ਮਾਲਾਵਾਂ ਚੜ੍ਹਾਈਆਂ ਤੇ ਸ਼ਹੀਦਾਂ ਨੂੰ ਸਲਾਮ ਕੀਤੀ।



ਕੇਂਦਰੀ ਮੰਤਰੀ ਨੇ ਪੀੜਤਾਂ ਦੇ ਪਰਿਵਾਰਾਂ ਨਾਲ ਵੀ ਗੱਲਬਾਤ ਕੀਤੀ ਤੇ ਉਨ੍ਹਾਂ ਦਾ ਹਾਲ-ਚਾਲ ਪੁੱਛਿਆ। ਦੱਖਣੀ ਮੁੰਬਈ 'ਚ ਓਬਰਾਏ ਹੋਟਲ ਤੋਂ ਮਹਾਰਾਸ਼ਟਰ ਪੁਲਿਸ ਨੇ ਪਰੇਡ ਕੀਤੀ। ਇਸ ਪਰੇਡ 'ਚ ਮਹਾਰਾਸ਼ਟਰ ਦੇ ਮੁੱਖ ਮੰਤਰੀ ਤੇ ਕਈ ਮੰਤਰੀ ਵੀ ਸ਼ਾਮਲ ਹੋਏ।ਇਸ ਮੌਕੇ ਮੁੰਬਈ ਦੇ ਵਿਦਿਆਰਥੀਆਂ ਨੇ ਇਕ 1.3 ਕਿਲੋਮੀਟਰ ਲੰਮਾ ਬੈਨਰ 'ਦ ਗਰੇਟ ਵਾਲ ਆਫ ਮੁੰਬਈ' ਵੀ ਲਹਿਰਾਇਆ ਜੋ ਹੋਟਲ ਟਰਾਈਡੈਂਟ ਤੋਂ ਸ਼ੁਰੂ ਹੁੰਦਾ ਸੀ। ਕੇਂਦਰੀ ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਸ਼ਹੀਦਾਂ ਦੀ ਯਾਦ 'ਚ ਕਰਾਏ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਆਸ ਹੈ ਕਿ ਇਸ ਘਿਨੌਣੇ ਦੁਖਾਂਤ ਦੀ ਦੂਜੀ ਵਰ੍ਹੇਗੰਢ 'ਤੇ ਪਾਕਿਸਤਾਨ ਇਕ ਮੁਲਕ ਤੇ ਸਰਕਾਰ ਦੀ ਹੈਸੀਅਤ 'ਚ ਆਪਣੀ ਜ਼ਿੰਮੇਵਾਰੀ ਸਮਝੇਗਾ ਤੇ ਹਮਲਾਵਰਾਂ ਨੂੰ ਅਦਾਲਤ ਦੇ ਕਟਹਿਰੇ 'ਚ ਲਿਆਉਣ ਦੇ ਆਪਣੇ ਵਾਅਦੇ ਨੂੰ ਜ਼ਰੂਰ ਪੂਰਾ ਕਰੇਗਾ। ਉਨ੍ਹਾਂ ਨੇ ਪਾਕਿਸਤਾਨ ਵੱਲੋਂ ਦਿਵਾਏ ਭਰੋਸੇ ਯਾਦ ਕਰਦਿਆਂ ਕਿਹਾ ਕਿ ਇਸ ਨੇ ਹਮਲੇ ਦੇ ਉਨ੍ਹਾਂ ਸਾਜ਼ਿਸ਼ੀਆਂ ਤੇ ਹਮਲਾਵਰਾਂ ਨੂੰ ਕਾਨੂੰਨ ਦੀ ਗ੍ਰਿਫ਼ਤ 'ਚ ਲਿਆਉਣ ਦਾ ਵਾਅਦਾ ਕੀਤਾ ਸੀ ਜਿਨ੍ਹਾਂ 7 ਜਣਿਆਂ ਦੇ ਭਾਰਤ ਨੇ ਉਸ ਨੂੰ ਨਾਂ ਸੌਂਪੇ ਸਨ। ਉਨ੍ਹਾਂ ਕਿਹਾ ਕਿ ਪਾਕਿਸਤਾਨ ਨੇ ਤਾਂ ਦੋ ਸਾਲ ਪਹਿਲਾਂ ਇਸੇ ਦਿਨ ਮੁੰਬਈ 'ਚ ਹਮਲੇ ਕਰਨ ਵਾਲੇ 10 ਪਾਕਿ ਅਤਿਵਾਦੀਆਂ ਦੀ ਆਵਾਜ਼ ਦੇ ਨਮੂਨੇ ਵੀ ਨਹੀਂ ਭੇਜੇ।

ਸ੍ਰੀ ਚਿਦੰਬਰਮ ਨੇ ਨਾਲ ਹੀ ਕਿਹਾ ਕਿ ਭਾਰਤ ਨੇ ਸਬਕ ਸਿੱਖਿਆ ਹੈ ਕਿ ਹਮੇਸ਼ਾ ਅਗਾਂਖਵੀ ਮੁਲਕ 'ਤੇ ਭਰੋਸਾ ਵੀ ਕੀਤਾ ਜਾਵੇਗਾ ਪਰ ਨਾਲ ਹੀ ਸਦਾ ਚੌਕਸੀ ਵਰਤੀ ਜਾਵੇਗੀ।

## ਪਾਕਿ ਵੱਲੋਂ ਦੋਸ਼ੀਆਂ ਖ਼ਿਲਾਫ਼ ਕਾਰਵਾਈ ਦਾ ਭਰੋਸਾ

**ਇਸਲਾਮਾਬਾਦ :** ਪਾਕਿਸਤਾਨ ਨੇ ਮੁੰਬਈ ਹਮਲਿਆਂ ਦੀ ਦੂਜੀ ਬਰਸੀ ਮੌਕੇ ਕਿਹਾ ਹੈ ਕਿ ਉਹ ਹਮਲੇ 'ਚ ਸ਼ਾਮਲ ਦੋਸ਼ੀਆਂ ਨੂੰ ਕਾਨੂੰਨ ਦੀ ਗ੍ਰਿਫ਼ਤ 'ਚ ਲਿਆਉਣ ਲਈ ਵਚਨਬੱਧ ਹੈ ਤੇ ਉਹ ਇਸ ਸਬੰਧ 'ਚ ਹਰ ਤਰ੍ਹਾਂ ਦੀ ਮਦਦ ਲਈ ਤਿਆਰ ਹੈ ਪਰ ਉਹ ਇਹ ਵੀ ਚਹੁੰਦਾ ਹੈ ਕਿ ਕਸ਼ਮੀਰ ਤੇ ਸ਼ਿਆਚਿਨ ਜਿਹੇ ਮਾਮਲਿਆਂ ਦੇ ਹੱਲ 'ਚ ਵੀ ਕੋਈ ਠੋਸ ਪ੍ਰਗਤੀ ਹੋਵੇ।

ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਕਿਹਾ ਕਿ ਪਾਕਿਸਤਾਨ ਨੇ ਪਹਿਲਾਂ ਹੀ ਮੁੰਬਈ ਹਮਲਿਆਂ ਦੀ ਨਿੰਦਾ ਕੀਤੀ ਸੀ ਤੇ ਹੁਣ ਵੀ ਕਰਦਾ ਹੈ। ਉਨ੍ਹਾਂ ਕਿਹਾ ਕਿ ਇਸ ਘਟਨਾ ਨੂੰ ਦੋ ਸਾਲ ਹੋ ਗਏ ਹਨ ਤੇ ਉਨ੍ਹਾਂ ਦੇ ਮੁਲਕ ਦੀ ਮਨਸ਼ਾ ਹੈ ਕਿ ਇਸ ਲਈ ਜ਼ਿੰਮੇਵਾਰ ਲੋਕ ਕਾਨੂੰਨ ਦੀ ਗ੍ਰਿਫ਼ਤ 'ਚ ਜ਼ਰੂਰ ਲਿਆਂਦੇ ਜਾਣੇ ਚਾਹੀਦੇ ਹਨ। ਕੁਰੈਸ਼ੀ ਨੇ ਦੱਸਿਆ ਕਿ ਗ੍ਰਹਿ ਮੰਤਰੀ ਰਹਿਮਾਨ ਮਲਿਕ ਨੇ ਮੁੰਬਈ ਹਮਲਿਆਂ ਦੇ ਮਸ਼ਕੂਕਾਂ ਨੂੰ ਨਿਆਂ ਦੀ ਗ੍ਰਿਫ਼ਤ 'ਚ ਲਿਆਉਣ ਦੇ ਅਮਲ 'ਚ ਪ੍ਰਗਤੀ ਲਈ 'ਕੁਝ ਪ੍ਰਸਤਾਵ' ਭਾਰਤ ਨੂੰ ਭੇਜੇ ਹਨ ਪਰ ਉਨ੍ਹਾਂ ਨੇ ਇਸ ਬਾਰੇ ਅਜੇ ਕੋਈ ਜਵਾਬ ਨਹੀਂ ਦਿੱਤਾ।

ਪਾਕਿ ਨੇ ਇਹ ਸਫਾਈ ਭਾਰਤ ਵੱਲੋਂ ਮੁੰਬਈ ਹਮਲਿਆਂ ਦੇ ਸਾਜ਼ਿਸ਼ੀਆਂ ਵਿਰੁੱਧ ਜਾਂਚ ਤੇ ਠੋਸ ਕਾਰਵਾਈ 'ਚ ਕੀਤੀ ਜਾ ਰਹੀ ਢਿੱਲ 'ਤੇ ਕੀਤੇ ਇਤਰਾਜ਼ ਤੋਂ ਪਿਛੋਂ ਦਿੱਤੀ ਹੈ। ਸ੍ਰੀ ਕੁਰੈਸ਼ੀ ਨੇ ਕਿਹਾ ਕਿ ਪਾਕਿਸਤਾਨ ਦਹਿਸ਼ਤਗਰਦੀ ਨਾਲ ਸਬੰਧਤ ਕਿਸੇ ਵੀ ਜਥੇਬੰਦੀ ਦੀ ਪਿੱਠ ਨਹੀਂ ਥਾਪੜੇਗਾ। ਮੁੰਬਈ ਹਮਲਿਆਂ ਨਾਲ ਜੁੜੇ ਵਿਅਕਤੀਆਂ ਨੂੰ ਕਾਨੂੰਨੀ ਅਮਲ ਤਹਿਤ ਸਜ਼ਾ ਮਿਲਣੀ ਚਾਹੀਦੀ ਹੈ ਤੇ ਨਿਆਂਤੰਤਰ ਨੂੰ ਆਪਣਾ ਕੰਮ ਕਰਨ ਦੇਣਾ ਚਾਹੀਦਾ ਹੈ।

## ਚੀਨ 'ਚ ਬਣਨਗੇ ਹੁਣ ਇਲੈਕਟ੍ਰਾਨਿਕ ਪਾਸਪੋਰਟ

**ਪੇਇਚਿੰਗ:** ਚੀਨ ਨੇ ਅਜਿਹਾ ਇਲੈਕਟ੍ਰਾਨਿਕ ਪਾਸਪੋਰਟ ਜਾਰੀ ਕੀਤਾ ਹੈ ਜਿਸ 'ਚ ਮਾਈਕ੍ਰੋਚਿੱਪ ਸੂਚਨਾ ਹੋਵੇਗੀ ਤੇ ਗ਼ਲਤ ਹੱਥਾਂ ਵਿਚ ਜਾਣ ਤੋਂ ਬਚਾਇਆ ਜਾ ਸਕੇਗਾ। ਇਲੈਕਟ੍ਰਾਨਿਕ ਪਾਸਪੋਰਟ ਵਿਚ ਇਲੈਕਟ੍ਰਾਨਿਕ ਡਾਟਾ ਸਟੋਰੇਜ ਚਿੱਪ ਹੋਵੇਗੀ ਜਿਸ ਵਿਚ ਧਾਰਕ ਦਾ ਨਾਂ, ਪਰਿਵਾਰ ਦੇ ਨਾਂ, ਨਿੱਜੀ ਨੰਬਰਾਂ ਵਾਲੇ ਕੋਡ, ਦਸਤਾਵੇਜ਼ਾਂ ਦੀ ਮਿਆਦ, ਜਾਰੀਕਰਤਾ ਦਾ ਨਾਂ ਤੇ ਨਾਗਰਿਕਤਾ ਸਮੇਤ ਨਿੱਜੀ ਡਾਟਾ ਸ਼ਾਮਲ ਹੋਵੇਗਾ।

ਚੀਨ ਦੇ ਵਿਦੇਸ਼ ਮੰਤਰਾਲੇ ਦੇ ਕੌਂਸਲਰ ਵਿਭਾਗ ਦੇ ਡਾਇਰੈਕਟਰ ਜਨਰਲ ਹੁਆਂਗ ਪਿੰਗ ਨੇ ਕਿਹਾ ਕਿ ਇਹ ਇਲੈਕਟ੍ਰਾਨਿਕ ਪਾਸਪੋਰਟ ਕੌਮਾਂਤਰੀ ਮਾਪਦੰਡਾਂ ਨਾਲ ਲੈਸ ਹੋਵੇਗਾ। ਇਸ ਨੂੰ ਇਸ ਢੰਗ ਨਾਲ ਡਿਜ਼ਾਇਨ ਕੀਤਾ ਗਿਆ ਹੈ ਤਾਂ ਜੋ ਗ਼ਲਤ ਹੱਥਾਂ ਵਿਚ ਜਾ ਕੇ ਇਸ ਦੀ ਦੁਰਵਰਤੋਂ ਨਾ ਹੋਵੇ।

## ਪਾਕਿ ਪੁਲਿਸ ਚੌਕੀ 'ਚ ਨਚਾਈਆਂ ਸਾਰੀ ਰਾਤ ਡਾਂਸਰਾਂ

**ਇਸਲਾਮਾਬਾਦ:** ਪਾਕਿਸਤਾਨ ਦੇ ਗੁਜਰਾਂਵਾਲਾ ਜ਼ਿਲ੍ਹੇ ਦੇ ਥਾਣੇ 'ਚ ਪੁਲਿਸ ਮੁਲਾਜ਼ਮਾਂ ਵੱਲੋਂ ਤਿੰਨ ਡਾਂਸਰਾਂ ਨੂੰ ਮਕਬੂਲ ਗੀਤ 'ਮੁੰਨੀ ਬਦਨਾਮ ਹੂਈ' 'ਤੇ ਸਾਰੀ ਰਾਤ ਨਚਾਉਣ ਤੇ ਉਨ੍ਹਾਂ ਨਾਲ ਅਸ਼ਲੀਲ ਹਰਕਤਾਂ ਕਰਨ ਦੇ ਦੋਸ਼ ਹੇਠ ਤਿੰਨ ਪੁਲਿਸ ਅਫ਼ਸਰਾਂ ਨੂੰ ਗ੍ਰਿਫ਼ਤਾਰ ਤੇ 30 ਹੋਰ ਮੁਲਾਜ਼ਮਾਂ ਨੂੰ ਮੁਅੱਤਲ ਕਰ ਦਿੱਤਾ ਗਿਆ। ਔਰਤਾਂ ਨੇ ਇਹ ਵੀ ਦੋਸ਼ ਲਾਇਆ ਕਿ ਉਨ੍ਹਾਂ ਨੂੰ ਵਿਆਹ ਵਿਚ ਪ੍ਰੋਗਰਾਮ ਪੇਸ਼ ਕਰਨ 'ਤੇ ਮਿਲੇ ਇਕ ਲੱਖ ਵੀਹ ਹਜ਼ਾਰ ਰੁਪਏ ਵੀ ਪੁਲਿਸ ਵਾਲਿਆਂ ਨੇ ਖੋਹ ਲਏ।

ਸੂਤਰਾਂ ਅਨੁਸਾਰ ਇਹ ਮੁਟਿਆਰਾਂ ਡਾਂਸ ਪਾਰਟੀ ਨਾਲ ਸਬੰਧਤ ਸਨ ਜਿਨ੍ਹਾਂ ਨੂੰ ਲਾਹੌਰ ਤੋਂ ਗੁਜਰਾਂਵਾਲਾ ਨੇੜੇ ਸਾਧੋਕੀ ਵਿਖੇ ਸਿਆਸੀ ਆਗੂ ਦੇ ਘਰੇ ਵਿਆਹ ਸਮਾਗਮ 'ਚ ਪ੍ਰੋਗਰਾਮ ਪੇਸ਼ ਕਰਨ ਲਈ ਲਿਆਂਦਾ ਗਿਆ ਸੀ। ਸੂਤਰਾਂ ਮੁਤਾਬਕ ਪੁਲਿਸ ਹੀ ਔਰਤਾਂ ਤੇ ਮਰਦਾਂ ਦੀ ਇਸ ਡਾਂਸ ਪਾਰਟੀ ਨੂੰ ਦੋ ਵੈਨਾਂ ਰਾਹੀਂ ਵਿਆਹ ਵਾਲੀ ਥਾਂ ਲਿਆਈ ਸੀ। ਇਕ ਮਹਿਲਾ ਡਾਂਸਰ ਨੇ ਦੱਸਿਆ ਕਿ ਤਕਰੀਬਨ ਦੋ ਵਜੇ ਜਦੋਂ ਪ੍ਰੋਗਰਾਮ ਖਤਮ ਹੋਣ 'ਤੇ ਘਰ ਪਰਤਣ ਲੱਗੇ ਤਾਂ ਇਕ ਪੁਲੀਸ ਮੁਲਾਜ਼ਮ ਧੱਕੇ ਨਾਲ ਪੁਲੀਸ ਚੌਕੀ ਵਿਚ ਲੈ ਗਿਆ। ਉਨ੍ਹਾਂ ਨੇ ਟੀਮ ਦੇ ਮਰਦ ਮੈਂਬਰਾਂ ਨੂੰ ਜਬਰੀ ਹੋਰ ਗੱਡੀ ਵਿਚ ਬਿਠਾ ਕੇ ਹੋਰ ਪੁਲਿਸ ਥਾਣੇ ਭੇਜ ਦਿੱਤਾ ਤੇ ਕੇਸ ਦਰਜ ਕਰਕੇ ਗ੍ਰਿਫ਼ਤਾਰ ਕਰਨ ਪਿੱਛੋਂ ਹਵਾਲਾਤ 'ਚ ਬੰਦ ਕਰ ਦਿੱਤਾ।ਉਨ੍ਹਾਂ ਦੋਸ਼ ਲਾਇਆ ਕਿ ਪੁਲਿਸ ਵਾਲੇ ਸਵੇਰੇ 2 ਵਜੇ ਤੋਂ 7 ਵਜੇ ਤਕ ਉਨ੍ਹਾਂ ਨੂੰ ਨਚਾਉਂਦੇ ਰਹੇ। ਪੁਲਿਸ ਨੇ ਹੋਰ ਥਾਣਿਆਂ ਦੇ ਮੁਲਾਜ਼ਮਾਂ ਨੂੰ ਵੀ ਇਹ ਸਭ ਦੇਖਣ ਲਈ ਸੱਦ ਲਿਆ ਤੇ ਸਵੇਰ ਹੋਣ 'ਤੇ ਥਾਣੇ ਦੇ ਮੁਖੀ ਆਬਿਦ ਫ਼ਾਰੂਕ ਨੇ ਉਲਟਾ ਉਨ੍ਹਾਂ ਉਤੇ ਹੀ ਅਸ਼ਲੀਲ ਕਾਰਵਾਈਆਂ ਕਰਨ ਦਾ ਦੋਸ਼ ਲਾ ਕੇ ਕੇਸ ਦਰਜ ਕਰ ਦਿੱਤਾ।

ਇਸ ਪਿੱਛੋਂ ਇਨ੍ਹਾਂ ਔਰਤਾਂ ਨੇ ਗੁਜਰਾਂਵਾਲਾ ਦੇ ਸੈਸ਼ਨ ਜੱਜ ਅੱਗੇ ਅਪੀਲ ਦਾਖ਼ਲ ਕਰ ਦਿੱਤੀ ਤੇ ਅਦਾਲਤ ਨੇ ਗੁਜਰਾਂਵਾਲਾ ਦੇ ਖੇਤਰੀ ਪੁਲਿਸ ਅਫ਼ਸਰ ਤਾਰਿਕ ਮਸੂਦ ਯਾਸੀਨ ਨੂੰ ਮਾਮਲੇ ਦੀ ਜਾਂਚ ਦੇ ਹੁਕਮ ਦਿੱਤੇ। ਸ੍ਰੀ ਯਾਸੀਨ ਨੇ ਜਾਂਚ ਪਿੱਛੋਂ ਫਾਰੂਕ ਸਮੇਤ ਤਿੰਨ ਪੁਲੀਸ ਅਫਸਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਤੇ 30 ਹੋਰ ਪੁਲੀਸ ਮੁਲਾਜ਼ਮਾਂ ਨੂੰ ਮੁਅੱਤਲ ਕਰ ਦਿੱਤਾ।

## ਕੈਨੇਡਾ 'ਚ ਪੰਜਾਬੀ ਨੌਜਵਾਨ ਦਾ ਕਤਲ

**ਕੈਲਗਰੀ:** ਕੁਝ ਸਾਲ ਪਹਿਲਾਂ ਮਾਪਿਆਂ ਸਮੇਤ ਕੈਨੇਡਾ 'ਚ ਜਾ ਵੱਸੇ ਲੁਧਿਆਣਾ ਦੇ ਨੌਜਵਾਨ ਦਾ ਇਕ ਪੰਜਾਬੀ ਵੱਲੋਂ ਹੀ ਚਾਕੂ ਮਾਰ ਕੇ ਕਤਲ ਕਰ ਦਿੱਤਾ ਗਿਆ ਹੈ। ਕਤਲ ਕੀਤੇ ਗਏ ਨੌਜਵਾਨ ਦੀ ਪਛਾਣ 21 ਸਾਲਾ ਜੀਵਨਜੋਤ ਸਿੰਘ ਘਈ ਵਜੋਂ ਹੋਈ ਹੈ।ਪੁਲਿਸ ਨੇ ਇਸ ਕਤਲ ਦੇ ਦੋਸ਼ 'ਚ 26 ਸਾਲਾ ਹਰਪਾਲ ਸਿੰਘ ਢਿੱਲੋਂ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਮੁਲਜ਼ਮ ਕਤਲ ਤੋਂ ਬਾਅਦ ਮੌਕੇ ਤੋਂ ਫਰਾਰ ਹੋ ਗਿਆ ਪਰ ਗ੍ਰਿਫ਼ਤਾਰੀ ਵਾਰੰਟ ਜਾਰੀ ਹੋਣ ਪਿਛੋਂ ਉਸ ਨੇ ਆਤਮ-ਸਮਰਪਣ ਕਰ ਦਿੱਤਾ।

ਕੈਲਗਰੀ ਦੇ ਕੋਲਹਰਟਸ ਕਮਿਊਨਿਟੀ ਸੈਂਟਰ 'ਚ ਪਾਰਟੀ ਦੌਰਾਨ ਹਰਪਾਲ ਸਿੰਘ ਢਿੱਲੋਂ ਦਾ ਜੀਵਨਜੋਤ ਸਿੰਘ ਘਈ ਨਾਲ ਕਿਸੇ ਗੱਲੋਂ ਤਕਰਾਰ ਹੋ ਗਿਆ। ਘਟਨਾ ਵੇਲੇ ਮੌਕੇ 'ਤੇ ਵੱਡੀ ਗਿਣਤੀ 'ਚ ਲੋਕ ਹਾਜ਼ਰ ਸਨ। ਤਕਰਾਰ ਤੋਂ ਬਾਅਦ ਦੋਵੇਂ ਨੌਜਵਾਨ ਕਮਿਊਨਿਟੀ ਸੈਂਟਰ ਦੀ ਪਾਰਕਿੰਗ ਵੱਲ ਚਲੇ ਗਏ ਜਿਥੇ ਘਈ 'ਤੇ ਚਾਕੂਆਂ ਨਾਲ ਹਮਲਾ ਕੀਤਾ ਗਿਆ।

ਹਮਲਾ ਕਰਨ ਮਗਰੋਂ ਮੁਲਜ਼ਮ ਮੌਕੇ ਤੋਂ ਕਾਰ 'ਚ ਸਵਾਰ ਹੋ ਕੇ ਫਰਾਰ ਹੋ ਗਿਆ। ਬਾਅਦ 'ਚ ਢਿੱਲੋਂ ਦੇ ਗ੍ਰਿਫ਼ਤਾਰੀ ਵਾਰੰਟ ਜਾਰੀ ਹੋ ਹੋਣ ਤੇ ਪੁਲਿਸ ਨੇ ਉਸ ਦੀ ਗ੍ਰਿਫ਼ਤਾਰੀ ਲਈ ਥਾਂ-ਥਾਂ ਛਾਪੇਮਾਰੀ ਸ਼ੁਰੂ ਕੀਤੀ। ਕੋਈ ਰਾਹ ਨਾ ਦਿਖਾਈ ਦੇਣ 'ਤੇ ਢਿੱਲੋਂ ਨੇ ਕੈਲਗਰੀ ਥਾਣੇ ਜਾ ਕੇ ਪੁਲਿਸ ਅੱਗੇ ਆਤਮ-ਸਮਰਪਣ ਕਰ ਦਿੱਤਾ। ਜੀਵਨਜੋਤ ਸਿੰਘ ਘਈ ਫੁਟਬਾਲ ਦਾ ਖਿਡਾਰੀ ਸੀ।

# ਓਬਾਮਾ ਨੇ ਦੱਖਣੀ ਕੋਰੀਆ ਦੀ ਪਿੱਠ ਥਾਪੜੀ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਦੱਖਣੀ ਕੋਰੀਆ ਦੇ ਰਾਸ਼ਟਰਪਤੀ ਨੂੰ ਅਮਰੀਕਾ ਵੱਲੋਂ ਪੂਰੀ ਹਮਾਇਤ ਦੇਣ ਦਾ ਭਰੋਸਾ ਦਿੱਤਾ ਹੈ। ਇਕ ਵਿਸ਼ੇਸ਼ ਮਿਲਣੀ ਦੌਰਾਨ ਉੱਤਰੀ ਕੋਰੀਆ ਵੱਲੋਂ ਦੱਖਣੀ ਕੋਰੀਆ 'ਤੇ ਕੀਤੇ ਗਏ ਹਮਲੇ ਦੀ ਨਿੰਦਿਆ ਕਰਦੇ ਹੋਏ ਓਬਾਮਾ ਨੇ ਦੱਖਣੀ ਕੋਰੀਆ ਦੇ ਰਾਸ਼ਟਰਪਤੀ ਮਯੁੰਗ-ਬਾਕ-ਲੀ ਨੂੰ ਕਿਹਾ ਕਿ ਸਾਰੇ ਅਮਰੀਕੀਆਂ ਦੀਆਂ ਦੁਆਵਾਂ ਉਨ੍ਹਾਂ ਦੇ ਨਾਲ ਹਨ। ਓਬਾਮਾ ਨੇ ਇਸ ਘਟਨਾ ਨੂੰ ਅੰਤਰਰਾਸ਼ਟਰੀ ਕਰਾਰ ਦੀ ਉਲੰਘਣਾ ਦੱਸਦਿਆਂ ਕਿਹਾ ਕਿ ਉੱਤਰੀ ਕੋਰੀਆ ਤੁਰੰਤ ਇਹ ਹਮਲੇ ਬੰਦ ਕਰੇ।

ਦੂਜੇ ਪਾਸੇ ਉੱਤਰੀ ਕੋਰੀਆ ਨੇ ਆਪਣੇ ਇਸ ਹਮਲੇ ਨੂੰ ਸਹੀ ਠਹਿਰਾਉਂਦਿਆਂ ਕਿਹਾ ਕਿ ਉਹ ਆਪਣੇ ਦੇਸ਼ ਦੀ ਸਰਹੱਦ 'ਤੇ ਘੁਸਪੈਠ ਬਰਦਾਸ਼ਤ ਨਹੀਂ ਕਰੇਗਾ। ਓਬਾਮਾ ਇਸ ਮਸਲੇ 'ਤੇ ਦੇਸ਼ ਦੇ ਉੱਚ ਸੁਰੱਖਿਆ ਸਲਾਹਕਾਰਾਂ ਨਾਲ ਗੱਲਬਾਤ ਕਰ ਰਹੇ ਹਨ। ਓਬਾਮਾ ਤੇ ਦੱਖਣੀ ਕੋਰੀਆ ਦੇ ਰਾਸ਼ਟਰਪਤੀ ਨੇ ਸਾਂਝੇ ਫੌਜੀ ਅਭਿਆਸ 'ਤੇ ਸਹਿਮਤੀ ਪ੍ਰਗਟਾਈ ਹੈ ਤੇ ਆਉਣ ਵਾਲੇ ਦਿਨਾਂ 'ਚ ਦੋਵਾਂ ਦੇਸ਼ਾਂ ਦੇ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਇਕ ਦੂਜੇ ਨੂੰ ਸੁਰੱਖਿਆ ਸਹਿਯੋਗ ਦੇਣਗੇ। ਉੱਤਰੀ ਕੋਰੀਆ ਵਲੋਂ ਦੱਖਣੀ ਕੋਰੀਆ ਦੇ ਸਿਓਲ ਟਾਪੂ 'ਤੇ ਕੀਤੇ ਗਏ ਹਮਲੇ 'ਚ ਤਿੰਨ ਆਮ ਨਾਗਰਿਕਾਂ ਸਮੇਤ ਦੋ ਸਿਪਾਹੀ ਮਾਰੇ ਗਏ ਤੇ 18 ਵਿਅਕਤੀ ਜ਼ਖ਼ਮੀ ਹੋ ਗਏ ਸਨ। ਸਰਕਾਰ ਨੇ ਰਾਹਤ ਸਮੱਗਰੀ ਦੇ 2000 ਬਕਸੇ ਸਮੁੰਦਰੀ ਜਹਾਜ਼ ਰਾਹੀਂ ਸਿਓਲ ਭੇਜੇ ਹਨ। ਇਸ ਹਮਲੇ ਤੋਂ ਬਾਅਦ ਸਿਓਲ ਟਾਪੂ ਤੋਂ ਤਕਰੀਬਨ 500 ਵਿਅਕਤੀ ਵਾਪਸ ਆ ਗਏ ਹਨ। ਦੱਖਣੀ ਕੋਰੀਆ ਦੀ ਰਾਜਧਾਨੀ ਸਿਓਲ 'ਚ ਤਕਰੀਬਨ ਇਕ ਕਰੋੜ ਲੋਕ ਰਹਿੰਦੇ ਹਨ। ਇਸ ਹਮਲੇ ਤੋਂ ਬਾਅਦ ਦੱਖਣੀ ਕੋਰੀਆ ਦੀ ਫੌਜ ਪੂਰੀ ਤਰ੍ਹਾਂ ਚੌਕਸ ਹੋ ਗਈ ਹੈ। ਅਮਰੀਕਾ ਤੇ ਦੱਖਣੀ ਕੋਰੀਆ ਵੱਲੋਂ ਸਾਂਝੀ ਫੌਜੀ ਕਾਰਵਾਈ ਲਈ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ।

## ਦੱਖਣੀ ਕੋਰੀਆ ਤੇ ਅਮਰੀਕਾ ਵਿਚਾਲੇ ਜੰਗੀ ਮਸ਼ਕਾਂ ਸ਼ੁਰੂ

**ਸਿਓਲ:** ਉੱਤਰੀ ਕੋਰੀਆ ਵੱਲੋਂ ਦਿੱਤੀ ਚਿਤਾਵਨੀ ਦੇ ਬਾਵਜੂਦ ਦੱਖਣੀ ਕੋਰੀਆ ਤੇ ਅਮਰੀਕਾ ਦੀਆਂ ਸਮੁੰਦਰੀ ਫੌਜਾਂ ਨੇ ਯੇਓਪਿਓਂਗ ਟਾਪੂ ਨੇੜੇ ਜੰਗੀ ਮਸ਼ਕਾਂ ਸ਼ੁਰੂ ਕਰ ਦਿੱਤੀਆਂ ਹਨ।


ਉਧਰ ਇਸ ਟਾਪੂ ਦੇ ਵਾਸੀ ਉੱਤਰੀ ਕੋਰੀਆ ਵੱਲੋਂ ਹੋਰ ਹਮਲਾ ਕੀਤੇ ਜਾਣ ਦੇ ਡਰੋਂ ਸੁਰੱਖਿਅਤ ਥਾਵਾਂ ਉਪਰ ਚਲੇ ਗਏ ਹਨ। ਦੱਖਣੀ ਕੋਰੀਆ ਦੇ ਰੱਖਿਆ ਮੰਤਰਾਲੇ ਨੇ ਟਾਪੂ 'ਤੇ ਆਏ ਹੋਏ ਪੱਤਰਕਾਰਾਂ ਤੇ ਇਥੇ ਰਹਿ ਰਹੇ ਲੋਕਾਂ ਨੂੰ ਉਥੋਂ ਚਲੇ ਜਾਣ ਲਈ ਕਿਹਾ ਸੀ।

ਇਸ ਜੰਗੀ ਮਸ਼ਕ ਵਿਚ ਅਮਰੀਕਾ ਵੱਲੋਂ ਆਪਣਾ ਸ਼ਕਤੀਸ਼ਾਲੀ ਬੇੜਾ ਜਾਰਜ ਵਾਸ਼ਿੰਗਟਨ ਵੀ ਵਰਤਿਆ ਜਾ ਰਿਹਾ ਹੈ। ਚੀਨ ਨੇ ਅਮਰੀਕਾ ਦੀ ਇਸ ਹਰਕਤ ਦੀ ਸਖ਼ਤ ਆਲੋਚਨਾ ਕੀਤੀ ਹੈ। ਦੱਖਣੀ ਕੋਰੀਆ ਦੇ ਰਾਸ਼ਟਰਪਤੀ ਲੀ ਮਯੁੰਗ ਬਾਕ ਨੇ ਚੀਨ ਨੂੰ ਸਲਾਹ ਦਿੱਤੀ ਹੈ ਕਿ ਉਹ ਇਸ ਮਾਮਲੇ ਵਿਚ ਨਿਰਪੱਖ ਭੂਮਿਕਾ ਨਿਭਾਏ।

ਬੀਤੇ ਹਫ਼ਤੇ ਉੱਤਰੀ ਕੋਰੀਆ ਵਲੋਂ ਕੀਤੀ ਬੰਬਾਰੀ ਕਾਰਨ ਦੱਖਣੀ ਕੋਰੀਆ ਦੇ ਦੋ ਫੌਜੀ ਮਾਰੇ ਗਏ ਸਨ। ਇਧਰ ਅਮਰੀਕਾ ਤੇ ਦੱਖਣੀ ਕੋਰੀਆ ਵਿਚਾਲੇ ਜੰਗੀ ਮਸ਼ਕਾਂ ਸ਼ੁਰੂ ਹੋ ਗਈਆਂ ਹਨ ਉਧਰ ਤਾਜ਼ਾ ਹਾਲਾਤ 'ਤੇ ਨਵੀਂ ਰਣਨੀਤੀ ਘੜਨ ਲਈ ਉੱਤਰੀ ਕੋਰੀਆ ਦਾ ਸੀਨੀਅਰ ਅਧਿਕਾਰੀ ਅਗਲੇ ਹਫਤੇ ਚੀਨ ਜਾ ਰਿਹਾ ਹੈ।

## ਐਂਜਲੀਨਾ ਜੋਲੀ ਦੇ ਨਾਂ 'ਤੇ ਮੰਦਰ ਬਣਿਆ

**ਲਾਸ ਏਂਜਲਸ:** ਕੰਬੋਡੀਆ 'ਚ ਇਕ ਮੰਦਰ ਦਾ ਨਾਂ ਹਾਲੀਵੁੱਡ ਅਦਾਕਾਰਾ ਐਂਜਲੀਨਾ ਜੋਲੀ ਦੇ ਨਾਂ 'ਤੇ ਰੱਖਿਆ ਗਿਆ ਹੈ। ਯੂਨੀਵਰਸਲ



ਸੁਸਾਇਟੀ ਆਫ ਹਿੰਦੂਇਜ਼ਮ ਦੇ ਪ੍ਰਧਾਨ ਰਾਜਨ ਜੈਦ ਦਾ ਕਹਿਣਾ ਹੈ ਕਿ ਇਹ 12ਵੀਂ ਸ਼ਤਾਬਦੀ ਦਾ ਮੰਦਰ 'ਤਪੋਹਮ' ਹੈ। ਇਸ ਨੂੰ 'ਓਲਡ ਬ੍ਰਹਮਾ' ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਉਂਝ ਸ਼ੁਰੂ ਵਿਚ ਇਸ ਦਾ ਨਾਂ 'ਰਾਜਾਵਿਹਾਰ' ਰੱਖਿਆ ਗਿਆ ਸੀ। ਹੁਣ ਇਹ 'ਐਂਜਲੀਨਾ ਜੋਲੀ ਮੰਦਰ' ਦੇ ਨਾਂ 'ਤੇ ਮਸ਼ਹੂਰ ਹੋਵੇਗਾ। ਅਜਿਹਾ ਕਿਹਾ ਜਾਂਦਾ ਹੈ ਕਿ 'ਟਾਮਬ ਰੈਡਰ' ਲੜੀ ਦੀ ਪਹਿਲੀ ਫਿਲਮ ਵਿਚ ਇਸ ਮੰਦਰ ਦੇ ਕਈ ਦ੍ਰਿਸ਼ ਹਨ। ਜੋਲੀ ਨੇ ਇਸ ਲੜੀ ਦੀਆਂ ਫਿਲਮਾਂ ਵਿਚ ਅਭਿਨੈ ਕੀਤਾ ਹੈ। ਜੋਲੀ ਨੇ ਇਸ ਪ੍ਰਾਚੀਨ ਮੰਦਰ ਦੀ ਸੰਭਾਲ ਲਈ ਮਦਦ ਦੀ ਗੱਲ ਕਹੀ ਸੀ।

## ਪਾਕਿ ਦਾ ਰੱਖਿਆ ਬਜਟ 580 ਅਰਬ!

**ਇਸਲਾਮਾਬਾਦ:** ਭਾਰਤ ਨਾਲ ਅਮਰੀਕਾ ਦੀ ਨੇੜਤਾ ਨੂੰ ਵੇਖਦਿਆਂ ਪਾਕਿਸਤਾਨ ਨੇ ਆਪਣੇ ਰੱਖਿਆ ਬਜਟ ਨੂੰ ਕਈ ਗੁਣਾ ਵਧਾ ਦਿੱਤਾ ਹੈ।

ਸੂਤਰਾਂ ਦਾ ਕਹਿਣਾ ਹੈ ਕਿ ਪਾਕਿ ਦਾ ਸਾਲਾਨਾ ਫੌਜੀ ਖਰਚਾ ਜੋ ਬਜਟ ਵਿਚ 442 ਅਰਬ ਰੁਪਏ ਰੱਖਿਆ ਗਿਆ ਸੀ, ਵਧ ਕੇ 580 ਅਰਬ ਰੁਪਏ ਤਕ ਜਾ ਸਕਦਾ ਹੈ। ਮੀਡੀਆ ਦੀਆਂ ਰਿਪੋਰਟਾਂ ਮੁਤਾਬਕ ਪਾਕਿਸਤਾਨ ਦਾ ਫੌਜੀ ਬਜਟ ਪਹਿਲੀ ਤਿਮਾਹੀ ਵਿਚ ਮਿੱਥੇ ਬਜਟ ਤੋਂ ਉਪਰ ਚਲਾ ਗਿਆ ਹੈ। ਪਹਿਲੀ ਤਿਮਾਹੀ ਵਿਚ ਸਰਕਾਰ ਨੇ ਜਿੰਨਾ ਬਜਟ ਰੱਖਿਆ ਸੀ ਉਸ ਤੋਂ 28 ਅਰਬ ਰੁਪਏ ਵਧ ਗਿਆ। ਸਰਕਾਰ ਦਾ ਕਹਿਣਾ ਹੈ ਕਿ ਅਜਿਹਾ ਅਤਿਵਾਦ ਖ਼ਿਲਾਫ਼ ਲੜਾਈ ਤੇ ਫੌਜ ਦੇ ਅਫ਼ਗਾਨਿਸਤਾਨ ਸਰਹੱਦ 'ਤੇ ਵੱਧ ਸਮੇਂ ਤਕ ਟਿਕੇ ਰਹਿਣ ਕਾਰਨ ਹੋਇਆ। ਪਹਿਲੀ ਤਿਮਾਹੀ ਦੌਰਾਨ ਸਰਕਾਰ ਨੇ 89 ਅਰਬ ਰੁਪਏ ਰੱਖੇ ਸਨ ਪਰ ਇਹ ਵਧ ਕੇ 117 ਅਰਬ ਰੁਪਏ ਤਕ ਪੁੱਜ ਗਿਆ। ਪਿਛਲੇ ਸਾਲ ਇਸੇ ਸਮੇਂ ਦੌਰਾਨ ਇਹ ਬਜਟ 86 ਅਰਬ ਰੁਪਏ ਸੀ ਜਿਸ ਤਰੀਕੇ ਨਾਲ ਇਹ ਬਜਟ ਪਹਿਲੀ ਤਿਮਾਹੀ ਦੌਰਾਨ ਵਧਿਆ ਹੈ ਉਸ ਦੇ ਮੱਦੇਨਜ਼ਰ ਕੁੱਲ ਬਜਟ ਜੋ 442 ਅਰਬ ਰੁਪਏ ਰੱਖਿਆ ਗਿਆ ਹੈ, ਵਧ ਕੇ 580 ਅਰਬ ਰੁਪਏ ਤਕ ਪੁੱਜ ਜਾਵੇਗਾ।


## ਬਾਸਕਟਬਾਲ ਖੇਡਦਿਆਂ ਓਬਾਮਾ ਜ਼ਖ਼ਮੀ

ਵਾਸ਼ਿੰਗਟਨ-ਰਾਸ਼ਟਰਪਤੀ ਬਰਾਕ ਓਬਾਮਾ ਨੂੰ ਉਸ ਸਮੇਂ ਆਪਣੇ ਬੁੱਲ੍ਹ 'ਤੇ 12 ਟਾਂਕੇ ਲਗਵਾਉਣੇ ਪੈ ਗਏ ਜਦੋਂ ਦੋਸਤਾਂ ਤੇ ਪਰਿਵਾਰ ਨਾਲ ਬਾਸਕਟਬਾਲ ਖੇਡਦੇ ਸਮੇਂ ਇਕ ਸਾਥੀ ਖਿਡਾਰੀ ਦੀ ਕੂਹਣੀ ਉਨ੍ਹਾਂ ਦੇ ਮੂੰਹ 'ਤੇ ਜਾ ਵੱਜੀ।

ਵਾਈਟ ਹਾਉਸ ਦੇ ਪ੍ਰੈਸ ਸਕੱਤਰ ਨੇ ਦੱਸਿਆ ਕਿ ਬਾਸਕਟਬਾਲ ਖੇਡਦੇ ਸਮੇਂ ਅਚਾਨਕ ਟੀਮ ਦੇ ਇਕ ਖਿਡਾਰੀ ਦੀ ਕੂਹਣੀ ਓਬਾਮਾ ਦੇ ਬੁੱਲ੍ਹ 'ਤੇ ਵੱਜੀ ਜਿਸ ਮਗਰੋਂ ਵਾਈਟ ਹਾਊਸ ਦੀ ਡਾਕਟਰੀ ਟੀਮ ਨੇ ਉਨ੍ਹਾਂ ਦੇ ਬੁੱਲ੍ਹ 'ਤੇ 12 ਟਾਂਕੇ ਲਗਾਏ। ਉਨ੍ਹਾਂ ਕਿਹਾ ਕਿ "ਵਾਈਟ ਹਾਉਸ ਦੀ ਹੇਠਲੀ ਮੰਜ਼ਲ 'ਤੇ ਸਥਿਤ ਡਾਕਟਰੀ ਸਟਾਫ ਨੇ ਓਬਾਮਾ ਦੇ ਬੁੱਲ੍ਹ 'ਤੇ ਟਾਂਕੇ ਲਗਾਏ। ਟਾਂਕੇ ਲਾਉਣ ਤੋਂ ਪਹਿਲਾਂ ਓਬਾਮਾ ਨੂੰ ਐਨੇਸਥੀਜੀਆ ਦਿੱਤਾ ਗਿਆ। ਟਾਂਕੇ ਲਾਉਣ ਦੌਰਾਨ ਡਾਕਟਰਾਂ ਨੇ ਛੋਟੇ ਫਿਲਾਮੈਂਟ ਦੀ ਵਰਤੋਂ ਕੀਤੀ ਜੋ ਆਮ ਤੌਰ 'ਤੇ ਟਾਂਕਿਆਂ ਦੀ ਗਿਣਤੀ ਨੂੰ ਵਧਾਉਂਦੇ ਹਨ ਪਰ ਉਹ ਮਜ਼ਬੂਤ ਹੁੰਦੇ ਹਨ ਤਾਂ ਜੋ ਨਿਸ਼ਾਨ ਦਿਖੇ ਨਾ।

## ਸਨੀ ਦਿਓਲ ਬਾਲੀਵੁੱਡ ਦਾ ਸਭ ਤੋਂ ਸੋਹਣਾ ਸਰਦਾਰ

**ਮੁੰਬਈ:** ਆਪਣੇ ਸਮੇਂ ਦੇ ਪ੍ਰਸਿੱਧ ਅਦਾਕਾਰ ਰਹੇ ਧਰਮਿੰਦਰ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਵੱਡਾ ਬੇਟਾ ਸੰਨੀ ਦਿਓਲ ਫਿਲਮੀ ਪਰਦੇ ਦਾ ਸਭ ਤੋਂ ਆਕਰਸ਼ਕ ਸਰਦਾਰ ਹੈ। ਧਰਮਿੰਦਰ ਨੇ ਆਪਣੇ ਬੇਟਿਆਂ ਸੰਨੀ ਤੇ ਬੌਬੀ ਦਿਓਲ ਨਾਲ ਕਾਮੇਡੀ ਪ੍ਰਧਾਨ ਫਿਲਮ 'ਯਮਲਾ ਪਗਲਾ ਦੀਵਾਨਾ' ਵਿਚ ਅਭਿਨੈ ਕੀਤਾ ਹੈ। ਸੰਨੀ ਨੇ 'ਯਮਲਾ ਪਗਲਾ ਦੀਵਾਨਾ' ਵਿਚ ਪਰਵਾਸੀ ਭਾਰਤੀ ਸਿੱਖ ਦੀ ਭੂਮਿਕਾ ਨਿਭਾਈ ਹੈ। ਧਰਮਿੰਦਰ ਨੇ ਫਿਲਮ ਲਈ ਇਥੇ ਫਿਲਮ ਸਿਟੀ ਵਿਚ ਪੱਤਰਕਾਰਾਂ ਨੂੰ ਕਿਹਾ ਕਿ ਉਸ ਨੂੰ ਲੱਗਦਾ ਹੈ ਕਿ ਸੰਨੀ ਪੂਰੇ ਫਿਲਮ



ਉਦਯੋਗ ਵਿਚ ਸਭ ਤੋਂ ਸੋਹਣਾ ਸਰਦਾਰ ਹੈ। ਉਹ ਪਰਦੇ 'ਤੇ ਸਭ ਤੋਂ ਸੋਹਣਾ ਸਰਦਾਰ ਦਿਖਦਾ ਹੈ ਤੇ ਉਨ੍ਹੂੰ ਉਸ 'ਤੇ ਮਾਣ ਹੈ। ਧਰਮਿੰਦਰ ਨੇ ਕਿਹਾ ਕਿ ਉਨ੍ਹਾਂ ਦੀ ਇਹ ਫਿਲਮ ਡਾਇਲਾਗਾਂ ਕਾਰਨ ਦਰਸ਼ਕਾਂ ਨੂੰ ਬੇਹੱਦ ਪਸੰਦ ਆਏਗੀ।

# ਅਮਰੀਕਾ ਵੱਲੋਂ ਫਲਾਹ-ਏ-ਇਨਸਾਨੀਅਤ 'ਤੇ ਪਾਬੰਦੀ

**ਵਾਸ਼ਿੰਗਟਨ:** ਮੁੰਬਈ ਹਮਲਿਆਂ ਦੀ ਦੂਜੀ ਬਰਸੀ ਮੌਕੇ ਅਮਰੀਕਾ ਨੇ ਪਾਕਿਸਤਾਨ ਦੀ ਫਲਾਹ-ਏ-ਇਨਸਾਨੀਅਤ ਸੰਸਥਾ ਖ਼ਿਲਾਫ਼ ਪਾਬੰਦੀਆਂ ਲਗਾਉਂਦੇ ਹੋਏ ਲਸ਼ਕਰ-ਏ-ਤੋਇਬਾ ਦੇ ਤਿੰਨ ਚੋਟੀ ਦੇ ਅਤਿਵਾਦੀਆਂ ਨੂੰ 'ਆਲਮੀ ਦਹਿਸ਼ਤਗਰਦ' ਐਲਾਨਿਆ ਹੈ।

ਵਿਦੇਸ਼ ਵਿਭਾਗ ਦੇ ਅਤਿਵਾਦ ਵਿਰੋਧੀ ਕੋਆਰਡੀਨੇਟਰ ਡੀ. ਬੈਂਜੇਮਿਨ ਨੇ ਕਿਹਾ ਕਿ ਲਸ਼ਕਰ ਕਾਰਕੁੰਨਾਂ ਨੂੰ 'ਦਹਿਸ਼ਤਗਰਦ' ਐਲਾਨਣਾ ਤੇ ਚੈਰਿਟੀ ਸੰਸਥਾ 'ਤੇ ਪਾਬੰਦੀਆਂ ਨੇ ਸਿੱਧ ਕਰ ਦਿੱਤਾ ਹੈ ਕਿ ਅਮਰੀਕਾ ਇਸ ਸੰਸਥਾ ਨੂੰ ਕਿਸੇ ਵੀ ਤਰ੍ਹਾਂ ਦੀ ਮਦਦ ਬਰਦਾਸ਼ਤ ਨਹੀਂ ਕਰੇਗਾ। ਲਸ਼ਕਰ ਨੇ ਆਪਣੇ ਆਪ ਨੂੰ ਬਚਾਉਣ ਲਈ ਇਸ ਸੰਸਥਾ ਦੀ ਵਰਤੋਂ ਕੀਤੀ ਹੈ। ਲਸ਼ਕਰੇ ਦੇ ਤਿੰਨ ਚੋਟੀ ਦੇ ਕਾਰਕੁਨਾਂ ਨੂੰ ਅਤਿਵਾਦੀ ਐਲਾਨੇ ਜਾਣ ਨਾਲ ਹੁਣ ਇਸ ਜਥੇਬੰਦੀ ਦਾ ਅੰਤ ਹੋ ਜਾਵੇਗਾ।

ਅਮਰੀਕਾ ਨੇ ਲਸ਼ਕਰ ਦੇ ਤਿੰਨ ਸੀਨੀਅਰ



ਮੈਂਬਰਾਂ ਲਸ਼ਕਰ ਟਰੇਡਰਜ਼ ਵਿਭਾਗ ਦੇ ਮੁਖੀ ਮੀਆਂ ਅਬਦੁਲਾ, ਜਥੇਬੰਦੀ ਲਈ ਪੈਸਾ ਜੁਟਾਉਣ ਵਾਲੇ ਮੁੱਖ ਆਗੂ ਮੁਹੰਮਦ ਨੌਸ਼ਾਦ ਆਲਮ ਖਾਨ ਤੇ ਫਲਾਹ-ਏ-ਇਨਸਾਨੀਅਤ ਦੇ ਮੌਜੂਦਾ ਮੁਖੀ ਹਾਫਿਜ਼ ਅਬਦੁਰ ਰੌਫ਼ ਨੂੰ ਦਹਿਸ਼ਤਗਰਦ ਐਲਾਨਿਆ ਹੈ। ਦੱਸਣਯੋਗ ਹੈ ਕਿ ਲਸ਼ਕਰ ਨੇ ਭਾਰਤ ਖ਼ਿਲਾਫ਼ ਕਈ ਦਹਿਸ਼ਤੀ ਹਮਲਿਆਂ ਦੀ ਜ਼ਿੰਮੇਵਾਰੀ ਲਈ ਹੈ ਤੇ ਅਮਰੀਕਾ ਖ਼ਿਲਾਫ਼ ਵੀ ਕਾਰਵਾਈਆਂ ਕੀਤੀਆਂ ਹਨ। ਇਸ ਨੇ 2008 ਵਿਚ ਮੁੰਬਈ 'ਤੇ ਹਮਲਾ ਕਰਕੇ 166 ਜਾਨਾਂ ਲਈਆਂ ਸਨ। ਇਸ ਜਥੇਬੰਦੀ ਦਾ ਓਸਾਮਾ ਬਿਨ ਲਾਦੇਨ ਦੀ ਅਲ-ਕਾਇਦਾ ਨੈੱਟਵਰਕ ਨਾਲ ਵੀ ਨੇੜਤਾ ਹੈ।

ਅਮਰੀਕੀ ਵਿਦੇਸ਼ ਵਿਭਾਗ ਅਨੁਸਾਰ ਇਹ ਤਿੰਨੇ ਵਿਅਕਤੀ ਜਥੇਬੰਦੀ ਨੂੰ ਫੰਡ ਮੁਹੱਈਆ ਕਰਾਉਣ ਵਿਚ ਮੁੱਖ ਭੂਮਿਕਾ ਨਿਭਾਅ ਰਹੇ ਹਨ। ਇਨ੍ਹਾਂ ਨੂੰ ਦਹਿਸ਼ਤਗਰਦ ਐਲਾਨਣ ਨਾਲ ਯਕੀਨਨ ਜਥੇਬੰਦੀ ਨੂੰ ਢਾਹ ਲੱਗੇਗੀ।

# ਫਰਾਂਸੀਸੀ ਔਰਤ ਤਿੰਨ ਹਫ਼ਤੇ ਗੁਸਲਖਾਨੇ 'ਚ ਰਹੀ

ਸਿਡਨੀ: ਇਕ ਬਜ਼ੁਰਗ ਫਰਾਂਸੀਸੀ ਔਰਤ ਨੂੰ ਤਿੰਨ ਹਫ਼ਤੇ ਗੁਸਲਖਾਨੇ 'ਚ ਬੰਦ ਰਹਿਣ ਦੇ ਬਾਵਜ਼ੂਦ ਵੀ ਸਹੀ-ਸਲਾਮਤ ਹਾਲਤ 'ਚ ਬਾਹਰ ਕੱਢ ਲਿਆ ਗਿਆ। 69 ਸਾਲਾ ਬਜ਼ੁਰਗ ਇਸ ਮੁਸੀਬਤ 'ਚ ਉਸ ਵੇਲੇ ਫਸ ਗਈ ਜਦੋਂ ਆਪਣੇ ਘਰ 'ਚ ਉਸ ਤੋਂ ਅਚਾਨਕ ਇਸ਼ਨਾਨਘਰ ਦਾ ਲਾਕ ਟੁੱਟ ਗਿਆ।

ਜਾਣਕਾਰੀ ਅਨੁਸਾਰ ਇਸ ਬਜ਼ੁਰਗ ਮਹਿਲਾ ਦਾ ਫਲੈਟ ਦੂਜੀ ਮੰਜ਼ਲ 'ਤੇ ਸੀ ਤੇ ਇਸਦੀ ਕੋਈ ਖਿੜਕੀ ਨਹੀਂ ਸੀ। ਉਸ ਨੇ ਬਾਹਰ ਨਿਕਲਣ ਦੀ ਬਹੁਤ ਕੋਸ਼ਿਸ਼ ਕੀਤੀ ਤੇ ਕੰਧਾਂ ਥਪਥਪਾ ਕੇ ਆਪਣੇ ਬੰਦ ਹੋਣ ਦੇ ਸੰਕੇਤ ਵੀ ਦਿੱਤੇ ਪਰ ਉਸ ਵੱਲ ਕਿਸੇ ਨੇ ਵੀ ਧਿਆਨ ਨਾ ਦਿੱਤਾ ਸਗੋਂ ਗੁਆਂਢੀ ਖ਼ਫ਼ਾ ਹੁੰਦੇ ਰਹੇ ਤੇ ਉਹ ਅੱਧੀ ਰਾਤ ਨੂੰ ਅਜਿਹੀਆਂ ਆਵਾਜ਼ਾਂ ਕਰਨ ਵਾਲੇ ਵਿਰੁੱਧ ਸ਼ਿਕਾਇਤ ਕਰਨ ਦੀ ਤਿਆਰੀ ਕਰਨ ਲੱਗ ਪਏ।

ਇਕ ਗੁਆਂਢੀ ਨੇ ਦੱਸਿਆ ਕਿ ਰਾਤ ਨੂੰ ਹਥੌੜੀ ਨਾਲ ਠਕੋਰੇ ਜਾਣ ਜਾਂ ਖੜਕੇ ਦੀਆਂ ਹੋਰ ਆਵਾਜ਼ਾਂ ਆਉਣ 'ਤੇ ਉਨ੍ਹਾਂ ਨੂੰ ਲੱਗਦਾ ਕਿ ਰਾਤ ਨੂੰ ਕੋਈ ਕੰਮ ਕਰ ਰਿਹਾ ਹੈ। ਉਨ੍ਹਾਂ ਸੋਚਿਆ ਕਿ ਕੋਈ ਰਾਤ ਨੂੰ ਉਨ੍ਹਾਂ ਦੀ ਨੀਂਦ ਹਰਾਮ ਕਰ ਰਿਹਾ ਹੈ। ਇਸ ਔਰਤ ਨੇ ਵਾਰ-ਵਾਰ ਨਹਾ ਕੇ ਤੇ ਦੰਦਾਂ ਨੂੰ ਬੁਰਸ਼ ਕਰਕੇ ਆਪਣੇ ਆਪ ਨੂੰ ਸ਼ਾਂਤ ਚਿੱਤ ਰੱਖਿਆ। ਉਸ ਦਾ ਨਾਂ ਮੀਡੀਆ ਨੂੰ ਜਾਰੀ ਨਹੀਂ ਕੀਤਾ ਗਿਆ। ਜਦੋਂ ਗੁਆਂਢੀ ਅਸਲੋਂ ਹੀ ਇਸ ਗੱਲੋਂ ਚਿੰਤਿਤ ਹੋ ਗਏ ਕਿ ਉਹ ਔਰਤ ਤਿੰਨ ਹਫ਼ਤਿਆਂ ਤੋਂ ਨਜ਼ਰ ਨਹੀਂ ਆ ਰਹੀ ਤਾਂ ਪੁਲਿਸ ਬੁਲਾਈ ਗਈ। ਜਦੋਂ ਉਨ੍ਹਾਂ ਘਰ ਦਾ ਦਰਵਾਜ਼ਾ ਤੋੜ ਕੇ ਉਹ ਨੂੰ ਲੱਭਿਆ ਤਾਂ ਉਹ ਬਹੁਤ ਮਾੜੀ ਹਾਲਤ 'ਚ ਸੀ ਪਰ ਹੁਣ ਉਹ ਤੰਦਰੁਸਤ ਹੈ।

# ਅਗਲੇ 10 ਸਾਲਾਂ 'ਚ ਅੱਧੇ ਅਮਰੀਕਾ ਨੂੰ ਹੋ ਸਕਦੈ ਸ਼ੱਕਰ ਰੋਗ

**ਨਿਊਯਾਰਕ:** ਅਮਰੀਕਾ ਵਿਚ ਸ਼ੱਕਰ ਰੋਗ ਨੇ ਮਹਾਂਮਾਰੀ ਦਾ ਰੂਪ ਧਾਰ ਲਿਆ ਹੈ ਤੇ ਜੇ ਇਹ ਪਸਾਰ ਇਵੇਂ ਜਾਰੀ ਰਿਹਾ ਤਾਂ 2020 ਤਕ ਅੱਧੇ ਤੋਂ ਵੱਧ ਅਮਰੀਕੀ ਇਸ ਦੀ ਲਪੇਟ ਵਿਚ ਆ ਜਾਣਗੇ। ਸਿਹਤ ਬੀਮਾਕਾਰ ਯੂਨਾਈਟਿਡ ਹੈਲਥ ਗਰੁੱਪ ਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਡਾਇਬਟੀਜ਼ ਜਾਂ ਪ੍ਰੀਡਾਇਬਟੀਜ਼ 'ਤੇ ਇਸ ਦਹਾਕੇ ਦੇ ਅੰਤ ਤਕ ਕੁੱਲ ਸਿਹਤ ਸੰਭਾਲ ਖਰਚ ਦਾ ਸਾਲਾਨਾ 500 ਅਰਬ ਡਾਲਰ ਹੋਵੇਗਾ ਜੋ ਇਸ ਸਾਲ 194 ਅਰਬ ਡਾਲਰ ਸੀ। ਔਸਤਨ ਸਾਲਾਨਾ ਸਿਹਤ ਸੰਭਾਲ ਲਾਗਤ 2009 ਵਿਚ ਪ੍ਰਤੀ ਸ਼ੱਕਰ ਰੋਗੀ 11700 ਡਾਲਰ ਸੀ ਜੋ ਗੈਰ ਸ਼ੱਕਰ ਰੋਗੀ ਉਤੇ 4400 ਡਾਲਰ ਆਉਂਦੀ ਸੀ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਡਾਇਬਟੀਜ਼ ਨਾਲ ਸਬੰਧਤ ਉਲਝਣਾਂ ਕਾਰਨ ਇਕ ਵਿਅਕਤੀ ਉਤੇ ਔਸਤਨ ਸਾਲਾਨਾ 20700 ਡਾਲਰ ਖਰਚ ਹੁੰਦਾ ਹੈ। ਇਨ੍ਹਾਂ ਉਲਝਣਾਂ 'ਚ ਦਿਲ, ਗੁਰਦੇ, ਨਸਾਂ, ਅੰਧਰਾਤਾ ਜਿਹੀਆਂ ਸਮੱਸਿਆਵਾਂ ਸ਼ਾਮਲ ਹਨ। ਸ਼ੱਕਰ ਰੋਗ ਕਾਰਨ ਵਿਅਕਤੀ ਦੇ ਜ਼ਖ਼ਮ ਨਹੀਂ ਭਰਦੇ ਤੇ ਅਕਸਰ ਅੰਗ ਕੱਟਣੇ ਪੈਂਦੇ ਹਨ।

ਇਸ ਸਮੇਂ ਅਮਰੀਕਾ ਵਿਚ 2 ਕਰੋੜ 60 ਲੱਖ ਅਮਰੀਕੀ ਇਸ ਦੀ ਮਾਰ ਹੇਠ ਹਨ ਤੇ ਇਹ ਮਹਾਮਾਰੀ ਦਾ ਰੂਪ ਧਾਰਦੀ ਜਾ ਰਹੀ ਹੈ। 6 ਕਰੋੜ 70 ਲੱਖ ਹੋਰ ਅਮਰੀਕੀ ਸ਼ੱਕਰ ਰੋਗ ਦੇ ਕੰਢੇ 'ਤੇ ਹਨ ਜਿਨ੍ਹਾਂ ਵਿਚ ਅਜਿਹੇ ਲੱਛਣ ਨਜ਼ਰ ਨਹੀਂ ਆ ਰਹੇ ਜਦਕਿ 6 ਕਰੋੜ ਅਮਰੀਕੀਆਂ ਨੂੰ ਆਪਣੀ ਸਥਿਤੀ ਬਾਰੇ ਜਾਣਕਾਰੀ ਨਹੀਂ ਹੈ। ਪ੍ਰੀ-ਡਾਇਬਟੀਜ਼ ਲੋਕਾਂ ਦੇ ਖ਼ੂਨ ਵਿਚ ਸ਼ੂਗਰ ਦਾ ਪੱਧਰ ਜ਼ਿਆਦਾ ਹੈ ਪਰ ਅਜੇ ਇਨ੍ਹਾਂ ਨੂੰ ਸ਼ੱਕਰ ਰੋਗੀ ਨਹੀਂ ਐਲਾਨਿਆ ਗਿਆ। ਅਜਿਹੇ ਲੋਕਾਂ ਵਿਚ ਵੱਧ ਵਜ਼ਨ, ਹਾਈ ਬਲੱਡ ਪ੍ਰੈਸ਼ਰ ਤੇ ਉੱਚ ਕੋਲੈਸਟ੍ਰਾਲ ਪਾਇਆ ਜਾਂਦਾ ਹੈ।

# ਮਲੇਸ਼ੀਆ 'ਚ ਭਾਰਤੀ ਨਾਗਰਿਕ ਨੂੰ ਸਜ਼ਾ-ਏ-ਮੌਤ

**ਕੁਆਲਾਲੰਪੁਰ:** ਮਲੇਸ਼ੀਆ ਦੀ ਅਦਾਲਤ ਨੇ ਭਾਰਤੀ ਨਾਗਰਿਕ ਨੂੰ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਦੋਸ਼ 'ਚ ਮੌਤ ਦੀ ਸਜ਼ਾ ਸੁਣਾਈ ਹੈ। ਮਿਲੀ ਜਾਣਕਾਰੀ ਅਨੁਸਾਰ ਹਬੀਬ ਨਸ਼ਤਰ ਅਬਦੁੱਲ ਮੁਤਾਲਿਫ ਨਾਂ ਦੇ ਭਾਰਤੀ ਵਿਅਕਤੀ ਨੂੰ ਮਾਰਚ 2009 'ਚ ਦਿੱਲੀ ਤੋਂ ਪਨਾਗ ਹਵਾਈ ਅੱਡੇ 'ਤੇ ਕੀਟੇਮਾਈਨ ਨਾਲ ਭਰੇ ਡੱਬਿਆਂ ਸਮੇਤ ਫੜਿਆ ਗਿਆ ਸੀ। ਪੁਲਿਸ ਅਨੁਸਾਰ ਹਬੀਬ ਨੂੰ ਮਲੇਸ਼ੀਆ ਦੇ ਪੱਕੇ ਨਿਵਾਸੀ ਦਾ ਦਰਜਾ ਹਾਸਲ ਹੈ। ਉਸ ਨੇ ਪੁਲਿਸ ਨੂੰ ਦੱਸਿਆ ਕਿ ਉਸ ਨੂੰ ਦਿੱਲੀ ਦੀ ਮਸਜਿਦ 'ਚ ਇਕ ਵਿਅਕਤੀ ਮਿਲਿਆ ਸੀ ਜਿਸ ਨੇ ਉਸ ਨੂੰ ਇਹ ਡੱਬੇ ਦਿੱਤੇ ਸਨ। ਹਬੀਬ ਦਾ ਦਾਅਵਾ ਸੀ ਕਿ ਉਸ ਨੂੰ ਡੱਬਿਆਂ 'ਚ ਨਸ਼ੀਲੇ ਪਦਾਰਥ ਹੋਣ ਬਾਰੇ ਕੁਝ ਪਤਾ ਨਹੀਂ ਸੀ ਤੇ ਉਸ ਨੂੰ ਝੂਠੇ ਕੇਸ 'ਚ ਫਸਾਇਆ ਗਿਆ ਹੈ ਪਰ ਅਦਾਲਤ ਨੇ ਹਬੀਬ ਦੀ ਦਲੀਲ ਨੂੰ ਖਾਰਜ ਕਰਦਿਆਂ ਕਿਹਾ ਕਿ ਜਦੋਂ ਉਹ ਕੁਆਲਾਲੰਪੁਰ 'ਚ ਨੌਕਰੀ ਕਰਦਾ ਹੈ ਤਾਂ ਉਸ ਦਾ ਉਥੋਂ 450 ਕਿਲੋਮੀਟਰ ਦੂਰ ਪੇਨਾਗ ਆਉਣ ਦਾ ਕੋਈ ਕਾਰਨ ਨਹੀਂ ਸੀ। ਮਲੇਸ਼ੀਆ 'ਚ ਨਸ਼ੀਲੇ ਪਦਾਰਥਾਂ ਦੀ ਤਸਕਰੀ 'ਚ ਸ਼ਾਮਲ ਲੋਕਾਂ ਲਈ ਮੌਤ ਦੀ ਸਜ਼ਾ ਹੈ।

# ਇਸਲਾਮੀ ਕੱਟੜਤਾ ਫੈਲਾਉਣ ਵਾਲੀਆਂ ਪੁਸਤਕਾਂ 'ਤੇ ਪਾਬੰਦੀ

ਅਲਜੀਅਰਜ਼: ਅਲਜੀਰੀਆ ਸਰਕਾਰ ਨੇ ਉਨ੍ਹਾਂ ਪੁਸਤਕਾਂ 'ਤੇ ਪਾਬੰਦੀ ਲਾ ਕੇ ਜ਼ਬਤ ਕਰਨਾ ਸ਼ੁਰੂ ਕਰ ਦਿੱਤਾ ਹੈ ਜਿਨ੍ਹਾਂ ਪੁਸਤਕਾਂ 'ਚ ਇਸਲਾਮੀ ਕੱਟੜਵਾਦ ਦੀ ਗੱਲ ਕਹੀ ਗਈ ਹੈ। ਦੱਸਣਯੋਗ ਹੈ ਕਿ ਸਲਫਵਾਦੀ ਸੰਸਥਾ ਇਕ ਅਜਿਹਾ ਕੱਟੜ ਸਿਆਸੀ ਗਰੁੱਪ ਹੈ ਜੋ ਪੱਛਮੀ ਦੇਸ਼ਾਂ ਦੀ ਸੱਭਿਅਤਾ ਦਾ ਪੂਰੀ ਤਰ੍ਹਾਂ ਵਿਰੋਧੀ ਹੈ।

ਇਸ ਗਰੁੱਪ ਦੇ ਮੈਂਬਰ ਆਧੁਨਿਕ ਜੀਵਨ ਸ਼ੈਲੀ ਤੇ ਪੱਛਮੀ ਸੰਗੀਤ ਤੇ ਪੱਛਮੀ ਪੁਸਤਕਾਂ ਦਾ ਵਿਰੋਧ ਕਰਦੇ ਹਨ ਤੇ ਰਾਜਨੀਤੀ ਤੋਂ ਪਰ੍ਹੇ ਰਹਿੰਦੇ ਹਨ।ਅਲਜੀਰੀਆ ਵੱਲੋਂ ਪਿਛਲੇ ਕੁਝ ਸਮੇਂ ਤੋਂ ਸਲਫਵਾਦੀ ਸੰਸਥਾ ਨੂੰ ਅੱਖੋਂ ਪਰੋਖੇ ਕੀਤਾ ਜਾ ਰਿਹਾ ਸੀ ਪਰ ਹਾਲ ਹੀ ਵਿਚ ਇਸ ਸੰਸਥਾ ਵੱਲੋਂ ਸ਼ੁਰੂ ਕੀਤੀਆਂ ਗਈਆਂ ਕੱਟੜਪੰਥੀ ਗਤੀਵਿਧੀਆਂ ਨੇ ਸਰਕਾਰ ਨੂੰ ਚਿੰਤਾ ਵਿਚ ਪਾ ਦਿੱਤਾ ਹੈ। ਇਸ ਸੰਸਥਾ ਦੇ ਮੈਂਬਰ ਕੌਮੀ ਗੀਤ ਦੌਰਾਨ ਖੜ੍ਹੇ ਵੀ ਨਹੀਂ ਹੁੰਦੇ। ਹੁਣ ਅਲਜੀਰੀਆ ਸਰਕਾਰ ਨੇ ਕਸਟਮ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤਾਂ ਦਿੱਤੀਆਂ ਹਨ ਕਿ 'ਸਲਫਵਾਦੀ' ਵੱਲੋਂ ਵਿਦੇਸ਼ਾਂ ਵਿਚੋਂ ਪ੍ਰਚਾਰ ਕਰਨ ਵਾਸਤੇ ਮੰਗਵਾਈਆਂ ਜਾ ਰਹੀਆਂ ਇਸਲਾਮੀ ਕੱਟੜਵਾਦੀ ਪੁਸਤਕਾਂ ਨੂੰ ਜ਼ਬਤ ਕਰ ਲਿਆ ਜਾਵੇ।

ਸਲਫਵਾਦੀ ਸੰਸਥਾ ਦੇ ਮੈਂਬਰਾਂ ਨੇ ਇਸ ਮਹੀਨੇ ਆਪਣੀ ਰਿਵਾਇਤੀ ਪੁਸਤਕ ਸਫੈਦ ਗਾਊਨ ਪਹਿਨਣ ਦੇ ਅਲਜੀਅਰਜ਼ ਕੌਮਾਂਤਰੀ ਪੁਸਤਕ ਮੇਲੇ ਵਿਚ ਵੀ ਸ਼ਿਰਕਤ ਕੀਤੀ ਸੀ ਤੇ ਇਸਲਾਮੀ ਕੱਟੜਪੁਣੇ ਦੀ ਵਿਆਖਿਆ ਕਰਨ ਵਾਲੀਆਂ ਪੁਸਤਕਾਂ ਦੀ ਵੱਡੇ ਪੱਧਰ 'ਤੇ ਖਰੀਦ ਕੀਤੀ ਸੀ ਤਾਂ ਕਿ ਇਨ੍ਹਾਂ ਪੁਸਤਕਾਂ ਨੂੰ ਬਾਅਦ ਵਿਚ ਵੇਚਿਆ ਜਾ ਸਕੇ। ਅਲਜੀਰੀਆ ਸਰਕਾਰ ਨੇ ਸਲਫਵਾਦੀ ਸੰਸਥਾ ਦੀਆਂ ਪੁਸਤਕ ਦੁਕਾਨਾਂ 'ਤੇ ਵੀ ਪਾਬੰਦੀ ਲਗਾਈ ਹੋਈ ਹੈ ਪਰ ਫੇਰ ਵੀ ਕਈ ਗਰੀਬ ਬਸਤੀਆਂ ਵਿਚ ਅਜੇ ਵੀ ਇਹ ਦੁਕਾਨਾਂ ਚੱਲ ਰਹੀਆਂ ਹਨ।






## ਸੰਯੁਕਤ ਰਾਸ਼ਟਰ ਦੇ ਰਾਜਦੂਤ ਵੱਲੋਂ ਸੂ ਚੀ ਨਾਲ ਮੁਲਾਕਾਤ

**ਯੰਗੂਨ:** ਮੀਆਂਮਾਰ ਦੇ ਸਿਆਸੀ ਹਾਲਾਤ ਦਾ ਜਾਇਜ਼ਾ ਲੈਣ ਆਏ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਬਾਨ ਕੀ ਮੂਨ ਦੇ ਸਟਾਫ ਮੁਖੀ ਵਿਜੇ ਨਾਂਬਿਆਰ ਨੇ ਜਮਹੂਰੀ ਪੱਖੀ ਆਗੂ ਆਂਗ ਸਾਨ ਸੂ ਚੀ ਨਾਲ ਮੁਲਾਕਾਤ ਕੀਤੀ ਪਰ ਇਸ ਗੱਲ ਦੇ ਕੋਈ ਸੰਕੇਤ ਨਹੀਂ ਮਿਲੇ ਕੇ ਦੇਸ਼ ਦੇ ਫੌਜੀ ਸ਼ਾਸਕਾਂ ਨੇ ਉਨ੍ਹਾਂ ਨੂੰ ਮਿਲਣ ਦੀ ਕੋਈ ਇੱਛਾ ਪ੍ਰਗਟਾਈ ਹੈ।



ਸੱਤ ਸਾਲਾਂ ਦੀ ਰਿਹਾਈ ਪਿਛੋਂ ਇਹ ਪਹਿਲਾ ਮੌਕਾ ਸੀ ਜਦੋਂ ਸੂ ਚੀ ਸੰਯੁਕਤ ਰਾਸ਼ਟਰ ਦੇ ਕਿਸੇ ਉੱਚ ਅਧਿਕਾਰੀ ਨੂੰ ਮਿਲੀ ਹੈ। ਨਾਂਬਿਆਰ ਨੇ ਸੂ ਚੀ ਨਾਲ ਦੋ ਘੰਟੇ ਗੱਲਬਾਤ ਕੀਤੀ ਪਰ ਇਸ ਗੱਲ ਦਾ ਸੰਕੇਤ ਨਹੀਂ ਮਿਲਿਆ ਕਿ ਉਹ ਸਰਕਾਰੀ ਮੰਤਰੀਆਂ ਤੇ ਚੋਟੀ ਦੇ ਆਗੂਆਂ ਨੂੰ ਮਿਲਣ ਲਈ ਰਾਜਧਾਨੀ ਨੇਪੀਤਾ ਗਏ। ਪਹਿਲਾਂ ਇਹ ਕਿਹਾ ਜਾ ਰਿਹਾ ਸੀ ਕਿ ਨਾਂਬਿਆਰ ਸੂ ਚੀ ਦੇ ਨਾਲ-ਨਾਲ ਸੱਤਾਧਾਰੀ ਆਗੂਆਂ ਨਾਲ ਵੀ ਮੁਲਾਕਾਤ ਕਰਨਗੇ। ਕਿਹਾ ਜਾ ਰਿਹਾ ਹੈ ਕਿ ਇਨ੍ਹਾਂ ਆਗੂਆਂ ਨਾਲ ਮੁਲਾਕਾਤ ਕਰਨ 'ਚ ਕਈ ਰੁਕਾਵਟਾਂ ਆ ਸਕਦੀਆਂ ਹਨ।

ਉਧਰ ਸੂ ਚੀ ਨੇ ਭਾਰਤੀ ਰਾਜਦੂਤਾਂ ਦੀ ਫੇਰੀ ਦਾ ਸਵਾਗਤ ਕੀਤਾ ਤੇ ਸੰਯੁਕਤ ਰਾਸ਼ਟਰ ਨਾਲ ਹੋਰ ਮੁਲਾਕਾਤਾਂ ਕਰਨ ਲਈ ਕਿਹਾ। ਉਸ ਨੇ ਕਿਹਾ ਕਿ ਅਸੀਂ ਉਨ੍ਹਾਂ ਨੂੰ ਇਹ ਦੱਸਣ ਦੇ ਸਮਰੱਥ ਸੀ ਕਿ ਅਸੀਂ ਆਖਰ ਕੀ ਚਾਹੁੰਦੇ ਹਾਂ ਤੇ ਸਾਨੂੰ ਸਕੱਤਰ ਜਨਰਲ ਦੀਆਂ ਭਾਵਨਾਵਾਂ ਜਾਨਣ ਦਾ ਮੌਕਾ ਮਿਲਿਆ।ਇਸੇ ਦੌਰਾਨ ਸੇਵਾ ਮੁਕਤ ਬਰਮੀ ਅਕਾਦਮਿਕ ਸ਼ਖਸੀਅਤ ਨੇ ਆਪਣਾ ਨਾਂ ਗੁਪਤ ਰੱਖਦਿਆਂ ਦੱਸਿਆ ਕਿ ਸ਼ਾਸਕਾਂ ਦਾ ਰੁੱਖਾ ਵਰਤਾਅ ਦੱਸਦਾ ਹੈ ਕਿ ਤਲਖੀ ਵਾਲੇ ਏਨੇ ਸਾਲਾਂ ਪਿਛੋਂ ਵੀ ਜਨਰਲ ਸੰਯੁਕਤ ਰਾਸ਼ਟਰ ਨਾਲ ਸਹਿਯੋਗ ਨਹੀਂ ਕਰਨਾ ਚਾਹੁੰਦੇ ਤੇ ਸੱਤਾਧਾਰੀਆਂ ਨੂੰ ਮਿਲੇ ਬਿਨਾਂ ਇਸ ਫੇਰੀ ਤੋਂ ਕੁਝ ਹਾਸਲ ਨਹੀਂ ਹੋ ਸਕਦਾ। ਉਸ ਨੇ ਕਿਹਾ ਕਿ ਅਸੀਂ ਕਹਿ ਸਕਦੇ ਹਾਂ ਕਿ ਇਹ ਨਵੇਂ ਮੁਹਾਂਦਰੇ ਦੀ ਸ਼ੁਰੂਆਤ ਹੋਈ ਹੈ।

# ਪਾਕਿਸਤਾਨ ਵੱਲੋਂ ਮੁੰਬਈ ਹਮਲਿਆਂ ਦੇ 20 ਹੋਰ ਸ਼ੱਕੀ ਅਤਿਵਾਦੀਆਂ ਦੀ ਸ਼ਨਾਖ਼ਤ

**ਇਸਲਾਮਾਬਾਦ:** ਭਾਰਤ ਵੱਲੋਂ ਲਿਖੇ ਸਖ਼ਤੀ ਭਰੇ ਪੱਤਰ ਤੋਂ ਬਾਅਦ ਸਰਗਰਮੀ ਵਰਤਦਿਆਂ ਪਾਕਿਸਤਾਨ ਸੁਰੱਖਿਆ ਏਜੰਸੀਆਂ ਨੇ 26/11 ਦੇ ਮੁੰਬਈ ਹਮਲਿਆਂ ਬਾਰੇ 20 ਹੋਰ ਸ਼ੱਕੀ ਅੱਤਵਾਦੀਆਂ ਦੀ ਸ਼ਨਾਖਤ ਕੀਤੀ ਹੈ। 2008 'ਚ ਹੋਏ ਅੱਤਵਾਦੀ ਹਮਲਿਆਂ ਦੌਰਾਨ 166 ਲੋਕ ਮਾਰੇ ਗਏ ਸਨ।

ਪਾਕਿਸਤਾਨ ਨੂੰ ਇਹ ਜਾਣਕਾਰੀ ਹੈ ਕਿ ਮੁੰਬਈ ਹਮਲੇ ਦੀ ਸਾਜ਼ਿਸ਼ ਤੇ ਇਹ ਹਮਲਾ ਯੋਜਨਾਬੱਧ ਤਰੀਕੇ ਨਾਲ ਉਥੋਂ ਹੀ ਕੀਤਾ ਗਿਆ ਸੀ। ਇਸ ਹਮਲੇ ਸਬੰਧੀ ਅਤਿਵਾਦੀ ਸੰਗਠਨ ਲਸ਼ਕਰ-ਏ-ਤਾਇਬਾ ਨਾਲ ਸਬੰਧਿਤ 7 ਸ਼ੱਕੀ ਅਤਿਵਾਦੀਆਂ ਜਿਨ੍ਹਾਂ 'ਤੇ ਹਮਲਿਆਂ ਦਾ ਦੋਸ਼ ਲਗਾਇਆ ਗਿਆ ਹੈ, ਖਿਲਾਫ਼ ਅਦਾਲਤੀ ਮੁਕੱਦਮਾ ਚਲਾਇਆ ਗਿਆ ਹੈ ਪਰ ਭਾਰਤ ਨੇ ਪਾਕਿਸਤਾਨ ਦੀ ਜਾਂਚ ਨੂੰ ਤਸੱਲੀਜਨਕ ਨਾ ਮੰਨਦਿਆ ਲਸ਼ਕਰ-ਏ-ਤਾਇਬਾ ਦੇ ਮੁਖੀ ਹਾਫ਼ਿਜ਼ ਮੁਹੰਮਦ ਸਈਦ ਸਮੇਤ ਹੋਰਨਾਂ ਲੋਕਾਂ ਖਿਲਾਫ਼ ਮੁਕੱਦਮਾ ਦਰਜ ਕਰਨ ਦੀ ਮੰਗ ਕੀਤੀ ਸੀ। ਪਾਕਿਸਤਾਨੀ ਅਖ਼ਬਾਰ 'ਦਿ ਐਕਸਪ੍ਰੈੱਸ ਟ੍ਰਿਬਿਊਨ' ਨੇ ਆਪਣੇ ਆਨਲਾਈਨ ਅਡੀਸ਼ਨ 'ਚ ਜਾਣਕਾਰੀ ਦਿੱਤੀ ਹੈ ਕਿ ਪਾਕਿ ਸੰਘੀ ਏਜੰਸੀ ਦੀ ਅਤਿਵਾਦ ਵਿਰੋਧੀ ਇਕਾਈ ਨੇ 20 ਹੋਰ ਸ਼ੱਕੀ ਅਤਿਵਾਦੀਆਂ ਦੀ ਪਛਾਣ ਕੀਤੀ ਹੈ ਜਿਨ੍ਹਾਂ 'ਚੋਂ



ਜ਼ਿਆਦਾਤਰ ਲਸ਼ਕਰ-ਏ-ਤਾਇਬਾ ਨਾਲ ਸਬੰਧਿਤ ਹਨ।


ਮੁੰਬਈ ਹਮਲਿਆਂ ਦੇ ਦੋ ਸਾਲ ਬਾਅਦ ਅਖ਼ਬਾਰ ਨੇ ਛਾਪੀ ਵਿਸ਼ੇਸ਼ ਰਿਪੋਰਟ 'ਚ ਦੱਸਿਆ ਹੈ ਕਿ ਇਨ੍ਹਾਂ ਸ਼ੱਕੀ ਅਤਿਵਾਦੀਆਂ ਨੇ ਮੁੰਬਈ ਹਮਲਿਆਂ ਬਾਰੇ ਗੈਰ-ਕਾਨੂੰਨੀ ਢੰਗ ਨਾਲ ਹਥਿਆਰਾਂ ਤੇ ਵਿੱਤੀ ਸਹਾਇਤਾ ਮੁਹੱਈਆ ਕਰਵਾਈ ਸੀ। ਰਿਪੋਰਟ 'ਚ ਦੱਸਿਆ ਗਿਆ ਹੈ ਕਿ ਇਨ੍ਹਾਂ 'ਚ ਹਮਲਿਆਂ ਦੌਰਾਨ ਵਰਤੀਆਂ ਗਈਆਂ ਦੋ ਕਿਸ਼ਤੀਆਂ ਦੇ ਕੈਪਟਨ, ਉਨ੍ਹਾਂ ਦੇ ਦਲ 'ਚ ਸ਼ਾਮਲ 10 ਹੋਰ ਅਤਿਵਾਦੀ, ਲਸ਼ਕਰ-ਏ-ਤਾਇਬਾ ਨੂੰ ਵਿੱਤੀ ਸਹਾਇਤਾ ਮੁਹੱਈਆ ਕਰਨ ਵਾਲੇ 6 ਅਤਿਵਾਦੀ ਤੇ 3 ਹੋਰ ਸ਼ਾਮਲ ਹਨ। ਪਾਕਿ ਵਿਦੇਸ਼ ਮੰਤਰੀ ਸ਼ਾਹ ਮੁਹੰਮਦ ਕੁਰੈਸ਼ੀ ਦਾ ਕਹਿਣਾ ਹੈ ਕਿ ਮੁੰਬਈ ਹਮਲਿਆਂ ਦੇ ਦੋਸ਼ੀਆਂ ਖ਼ਿਲਾਫ਼ ਮੁਕੱਦਮਾ ਚਲਾਉਣ ਲਈ ਪਾਕਿਸਤਾਨ ਨੂੰ ਭਾਰਤ ਦੀ ਸਹਾਇਤਾ ਦੀ ਲੋੜ ਹੈ।

ਜ਼ਿਕਰਯੋਗ ਹੈ ਕਿ ਮੁੰਬਈ ਹਮਲਿਆਂ ਦੌਰਾਨ ਭਾਰਤੀ ਸੈਨਾ ਨੇ 9 ਅਤਿਵਾਦੀਆਂ ਨੂੰ ਮਾਰ ਮੁਕਾਇਆ ਸੀ ਜਦੋਂਕਿ 10ਵੇਂ ਅਤਿਵਾਦੀ ਮੁਹੰਮਦ ਅਜ਼ਮਲ ਕਸਾਬ ਨੂੰ ਗ੍ਰਿਫ਼ਤਾਰ ਕਰ ਲਿਆ ਸੀ ਜਿਸ ਨੂੰ ਭਾਰਤੀ ਅਦਾਲਤ ਨੇ ਮੌਤ ਦੀ ਸਜ਼ਾ ਸੁਣਾਈ ਹੈ। ਪਾਕਿਸਤਾਨ 'ਚ 7 ਦੋਸ਼ੀਆਂ ਖ਼ਿਲਾਫ਼ ਮੁਕੱਦਮਾ ਅਜੇ ਰੁਕਿਆ ਹੋਇਆ ਹੈ ਕਿਉਂਕਿ ਪਾਕਿ ਅਧਿਕਾਰੀ ਕਸਾਬ ਨੂੰ ਇਥੇ ਲਿਆ ਕੇ ਪੁੱਛਗਿੱਛ ਕਰਨਾ ਚਾਹੁੰਦੇ ਹਨ ਪਰ ਭਾਰਤ ਨੇ ਕਸਾਬ ਨੂੰ ਪਾਕਿਸਤਾਨ ਭੇਜਣ ਦੀ ਆਗਿਆ ਨਹੀਂ ਦਿੱਤੀ।

ਪਾਕਿਸਤਾਨ 'ਚ ਜਿਨ੍ਹਾਂ 7 ਦੋਸ਼ੀਆਂ ਖ਼ਿਲਾਫ਼ ਮੁਕੱਦਮਾ ਚਲਾਇਆ ਜਾ ਰਿਹਾ ਹੈ ਉਨ੍ਹਾਂ 'ਚ ਲਸ਼ਕਰ-ਏ-ਤਾਇਬਾ ਦਾ ਕਮਾਂਡਰ ਜ਼ਕੀ-ਉਰ-ਰਹਿਮਾਨ ਲਖਵੀ ਵੀ ਸ਼ਾਮਲ ਹੈ।

## ਇਨਾਮੀ ਰਾਸ਼ੀ ਨਾਲ ਖ਼ੁਸ਼ੀ ਜ਼ਮੀਨ ਖਰੀਦੇਗਾ ਮਨਜੀਤ

**ਫਿਰੋਜ਼ਪੁਰ:** ਗੁਆਂਗਜ਼ੂ ਏਸ਼ਿਆਈ ਖੇਡਾਂ ਵਿਚ ਚਾਂਦੀ ਦੇ ਦੋ ਤਮਗੇ ਜਿੱਤਣ ਵਾਲੇ ਪਿੰਡ ਈਸਾ ਪੰਜਗਰਾਈਂ ਦੇ ਵਸਨੀਕ ਮਨਜੀਤ ਸਿੰਘ ਦਾ ਰੋਇੰਗ ਦੀ ਸਿਖਲਾਈ ਲਈ ਪੈਸੇ ਦਾ ਪ੍ਰਬੰਧ ਕਰਨ ਵਾਸਤੇ ਆਪਣੇ ਪਿਤਾ ਵੱਲੋਂ ਵੇਚੀ ਜ਼ਮੀਨ ਮੁੜ ਖਰੀਦਣ ਦਾ ਇਰਾਦਾ ਹੈ। ਮਨਜੀਤ ਨੇ ਕਿਹਾ ਕਿ ਪੰਜਾਬ ਸਰਕਾਰ ਉਸ ਨੂੰ ਜੋ ਵੀ ਨਗਦ ਇਨਾਮ ਦੇਵੇਗੀ ਉਸ ਨਾਲ ਉਹ ਸਭ ਤੋਂ ਪਹਿਲਾਂ ਸਿਖਲਾਈ ਲਈ ਵੇਚੀ ਜ਼ਮੀਨ ਮੁੜ ਖਰੀਦੇਗਾ।



ਮਨਜੀਤ ਸਿੰਘ ਦੇ ਪਿਤਾ ਨੇ ਉਸ ਦੀ ਸਿਖਲਾਈ ਲਈ ਪੈਸਿਆਂ ਦਾ ਇੰਤਜ਼ਾਮ ਕਰਨ ਲਈ ਕੁਝ ਵਰ੍ਹੇ ਪਹਿਲਾਂ ਇਕ ਏਕੜ ਜ਼ਮੀਨ ਵੇਚ ਦਿੱਤੀ ਸੀ। ਹਲਕਾ ਗੁਰੂ ਹਰਸਹਾਏ ਦੇ ਵਿਧਾਇਕ ਰਾਣਾ ਗੁਰਮੀਤ ਸਿੰਘ ਸੋਢੀ ਨੇ ਉਸ ਦੀ ਰਿਹਾਇਸ਼ 'ਤੇ ਇਸ ਮਾਣਮੱਤੇ ਖਿਡਾਰੀ ਨੂੰ ਮੋਟਰਸਾਈਕਲ ਦੇ ਕੇ ਉਸ ਦਾ ਸਨਮਾਨ ਕੀਤਾ। ਸ੍ਰੀ ਰਾਣਾ ਸੋਢੀ ਨੇ ਇਹ ਵੀ ਵਾਅਦਾ ਕੀਤਾ ਕਿ ਉਹ ਅਗਲੀਆਂ ਓਲੰਪਿਕ ਖੇਡਾਂ ਵਿਚ ਮਨਜੀਤ ਨੂੰ ਸੋਨ ਤਮਗਾ ਜਿੱਤਣ ਲਈ ਸਿਖਲਾਈ ਲੈਣ ਵਾਸਤੇ ਲੋੜੀਂਦੀ ਸਹਾਇਤਾ ਵੀ ਕਰਨਗੇ। ਸਾਲ 2006 ਵਿਚ ਸਿੰਗਾਪੁਰ 'ਚ ਕੌਮਾਂਤਰੀ ਖੇਡਾਂ ਵਿਚ ਪਹਿਲੀ ਵਾਰ 16 ਸਾਲ ਦੀ ਉਮਰ 'ਚ ਮੈਡਲ ਜਿੱਤਣ ਵਾਲੇ ਮਨਜੀਤ ਨੇ ਸੋਢੀ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਜ਼ਿੰਦਗੀ 'ਚ ਪਹਿਲੀ ਵਾਰ ਕਿਸੇ ਸਿਆਸਤਦਾਨ ਨੇ ਉਸ ਦਾ ਸਨਮਾਨ ਕੀਤਾ ਹੈ। ਉਸ ਨੇ ਦੱਸਿਆ ਕਿ ਪੰਜਾਬ ਸਰਕਾਰ ਤੇ ਇਹਦੇ ਹੋਰ ਵਿਭਾਗਾਂ ਨੇ ਉਹਦੇ ਮਾਣ ਤਾਣ ਲਈ ਹਾਲੇ ਕੁਝ ਨਹੀਂ ਕਿਹਾ। ਉਸ ਨੇ ਦੱਸਿਆ ਕਿ ਨਾਲ ਦੀ ਨਾਲ ਹੀ ਉਹ ਆਪਣੇ ਘਰ ਦੀ ਦਸ਼ਾ ਸੁਧਾਰੇਗਾ।

ਉਸ ਨੇ ਦੱਸਿਆ ਕਿ ਏਸ਼ਿਆਈ ਖੇਡਾਂ 'ਚ ਮੈਡਲ ਜਿੱਤਣ ਲਈ ਉਸ ਨੇ ਬੜੀਆਂ ਮੁਸ਼ਕਲਾਂ ਦਾ ਸਾਹਮਣਾ ਕੀਤਾ ਤੇ ਘਰ ਦੇ ਜੀਅ ਉਸ ਦੇ ਲਈ ਵੱਡਾ ਸਹਾਰਾ ਬਣੇ ਰਹੇ। ਹੈਦਰਾਬਾਦ ਵਿਖੇ ਤੋਪਖਾਨਾ ਕੇਂਦਰ ਵਿਚ ਨਾਇਕ ਸੂਬੇਦਾਰ ਵਜੋਂ ਸੇਵਾ ਨਿਭਾਅ ਰਹੇ ਮਨਜੀਤ ਨੇ ਕਿਹਾ ਕਿ ਫੈਡਰੇਸ਼ਨ ਆਫ਼ ਇੰਡੀਆ ਨੇ ਵੀ ਉਸ ਦੀ ਬਹੁਤ ਮਦਦ ਕੀਤੀ ਹੈ।

## ਸੂਚਨਾ ਦੇ ਅਧਿਕਾਰ ਦਾ ਫਾਇਦਾ ਪਰਵਾਸੀ ਭਾਰਤੀਆਂ ਨੂੰ ਵੀ ਮਿਲੇ: ਕਾਹਲੋਂ

**ਟੋਰਾਂਟੋ:** ਪੰਜਾਬ ਰਾਜ ਸੂਚਨਾ ਕਮਿਸ਼ਨਰ ਦਰਬਾਰਾ ਸਿੰਘ ਕਾਹਲੋਂ ਨੇ ਕਿਹਾ ਹੈ ਕਿ ਸੂਚਨਾ ਦੇ ਅਧਿਕਾਰ ਦਾ ਲਾਭ ਭਾਰਤੀ ਮੂਲ ਦੇ ਸਾਰੇ ਲੋਕਾਂ ਨੂੰ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਵਲੋਂ 2005 ਵਿਚ ਲਾਗੂ ਕੀਤੇ ਗਏ ਸੂਚਨਾ ਅਧਿਕਾਰ ਕਾਨੂੰਨ ਤਹਿਤ ਸਿਰਫ ਭਾਰਤੀ ਨਾਗਰਿਕਾਂ ਨੂੰ ਹੀ ਜਾਣਕਾਰੀ ਦਿੱਤੀ ਜਾ ਸਕਦੀ ਹੈ। ਕੈਨੇਡਾ ਵਿਚ ਭਖਦੇ ਮਸਲੇ ਪ੍ਰੋਗਰਾਮ ਵਿੱਚ ਸ਼ਾਮਲ ਹੁੰਦਿਆਂ ਇਕ ਸਵਾਲ ਦੇ ਜਵਾਬ ਵਿਚ ਸ. ਕਾਹਲੋਂ ਨੇ ਕਿਹਾ ਕਿ ਭਾਰਤੀ ਮੂਲ ਦੇ ਵਿਦੇਸ਼ਾਂ 'ਚ ਵਸਦੇ ਉਹ ਲੋਕ ਜਿਹੜੇ ਵਿਦੇਸ਼ੀ ਨਾਗਰਿਕ ਬਣ ਗਏ ਹੋਣ ਉਨ੍ਹਾਂ ਨੂੰ ਵੀ ਸੂਚਨਾ ਅਧਿਕਾਰ ਦੇ ਦਾਇਰੇ ਵਿਚ ਲਿਆਂਦਾ ਜਾਣਾ ਚਾਹੀਦਾ ਹੈ ਤਾਂ ਕਿ ਇਹ ਕਾਨੂੰਨ ਪਰਵਾਸੀ ਭਾਰਤੀਆਂ ਦੀਆਂ ਸਮੱਸਿਆਵਾਂ ਹੱਲ ਕਰਨ ਵਿੱਚ ਸਹਾਈ ਹੋ ਸਕੇ।

## ਰਾਜਕੁਮਾਰ ਵਿਲੀਅਮ ਨਹੀਂ ਬਣਨਾ ਚਾਹੁੰਦਾ ਬਾਦਸ਼ਾਹ

**ਲੰਡਨ:** ਭਾਵੇਂ ਬਰਤਾਨੀਆ ਦੇ ਲੋਕਾਂ ਨੇ ਹਾਲ 'ਚ ਹੀ ਆਈ.ਸੀ.ਐਮ. ਤੇ ਯੂਗੋਵ ਵੱਲੋਂ ਪੁੱਛੀ ਗਈ ਲੋਕ ਰਾਏ 'ਚ ਰਾਜਕੁਮਾਰ ਵਿਲੀਅਮ ਨੂੰ ਦੇਸ਼ ਦਾ ਅਗਲਾ ਬਾਦਸ਼ਾਹ ਬਣਾਉਣ ਦੀ ਹਮਾਇਤ ਕੀਤੀ ਸੀ ਪਰ ਰਾਜਕੁਮਾਰ ਵਿਲੀਅਮ ਨੇ ਕਿਹਾ ਹੈ ਕਿ ਉਸਦੀ ਅਜਿਹੀ ਕੋਈ ਖਾਹਿਸ਼ ਨਹੀਂ ਹੈ ਕਿ ਉਹ ਬਰਤਾਨੀਆ ਦਾ ਅਗਲਾ ਬਾਦਸ਼ਾਹ ਬਣੇ। ਉਸ ਦਾ ਕਹਿਣਾ ਹੈ ਕਿ ਉਸ ਦੇ ਪਿਤਾ ਰਾਜਕੁਮਾਰ ਚਾਰਲਸ ਬਰਤਾਨੀਆ ਦੇ ਅਗਲੇ ਬਾਦਸ਼ਾਹ ਬਣਨ ਲਈ ਢੁਕਵੇਂ ਵਿਅਕਤੀ ਹਨ।

28 ਵਰ੍ਹਿਆਂ ਦੇ ਰਾਜਕੁਮਾਰ ਵਿਲੀਅਮ ਦੀ ਜਦੋਂ ਤੋਂ ਉਸ ਦੀ ਮਿੱਤਰ ਕੇਟ ਮਿਡਲਟਨ ਨਾਲ ਮੰਗਣੀ ਹੋਈ ਹੈ ਉਸ ਸਮੇਂ ਤੋਂ ਵਿਲੀਅਮ ਦੀ ਲੋਕਪ੍ਰਿਯਤਾ ਹੋਰ ਵੀ ਵਧ ਗਈ ਹੈ ਤੇ ਬਰਤਾਨੀਆ ਦੇ ਬਹੁਤੇ ਲੋਕਾਂ ਦਾ ਮੰਨਣਾ ਹੈ ਕਿ ਰਾਜਕੁਮਾਰ ਵਿਲੀਅਮ ਮਹਾਰਾਣੀ ਐਲਿਜ਼ਾਬੈਥ ਮਗਰੋਂ ਬਾਦਸ਼ਾਹ ਵਜੋਂ ਬਰਤਾਨੀਆ ਦੀ ਕਮਾਨ ਸੰਭਾਲ ਸਕਦੇ ਹਨ।

ਜ਼ਿਕਰਯੋਗ ਹੈ ਕਿ 1995 ਵਿਚ ਰਾਜਕੁਮਾਰੀ ਡਾਇਨਾ ਨੇ ਬੀ.ਬੀ.ਸੀ. ਨੂੰ ਦਿੱਤੀ ਇੰਟਰਵਿਊ ਦੌਰਾਨ ਆਪਣੇ ਪਤੀ ਰਾਜਕੁਮਾਰ ਚਾਰਲਸ ਦੀ ਥਾਂ ਆਪਣੇ ਪੁੱਤਰ ਰਾਜਕੁਮਾਰ ਵਿਲੀਅਮ ਨੂੰ ਬਰਤਾਨੀਆ ਦਾ ਅਗਲਾ ਬਾਦਸ਼ਾਹ ਬਣਾਉਣ ਦੀ ਹਮਾਇਤ ਕੀਤੀ ਸੀ। ਸਿਰਫ 15 ਪ੍ਰਤੀਸ਼ਤ ਬਰਤਾਨਵੀ ਲੋਕ ਹੀ ਰਾਜਕੁਮਾਰ ਚਾਰਲਸ (62) ਨੂੰ ਇੰਗਲੈਂਡ ਦੇ ਨਵੇਂ ਬਾਦਸ਼ਾਹ ਵਜੋਂ ਵੇਖਣਾ ਚਾਹੁੰਦੇ ਹਨ ਜਦੋਂਕਿ 56 ਫੀਸਦੀ ਲੋਕਾਂ ਨੇ ਰਾਜਕੁਮਾਰ ਵਿਲੀਅਮ ਦੀ ਹਮਾਇਤ ਕੀਤੀ ਹੈ। ਇਨ੍ਹਾਂ ਲੋਕਾਂ ਦਾ ਕਹਿਣਾ ਹੈ ਕਿ ਰਾਜਕੁਮਾਰ ਵਿਲੀਅਮ ਆਪਣੇ ਪਿਤਾ ਨਾਲੋਂ ਵੱਧ ਚੰਗਾ ਬਾਦਸ਼ਾਹ ਸਾਬਤ ਹੋ ਸਕਦਾ ਹੈ।

ਸ਼ਾਹੀ ਸੂਤਰਾਂ ਨੇ ਇਹ ਵੀ ਦੱਸਿਆ ਕਿ ਮੌਜੂਦਾ ਸਮੇਂ ਵਿਚ ਰਾਜਕੁਮਾਰ ਵਿਲੀਅਮ ਉੱਤਰੀ ਵੇਲਜ਼ ਦੇ ਸ਼ਹਿਰ ਐਂਗਲਸੇ ਦੀ ਆਰ.ਏ.ਐਫ. ਘਾਟੀ ਵਿਚ ਰਹਿ ਰਿਹਾ ਹੈ ਜਿੱਥੇ ਉਹ ਹੈਲੀਕਾਪਟਰ ਦੇ ਪਾਇਲਟ ਵਜੋਂ ਖੋਜ ਤੇ ਰਾਹਤ ਕਾਰਜਾਂ ਵਿਚ ਮਦਦ ਕਰਦਾ ਹੈ।

# ਭਾਰਤ-ਪਾਕਿ ਤਣਾਅ ਘਟਾਉਣ ਲਈ ਅਮਰੀਕਾ ਦ੍ਰਿੜ

**ਵਾਸ਼ਿੰਗਟਨ:** ਵੈੱਬਸਾਈਟ ਵਿਕੀਲੀਕਸ ਵੱਲੋਂ ਜਨਤਕ ਕੀਤੇ ਗਏ ਤਾਜ਼ਾ ਖੁਫ਼ੀਆ ਦਸਤਾਵੇਜ਼ਾਂ ਵਿਚ ਕਈ ਨਵੇਂ ਖੁਲਾਸੇ ਹੋਏ ਹਨ। ਇਕ ਪਾਸੇ ਇਹ ਗੱਲ ਸਾਹਮਣੇ ਆਈ ਹੈ ਕਿ ਅਮਰੀਕਾ ਆਪਣੇ ਭਾਰਤ ਨਾਲ ਵਧ ਰਹੇ ਮਾਲੀ ਰਿਸ਼ਤਿਆਂ ਦੇ ਮੱਦੇਨਜ਼ਰ ਭਾਰਤ ਤੇ ਪਾਕਿਸਤਾਨ ਦਰਮਿਆਨ ਤਣਾਅ ਘਟਾਉਣਾ ਚਾਹੁੰਦਾ ਹੈ ਉਥੇ

### ਵਿਕੀਲੀਕਸ ਵੱਲੋਂ ਖੁਲਾਸਾ

ਇਸ ਸਾਲ ਦੇ ਸ਼ੁਰੂ ਵਿਚ ਤੁਰਕੀ ਵੱਲੋਂ ਅਫਗਾਨਿਸਤਾਨ ਬਾਰੇ ਸੱਦੀ ਗਈ ਖਾਸ ਮੀਟਿੰਗ ਦੌਰਾਨ ਉਸ ਨੇ ਪਾਕਿਸਤਾਨ ਨੂੰ ਖ਼ੁਸ਼ ਕਰਨ ਲਈ ਭਾਰਤ ਨੂੰ ਜਾਣਬੁੱਝ ਕੇ ਲਾਂਭੇ ਰੱਖਿਆ ਸੀ। ਇਸ ਦੌਰਾਨ ਇਕ ਅਮਰੀਕੀ ਰਿਪੋਰਟ ਵਿਚ ਇਹ ਗੱਲ ਕਹੀ ਗਈ ਹੈ ਕਿ ਇਰਾਨ ਤੇ ਪਾਕਿਸਤਾਨ ਦਰਮਿਆਨ ਗੈਸ ਪਾਈਪ ਲਾਈਨ ਵਿਛਾਉਣ ਲਈ ਸਮਝੌਤਾ ਸਹੀਬੰਦ ਹੋਣ ਦੇ ਬਾਵਜੂਦ ਅਰਬਾਂ ਦਾ ਇਹ ਪ੍ਰਾਜੈਕਟ ਸਿਰੇ ਨਹੀਂ ਚੜ੍ਹ ਸਕੇਗਾ ਹਾਲਾਂਕਿ ਇਸ ਨੂੰ ਅੱਗੇ ਭਾਰਤ ਤੱਕ ਵਧਾਏ ਜਾਣ ਦੀ ਵੀ ਤਜਵੀਜ਼ ਹੈ।

ਇਨ੍ਹਾਂ ਦਸਤਾਵੇਜ਼ਾਂ ਮੁਤਾਬਕ ਸਿਆਸੀ ਮਾਮਲਿਆਂ ਬਾਰੇ ਅਮਰੀਕਾ ਦੇ ਸਾਬਕਾ ਉਪ ਵਿਦੇਸ਼ ਮੰਤਰੀ ਨਿਕੋਲਸ ਬਰਨਜ਼ ਨੇ ਇਸਰਾਈਲੀ ਖੁਫੀਆ ਏਜੰਸੀ 'ਮੋਸਾਦ' ਦੇ ਮੁਖੀ ਮਾਇਰ ਦਾਗਾਨ ਨੂੰ ਕਿਹਾ ਸੀ ਕਿ ਸਾਬਕਾ ਰਾਸ਼ਟਰਪਤੀ ਬੁਸ਼ ਦਾ ਪ੍ਰਸ਼ਾਸਨ ਭਾਰਤ ਤੇ ਪਾਕਿਸਤਾਨ ਦਰਮਿਆਨ ਤਣਾਅ ਘਟਾਉਣ ਲਈ ਕੰਮ ਕਰ ਰਿਹਾ ਹੈ ਕਿਉਂਕਿ ਅਮਰੀਕਾ ਦੇ ਭਾਰਤ ਨਾਲ ਆਰਥਿਕ ਸਬੰਧ ਸੁਧਰ ਰਹੇ ਹਨ।

ਇਹ ਦਸਤਾਵੇਜ਼ ਅਸਲ ਵਿਚ ਅਮਰੀਕੀ ਵਿਦੇਸ਼ ਵਿਭਾਗ ਦੀ ਇਕ ਤਾਰ (ਕੇਬਲ) ਹੈ ਜਿਸ ਵਿਚ ਸ੍ਰੀ ਬਰਨਜ਼ ਤੇ ਸ੍ਰੀ ਦਾਗਾਨ ਦਰਮਿਆਨ ਹੋਈ ਮੀਟਿੰਗ ਦੇ ਵੇਰਵੇ ਸਨ। ਦਸਤਾਵੇਜ਼ ਮੁਤਾਬਕ ਇਸੇ ਮੀਟਿੰਗ ਦੌਰਾਨ ਸ੍ਰੀ ਦਾਗਾਨ ਨੇ ਸ੍ਰੀ ਬਰਨਜ਼ ਨੂੰ ਦੱਸਿਆ ਸੀ ਕਿ ਪਾਕਿਸਤਾਨ ਦੇ (ਉਦੋਂ ਦੇ) ਸਦਰ ਪਰਵੇਜ਼ ਮੁਸ਼ੱਰਫ ਨੂੰ ਅਹੁਦੇ ਤੋਂ ਲਾਂਭੇ ਹੋਣਾ ਪੈ ਸਕਦਾ ਹੈ। ਦੂਜੇ ਪਾਸੇ ਸ੍ਰੀ ਬਰਨਜ਼ ਨੇ ਕਿਹਾ ਸੀ ਕਿ 9/11 ਹਮਲਿਆਂ ਤੋਂ ਬਾਅਦ ਅਮਰੀਕੀ ਵਿਦੇਸ਼ ਨੀਤੀ ਵਿਚ ਦੱਖਣੀ ਏਸ਼ੀਆ ਦੀ ਅਹਿਮੀਅਤ ਵਧ ਗਈ ਸੀ।

ਇਕ ਹੋਰ ਦਸਤਾਵੇਜ਼ ਮੁਤਾਬਕ ਸਾਲ ਦੇ ਸ਼ੁਰੂ ਵਿਚ ਤੁਰਕੀ ਨੇ ਅਫਗਾਨਿਸਤਾਨ ਦਾ ਮਾਮਲਾ ਵਿਚਾਰਨ ਲਈ ਅਫਗਾਨਿਸਤਾਨ ਦੇ ਗੁਆਂਢੀਆਂ ਦੀ ਸੱਦੀ ਮੀਟਿੰਗ ਤੋਂ ਪਾਕਿਸਤਾਨ ਨੂੰ ਖ਼ੁਸ਼ ਕਰਨ ਲਈ ਭਾਰਤ ਨੂੰ ਜਾਣਬੁੱਝ ਕੇ ਲਾਂਭੇ ਰੱਖਿਆ ਸੀ। ਇਹ ਗੱਲ ਅਮਰੀਕੀ ਵਿਦੇਸ਼ ਵਿਭਾਗ ਦੀ 25 ਫਰਵਰੀ, 2010 ਦੀ ਖੁਫੀਆ ਤਾਰ ਵਿਚ ਕਹੀ ਗਈ

ਇਕ ਹੋਰ ਖੁਲਾਸੇ ਮੁਤਾਬਕ ਅਮਰੀਕਾ ਦੀ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਨੇ ਭਾਰਤ ਨੂੰ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਦੀ ਪੱਕੀ ਸੀਟ ਦੀ ਦੌੜ ਵਿਚ ਆਪੂ ਬਣਿਆ ਮੋਹੀ ਕਰਾਰ ਦਿੰਦਿਆਂ ਅਮਰੀਕੀ ਸਫ਼ੀਰਾਂ ਨੂੰ ਸੰਯੁਕਤ ਰਾਸ਼ਟਰ ਵਿਚ ਭਾਰਤ ਦੇ ਹਰ ਕਦਮ ਦੀ ਖ਼ਬਰ ਰੱਖਣ ਦੀਆਂ ਹਦਾਇਤਾਂ ਦਿੱਤੀਆਂ ਸਨ। ਵਿਕੀਲੀਕਸ ਵਲੋਂ ਜਾਰੀ ਦਸਤਾਵੇਜ਼ਾਂ ਵਿਚ ਕਿਹਾ ਗਿਆ ਹੈ ਕਿ ਹਿਲੇਰੀ ਕਲਿੰਟਨ ਨੇ 31 ਜੁਲਾਈ 2009 ਨੂੰ ਅਮਰੀਕੀ ਸਫ਼ੀਰਾਂ ਨੂੰ ਕਿਹਾ ਸੀ ਕਿ ਭਾਰਤ, ਬਰਾਜ਼ੀਲ, ਜਰਮਨੀ ਤੇ ਜਾਪਾਨ ਵਰਗੇ ਦੇਸ਼ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਦੀ ਪੱਕੀ ਸੀਟ 'ਤੇ ਦਾਅਵੇਦਾਰੀ ਕਰ ਰਹੇ ਹਨ ਜਿਸ ਬਾਰੇ ਉਨ੍ਹਾਂ ਵਲੋਂ ਜੁਟਾਏ ਜਾ ਰਹੇ ਸਮਰਥਨ 'ਤੇ ਨਜ਼ਰ ਰੱਖੀ ਜਾਵੇ ਤੇ ਮੈਕਸੀਕੋ, ਇਟਲੀ ਤੇ ਪਾਕਿਸਤਾਨ




ਦੇ ਸਮੂਹ ਨੂੰ ਇਕਜੁਟ ਕੀਤਾ ਜਾਵੇ ਜੋ ਸੁਰੱਖਿਆ ਕੌਂਸਲ ਵਿਚ ਸੁਧਾਰਾਂ ਦੇ ਵਿਰੁਧ ਹੈ।

ਵੈੱਬਸਾਈਟ ਅਨੁਸਾਰ ਇਕ ਸੂਤਰ ਨੇ ਅਮਰੀਕੀ ਡਿਪਲੋਮੈਟ ਨੂੰ ਦੱਸਿਆ ਸੀ ਕਿ ਇਰਾਨ ਤੇ ਪਾਕਿਸਤਾਨ ਵੱਲੋਂ ਗੈਸ ਪਾਈਪ ਲਾਈਨ ਸਮਝੌਤਾ ਸਹੀਬੰਦ ਕੀਤੇ ਜਾਣ ਦੇ ਬਾਵਜੂਦ ਇਹ ਪ੍ਰਾਜੈਕਟ ਸਿਰੇ ਚੜ੍ਹਨ ਦੇ ਆਸਾਰ ਨਹੀਂ ਹਨ। ਸੂਤਰ ਮੁਤਾਬਕ ਇਸ ਦਾ ਮੁੱਖ ਕਾਰਨ ਇਹੋ ਹੈ ਕਿ ਪਾਕਿਸਤਾਨ ਕੋਲ ਨਾ ਤਾਂ ਪਾਈਪ ਲਾਈਨ ਪੂਰੀ ਕਰਵਾਉਣ ਲਈ ਪੈਸੇ ਹਨ ਤੇ ਨਾ ਹੀ ਗੈਸ ਖਰੀਦਣ ਲਈ।

ਵਿਕੀਲੀਕਸ ਨੇ ਇਹ ਤਕਰੀਬਨ ਢਾਈ ਲੱਖ ਅਹਿਮ ਦਸਤਾਵੇਜ਼ ਬੀਤੇ ਦਿਨ ਜੱਗ ਜ਼ਾਹਰ ਕੀਤੇ ਜਿਨ੍ਹਾਂ ਵਿਚੋਂ ਬਹੁਤਿਆਂ ਨੂੰ 'ਖੁਫੀਆ' ਵਜੋਂ ਕਲਾਸੀਫਾਈਡ ਕੀਤਾ ਗਿਆ ਹੈ। ਇਨ੍ਹਾਂ ਵਿੱਚੋਂ 3038 ਦਸਤਾਵੇਜ਼ ਉਹ ਹਨ ਜਿਹੜੇ ਅਮਰੀਕਾ ਦੇ ਨਵੀਂ ਦਿੱਲੀ ਸਥਿਤ ਸਫ਼ਾਰਤਖਾਨੇ ਨੇ ਤਾਰਾਂ ਵਜੋਂ ਭੇਜੇ ਸਨ। ਇਹ ਸਾਰੇ 'ਖੁਫੀਆ' ਵਰਗ ਦੇ ਦਸਤਾਵੇਜ਼ ਹਨ। ਇਸ ਤੋਂ ਬਿਨਾਂ 2278 ਤਾਰਾਂ ਕਾਠਮੰਡੂ ਸਥਿਤ ਅਮਰੀਕੀ ਸਫਾਰਤਖਾਨੇ ਦੀਆਂ, 3325 ਕੋਲੰਬੋ ਦੀਆਂ ਤੇ 2220 ਇਸਲਾਮਾਬਾਦ ਸਥਿਤ ਅਮਰੀਕੀ ਸਫ਼ਾਰਤਖਾਨੇ ਦੀਆਂ ਹਨ।

ਇਕ ਦਸਤਾਵੇਜ਼ ਮੁਤਾਬਕ ਸਾਊਦੀ ਅਰਬ ਦੇ ਬਾਦਸ਼ਾਹ ਅਬਦੁੱਲਾ ਦਾ ਕਹਿਣਾ ਹੈ ਕਿ ਬਰਾਕ ਓਬਾਮਾ ਦੇ ਅਮਰੀਕਾ ਦਾ ਰਾਸ਼ਟਰਪਤੀ ਬਣਨ ਨਾਲ ਦੁਨੀਆ ਭਰ ਦੇ ਮੁਸਲਮਾਨਾਂ ਦੇ ਦਿਲ ਵਿਚ ਨਵੀਂ ਉਮੀਦ ਜਾਗੀ ਹੈ। ਉਨ੍ਹਾਂ ਇਹ ਗੱਲ ਖੁਦ ਸ੍ਰੀ ਓਬਾਮਾ ਦੇ ਅਤਿਵਾਦ ਵਿਰੋਧੀ ਸਲਾਹਕਾਰ ਜੋਹਨ ਬਰੈਨਨ ਨਾਲ ਮੁਲਾਕਾਤ ਵਿਚ ਕਹੀ।

ਇਕ ਹੋਰ ਦਸਤਾਵੇਜ਼ ਮੁਤਾਬਕ ਅਮਰੀਕਾ ਦਾ ਦੋਸ਼ ਹੈ ਕਿ 2006 ਵਿਚ ਹਿਜ਼ਬੁੱਲਾ ਦੀ ਇਸਰਾਈਲ ਨਾਲ ਲੜਾਈ ਦੌਰਾਨ ਇਰਾਨ ਵੱਲੋਂ ਰੈੱਡ ਕਰੀਸੈਂਟ ਦੀਆਂ ਐਂਬੂਲੈਂਸਾਂ ਰਾਹੀਂ ਹਿਜ਼ਬੁੱਲਾ ਲਈ ਹਥਿਆਰਾਂ ਦੀ ਤਸਕਰੀ ਕਰਕੇ ਲਿਬਨਾਨ ਪਹੁੰਚਾਏ ਗਏ ਸਨ।

## ਸਾਡੇ ਸਫ਼ੀਰ ਜਾਸੂਸ ਨਹੀਂ: ਅਮਰੀਕਾ

**ਵਾਸ਼ਿੰਗਟਨ:** ਵਿਕੀਲੀਕਸ ਵੱਲੋਂ ਇਹ ਖੁਲਾਸਾ ਕੀਤੇ ਜਾਣ ਕਿ ਅਮਰੀਕਾ ਦੇ ਵੱਖ-ਵੱਖ ਮੁਲਕਾਂ ਵਿਚ ਤਾਇਨਾਤ ਸਫ਼ੀਰਾਂ ਵੱਲੋਂ ਸੰਯੁਕਤ ਰਾਸ਼ਟਰ ਅਧਿਕਾਰੀਆਂ ਤੇ ਹੋਰਾਂ ਦੀ ਜਾਸੂਸੀ ਕੀਤੀ ਜਾਂਦੀ ਹੈ, ਨੂੰ ਖਾਰਜ ਕਰਦਿਆਂ ਅਮਰੀਕਾ ਨੇ ਕਿਹਾ ਕਿ ਅਜਿਹਾ ਕੁਝ ਵੀ ਨਹੀਂ ਹੈ। ਅਮਰੀਕੀ ਵਿਦੇਸ਼ ਵਿਭਾਗ ਦੇ ਤਰਜਮਾਨ ਪੀ.ਜੇ. ਕਰਾਊਲੀ ਨੇ ਕਿਹਾ, 'ਸਾਡੇ ਸਫ਼ੀਰਾਂ ਵੱਲੋਂ ਅਜਿਹੀ ਸੂਚਨਾ ਇਕੱਤਰ ਕੀਤੀ ਜਾਂਦੀ ਹੈ ਜਿਹੜੀ ਸਾਡੀਆਂ ਨੀਤੀਆਂ ਤੇ ਕਾਰਵਾਈਆਂ ਨੂੰ ਰੂਪ ਦਿੰਦੀ ਹੈ।

ਦੂਜੇ ਪਾਸੇ ਵਿਕੀਲੀਕਸ ਵੱਲੋਂ ਜਾਰੀ ਦਸਤਾਵੇਜ਼ਾਂ ਵਿਚ ਅਮਰੀਕਾ ਦੇ ਇਹ ਖਦਸ਼ੇ ਜ਼ਾਹਰ ਹੋਣੇ ਕਿ ਪਾਕਿਸਤਾਨ ਦੇ ਪਰਮਾਣੂ ਹਥਿਆਰਾਂ ਨੂੰ ਦਹਿਸ਼ਤਗਰਦਾਂ ਵੱਲੋਂ ਵਰਤਿਆ ਜਾ ਸਕਦਾ ਹੈ, ਉਤੇ ਪਾਕਿਸਤਾਨ ਨੇ ਸਖ਼ਤ ਨਾਰਾਜ਼ਗੀ ਜ਼ਾਹਰ ਕਰਦਿਆਂ ਵਿਕੀਲੀਕਸ ਦੀ ਨਿਖੇਧੀ ਕੀਤੀ ਹੈ। ਪਾਕਿਸਤਾਨ ਦੇ ਵਿਦੇਸ਼ ਵਿਭਾਗ ਦੇ ਤਰਜਮਾਨ ਅਬਦੁਲ ਬਾਸਿਤ ਨੇ ਕਿਹਾ ਕਿ ਅਜਿਹੇ ਸੰਜੀਦਾ ਦਸਤਾਵੇਜ਼ਾਂ ਨੂੰ ਜੱਗ ਜ਼ਾਹਰ ਕੀਤਾ ਜਾਣਾ 'ਗੈਰ-ਜ਼ਿੰਮੇਵਾਰਾਨਾ' ਕਾਰਵਾਈ ਹੈ।

# ਏਸ਼ਿਆਈ ਖੇਡਾਂ 'ਚ 64 ਤਮਗੇ ਜਿੱਤ ਕੇ ਭਾਰਤੀ ਖਿਡਾਰੀ ਛਾਏ

ਚੰਡੀਗੜ੍ਹ: ਚੀਨ ਦੇ ਸ਼ਹਿਰ ਗੁਆਂਗਜ਼ੂ 'ਚ ਹੋਈਆ ਏਸ਼ਿਆਈ ਖੇਡਾਂ 'ਚ ਭਾਰਤ ਨੇ ਪਹਿਲੀ ਵਾਰ 64 ਤਮਗੇ ਜਿੱਤ ਕੇ ਆਪਣੀ ਧਾਂਕ ਜਮਾਈ ਹੈ। ਭਾਰਤ ਇਨ੍ਹਾਂ ਖੇਡਾਂ 'ਚ 14 ਸੋਨ ਤਮਗਿਆਂ ਸਣੇ 64 ਤਮਗੇ ਹਾਸਲ ਕਰਕੇ ਸੂਚੀ 'ਚ ਛੇਵੇਂ ਸਥਾਨ 'ਤੇ ਰਿਹਾ ਜੋ ਕਿ ਪਿਛਲੇ 28 ਸਾਲਾਂ ਦੀ ਬਿਹਤਰੀਨ ਪੁਜੀਸ਼ਨ ਹੈ।

ਰਾਸ਼ਟਰਮੰਡਲ ਖੇਡਾਂ 'ਚ ਬਿਹਤਰੀਨ ਪ੍ਰਦਰਸ਼ਨ ਤੋਂ ਬਾਅਦ ਏਸ਼ਿਆਈ ਖੇਡਾਂ ਦੀ ਪ੍ਰਾਪਤੀ ਨਾਲ ਭਾਰਤ ਨੇ ਉਨ੍ਹਾਂ ਆਲੋਚਕਾਂ ਦੇ ਮੂੰਹ ਵੀ ਬੰਦ ਕਰ ਦਿੱਤੇ ਹਨ ਜਿਹੜੇ ਕਹਿ ਰਹੇ ਸਨ ਕਿ ਰਾਸ਼ਟਰਮੰਡਲ ਖੇਡਾਂ 'ਚ ਕਈ ਵਿਦੇਸ਼ੀ ਖਿਡਾਰੀਆਂ ਦੇ ਨਾ ਆਉਣ ਕਾਰਨ ਹੀ ਭਾਰਤ ਨੇ ਇੰਨੇ ਤਮਗੇ ਜਿੱਤੇ ਹਨ। ਇਸ ਦੇ ਨਾਲ ਹੀ ਏਸ਼ਿਆਈ ਖੇਡਾਂ 'ਚ ਪੰਜਾਬ ਦੇ ਖਿਡਾਰੀਆਂ ਨੇ ਵੀ ਚੰਗੇ ਜੌਹਰ ਵਿਖਾਏ। ਨਿਸ਼ਾਨੇਬਾਜ਼ੀ ਵਿਚ ਰੰਜਨ ਸੋਢੀ ਤੇ ਅਥਲੈਟਿਕਸ ਵਿਚ ਮਨਦੀਪ ਕੌਰ ਤੇ ਮਨਜੀਤ ਕੌਰ ਨੇ 4 ਗੁਣਾਂ 400 ਮੀਟਰ ਰਿਲੇਅ ਦੌੜ ਵਿਚ ਸੋਨ ਤਮਗਾ ਦਿਵਾਇਆ। ਰੋਇੰਗ ਵਿਚ ਮਨਜੀਤ ਸਿੰਘ, ਨਿਸ਼ਾਨੇਬਾਜ਼ ਹਿਨਾ ਸਿੱਧੂ, ਅਭਿਨਵ ਬਿੰਦਰਾ, ਮਾਨਵਜੀਤ ਸਿੰਘ ਸੰਧੂ, ਮਨਸ਼ੇਰ ਸਿੰਘ, ਜ਼ੋਰਾਵਰ ਸਿੰਘ, ਹਾਕੀ ਵਿਚ ਗੁਰਬਾਜ਼ ਸਿੰਘ, ਧਰਮਵੀਰ ਸਿੰਘ, ਰਾਜਪਾਲ ਸਿੰਘ, ਸਰਵਨਜੀਤ ਸਿੰਘ ਤੇ ਰਵੀ ਪਾਲ ਸਿੰਘ ਨੇ ਤਮਗੇ ਜਿੱਤੇ। ਸਭ ਤੋਂ ਵੱਧ ਤਮਗੇ ਫਿਰੋਜ਼ਪੁਰ ਜ਼ਿਲ੍ਹੇ ਦੇ ਖਿਡਾਰੀਆਂ ਨੇ ਅੱਠ ਜਿੱਤੇ।



ਦੂਜੇ ਪਾਸੇ ਭਾਰਤ ਨੂੰ ਸਭ ਤੋਂ ਵੱਡੀ ਪ੍ਰਾਪਤੀ ਅਥਲੈਟਿਕਸ ਵਿਚ ਮਿਲੀ ਜਿਸ ਨੇ ਰਾਸ਼ਟਰਮੰਡਲ ਖੇਡਾਂ ਤੋਂ ਬਾਅਦ ਦੂਹਰੀ ਖੁਸ਼ੀ ਮਨਾਉਣ ਦਾ ਮੌਕਾ ਦਿੱਤਾ। ਮਹਿਲਾ ਅਥਲੀਟ ਅਸ਼ਵਨੀ ਨੇ ਜਿਥੇ 400 ਮੀਟਰ ਹਰਡਲਜ਼ ਤੇ 4 ਗੁਣਾ 400 ਮੀਟਰ ਰਿਲੇਅ ਦੌੜ ਵਿੱਚ ਦੂਹਰਾ ਸੋਨ ਤਮਗਾ ਜਿੱਤਿਆ ਉਥੇ ਸੋਨ ਤਮਗਾ ਜਿੱਤਣ ਵਾਲੀ 4 ਗੁਣਾ 400 ਮੀਟਰ ਰਿਲੇਅ ਦੌੜ ਦੀ ਸੀਨੀਅਰ ਅਥਲੀਟ ਮਨਜੀਤ ਕੌਰ ਨੇ ਲਗਾਤਾਰ ਤੀਜੀ ਵਾਰ ਏਸ਼ਿਆਈ ਖੇਡਾਂ ਵਿਚ ਸੋਨ ਤਮਗਾ ਜਿੱਤ ਕੇ ਰਿਕਾਰਡ ਵੀ ਬਣਾਇਆ। ਮਨਜੀਤ ਗੋਲਡਨ ਹੈਟ੍ਰਿਕ ਪੂਰੀ ਕਰਨ ਵਾਲੀ ਪਹਿਲੀ ਅਥਲੀਟ ਹੈ। ਇਨ੍ਹਾਂ ਖੇਡਾਂ 'ਚ ਪ੍ਰੀਜਸ਼ਾ ਵੱਲੋਂ ਲੰਬੀਆਂ ਦੌੜਾਂ 'ਚ ਸੋਨ ਤਮਗਾ ਤੇ ਜੋਸੇਫ ਅਬਰਾਹਿਮ ਵੱਲੋਂ 400 ਮੀਟਰ ਹਰਡਲਜ਼ ਦੌੜ ਦੀ ਜਿੱਤ ਨਾਲ ਭਾਰਤ ਨੇ ਕਈ ਵਰ੍ਹਿਆਂ ਬਾਅਦ ਅਥਲੈਟਿਕਸ ਵਿਚ ਪੰਜ ਸੋਨ ਤਮਗੇ ਜਿੱਤੇ ਹਨ। ਇਸ ਤੋਂ ਇਲਾਵਾ ਕਵਿਤਾ ਰਾਓਤ ਨੇ ਦੋਹਰਾ ਤਮਗਾ ਤੇ ਕ੍ਰਿਸ਼ਨਾ ਪੂਨੀਆ ਨੇ ਵੀ ਤਮਗਾ ਜਿੱਤਿਆ।

ਅਥਲੈਟਿਕਸ ਤੋਂ ਬਾਅਦ ਮੁੱਕੇਬਾਜ਼ੀ, ਟੈਨਿਸ ਤੇ ਕਬੱਡੀ 'ਚ ਵੀ ਭਾਰਤ ਦੀ ਕਾਰਗੁਜ਼ਾਰੀ ਚੰਗੀ ਰਹੀ। ਮੁੱਕੇਬਾਜ਼ ਵਿਜੇਂਦਰ ਸਿੰਘ ਤੇ ਵਿਕਾਸ ਕ੍ਰਿਸ਼ਨਨ ਨੇ ਦੋ ਸੋਨ ਤਮਗੇ ਜਿੱਤੇ। ਮਨਪ੍ਰੀਤ ਸਿੰਘ, ਪਰਮਜੀਤ ਸਿੰਘ ਸਮੋਟਾ ਤੇ ਸੰਤੋਸ਼ ਕੁਮਾਰ ਨੇ ਚਾਂਦੀ ਤੇ ਸੌਰੰਜਯ ਸਿੰਘ ਨੇ ਕਾਂਸੀ ਦੇ ਤਮਗੇ ਜਿੱਤੇ। ਟੈਨਿਸ ਵਿਚ ਸੋਮਦੇਵ ਦੇਵਬਰਮਨ ਦੇ ਰੂਪ ਵਿਚ ਭਾਰਤ ਨੂੰ ਪਹਿਲਾ ਸਿੰਗਲਜ਼ ਸੋਨ ਤਮਗਾ ਜੇਤੂ ਟੈਨਿਸ ਖਿਡਾਰੀ ਮਿਲਿਆ। ਸੋਮਦੇਵ ਨੇ ਚੰਡੀਗੜ੍ਹੀਏ ਸਨਮ ਸਿੰਘ ਨਾਲ ਮਿਲ ਕੇ ਡਬਲਜ਼ ਦਾ ਸੋਨ ਤਮਗਾ ਜਿੱਤਿਆ। ਸਾਨੀਆ ਮਿਰਜ਼ਾ ਨੇ ਵੀ ਚਾਂਦੀ ਤੇ ਕਾਂਸੀ ਦੇ ਤਮਗੇ ਜਿੱਤੇ। ਕਬੱਡੀ ਦੇ ਪੁਰਸ਼ ਵਰਗ ਵਿਚ ਜਿੱਥੇ ਭਾਰਤ ਨੇ ਸੋਨ ਤਮਗੇ ਜਿੱਤਣ ਦਾ 'ਛੱਕਾ' ਜੜਿਆ ਉਥੇ ਮਹਿਲਾ ਕਬੱਡੀ ਟੀਮ ਨੇ ਪਹਿਲੀ ਵਾਰ ਹੀ ਸੋਨ ਤਮਗਾ ਜਿੱਤ ਕੇ ਸਾਬਤ ਕੀਤਾ ਕਿ ਕਬੱਡੀ ਭਾਰਤ ਦੀ ਰਵਾਇਤੀ ਖੇਡ ਹੈ।

ਰੋਇੰਗ ਭਾਰਤ ਲਈ ਹੈਰਾਨੀਜਨਕ ਫੈਸਲੇ ਲੈ ਕੇ ਆਈ। ਬਜਰੰਗ ਲਾਲ ਨੇ ਜਿੱਥੇ ਸੋਨ ਤਮਗਾ ਜਿੱਤਿਆ ਉਥੇ ਭਾਰਤ ਨੂੰ ਚਾਂਦੀ ਤੇ ਕਾਂਸੀ ਦੇ ਤਮਗੇ ਵੀ ਮਿਲੇ। ਬਿਲੀਅਰਡਜ਼ ਵਿਚ ਪੰਕਜ ਅਡਵਾਨੀ ਨੇ ਦੋਹਾ ਵਾਲੀ ਸੋਨ ਤਮਗੇ ਦੀ ਪ੍ਰਾਪਤੀ ਦੁਹਰਾਈ। ਨਿਸ਼ਾਨੇਬਾਜ਼ੀ ਖੇਡ ਕੇ ਜਿਥੇ ਭਾਰਤ ਨੂੰ ਨਿਰਾਸ਼ ਕੀਤਾ ਉਥੇ ਫਿਰੋਜ਼ਪੁਰ ਜ਼ਿਲ੍ਹੇ ਦੇ ਰੰਜਨ ਸੋਢੀ ਨੇ ਡਬਲ ਟਰੈਪ ਵਿਚ ਸੋਨ ਤਮਗਾ ਜਿੱਤ ਕੇ ਨਿਸ਼ਾਨੇਬਾਜ਼ਾਂ ਦੀ ਲਾਜ ਰੱਖੀ। ਗਗਨ ਨਾਰੰਗ, ਹਿਨਾ ਸਿੱਧੂ, ਅਭਿਨਵ ਬਿੰਦਰਾ ਦੇ ਹੱਥ ਚਾਂਦੀ ਤੇ ਮਾਨਵਜੀਤ ਸੰਧੂ, ਮਨਸ਼ੇਰ ਸਿੰਘ, ਜ਼ੋਰਾਵਾਰ ਸਿੰਘ, ਵਿਜੈ ਕੁਮਾਰ ਹੱਥ ਕਾਂਸੀ ਦਾ ਤਮਗਾ ਲੱਗਿਆ। ਜਿਮਨਾਸਟ ਆਸ਼ੀਸ਼ ਕੁਮਾਰ ਨੇ ਭਾਰਤ ਨੂੰ ਜਿਮਨਾਸਟਿਕ ਦਾ ਪਹਿਲਾ ਤਮਗਾ ਦਿਵਾਇਆ। ਤੈਰਾਕ ਵੀਰਧਵਲ ਖਾੜੇ ਨੇ 24 ਸਾਲਾਂ ਬਾਅਦ ਭਾਰਤ ਨੂੰ ਤੈਰਾਕੀ ਵਿਚ ਤਮਗਾ ਦਿਵਾਇਆ।

ਰੋਲਰ ਸਕੇਟਿੰਗ ਵਿਚ ਭਾਰਤ ਨੂੰ ਕਾਂਸੀ ਦੇ ਤਮਗੇ ਮਿਲੇ। ਕੁਸ਼ਤੀਆਂ ਵਿਚ ਸੁਸ਼ੀਲ ਤੇ ਯੋਗੇਸ਼ਵਰ ਦੱਤ ਦੀ ਗੈਰ ਹਾਜ਼ਰੀ ਵਿਚ ਭਾਰਤ ਨੂੰ ਸੋਨਾ ਤਾਂ ਨਾ ਮਿਲਿਆ ਪਰ ਫਿਰ ਵੀ ਕਈ ਪਹਿਲਵਾਨਾਂ ਨੇ ਕਾਂਸੀ ਦੇ ਤਮਗੇ ਜਿੱਤ। ਸੁਕਐਸ਼ ਦੀਆਂ ਦੋਵੇਂ ਟੀਮਾਂ ਨੇ ਕਾਂਸੀ ਦੇ ਤਮਗੇ ਜਿੱਤੇ। ਤੀਰਅੰਦਾਜ਼ ਤਰੁਣਦੀਪ ਰਾਏ ਨੇ ਪਹਿਲੀ ਵਾਰ ਵਿਅਕਤੀਗਤ ਵਰਗ ਵਿਚ ਭਾਰਤ ਨੂੰ ਚਾਂਦੀ ਦਾ ਤਮਗਾ ਦਿਵਾਇਆ। ਟੀਮਾਂ ਨੇ ਕਾਂਸੀ ਦੇ ਤਮਗੇ ਜਿੱਤੇ। ਕੁੜੀਆਂ ਦੀ ਹਾਕੀ ਟੀਮ ਜਿਥੇ ਤਮਗੇਂ ਤੋਂ ਖੁੰਝ ਗਈ ਉਥੇ ਪੁਰਸ਼ ਹਾਕੀ ਟੀਮ ਨੇ ਕਾਂਸੀ ਦਾ ਤਮਗਾ ਜਿੱਤਿਆ।

# ਇਕ ਹੋਰ ਘੁਟਾਲਾ:ਹਾਊਸਿੰਗ ਕੰਪਨੀਆਂ ਦੇ ਕਰਜ਼ਿਆਂ ਲਈ ਵੱਢੀਖੋਰੀ

**ਨਵੀਂ ਦਿੱਲੀ:** ਇਕ ਤੋਂ ਬਾਦ ਇਕ ਭ੍ਰਿਸ਼ਟਾਚਾਰ ਤੇ ਘਟਾਲਿਆਂ ਦਾ ਮਾਮਲਾ ਸਾਹਮਣੇ ਆਉਣ ਕਾਰਨ ਯੂ.ਪੀ.ਏ. ਸਰਕਾਰ ਦੀਆਂ ਮੁਸੀਬਤਾਂ ਵਧ ਗਈਆਂ ਹਨ। ਤਾਜ਼ਾ ਘੁਟਾਲਾ ਰਿਸ਼ਵਤ ਲੈ ਕੇ ਹਾਊਸਿੰਗ ਕੰਪਨੀਆਂ ਨੂੰ ਕਰਜ਼ੇ ਦੇਣ ਦਾ ਘੁਟਾਲਾ ਸਾਹਮਣੇ ਆਇਆ ਹੈ। ਭਾਵੇਂ ਕੇਂਦਰ ਸਰਕਾਰ ਇਸ ਨੂੰ 'ਮਾਮੂਲੀ ਘੁਟਾਲਾ' ਕਰਾਰ ਦੇ ਰਹੀ ਹੈ ਪਰ ਕਈ ਅਹਿਮ ਕੰਪਨੀਆਂ ਦੇ ਨਾਂ ਸਾਹਮਣੇ ਆਉਣ 'ਤੇ ਇਹ ਮਾਮਲਾ ਭਖ ਗਿਆ ਹੈ। ਸੀ.ਬੀ.ਆਈ. ਨੇ ਹਾਊਸਿੰਗ ਵਿੱਤ ਘੁਚਾਲੇ ਦਾ ਖੁਲਾਸਾ ਕਰਦਿਆਂ ਇਸ ਬਾਰੇ ਐਲ.ਆਈ.ਸੀ. ਹਾਊਸਿੰਗ ਫਾਇਨਾਂਸ ਦੇ ਮੁੱਖ ਕਾਰਜਕਾਰੀ ਅਧਿਕਾਰੀ ਰਾਮਚੰਦਰਨ ਨਾਇਰ, ਐਲ.ਆਈ.ਸੀ. ਸਕੱਤਰ (ਨਿਵੇਸ਼) ਨਰੇਸ਼ ਚੋਪੜਾ ਤੇ ਛੇ ਹੋਰ ਸੀਨੀਅਰ ਬੈਂਕਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਚੋਪੜਾ ਪਿਛਲੇ ਦੋ ਸਾਲ ਤੋਂ ਐਲ.ਆਈ.ਸੀ. ਦੇ ਨਿਵੇਸ਼ ਵਿਭਾਗ ਨਾਲ ਜੁੜੇ ਹਨ। ਇਹ ਸਾਰੇ ਅਧਿਕਾਰੀਆਂ ਨੇ ਕੰਪਨੀਆਂ ਨੂੰ ਵੱਡੇ ਕਰਜ਼ੇ ਮਨਜ਼ੂਰ ਕਰਦੇ ਸਮੇਂ ਇਨ੍ਹਾਂ ਕੰਪਨੀਆਂ ਲਈ ਕਰਜ਼ਾ ਜੁਟਾਉਣ ਦਾ ਕੰਮ ਕਰਨ ਵਾਲੀ ਫਰਮ ਮਨੀ ਮੈਟਰਜ਼ ਨਾਲ ਗੰਢਤੁੱਪ ਕੀਤੀ ਤੇ ਨਿਯਮਾਂ ਦੀ ਅਣਦੇਖੀ ਕਰਕੇ ਕਰਜ਼ੇ ਮਨਜ਼ੂਰ ਕਰਨ ਲਈ ਰਿਸ਼ਵਤ ਲਈ।


ਇਸ ਘੁਟਾਲੇ ਦੇ ਬੇਨਕਾਬ ਹੋਣ ਤੋਂ ਬਾਅਦ ਸੇਬੀ ਤਕਰੀਬਨ ਦੋ ਦਰਜਨ ਕੰਪਨੀਆਂ ਦੇ ਸ਼ੇਅਰਾਂ ਵਿਚ ਵਧ-ਚੜ੍ਹ ਕੇ ਸੌਦੇ ਹੋਣ ਤੇ ਸੰਭਾਵਤ ਗੁਪਤ ਕਾਰੋਬਾਰ ਦੀ ਜਾਂਚ ਵਿਚ ਜੁਟ ਗਈ ਹੈ। ਦੋ ਦਰਜਨ ਕੰਪਨੀਆਂ ਵਿਚ ਕੁਝ ਬਲਿਊ ਚਿੱਪ ਕੰਪਨੀਆਂ ਵੀ ਸ਼ਾਮਲ ਹਨ। ਉਧਰ ਯੋਜਨਾ ਕਮਿਸ਼ਨ ਦੇ ਡਿਪਟੀ ਚੇਅਰਮੈਨ ਮੌਂਟੇਕ ਸਿੰਘ ਆਹਲੂਵਾਲੀਆ ਨੇ ਇਸ ਘਪਲੇ ਨੂੰ 'ਮਾਮੂਲੀ' ਕਰਾਰ ਦਿੱਤਾ ਹੈ।

ਸੇਬੀ ਦੇ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਸ਼ੁਰੂਆਤੀ ਪੱਖ ਤੋਂ ਪ੍ਰਾਪਤ ਜਾਣਕਾਰੀ ਨੂੰ ਜਦੋਂ ਸੀ.ਬੀ.ਆਈ. ਦੇ ਦੋਸ਼ਾਂ ਨਾਲ ਜੋੜਿਆ ਗਿਆ ਤਾਂ ਇਸ ਗੱਲ ਦੇ ਸੰਕੇਤ ਮਿਲੇ ਕਿ ਇਨ੍ਹਾਂ ਕੰਪਨੀਆਂ ਦੇ ਨਿਵੇਸ਼ ਫੈਸਲਿਆਂ ਬਾਰੇ ਪਹਿਲਾਂ ਜਾਣਕਾਰੀ ਦੇ ਆਧਾਰ 'ਤੇ ਵੱਡੇ-ਵੱਡੇ ਨਿਵੇਸ਼ਕਾਂ ਨੇ ਵਧ-ਚੜ੍ਹ ਕੇ ਸ਼ੇਅਰ ਖਰੀਦੇ ਤੇ ਵੇਚੇ। ਇਨ੍ਹਾਂ ਵੱਡੇ ਨਿਵੇਸ਼ਕਾਂ ਵਿਚ ਐਨ.ਆਈ.ਸੀ. ਵੀ ਹੋ ਸਕਦੀ ਹੈ। ਐਨ.ਆਈ.ਸੀ. ਦੇ ਸਕੱਤਰ (ਨਿਵੇਸ਼) ਨੂੰ ਸੀ.ਬੀ.ਆਈ. ਨੇ ਹਾਊਸਿੰਗ ਵਿੱਤ ਘਪਲੇ ਸਬੰਧੀ ਗ੍ਰਿਫਤਾਰ ਕੀਤਾ ਹੈ।ਇਸ ਪੂਰੇ ਮਾਮਲੇ ਵਿਚ ਮਨੀ ਮੈਟਰਜ਼ ਕੰਪਨੀ ਇਕ ਕੇਂਦਰ ਬਣ ਕੇ ਉਭਰੀ ਹੈ। ਇਸ ਕੰਪਨੀ ਨੇ ਪਿਛਲੇ ਦਿਨੀਂ ਕੁਝ ਵੱਡੀਆਂ ਕੰਪਨੀਆਂ ਲਈ ਕੰਮ ਕੀਤਾ ਹੈ। ਉਸ ਨੇ ਟਾਟਾ, ਅੰਬਾਨੀ ਤੇ ਬਿਰਲਾ ਕੰਪਨੀਆਂ ਨੂੰ ਆਪਣੀਆਂ ਸੇਵਾਵਾਂ ਦਿੱਤੀਆਂ।

ਉਧਰ ਜੀਵਨ ਬੀਮਾ ਨਿਗਮ (ਐਲ.ਆਈ.ਸੀ.) ਨੇ ਕਿਹਾ ਹੈ ਕਿ ਉਹ ਕਰੋੜਾਂ ਰੁਪਏ ਦੇ ਹਾਊਸਿੰਗ ਵਿੱਤ ਘਪਲੇ ਵਿਚ ਆਪਣੇ ਕੁਝ ਸੀਨੀਅਰ ਅਧਿਕਾਰੀਆਂ ਦੀ ਗ੍ਰਿਫ਼ਤਾਰੀ ਦੇ ਮੱਦੇਨਜ਼ਰ ਇਸ ਮਾਮਲੇ ਦੀ ਅੰਦਰੂਨੀ ਜਾਂਚ ਕਰਾਉਣ 'ਤੇ ਵਿਚਾਰ ਕਰ ਰਹੀ ਹੈ।


NirpalKaur.com
ਨਿਰਪਾਲ ਕੌਰ ਡਾਟ ਕੌਮ
A WEBSITE SHOWCASING THE TASTE OF PUNJABI FOOD
ਪੰਜਾਬਣ ਦੀ ਰਸੋਈ
ਖਿੱਚੇ ਇਸ ਦੀ ਖੁਸ਼ਬੋਈ
VISIT : WWW.NIRPALKAUR.COM
HOME COOKING, FASHION AND HEALTH

ਜਾਇਦਾਦ ਦੀ ਖਰੀਦ-ਵੇਚ
ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਜ਼ਮੀਨ-ਜਾਇਦਾਦ ਦੀ ਖਰੀਦ-ਵੇਚ ਲਈ ਸੰਪਰਕ ਕਰੋ
ਪੂਨੀਆ ਰੀਅਲ ਅਸਟੇਟ:94173-34049
ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ

ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ
ਟਰੱਕਾਂ ਨਾਲ ਸਬੰਧਤ ਹਰ ਤਰ੍ਹਾਂ ਦਾ ਪੇਪਰ ਵਰਕ ਅਤੇ ਇੰਸ਼ੋਰੈਂਸ ਇਕ ਹੀ ਦਫਤਰ ਵਿਖੇ
ਗਲੋਬਲ ਮਲਟੀਸਰਵਿਸ ਲੈਥਰੋਪ ਵਾਲਿਆਂ ਵਲੋਂ ਤੁਹਾਡੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਇੰਸ਼ੋਰੈਂਸ ਸੇਵਾਵਾਂ ਸ਼ੁਰੂ
ਮਿੱਟੀ ਵਾਲੇ ਅਤੇ ਲੋਕਲ ਟਰੱਕਾਂ ਲਈ ਖਾਸ ਰਿਆਇਤ
ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ

Global Multi Services
ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:
*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.

Rajinder Singh
Insurance Lic No. 0G73739
RAM Commercial Insurance
High Five Plaza #204
19625 Harlan Rd Lathrop CA 95330
Exactly on I-5 and Luise Exit Opposite to Dennis Restaurant
Financing Available For Buying Trucks
Cell:(510) 557-6988, Ph:209-982-9996

# ਨਵੇਂ ਬਣਾਏ ਸੁਰੱਖਿਆ ਬਿੱਲ ਪੰਜਾਬੀਆਂ ਲਈ ਵੱਡੀ ਵੰਗਾਰ

**ਸਰਦਾਰਾ ਸਿੰਘ ਮਾਹਲ**

ਪਿਛਲੀ ਵਾਰ ਪੰਜਾਬ ਵਿਧਾਨ ਸਭਾ ਸੈਸ਼ਨ ਤਾਂ ਭਾਵੇਂ ਗਿਣਤੀ ਦੇ ਘੰਟੇ ਹੀ ਚੱਲਿਆ ਪਰ ਪੰਜਾਬੀਆਂ ਲਈ ਇਸ ਸੈਸ਼ਨ ਦੇ ਅਰਥ ਬਹੁਤ ਡੂੰਘੇ ਅਤੇ ਮਾਰ ਵਾਲੇ ਹਨ। ਇਸ ਸੈਸ਼ਨ ਦੌਰਾਨ ਗ੍ਰਹਿ ਮੰਤਰੀ ਸੁਖਬੀਰ ਬਾਦਲ ਨੇ ਸਦਨ ਵਿਚ ਜਿਹੜੇ ਦੋ ਬਿੱਲ ਪੇਸ਼ ਕੀਤੇ, ਉਹ ਅਸਲ ਵਿਚ ਸੂਬੇ ਦੇ ਲੋਕਾਂ ਲਈ ਕਾਲਾ ਅਧਿਆਇ ਹਨ। ਇਨ੍ਹਾਂ ਦੋ ਬਿੱਲਾਂ 'ਤੇ ਸਰਸਰੀ ਝਾਤ ਹੀ ਸਪੱਸ਼ਟ ਕਰ ਦਿੰਦੀ ਹੈ ਕਿ ਸੁਖਬੀਰ ਅਤੇ ਸਰਕਾਰ ਦੀਆਂ ਨੀਤੀਆਂ ਲੋਕ ਪੱਖੀ ਹਨ ਜਾਂ ਲੋਕ ਵਿਰੋਧੀ। ਉਦੋਂ ਇਨ੍ਹਾਂ ਬਿੱਲਾਂ ਦੇ ਹੱਕ ਵਿਚ ਨਾ ਕੇਵਲ ਹੁਣ ਬਾਗ਼ੀ ਹੋਇਆ ਮਨਪ੍ਰੀਤ ਸਿੰਘ ਬਾਦਲ ਹੀ ਭੁਗਤਿਆ ਬਲਕਿ ਕਾਂਗਰਸ ਨੇ ਵੀ ਵਾਕ-ਆਊਟ ਕਰਕੇ ਇਹ ਬਿੱਲ ਪਾਸ ਕਰਨ ਵਿਚ ਸਰਕਾਰੀ ਧਿਰ ਦੀ ਮਦਦ ਕੀਤੀ। ਇਨ੍ਹਾਂ ਬਿੱਲਾਂ ਦੇ ਵਿਰੋਧ ਦਾ ਕਾਰਜ ਦਰਅਸਲ, ਇਨਕਲਾਬੀ, ਜਮਹੂਰੀ ਲਹਿਰ ਅਤੇ ਕਿਰਤੀ ਲੋਕਾਂ ਦੇ ਜ਼ਿੰਮੇ ਹੈ ਕਿਉਂਕਿ ਇਨ੍ਹਾਂ ਦਾ ਸਭ ਤੋਂ ਵੱਧ ਸੇਕ ਉਨ੍ਹਾਂ ਨੂੰ ਲੱਗਣਾ ਹੈ।

ਉਂਜ ਤਾਂ ਭਾਰਤੀ 'ਜਮਹੂਰੀਅਤ' ਵਿਚ ਜਮਹੂਰੀ ਹੱਕ ਨਾਮ-ਨਿਹਾਦ ਹੀ ਹਨ ਪਰ ਜਿਹੜੇ ਜਮਹੂਰੀ ਹੱਕ ਹਨ ਵੀ, ਇਨ੍ਹਾਂ ਬਿੱਲਾਂ ਰਾਹੀਂ ਉਨ੍ਹਾਂ ਦਾ ਘਾਣ ਕਰਨ ਦੀ ਤਿਆਰੀ ਕਰ ਲਈ ਗਈ ਹੈ। ਸੰਵਿਧਾਨ ਦੀ ਧਾਰਾ 19 ਭਾਰਤ ਵਾਸੀਆਂ ਨੂੰ ਕੁੱਝ ਅਜ਼ਾਦੀਆਂ ਬੁਨਿਆਦੀ ਅਧਿਕਾਰ ਵਜੋਂ ਦਿੰਦੀ ਹੈ। ਧਾਰਾ 19 ਦੀ ਉਪ-ਧਾਰਾ ਏ ਬੋਲਣ ਅਤੇ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦਾ ਅਧਿਕਾਰ ਦਿੰਦੀ ਹੈ ਪਰ ਪੰਜਾਬ ਸਰਕਾਰ ਵੱਲੋਂ ਬਣਾਇਆ ਕਾਨੂੰਨ "ਪੰਜਾਬ ਜਨਤਕ ਅਤੇ ਨਿੱਜੀ ਜਾਇਦਾਦ ਨੁਕਸਾਨ (ਰੋਕੂ) ਬਿੱਲ 2010" ਇਸ ਅਧਿਕਾਰ ਦਾ ਖਾਤਮਾ ਕਰ ਦਿੰਦਾ ਹੈ।

ਇਸ ਬਿੱਲ ਦੀ ਧਾਰਾ 3 ਦੀ ਉਪ ਧਾਰਾ 1 ਅਨੁਸਾਰ "ਜੇਕਰ ਕੋਈ ਸ਼ਾਂਤਮਈ ਪ੍ਰਦਰਸ਼ਨ, ਮਾਰਚ ਜਾਂ ਮੁਜ਼ਾਹਰਾ ਕਰਨਾ ਚਾਹੁੰਦਾ ਹੈ ਤਾਂ ਉਸਨੂੰ ਜ਼ਿਲ੍ਹਾ ਮੈਜਿਸਟਰੇਟ ਜਾਂ ਕਮਿਸ਼ਨਰ ਨੂੰ ਮਨਜ਼ੂਰੀ ਲਈ ਅਰਜ਼ੀ ਦੇਣੀ ਹੋਵੇਗੀ।" ਇਸ ਦੀ ਉਪ-ਧਾਰਾ 2 ਅਨੁਸਾਰ ਜ਼ਿਲ੍ਹਾ ਮੈਜਿਸਟਰੇਟ ਜਾਂ ਕਮਿਸ਼ਨਰ ਇਹ ਮਨਜ਼ੂਰੀ ਦੇ ਸਕਦਾ ਹੈ ਜਾਂ ਦੇਣੋਂ ਇਨਕਾਰ ਵੀ ਕਰ ਸਕਦਾ ਹੈ। ਇਸੇ ਧਾਰਾ ਦੀ ਉਪ-ਧਾਰਾ 4 ਅਨੁਸਾਰ ਜੇ ਮਨਜ਼ੂਰੀ ਮਿਲ ਜਾਂਦੀ ਹੈ ਤਾਂ ਸਬੰਧਤ ਪੁਲਿਸ ਅਫਸਰ ਮੁਜ਼ਾਹਰੇ ਦੀਆਂ ਸ਼ਰਤਾਂ ਤੇ ਰੂਟ ਤੈਅ ਕਰੇਗਾ। ਮੁਜ਼ਾਹਰੇ ਵਿਚ ਚਾਕੂ, ਲਾਠੀਆਂ ਅਤੇ ਅਜਿਹੇ ਹੋਰ ਸਾਰੇ ਹਥਿਆਰ ਲਿਆਉਣ ਦੀ ਮਨਾਹੀ ਹੋਵੇਗੀ। ਮੁਜ਼ਾਹਰੇ ਦਾ ਪ੍ਰਬੰਧ ਕਰਨ ਵਾਲੇ ਸ਼ਾਂਤਮਈ ਰਹਿਣ ਦੀ ਲਿਖਤੀ ਗਰੰਟੀ ਦੇਣਗੇ ਅਤੇ ਜ਼ਰੂਰੀ ਥਾਂਵਾਂ ਤੇ ਆਪਣੇ ਮਾਰਸ਼ਲ (ਵਲੰਟੀਅਰ) ਲਗਾਉਣਗੇ। ਆਉ ਦੇਖੀਏ ਬਿੱਲ ਦੀ ਇਸ ਧਾਰਾ ਦਾ ਕੀ ਅਰਥ ਹੈ?

ਪਹਿਲੋਂ ਇਹ ਪ੍ਰਬੰਧ ਸੀ ਕਿ ਜੇਕਰ ਕਿਤੇ ਤਣਾਅਪੂਰਨ ਸਥਿਤੀ ਹੋਵੇ, ਗੜਬੜ ਜਾਂ ਅਮਨ-ਭੰਗ ਹੋਣ ਦਾ ਖਦਸ਼ਾ ਹੋਵੇ ਤਾਂ ਜ਼ਿਲ੍ਹਾ ਮੈਜਿਸਟਰੇਟ ਦਫਾ 144 ਲਗਾ ਕੇ, ਪੰਜ ਜਾਂ ਇਸ ਤੋਂ ਵਧੇਰੇ ਬੰਦਿਆਂ ਦੇ ਇਕੱਠੇ ਹੋਣ 'ਤੇ ਪਾਬੰਦੀ ਲਗਾ ਸਕਦਾ ਸੀ। ਅਜਿਹੇ ਹਾਲਾਤ ਵਿਚ ਕੋਈ ਜਲਸਾ-ਜਲੂਸ, ਕੋਈ ਰੈਲੀ-ਮੁਜ਼ਾਹਰਾ ਕਰਨ ਲਈ ਜ਼ਿਲ੍ਹਾ ਮੈਜਿਸਟਰੇਟ ਤੋਂ ਮਨਜ਼ੂਰੀ ਲੈਣੀ ਕਾਨੂੰਨੀ ਤੌਰ 'ਤੇ ਜ਼ਰੂਰੀ ਸੀ ਪਰ ਇਸ ਬਿੱਲ ਅਨੁਸਾਰ ਭਾਵੇਂ ਹਾਲਾਤ ਜਿੰਨੇ ਮਰਜ਼ੀ ਸਾਧਾਰਨ, ਸ਼ਾਂਤਮਈ ਅਤੇ ਆਮ ਜਿਹੇ ਹੋਣ, ਭਾਵੇਂ ਕਿਸੇ ਗੜਬੜ ਜਾਂ ਅਮਨ ਭੰਗ ਹੋਣ ਦਾ ਖਦਸ਼ਾ ਨਾ ਹੋਵੇ, ਦਫਾ 144 ਵੀ ਨਾ ਲੱਗੀ ਹੋਵੇ; ਮਨਜ਼ੂਰੀ ਲਏ ਬਿਨਾਂ ਕੋਈ ਜਲਸਾ-ਜਲੂਸ, ਰੈਲੀ-ਮੁਜ਼ਾਹਰਾ ਨਹੀਂ ਕੀਤਾ ਜਾ ਸਕਦਾ। ਇਹੀ ਨਹੀਂ, ਧਾਰਾ ਜਲਸੇ-ਜਲੂਸ ਦੇ ਕਿਰਦਾਰ ਵਿਚ ਕੋਈ ਫਰਕ ਨਹੀਂ ਕਰਦੀ, ਇਹ ਰਾਜਨੀਤਕ ਹੋਵੇ, ਧਾਰਮਿਕ ਜਾਂ ਸੱਭਿਆਚਾਰਕ ਹੋਵੇ, ਸਭ ਲਈ ਪਹਿਲੋਂ ਮਨਜ਼ੂਰੀ ਲੈਣੀ ਜ਼ਰੂਰੀ ਹੈ। ਇਹ ਬਿੱਲ ਮੁਜ਼ਾਹਰਾ-ਮਾਰਚ ਜੱਥੇਬੰਦਕਾਰਾਂ ਦੇ ਕਿਰਦਾਰ ਬਾਰੇ ਕੋਈ ਵਖਰੇਵਾਂ ਨਹੀਂ ਕਰਦਾ, ਇਹ ਰਾਜਨੀਤਕ ਪਾਰਟੀ ਹੋਵੇ, ਜਨਤਕ ਜੱਥੇਬੰਦੀ, ਕੋਈ ਵਿਅਕਤੀ ਸਮੂਹ ਜਾਂ ਵਿਅਕਤੀ ਹੋਵੇ, ਸਭ ਲਈ ਪਹਿਲਾਂ ਮਨਜ਼ੂਰੀ ਲੈਣੀ ਜ਼ਰੂਰੀ ਹੈ।

ਜ਼ਿਲ੍ਹਾ ਮੈਜਿਸਟਰੇਟ ਜਾਂ ਕਮਿਸ਼ਨਰ ਕਿਨ੍ਹਾਂ ਹਾਲਾਤ ਵਿਚ ਮਨਜ਼ੂਰੀ ਤੋਂ ਇਨਕਾਰ ਕਰ ਸਕਦਾ ਹੈ, ਇਸ ਦਾ ਬਿੱਲ ਵਿਚ ਕੋਈ ਵੇਰਵਾ ਨਹੀਂ। ਕਿਸ ਆਧਾਰ 'ਤੇ ਮਨਜ਼ੂਰੀ ਤੋਂ ਇਨਕਾਰ ਕੀਤਾ ਜਾ ਸਕਦਾ ਹੈ, ਉਹ ਆਧਾਰ ਵੀ ਕੁਝ ਨਿਸ਼ਚਿਤ ਨਹੀਂ। ਇਸ ਤਰ੍ਹਾਂ ਸੰਵਿਧਾਨ ਵੱਲੋਂ ਮੌਲਿਕ ਅਧਿਕਾਰਾਂ ਦੇ ਧੂਮ-ਧੜੱਕੇ ਤਹਿਤ ਦਿੱਤੇ ਅਧਿਕਾਰ ਨੂੰ ਜ਼ਿਲਾ ਮੈਜਿਸਟਰੇਟ ਜਾਂ ਪੁਲਿਸ ਕਮਿਸ਼ਨਰ ਦੇ ਬੂਟਾਂ ਥੱਲੇ ਰੱਖ ਦਿੱਤਾ ਗਿਆ ਹੈ। ਜਦੋਂ ਜ਼ਿਲ੍ਹਾ ਮੈਜਿਸਟਰੇਟ-ਕਮਿਸ਼ਨਰ ਮਨਜ਼ੂਰੀ ਦੇਣੋਂ ਨਾਂਹ ਕਰ ਦਿੰਦਾ ਹੈ ਤਾਂ ਮੁਜਾਹਰਾ-ਜੱਥੇਬੰਦਕਾਰਾਂ ਕੋਲ ਕੀ ਰਸਤਾ ਹੈ? ਬਿੱਲ ਅਨੁਸਾਰ ਉਹ 10 ਦਿਨਾਂ ਦੇ ਅੰਦਰ ਪੰਜਾਬ ਸਰਕਾਰ ਕੋਲ ਅਪੀਲ ਕਰ ਸਕਦੇ ਹਨ ਪਰ ਪੰਜਾਬ ਸਰਕਾਰ ਇਸ ਅਪੀਲ ਦਾ ਨਿਬੇੜਾ ਕਿੰਨੇ ਚਿਰ ਵਿਚ ਕਰੇਗੀ? ਇਸਦੀ ਕੋਈ ਸਮਾਂ-ਸੀਮਾ ਤੈਅ ਨਹੀਂ। ਇਸ ਦਾ ਅਰਥ ਹੈ ਕਿ ਜੇਕਰ ਮਨਜ਼ੂਰੀ ਨੂੰ ਨਾਂਹ ਕਰ ਦਿੱਤੀ ਜਾਵੇ ਤਾਂ ਅਪੀਲ ਦੀ ਅਰਜ਼ੀ ਲੈ ਕੇ ਚੰਡੀਗੜ੍ਹ ਦੇ ਸਕੱਤਰੇਤ ਦੇ ਇੱਕ ਕਮਰੇ ਤੋਂ ਦੂਸਰੇ ਕਮਰੇ ਉਮਰ ਭਰ ਲਈ ਘੁੰਮੀ ਜਾਵੋ।

ਜੇਕਰ ਕਮਿਸ਼ਨਰ ਜਾਂ ਐਸ.ਐਸ.ਪੀ. ਆਗਿਆ ਦੇ ਦੇਵੇ ਤਾਂ ਧਾਰਾ 3 ਦੀ ਉਪ-ਧਾਰਾ 3 ਅਨੁਸਾਰ ਉਹ ਇਸ ਦੀ ਸੂਚਨਾ ਆਯੋਜਕਾਂ ਨੂੰ ਦੇਵੇਗਾ। ਧਾਰਾ 3 ਦੀ ਉਪ-ਧਾਰਾ 4 ਦੇ ਭਾਗ ਏ ਅਨੁਸਾਰ ਆਯੋਜਕ ਸਬੰਧਤ ਪੁਲਿਸ ਅਫਸਰ ਨੂੰ ਮਿਲਣਗੇ। ਉਹ ਉਨ੍ਹਾਂ ਨੂੰ ਮੁਜ਼ਾਹਰੇ ਦਾ ਰੂਟ ਅਤੇ ਮੁਜ਼ਾਹਰੇ ਨੂੰ ਸ਼ਾਂਤਮਈ ਰੱਖਣ ਲਈ ਸ਼ਰਤਾਂ ਤੈਅ ਕਰੇਗਾ। ਇਨ੍ਹਾਂ ਸ਼ਰਤਾਂ ਦਾ ਭਾਵੇਂ ਵਿਸਥਾਰ ਨਹੀਂ, ਇਹ ਸਬੰਧਤ ਪੁਲਿਸ ਅਫਸਰ ਤੈਅ ਕਰੇਗਾ। ਉਦਾਹਰਨ ਵਜੋਂ ਇਹ ਹੋ ਸਕਦੀਆਂ ਹਨ-ਮੁਜ਼ਾਹਰੇ ਵਿਚ ਬੰਦਿਆਂ (ਔਰਤਾਂ-ਮਰਦਾਂ) ਦੀ ਗਿਣਤੀ ਕਿੰਨੀ ਹੋਵੇਗੀ? ਮੁਜ਼ਾਹਰੇ ਦੀ ਬਣਤਰ (ਕਤਾਰਾਂ) ਕਿਹੋ ਜਿਹੀ ਹੋਵੇਗੀ? ਨਾਅਰੇ ਕਿਹੜੇ ਹੋਣਗੇ ਅਤੇ ਕਿਹੜੇ ਨਹੀਂ। ਇਸਦਾ ਅਰਥ ਹੈ ਕਿ ਪੁਲਿਸ ਵਿਰੋਧੀ ਜਾਂ ਖਾਸਕਰ ਸਰਕਾਰ ਵਿਰੋਧੀ ਨਾਅਰੇ ਨਹੀਂ ਲਾਏ ਜਾ ਸਕਦੇ। ਇਸ ਤਰ੍ਹਾਂ ਜੇਕਰ ਮਨਜ਼ੂਰੀ ਮਿਲ ਵੀ ਜਾਂਦੀ ਹੈ ਤਾਂ ਤੁਸੀਂ ਸ਼ਾਂਤੀ ਮਾਰਚ ਹੀ ਕਰ ਸਕਦੇ ਹੋ, ਰੋਸ-ਮੁਜ਼ਾਹਰਾ ਨਹੀਂ। ਉਪ-ਧਾਰਾ 4 ਦੇ ਭਾਗ ਬੀ ਅਨੁਸਾਰ ਮੁਜ਼ਾਹਰੇ ਵਿਚ ਹਥਿਆਰ, ਚਾਕੂ ਹੀ ਨਹੀਂ 'ਲਾਠੀਆਂ ਜਾਂ ਲਾਠੀਆਂ ਵਰਗਾ ਕੁੱਝ' ਵੀ ਨਹੀਂ ਲਿਜਾ ਸਕਦੇ। ਤੁਸੀਂ ਢਿੰਡਣ ਦੇ ਢੰਡੋਰੇ ਜਾਂ ਛਿਟੀਆਂ ਵੀ ਨਹੀਂ ਲਿਜਾ ਸਕਦੇ। ਸਰਕਾਰ ਦੀਆਂ ਨਜ਼ਰਾਂ ਵਿਚ ਇਹ ਵੀ ਖਤਰਨਾਕ ਹਥਿਆਰ ਹਨ। ਇਸਦਾ ਅਰਥ ਹੈ ਕਿ ਮਾਰਚ ਵਿਚ ਝੰਡੇ-ਮਾਟੋ ਸਿਰਫ ਹੱਥਾਂ ਵਿਚ ਫੜਕੇ ਲਿਜਾਏ ਜਾ ਸਕਦੇ ਹਨ, ਡੰਡੋਰਿਆਂ ਜਾਂ ਲਾਠੀਆਂ ਵਿਚ ਪਾ ਕੇ ਨਹੀਂ। ਇਸ ਸਭ ਕੁਝ ਦੇ ਬਾਅਦ ਵੀ ਆਯੋਜਕਾਂ ਨੂੰ ਲਿਖਤੀ ਤੌਰ 'ਤੇ ਜਾਮਨੀ ਦੇਣੀ ਹੋਵੇਗੀ ਕਿ ਮਾਰਚ ਸ਼ਾਂਤਮਈ ਰਹੇਗਾ।

ਇਕ ਗੱਲ ਹੋਰ ਪਹਿਲਾਂ ਪੁਲਿਸ ਮੁਜ਼ਾਹਰਿਆਂ ਦੀ ਗੈਰਕਾਨੂੰਨੀ ਢੰਗ ਨਾਲ ਵੀਡੀਓਗ੍ਰਾਫੀ ਕਰਦੀ ਸੀ, ਹੁਣ ਇਸਨੂੰ ਲਾਜ਼ਮੀ ਅਤੇ ਕਾਨੂੰਨੀ ਬਣਾ ਦਿੱਤਾ ਗਿਆ ਹੈ। ਜੇਕਰ ਮੁਜ਼ਾਹਰੇ-ਮਾਰਚ ਦੌਰਾਨ ਕਿਸੇ ਜਨਤਕ ਜਾਂ ਨਿੱਜੀ ਜਾਇਦਾਦ ਨੂੰ ਨੁਕਸਾਨ ਹੋ ਜਾਂਦਾ ਹੈ ਤਾਂ ਮੁਜ਼ਾਹਰਾਕਾਰਾਂ ਨੂੰ ਤਿੰਨ ਸਾਲ ਦੀ ਸਜ਼ਾ ਅਤੇ 20 ਹਜ਼ਾਰ ਰੁਪਏ ਜੁਰਮਾਨਾ ਹੋਵੇਗਾ। ਜੇਕਰ ਮੁਜ਼ਾਹਰਾ ਮਨਜ਼ੂਰੀ ਤੋਂ ਬਿਨਾਂ ਕੀਤਾ ਗਿਆ ਹੋਵੇ ਤਾਂ 5 ਸਾਲ ਤੱਕ ਦੀ ਸਜ਼ਾ ਅਤੇ 30 ਹਜ਼ਾਰ ਰੁਪਏ ਤੱਕ ਦਾ ਜ਼ੁਰਮਾਨਾ ਹੋ ਸਕਦਾ ਹੈ। ਇਸ ਤੋਂ ਬਿਨਾਂ ਹੋਏ ਨੁਕਸਾਨ ਦਾ ਮੁਆਵਜ਼ਾ ਵੀ ਮੁਜ਼ਾਹਰਾਕਾਰੀਆਂ ਤੋਂ ਲਿਆ ਜਾਵੇਗਾ। ਜਾਇਦਾਦ ਦੀ ਕੀ ਪਰਿਭਾਸ਼ਾ ਹੈ? ਬਿੱਲ ਦੀ ਧਾਰਾ ਨੰਬਰ 2 ਦੀ ਉਪ-ਧਾਰਾ ਐਫ ਅਤੇ ਜੀ ਅਨੁਸਾਰ "ਕੋਈ ਵੀ ਜਾਇਦਾਦ ਜੋ ਚੱਲ ਜਾਂ ਅਚੱਲ" ਇਸਦਾ ਅਰਥ ਹੈ ਕਿ ਜੇਕਰ ਮੁਜ਼ਾਹਰੇ ਵਿਚ ਸੜਕ ਦੀ ਰੇਲਿੰਗ ਟੁੱਟ ਜਾਂਦੀ ਹੈ ਜਾਂ ਕਿਸੇ ਦਾ ਸਾਈਕਲ ਵੀ ਨੁਕਸਾਨਿਆ ਜਾਂਦਾ ਹੈ ਤਾਂ ਇਹ ਸਖਤ ਸਜ਼ਾਵਾਂ ਹੋ ਸਕਦੀਆਂ ਹਨ। ਇਹੀ ਨਹੀਂ ਟੈਂਕੀਆਂ 'ਤੇ ਚੜ੍ਹਨ ਵਾਲਿਆਂ, ਰੇਲ ਅਤੇ ਰਸਤੇ ਰੋਕਣ ਵਾਲਿਆਂ 'ਤੇ ਵੀ ਇਹ ਧਾਰਾਵਾਂ ਲੱਗ ਸਕਦੀਆਂ ਹਨ।

ਮੁਜ਼ਾਹਰੇ 'ਚ ਬਹੁਤ ਵੱਡੀ ਭੀੜ ਹੋਣ ਕਾਰਨ ਪਹਿਲਾਂ ਸਰਕਾਰ/ਪ੍ਰਸ਼ਾਸਨ ਲਈ ਇਹ ਮੁਸ਼ਕਿਲ ਹੁੰਦੀ ਸੀ ਕਿ ਕਿਸ ਵਿਰੁਧ ਕਾਨੂੰਨੀ ਕਾਰਵਾਈ ਕੀਤੀ ਜਾਵੇ ਪਰ ਇਸ ਬਿੱਲ ਦੀ ਧਾਰਾ 2 ਦੀ ਉਪ-ਧਾਰਾ ਈ ਅਨੁਸਾਰ ਆਯੋਜਕਾਂ ਵਿਚ "ਉਹ ਵਿਅਕਤੀ ਜਾਂ ਵਿਅਕਤੀ ਸਮੂਹ ਜਾਂ ਪਾਰਟੀ, ਯੂਨੀਅਨ ਅਤੇ ਜਥੇਬੰਦੀ ਦੇ ਅਹੁਦੇਦਾਰ ਜੋ ਪ੍ਰਬੰਧ ਕਰਦੇ ਹਨ, ਉਕਸਾਉਂਦੇ, ਸਲਾਹ ਦਿੰਦੇ, ਸਾਜ਼ਿਸ਼ ਕਰਦੇ ਜਾਂ ਦਿਸ਼ਾ ਦਿੰਦੇ ਹਨ" ਉਹ ਭਾਵੇਂ ਮੌਕੇ 'ਤੇ ਹਾਜ਼ਰ ਨਾ ਵੀ ਹੋਣ ਤਾਂ ਵੀ ਉਨ੍ਹਾਂ ਨੂੰ ਜ਼ਿੰਮੇਵਾਰ ਮੰਨਿਆ ਜਾਵੇਗਾ।

ਇਸ ਬਿੱਲ ਤਹਿਤ ਸਾਰੇ ਕੇਸ ਗੈਰ-ਜ਼ਮਾਨਤੀ ਹੋਣਗੇ। ਅਦਾਲਤ ਵਿਚ ਜ਼ਮਾਨਤ ਲਈ ਦਰਖ਼ਾਸਤ ਦਿੱਤੇ ਜਾਣ 'ਤੇ ਅਦਾਲਤ ਪੁਲਿਸ ਦੇ ਸਰਕਾਰੀ ਵਕੀਲ ਨੂੰ ਜ਼ਮਾਨਤ ਦਾ ਵਿਰੋਧ ਕਰਨ ਦਾ ਮੌਕਾ ਦਿੱਤੇ ਬਿਨਾਂ ਜ਼ਮਾਨਤ ਨਹੀਂ ਲਏਗੀ।



ਇਸੇ ਸੈਸ਼ਨ ਵਿਚ ਇੱਕ ਹੋਰ ਬਿੱਲ ਜਿਸਦਾ ਨਾਂ "ਪੰਜਾਬ ਵਿਸ਼ੇਸ਼ ਸੁਰੱਖਿਆ ਗਰੁਪ ਬਿੱਲ 2010" ਹੈ, ਪਾਸ ਕੀਤਾ ਗਿਆ ਹੈ। ਇਸ ਬਿੱਲ ਦਾ ਮਕਸਦ ਵਿਸ਼ੇਸ਼ ਅਤੇ ਉਚ ਸਿੱਖਿਅਤ ਫੋਰਸ ਖੜ੍ਹੀ ਕਰਨਾ ਹੈ ਜਿਸਦਾ ਨਾਂ ਵਿਸ਼ੇਸ਼ ਸੁਰੱਖਿਆ ਫੋਰਸ ਹੋਵੇਗਾ। ਬਿੱਲ ਦੀ ਧਾਰਾ ਤਿੰਨ ਅਨੁਸਾਰ ਇਸ ਫੋਰਸ ਵਿਚ "ਪੰਜਾਬ ਪੁਲਿਸ ਅਤੇ ਪੰਜਾਬ ਸੂਬਾ ਸਰਕਾਰ ਨੂੰ ਅਲਾਟ ਕੀਤੇ ਕੇਂਦਰੀ ਬਲਾਂ" ਵਿਚੋਂ ਜਵਾਨ ਲਏ ਜਾਣਗੇ। ਇਸ ਫੋਰਸ ਦੇ ਇੰਚਾਰਜ ਦਾ ਅਹੁਦਾ ਡਾਇਰੈਕਟਰ ਦਾ ਹੋਵੇਗਾ ਜਿਸਦੀ ਨਿਯੁਕਤੀ ਪੁਲਿਸ ਮੁਖ਼ੀ ਕਰੇਗਾ। ਪੰਜਾਬ ਪੁਲਿਸ ਦਾ ਮੁਖੀ ਹੀ ਇਸ ਫੋਰਸ ਦੇ ਨੇਮ-ਕਾਨੂੰਨ ਬਣਾਏਗਾ।

ਇਹ ਫੋਰਸ ਕਾਹਦੇ ਲਈ ਬਣਾਈ ਜਾਣੀ ਹੈ? ਇਸਦਾ ਖੁਲਾਸਾ ਬਿੱਲ ਦੀ ਧਾਰਾ 4 ਦੀ ਉਪ ਧਾਰਾ ਇੱਕ ਵਿਚ ਕੀਤਾ ਗਿਆ ਹੈ। "ਪੰਜਾਬ ਪ੍ਰਾਂਤ ਦੀ ਇਕ ਹਥਿਆਰਬੰਦ ਫੋਰਸ ਹੋਵੇਗੀ ਜਿਸਨੂੰ ਵਿਸ਼ੇਸ਼ ਸੁਰੱਖਿਆ ਗਰੁਪ ਕਿਹਾ ਜਾਵੇਗਾ ਜੋ ਕੌਮ ਵਿਰੋਧੀ ਸ਼ਕਤੀਆਂ ਵਿਰੁਧ ਲੜਨ ਅਤੇ ਉਚ-ਖਤਰੇ ਵਾਲੇ ਵਿਅਕਤੀਆਂ ਅਤੇ ਨਜ਼ਦੀਕੀ ਪਰਿਵਾਰ ਨੂੰ ਨੇੜਿਉਂ ਸੁਰੱਖਿਆ ਮੁਹੱਈਆ ਕਰਾਏਗੀ।" ਇਸ ਫੋਰਸ ਦੇ ਦੋ ਮਕਸਦ ਹਨ-ਇੱਕ ਉਚ ਖਤਰੇ ਵਾਲੇ ਵਿਅਕਤੀਆਂ ਅਤੇ ਉਨ੍ਹਾਂ ਦੇ ਨਜ਼ਦੀਕੀ ਪਰਿਵਾਰਕ ਮੈਂਬਰਾਂ ਨੂੰ ਨੇੜਿਉਂ ਸੁਰੱਖਿਆ ਮੁਹੱਈਆ ਕਰਾਉਣਾ ਹੋਵੇਗਾ, ਦੂਜਾ ਕੌਮ ਵਿਰੋਧੀ ਸ਼ਕਤੀਆਂ ਵਿਰੁਧ ਲੜਨਾ।

ਹੁਣ ਜੇਕਰ ਇਹ ਵੀ ਜਾਣ ਲਈਏ ਕਿ ਬਿੱਲ ਅਨੁਸਾਰ "ਕੌਮ ਵਿਰੋਧੀ ਤਾਕਤਾਂ" ਕਿਹੜੀਆਂ ਹਨ ਤਾਂ ਬਿੱਲ ਦਾ ਮਕਸਦ ਸਪੱਸ਼ਟ ਹੋ ਜਾਵੇਗਾ। ਬਿੱਲ ਦੀ ਧਾਰਾ ਇੱਕ ਦੀ ਉਪ-ਧਾਰਾ ਬੀ ਵਿਚ ਕੌਮ ਵਿਰੋਧੀ ਸ਼ਕਤੀਆਂ ਦੀ ਵਿਆਖਿਆ ਕੀਤੀ ਗਈ ਹੈ, "ਕੌਮ ਵਿਰੋਧੀ ਸ਼ਕਤੀਆਂ ਦਾ ਅਰਥ ਵਿਅਕਤੀ ਜਾਂ ਜੱਥੇਬੰਦੀਆਂ ਜਾਂ ਵਿਅਕਤੀਆਂ ਦੀ ਸਭਾ ਹੈ ਜੋ ਆਪਣੇ ਮਕਸਦ ਲਈ ਕੋਈ ਵੀ ਗੈਰ-ਕਾਨੂੰਨੀ ਕੰਮ ਕਰਦੀ ਹੈ, ਕੋਈ ਵੀ ਗੈਰ-ਕਾਨੂੰਨੀ ਕਾਰਵਾਈ ਕਰਨ ਲਈ ਉਤਸ਼ਾਹਿਤ ਜਾਂ ਸਹਾਇਤਾ ਕਰਦਾ/ਕਰਦੀ ਹੈ ਜਾਂ ਉਸਦੇ ਮੈਂਬਰ ਅਜਿਹੀ ਕਾਰਵਾਈ ਕਰਦੇ ਹਨ।" ਇਹ ਬਿੱਲ ਦੀ ਬੜੀ ਖਤਰਨਾਕ ਅਤੇ ਸ਼ਰਾਰਤਪੂਰਨ ਮੱਦ ਹੈ ਕਿ ਨਾ ਸਿਰਫ ਕੋਈ ਗੰਭੀਰ ਕਾਰਵਾਈ ਕਰਨ ਵਾਲੇ ਨੂੰ ਬਲਕਿ ਕਿਸੇ ਵੀ ਗੈਰ-ਕਾਨੂੰਨੀ ਕਾਰਵਾਈ ਕਰਨ ਵਾਲੇ ਨੂੰ "ਕੌਮ ਵਿਰੋਧੀ ਸ਼ਕਤੀ" ਕਰਾਰ ਦਿੱਤਾ ਜਾ ਸਕਦਾ ਹੈ।

ਇਸਦਾ ਦੂਸਰਾ ਸ਼ਰਾਰਤਪੂਰਨ ਪਹਿਲੂ ਇਹ ਹੈ ਕਿ ਜੇ ਕਿਸੇ ਪਾਰਟੀ, ਯੂਨੀਅਨ ਜਾਂ ਜੱਥੇਬੰਦੀ ਦਾ ਮੈਂਬਰ ਆਪਣੇ ਗੁਆਂਢ ਕਿਸੇ ਨਾਲ ਝਗੜਾ ਕਰ ਲੈਂਦਾ ਹੈ ਅਤੇ ਉਸ 'ਤੇ 23-24 ਦਾ ਕੇਸ ਬਣ ਜਾਂਦਾ ਹੈ ਤਾਂ ਉਸਦੀ ਪੂਰੀ ਪਾਰਟੀ, ਜੱਥੇਬੰਦੀ, ਯੂਨੀਅਨ ਨੂੰ ਕੌਮ ਵਿਰੋਧੀ ਗਰਦਾਨਿਆ ਜਾ ਸਕਦਾ ਹੈ, ਭਾਵ ਕਿਸੇ ਵੀ ਜਥੇਬੰਦੀ ਦੇ ਇੱਕ ਵੀ ਮੈਂਬਰ ਦੀ ਗੈਰ-ਕਾਨੂੰਨੀ ਕਾਰਵਾਈ ਦਾ ਸਹਾਰਾ ਲੈ ਕੇ ਝੂਠੀ-ਮੂਠੀ ਗੈਰ-ਕਾਨੂੰਨੀ ਕਾਰਵਾਈ ਦਾ ਦੋਸ਼ ਲਾ ਕੇ ਉਸਨੂੰ ਕੌਮ ਵਿਰੋਧੀ ਗਰਦਾਨਿਆ ਜਾ ਸਕਦਾ ਹੈ। ਇਸਦਾ ਸਿੱਧਾ-ਸਾਦਾ ਅਰਥ ਹੈ ਕਿ ਇਕ ਮਾਮੂਲੀ ਪੁਲਿਸ ਮੁਲਾਜ਼ਮ ਨੂੰ ਇਹ ਅਧਿਕਾਰ ਦੇ ਦਿੱਤਾ ਗਿਆ ਹੈ ਕਿ ਉਹ ਕਿਸੇ ਵੀ ਪਾਰਟੀ, ਜਥੇਬੰਦੀ ਜਾਂ ਯੂਨੀਅਨ ਨੂੰ ਕੌਮ-ਵਿਰੋਧੀ ਗਰਦਾਨ ਦੇਵੇ। ਇਹ ਫਾਸ਼ੀ ਕਿਸਮ ਦੇ ਘਿਨਾਉਣੇ ਪੁਲਿਸ ਰਾਜ ਦੀ ਰੂਪ-ਰੇਖਾ ਹੈ। ਇਸਦਾ ਮਕਸਦ ਹੈ ਕਿ ਮਾਮੂਲੀ ਜਿਹਾ ਬਹਾਨਾ ਬਣਾ ਕੇ ਕਿਸੇ ਪਾਰਟੀ-ਜੱਥੇਬੰਦੀ ਨੂੰ ਕੁਚਲਣ ਲਈ ਵਿਸ਼ੇਸ਼ ਤੌਰ 'ਤੇ ਸੁਸਿੱਖਿਅਤ, ਵਿਸ਼ੇਸ਼ ਫੋਰਸ ਚਾੜ੍ਹ ਦੇਣਾ। ਇਸ ਰਾਹੀਂ ਲੋਕ ਲਹਿਰ ਅਤੇ ਖਾਸ ਕਰਕੇ ਇਨਕਲਾਬੀ ਜਨਤਕ ਲਹਿਰ ਵਿਰੁਧ ਵੱਡੇ ਹਮਲੇ ਦੀ ਤਿਆਰੀ ਵਿੱਢੀ ਜਾ ਰਹੀ ਹੈ।

ਕਿਸੇ ਬੰਦੇ ਨੂੰ ਵਾਕਈ ਉਚ-ਖਤਰਾ ਹੈ ਜਾਂ ਨਹੀਂ, ਇਸਦਾ ਫੈਸਲਾ ਸਮੇਂ ਦੀ ਸਰਕਾਰ ਵੱਲੋਂ ਨਿਯੁਕਤ ਕਮੇਟੀ ਕਰੇਗੀ। ਇਸ ਕਮੇਟੀ 'ਚ ਕਿਸ ਨੂੰ ਨਿਯੁਕਤ ਕੀਤਾ ਜਾਵੇਗਾ? ਇਸ ਨਿਯੁਕਤੀ ਦਾ ਕੀ ਅਧਾਰ ਹੋਵੇਗਾ? ਇਸ ਸਭ ਦਾ ਵੇਰਵਾ ਬਿੱਲ ਵਿਚ ਕਿਤੇ ਨਹੀਂ ਹੈ? ਇਸ ਕਮੇਟੀ ਵਿਚ ਕਿਸ ਨੂੰ ਨਿਯੁਕਤ ਕੀਤਾ ਜਾਣਾ ਹੈ, ਇਹ ਸਰਕਾਰ ਦੀ ਮਰਜ਼ੀ ਹੋਵੇਗੀ।

ਇਸ ਬਿੱਲ ਨਾਲ ਇੱਕ ਕਾਨੂੰਨੀ ਫੋਰਸ ਖੜ੍ਹੀ ਕਰ ਦਿੱਤੀ ਗਈ ਹੈ ਜਿਸਦੀ ਵਰਤੋਂ ਸਰਕਾਰੀ ਸਰਪ੍ਰਸਤੀ ਹੇਠ ਵਿਚਰ ਰਹੇ ਮਾਫੀਆ ਗਰੋਹ ਕਰ ਸਕਣਗੇ। ਬੱਸ ਸਰਕਾਰ ਨੇ ਇਹ ਕਰਨਾ ਹੈ ਕਿ ਆਪਣੀ ਕਮੇਟੀ ਰਾਹੀਂ ਮਾਫੀਆ ਸਰਦਾਰਾਂ ਨੂੰ ਉਚ-ਖਤਰੇ ਵਾਲੇ ਬੰਦੇ ਗਰਦਾਨਣਾ ਹੈ। ਅੱਜ ਕੱਲ ਬਹੁਤ ਸਾਰੇ ਸਿਆਸਤਦਾਨ, ਵਿਧਾਇਕ ਅਤੇ ਸੰਸਦ ਮੈਂਬਰ ਮਾਫੀਆ ਵਜੋਂ ਕੰਮ ਕਰ ਰਹੇ ਹਨ। ਪੇਂਡੂ ਪਿਛੋਕੜ ਵਾਲੇ ਬਹੁਤੇ ਸਿਆਸਤਦਾਨ ਭੂਮੀ ਮਾਫੀਆ ਵਜੋਂ ਕੰਮ ਕਰ ਰਹੇ ਹਨ। ਗੁਰਦਾਸਪੁਰ ਜ਼ਿਲੇ ਵਿਚ ਕੁੱਝ ਉੱਘੇ ਮੰਤਰੀ ਅਤੇ ਅੱਗੇ ਇਨ੍ਹਾਂ ਦੇ ਚਾਟੜੇ ਭੂਮੀ ਮਾਫੀਆ ਜ਼ਮੀਨਾਂ 'ਤੇ ਕਬਜ਼ੇ ਕਰ ਰਹੇ ਹਨ। ਅੰਮ੍ਰਿਤਸਰ ਜ਼ਿਲ੍ਹੇ ਵਿਚ ਵੱਡੇ ਵੱਡੇ ਅਕਾਲੀ ਆਗੂ ਭੂਮੀ ਮਾਫੀਆ ਹਨ। ਧਾਰਮਕ ਥਾਂਵਾਂ ਅਤੇ ਡੇਰਿਆਂ ਦੀਆਂ ਜ਼ਮੀਨਾਂ, ਸਰਕਾਰੀ ਜ਼ਮੀਨਾਂ, ਪੰਚਾਇਤੀ ਜ਼ਮੀਨਾਂ ਅਤੇ ਬੱਚਤਾਂ ਦੀਆਂ ਜ਼ਮੀਨਾਂ ਇਨ੍ਹਾਂ ਦੇ ਨਿਸ਼ਾਨੇ 'ਤੇ ਹਨ। ਇਸੇ ਤਰ੍ਹਾਂ ਰੇਤ ਮਾਫੀਆ ਕੁਝ ਥਾਂ ਦਾ ਠੇਕਾ ਲੈ ਕੇ ਪੂਰੇ ਦਰਿਆ 'ਤੇ ਕਬਜ਼ਾ ਕਰ ਲੈਂਦਾ ਹੈ ਅਤੇ ਮਨਮਰਜ਼ੀ ਦੇ ਰੇਟ 'ਤੇ ਰੇਤਾ ਵੇਚਦਾ ਹੈ। ਇਨ੍ਹਾਂ ਠੇਕੇਦਾਰਾਂ ਦੀ ਪਿੱਠ 'ਤੇ ਪ੍ਰਭਾਵਸ਼ਾਲੀ ਸਿਆਸੀ ਆਗੂ ਹੁੰਦੇ ਹਨ। ਇਹ ਸਾਰੇ ਮਾਫੀਆ ਡੌਨਾਂ ਨੇ ਅੱਗੇ ਗੁੰਡਾ ਗਰੋਹ ਰੱਖੇ ਹੁੰਦੇ ਹਨ ਜਿਹੜੇ ਮਾਫੀਆ ਦਾ ਵਿਰੋਧ ਕਰਨ ਵਾਲਿਆਂ 'ਤੇ ਹਮਲੇ ਕਰਦੇ ਹਨ। ਇਹੀ ਨਹੀਂ ਟਰਾਂਸਪੋਰਟਰਾਂ ਨੇ ਬਾਕਾਇਦਾ ਬਾਵਰਦੀ ਗੁੰਡਾ ਗਰੋਹ ਰੱਖੇ ਹਨ ਜੋ ਪਾਸ/ਪਛਾਣ ਪੱਤਰਾਂ 'ਤੇ ਸਫ਼ਰ ਕਰ ਰਹੇ ਵਿਦਿਆਰਥੀ ਦੀ ਮਾਰ-ਕੁਟਾਈ ਕਰਦੇ ਹਨ।

ਇਹ ਫੋਰਸ ਕੋਈ ਸਾਧਾਰਨ ਪੁਲਿਸ ਫੋਰਸ ਨਹੀਂ ਬਲਕਿ ਇਸਦਾ ਰੁਤਬਾ ਸੁਪਰ-ਸਰਕਾਰ ਵਾਲਾ ਹੈ। ਸਰਕਾਰ ਦੇ ਸਾਰੇ ਮਹਿਕਮੇ ਤੇ ਉਨ੍ਹਾਂ ਦੇ ਮੁਲਾਜ਼ਮਾਂ ਲਈ ਇਸਦੀਆਂ ਹਦਾਇਤਾਂ ਦੀ ਪਾਲਣਾ ਅਤੇ ਇਸਦੀ ਸਹਾਇਤਾ ਕਾਨੂੰਨੀ ਤੌਰ 'ਤੇ ਲਾਜ਼ਮੀ ਬਣਾ ਦਿੱਤਾ ਗਿਆ ਹੈ। ਇਸ ਬਿੱਲ ਦੀ ਧਾਰਾ 12 ਅਨੁਸਾਰ "ਸਰਕਾਰ ਦੇ ਹਰ ਮੰਤਰਾਲੇ ਅਤੇ ਵਿਭਾਗ ਦੀ, ਹਰ ਸਥਾਨਕ ਅਤੇ ਹੋਰ ਅਥਾਰਿਟੀ ਦੀ ਇਹ ਡਿਊਟੀ ਹੋਵੇਗੀ ਕਿ ਇਸ ਗਰੁਪ ਦੇ ਡਾਇਰੈਕਟਰ ਜਾਂ ਇਸਦੇ ਕਿਸੇ ਮੈਂਬਰ ਵੱਲੋਂ ਆਪਣੇ ਆਪ ਨੂੰ ਸੌਂਪੀ ਜ਼ਿੰਮੇਵਾਰੀ ਅਤੇ ਡਿਊਟੀ ਨਿਭਾਉਣ ਲਈ ਸਹਾਇਤਾ ਕਰਨ ਲਈ ਕਹੇ ਤਾਂ ਉਹ ਉਸ ਅਨੁਸਾਰ ਕੰਮ ਕਰਨ।"

ਜੇਕਰ ਕੋਈ ਇਸਦੀ ਉਲੰਘਣਾ ਕਰਦਾ ਹੈ ਤਾਂ ਬਿੱਲ ਦੀ ਧਾਰਾ 13 ਵਿਚ ਸਜ਼ਾ ਦੀ ਵਿਵਸਥਾ ਹੈ। "ਜੇਕਰ ਕੋਈ ਅਫਸਰ ਜਾਂ ਅਧਿਕਾਰੀ ਕਰਮ ਜਾਂ ਅਕਰਮ ਰਾਹੀਂ ਇਸ ਐਕਟ ਦੀਆਂ ਧਾਰਾਵਾਂ ਦੀ ਉਲੰਘਣਾ ਕਰਦਾ ਹੈ ਤਾਂ ਉਹ ਪੰਜਾਬ ਸਿਵਲ ਸਰਵਿਸਿਜ਼ (ਸਜ਼ਾ ਅਤੇ ਅਪੀਲ) ਨਿਯਮ 1973 ਅਤੇ ਹੋਰ ਪ੍ਰਸੰਗਿਕ ਨਿਯਮਾਂ ਅਨੁਸਾਰ ਸਜ਼ਾ ਦਾ ਭਾਗੀ ਹੋਵੇਗਾ।"

ਕਸ਼ਮੀਰ ਦੇ ਅੰਦੋਲਨਕਾਰੀਆਂ ਦੀ ਹੋਰਾਂ ਤੋਂ ਬਿਨਾਂ ਇੱਕ ਮੁੱਖ ਮੰਗ ਹੈ ਕਿ ਆਰਮਡ ਫੋਰਸਜ਼ ਸਪੈਸ਼ਲ ਪਾਵਰਜ਼ ਐਕਟ (ਅਫਸਪਾ) ਯਾਨਿ ਹਥਿਆਰਬੰਦ ਬਲਾਂ ਨੂੰ ਵਿਸ਼ੇਸ਼ ਸ਼ਕਤੀਆਂ ਕਾਨੂੰਨ ਵਾਪਿਸ ਅਤੇ ਰੱਦ ਕਰਵਾਉਣਾ। ਭਾਰਤ ਦੇ ਉਤਰ-ਪੂਰਬ ਅਤੇ ਕਸ਼ਮੀਰ ਵਿਚ ਇਸ ਕਾਨੂੰਨ ਦੀ ਦੁਰਵਰਤੋਂ ਨਾਲ ਹੋਏ ਜਬਰ ਨੇ ਪੂਰੀ ਦੁਨੀਆਂ ਦਾ ਧਿਆਨ ਖਿੱਚਿਆ ਹੈ। ਪੰਜਾਬ ਸਰਕਾਰ ਨੇ ਇਸ ਬਿੱਲ ਰਾਹੀਂ ਚੋਰ ਦਰਵਾਜ਼ਿਓਂ ਇਹ ਕਾਨੂੰਨ ਲੈ ਆਂਦਾ ਹੈ। ਇਸ ਕਾਨੂੰਨ ਤਹਿਤ ਫੌਜ ਦਾ ਗੈਰ-ਕਮਿਸ਼ਨਡ ਅਧਿਕਾਰੀ ਵੀ ਇਸ ਐਕਟ ਤਹਿਤ ਕਾਰਵਾਈ ਕਰਦਾ ਹੈ, ਇੱਥੋਂ ਤੱਕ ਕਿ ਕਿਸੇ ਨੂੰ ਗੋਲੀ ਵੀ ਮਾਰ ਦਿੰਦਾ ਹੈ ਤਾਂ ਉਸ ਲਈ ਉਸਨੂੰ ਅਦਾਲਤ ਵਿਚ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ। ਇਹ ਕਾਨੂੰਨ ਇੱਕ ਤਰ੍ਹਾਂ ਨਿਰਦੋਸ਼ਾਂ ਨੂੰ ਮਾਰਨ, ਕੁੱਟਣ, ਲੁੱਟਣ, ਬਲਾਤਕਾਰ ਕਰਨ ਦਾ ਲਾਇਸੈਂਸ ਹੈ। ਇਸ ਬਿੱਲ ਦੀ ਧਾਰਾ 14 ਅਨੁਸਾਰ "ਇਹ ਗਰੁਪ ਜਾਂ ਇਸਦੇ ਕਿਸੇ ਮੈਂਬਰ ਜਿਸਨੂੰ ਇਸ ਕਾਨੂੰਨ ਤਹਿਤ ਅਧਿਕਾਰ ਦਿੱਤਾ ਗਿਆ ਹੈ ਜਾਂ ਉਸਦੀ ਜ਼ਿੰਮੇਵਾਰੀ ਲਗਾਈ ਗਈ ਹੋਵੇ ਜਾਂ ਅਜਿਹੇ ਹੁਕਮ ਜਾਂ ਬਣਾਏ ਨੇਮ-ਕਾਨੂੰਨ ਬਣਾਏ ਗਏ ਜੋ ਨੇਕ ਇਰਾਦੇ ਜਾਂ ਇਹ ਸਮਝ ਕੇ ਕਿ ਇਹ ਇਸ ਕਾਨੂੰਨ ਨੂੰ ਲਾਗੂ ਕਰਨ ਲਈ ਦਿੱਤੇ ਜਾਂ ਬਣਾਏ ਹਨ ਅਤੇ ਇਸ ਤਹਿਤ ਕੋਈ ਆਰਡਰ ਦਿੱਤੇ ਹੋਣ ਜਾਂ ਨੇਮ ਕਾਨੂੰਨ ਬਣਾਏ ਹੋਣ, ਇਨ੍ਹਾਂ ਲਈ ਉਸ ਵਿਰੁਧ ਨਾ ਮੁਕੱਦਮਾ ਚਲਾਇਆ ਜਾ ਸਕਦਾ ਹੈ ਅਤੇ ਨਾ ਕੋਈ ਕਾਨੂੰਨੀ ਕਾਰਵਾਈ ਕੀਤੀ ਜਾ ਸਕਦੀ ਹੈ।"

'ਅਫਸਪਾ' ਤਹਿਤ ਤਾਂ ਇਹ ਅਧਿਕਾਰ ਉਦੋਂ ਮਿਲਦਾ ਹੈ ਜਦੋਂ ਦੇਸ਼ ਦੇ ਕਿਸੇ ਹਿੱਸੇ ਵਿਚ ਬਗਾਵਤ ਵਾਲੇ ਹਾਲਾਤ ਹੋਣ ਤੇ ਉਸਨੂੰ ਗੜਬੜਗ੍ਰਸਤ ਖਿੱਤਾ ਐਲਾਨ ਕੇ ਉਥੇ ਫੌਜ ਲਗਾਈ ਹੋਵੇ ਪਰ ਇਹ ਬਿੱਲ ਆਮ-ਸਧਾਰਨ ਹਾਲਾਤ ਵਿਚ ਵੀ ਇਸ ਅਧਿਕਾਰ ਦੀ ਵਰਤੋਂ ਦੀ ਵਿਵਸਥਾ ਕਰਦਾ ਹੈ। 'ਅਫਸਪਾ' ਤਹਿਤ ਤਾਂ ਇਹ ਅਧਿਕਾਰ ਸਿਰਫ ਫੌਜ ਲਈ ਹੈ, ਗੜਬੜਗ੍ਰਸਤ ਖੇਤਰਾਂ ਵਿਚ ਵੀ ਹੋਰ ਬਲਾਂ ਕੋਲ ਇਹ ਅਧਿਕਾਰ ਨਹੀਂ ਹੁੰਦਾ ਪਰ ਇਥੇ ਤਾਂ ਅਧਿਕਾਰ ਸਾਧਾਰਨ ਹਾਲਾਤ ਵਿਚ ਆਮ ਪੁਲਿਸ ਮੁਲਜ਼ਮ ਨੂੰ ਦੇ ਦਿੱਤਾ ਗਿਆ ਹੈ।

ਇਸ ਦੇ ਨਾਲ ਹੀ ਪੰਜਾਬ ਵਿਧਾਨ ਸਭਾ ਨੇ ਭਾਰਤੀ ਜ਼ਾਬਤਾ ਕਾਨੂੰਨ (ਆਈ.ਪੀ.ਸੀ.) ਪੰਜਾਬ ਵਿਚ ਸੋਧ ਕਰਕੇ 295 ਵਿਚ ਧਾਰਾ 295 ਏ ਜੋੜ ਦਿਤੀ ਹੈ। ਇਸ ਅਨੁਸਾਰ ਜੇ ਕੋਈ ਬੋਲੇ ਜਾਂ ਲਿਖੇ ਸ਼ਬਦਾਂ ਜਾਂ ਚਿੰਨ੍ਹਾਂ ਰਾਹੀਂ, ਜਾਣ-ਬੁੱਝ ਕੇ ਅਤੇ ਬੁਰੇ ਇਰਾਦੇ ਰਾਹੀਂ ਕਿਸੇ ਜਮਾਤ ਦੇ ਧਰਮ ਜਾਂ ਧਾਰਮਿਕ ਭਾਵਨਾਵਾਂ ਦੀ ਨਿਰਾਦਰੀ ਕਰਕੇ ਉਸਦੀ ਪਵਿੱਤਰਤਾ ਭੰਗ ਕਰਦਾ ਹੈ ਤਾਂ ਉਸਨੂੰ ਘੱਟੋ-ਘੱਟ ਤਿੰਨ ਸਾਲ ਤੋਂ ਲੈ ਕੇ 10 ਸਾਲ ਤੱਕ ਦੀ ਸਜ਼ਾ ਹੋ ਸਕਦੀ ਹੈ। ਓਪਰੀ ਨਜ਼ਰੇ ਸ਼ਾਇਦ ਇਹ ਧਾਰਾ ਬਹੁਤੀ ਖਤਰਨਾਕ ਨਾ ਲੱਗੇ ਪਰ ਇਸਨੂੰ ਪੇਸ਼ ਕਰਦਿਆਂ ਗ੍ਰਹਿ ਮੰਤਰੀ ਦੇ ਬਿਆਨ ਨੂੰ ਪੜ੍ਹ ਕੇ ਸਰਕਾਰ ਦੀ ਨੀਅਤ ਪੂਰੀ ਤਰ੍ਹਾਂ ਸਪੱਸ਼ਟ ਹੋ ਜਾਂਦੀ ਹੈ, "ਪਿਛਲੇ ਅਰਸੇ ਵਿਚ ਵੱਖਰੇ-ਵੱਖਰੇ ਧਾਰਮਿਕ, ਨਸਲੀ, ਭਾਸ਼ਾਈ ਅਤੇ ਖੇਤਰੀ ਗਰੁਪਾਂ, ਜਾਤਾਂ ਅਤੇ ਤਬਕਿਆਂ ਵਿਚਕਾਰ ਦੁਰਭਾਵਨਾ, ਨਫਰਤ ਦੇ ਭਾਵ ਅਤੇ ਬੁਰਾਈ ਪੈਦਾ ਕਰਨ ਅਤੇ ਸਦਭਾਵਨਾ ਤੋੜਨ ਵਾਲੀਆਂ ਲਿਖਤਾਂ ਅਖ਼ਬਾਰਾਂ, ਪਾਠ ਪੁਸਤਕਾਂ ਵਿਚ ਸਾਹਮਣੇ ਆਈਆਂ ਹਨ। ਅਜਿਹੀਆਂ ਘਟਨਾਵਾਂ ਨੂੰ ਫੌਰੀ 'ਤੇ ਸਖਤੀ ਨਾਲ ਕੁਚਲਣ ਦੀ ਲੋੜ ਹੈ।"

ਇਸ ਤੋਂ ਸਪੱਸ਼ਟ ਹੈ ਕਿ ਇਹ ਸੋਧ ਅਖ਼ਬਾਰਾਂ ਤੇ ਪੁਸਤਕਾਂ ਵਿਚ ਛਪੀਆਂ ਲਿਖਤਾਂ ਵਿਰੁਧ ਸੇਧਿਤ ਹੈ। ਇਹ ਲਿਖਤਾਂ ਕਿਹੋ ਜਿਹੀਆਂ ਹੋ ਸਕਦੀਆਂ ਹਨ ਜੋ ਕਿਸੇ ਦੇਸ਼ ਦੀਆਂ ਧਾਰਮਿਕ, ਨਸਲੀ ਭਾਵਨਾਵਾਂ ਨੂੰ ਠੇਸ ਪਹੁੰਚਾਉਂਦੀਆਂ ਹਨ। ਇਸ ਤਰ੍ਹਾਂ ਧਰਮ ਦੇ ਨਾਂ 'ਤੇ ਚਲਦੇ ਪਾਖੰਡ ਅਤੇ ਲੁੱਟ ਦੇ ਵਪਾਰ ਨੂੰ ਨੰਗਿਆਂ ਕਰਨ ਵਾਲੀਆਂ, ਵਿਗਿਆਨਕ ਸੋਚ ਵਾਲੀਆਂ ਲਿਖਤਾਂ ਅਤੇ ਉਨ੍ਹਾਂ ਦੇ ਲੇਖਕ ਇਸ ਧਾਰਾ ਦਾ ਨਿਸ਼ਾਨਾ ਬਣਨਗੇ। ਇਸ

*(ਬਾਕੀ ਅਗਲੇ ਸਫੇ 'ਤੇ)*


## ਸ਼ਬਦ-ਝਰੋਖਾ

**ਬਲਜੀਤ ਬਾਸੀ**
ਫੋਨ:734-454-4958

# ਕੁੰਜੀਵਤ ਭਾਸ਼ਣ

ਕਿਸੇ ਸੰਕਲਪ ਲਈ ਜੇ ਆਪਣੀ ਭਾਸ਼ਾ ਵਿਚ ਕੋਈ ਸ਼ਬਦ ਨਾ ਮਿਲੇ ਤਾਂ ਘਾਪਾ ਪੂਰਨ ਲਈ ਕਈ ਤਰ੍ਹਾਂ ਨਾਲ ਨਵੇਂ ਸ਼ਬਦਾਂ ਦਾ ਵਾਧਾ ਕਰ ਲਿਆ ਜਾਂਦਾ ਹੈ: ਨਵੇਂ ਸ਼ਬਦ ਘੜ ਲਏ ਜਾਂਦੇ ਹਨ, ਪੁਰਾਣਿਆਂ ਨੂੰ ਨਵੇਂ ਅਰਥ ਦੇ ਦਿੱਤੇ ਜਾਂਦੇ ਹਨ, ਦੂਜੀ ਭਾਸ਼ਾ 'ਚੋਂ ਸ਼ਬਦ ਲੈ ਲਏ ਜਾਂਦੇ ਹਨ ਜਾਂ ਦੂਜੀ ਭਾਸ਼ਾ ਅਨੁਸਾਰ ਅਖਰੀ ਅਨੁਵਾਦ ਕਰਕੇ ਸ਼ਬਦ ਬਣਾ ਲਏ ਜਾਂਦੇ ਹਨ। ਅਖਰੀ ਅਨੁਵਾਦ ਰਾਹੀਂ ਘੜੇ ਇਹ ਸ਼ਬਦ ਕਈ ਵਾਰੀ ਬੜੇ ਹਾਸੋਹੀਣੇ ਹੁੰਦੇ ਹਨ ਪਰ ਫਿਰ ਵੀ ਕੁਝ ਪ੍ਰਵਾਨ ਹੋ ਜਾਂਦੇ ਹਨ ਕਿਉਂਕਿ ਕਿਸੇ ਨੂੰ ਵਿਚਲੀ ਗੱਲ ਦਾ ਪਤਾ ਨਹੀਂ ਲਗਦਾ। ਡਾਕਟਰ ਰਘੁਵੀਰਾ ਨਾਂ ਦੇ ਸੰਸਕ੍ਰਿਤ ਕੋਸ਼ਕਾਰ ਨੇ ਅਜਿਹੇ ਸ਼ਬਦਾਂ ਦਾ ਇਕ ਭਾਰੀ ਭਰਕਮ ਕੋਸ਼ ਤਿਆਰ ਕੀਤਾ ਸੀ ਜਿਸ ਵਿਚ ਗੂੜ੍ਹ ਸੰਸਕ੍ਰਿਤ ਸ਼ਬਦਾਂ ਤੋਂ ਬੜੇ ਹੀ ਮੂੰਹ-ਭਰਵੇਂ ਸ਼ਬਦਾਂ ਦੀ ਘਾੜਤ ਕੀਤੀ ਗਈ। ਉਸ ਨੇ ਅੰਗਰੇਜ਼ੀ ਸ਼ਬਦ ਟਰੇਨ ਲਈ ਲੋਹਪਥ ਗਾਮਨੀ, ਸਿਗਨਲ ਲਈ ਲੋਹਪਥ-ਗਾਮਨੀ-ਆਵਤ-ਜਾਵਤ-ਸੂਚਕ-ਜੰਤਰ, ਬੀਕਰ ਲਈ ਚੋਂਚਕ ਵਰਗੇ ਸ਼ਬਦ ਘੜੇ। ਅਜਿਹਾ ਹੀ ਸ਼ਬਦ ਕ੍ਰਿਕਟ ਮੈਚ ਨਾਲ ਗੋਲ ਗੱਟਮ, ਕਿੱਲਾ ਪੱਟਮ ਲਫੜਮ ਦਫੜਮ ਪ੍ਰਤੀਯੋਗਤਾ ਕਰਕੇ ਕੀਤਾ ਗਿਆ। ਅੱਜ ਆਮ ਲੋਕਾਂ ਵਿਚ ਇਹ ਸ਼ਬਦ ਸਿਰਫ਼ ਹਾਸਾ ਠੱਠਾ ਪੈਦਾ ਕਰਨ ਲਈ ਹੀ ਜੀਵਿਤ ਹਨ। ਅਕਸਰ ਹੀ ਲਿਖਤਾਂ ਵਿਚ ਹਾਸੋਹੀਣੇ ਅਨੁਵਾਦੀ ਸ਼ਬਦ ਮਿਲ ਜਾਂਦੇ ਹਨ ਜਿਵੇਂ ਮਿਲਕ ਪਲਾਂਟ ਲਈ ਦੁਧ-ਬੂਟਾ।

ਅੱਜ ਮੈਂ ਅੰਗਰੇਜ਼ੀ ਤੋਂ ਅਨੁਵਾਦ ਹੋਏ ਇਕ ਆਮ ਪ੍ਰਚਲਤ ਸ਼ਬਦ ਦਾ ਦਿਲਚਸਪ ਕਿੱਸਾ ਸੁਣਾਉਣ ਲੱਗਾ ਹਾਂ। ਇਹ ਕਿੱਸਾ ਪੰਜਾਬੀ ਰਿਸਾਲੇ 'ਸਿਰਜਣਾ' ਦੇ ਕਿਸੇ ਅੰਕ ਵਿਚ ਸੁਰਜੀਤ ਹਾਂਸ ਦਾ ਛਪਿਆ ਸੀ ਤੇ ਇਸ ਦਾ ਰੋਚਿਕ ਅੰਤ ਪ੍ਰਸਿਧ ਪੰਜਾਬੀ ਕਹਾਣੀਕਾਰ ਗੁਰਬਚਨ ਸਿੰਘ ਭੁੱਲਰ ਨੇ ਕਿਸੇ ਅਗਲੇ ਅੰਕ ਵਿਚ ਕੀਤਾ ਸੀ। ਮੈਨੂੰ ਇਸ ਸ਼ਬਦ ਦੀ ਯਾਦ 30 ਅਕਤੂਬਰ 2010 ਨੂੰ ਸਿਆਟਲ ਵਿਚ ਸਿੱਖ ਮਸਲਿਆਂ ਬਾਰੇ ਹੋਏ ਇਕ ਸੈਮੀਨਾਰ ਦੀ ਰਿਪੋਰਟ ਪੜ੍ਹਨ ਪਿਛੋਂ ਆਈ ਜਿਸ ਵਿਚ 'ਕੁੰਜੀਵਤ ਭਾਸ਼ਣ' ਦੀ ਗੱਲ ਕਹੀ ਗਈ ਸੀ। ਜੀ ਹਾਂ, ਮੈਂ ਹੁਣ ਕੁੰਜੀਵਤ ਸ਼ਬਦ ਦਾ ਹੀ ਕਿੱਸਾ ਸੁਣਾਉਣ ਲੱਗਾ ਹਾਂ। ਸੈਮੀਨਾਰਾਂ, ਗੋਸ਼ਟੀਆਂ ਵਿਚ ਚਰਚਾ ਕੀਤੇ ਜਾਣ ਵਾਲੇ ਵਿਸ਼ੇ ਨੂੰ ਖੋਲ੍ਹ ਕੇ ਵਿਖਿਆਨ ਕਰਨ ਲਈ ਅਰੰਭ ਵਿਚ ਕਿਸੇ ਵੱਡੇ ਵਿਦਵਾਨ ਦਾ ਭਾਸ਼ਣ ਕਰਾਇਆ ਜਾਂਦਾ ਹੈ ਜਿਸਨੂੰ ਕੁੰਜੀਵਤ ਭਾਸ਼ਣ ਕਿਹਾ ਜਾਂਦਾ ਹੈ।



*ਨਹੀਂ, ਨਹੀਂ, ਨਹੀਂ, ਕੁੰਜੀਵਤ ਭਾਸ਼ਣ ਮੈਂ ਦੇਣਾ ਹੈ!*

ਕੁੰਜੀਵਤ ਸ਼ਬਦ ਅੰਗਰੇਜ਼ੀ ਪਦ Keynote (ਕੀ ਨੋਟ) ਲਈ ਕਿਸੇ ਸੰਗੀਤ ਤੋਂ ਕੋਰੇ ਬੰਦੇ ਨੇ ਅਨੁਵਾਦਿਆ ਹੈ। ਇਹ ਤਾਂ ਨਹੀਂ ਪਤਾ ਕਿ ਇਸ ਸ਼ਬਦ ਦਾ ਜਨਮਦਾਤਾ ਕੌਣ ਹੋਵੇਗਾ ਪਰ ਉਸਦੀ ਸੰਤਾਨ ਆਪਣੇ ਜਨਮ ਦਿਨ ਤੋਂ ਹੀ ਪੰਜਾਬੀ-ਹਿੰਦੀ ਸੈਮੀਨਾਰਾਂ ਦੀ ਸ਼ਿੰਗਾਰ ਬਣੀ ਪਈ ਹੈ। ਭਲੇ ਪੁਰਖ ਨੇ ਅੰਗਰੇਜ਼ੀ ਸ਼ਬਦ ਵਿਚ 'ਕੀ' ਦੇਖਿਆ ਤੇ ਝਟ ਇਸਦੀ ਪਛਾਣ ਪੰਜਾਬੀ ਕੁੰਜੀ ਨਾਲ ਕਰ ਦਿੱਤੀ। ਉਸਦੀ ਕਿਸਮਤ ਨੂੰ ਪੰਜਾਬੀ ਵਿਚ ਪਹਿਲਾਂ ਵੀ ਕੁੰਜੀਵਤ ਸ਼ਬਦ ਚਲਦਾ ਸੀ ਜਿਸ ਦਾ ਭਾਵ 'ਮੁਖ' ਲਿਆ ਜਾਂਦਾ ਹੈ ਜਿਵੇਂ ਕੀ ਇੰਡਸਟਰੀ ਨੂੰ ਅਸੀਂ ਕੁੰਜੀਵਤ ਉਦਯੋਗ ਕਹਿ ਸਕਦੇ ਹਾਂ ਅਰਥਾਤ ਮੁਖ ਉਦਯੋਗ। ਅਜਿਹੇ ਉਦਯੋਗ ਜੋ ਹੋਰ ਛੋਟੇ ਉਦਯੋਗਾਂ ਦੇ ਪ੍ਰਫੁਲਤ ਹੋਣ ਲਈ ਰਾਹ ਖੋਲ੍ਹਦੇ ਹਨ। ਮੇਰੇ ਵਰਗੇ ਸਫਲਤਾ ਦੀਆਂ ਕੁੰਜੀਆਂ ਪੜ੍ਹ ਕੇ ਪਾਸ ਹੋਏ ਇਸ ਸ਼ਖਸ ਨੇ ਸਮਝਿਆ ਕਿ 'ਕੀਨੋਟ' ਭਾਸ਼ਣ ਇਕ ਕੁੰਜੀ ਵਰਗਾ ਕੰਮ ਕਰਦਾ ਹੈ ਜੋ ਹੋਣ ਜਾ ਰਹੀ ਚਰਚਾ ਦੇ ਮਸਲਿਆਂ ਨੂੰ ਜਿੰਦੇ ਵਾਂਗ ਖੋਲ੍ਹਦਾ ਹੈ। ਇਸ ਅਗਿਆਤ ਭਲੇਮਾਨਸ ਨੇ ਇਹ ਨਹੀਂ ਦੇਖਿਆ ਕਿ ਉਸਦਾ ਵਾਹ ਇਕ ਵੱਡੇ ਸ਼ਬਦ 'ਕੀਨੋਟ' ਨਾਲ ਹੈ ਤੇ ਇਸਦਾ ਕੋਈ ਹੋਰ ਅਰਥ ਹੋ ਸਕਦਾ ਹੈ। ਦਰਅਸਲ ਇਹ ਸ਼ਬਦ ਸੰਗੀਤ ਨਾਲ ਸਬੰਧ ਰਖਦਾ ਹੈ ਤੇ ਸੰਗੀਤ ਦੇ ਸੰਦਰਭ ਵਿਚ 'ਕੀ' ਲਈ ਪੰਜਾਬੀ ਸ਼ਬਦ ਸੁਰ ਹੁੰਦਾ ਹੈ। ਇਸ ਤੋਂ ਅੱਗੇ 'ਕੀਨੋਟ' ਪੱਛਮੀ ਸਿਫਨੀ ਸੰਗੀਤ ਵਿਚ ਪ੍ਰਧਾਨ ਸੁਰ ਹੁੰਦੀ ਹੈ ਜਿਵੇਂ ਬੈਥੋਵੀਨ ਦੀ ਸਿਫਨੀ ਨੰਬਰ 9, ਬੀ ਫਲੈਟ। ਪਰ ਸਾਡੇ ਵਿਦਵਾਨਾਂ ਨੇ 'ਕੀ' ਦਾ ਅਨੁਵਾਦ ਸੁਰ ਕਰਨ ਦੀ ਥਾਂ ਕੁੰਜੀ ਕਰ ਦਿੱਤਾ। ਮੋਨੀਅਰ ਵਿਲੀਅਮਜ਼ ਦੇ ਸੰਸਕ੍ਰਿਤ-ਅੰਗਰੇਜ਼ੀ ਕੋਸ਼ ਵਿਚ ਅੰਸ਼ ਸਵਰ ਦਾ ਅੰਗਰੇਜ਼ੀ ਮਾਅਨਾ 'ਕੀਨੋਟ' ਦਿੱਤਾ ਹੋਇਆ ਹੈ। ਅੰਸ਼ ਦਾ ਅਰਥ ਮੋਢਾ ਹੁੰਦਾ ਹੈ ਅਰਥਾਤ ਉਹ ਸੁਰ ਜਿਸਦੇ ਮੋਢੇ ਚੜ੍ਹ ਕੇ ਰਾਗ ਤੁਰਦਾ ਹੈ। ਕੀਨੋਟ ਭਾਸ਼ਣ ਦਾ ਅਰਥ ਵੀ ਉਹ ਕੇਂਦਰੀ ਵਿਚਾਰ ਹੈ ਜਿਸ ਉਪਰ ਬਹਿਸ ਕੀਤੀ ਜਾਣੀ ਹੈ। ਪਰ ਇਸ ਚਰਚਾ ਦਾ ਇਹ ਭਾਵ ਨਾ ਲਿਆ ਜਾਵੇ ਕਿ ਹੁਣ ਅਸੀਂ ਇਸ ਪ੍ਰਚਲਿਤ ਹੋ ਚੁੱਕੇ ਸ਼ਬਦ ਨੂੰ ਬਦਲ ਦੇਈਏ। ਹਰ ਭਾਸ਼ਾ ਵਿਚ ਅਜਿਹੇ ਬੇਸ਼ੁਮਾਰ ਸ਼ਬਦ ਮਿਲ ਜਾਂਦੇ ਹਨ ਜਿਨ੍ਹਾਂ ਨੂੰ ਕਿਸੇ ਗਲਤ ਸਮਝੀ ਕਾਰਨ ਘੜ ਲਿਆ ਜਾਂਦਾ ਹੈ। ਅਸੀਂ ਪਿਛਲੇ ਸਿਰ ਵਾਲੇ ਲੇਖ ਵਿਚ ਦੇਖ ਚੁੱਕੇ ਹਾਂ ਕਿ ਸ੍ਰੀ ਸ਼ਬਦ ਮੁਢਲੇ ਤੌਰ 'ਤੇ ਇਸਤਰੀਬੋਧਕ ਹੈ ਪਰ ਮਰਦ ਪ੍ਰਧਾਨ ਸਮਾਜ ਨੇ ਇਸਨੂੰ ਆਪਣੇ ਨਾਂ ਦੇ ਨਾਲ ਲਾ ਲਿਆ ਹੈ। ਵਰਤੋਂ ਵਿਚ ਇਕ ਵਾਰੀ ਕੋਈ ਸ਼ਬਦ ਆ ਗਿਆ ਤਾਂ ਉਹ ਆਪਣੀ, ਮੜਕ ਚਾਲ ਨਾਲ ਹੀ ਜਾਵੇਗਾ।

ਕੀਨੋਟ ਬਾਰੇ ਹਾਂਸ ਦੇ ਇਸ 'ਕੁੰਜੀਵਤ' ਉਲੇਖ ਨੂੰ ਭੁੱਲਰ ਨੇ ਹੋਰ ਪ੍ਰਸੰਗ ਦਿੱਤੇ। ਭੁੱਲਰ ਸਾਹਿਬ ਉਨ੍ਹਾਂ ਦਿਨਾਂ ਵਿਚ ਸੋਵੀਅਤ ਰਸਾਲੇ 'ਸੋਵੀਅਤ ਦਰਪਨ' ਵਿਚ ਅਨੁਵਾਦਕ ਅਤੇ ਸੰਪਾਦਕ ਦਾ ਕੰਮ ਕਰਦੇ ਸਨ। ਬਰੈਜ਼ਨੇਵ ਦੇ ਇਕ ਭਾਰਤ ਦੌਰੇ ਸਮੇਂ ਇੰਦਰਾ ਗਾਂਧੀ ਨਾਲ ਕੁਝ ਸਮਝੌਤੇ ਸਹੀਬੰਦ ਕੀਤੇ ਗਏ। ਹਰ ਸਮਝੌਤੇ ਦੇ ਅੰਤ ਤੇ ਇਹ ਲਿਖਿਆ ਹੁੰਦਾ ਸੀ, "ਇਹ ਸਮਝੌਤਾ ਰੂਸੀ, ਹਿੰਦੀ ਅਤੇ ਅੰਗਰੇਜ਼ੀ ਵਿਚ ਸਹੀਬੰਦ ਕੀਤਾ ਗਿਆ ਹੈ ਜੋ ਤਿੰਨੇ ਰੂਪ ਪ੍ਰਮਾਣਕ ਹਨ।" ਸੱਚਾਈ ਇਹ ਸੀ ਕਿ ਅਫਸਰਾਂ ਦੀ ਸਾਰੀ ਆਪਸੀ ਗੱਲਬਾਤ ਅੰਗਰੇਜ਼ੀ 'ਚ ਹੁੰਦੀ ਸੀ ਤੇ ਹੋਏ ਸਮਝੌਤੇ ਦੇ ਪਾਠ ਦਾ ਰੂਸੀ ਤੇ ਹਿੰਦੀ ਵਿਚ ਅਨੁਵਾਦ ਕਰ ਲਿਆ ਜਾਂਦਾ ਸੀ। ਬਾਅਦ ਵਿਚ ਇਨ੍ਹਾਂ ਉਤੇ ਨੇਤਾਵਾਂ ਦੀ ਘੁੱਗੀ ਮਰਵਾ ਲਈ ਜਾਂਦੀ ਸੀ। ਇਹ ਦਸਤਾਵੇਜ਼ 'ਸੋਵੀਅਤ ਦਰਪਨ' ਵਿਚ ਵੀ ਛਾਪੇ ਜਾਂਦੇ ਸਨ। ਹਿੰਦੀ ਵਾਲੇ ਅੰਗਰੇਜ਼ੀ ਦਸਤਾਵੇਜ਼ ਦਾ ਹਿੰਦੀ ਵਿਚ ਅਨੁਵਾਦ ਕਰਨ ਲਈ ਝਖ ਮਾਰਦੇ ਰਹਿੰਦੇ ਸਨ ਪਰ ਭੁੱਲਰ ਸਾਹਿਬ ਨੇ ਉਨ੍ਹਾਂ ਨੂੰ ਸਲਾਹ ਦਿੱਤੀ ਕਿ ਉਹ ਇਹ ਵਾਧੂ ਦੀ ਮਿਹਨਤ ਕਿਉਂ ਕਰਦੇ ਹਨ। ਸਰਕਾਰੀ ਅਨੁਵਾਦ ਹੋਇਆ ਪਿਆ ਹੈ ਜੋ ਕਿ ਪ੍ਰਮਾਣਿਤ ਵੀ ਹੈ, ਉਹੀ ਮੰਗਵਾ ਕੇ ਕੰਮ ਨਬੇੜਨ। ਉਨ੍ਹਾਂ ਭੁੱਲਰ ਦੀ ਗੱਲ ਤੇ ਫੁੱਲ ਚੜ੍ਹਾਉਂਦਿਆਂ ਫਟਾਫਟ ਭਾਰਤ ਸਰਕਾਰ ਦੇ ਸੂਚਨਾ ਬਿਊਰੋ ਤੋਂ ਉਹ ਹਿੰਦੀ ਅਨੁਵਾਦ ਮੰਗਵਾ ਲਿਆ। ਪਰੂਫ ਪੜ੍ਹਦੇ ਸਮੇਂ ਨਾਲ ਬੈਠੇ ਹਿੰਦੀ ਦੇ ਸੰਪਾਦਕ ਨੇ ਭੁੱਲਰ ਸਾਹਿਬ ਨੂੰ ਕਿਹਾ, "ਭੁੱਲਰ ਜੀ, ਇਹ ਰੂਸੀ ਹੁਣ ਸਾਡੇ ਲਈ ਮੋਮਬੱਤੀਆਂ ਤੇ ਦੀਵੇ ਬਣਾਇਆ ਕਰਨਗੇ?" ਭੁੱਲਰ ਸਾਹਿਬ ਦੇ ਪਿੜ ਪੱਲੇ ਕੋਈ ਗੱਲ ਨਾ ਪਈ ਤਾਂ ਉਸਨੇ ਪੁਛ ਹੀ ਲਿਆ। ਉਸਨੂੰ ਦੱਸਿਆ ਗਿਆ ਕਿ ਸਮਝੌਤੇ ਵਾਲੀ ਦਸਤਾਵੇਜ਼ ਵਿਚ 'ਰੋਸ਼ਨੀ ਉਦਯੋਗੋਂ ਮੇਂ ਸਹਿਯੋਗ' ਲਿਖਿਆ ਹੋਇਆ ਹੈ। ਭੁੱਲਰ ਖੁਦ ਪਹਿਲਾਂ ਇਸਦਾ ਅਨੁਵਾਦ ਪੰਜਾਬੀ ਵਿਚ ਕਰ ਚੁੱਕਾ ਸੀ ਇਸ ਲਈ ਉਹ ਭੇਤ ਵਾਲੀ ਗੱਲ ਸਮਝ ਗਿਆ।

ਦਰਅਸਲ ਸਰਕਾਰ ਦੇ ਗੁਣਵੰਤ ਅਨੁਵਾਦਕਾਂ ਨੇ ਲਾਈਟ ਇੰਡਸਟਰੀ ਦਾ ਅਨੁਵਾਦ 'ਹਲਕੇ ਉਦਯੋਗ' ਦੀ ਥਾਂ 'ਰੋਸ਼ਨੀ ਉਦਯੋਗ' ਕਰ ਦਿੱਤਾ ਸੀ। ਲਾਈਟ ਦੇ ਦੋਨੋਂ ਅਰਥ ਹੁੰਦੇ ਹਨ, ਰੋਸ਼ਨੀ ਵੀ ਤੇ ਹਲਕਾ ਵੀ!

ਦਫਤਰ ਦੇ ਲੋਕ ਹੈਰਾਨ ਪ੍ਰੇਸ਼ਾਨ ਹੋ ਗਏ। ਇਕ ਮੁਲਾਜ਼ਮ ਨੂੰ ਸੂਚਨਾ ਬਿਊਰੋ ਭੇਜਿਆ ਗਿਆ। ਉਹ ਜਦ ਬਿਊਰੋ ਦਫਤਰ ਅੱਪੜਿਆ ਤਾਂ ਉਸਨੇ ਦੇਖਿਆ ਕਿ ਸਬੰਧਤ ਕਰਮਚਾਰੀ ਮੇਜ਼ ਤੇ ਲੱਤਾਂ ਰੱਖੀ ਬੀੜੀ ਤੇ ਬੀੜੀ ਪੀਵੀ ਜਾ ਰਿਹਾ ਸੀ। ਉਸ ਨੂੰ ਜਦ ਸਾਰੀ ਗੱਲ ਦੱਸੀ ਗਈ ਤਾਂ ਉਸ ਨੇ ਇਕ ਲੱਤ ਚੱਕ ਕੇ ਦੂਜੀ ਤੇ ਰੱਖੀ ਤੇ ਖਿੜਖਿੜਾ ਕੇ ਹੱਸ ਪਿਆ। ਬੀੜੀ ਦੀ ਰਾਖ ਝਾੜਦਿਆਂ ਉਹ ਬੋਲਿਆ, "ਸ੍ਰੀ ਮਾਨ ਜੀ ਇਹ ਤਾਂ ਕੁਝ ਵੀ ਨਹੀਂ। ਇਕ ਵਾਰ ਇਕ ਅਫਰੀਕੀ ਦੇਸ਼ ਦਾ ਪ੍ਰਧਾਨ ਮੰਤਰੀ ਆਇਆ ਸੀ ਤੇ ਉਸ ਨਾਲ ਹੋਏ ਭਾਰਤ ਸਰਕਾਰ ਦੇ ਸਮਝੌਤੇ ਦੀ ਮੂਲ ਅੰਗਰੇਜ਼ੀ ਦਾ ਹਿੰਦੀ ਵਿਚ ਅਨੁਵਾਦ ਕਰਦਿਆਂ ਸਾਡੇ ਅਨੁਵਾਦਕ ਨੇ 'ਕੀ-ਇੰਡਸਟਰੀਜ਼' ਦਾ ਅਨੁਵਾਦ 'ਚਾਬੀਆਂ ਬਨਾਨੇ ਕਾ ਉਦਯੋਗ' ਕਰ ਦਿੱਤਾ। ਕੁਝ ਨਹੀਂ ਸੀ ਹੋਇਆ। ਦਸਤਖਤ ਉਸੇ ਤਰ੍ਹਾਂ ਹੋ ਗਏ ਸਨ। ਕੰਮ ਅੰਗਰੇਜ਼ੀ ਅਨੁਸਾਰ ਹੁੰਦਾ ਹੈ, ਹਿੰਦੀ ਰੂਪ ਫਾਈਲ ਵਿਚ ਲੱਗ ਜਾਂਦਾ ਹੈ। ਬਾਅਦ ਵਿਚ ਹਿੰਦੀ ਦੇ ਸੰਪਾਦਕ ਨੇ ਕਿਸੇ ਆਪਣੇ ਜਾਣੂ ਐਮ.ਪੀ. ਤੋਂ ਪਾਰਲੀਮੈਂਟ ਵਿਚ ਵੀ ਸਵਾਲ ਪੁਛਾਇਆ ਪਰ ਸਾਰੀ ਗੱਲ ਨੂੰ ਰੌਲੇ-ਗੌਲੇ ਦਾ ਜਿੰਦਾ ਲੱਗ ਗਿਆ। ਜੋ ਹੋਣਾ ਸੀ ਉਹ ਤਾਂ ਹੋ ਗਿਆ ਸੀ, ਦੋਵਾਂ ਦੇਸ਼ਾਂ ਦੇ ਮੁਖੀਆਂ ਦੇ ਹੱਥ ਵੱਢੇ ਜਾ ਚੁੱਕੇ ਸਨ!!!

ਚਲੋ ਇਹ ਤਾਂ ਹੋਈ ਅਨੁਵਾਦਾਂ ਦੀ ਗੱਲ, ਆਓ, ਦੇਖੀਏ ਕੁੰਜੀ ਸ਼ਬਦ ਦੀਆਂ ਜੜ੍ਹਾਂ ਕਿਥੇ ਹਨ। ਇਸ ਸ਼ਬਦ ਦਾ ਸੰਸਕ੍ਰਿਤ ਰੂਪ ਹੈ ਕੁੰਚਿਕਾ ਤੇ ਸੰਸਕ੍ਰਿਤ ਵਿਚ ਇਸਦਾ ਅਰਥ ਵੀ ਕੁੰਜੀ ਹੀ ਹੈ। ਇਹ ਕੁਚ ਧਾਤੂ ਤੋਂ ਬਣਿਆ ਹੈ ਜਿਸਦਾ ਅਰਥ ਮੋੜਨਾ, ਵਿਕ੍ਰਿਤ ਕਰਨਾ ਹੁੰਦਾ ਹੈ। ਚਾਬੀ ਮੁੜੀ ਹੋਈ ਚੀਜ਼ ਹੀ ਹੁੰਦੀ ਹੈ ਤੇ ਇਸ ਨੂੰ ਮੋੜੇ ਦੇ ਕੇ ਹੀ ਜਿੰਦਾ ਖੋਲ੍ਹਿਆ ਜਾਂਦਾ ਹੈ।

#

## ਸੁਰੱਖਿਆ ਬਿੱਲ

ਤੋਂ ਬਿਨਾਂ ਧਾਰਮਿਕ ਘੱਟ ਗਿਣਤੀਆਂ ਜਿਵੇਂ ਇਸਾਈ ਅਤੇ ਦਲਿਤ ਪੈਰੋਕਾਰਾਂ ਵਾਲੇ ਡੇਰੇ ਵੀ ਇਸ ਦਾ ਨਿਸ਼ਾਨਾ ਬਣਨਗੇ। ਜਾਤ-ਪਾਤੀ ਲੁੱਟ, ਦਮਨ ਦਾ ਵਿਰੋਧ ਕਰਨ ਵਾਲੀਆਂ ਦਲਿਤ ਜਾਤਾਂ/ਜਮਾਤਾਂ ਵੀ ਇਸਦੀ ਮਾਰ ਹੇਠ ਆ ਸਕਦੀਆਂ ਹਨ। ਇਉਂ ਤੱਤ ਰੂਪ ਵਿਚ ਇਹ ਧਾਰਾ ਪੂਰੀ ਤਰਾਂ ਜਮਹੂਰੀਅਤ ਵਿਰੋਧੀ ਹੈ।

ਪਿਛਲੇ ਸਮੇਂ ਦੌਰਾਨ ਪੰਜਾਬ 'ਤੇ ਐਸਾ ਵਿਕਾਸ ਮਾਡਲ ਮੜ੍ਹਿਆ ਗਿਆ ਹੈ ਜੋ ਇਸਦੇ ਹਾਲਾਤ ਅਨੁਸਾਰ ਸਾਜ਼ਗਾਰ ਨਹੀਂ ਸੀ। ਵਿਸ਼ਾਲ ਬਹੁਗਿਣਤੀ ਛੋਟੀਆਂ ਜੋਤਾਂ ਵਾਲੇ ਛੋਟੇ ਕਿਸਾਨ ਉਤੇ ਮਸ਼ੀਨੀਕਰਨ ਤੇ ਆਧੁਨਿਕ ਤਕਨੀਕ ਠੋਸ ਦਿੱਤੀ ਗਈ, ਜਿਸਦਾ ਸਿੱਟਾ ਵਾਫਰ ਮਸ਼ੀਨੀਕਰਨ, ਰਸਾਇਣਾਂ ਸਮੇਤ ਲਾਗਤ ਵਸਤਾਂ ਦੀ ਵਾਫਰ ਵਰਤੋਂ ਵਿਚ ਨਿਕਲਿਆ। ਇਸੇ ਕਰਕੇ ਪਾਣੀ ਦੀਆਂ ਉਪਰਲੀਆਂ ਤੱਗੀਆਂ ਖਤਮ ਹੋਈਆਂ, ਜ਼ਮੀਨ ਦੀ ਉਪਜਾਊ ਸਿਹਤ ਨਸ਼ਟ ਹੋਈ ਅਤੇ ਵਾਤਾਵਰਣ ਵੀ ਦੂਸ਼ਿਤ ਹੋਇਆ। ਵਧਦੀ ਲਾਗਤ ਅਤੇ ਮੁਕਾਬਲਤਨ ਘੱਟਦੇ ਭਾਅ ਨੇ ਕਿਸਾਨਾਂ ਨੂੰ ਕਰਜ਼ੇ ਦੇ ਮਕੜ ਜਾਲ ਵਿਚ ਫਸਾ ਦਿੱਤਾ ਹੈ। ਇਸ ਵਰਤਾਰੇ ਨਾਲ ਖੇਤੀ ਖੇਤਰ ਵਿਚੋਂ ਭਾਰੀ ਮਾਤਰਾ 'ਚ ਕਿਰਤ ਵਾਫਰ ਹੋਈ ਪਰ ਇਸਨੂੰ ਸਮਾਉਣ ਲਈ ਸਨਅਤ ਨੇ ਵਿਕਾਸ ਨਹੀਂ ਕੀਤਾ ਸਗੋਂ ਨਿਰ-ਸਨਅਤੀਕਰਨ ਦਾ ਅਮਲ ਚੱਲ ਰਿਹਾ ਹੈ। ਇਸ ਉਪਰ ਦੂਜੇ ਸੂਬਿਆਂ ਤੋਂ ਕਿਰਤੀਆਂ ਦਾ ਪਰਵਾਸ ਹੈ। ਇਸਨੇ ਇਕ ਵੱਡੀ ਵਸੋਂ ਨੂੰ ਖੜੋਤਮਾਰੀ ਹੀ ਨਹੀਂ ਡਿੱਗ ਰਹੀ ਆਰਥਿਕਤਾ 'ਤੇ ਲੱਦ ਦਿਤਾ ਹੈ। ਨਤੀਜਾ ਪੰਜਾਬ ਗੰਭੀਰ ਸੰਕਟ ਵਿਚ ਫਸਿਆ ਹੋਇਆ ਹੈ।

ਅਗਾਂਹ ਇਸਦਾ ਸਿੱਟਾ ਦੋ ਕਿਸਮ ਦੇ ਸੰਘਰਸ਼ਾਂ ਦੇ ਤਿੱਖੇ ਹੋਣ ਵਿਚ ਨਿਕਲਿਆ ਹੈ। ਕਿਸਾਨਾਂ ਦਾ ਜ਼ਮੀਨ ਦੀ ਰਾਖੀ, ਲਾਹੇਵੰਦ ਕੀਮਤਾਂ ਲਈ ਅਤੇ ਕਰਜ਼ਦਾਰੀ ਵਿਰੁਧ ਸੰਘਰਸ਼, ਮਜ਼ਦੂਰਾਂ ਦਾ ਰੁਜ਼ਗਾਰ ਲਈ, ਨਵੀਆਂ ਆਰਥਿਕ ਨੀਤੀਆਂ ਵਿਰੁਧ, ਰੁਜ਼ਗਾਰ ਦੀ ਰਾਖੀ ਲਈ ਅਤੇ ਚੰਗੇਰੀਆਂ ਜੀਵਨ-ਕੰਮ ਹਾਲਾਤ ਲਈ, ਵਿਦਿਆਰਥੀਆਂ ਦੇ ਫੀਸਾਂ-ਵਾਧੇ ਵਿਰੁਧ ਅਤੇ ਬੱਸ ਪਾਸ ਦੀ ਸਹੂਲਤ ਲਈ ਸੰਘਰਸ਼ ਅਤੇ ਮੁਲਾਜ਼ਮਾਂ ਦੇ ਪੱਕੀ ਸਰਕਾਰੀ ਨੌਕਰੀ ਲਈ ਆਦਿ ਸੰਘਰਸ਼ਾਂ ਨੇ ਪਿਛਲੇ ਦਿਨਾਂ ਵਿਚ ਤਿੱਖਾ ਰੂਪ ਅਖਤਿਆਰ ਕੀਤਾ ਹੈ ਅਤੇ ਇਨ੍ਹਾਂ ਦੀ ਵਧੇਰੇ ਕਰਕੇ ਅਗਵਾਈ ਇਨਕਲਾਬੀ ਸ਼ਕਤੀਆਂ ਕਰ ਰਹੀਆਂ ਹਨ।

ਇਸ ਤੋਂ ਬਿਨਾਂ ਪਛਾਣ ਦੇ ਸੰਘਰਸ਼ ਵੀ ਸਾਹਮਣੇ ਆਏ ਹਨ। ਰਾਮਾਨੰਦ ਦੀ ਵਿਆਨਾ ਵਿਚ ਹੱਤਿਆ ਵਿਰੁਧ ਦਲਿਤ ਉਭਾਰ, ਨਵਾਂਸ਼ਹਿਰ-ਲੁਧਿਆਣਾ-ਜਲੰਧਰ ਵਿਚ ਪਰਵਾਸੀ ਮਜ਼ਦੂਰਾਂ ਦੇ ਸੰਘਰਸ਼ ਇਸਦੀਆਂ ਉਭਰਵੀਆਂ ਮਿਸਾਲਾਂ ਹਨ। ਦੇਖਿਆ ਜਾਵੇ ਤਾਂ ਡੇਰਿਆਂ ਵਿਰੁਧ ਸਿੱਖ ਕੱਟੜਪੰਥੀਆਂ ਦੇ ਵਿਰੋਧ ਦਾ ਤੱਤ ਵੀ ਜਾਤ-ਪਾਤੀ ਵਿਰੋਧ ਹੈ। ਜਮਾਤ ਤੇ ਪਛਾਣ ਦੇ ਤਿੱਖੇ ਹੋ ਰਹੇ ਸੰਘਰਸ਼ਾਂ ਤੇ ਇਨਕਲਾਬੀਆਂ ਦੇ ਮੋਹਰੀ ਰੋਲ ਤੋਂ ਘਬਰਾ ਕੇ ਸਰਕਾਰ ਨੇ ਇਹ ਕਾਲੇ ਕਾਨੂੰਨ ਲਿਆਂਦੇ ਹਨ।

ਵਿਧਾਨ ਸਭਾ ਵਿਚ ਇਨ੍ਹਾਂ ਬਿੱਲਾਂ ਨੂੰ ਪੇਸ਼ ਕਰਦਿਆਂ ਗ੍ਰਹਿ ਮੰਤਰੀ ਸੁਖਬੀਰ ਬਾਦਲ ਦੇ ਬਿਆਨ ਇਸਦਾ ਪ੍ਰਤੱਖ ਸਬੂਤ ਹਨ, "ਦਹਿਸ਼ਤਪਸੰਦ ਅਤੇ ਨਕਸਲੀ ਸਰਗਰਮੀਆਂ ਵਿਰੁਧ ਲੜਨ ਅਤੇ ਉਚ-ਖਤਰਾ ਬੰਦਿਆਂ ਨੂੰ ਨੇੜਿਓਂ ਸੁਰੱਖਿਆ ਮੁਹੱਈਆ ਕਰਨ ਲਈ 'ਸਪੈਸ਼ਲ ਸਕਿਉਰਿਟੀ ਗਰੁਪ ਐਕਟ 2010' ਬਣਾਉਣਾ ਜ਼ਰੂਰੀ ਹੈ।" ਦੂਸਰਾ ਬਿੱਲ ਸੰਤ ਰਾਮਾਨੰਦ ਦੇ ਕਤਲ ਮਗਰੋਂ ਉਠੇ ਦਲਿਤ ਉਭਾਰ ਅਤੇ ਇਸ ਦੌਰਾਨ ਜਾਇਦਾਦ ਦੇ ਨੁਕਸਾਨ ਦਾ ਸਿੱਧਾ ਜੁਆਬ ਹੈ। "ਨੇੜਲੇ ਭੂਤਕਾਲ ਦੌਰਾਨ ਪੰਜਾਬ ਵਿਚ ਕਈ ਹਿੰਸਕ ਮੁਜ਼ਾਹਰੇ ਅਤੇ ਐਜੀਟੇਸ਼ਨਾਂ ਹੋਈਆਂ ਹਨ ਅਤੇ ਸਰਕਾਰੀ ਤੇ ਪ੍ਰਾਈਵੇਟ ਜਾਇਦਾਦ ਨੂੰ ਨੁਕਸਾਨ ਪਹੁੰਚਾਇਆ ਗਿਆ ਹੈ...ਸਰਕਾਰੀ ਤੇ ਪ੍ਰਾਈਵੇਟ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਵਾਲਿਆਂ ਨੂੰ ਸਖਤ ਸਜ਼ਾਵਾਂ ਦੇਣਾ ਜ਼ਰੂਰੀ ਹੈ।"

ਇਸ ਤਰ੍ਹਾਂ ਦੀਆਂ ਖ਼ਤਰਨਾਕ ਧਾਰਾਵਾਂ ਨਾਲ ਭਰੇ ਇਹ ਬਿੱਲ ਹੱਕਾਂ ਲਈ ਜੂਝ ਰਹੇ ਪੰਜਾਬੀਆਂ ਲਈ ਵੰਗਾਰ ਹਨ।

## ਸੌ ਸੌ ਗੱਲਾਂ!

*–ਰਾਜ ਧਾਲੀਵਾਲ, ਟੈਫਟ, ਕੈਲੀਫੋਰਨੀਆ।*

ਜਿਹੜੀਆਂ ਦਿਲਾਂ 'ਤੇ ਆਰੀ ਵਾਂਗੂ ਵਹਿਣੀਆਂ,
ਕਿੱਡਾ ਕੁ ਲਿਖਾਰੀ ਗੱਲਾਂ ਸੌ ਸੌ ਕਹਿਣੀਆਂ।

ਲੱਗ ਜਾਵੇ ਸੁਤ ਗੱਲਾਂ ਆਉਣ ਵੱਡੀਆਂ।
ਹੋਟਲਾਂ 'ਚ ਬਹਿਣ, ਲਾਉਂਦੇ ਰਹਿਣ ਠੱਗੀਆਂ।
ਗੁੱਡੀਆਂ ਸਦਾ ਅਸਮਾਨੀਂ ਨਹੀਂ ਰਹਿਣੀਆਂ...।
ਕਿੱਡਾ ਕੁ ਲਿਖਾਰੀ ਗੱਲਾਂ ਸੌ ਸੌ ਕਹਿਣੀਆਂ।

ਮੇਲਿਆਂ 'ਤੇ ਜਾ ਕੇ ਟੌਰ੍ਹ ਜਹੀ ਬਣਾਉਣ ਕਈ।
ਦੂਜਿਆਂ ਦੇ ਮੋਢੇ ਉਤੇ ਰੱਖ ਕੇ ਚਲਾਉਣ ਕਈ।
ਖੜ੍ਹਦੇ ਨਾ ਕਈ, ਪਤਾ ਲੱਗੇ ਜਦ ਪੈਣੀਆਂ...।
ਕਿੱਡਾ ਕੁ ਲਿਖਾਰੀ ਗੱਲਾਂ ਸੌ ਸੌ ਕਹਿਣੀਆਂ।

ਗੁਰੂ ਦੇ ਨਾ ਹੁੰਦੇ ਨਾ ਉਹ ਹੁੰਦੇ ਕਿਸੇ ਪੀਰ ਦੇ।
ਯਾਰ ਦਾ ਹੀ ਸੀਨਾ ਜਿਹੜੇ ਯਾਰ ਬਣ ਚੀਰਦੇ।
ਉਹ ਘਣ ਨੇ ਚਲਾਉਂਦੇ, ਉਤੇ ਰੱਖ ਛੈਣੀਆਂ...।
ਕਿੱਡਾ ਕੁ ਲਿਖਾਰੀ ਗੱਲਾਂ ਸੌ ਸੌ ਕਹਿਣੀਆਂ।

ਪਵੇ ਆਪਣਾ ਗਵਾਉਣਾ ਦੂਜੇ ਦਾ ਬਣਾਉਣ ਲਈ।
ਰੱਖੀਏ ਤਿਆਰੀ ਮੁੱਲ ਉਹਦਾ ਵੀ ਪਾਉਣ ਲਈ।
ਫੁੱਲਾਂ ਨੂੰ ਉਗਾਉਣ ਕੰਡਿਆਂ 'ਚ ਟਾਹਣੀਆਂ...।
ਕਿੱਡਾ ਕੁ ਲਿਖਾਰੀ ਗੱਲਾਂ ਸੌ ਸੌ ਕਹਿਣੀਆਂ।

ਗੁੜ 'ਚ ਮਿਲਾ ਕੇ ਜਿਹੜੇ ਦਿੰਦੇ ਜ਼ਹਿਰ ਨੂੰ।
ਰਸਤੇ ਬਣਾਉਣ ਉਹ ਨਰਕਾਂ ਦੀ ਸੈਰ ਨੂੰ।
ਸੋਚਦੇ ਆ ਸੁਰਗਾਂ 'ਚ ਮੰਜੀਆਂ ਡਹਿਣੀਆਂ...।
ਕਿੱਡਾ ਕੁ ਲਿਖਾਰੀ ਗੱਲਾਂ ਸੌ ਸੌ ਕਹਿਣੀਆਂ।

ਚਾੜ੍ਹ ਕੇ ਚੁਬਾਰੇ ਕਈ ਲੈਂਦੇ ਪੌੜੀ ਚੱਕ ਨੇ।
ਰਾਜ ਧਾਲੀਵਾਲ ਲਿਖੇ ਬੋਲ ਪੂਰੇ ਸੱਚ ਨੇ।
ਹੋਇਆ ਚੀਮਨਾ ਦੋਫਾੜ, ਧਿਰਾਂ ਖਹਿਣੀਆਂ...।
ਜਿਹੜੀਆਂ ਦਿਲਾਂ 'ਤੇ ਆਰੀ ਵਾਂਗੂ ਵਹਿਣੀਆਂ,
ਕਿੱਡਾ ਕੁ ਲਿਖਾਰੀ ਗੱਲਾਂ ਸੌ ਸੌ ਕਹਿਣੀਆਂ।

#

## ਮਿਠਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ

### ਗੁਰਬਾਣੀ ਗਿਆਨ

ੴ ਸਤਿਗੁਰ ਪ੍ਰਸਾਦਿ॥
ਰਾਗੁ ਸੂਹੀ ਮਹਲਾ ੫ ਛੰਤ
ਮਿਠਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ॥
ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ॥
ਕਉੜਾ ਬੋਲਿ ਨ ਜਾਨੈ ਪੂਰਨ ਭਗਵਾਨੈ ਅਉਗਣੁ ਕੌਨ ਚਿਤਾਰੇ॥
ਪਤਿਤ ਪਾਵਨ ਹਰਿ ਬਿਰਦੁ ਸਦਾਏ ਇਕੁ ਤਿਲੁ ਨਹੀ ਭੰਨੈ ਘਾਲੇ॥
ਘਟ ਘਟ ਵਾਸੀ ਸਰਬ ਨਿਵਾਸੀ ਨੇਰੈ ਹੀ ਤੇ ਨੇਰਾ॥
ਨਾਨਕ ਦਾਸੁ ਸਦਾ ਸਰਣਾਗਤਿ ਹਰਿ ਅੰਮ੍ਰਿਤ ਸਜਣੁ ਮੇਰਾ॥

ਇਹ ਪਾਵਨ ਸ਼ਬਦ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਉਚਾਰਨ ਕੀਤਾ ਹੋਇਆ ਹੈ। ਸਤਿਗੁਰੂ ਇਸ ਸ਼ਬਦ ਅੰਦਰ ਆਪਣੇ ਉਸ ਸਾਜਨੜੇ ਪ੍ਰਭੂ ਦੀ ਸਿਫ਼ਤ ਕਰ ਰਹੇ ਹਨ। ਗੁਰਦੇਵ ਇਕ ਜੀਵ ਆਤਮਾ ਦੀ ਤਰਜ਼ਮਾਨੀ ਕਰਦਿਆਂ ਫਰਮਾਉਂਦੇ ਹਨ ਕਿ ਭਾਈ ਉਹ ਸੋਹਣਾ ਪ੍ਰੀਤਮ ਪ੍ਰਭੂ ਬਹੁਤ ਹੀ ਮਿੱਠੇ ਬੋਲ ਬੋਲਣ ਵਾਲਾ ਅਤਿ ਪਿਆਰਾ ਸਾਜਨੜਾ ਹੈ। ਮੈਂ ਤੇ ਥੱਕ ਗਈ ਹਾਂ ਚੇਤੇ ਕਰ-ਕਰ ਕੇ ਕਿ ਕਦੇ ਉਸ ਦਾ ਕੋਈ ਬੋਲਿਆ ਹੋਇਆ ਕੌੜਾ ਬੋਲ ਯਾਦ ਆ ਜਾਵੇ ਪਰ ਉਹ ਕੌੜਾ ਕਦੇ ਬੋਲਦਾ ਹੀ ਨਹੀਂ ਹੈ।

ਕਉੜਾ ਬੋਲਿ ਨ ਜਾਨੈ ਪੂਰਨ ਭਗਵਾਨੈ ਅਉਗਣੁ ਕੌਨ ਚਿਤਾਰੇ॥
ਪਤਿਤ ਪਾਵਨ ਹਰਿ ਬਿਰਦੁ ਸਦਾਏ ਇਕੁ ਤਿਲੁ ਨਹੀ ਭੰਨੈ ਘਾਲੇ॥

ਹੇ ਭਾਈ! ਉਹ ਗੁਣਾਂ ਨਾਲ ਭਰਪੂਰ ਪ੍ਰਭੂ ਕੌੜਾ ਅਤੇ ਗੁੱਸੇ ਨਾਲ ਬੋਲਣਾ ਤਾਂ ਜਾਣਦਾ ਹੀ ਨਹੀਂ ਹੈ ਅਤੇ ਨਾ ਹੀ ਉਹ ਸਾਡੇ ਕਿਸੇ ਔਗੁਣ ਨੂੰ ਯਾਦ ਰੱਖਦਾ ਹੈ। ਫਿਰ ਉਹ ਪ੍ਰਭੂ ਤਾਂ ਪਾਪੀਆਂ ਨੂੰ ਵੀ ਤਾਰਨ ਵਾਲਾ ਹੈ। ਉਸ ਸੋਹਣੇ ਪ੍ਰਭੂ ਦਾ ਸੁਭਾਓ ਹੀ ਐਸਾ ਹੈ ਕਿ ਉਹ ਕਿਸੇ ਵੀ ਜੀਵ ਦੀ ਕੀਤੀ ਹੋਈ ਸੇਵਾ ਨੂੰ ਜ਼ਰਾ ਵੀ ਅੱਖੋਂ ਓਹਲੇ ਨਹੀਂ ਕਰਦਾ ਅਤੇ ਸਭ ਨੂੰ ਗਲ ਨਾਲ ਲਾਉਂਦਾ ਹੈ।

ਘਟ ਘਟ ਵਾਸੀ ਸਰਬ ਨਿਵਾਸੀ ਨੇਰੈ ਹੀ ਤੇ ਨੇਰਾ॥
ਨਾਨਕ ਦਾਸੁ ਸਦਾ ਸਰਣਾਗਤਿ ਹਰਿ ਅੰਮ੍ਰਿਤ ਸਜਣੁ ਮੇਰਾ॥

ਹੇ ਭਾਈ! ਉਹ ਮੇਰਾ ਪਿਆਰਾ ਮਿੱਤਰ ਹਰ ਇਕ ਸਰੀਰ ਵਿਚ ਨਿਵਾਸ ਕਰਦਾ ਹੈ ਅਤੇ ਸਭ ਜੀਵਾਂ ਅੰਦਰ ਵੱਸਦਾ ਵੀ ਹੈ। ਉਹ ਮੇਰਾ ਸੋਹਣਾ ਪ੍ਰਭੂ ਹਰ ਇਕ ਜੀਵ ਦੇ ਅਤਿ ਨੇੜੇ ਤੋਂ ਨੇੜੇ ਹੀ ਰਹਿੰਦਾ ਹੈ ਅਤੇ ਭਾਈ ਇਹ ਨਾਨਕ ਵੀ ਸਦਾ ਹੀ ਉਸ ਪ੍ਰਭੂ ਦੀ ਸ਼ਰਨ ਵਿਚ ਪਿਆ ਰਹਿੰਦਾ ਹੈ ਕਿਉਂਕਿ ਉਹ ਮੇਰਾ ਮਾਲਿਕ ਪ੍ਰਭੂ ਜਿਥੇ ਮਿੱਠਾ ਬੋਲਣ ਵਾਲਾ ਹੈ, ਉਥੇ ਉਸ ਦਾ ਨਾਮ ਰੂਪੀ ਅੰਮ੍ਰਿਤ ਵੀ ਜੀਵਾਂ ਨੂੰ ਆਤਮਿਕ ਜੀਵਨ ਬਖ਼ਸ਼ਦਾ ਹੈ। ਸੋ, ਹੇ ਭਾਈ! ਆਓ ਉਸ ਮਿੱਠ-ਬੋਲੜੇ ਪ੍ਰਭੂ ਦੀ ਸ਼ਰਨ ਵਿਚ ਚੱਲੀਏ।

ਆਓ ਸਾਰੇ ਜੀਵ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨੀਂ ਲੱਗੀਏ।

*–ਬੀਬੀ ਸੁਰਜੀਤ ਕੌਰ, ਸੈਕਰਾਮੈਂਟੋ।*

# ਬਾਬੇ ਬਿਸ਼ਨੇ ਦਾ ਪ੍ਰਤਾਪੋ ਡਾਰਲਿੰਗ ਦੇ ਨਾਂ! ਇੱਕ ਪ੍ਰੇਮ-ਪੱਤਰ

ਗੁਰਮੇਲ ਬਦੇਸ਼ਾ*

ਕਾੜਨੀ ਦੇ ਦੁੱਧ ਵਰਗੀ ਪ੍ਰਤਾਪੀਏ! ਛਿੱਦੀ ਹੋਏ ਤੇਰੇ ਬਿਸ਼ਨੇ ਵਲੋਂ, ਤੈਨੂੰ ਤੋਕੜ ਮੱਝ ਦੇ ਡੋਕਿਆਂ ਵਰਗਾ ਪਿਆਰ!!

ਜੇ ਮੈਂ ਪ੍ਰਤਾਪੋ ਆਖਾਂ ਕਿ 'ਕੀ ਹੋਇਆ ਹੁਣ ਮਿਲਦੀ ਨਹੀਂ!' ਤੇ ਤੂੰ ਅੱਗੋਂ ਕਹਿ ਦੇਣੈ, "ਕਿਹੜੀ ਮਿਲਣ ਵਾਲੀ ਗੱਲ ਰਹੀ ਐ!" ਪਰ ਸੱਚੀਂ ਪਿੜਾਂ 'ਚ ਡਾਹੇ ਮੰਜੇ ਦੀ ਢਿੱਲੀ ਦੌਣ ਦੀ ਸੌਂਹ! ਕੰਨ ਤਰਸੇ ਪਏ ਨੇ ਤੇਰੇ ਬੋਲਾਂ ਨੂੰ! ਤੈਨੂੰ ਯਾਦ ਏ ਨਾ, ਜਦੋਂ ਤੂੰ ਕਹਿੰਦੀ ਹੁੰਦੀ ਸੀ, 'ਕੁੱਤੀ ਭੌਂਕਦੀ ਟਟੀਹਰੀ ਬੋਲੇ... ਹੌਲੀ ਹਾਕ ਮਾਰ ਮਿੱਤਰਾ!!' ਪਰ ਕਿੱਥੇ ਚੰਦਰੀਏ! ਲਗਦੈ, ਹੁਣ ਤਾਂ ਤੈਨੂੰ ਪਿਨਸ਼ਨ ਵਾਲੀਆਂ ਚਿਕਾਂ ਹੀ ਯਾਦ ਆਉਂਦੀਆਂ ਨੇ! ਬਿਸ਼ਨਾ ਤਾਂ ਤੂੰ ਜ਼ਿੰਦਗੀ 'ਚੋਂ ਰਟੈਰ ਈ ਕਰ'ਤਾ! ਬੇਸ਼ੱਕ, ਮੈਂ ਤੇਰੇ ਕਿਸੇ ਕੰਮ ਦਾ ਨਹੀਂ ਰਿਹਾ ਪਰ ਡੁੱਬ ਜਾਣੀਏ! ਮੈਂ ਤਾਂ ਤੈਨੂੰ ਇੱਕ ਦਿਨ ਵੀ ਜ਼ਿੰਦਗੀ 'ਚੋਂ ਲੇਅ ਔਫ ਨਈਂ ਕੀਤਾ।

ਤੇਰੀ ਯਾਦ ਮੇਰੀ ਖੰਘ ਦੇ ਨਾਲ ਖੰਘਦੀ ਮੈਨੂੰ ਟਿੱਚਰਾਂ ਕਰਦੀ ਰਹਿੰਦੀ ਆ, ਕਦੇ ਪਸਲੀਆਂ 'ਚੋਂ ਨਮੂਨੀਆ ਹਾਸਾ ਹੱਸਦੀ ਹਨੇਰੇ ਮਾਰਦੀ ਕਹਿੰਦੀ, 'ਇਸ ਦਮ ਦਾ ਕੀ ਵਸਾਹ! ਦਮ ਆਵੇ ਨਾ ਆਵੇ!!'

ਪਰ ਕਦੇ ਕਦੇ ਮੇਰਾ ਜੀਅ ਕਰਦੈ ਤੇਰੀ ਨਿਰਮੋਹੀ ਯਾਦ ਨੂੰ ਗੁੱਤੋਂ ਫੜ੍ਹ ਕੇ ਪੁੱਛਾਂ ਕਿ ਸੱਜਣਾਂ ਬਾਝੋਂ ਇਹ ਦਮ ਕਿਸ ਦੇ ਕੰਮ?' ਪ੍ਰਤਾਪੀਏ! ਤੂੰ ਕਹਿਣੈਂ ਬਿਸ਼ਨਾ ਆਵਦੇ ਈ ਢਿੱਡ ਦੀਆਂ ਫੋਲਣ ਲੱਗ ਪਿਆ। ਇਹ ਢਿੱਡ ਦੀਆਂ ਕੀ ਦੱਸਾਂ? ਢਿੱਡ 'ਤੇ ਧੋਤੀਆਂ ਜਿਹੀਆਂ ਐਂ ਬਣੀਆਂ ਪਈਆਂ ਜਿਵੇਂ ਦਰਿਆ ਚੜ੍ਹ ਕੇ ਉਤਰ ਗਿਆ ਹੋਵੇ।

ਹੋਰ ਤੂੰ ਸੁਣਾ! ਕੀ ਹਾਲ-ਚਾਲ ਐ? ਹਾਂ ਸੱਚ! ਓਦਣ ਤੈਨੂੰ ਹਸਪਤਾਲੋਂ ਨਿਕਲਦੀ ਨੂੰ ਦੇਖਿਆ ਸੀ, ਤੂੰ ਢਿੱਲੀ-ਮੱਠੀ ਹੋ ਗਈ ਸੀ? ਤੈਨੂੰ ਦੇਖ ਕੇ ਤਾਂ ਮੇਰੀ ਸੁਰਤ ਹੀ ਭਮੱਤਰ ਗਈ। ਫੇਰ ਚਾਣਚੱਕ ਝੱਟਕਾ ਜਿਹਾ ਲੱਗਾ, ਜਿਵੇਂ ਤੂੰ ਮੇਰੀਆਂ ਲੀਖਾਂ ਖਿੱਚਦੀ ਨੇ ਵਾਲ ਮੁੱਢੋਂ ਹੀ ਪੱਟ ਦਿੱਤਾ ਹੋਵੇ। ਪਰ ਤੇਰੇ ਮੋਹ ਕਰਕੇ ਫਿਰ ਵੀ ਧਾਰ ਚਲ੍ਹੇ 'ਚ ਡਿੰਗਦੀ ਰਹਿ ਗਈ, ਨਹੀਂ ਤਾਂ ਟਿੰਡਾਂ ਖਾਲੀ ਖੜਕਦੀਆਂ ਰਹਿ ਜਾਣੀਆਂ ਸਨ।

ਊਂ ਤੇਰੀ ਚਿੱਟੀ ਚੁੰਨੀ 'ਤੇ ਪਾਏ ਫੁੱਲ ਬੂਟੇ ਮੈਨੂੰ ਬਲਾਅ ਸੋਹਣੇ ਲੱਗਦੇ ਸੀ, ਕਿਤੇ ਬੇਰੀ ਤੋੜ ਕੇ ਚੁੰਨੀ ਦੇ ਪੱਲੇ 'ਚ ਤਾਂ ਨਹੀਂ ਪਾਉਂਦੀ ਰਹੀ? ਪਰ ਤੇਰੇ ਦਰਸ਼ਨ ਕਰ ਕੇ ਘਰੇ ਆ ਕੇ ਜੀਅ ਕਰੇ ਕਿ ਮੈਂ ਜ਼ਕੂਜ਼ੀ 'ਚ ਬੱਬਲ ਬਾਥ ਪਾ ਪਾ ਕੇ ਨਹਾਵਾਂ, ਹੀਰ ਦੀਆਂ ਕਲੀਆਂ ਗਾਵਾਂ, ਤੇਰ ਪਰਨਾ ਬੰਨ੍ਹ ਕੇ ਗਾਰਡਨ 'ਚ ਤਿੱਤਲੀਆਂ ਫੜਾਂ, ਵੇਲਾਂ ਥੱਲੇ ਮੰਜਾ ਡਾਹ ਕੇ ਢਿੱਡ 'ਤੇ ਰੇਡੂਆ ਰੱਖ ਕੇ ਆਲਮ ਲੁਹਾਰ ਸੁਣਾਂ। ਪਰ ਕੀ ਕਰਾਂ? ਡਾਕਦਾਰਾਂ ਨੇ ਮੇਰੇ ਵੀ ਵੀਹ ਤਾਂ ਨਾਲੀਆਂ ਟੂਟੀਆਂ ਸਰੀਰ 'ਤੇ ਲਾਈਆਂ ਪਈਆਂ ਨੇ। ਭਲਾ ਕੋਈ ਇਨ੍ਹਾਂ ਨੂੰ ਪੁੱਛਣ ਵਾਲਾ ਹੋਵੇ; ਬਈ ਐਸ ਉਮਰੇ ਤੁਸੀਂ ਕੀ ਬੁੜੇ 'ਚੋਂ ਜੂਸ ਕੱਢਣੈ! ਜੇ ਭਲਾ ਇਹ ਲਾਹ ਵੀ ਦੇਓਂਗੇ, ਤਾਂ ਮੈਂ ਕਿਹੜਾ ਪੀਟਰ ਇੰਜਣ ਵਾਂਗੂੰ ਖੁੱਲਣ ਲੱਗਾਂ।

ਹੁਣ ਤਾਂ ਸਾਰਾ ਟੱਬਰ ਵੀ ਪ੍ਰਤਾਪੀਏ! ਮੈਥੋਂ ਐਂ ਦੂਰ ਭੱਜ-ਭੱਜ ਕੇ ਜਾਂਦੈ ਜਿਵੇਂ ਇੰਜਣ ਸਟਾਰਟ ਕਰਨ ਲੱਗਿਆਂ ਵਿਚ ਹੈਂਡਲ ਰਹਿ ਗਿਆ ਹੋਵੇ! ਪਰ ਦੇਖ ਲੈ, ਉਹ ਵੀ ਦਿਨ ਸੀ, ਜਦੋਂ ਮੈਂ ਜਗਰਾਵਾਂ ਵਾਲੀ ਰੌਸ਼ਨੀ ਤੋਂ ਪੱਟ 'ਤੇ ਮੋਰਨੀ ਤੇ ਡੌਲੇ 'ਤੇ ਸ਼ੇਰ ਖੁਣਵਾ ਕੇ ਆਇਆ ਸੀ। ਹੁਣ ਤਾਂ ਮੋਰਨੀ ਦਾ ਆਹ! ਹਾਲ ਹੋਇਆ ਪਿਆ ਹੈ ਜਿਵੇਂ ਬੋਸਕੀ ਦਾ ਪਜਾਮਾ ਤੱਤੇ ਪਾਣੀ 'ਚ ਧੋਤਾ ਹੋਵੇ। ਮੋਰਨੀ ਪੱਟ 'ਤੇ ਠੂੰਗੇ ਮਾਰ ਕੇ ਕਹਿੰਦੀ ਆ, 'ਕਲੈਹਰੀਆ ਮੋਰਾ ਵੇ! ਹੁਣ ਮੈਂ ਨਾ ਤੇਰੇ ਰਹਿੰਦੀ।' ਤੇ ਅਗੋਂ ਮੈਂ ਵੀ ਕਹਿ ਦਿੰਨਾਂ, 'ਅੜੀਏ ਹੁਣ ਤਾਂ ਮੈਥੋਂ ਵੀ ਪੈਲਾਂ ਨਹੀਂ ਪਾਈਆਂ ਜਾਂਦੀਆਂ, ਚੱਲ 'ਕੱਠੇ ਈ ਚੱਲਦੇ ਆਂ!!'

'ਤੇ ਆਹ ਦੇਖ ਲੈ! ਡੌਲੇ ਦਾ ਸ਼ੇਰ ਵੀ ਸੁੰਗੜ ਕੇ ਭਿੱਜੀ ਬਿੱਲੀ ਬਣਿਆ ਪਿਐ। ਡਾਕਦਾਰਾਂ ਨੇ ਬਥੇਰੀ ਵੇਰ ਡੌਲੇ 'ਤੇ ਪਟਾ ਜਿਹਾ ਬੰਨ੍ਹ ਕੇ ਫੂਕ ਮਾਰ ਮਾਰ ਕੇ ਏਹਦੀ ਅਣਖ ਜਗਾਉਣ ਦੀ ਕੋਸ਼ਿਸ਼ ਕੀਤੀ ਆ, ਪਰ ਹਰ ਵਾਰੀ ਨਬਜ਼ਾਂ ਡੌਣ ਈ ਤੁਰੀਆਂ ਜਾਂਦੀਆਂ ਨੇ!

ਪ੍ਰਤਾਪੀਏ! ਤੂੰ ਕਹਿਣੈਂ ਬਿਸ਼ਨਾ ਆਵਦੇ ਈ ਦੁੱਖ ਰੋਈ ਜਾਂਦੈ! ਹੋਰ ਤੂੰ ਸੁਣਾ! ਪਰ ਅਜੇ ਵੀ ਇੱਕ ਗੱਲ ਮੇਰੇ ਬੂੱਟਾਂ 'ਤੇ ਰੜਕੀ ਜਾਂਦੀ ਐ ਕਿ ਜੇ ਤੂੰ ਮੇਰੀ ਘਰਵਾਲੀ ਨਹੀਂ ਸੀ ਬਣ ਸਕੀ ਤਾਂ ਚੰਦਰੀਏ! ਕੁੜਮਣੀ ਹੀ ਬਣ ਜਾਂਦੀ, ਕਿਤੇ 'ਕੱਲੇ ਬਹਿ ਕੇ ਫਿਲਮ-ਫੁਲਮ ਈ ਦੇਖ ਲਿਆ ਕਰਦੇ! ਹੁਣ ਜੇ ਕਦੇ ਟੈਲੀਵਿਜ਼ਨ ਲਾ ਕੇ ਬੈਠੇ ਨੂੰ ਮੇਰੀ ਕੁੜਮਣੀ ਦੇਖ ਲਵੇ ਤਾਂ ਪਤੈ ਕੀ ਕਹਿੰਦੀ ਆ, ਚੱਲ ਛੱਡ! ਓਹਦਾ ਕੀ ਕਹਿਣਾ? ਨਾਲੇ ਓਹਦੀ ਧੀ ਉਦੂੰ ਵੀ ਵੱਧ! ਪਰ ਪੈਸਾ ਤਾਂ ਸਾਡਾ ਈ ਖੋਟਾ ਏ। ਮੇਰੇ ਮੁੰਡੇ ਦਾ ਐਨਾ ਵੀ ਹੀਆ ਨਹੀਂ ਪੈਂਦਾ ਕਿ ਕਹਿ ਦੇਵੇ, 'ਬਾਪੂ ਦਾ ਖੂੰਡਾ ਕੱਢ ਦੂ ਤੇਰੀਆਂ ਰੜਕਾਂ!'

ਪਰ ਰੜਕਾਂ ਤਾਂ ਉਹ ਕੱਢੀ ਜਾਂਦੀ ਆ! ਸਾਰਾ ਟੱਬਰ ਕਲੈਹਣੀ ਨੇ ਵਾਹਣੀ ਪਾਇਆ ਪਿਐ! ਅਖੇ, ਬੁੜ੍ਹਾ ਖੰਘਦਾ ਬ੍ਹੌਤ ਰਹਿੰਦੈ! ਭਲਾ ਕੋਈ ਏਹਨੂੰ ਪੁੱਛਣ ਵਾਲਾ ਹੋਵੇ! ਐਸ ਉਮਰੇ ਹੁਣ ਖੰਗਣਾ ਈ ਆ! ਹੋਰ ਕਿਹੜਾ ਮੈਂ ਦੁੱਲੇ ਭੱਟੀ ਦੀਆਂ ਵਾਰਾਂ ਗਾਉਣੀਆਂ! ਪ੍ਰਤਾਪੋ! ਸ਼ੌਂਕਣ ਧੀ ਦੀ ਮਾਂ 'ਤੇ ਵੀ ਕਨੇਡਾ ਆ ਕੇ ਜਵਾਨੀ ਵਾਲਾ ਸ਼ੌਂਕ ਚੜ੍ਹ ਗਿਆ ਲਗਦੈ। ਹਰ ਤੀਜੇ ਦਿਨ ਆਹ! ਬਿਊਟੀ ਪਾਰਲਾਂ 'ਤੇ ਜਾ ਕੇ ਮੂੰਹ 'ਤੇ ਰੰਦਾ ਜਿਹਾ ਫਿਰਾ ਆਉਂਦੀ ਆ।

**ਵਿਅੰਗ**

**ਬਾਬੇ ਬਿਸ਼ਨੇ ਦੀ ਡਾਇਰੀ**

ਇੱਕ ਦਿਨ ਮੇਰੇ ਵੱਡੇ-ਵੱਡੇ ਭਰਵੱਟੇ ਜਿਹੇ ਦੇਖ ਕੇ ਕਹਿੰਦੀ, 'ਲਗਦੈ ਥੋਡੇ ਬੁੜ੍ਹੇ ਦੀ ਆਈ-ਬਰੋਅ ਕਰੌਣ ਆਲੀ ਆ!'

ਗੱਲ ਮੇਰੇ ਕੰਨੀਂ ਪੈ'ਗੀ! ਮੈਂ ਕਿਹਾ, 'ਕੁੜਮਣੀਏ ਕਰਵਾ ਤਾਂ ਲਵਾਂ! ਫੇਰ ਤੂੰ ਕਹਿਣੈ, 'ਬੁੜ੍ਹਾ ਅੱਖ ਮਟੱਕੇ ਲਾਉਂਦੈ!'

ਕੀ ਦੱਸਾਂ ਪ੍ਰਤਾਪੋ! ਇੱਕ ਦਿਨ ਮੇਰਾ ਸਿਰ ਦੁਖੇ। ਮੈਂ ਮੁੰਡੇ ਤੋਂ ਗੋਲੀ ਮੰਗੀ। ਉਹ ਪੁੱਛਦੈ, 'ਬਾਪੂ ਸਿਰ ਕਿਉਂ ਦੁਖਦੈ?' ਨੂੰਹ ਵਿਚੋਂ ਈ ਬੋਲ ਪਈ, ਕਹਿੰਦੀ, 'ਲਗਦੈ ਬਾਪੂ ਆਪਣਾ ਉਤਲੀਆਂ ਦੰਦੀਆਂ ਕੱਢਦੈ!'

ਮੈਂ ਕਿਹਾ, 'ਫਿਰ ਗੋਲੀ ਨੂੰ ਰਹਿਣ ਦਿਓ। ਮੈਨੂੰ ਟੈਂਪਰਾ ਈ ਦੇ ਦਿਓ!' ਨਾਲੇ ਹੁਣ ਤਾਂ ਮਾੜੇ ਢੱਗੇ ਵਾਂਗੂੰ ਸਾਰਾ ਸਰੀਰ ਕੰਬੀ ਜਾਂਦੈ। ਸਿਰ ਔੜ ਹਿੱਲੀ ਜਾਂਦੈ। ਧੀ ਵਾਂਗੂੰ ਮਾਂ ਨੇ ਤਾਂ ਆਪੇ ਮਸ਼ਕਰੀਆਂ ਕਰਨੀਆਂ। ਮੇਰਾ ਸਿਰ ਹਿੱਲਦਾ ਵੇਖ ਕੇ ਕਹਿੰਦੀ, 'ਮੇਰੇ ਕੁੜਮ ਦਾ ਟਾਈਰਾਡ ਖੁੱਲ ਗਿਆ ਲਗਦੈ!' ਸਿਆਣੀ ਬਿਆਣੀ ਨੂੰ ਕਿਵੇਂ ਸਮਝਾਵਾਂ ਕਿ ਏਹਦਾ ਇਹ ਮਤਲਬ ਤਾਂ ਨਹੀਂ ਕਿ ਮੇਰੀ ਨਾਂਹ-ਨਾਂਹ ਮੈਨੂੰ ਛੇੜੀਂ ਨਾ! ਦਿਲ ਤਾਂ ਅਜੇ ਵੀ ਡੁੱਬ ਜਾਣੀਏ! ਨਾਈਆਂ ਦੀ ਕੱਟੀ ਵਾਂਗੂੰ ਮੂਹਰਲੀਆਂ ਲੱਤਾਂ 'ਤੇ ਛਾਲਾਂ ਲਾਉਣ ਨੂੰ ਫਿਰਦੈ!'

ਅੱਗੋਂ ਮੇਰੇ ਪੁੱਤ ਦਾ ਸਾਲਾ ਕਹਿੰਦਾ, "ਨਹੀਂ-ਨਹੀਂ! ਮਾਸੜ ਜੀ ਤਾਂ ਵੈਬਰੇਟ 'ਤੇ ਲਾਇਆ ਹੋਇਐ!"

ਹੋਰ ਤਾਂ ਹੋਰ! ਮੇਰਾ ਕੁੜਮ ਵੀ ਚੱਕਵੀਂ ਗੱਲ ਕਰਦੈ। ਕਹਿੰਦਾ, 'ਅੱਜਕਲ ਬਾਪੂ ਥੋਡਾ ਬਲੋਅ ਬੜੀ ਮਾਰਨ ਲੱਗ ਪਿਐ। ਲਗਦੈ, ਐਤਕੀਂ ਇਹ ਵੀ ਏਅਰ-ਕੇਅਰ 'ਚੋਂ ਪਾਸ ਨਹੀਂ ਹੁੰਦਾ। ਜੰਕ ਯਾਰਡ ਵਾਲਿਆਂ ਨੂੰ ਹੀ ਟੋਅ ਕਰਵਾਉਣਾ ਪੈਣੈ!'

ਇਨ੍ਹਾਂ ਨੇ ਤਾਂ ਮੇਰੀ ਸਿੰਘਣੀ ਨੂੰ ਵੀ ਟਿੱਚਰਾਂ ਕਰਨ ਸਿਖਾ ਦਿੱਤੈ। ਇੱਕ ਦਿਨ ਮੈਂ ਉਹਨੂੰ ਕਿਹਾ, 'ਮੇਰਾ ਨੁਹਾਉਣ ਨੂੰ ਜੀਅ ਕਰਦੈ, ਤੱਤੇ ਪਾਣੀ ਦੀ ਬਾਲਟੀ ਭਰ ਕੇ ਰੱਖ।'

ਅੱਗੋਂ ਕਹਿੰਦੀ, 'ਨੁਹਾਉਣ ਨੂੰ ਰਹਿਣ ਦੇ, ਮੈਂ ਤੇਰੀ ਵੈਕਊਮ ਈ ਕਰ ਦਿੰਨੀ ਆਂ।'

ਫੇਰ ਮੈਂ ਕਿਹਾ, "ਵੈਕਊਮ ਨੂੰ ਵੀ ਰਹਿਣ ਦੇ! ਆਹ! ਵਾਸ਼ਰ ਮਸ਼ੀਨ 'ਚ ਪਾ ਕੇ ਮੇਰੇ ਚਾਰ ਗੇੜੇ ਹੀ ਦੇ ਦੇਹ!" ਕੀ ਦੱਸਾਂ? ....ਪ੍ਰਤਾਪੋ! ਇਨ੍ਹਾਂ ਨੇ ਤਾਂ ਬੁੜ੍ਹਾ ਬਿਨਾ ਧੋਤੇ ਹੀ ਨਚੋੜਿਆ ਪਿਐ। ਮੈਂ ਤਾਂ ਹੁਣ ਹਾਰ ਕੇ ਆਵਦਾ ਮੰਜਾ ਗੈਰਾਜ 'ਚ ਹੀ ਡਾਹ ਲਿਐ। ਜੇ ਕੋਈ ਪੁੱਛਦੈ, 'ਬਈ ਥੋਡਾ ਬੁੜ੍ਹਾ ਕਿੱਥੇ ਆ? ਤਾਂ ਅੱਗੋਂ ਕਹਿ ਦਿੰਦੇ ਆ, 'ਗੈਰਾਜ 'ਚ ਪਾਰਕ ਕੀਤੈ।'

ਇੱਕ ਦਿਨ ਧੁੱਪ ਨਿਕਲੀ! ਮੈਂ ਕੁਰਸੀ ਡਾਹ ਕੇ ਡਰਾਈਵੇ 'ਚ ਬਹਿ ਗਿਆ! ਗੁਆਂਢਣ ਨਿਹਾਲੋ ਪੁੱਛਦੀ, 'ਭਾਈ ਜੀ! ਅੱਜ ਕਿਵੇਂ ਬਾਹਰ ਬੈਠੇ ਓ?'

ਮੈਂ ਕਿਹਾ, 'ਕੀ ਦੱਸਾਂ? ਮਾੜੀ ਔਲਾਦ ਨੇ ਬੁੜੇ ਦੀ 'ਗੈਰਾਜ ਸੇਲ' ਲਾਈ ਆ। ਜੇ ਤੈਨੂੰ ਕੋਈ ਸਾਮਾਨ ਚਾਹੀਦੈ ਤਾਂ ਲੈ ਜਾ ਛਾਂਟ ਕੇ!' ਅੱਗੋਂ ਉਹ ਕਿਹੜਾ ਘੱਟ ਸੀ। ਕਹਿੰਦੀ, "ਬਿਸ਼ਨਿਆ ਲੈ ਤਾਂ ਜਾਵਾਂ, ਪਰ ਡੀ ਟੀ ਚੌਂਦਾਂ ਦੇ ਪੁਰਜੇ ਮਰੂਤੀ 'ਚ ਕਾਹਨੂੰ ਫਿੱਟ ਹੁੰਦੇ ਆ?"

ਪ੍ਰਤਾਪੀਏ! ਇੱਕ ਦਿਨ ਮੈਂ ਸਾਰਿਆਂ ਨੂੰ ਬਿਠਾ ਕੇ ਕਿਹਾ, 'ਬੱਦਲਾਂ ਦੀ ਛਾਂ ਮਾਪੇ-ਜੱਗ 'ਤੇ ਬੈਠ ਸਦਾ ਨਹੀਂ ਰਹਿੰਦੇ!'

ਨੂੰਹ ਬੋਲੀ, 'ਬਹੁਤੀ ਬੱਦਲਵਾਈ ਦੀ ਲੋੜ ਨਹੀਂ ਸਾਨੂੰ! ਕਦੇ ਸੂਰਜ ਵੀ ਵੇਖ ਲੈਣ ਦਿਓ!'

ਚੱਲ ਛੱਡ! ਪਰ ਕਦੇ ਕਦੇ ਮੇਰਾ ਜੀਅ ਕਰਦੈ, ਮੈਂ ਤੇਰੀ ਵ੍ਹੀਲ ਚੇਰ੍ਹ ਈ ਬਣ ਜਾਵਾਂ। ਭਾਵੇਂ ਸਾਰਾ ਦਿਨ ਉਤੇ ਬੈਠ ਕੇ ਝੂਟੇ ਲੈਂਦੀ ਰਿਹਾ ਕਰੀਂ, ਸੱਚੀਂ ਨਾਂਹ ਨਹੀਂ ਕਰੂੰਗਾ। ਤੇਰੇ ਲਈ ਤਾਂ ਜਾਨ ਵੀ ਹਾਜਰ ਐ। ਭਾਵੇਂ ਹੱਥੀਂ ਫੂਕ ਦੇਵੀਂ। ਪਰ ਪ੍ਰਤਾਪੋ! ਮੇਰਾ ਬੜਾ ਜੀਅ ਕਰਦੈ ਕਿ ਕਿਤੇ 'ਕੱਲੇ ਬਹਿ ਕੇ ਆਪਾਂ ਗੋਲੀ ਆਲੇ ਬੱਤੇ ਪੀਈਏ। ਗੋਰਿਆਂ ਦੇ ਮੁਲਕ 'ਚ ਰਹਿੰਦੇ ਆਂ, ਐਤਕੀਂ ਚਿੱਤ ਕਰਦੈ ਤੈਨੂੰ ਕ੍ਰਿਸਮਿਸ 'ਤੇ ਵਿਟਾਮਨ ਦੀਆਂ ਚਾਰ ਸ਼ੀਸ਼ੀਆਂ ਲੈ ਕੇ ਦੇਵਾਂ। ਇਸ ਦੇ ਬਦਲੇ ਤੂੰ ਕੈਮ ਹੋ ਕੇ ਮੈਨੂੰ ਬੇਸ਼ੱਕ ਇੰਡੀਆ ਦੀ ਟਿਕਟ ਲੈ ਕੇ ਦੇ ਦੇਵੀਂ, ਸੱਚੀਂ ਨਾਂਹ ਨਹੀਂ ਕਰੂੰਗਾ। ਤੇ ਪਿੰਡ ਜਾ ਕੇ 'ਕੋਟ ਵਾਲਾ' ਸਾਰਾ ਮੁਰੱਬਾ ਤੇਰੇ ਨਾਂ ਕਰਕੇ ਤੇਰੇ ਕੀਤੇ ਅਹਿਸਾਨਾਂ ਦਾ ਪਾਈ-ਪਾਈ ਹਿਸਾਬ ਚੁਕਾ ਕੇ ਜਨਮ ਭੂਮੀ ਨੂੰ ਤਨ ਦੀ ਮਿੱਟੀ ਸੌਂਪ ਕੇ ਦੁਨੀਆਂ ਤੋਂ ਰੁਖ਼ਸਤ ਹੋ ਜਾਊਂਗਾ।

ਪਰ ਮਰਨ ਤੋਂ ਪਹਿਲਾਂ ਤੈਥੋਂ ਇੱਕ ਵਾਅਦਾ ਲਊਂਗਾ ਕਿ ਤੂੰ ਓਸ ਜ਼ਮੀਨ 'ਤੇ ਇੱਕ ਬਿਰਧ ਆਸ਼ਰਮ ਬਣਾ ਕੇ ਮੇਰੇ ਕੋਲ ਆਵੇਂਗੀ! ਪਰ ਆਸ਼ਰਮ ਦੀ ਸਾਂਭ ਸੰਭਾਲ ਵਾਲਿਆਂ ਤੋਂ ਇੱਕ ਲਿਖਤ ਕਰਾਵੇਂਗੀ ਕਿ ਜੇ ਬਿਸ਼ਨੇ ਦੇ ਧੀਆਂ-ਪੁੱਤ ਬੁੜੇ ਹੋ ਕੇ ਇਸ ਆਸ਼ਰਮ 'ਤੇ ਆਉਣਾ ਚਾਹੁਣ ਤਾਂ ਉਨ੍ਹਾਂ ਨੂੰ ਇਸ ਆਸ਼ਰਮ ਦੇ ਅੰਦਰ ਤਾਂ ਕੀ? ਇਹਦੀਆਂ ਕੰਧਾਂ ਦੇ ਪ੍ਰਛਾਵਿਆਂ ਥੱਲੇ ਵੀ ਨਾ ਬਹਿਣ ਦੇਣਾ। ਤੇ ਫੇਰ ਮੇਰੀ ਆਤਮਾ ਏਨ੍ਹਾਂ ਨੂੰ ਪੁੱਛੂਗੀ, 'ਓਏ ਵੱਡਿਓ! ਸੂਰਜਾਂ ਦੇ ਸੇਕਾਂ ਨੂੰ ਮਾਨਣ ਵਾਲਿਓ! ਹੁਣ ਕਿਉਂ ਨਹੀਂ ਸੂਰਜਾਂ ਦਾ ਸੇਕ ਝੱਲ ਸਕਦੇ? ਹੁਣ ਕਿਉਂ ਪ੍ਰਛਾਂਵੇਂ ਲੱਭਦੇ ਫਿਰਦੇ ਓ? ਹੁਣ ਪਤਾ ਲੱਗਾ ਕਿ ਬੱਦਲਾਂ ਦੀ ਛਾਂ ਅਤੇ ਮਾਪਿਆਂ ਦਾ ਛਾਇਆ ਕੀ ਹੁੰਦੈ?' ਚੱਲ ਚੰਗਾ, ਬਾਕੀ ਫੇਰ ਸਹੀ। ਹਾਲ ਦੀ ਘੜੀ-ਸਾਸਰੀ ਕਾਲ!

ਇਸ ਜਨਮ ਤੇਰਾ ਹੋ ਕੇ ਵੀ ਨਾ ਹੋ ਸਕਣ ਵਾਲਾ ਪਰ ਅਗਲੇ ਜਨਮ ਤੇਰਾ ਹੋਣ ਦੇ ਵਾਅਦੇ ਨਾਲ ਬੋਹੜ ਦੀ ਛਾਂ ਵਰਗਾ ਤੇਰਾ ਬਿਸ਼ਨਾ ਬੇਲੀ!

ਨੇੜੇ ਸੀਨੀਅਰ ਸੈਂਟਰ ਤੇ ਫਿਊਨਰਲ ਹੋਮ ਸਰੀ, ਬੀ. ਸੀ. ਕੈਨੇਡਾ!

*ਫੋਨ:604-537-9490

# ਕਾਗੋਂ ਹੰਸ ਕਰੇ ਮੇਰਾ ਸਾਹਿਬ

**ਦੁਖਦੀ ਰਗ**

ਪ੍ਰਦੀਪ ਕੌਰ ਗਿੱਲ*

ਪੰਜਾਬ ਦੀ ਧਰਤੀ ਗੁਰੂਆਂ-ਪੀਰਾਂ ਦੀ ਧਰਤੀ ਅਖਵਾਉਂਦੀ ਹੈ ਜਿਸ ਦੀ ਆਬਰੂ ਦੁਸ਼ਮਣਾਂ ਨੇ ਘੱਟ ਤੇ ਉਹਦੇ ਆਪਣੇ ਜਾਇਆਂ ਨੇ ਜ਼ਿਆਦਾ ਰੋਲੀ ਹੈ। ਵਕਤ ਚਾਹੇ ਬਦਲ ਗਿਆ ਪਰ ਪੰਜਾਬ ਦਾ ਸੰਤਾਪ ਤੇ ਸਰਾਪ ਅਮਰਵੇਲ ਵਾਂਗ ਵਧਦਾ ਗਿਆ ਜਿਸ ਨੇ ਜੀਵਨ ਦੇ ਹਰ ਪੱਖ 'ਤੇ ਮਾਰੂ ਪ੍ਰਭਾਵ ਪਾਇਆ। ਗੱਲ ਹਿੰਦੋਸਤਾਨ ਦੀ ਵੰਡ ਵੇਲੇ ਦੀ ਹੋਵੇ, ਪੰਜਾਬ ਦੀ ਹੱਦਬੰਦੀ ਦੀ ਹੋਵੇ, ਕਿਸੇ ਅਤਿਵਾਦ ਦੇ ਦੌਰ ਦੀ ਜਾਂ ਆਮ ਸਮੇਂ ਦੀ, ਇਹ ਜ਼ਹਿਰ ਸਮੇਂ ਸਮੇਂ ਨਾਲ ਆਪਣੇ ਰੰਗ ਤੇ ਤਾਸੀਰ ਦਿਖਾਉਂਦਾ ਹੀ ਰਿਹਾ।

ਇਸ ਸੰਤਾਪ ਦੀਆਂ ਜ਼ਿੰਮੇਵਾਰ ਇਕੱਲੀਆਂ ਵਜ਼ਾਰਤਾਂ ਹੀ ਨਹੀਂ ਬਲਕਿ ਅਸੀਂ ਸਾਰੇ ਹੀ ਹਾਂ, ਆਪਣੇ ਅਗਿਆਨ ਕਰਕੇ, ਮਜਬੂਰੀਆਂ ਕਰਕੇ, ਅਣਜਾਣੇ ਬਣ ਕੇ ਜਾਂ ਲਾਚਾਰ ਬਣ ਕੇ। "ਅਸੀਂ ਕਿਸੇ ਤੋਂ ਕੀ ਲੈਣਾ, ਸਾਡਾ ਕੰਮ ਹੋਣਾ ਚਾਹੀਦਾ ਹੈ" ਅਜਿਹੀ ਸੋਚ ਨੇ ਲੋਕਾਂ ਵਿਚ ਆਪਸੀ ਪਿਆਰ, ਸਦਭਾਵਨਾ ਤੇ ਜਾਗ੍ਰਿਤੀ ਨੂੰ ਕਾਫੀ ਸੱਟ ਮਾਰੀ ਹੈ। ਖੁਦਗਰਜ਼ ਲੋਕ ਬਹੁਤ ਨੇੜੇ ਤੱਕ ਹੀ ਦੇਖਣ ਦੀ ਦ੍ਰਿਸ਼ਟੀ ਵਿਚ ਬੱਝ ਗਏ ਨੇ। ਉਹ ਅੱਜ ਬਾਰੇ, ਹੁਣ ਬਾਰੇ ਗੱਲ ਕਰਦੇ ਨੇ ਪਰ ਆਉਣ ਵਾਲੇ ਸਮੇਂ ਦੀ ਕੋਈ ਨਹੀਂ ਸੋਚਦਾ। ਨਾ ਈ ਕੋਈ ਉਸਾਰੂ ਸੋਚ ਰੱਖਦਾ ਹੈ। ਜੇ ਆਮ ਨਾਗਰਿਕ ਆਪਣੀਆਂ ਅੱਖਾਂ ਤੋਂ ਹਨੇਰੇ ਦੀ, ਅਗਿਆਨ ਦੀ ਪੱਟੀ ਨਹੀਂ ਖੋਲ੍ਹਣਗੇ ਤਾਂ ਰਜਵਾੜਿਆਂ ਦੀ ਬਿੱਲੀ ਮਾਰ ਝਪਟ ਨੇ ਕਬੂਤਰ ਦੀਆਂ ਬੰਦ ਅੱਖਾਂ ਨੂੰ ਬਖ਼ਸ਼ ਨਹੀ ਦੇਣਾ ਸਗੋਂ ਝਪਟ ਲੈਣਾ ਹੈ। ਇਕ ਆਮ ਸਿਪਾਹੀ ਤੋਂ ਲੈ ਕੇ ਵਜ਼ੀਰ ਤਕ ਸਾਰੇ ਹੀ ਨਾਟਕੀ ਪਾਤਰ ਬਣ ਕੇ ਰੋਲ ਕਰਦੇ ਨੇ ਤੇ ਚਲੇ ਜਾਂਦੇ ਨੇ, ਤੇ ਵਿਚਾਰੇ ਲੋਕ ਕੰਨ ਹੁੰਦਿਆਂ ਬੋਲੇ, ਅੱਖਾਂ ਹੁੰਦਿਆਂ ਅੰਨ੍ਹੇ ਤੇ ਜ਼ੁਬਾਨ ਹੁੰਦਿਆਂ ਗੂੰਗੇ ਬਣੀ ਧਰਨੇ, ਰੈਲੀਆਂ ਤੇ ਹੜਤਾਲਾਂ ਕਰਨ ਜੋਗੇ ਰਹਿ ਜਾਂਦੇ ਹਨ।

ਨੁਕਸਾਨ ਭਾਵੇਂ ਉਹ ਫਿਰ ਵੀ ਆਪਣਾ ਹੀ ਕਰ ਰਹੇ ਹੁੰਦੇ ਹਨ। ਕਹਾਵਤ ਹੈ-ਤੰਦ ਤਾਂ ਕੀ, ਇਥੇ ਤਾਂ ਤਾਣੀ ਹੀ ਉਲਝੀ ਪਈ ਹੈ। ਅਜਿਹੇ ਸਮਿਆਂ ਬਾਰੇ ਪਹਿਲਾਂ ਇਤਿਹਾਸਕ ਪੰਨਿਆਂ ਤੋਂ ਪੜ੍ਹਦੇ ਸਨ, ਅੱਜ ਆਪ ਪਾਤਰ ਹਾਂ।

ਬੀਤੇ ਸਮੇਂ ਦੀਆਂ ਘਟਨਾਵਾਂ ਤੋਂ ਕੁਝ ਵੀ ਸਬਕ ਨਾ ਸਿੱਖ ਕੇ ਅੱਜ ਫਿਰ ਅਸੀਂ ਉਨ੍ਹਾਂ ਵਰਗੀਆਂ ਹੀ ਘਟਨਾਵਾਂ ਦੁਹਰਾ ਕੇ, ਆਉਣ ਵਾਲੇ ਭਵਿੱਖ ਲਈ ਕੰਡੇ ਬੀਜ ਰਹੇ ਹਾਂ। ਪਿਛਲੇ ਸਮੇਂ ਵੱਲ ਵੇਖੀਏ ਤਾਂ '84 ਦੇ ਦੁਖਾਂਤ ਜਾਂ ਪੰਜਾਬ ਦੇ ਅਤਿਵਾਦ, ਭਰਾ ਮਾਰੂ ਜੰਗ ਲਈ ਜ਼ਿੰਮੇਵਾਰ ਕੌਣ ਸੀ-ਕਾਂਗਰਸ, ਅਕਾਲੀ ਦਲ, ਪਾਕਿਸਤਾਨ ਜਾਂ ਅਸੀਂ ਸਾਰੇ? 1978 ਵਿਚ ਪੰਜਾਬ ਵਿਚ ਕਿਸ ਦਾ ਰਾਜ ਸੀ ਜਦੋਂ ਨਿਰੰਕਾਰੀ ਕਾਂਡ ਹੋਇਆ? ਕਾਂਗਰਸ ਦਾ '84 ਦੌਰਾਨ ਕੀਤਾ ਅਤਿਆਚਾਰ ਵੀ ਆਪਣੇ ਆਪ ਵਿਚ ਕੋਝੀ ਤੇ ਸ਼ਰਮਨਾਕ ਘਟਨਾ ਸੀ ਪਰ ਇੰਨਾ ਜ਼ੁਲਮ ਤੇ ਸਿਤਮ ਸਹਿ ਕੇ ਅੱਜ ਫਿਰ ਵੱਖ ਵੱਖ ਜਥੇਬੰਦੀਆਂ ਦੇ ਖਾੜਕੂ ਨਿੱਤ ਨਵੇਂ ਦਿਨ ਫੜੇ ਜਾਣੇ, ਪ੍ਰਸ਼ਨ ਚਿੰਨ੍ਹ ਲਾਉਂਦੇ ਹਨ ਅਕਾਲੀ ਹਕੂਮਤ 'ਤੇ। ਹੱਦਾਂ ਰਾਹੀਂ ਆਉਣ ਵਾਲਾ ਅਸਲਾ, ਕਰੰਸੀ ਸਿਰਫ ਅਕਾਲੀ ਰਾਜ ਸਮੇਂ ਹੀ ਕਿਉਂ? ਜਦੋਂ ਕਿ ਹੱਦਬੰਦੀ ਇੰਨੀ ਜ਼ਬਰਦਸਤ ਹੋ ਚੁੱਕੀ ਹੈ। ਬੀ.ਐਸ.ਐਫ. ਹਰ ਸਮੇਂ ਤਾਇਨਾਤ ਹੈ। ਕਿੱਥੇ ਕਮੀ ਰਹਿੰਦੀ ਹੈ? ਲੋਕ ਵਿਚਾਰਨ!

ਅਕਾਲੀ ਵਜ਼ਾਰਤ ਵਿਚ ਸ਼ਾਮਲ ਕੈਪਟਨ ਕੰਵਲਜੀਤ ਸਿੰਘ ਦਾ ਦੇਹਾਂਤ ਰਹੱਸ ਬਣਿਆ ਹੋਇਆ ਸੀ ਲੋਕਾਂ ਵਾਸਤੇ। ਤੇ ਮਨਪ੍ਰੀਤ ਸਿੰਘ ਬਾਦਲ ਨੂੰ ਵਜ਼ਾਰਤ ਤੇ ਪਾਰਟੀ ਵਿਚੋਂ ਕੱਢ ਦੇਣਾ, ਇਹ ਬਾਦਲ ਪਿਓ-ਪੁੱਤ ਦੀ ਤਾਨਾਸ਼ਾਹੀ ਤੋਂ ਘੱਟ ਨਹੀਂ। ਕਹਿੰਦੇ ਹਨ ਕਿ ਹਰ ਵਾਕਿਆ ਪਿੱਛੇ ਰੱਬ ਦੀ ਕੋਈ ਵਿਉਂਤ ਲੁਕੀ ਹੁੰਦੀ ਹੈ। ਸੋ ਅਜਿਹੀ ਗੰਧਲੀ ਰਾਜਨੀਤੀ ਵਿਚੋਂ ਮਨਪ੍ਰੀਤ ਸਿੰਘ ਬਾਦਲ ਹੰਸ ਬਣ ਕੇ ਬਾਹਰ ਨਿਕਲੇ ਹਨ। ਲੋਕਾਂ ਨੂੰ ਆਪਣੀ ਵਿਚਾਰਧਾਰਾ ਬਦਲ ਕੇ, ਨਿੱਜੀ ਹਿੱਤ ਪਾਸੇ ਕਰਕੇ ਰਾਜ ਹਿੱਤ ਦੀ ਗੱਲ ਨਾਲ ਤੁਰਨਾ ਚਾਹੀਦਾ ਹੈ। ਪਾਰਟੀ ਕੋਈ ਵੀ ਹੋਵੇ-ਕਾਂਗਰਸ, ਅਕਾਲੀ ਦਲ ਜਾਂ ਭਾਜਪਾ, ਉਹ ਲੋਕਾਂ ਦੇ ਹਿੱਤਾਂ ਤੇ ਜਾਨ-ਮਾਲ ਦੀਆਂ ਰੱਖਿਅਕ ਹਨ ਨਾ ਕਿ ਲੋਟੂ ਜਾਂ ਡਾਕੂ ਟੋਲਾ। ਇਤਿਹਾਸਕ ਪੜਚੋਲ ਵੱਲ ਜਾਈਏ ਤਾਂ ਪਤਾ ਲਗਦਾ ਹੈ ਕਿ ਪੰਥ 'ਤੇ ਔਖ ਆਉਣ ਵੇਲੇ ਜੱਸਾ ਸਿੰਘ ਰਾਮਗੜ੍ਹੀਆ ਨੇ ਆਪਣੇ ਦਲ ਜਾਂ ਉਸ ਵੇਲੇ ਦੀ ਹਕੂਮਤ ਨੂੰ ਪਾਸੇ ਕਰਕੇ ਜੱਸਾ ਸਿੰਘ ਆਹਲੂਵਾਲੀਏ ਦਾ ਸਾਥ ਦਿੱਤਾ ਸੀ ਤੇ ਪੰਥ ਦੀ ਚੜ੍ਹਦੀ ਕਲਾ ਹੋਈ ਸੀ ਜਿਨ੍ਹਾਂ ਦਾ ਨਾਂ ਇਤਿਹਾਸ ਵਿਚ ਸੁਨਹਿਰੀ ਅੱਖਰਾਂ ਨਾਲ ਲਿਖਿਆ ਗਿਆ।



ਅੱਜ ਵੀ ਬਹੁਤ ਸੂਝਵਾਨ ਤੇ ਪੜ੍ਹੇ-ਲਿਖੇ ਇਨਸਾਨ ਪੰਜਾਬ ਦੀ ਗੋਦ ਵਿਚ ਬੈਠੇ ਹਨ, ਜਿਨ੍ਹਾਂ ਦਾ ਪੰਜਾਬ ਪ੍ਰਤੀ ਪਿਆਰ, ਸੋਚ ਤੇ ਭਾਵਨਾ ਬਹੁਤ ਹੈ। ਅੱਜ ਸਮਾਂ ਮੰਗ ਕਰਦਾ ਹੈ ਕਿ ਅਸੀਂ ਸੁਚੇਤ ਹੋਈਏ, ਆਮ ਨਾਗਰਿਕ ਦੇ ਤੌਰ 'ਤੇ ਆਪਣਾ ਮੂਲ ਪਛਾਣੀਏ। ਡੋਗਰ ਚਾਲਾਂ ਤੋਂ ਬਚੀਏ। ਪਾਰਟੀ ਲੋਕਾਂ ਲਈ ਹੈ ਨਾ ਕਿ ਲੋਕ ਪਾਰਟੀ ਲਈ। ਅੱਜ ਆਪਣੀ ਹਉਮੈ, ਨੀਵੀਂ ਸੋਚ ਤੇ ਤੰਗ ਦਿਲੀ ਨੂੰ ਛੱਡ ਕੇ ਸਾਂਝੇ ਪਲੇਟਫਾਰਮ ਉਤੇ ਇਕੱਠੇ ਹੋਵੋ।... ਯੂਨਾਈਟਡ ਵੀ ਸਟੈਂਡ, ਡਿਵਾਈਡਡ ਵੀ ਫਾਲ।

ਪਾਰਟੀ ਦੇ ਅਸੂਲ ਮਨੁੱਖਤਾ ਦੇ ਅਸੂਲਾਂ ਤੋਂ ਉਪਰ ਉਠ ਕੇ ਨਹੀਂ। ਅਸੀਂ "ਸਰਬੱਤ ਦੇ ਭਲਾ" ਮੰਗਣ ਵਾਲੇ ਦੇ ਵਾਰਸ ਹਾਂ। ਜ਼ਰਾ ਸੋਚੀਏ ਕਿ ਭਾਈ ਘਨਈਆ ਵੀ ਕਿਸੇ ਪਾਰਟੀ ਦੇ ਮੁਥਾਜ ਸਨ? ਪਰ ਮਨੁੱਖਤਾ ਦਾ ਭਲਾ ਕਰਕੇ ਉਹ ਅੱਜ ਤਕ ਇਤਿਹਾਸ ਵਿਚ ਜਾਣੇ ਜਾਂਦੇ ਨੇ। ਜਿਨ੍ਹਾਂ ਕੌਮਾਂ ਦਾ ਇਤਿਹਾਸ ਏਨਾ ਅਮੀਰ ਹੋਵੇ ਤੇ ਉਸ ਇਤਿਹਾਸ ਦੇ ਪਾਤਰ ਸਾਰਥਕ ਹੋਏ ਹੋਣ, ਹੁਣ ਉਸ ਦੇ ਕਾਰਿੰਦੇ ਏਨੀ ਛੋਟੀ ਸੋਚ ਤੇ ਪਾਰਟੀ ਹੱਦਾਂ ਅੰਦਰ ਕਿਉਂ ਸੀਮਤ ਹੋ ਗਏ ਹਨ? ਜੇ ਅੱਜ ਸੱਚੀ ਤੇ ਸੁੱਚੀ ਸੋਚ ਨੂੰ ਲੈ ਕੇ ਮਨਪ੍ਰੀਤ ਸਿੰਘ ਬਾਦਲ ਨਿੱਤਰੇ ਹਨ ਤੇ ਗੁਰੂ ਸਾਹਿਬ ਬਖਸ਼ਿਸ਼ ਕਰਨ, ਲੋਕਾਂ ਨੂੰ ਵੀ ਸੁਮੱਤ ਦੇਣ ਤੇ ਸਾਡੀ ਲੀਡਰਸ਼ਿਪ ਨੂੰ ਵੀ ਕਿ ਪੰਜਾਬ ਦਾ ਕੁਝ ਉਸਾਰੂ ਸੋਚ ਸਕਣ। ਇਹ ਛੋਟੇ ਛੋਟੇ ਪ੍ਰੋਗਰਾਮ ਚਲਾ ਕੇ ਕੋਈ ਖਾਸ ਲਾਭ ਕਦੀ ਨਹੀਂ ਹੋਇਆ। ਇਨ੍ਹਾਂ ਸਬਸਿਡੀਆਂ ਨਾਲ ਪੰਜਾਬ ਹੋਰ ਕਰਜ਼ਾਈ ਤੇ ਗਰੀਬ ਹੋਇਆ ਹੈ।

ਜਦੋਂ ਪੰਜਾਬ ਦੀ ਆਰਥਿਕਤਾ ਤੇ ਸਮਾਜਿਕ ਪੱਖ ਵੱਲ ਵੇਖੀਏ ਤਾਂ ਖੁਦ ਸ਼ਰਮਸਾਰ ਹੋ ਜਾਈਦਾ ਹੈ। ਜੋ ਕਰਜ਼ਾ ਅੱਜ ਪੰਜਾਬ ਸਿਰ ਹੋਇਆ ਹੈ, ਅਸੀਂ ਅਜਿਹੇ ਕਿਹੜੇ ਉਦਯੋਗ, ਹਸਪਤਾਲ, ਵਿਦਿਅਕ ਅਦਾਰੇ ਖੋਲ੍ਹੇ ਹਨ? ਅਸੀਂ ਤਾਂ ਸਗੋਂ ਪੁਰਾਣੇ ਉਦਯੋਗਾਂ, ਸਕੂਲਾਂ ਜਾਂ ਹਸਪਤਾਲਾਂ ਦੀ ਸਾਰ ਹੀ ਨਹੀਂ ਲਈ। ਉਨ੍ਹਾਂ ਨੂੰ ਖੰਡਰ ਬਣਾ ਕੇ ਰੱਖ ਦਿੱਤਾ। ਬਿਜਲੀ ਦੀ ਖ਼ਪਤ ਤਾਂ ਵਧ ਗਈ ਪਰ ਉਤਪਾਦਨ ਵਿਚ ਇਸ ਕੋਈ ਵਾਧਾ ਨਾ ਹੋਇਆ। ਵਪਾਰੀਕਰਨ/ਮੰਡੀਕਰਨ ਦਾ ਕੋਈ ਸਿਸਟਮ ਨਹੀਂ। ਸਮਾਜਕ ਪੱਧਰ 'ਤੇ ਚਲਾਈ ਸ਼ਗਨ ਸਕੀਮ ਤਹਿਤ ਲੋਕਾਂ ਕੋਲ ਲੰਮੇ ਸਮੇਂ ਲਈ ਕੋਈ ਟੀਚਾ ਨਹੀਂ। ਇਧਰੋਂ ਪੈਸੇ ਲਏ, ਖ਼ਰਚੇ ਤੇ ਫਿਰ ਖਾਲੀ ਦੇ ਖਾਲੀ। ਕਿਉਂ ਨਹੀਂ ਕੋਈ ਹੁਨਰੀ ਪ੍ਰੋਗਰਾਮ ਸ਼ੁਰੂ ਕੀਤੇ ਗਏ ਜਿਹੜੇ ਘੱਟ ਖ਼ਰਚੇ 'ਤੇ ਹੋ ਕੇ ਉਮਰ ਭਰ ਦੀ ਆਮਦਨ ਦਾ ਸਾਧਨ ਬਣ ਸਕਣ। ਕੋਈ ਵੀ ਚੀਜ਼ ਮੁਫ਼ਤ ਦੇਣ ਦੀ ਥਾਂ ਲੋੜ ਮੁਤਾਬਕ ਜ਼ਰੂਰ ਮੁਹੱਈਆ ਕਰਵਾਓ।

ਲੋਕ ਕਿੰਨੀਆਂ ਭਿਆਨਕ ਬੀਮਾਰੀਆਂ ਦੀ ਜਕੜ ਵਿਚ ਆ ਚੁੱਕੇ ਹਨ। ਏਡਜ਼ ਤੇ ਟੀ.ਬੀ. ਦੀ ਮਾਰ ਬਹੁਤ ਜ਼ਿਆਦਾ ਹੈ। ਇਨ੍ਹਾਂ ਦੀ ਰੋਕਥਾਮ ਵਾਸਤੇ ਲੋਕਾਂ ਨੂੰ ਜਾਗ੍ਰਿਤ ਕਰਨ ਲਈ ਕੋਈ ਕੰਮ ਸ਼ੁਰੂ ਕਰੋ। ਬਸ ਖ਼ਾਲੀ ਨੀਂਹ ਪੱਥਰ ਰੱਖ ਕੇ ਤੇ ਤਸਵੀਰਾਂ ਖਿੱਚਵਾ ਕੇ ਅਦਾਕਾਰੀ ਦਾ ਰੋਲ ਨਿਭਾਅ ਕੇ ਵਜ਼ੀਰੀਆਂ ਨਾਲੋਂ ਕੁਝ ਹੱਥੀਂ ਕਿਰਤ ਕਰਨ ਦੀ ਪਿਰਤ ਪਾਓ। ਨਹੀਂ ਤਾਂ ਵਕਤ ਗੁਆ ਕੇ ਤੁਸੀਂ ਪੰਜਾਬ ਤੇ ਪੰਜਾਬੀਆਂ ਨਾਲ ਧਰੋਹ ਕਰੋਗੇ। ਫਿਰ ਪੰਜਾਬ ਤਾਂ ਕੀ, ਤੁਹਾਡੀ ਆਪਣੀ ਜ਼ਮੀਰ ਵੀ ਤੁਹਾਨੂੰ ਕਦੇ ਮੁਆਫ਼ ਨਹੀਂ ਕਰੇਗੀ। ਵਕਤ ਦੇ ਹਾਣੀ ਬਣ ਕੇ ਤੁਰੋ। ਮਨ ਨੀਵਾਂ ਤੇ ਮੱਤ ਉਚੀ ਨਾਲ ਹੀ ਗੁਰੂ ਸਾਹਿਬ "ਕਾਗੋਂ ਹੰਸ ਕਰਨ" ਦੀ ਸੁਚੇਤ ਸੁਮੱਤ, ਵਿਵੇਕ, ਬੁੱਧੀ ਬਖ਼ਸ਼ਣ। ਵਤਨੋਂ ਦੂਰ, ਪੰਜਾਬ ਦੇ ਇਸ ਦਰਦ ਨਾਲ, ਫਰਿਆਦ ਨਾਲ...।

*ਫੋਨ:734-637-3111

# ਗੁਆਚੇ ਪਲਾਂ ਦੀ ਦਾਸਤਾਨ

ਡਾ. ਗੁਰਨਾਮ ਕੌਰ

ਮੇਰੇ ਪਿਛਲੇ ਲੇਖ ਦੀ ਗੱਲ ਕਰਦਿਆਂ ਸੰਪਾਦਕ ਸ. ਅਮੋਲਕ ਸਿੰਘ ਨੇ ਮੈਨੂੰ ਫੋਨ 'ਤੇ ਪੁੱਛਿਆ ਕਿ ਤੁਸੀਂ ਆਪਣਾ ਲੇਖ ਅਚਾਨਕ (ਐਬਰਪਟਲੀ) ਕਿਉਂ ਬੰਦ ਕਰ ਦਿੱਤਾ? ਮੈਂ ਕਿਹਾ, ਜੀਵਨ ਦੇ ਕੁੱਝ ਪਲ ਅਜਿਹੇ ਹੁੰਦੇ ਹਨ, ਜਿਨ੍ਹਾਂ 'ਤੇ ਲਿਖਣ ਲੱਗਿਆਂ ਕਈ ਵਾਰ ਲਫਜ਼ ਗੁਆਚ ਜਾਂਦੇ ਹਨ ਅਤੇ ਕਦੇ ਤੁਹਾਡਾ ਦਿਮਾਗ ਸੋਚਣ ਤੋਂ ਇਨਕਾਰੀ ਹੋ ਜਾਂਦਾ ਹੈ। ਬਹੁਤ ਸਮਾਂ ਪਹਿਲਾਂ, ਜਦੋਂ ਪੰਜਾਬੀ ਦੀ ਮਰਹੂਮ ਮਹਾਨ ਸ਼ਾਇਰਾ, ਲੇਖਿਕਾ ਅੰਮ੍ਰਿਤਾ ਪ੍ਰੀਤਮ ਹਾਲੇ ਜੋਤਿਸ਼ ਅਤੇ ਜਨਮਾਂ ਦੇ ਚੱਕਰਾਂ ਦੀ ਵਿੱਦਿਆ ਵਿਚ ਨਹੀਂ ਸੀ ਉਲਝੀ ਮੈਂ ਉਸ ਦੇ ਰਸਾਲੇ 'ਨਾਗਮਣੀ' ਨੂੰ ਨੇਮ ਨਾਲ ਪੜ੍ਹਦੀ ਹੁੰਦੀ ਸਾਂ। ਪੰਜਾਬੀ ਜ਼ੁਬਾਨ ਵਿਚ ਛਪਣ ਵਾਲਾ ਇਹ ਅਤੇ 'ਪ੍ਰੀਤਲੜੀ' ਮਿਆਰੀ ਰਸਾਲੇ ਗਿਣੇ ਜਾਂਦੇ ਸੀ। ਕੁਝ ਦੇਰ ਸ. ਬਰਜਿੰਦਰ ਸਿੰਘ ਹਮਦਰਦ ਨੇ 'ਦ੍ਰਿਸ਼ਟੀ' ਰਸਾਲਾ ਵੀ ਚੰਗਾ ਕੱਢਿਆ ਪਰ ਉਹ ਛੇਤੀ ਹੀ ਬੰਦ ਹੋ ਗਿਆ। ਮੈਨੂੰ ਲਗਦਾ ਹੈ (ਹੁਣ ਬਹੁਤ ਸਮਾਂ ਹੋ ਗਿਆ) ਕਿ ਸ਼ਾਇਦ ਨਾਗਮਣੀ ਵਿਚ ਹੀ ਪੰਜਾਬੀ ਦੀ ਦੂਸਰੀ ਨਾਮਵਰ ਲੇਖਿਕਾ ਅਜੀਤ ਕੌਰ ਨੇ ਆਪਣੀ ਧੀ ਕੈਂਡੀ ਦੀ ਮੌਤ ਬਾਰੇ ਲਿਖਿਆ ਸੀ। ਉਹ ਇੱਕ ਕਰੀਏਟਵ ਰਾਈਟਰ ਹੈ ਅਤੇ ਜਿਸ ਤਰ੍ਹਾਂ ਅਜੀਤ ਕੌਰ ਕੈਂਡੀ ਦੇ ਫਰਾਂਸ ਦੀ ਰਾਜਧਾਨੀ ਪੈਰਿਸ ਵਿਚ ਅਚਾਨਕ ਅੱਗ ਨਾਲ ਝੁਲਸਣ 'ਤੇ ਕਿਵੇਂ ਮੁਸ਼ਕਿਲਾਂ ਝਾਗਦੀ, ਉਸ ਤੱਕ ਹਸਪਤਾਲ ਵਿਚ ਪਹੁੰਚੀ ਅਤੇ ਸ਼ੀਸ਼ੇ ਦੀ ਦੀਵਾਰ ਵਿਚੋਂ ਉਸਨੂੰ ਦੇਖ-ਦੇਖ ਰੋਂਦੀ ਰਹੀ, ਉਸ ਨੇ ਉਸ ਦੀ ਮੌਤ ਨੂੰ ਝੇਲਣ ਦਾ ਬਿਆਨ ਕੀਤਾ ਸੀ, ਉਹ ਮੇਰੇ ਵਰਗੇ ਸਧਾਰਨ ਜੀਵ ਦੀ ਸਹਿਣ-ਸ਼ਕਤੀ ਤੋਂ ਬਾਹਰ ਦੀਆਂ ਗੱਲਾਂ ਨੇ। ਅੱਜ ਵੀ ਮੈਨੂੰ ਜਦੋਂ ਉਹ ਘਟਨਾ ਯਾਦ ਆ ਜਾਂਦੀ ਹੈ ਤਾਂ ਮੇਰੀ ਨੀਂਦ ਉਖੜ ਜਾਂਦੀ ਹੈ, ਖਾਸ ਕਰਕੇ ਅਜੀਤ ਕੌਰ ਦਾ ਇਹ ਬਿਆਨ ਕਿ ਸ਼ੀਸ਼ੇ ਦੀ ਦੀਵਾਰ ਵਿਚੋਂ ਉਸ ਦੇ ਤਿੱਖੇ ਨੱਕ ਤੇ ਹੀਰੇ ਦੀ ਤੀਲੀ ਜਿਵੇਂ ਲਿਸ਼ਕਾਂ ਮਾਰਦੀ ਸੀ ਉਸ ਨੂੰ ਦੇਖ ਕੇ ਉਸ ਦੇ ਬਚ ਜਾਣ ਦੀ ਆਸ ਬੱਝਦੀ ਸੀ ਪਰ ਅੱਗ ਨਾਲ ਝੁਲਸਿਆ ਸਰੀਰ ਸਾਰਾ ਚਿੱਟੀ ਚਾਦਰ ਨਾਲ ਢਕਿਆ ਹੋਇਆ ਸੀ ਪਰ ਚਿਹਰਾ ਬਿਲਕੁਲ ਠੀਕ ਠਾਕ ਸੀ। ਮੈਂ ਬਹੁਤ ਵਾਰ ਸੋਚਦੀ ਕਿ ਕਿਵੇਂ ਝੇਲਿਆ ਹੋਵੇਗਾ ਅਜੀਤ ਕੌਰ ਨੇ ਆਪਣੀ ਜੁਆਨ ਧੀ ਦੀ ਮੌਤ ਦਾ ਦੁੱਖ? ਧੀ ਵੀ ਉਹ ਜਿਸ ਨੂੰ ਉਸ ਨੇ ਇਕੱਲਿਆਂ ਪਾਲ-ਪੋਸ ਕੇ ਵੱਡਾ ਕੀਤਾ। ਕੈਂਡੀ ਨੇ ਫਰਾਂਸੀਸੀ ਭਾਸ਼ਾ ਵਿਚ ਵਜ਼ੀਫਾ ਪ੍ਰਾਪਤ ਕੀਤਾ ਸੀ ਅਤੇ ਫਰਾਂਸੀਸੀ ਦੀ ਅਗਲੀ ਪੜ੍ਹਾਈ ਵਾਸਤੇ ਫਰਾਂਸ ਗਈ ਸੀ। ਪਤਾ ਨਹੀਂ ਕਿੰਨੀਆਂ ਕੁ ਰੀਝਾਂ ਉਸ ਨਾਲ ਜੁੜੀਆਂ ਹੋਣਗੀਆਂ ਪਰ 'ਜਿਸ ਤਨ ਲੱਗੇ ਸੋਈ ਜਾਣੇ, ਅਵਰ ਕਿਆ ਜਾਣੇ ਪੀੜ ਪਰਾਈ।' ਬੱਚੇ ਦੇ ਸੁੱਖ ਵਿਚ ਇਨਸਾਨ ਸਭ ਤੋਂ ਵੱਡਾ ਸੁੱਖ ਮਹਿਸੂਸ ਕਰਦਾ ਹੈ ਅਤੇ ਬੱਚੇ ਦੀ ਪੀੜ ਨਾਲੋਂ ਵੱਡੀ ਹੋਰ ਕੋਈ ਪੀੜ ਨਹੀਂ ਹੁੰਦੀ।



ਡਾ. ਗੁਰਨਾਮ ਕੌਰ

ਅੱਜ-ਕਲ੍ਹ ਆਮ ਹੀ ਰੇਡੀਓ, ਟੀ.ਵੀ ਅਤੇ ਅਖਬਾਰਾਂ ਵਿਚ ਪੜ੍ਹਦੇ ਹਾਂ ਕਿ ਭਾਰਤ ਜਾ ਕੇ, ਵਿਆਹੇ ਹੋਏ ਮੁੰਡੇ ਵੀ ਬਿਨਾਂ ਕੁੜੀ ਵਾਲਿਆਂ ਨੂੰ ਅਸਲੀਅਤ ਦੱਸੇ, ਹੋਰ ਵਿਆਹ ਕਰਾ ਆਉਂਦੇ ਹਨ ਅਤੇ ਵਿਚਾਰੀਆਂ ਕੁੜੀਆਂ ਨਾ ਏਧਰ ਜੋਗੀਆਂ ਰਹਿੰਦੀਆਂ ਹਨ, ਨਾ ਓਧਰ ਜੋਗੀਆਂ। ਇਹ ਵਰਤਾਰਾ ਪਹਿਲਾਂ ਵੀ ਵਾਪਰਦਾ ਰਿਹਾ ਹੈ। ਫਰਕ ਸਿਰਫ ਏਨਾ ਹੈ ਕਿ ਹੁਣ ਅਜਿਹੇ ਕੇਸਾਂ ਨੂੰ ਨਸ਼ਰ ਕਰਨ ਲਈ ਵਿਸਤ੍ਰਿਤ ਮੀਡੀਆ ਹੈ, ਟੈਲੀਫੋਨ ਦੀ ਸਹੂਲਤ ਹੈ ਜਿਸ ਤੇ ਬਾਹਰ ਬੈਠੀਆਂ ਕੁੜੀਆਂ ਆਪਣੀ ਹੋਣੀ ਬਾਰੇ ਆਪਣੇ ਪਰਿਵਾਰ ਨਾਲ ਸੰਪਰਕ ਕਰ ਸਕਦੀਆਂ ਹਨ, ਸ. ਬਲਵੰਤ ਸਿੰਘ ਰਾਮੂਵਾਲੀਏ ਵਰਗੇ ਨੇਤਾ ਹਨ ਆਵਾਜ਼ ਉਠਾਉਣ ਲਈ। ਪਰ ਜਦੋਂ ਇਹ ਘਟਨਾ ਮੇਰੇ ਨਾਲ ਵਾਪਰੀ ਸੀ ਉਦੋਂ ਇਸ ਕਿਸਮ ਦੀ ਕੋਈ ਵੀ ਸਹੂਲਤ ਨਹੀਂ ਸੀ। ਮੈਂ ਅਪਣੇ ਪਿੰਡ ਦੀ ਕੁੜੀ ਦੀ ਗੱਲ ਕੀਤੀ ਹੈ ਪਰ ਮੇਰੀ ਕਹਾਣੀ ਉਸ ਨਾਲੋਂ ਥੋੜੀ ਵੱਖਰੀ ਹੈ। ਇਹ ਉਪਰ ਦੱਸੇ ਕਈ ਤੱਥਾਂ ਦਾ ਮਿਸ਼ਰਣ ਹੈ, ਜਿਸ ਦੇ ਵਿਸਤਾਰ ਵਿਚ ਮੈਂ ਜਾਣਾ ਨਹੀਂ ਚਾਹੁੰਦੀ। ਪਹਿਲਾਂ ਵਿਆਹੇ ਹੋਣਾ, ਭਰਜਾਈ ਦੇ ਹੱਥਾਂ ਵਿਚ ਖੇਡਣਾ, ਦਾਜ ਦਾ ਲਾਲਚ ਬਹੁਤ ਕੁੱਝ ਇਕੱਠਾ ਹੋ ਗਿਆ ਪਰ ਇੱਕ ਜਾਗ੍ਰਤ, ਯੂਨੀਵਰਸਿਟੀ ਵਿਚ ਟੀਚਰ, ਉਹ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਾਗ ਵਿਚ, ਮੈਂ ਆਪਣੇ ਆਉਣ ਵਾਲੇ ਬੱਚੇ (ਆਪਣੀ ਧੀ ਪੂਨਮ) ਨੂੰ ਆਪਣੇ ਗਰਭ ਵਿਚ ਲੈ ਕੇ ਵਾਪਸ ਚਲੀ ਗਈ। 4 ਨਵੰਬਰ 1975 ਨੂੰ ਉਸ ਦਾ ਜਨਮ ਹੋਇਆ। ਉਹ ਇੱਕ ਪਿਆਰੀ ਅਤੇ ਸਿਹਤਮੰਦ ਬੱਚੀ ਸੀ ਜਿਸ ਨੂੰ ਦੇਖ ਕੇ ਮੇਰੀਆਂ ਅੱਖਾਂ ਵਿਚ ਹੰਝੂ ਆ ਗਏ। ਲੇਡੀ ਡਾਕਟਰ ਬੜੀ ਸਿਆਣੀ ਸੀ। ਉਸਨੇ ਸੋਚਿਆ ਸ਼ਾਇਦ ਕੁੜੀ ਹੋਣ ਕਰਕੇ ਮੈਂ ਰੋਈ ਹਾਂ। ਬੇਟੀ ਨੂੰ ਗੋਦ ਵਿਚ ਉਠਾ ਕੇ ਬੋਲੀ, "ਬੜੀ ਪਿਆਰੀ ਬੱਚੀ ਹੈ। ਤੂੰ ਕਿਉਂ ਰੋਈ? ਮੇਰਾ ਜੀ ਕਰਦਾ ਹੈ ਮੈਂ ਰੱਖ ਲਵਾਂ।" ਮੈਨੂੰ ਉਥੇ ਕਿਸੇ ਨੇ ਦੱਸਿਆ ਕਿ ਡਾਕਟਰ ਦਾ ਘਰ ਵਾਲਾ ਵੀ ਡਾਕਟਰ ਸੀ। ਅਮਰੀਕਾ ਪੜ੍ਹਨ ਗਿਆ ਅਤੇ ਉਥੇ ਕਿਸੇ ਨਰਸ ਨਾਲ ਵਿਆਹ ਕਰਾ ਕੇ ਉਥੇ ਹੀ ਰਹਿ ਪਿਆ। ਮੇਰਾ ਭਤੀਜਾ ਗੁਰਮੁਖ ਸਿੰਘ, ਜੋ ਮੇਰੇ ਕੋਲ ਪੜ੍ਹਦਾ ਰਿਹਾ ਸੀ, ਸਮਰਾਲੇ ਹਸਪਤਾਲ ਰੋਟੀ ਲੈ ਕੇ ਆਇਆ ਤਾਂ ਉਸ ਨੇ ਆਪਣੇ ਮਨ ਵਿਚ ਆਪ ਹੀ ਨਾਮ ਸੋਚ ਲਿਆ ਅਤੇ ਘਰ ਜਾ ਕੇ ਕਹਿੰਦਾ, "ਭੂਆ ਜੀ ਨੇ ਗੁੱਡੀ ਦਾ ਨਾਮ ਵੀ ਰੱਖ ਲਿਆ ਪੂਨਮ।" ਜਦੋਂ ਮੇਰੀ ਮਾਂ ਅਤੇ ਮੇਰਾ ਵੀਰ ਮਿਲਣ ਆਏ ਤਾਂ ਬੋਲੇ, "ਫਿਰ ਬਿਨਾ ਕਢਾਏ ਹੀ ਇਸ ਦਾ ਨਾਂ ਰੱਖ ਲਿਆ, ਗੁਰਮੁਖ ਨੇ ਦੱਸਿਆ ਹੈ।" ਮੈਂ ਕਿਹਾ, "ਮੈਂ ਤਾਂ ਨਹੀਂ ਰੱਖਿਆ।" ਪਰ ਅਸੀਂ ਸਮਝ ਗਏ ਕਿ ਉਸਦਾ ਜੀਅ ਕਰਦਾ ਹੈ ਕਿ ਆਪਣੀ ਛੋਟੀ ਭੈਣ ਦਾ ਨਾਮ ਪੂਨਮ ਰੱਖੇ। ਮੈਂ ਨਾਲ ਦੀਪ ਲਾ ਕੇ ਪੂਨਮ ਦੀਪ ਕਰ ਦਿੱਤਾ।

ਕੈਂਪਸ ਵਿਚੋਂ ਕਿਸੇ ਵੀ ਕੰਮ ਸ਼ਹਿਰ ਜਾਣਾ ਹੁੰਦਾ ਤਾਂ ਘਰ ਕੋਲੋਂ ਹੀ ਯੂਨੀਵਰਸਿਟੀ ਦੀ ਬੱਸ ਮਿਲ ਜਾਂਦੀ ਸੀ, ਜੋ ਵਾਪਸੀ 'ਤੇ ਆਮ ਤੌਰ 'ਤੇ ਰੇਲਵੇ ਸਟੇਸ਼ਨ ਤੋਂ ਲਈਦੀ ਸੀ। ਜੇ ਕਦੇ ਬਾਈ ਮੁਖਤਿਆਰ ਗਿੱਲ ਨੇ ਮਿਲ ਜਾਣਾ ਤਾਂ ਹਮੇਸ਼ਾ ਬੋਲਣਾ, "ਆ ਬਈ ਸਨੇਹ ਲਤਾ ਤੇਰਾ ਕੀ ਹਾਲ ਹੈ?" ਮੈਂ ਅੱਗੋਂ ਕਹਿਣਾ, "ਬਾਈ ਜੀ ਇਸਦਾ ਨਾਮ ਪੂਨਮ ਦੀਪ ਹੈ, ਸਨੇਹ ਲਤਾ ਨਹੀਂ।" ਬਾਈ ਨੇ ਫੇਰ ਕਹਿਣਾ, "ਕਿਉਂ ਰੱਖਿਆ ਬਾਹਮਣਾਂ ਵਾਲਾ ਨਾਮ?" ਮੇਰੇ ਇੱਕ ਕੁਲੀਗ ਹਿੰਮਤ ਸਿੰਘ ਦੀ ਬੇਟੀ ਮੇਰੀ ਬੇਟੀ ਤੋਂ ਤਿੰਨ ਮਹੀਨੇ ਛੋਟੀ ਹੈ, ਉਹ ਮੇਰੇ ਕੋਲ ਆਇਆ ਅਤੇ ਬੋਲਿਆ, "ਗੁਰਨਾਮ ਕੌਰ! ਜੇ ਮੈਂ ਆਪਣੀ ਬੇਟੀ ਦਾ ਨਾਮ ਸਨੇਹ ਦੀਪ ਰੱਖ ਲਵਾਂ ਤੁਹਾਨੂੰ ਕੋਈ ਇਤਰਾਜ਼ ਤਾਂ ਨਹੀਂ?" ਮੈਂ ਅੱਗੋਂ ਕਿਹਾ, "ਮੈਨੂੰ ਕਿਉਂ ਇਤਰਾਜ਼ ਹੋਵੇਗਾ? ਮੇਰੀ ਬੇਟੀ ਦਾ ਨਾਮ ਤਾਂ ਪੂਨਮ ਦੀਪ ਹੈ।" ਪਰ ਕਿਸੇ ਨੇ ਮੈਨੂੰ ਵਹਿਮ ਪਾ ਦਿੱਤਾ ਕਿ ਇਸ ਦਾ ਨਾਂ 'ਤ' ਤੋਂ ਸ਼ੁਰੂ ਹੋਣਾ ਚਾਹੀਦਾ ਸੀ। ਪਹਿਲਾਂ 'ਲੇਡੀ ਫ਼ਾਤਿਮਾ ਕਾਨਵੈਂਟ ਸਕੂਲ' ਵਿਚ ਉਸ ਦਾ ਨਾਂ ਪੂਨਮਦੀਪ ਰਜਿਸਟਰ ਕਰਾਇਆ ਸੀ ਪਰ ਜਦੋਂ ਉਸ ਦੀ ਇੰਟਰਵਿਊ ਦੁਆਉਣ ਗਈ ਤਾਂ ਉਸ ਦਾ ਨਾਂ ਤਨਵੀਰ ਕੌਰ ਕਰਨ ਲਈ ਕਿਹਾ। ਸਕੂਲ ਪ੍ਰਿੰਸੀਪਲ ਜੋ ਕਿ ਦੱਖਣੀ ਭਾਰਤ ਤੋਂ ਈਸਾਈ ਸਿਸਟਰ ਸੀ, ਬੋਲੀ, "ਇਤਨਾ ਸੁੰਦਰ ਨਾਮ ਹੈ, ਕਿਉਂ ਬਦਲ ਰਹੀ ਹੋ?" ਪੂਨਮ ਦੀ ਦੂਸਰਿਆਂ ਦੇ ਘਰ ਪੱਟਣ ਵਾਲੀ ਉਸ ਤਾਈ ਦੀਆਂ ਪੂਨਮ ਤੋਂ ਉਮਰ ਵਿਚ ਵੱਡੀਆਂ ਤਿੰਨ ਕੁੜੀਆਂ ਸਨ। ਵੱਡੀ ਦੀਆਂ ਅੱਖਾਂ ਮੋਟੀਆਂ ਪਰ ਨੱਕ ਮਿੰਡਾ ਸੀ। ਵਿਚਕਾਰਲੀ ਦੀਆਂ ਅੱਖਾਂ ਨਿੱਕੀਆਂ ਪਰ ਨੱਕ ਤਿੱਖਾ ਸੀ। ਪੂਨਮ ਦੇ ਡੇਢ ਕੁ ਸਾਲ ਦੀ ਹੋਣ ਤੱਕ ਮੈਂ ਉਸ ਦੇ ਦਾਦਕੇ ਜਾਂਦੀ ਰਹੀ ਭਾਵੇਂ ਉਸ ਦਾ ਬਾਪ ਕੈਨੇਡਾ ਰਹਿੰਦਾ ਸੀ। ਉਸਦੀ ਦਾਦੀ ਨੇ ਗੀਤ ਵਰਗੀ ਅਵਾਜ਼ ਵਿਚ ਕਹਿਣਾ, "ਨੱਕ ਜੀਤੀ (ਵੱਡੀ ਕੁੜੀ) ਵਰਗਾ, ਅੱਖਾਂ ਦੀਪੀ (ਛੋਟੀ ਕੁੜੀ) ਵਰਗੀਆਂ ਨੇ" ਅਤੇ ਦਾਦੇ ਨੇ ਕਹਿਣਾ, "ਇਹ ਤਾਂ ਸਾਡਾ ਕੈਨੇਡੀਅਨ ਬੱਚਾ ਹੈ।" ਪਰ ਵੱਡੀ ਹੋ ਕੇ ਉਹ ਬਹੁਤ ਹੀ ਲੰਬੀ, ਗੋਰੀ ਅਤੇ ਤਿੱਖੇ ਨੈਣ-ਨਕਸ਼ਾਂ ਵਾਲੀ ਸੁਹਣੀ ਦਿੱਖ ਵਾਲੀ ਲਗਰ ਜਿਹੀ ਕੁੜੀ ਬਣ ਗਈ ਜੋ ਆਪਣੀ ਉਮਰ ਦੀਆਂ ਕੁੜੀਆਂ ਨਾਲੋਂ ਗਿੱਠ ਲੰਬੀ ਸੀ। ਸਕੂਲ ਜਾਣ ਵੇਲੇ ਆਪਣੇ ਤੋਂ ਪੰਜ ਸਾਲ ਛੋਟੇ ਭਰਾ ਮਨੂੰ ਨੂੰ ਯੂਨੀਵਰਸਿਟੀ ਬੱਸ ਵਿਚ ਏਦਾਂ ਸੰਭਾਲ ਕੇ ਲੈ ਕੇ ਜਾਣਾ ਜਿਵੇਂ ਕੁਕੜੀ ਚੂਚਿਆਂ ਨੂੰ ਸੰਭਾਲਦੀ ਹੈ, ਡਾ. ਹਰੀ ਸਿੰਘ ਦੀ ਪਤਨੀ ਮਲਜਿੰਦਰ ਕੌਰ ਜੋ ਖਾਲਸਾ ਕਾਲਜ ਪੜ੍ਹਾਉਂਦੀ ਸੀ ਅਤੇ ਉਸੇ ਬੱਸ ਵਿਚ ਜਾਂਦੀ ਸੀ ਹਮੇਸ਼ਾ ਇਹ ਗੱਲ ਕਹਿੰਦੀ। ਕੁੜੀਆਂ ਦੇ ਦੋ ਨੰਬਰ ਹੋਸਟਲ ਦੀ ਵਾਰਡਨ ਮਿਸ ਸੋਨੀ ਦੇ ਘਰ ਲਾਗੇ ਬੱਸ ਖੜ੍ਹਦੀ ਸੀ, ਉਸ ਨੇ ਹਮੇਸ਼ਾ ਕਹਿਣਾ, "ਗੁਰਨਾਮ ਇਕੱਲੀ ਪੂਨਮ ਹੈ ਜੋ ਦੇਖ ਕੇ ਹਮੇਸ਼ਾ ਵਿਸ਼ ਕਰਦੀ ਹੈ, ਬਾਕੀ ਕੋਈ ਬੱਚਾ ਵਿਸ਼ ਨਹੀਂ ਕਰਦਾ। ਤੇਰੀ ਧੀ ਬੜੀ ਬੀਬੀ ਹੈ।" ਸਾਡੇ ਵਿਭਾਗ ਦੇ ਸਾਹਮਣੇ ਹੀ ਕੇਂਦਰ ਸਰਕਾਰ ਵਲੋਂ ਚਲਾਏ ਜਾ ਰਹੇ 'ਉਤਰੀ ਬੋਲੀਆਂ ਦੇ ਖੇਤਰੀ ਕੇਂਦਰ' ਦੇ ਪ੍ਰਿੰਸੀਪਲ ਡਾ. ਓ.ਐਨ. ਕੌਲ ਨੇ ਸ਼ਾਮ ਨੂੰ ਸੈਰ ਕਰਦਿਆਂ ਜੇ ਕਦੀ ਸਾਨੂੰ ਮਿਲ ਜਾਣਾ ਤਾਂ ਕਹਿਣਾ, "ਔਰ ਦੋ ਸਾਲ ਕੇ ਲੋਗ ਪੂਨਮ ਕੋ ਆਪ ਕੀ ਛੋਟੀ ਬਹਿਨ ਸਮਝੇਂਗੇ।" ਇੱਕ ਦਿਨ ਅਸੀਂ ਪਿੰਡ ਜਾਣਾ ਸੀ ਮੇਰੇ ਕੋਲ ਰਹਿ ਰਹੀ ਮੇਰੀ ਭਤੀਜੀ ਹਰਦੀਪ, ਪੂਨਮ ਅਤੇ ਮੇਰਾ ਬੇਟਾ ਮਨਵੀਰ ਸਕੂਲ ਤੋਂ ਆ ਕੇ ਤਿਆਰ ਹੋ ਕੇ ਵਿਭਾਗ ਦੇ ਸਾਹਮਣੇ ਪਹੁੰਚ ਗਏ, ਬੇਟੀ ਨੇ ਉਪਰ ਮੈਨੂੰ ਬੁਲਾਉਣ ਆਉਣਾ ਸੀ। ਉਥੋਂ

## ਰੰਗ-ਬੇਰੰਗ

ਡਾ. ਕੌਲ ਲੰਘਿਆ ਅਤੇ ਉਪਰ ਆ ਕੇ ਮੈਨੂੰ ਬੋਲਿਆ, "ਆਪ ਕੀ ਛੋਟੀ ਬਹਿਨ ਆ ਗਈ ਹੈ, ਆਪ ਜਾਈਏ।" ਮੈਂ ਸਮਝ ਗਈ ਕਿ ਬੱਚੇ ਘਰੋਂ ਆ ਗਏ ਹਨ।



ਹੱਸਦੀ ਖੇਡਦੀ ਪੂਨਮ

ਨਵੇਂ ਸੈਸ਼ਨ ਵਿਚ ਯੂਨੀਵਰਸਿਟੀ ਅਧਿਆਪਕ ਸੰਘ ਦੀਆਂ ਚੋਣਾਂ ਹੋਇਆ ਕਰਦੀਆਂ ਹਨ। ਡਾ. ਕੇਹਰ ਸਿੰਘ ਆਮ ਤੌਰ 'ਤੇ ਸਾਡੇ ਗਰੁਪ ਵੱਲੋਂ ਖੜ੍ਹੇ ਹੁੰਦੇ ਅਤੇ ਮੈਂ ਕੈਂਪਸ ਵਿਚ ਰਹਿੰਦੀਆਂ ਅਧਿਆਪਕਾਵਾਂ ਕੋਲ ਡਾ. ਕੇਹਰ ਸਿੰਘ ਵਾਸਤੇ ਵੋਟ ਮੰਗਣ ਜਾਇਆ ਕਰਦੀ। ਇੱਕ ਵਾਰ ਡਾ. ਕੇਹਰ ਸਿੰਘ ਨੇ ਸੰਸਕ੍ਰਿਤ ਵਿਭਾਗ ਦੇ ਕਿਸੇ ਝਗੜੇ ਵਿਚ ਡਾ. ਅਭਿਮਨੂੰ ਦਾ ਸਾਥ ਦਿੱਤਾ ਤਾਂ ਮੈਨੂੰ ਡਾ. ਮੰਜੁਲਾ ਸਹਿਦੇਵ ਨੇ ਉਲਾਂਭਾ ਦਿੱਤਾ, "ਗੁਰਨਾਮ ਜੀ ਤੁਹਾਡੇ ਕਹੇ ਤੇ ਵੋਟ ਮੈਂ ਡਾ. ਕੇਹਰ ਸਿੰਘ ਨੂੰ ਪਾਉਂਦੀ ਹਾਂ ਅਤੇ ਅੱਜ ਸ਼ਰ੍ਹੇਆਮ ਉਨ੍ਹਾਂ ਨੇ ਡਾ. ਅਭਿਮਨੂੰ ਦੀ ਇਥੇ ਮੇਰੇ ਵਿਭਾਗ ਵਿਚ ਆ ਕੇ ਤਰਫ਼ਦਾਰੀ ਕੀਤੀ ਹੈ।" ਮੈਨੂੰ ਇਸ ਗੱਲ ਦਾ ਬੜਾ ਅਫਸੋਸ ਲੱਗਿਆ ਕਿ ਅਧਿਆਪਕ ਇਸਤਰੀ ਅਧਿਆਪਕਾਂ ਨੂੰ ਮਹਿਜ ਵੋਟਰ ਹੀ ਸਮਝਦੇ ਹਨ? ਮੈਂ ਡਾ. ਕੇਹਰ ਸਿੰਘ ਨੂੰ ਤਾਂ ਕੁੱਝ ਨਾ ਕਿਹਾ ਪਰ ਆਪਣੇ ਮਨ ਨਾਲ ਫੈਸਲਾ ਕਰ ਲਿਆ ਕਿ ਅੱਜ ਤੋਂ ਬਾਅਦ ਕਿਸੇ ਲਈ ਵੋਟ ਨਹੀਂ ਮੰਗਣ ਜਾਣਾ।

ਪੂਨਮ ਉਸ ਸਾਲ ਪੰਜਵੀਂ ਵਿਚ ਪੜ੍ਹਦੀ ਸੀ। ਡਾ. ਬਲਵਿੰਦਰ ਕੌਰ ਬਰਾੜ, ਜਿਸਦੀ ਬੱਚੀ ਗੁੱਗੂ ਪੂਨਮ ਦੀ ਸਹੇਲੀ ਵੀ ਸੀ, ਪਹਿਲਾਂ ਸਾਡੇ ਗੁਆਂਢ ਵਿਚ ਰਹਿੰਦੀ ਸੀ ਹੁਣ ਨਵੇਂ ਸੀ-ਟਾਈਪ ਘਰ ਵਿਚ ਥੋੜੇ ਫਰਕ ਨਾਲ ਸ਼ਿਫਟ ਹੋ ਗਈ ਸੀ। ਵੋਟਾਂ ਦੇ ਦਿਨ ਸਨ ਅਤੇ ਪੂਨਮ ਗੁੱਗੂ ਨਾਲ ਖੇਡਣ ਗਈ। ਮੈਡਮ ਬਰਾੜ ਦਾ ਪਿੰਡ ਮੋਰਾਂਵਾਲੀ ਹੈ ਅਤੇ ਉਹ ਸਵਰਗੀ ਪ੍ਰਿੰਸੀਪਲ ਸ. ਕਰਤਾਰ ਸਿੰਘ ਸ਼ੇਰਗਿੱਲ ਦੀ ਧੀ ਹੈ ਪਰ ਉਸਦਾ ਬੋਲਣ ਦਾ ਲਹਿਜਾ ਕੁਝ ਜ਼ਿਆਦਾ ਹੀ ਅੱਖੜ ਹੈ। ਉਹ ਪੂਨਮ ਨੂੰ ਇੱਕ ਦਮ ਬੋਲੀ, "ਪੂਨਮ! ਡਾ. ਕੇਹਰ ਸਿੰਘ ਖੜ੍ਹਾ ਹੋਇਐ, ਤੇਰੀ ਮੰਮੀ ਮੈਨੂੰ ਵੋਟ ਲਈ ਨਹੀਂ ਕਹਿਣ ਆਈ?" ਉਨ੍ਹਾਂ ਦੇ ਘਰ ਕੋਈ ਮਹਿਮਾਨ ਆਇਆ ਹੋਇਆ ਸੀ ਜੋ ਧਰਮ ਦੇ ਖਿਲਾਫ ਕੁਝ ਬੋਲਿਆ ਤਾਂ ਪੂਨਮ ਉਸ ਨਾਲ ਅੰਗਰੇਜ਼ੀ ਵਿਚ ਬਹਿਸ ਕਰਨ ਲੱਗ ਪਈ। ਘਰ ਆ ਕੇ ਮੈਨੂੰ ਸਾਰੀ ਗੱਲ ਅੰਗਰੇਜ਼ੀ ਵਿਚ ਦੱਸਣ ਲੱਗੀ। ਮੈਂ ਅੱਗੋਂ ਹੱਸ ਕੇ ਕਿਹਾ, "ਬਰਾੜ ਆਂਟੀ ਨੇ ਤਾਂ ਕੁੱਝ ਨਾ ਕੁੱਝ ਕਹਿਣਾ ਹੀ ਹੁੰਦਾ ਹੈ ਪਰ ਬੇਟੇ ਮੈਂ ਇਸ ਵਾਰ ਕਨਵੈਸਿੰਗ ਨਹੀਂ ਕਰ ਰਹੀ। ਧਰਮ ਬਾਰੇ ਤੈਨੂੰ ਕਿੰਨਾ ਕੁ ਪਤਾ ਹੈ, ਇਸ ਬਾਰੇ ਤਾਂ ਮੈਂ ਕੁੱਝ ਨਹੀਂ ਕਹਿੰਦੀ ਪਰ ਤੂੰ ਅੰਗਰੇਜ਼ੀ ਸੁਹਣੀ ਬੋਲਣ ਲਗ ਪਈ ਹੈਂ।"

ਪ੍ਰੋ. ਤਾਰਾ ਸਿੰਘ ਮੇਰੇ ਗੁਆਂਢ ਸ. ਦਲੀਪ ਸਿੰਘ ਉਪਲ ਅਤੇ ਡਾ. ਕਮਲੇਸ਼ ਉਪਲ ਦੇ ਬੱਚਿਆਂ ਨਿਵੇਦਤਾ (ਹੁਣ ਡਾ. ਨਿਵੇਦਤਾ ਸਿੰਘ, ਰੀਡਰ ਸੰਗੀਤ ਵਿਭਾਗ ਪੰਜਾਬੀ ਯੂਨੀਵਰਸਿਟੀ, ਪਟਿਆਲਾ) ਅਤੇ ਅਲੰਕਾਰ ਸਿੰਘ (ਉਹ ਵੀ ਅੱਜ ਕਲ੍ਹ ਜਲੰਧਰ ਦੇ ਕਿਸੇ ਕਾਲਜ ਵਿਚ ਸੰਗੀਤ ਦਾ ਲੈਕਚਰਾਰ ਹੈ ਅਤੇ ਇਹ ਦੋਵੇਂ ਗੁਰਮਤਿ ਸੰਗੀਤ ਵਿਚ ਬਹੁਤ ਪਰਪੱਕ ਹਨ), ਨੂੰ ਗੁਰਮਤਿ ਸੰਗੀਤ ਦੀ ਸਿੱਖਿਆ ਦੇਣ ਆਉਂਦੇ ਹੁੰਦੇ ਸਨ। ਐਤਵਾਰ ਨੂੰ ਇਥੋਂ ਹੀ ਉਹ ਯੂਨੀਵਰਸਿਟੀ ਦੇ ਗੁਰਦੁਆਰਾ ਸਾਹਿਬ ਵਿਚ ਡਾ. ਤਾਰਨ ਸਿੰਘ ਦੇ ਨਾਲ ਗੁਰਮਤਿ ਸੰਗੀਤ ਕੇਂਦਰ ਦੇ ਬੱਚਿਆਂ ਦੀ ਕਲਾਸ ਲੈਣ ਜਾਂਦੇ ਸਨ। ਉਨ੍ਹਾਂ ਨੇ ਆਪਣੀ ਲੂਨਾ (ਛੋਟੀ ਸਕੂਟੀ) ਤੇ ਬੇਟੇ ਮਨਵੀਰ ਨੂੰ ਪਿੱਛੇ ਬਿਠਾ ਲੈਣਾ ਅਤੇ ਪੂਨਮ ਨੇ ਆਪਣੇ ਲਾਲ ਰੰਗ ਦੇ ਸਾਈਕਲ ਤੇ ਗੁਰਦੁਆਰਾ ਸਾਹਿਬ ਕਲਾਸ ਲਾਉਣ ਜਾਣਾ। ਇਸੇ ਵਰ੍ਹੇ ਨਵੰਬਰ ਮਹੀਨੇ ਜਦੋਂ ਗੁਰਦੁਆਰਾ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਮਨਾਇਆ ਗਿਆ ਤਾਂ ਪੂਨਮ ਨੇ ਸੁਤੰਤਰ ਤੌਰ 'ਤੇ ਹਾਰਮੋਨੀਅਮ 'ਤੇ ਸ਼ਬਦ ਕੀਰਤਨ ਕੀਤਾ (ਉਸ ਦਾ ਹਾਰਮੋਨੀਅਮ ਅੱਜ ਵੀ ਸੰਭਾਲ ਕੇ ਰੱਖਿਆ ਹੋਇਆ ਹੈ)। ਸਾਰਿਆਂ ਨੂੰ ਬੜਾ ਚੰਗਾ ਲੱਗਾ। ਭਾਈ ਮਨਜੀਤ ਸਿੰਘ (ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਸਾਬਕਾ ਜਥੇਦਾਰ) ਦਾ ਭਰਾ ਡਾ. ਓਅੰਕਾਰ ਸਿੰਘ ਉਦੋਂ ਸਾਡੇ ਵਿਭਾਗ ਵਿਚ ਸੀ, ਹੱਸ ਕੇ ਬੋਲਿਆ, "ਮੈਡਮ ਜੀ! ਆਪਣੀ ਪੂਨਮ ਕੀਰਤਨ ਕਰਨ ਲੱਗ ਪਈ ਹੈ। ਚੱਲੋ ਕਦੇ ਸਿੰਗਾਪੁਰ ਦੀਆਂ ਸੰਗਤਾਂ ਦੇ ਦਰਸ਼ਨ ਕਰਕੇ ਆਈਏ।" ਉਦੋਂ ਇਹ ਬਿਲਕੁਲ ਹੀ ਨਹੀਂ ਸੀ ਅਹਿਸਾਸ ਕਿ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਨ 'ਤੇ ਮੁੜ ਕੇ ਉਸ ਨੇ ਕਦੀ ਕੀਰਤਨ ਨਹੀਂ ਕਰਨਾ। ਯੂਨੀਵਰਸਿਟੀ ਵਿਚ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਸ਼ੁਰੂ ਕੀਤਾ ਤਾਂ ਉਸ ਦੇ ਉਦਘਾਟਨ 'ਤੇ ਪ੍ਰੋ. ਤਾਰਾ ਸਿੰਘ ਦੇ ਸੀਨੀਅਰ ਅਤੇ ਜੂਨੀਅਰ ਵਿਦਿਆਰਥੀਆਂ ਨੇ ਸ਼ਬਦ ਦਾ ਕੀਰਤਨ ਕੀਤਾ। ਪ੍ਰੋਫੈਸਰ ਸਾਹਿਬ ਨੇ ਡਾ. ਗੁਰਨਾਮ ਸਿੰਘ (ਅੱਜ ਕਲ੍ਹ ਪ੍ਰੋਫੈਸਰ, ਗੁਰਮਤਿ ਸੰਗੀਤ ਚੇਅਰ) ਨਿਵੇਦਤਾ ਅਤੇ ਅਲੰਕਾਰ ਦੇ ਨਾਲ ਪੂਨਮ ਨੂੰ ਵੀ ਸ਼ਬਦ ਕੀਰਤਨ ਵਿਚ ਖੜ੍ਹਾ ਕੀਤਾ। ਹੁਣ ਵੀ ਜੇ ਕਦੀ ਸ. ਦਲੀਪ ਸਿੰਘ ਉਪਲ ਸਾਡੇ ਘਰ ਆਉਣ ਤਾਂ ਡਰਾਇੰਗ ਰੂਮ ਵਿਚ ਲੱਗੀਆਂ ਉਸ ਦੀਆਂ ਤਸਵੀਰਾਂ ਦੇਖ ਕੇ ਰੋ ਪੈਂਦੇ ਹਨ।

ਸਿਆਣੇ ਕਹਿੰਦੇ ਹਨ ਕਿ ਜੇ ਤੁਹਾਡੇ ਕਈ ਚੰਗੇ ਕੰਮ ਇਕੱਠੇ ਹੀ ਹੋ ਜਾਣ ਅਤੇ ਤੁਸੀਂ ਬਹੁਤ ਖੁਸ਼ੀ ਮਹਿਸੂਸ ਕਰੋ ਤਾਂ ਦੁਨੀਆਂ ਦੀ ਨਜ਼ਰ ਲੱਗ ਜਾਂਦੀ ਹੈ। ਸ਼ਾਇਦ ਕੁਝ ਇਸ ਤਰ੍ਹਾਂ ਦਾ ਹੀ ਮੇਰੇ ਨਾਲ ਵਾਪਰਿਆ। ਸਨ 1986 ਦੇ ਅਗਸਤ ਮਹੀਨੇ ਦੀ ਚਾਰ ਤਰੀਕ ਨੂੰ ਮੇਰਾ ਪੀ.ਐਚ.ਡੀ ਦਾ ਵਾਈਵਾ ਹੋਇਆ। ਉਸ ਤੋਂ ਕੁਝ ਦਿਨ ਬਾਅਦ ਹੀ ਵਿਭਾਗ ਦੀ ਖਾਲੀ ਪਈ ਰੀਡਰ ਦੀ ਅਸਾਮੀ ਦੀ ਇੰਟਰਵਿਊ ਸੀ ਜਿਸ 'ਤੇ ਮੈਂ ਚੁਣੀ ਗਈ। ਸਤੰਬਰ ਦੇ ਮਹੀਨੇ ਅਸੀਂ ਅਰਬਨ ਅਸਟੇਟ ਦੇ ਫੇਜ਼ ਇੱਕ ਵਿਚ ਪੰਜ ਸੌ ਗਜ ਦੇ ਪਲਾਟ ਦੀ ਰਜਿਸਟਰੀ ਕਰਾਈ। ਇਨ੍ਹਾਂ ਤਿੰਨਾਂ ਹੀ ਗੱਲਾਂ ਦਾ ਮੇਰੀ ਬੇਟੀ ਨੂੰ ਬਹੁਤ ਬਹੁਤ ਚਾਅ ਸੀ ਪਰ ਇਹ ਚਾਅ ਉਹ ਬਹੁਤੀ ਦੇਰ ਮਾਣ ਨਹੀਂ ਸਕੀ, ਪਤਾ ਨਹੀਂ ਕਿਸ ਚੰਦਰੇ ਦੀ ਨਜ਼ਰ ਲੱਗ ਗਈ।

(ਚਲਦਾ...)

## ਸਿਆਣਿਆਂ ਦਾ ਕਿਹਾ

(1) ਕੁਦਰਤ ਖਾਲੀਪਨ ਨੂੰ ਪਸੰਦ ਨਹੀਂ ਕਰਦੀ।

(2) ਕਠੋਰਤਾ ਇੱਕ ਕਮਜ਼ੋਰ ਬੰਦੇ ਦੀ ਝੂਠੀ ਸ਼ਕਤੀ ਹੈ।

(3) ਇੱਕ ਚੋਟ ਤਾਂ ਭੁਲਾਈ ਜਾ ਸਕਦੀ ਹੈ ਪਰ ਅਪਮਾਨ ਨਹੀਂ।

(4) ਇਹ ਤਾਂ ਤੁਹਾਡੇ ਉਪਰ ਹੀ ਨਿਰਭਰ ਕਰਦਾ ਹੈ ਕਿ ਤੁਸੀਂ ਕਿਸੇ ਦੇ ਨਾਲ ਹੱਸ ਰਹੇ ਹੋ ਜਾਂ ਕਿਸੇ ਉਪਰ ਹੱਸ ਰਹੇ ਹੋ।

(5) ਦੂਸਰਿਆਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣਾ ਅਤਿਆਚਾਰ ਹੈ।

(6) ਦੋਸਤੀ 'ਚ ਤਿਆਗ ਕਰਨਾ ਪੈਂਦਾ ਹੈ।

(7) ਸਵਾਰਥੀਪਨ ਸੱਚੀ ਦੋਸਤੀ ਨੂੰ ਨਸ਼ਟ ਕਰ ਦਿੰਦਾ ਹੈ।

(8) ਸੱਚੇ ਦੋਸਤ ਕਦੇ ਵੀ ਆਪਣੇ ਦੋਸਤਾਂ ਨੂੰ ਤਕਲੀਫ ਵਿਚ ਨਹੀਂ ਦੇਖ ਸਕਦੇ।

(9) ਇੱਕ ਚੰਗੇ ਵੇਲੇ ਜਾਂ ਸੁੱਖ ਵਿਚ ਸਾਥੀ ਉਸ ਬੈਂਕਰ ਵਾਂਗ ਹੁੰਦਾ ਹੈ ਜਿਹੜਾ ਤੁਹਾਨੂੰ ਧੁੱਪ ਵੇਲੇ ਤਾਂ ਛੱਤਰੀ ਦੇ ਦਿੰਦਾ ਹੈ ਪਰ ਜਿਵੇਂ ਹੀ ਮੀਂਹ ਸ਼ੁਰੂ ਹੁੰਦਾ ਹੈ ਇੱਕ ਦਮ ਛੱਤਰੀ ਵਾਪਸ ਲੈ ਲੈਂਦਾ ਹੈ।

(10) ਤੁਹਾਡੇ ਚੰਗੇ ਕੰਮਾਂ ਕਰਕੇ, ਚੰਗੀ ਸੁਸਾਇਟੀ ਦੇ ਵਿਅਕਤੀ ਆਪ ਤੁਹਾਡੇ ਕੋਲ ਆਉਣਗੇ।

(11) ਜੇ ਤੁਸੀਂ ਖੁਸ਼ ਰਹਿੰਦੇ ਹੋ ਤਾਂ ਤੁਹਾਡੇ ਕਈ ਦੋਸਤ ਬਣਨਗੇ। ਜੇ ਤੁਸੀਂ ਦੁਖੀ ਰਹਿੰਦੇ ਹੋ ਤਾਂ ਤੁਸੀਂ ਸਾਰੇ ਦੋਸਤ ਗਵਾ ਬੈਠੋਗੇ।

(12) ਰਿਸ਼ਤੇ ਆਪਣੇ ਆਪ ਨਹੀਂ ਬਣਦੇ, ਇਹ ਬਣਨ ਵਾਸਤੇ ਕੁੱਝ ਸਮਾਂ ਲੈਂਦੇ ਹਨ।

(13) ਇੱਕ ਵਾਰੀ ਚੰਗੇ ਸਬੰਧ ਸਥਾਪਿਤ ਹੋ ਜਾਂਦੇ ਹਨ ਤਾਂ ਉਨ੍ਹਾਂ ਨੂੰ ਲਗਾਤਾਰ ਸਿੰਚਾਈ ਕਰਨ ਦੀ ਸਖਤ ਜ਼ਰੂਰਤ ਹੁੰਦੀ ਹੈ।

(14) ਚਰਿਤਰ ਆਪਣੀਆਂ ਆਦਤਾਂ ਦਾ ਕੁੱਲ ਜੋੜ ਹੈ।

(15) ਯਾਦ ਰੱਖੋ, ਸਹੀ ਤੇ ਗਲਤ ਸੋਚ ਇਕੋ ਸਮੇਂ ਤੇ ਦਿਮਾਗ ਵਿਚ ਆਪਣੀ ਥਾਂ ਨਹੀਂ ਬਣਾ ਸਕਦੀਆਂ।

(16) ਮਨ ਵਿਚ ਇਸ ਗੱਲ ਦਾ ਇਰਾਦਾ ਬਣਾਉ ਕਿ ਛੋਟਿਆਂ ਨਾਲ ਨਰਮੀ, ਵੱਡਿਆਂ ਨਾਲ ਦਇਆ, ਸੰਘਰਸ਼ ਕਰਨ ਵਾਲਿਆਂ ਨਾਲ ਸਹਾਨਭੂਤੀ ਤੇ ਅਤੇ ਕਮਜ਼ੋਰ ਵਿਅਕਤੀਆਂ ਨਾਲ ਸਹਿਨਸ਼ੀਲਤਾ ਤੋਂ ਪੇਸ਼ ਆਵਾਂਗੇ ਕਿਉਂਕਿ ਆਪਾਂ ਨੂੰ ਵੀ ਜ਼ਿੰਦਗੀ ਵਿਚ ਕਦੇ ਨਾ ਕਦੇ ਇਨ੍ਹਾਂ ਸਾਰੀਆਂ ਪ੍ਰਸਥਿਤੀਆਂ ਵਿਚੋਂ ਗੁਜ਼ਰਨਾ ਪਵੇਗਾ।

(17) ਕੁਝ ਲੋਕ ਆਪਣੀਆਂ ਗਲਤੀਆਂ ਦਾ ਹੀ ਅਭਿਆਸ ਕਰਦੇ ਰਹਿੰਦੇ ਹਨ ਤੇ ਉਹ ਉਸੇ ਵਿਚ ਹੀ ਮਾਹਿਰ ਬਣ ਜਾਂਦੇ ਹਨ।

(18) ਮੁਸੀਬਤ ਵਿਚ ਵੀ ਹਿੰਮਤ ਦਿਖਾਉਣ ਦੀ ਯੋਗਤਾ ਇਹ ਦਰਸਾਉਂਦੀ ਹੈ ਕਿ ਲਾਲਚ ਵਿਚ ਸੰਜਮ ਰੱਖਣਾ, ਦੁੱਖ ਵਿਚ ਹੱਸਣਾ, ਨਿਰਾਸ਼ਾ ਵਿਚ ਚਰਿਤਰ ਦਿਖਾਉਣਾ, ਰੁਕਾਵਟਾਂ 'ਚ ਮੌਕੇ ਤਲਾਸ਼ਣਾ-ਇਹ ਸਾਰੇ ਗੁਣ ਕਿਸਮਤ ਨਾਲ ਨਹੀਂ ਮਿਲਦੇ ਸਗੋਂ ਉਹ ਤਾਂ ਲਗਾਤਾਰ ਤੇ ਅਨੁਕੂਲ ਸਰੀਰਕ ਤੇ ਮਾਨਸਿਕ ਸਿਖਲਾਈ ਦਾ ਨਤੀਜਾ ਹਨ।

(19) ਆਪਣੇ ਵਿਚਾਰ ਆਪਾਂ ਨੂੰ ਕੰਮ ਵੱਲ ਲੈ ਜਾਂਦੇ ਹਨ ਤੇ ਆਪਣੇ ਕੰਮ ਆਦਤਾਂ ਵੱਲ, ਆਦਤਾਂ ਚਰਿੱਤਰ ਵੱਲ। ਚਰਿੱਤਰ ਹੀ ਆਪਣਾ ਭਵਿੱਖ ਜਾਂ ਕਿਸਮਤ ਬਣਾਉਂਦਾ ਹੈ।

(20) ਅਵਚੇਤਨ ਮਨ ਬਗੀਚੇ ਵਾਂਗ ਹੈ ਇਹ ਇਸ ਗੱਲ ਦੀ ਪ੍ਰਵਾਹ ਨਹੀਂ ਕਰਦਾ ਕਿ ਤੁਸੀਂ ਕਿਹੜਾ ਪੌਦਾ ਲਾਇਆ ਹੈ।

(21) ਚੰਗੀਆਂ ਆਦਤਾਂ ਅਪਨਾਉਣਾ ਔਖਾ ਹੁੰਦੈ ਪਰ ਉਨ੍ਹਾਂ ਨਾਲ ਜਿਊਣਾ ਸੌਖਾ ਹੁੰਦੈ।

(22) ਜਦੋਂ ਆਪਾਂ ਆਪਣੇ ਆਪ ਨੂੰ ਇਕ ਵਾਰੀ ਵੀ ਝੂਠ ਬੋਲਣ ਦੀ ਆਗਿਆ ਦੇ ਦਿੰਦੇ ਹਾਂ ਤਾਂ ਇੰਜ ਦੂਜੀ ਵਾਰ ਕਰਨਾ ਬਹੁਤ ਅਸਾਨ ਹੋ ਜਾਂਦੈ ਅਤੇ ਤੀਸਰੀ ਵਾਰ ਇਹ ਇੱਕ ਆਦਤ ਬਣ ਜਾਂਦੀ ਹੈ, ਇਸ ਆਦਤ ਤੋਂ ਬਚਣਾ ਹੈ।

(23) ਕਾਇਮ ਉਸ ਗੱਲ 'ਤੇ ਰਹੋ ਜਿਸਨੂੰ ਕਰਨਾ ਜ਼ਰੂਰੀ ਹੈ ਅਤੇ ਸੰਜਮ ਉਸ ਤੋਂ ਰੱਖੋ ਜਿਹੜੀ ਨੁਕਸਾਨਦੇਹ ਜਾਂ ਇੱਕ ਆਦਤ ਬਣ ਜਾਂਦੀ ਹੈ।

(25) ਤੁਸੀਂ ਬੁੱਢੇ ਕੁੱਤੇ ਨੂੰ ਨਵੀਆਂ ਚਲਾਕੀਆਂ ਨਹੀਂ ਸਿਖਾ ਸਕਦੇ।

(26) ਸਫਲ ਵਿਅਕਤੀਆਂ ਦੀ ਸਫਲਤਾ ਦਾ ਰਾਜ਼ ਇਹ ਹੈ ਕਿ ਉਹ ਉਸ ਚੀਜ ਦੀ ਆਦਤ ਪਾ ਲੈਂਦੇ ਹਨ ਜਿਹੜੀ ਅਸਫਲ ਵਿਅਕਤੀ ਕਰਨਾ ਪੰਸਦ ਨਹੀਂ ਕਰਦੇ।

ਪੇਸ਼ਕਾਰ-ਪਰਮਜੀਤ ਸਿੰਘ ਦਾਖਾ

# ਅਫਗਾਨਿਸਤਾਨ 'ਚ ਗੁਰੂ ਦੇ ਸਿੱਖ

**ਮਨੋਹਰ ਸਿੰਘ ਬੱਤਰਾ**

ਅਫ਼ਗਾਨਿਸਤਾਨ ਵਿਚ ਗੁਰੂ ਨਾਨਕ ਦੇ ਨਾਮ ਲੇਵਾ ਸਿੱਖਾਂ ਉਤੇ ਬੜੀ ਭੀੜ ਬਣੀ ਹੋਈ ਹੈ। ਉਸ ਦੇਸ਼ ਵਿਚ ਖਾਨਾਜੰਗੀ ਤੋਂ ਪਹਿਲਾਂ ਉਥੇ ਤਕਰੀਬਨ 50 ਹਜ਼ਾਰ ਸਿੱਖ ਰਹਿੰਦੇ ਸਨ ਜਿਨ੍ਹਾਂ ਦੀ ਗਿਣਤੀ ਘਟ ਕੇ ਹੁਣ 12 ਤੋਂ 15 ਸੌ ਦੇ ਦਰਮਿਆਨ ਰਹਿ ਗਈ ਹੈ। ਉਹ ਬੇਵੱਸ, ਬੇਸਹਾਰਾ ਅਤੇ ਲਾਚਾਰ ਉਥੇ ਬੈਠੇ ਹਨ ਅਤੇ ਮਾਲੀ ਸਾਧਨ ਤੇ ਰਸੂਖ ਨਾ ਹੋਣ ਕਰਕੇ ਡਰ ਤੇ ਸਹਿਮ ਵਿਚ ਗੁਰੂ ਦੇ ਆਸਰੇ ਦਿਨ ਬਤੀਤ ਕਰ ਰਹੇ ਹਨ। ਇਨ੍ਹਾਂ ਵਿਚ ਢਾਈ-ਤਿੰਨ ਸੌ ਔਰਤਾਂ ਹਨ ਅਤੇ ਇਹ ਮੁੱਖ ਤੌਰ 'ਤੇ ਕਾਬੁਲ, ਕੰਧਾਰ, ਗ਼ਜ਼ਨੀ ਤੇ ਜਲਾਲਾਬਾਦ ਵਰਗੇ ਸ਼ਹਿਰਾਂ ਵਿਚ ਹਨ। ਪਹਿਲਾਂ ਉਹ ਤਾਲਿਬਾਨ ਸਰਕਾਰ ਕੋਲੋਂ ਪਾਸਪੋਰਟ ਲੈਣ ਵਿਚ ਅਸਮਰਥ ਸਨ ਅਤੇ ਉਨ੍ਹਾਂ ਨੂੰ ਵੀਜ਼ਾ ਲੈਣ ਲਈ ਵੀ ਕਾਫ਼ੀ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਸੀ।

ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ 1520 ਈਸਵੀ ਵਿਚ ਅਫ਼ਗਾਨਿਸਤਾਨ ਦੀ ਯਾਤਰਾ ਕੀਤੀ, ਤਾਂ ਸਿੱਖੀ ਦਾ ਬੂਟਾ ਪਹਿਲੀ ਵਾਰ ਮਹਿਕਿਆ। ਧਰਮਸ਼ਾਲਾਵਾਂ ਦੀ ਸਥਾਪਨਾ ਹੋਈ ਅਤੇ ਸਤਿਸੰਗ ਦੀ ਪ੍ਰਥਾ ਨੇ ਜਨਮ ਲਿਆ। 1540 ਵਿਚ ਬਾਬਾ ਸ੍ਰੀਚੰਦ ਕਾਬੁਲ ਤੇ ਕੰਧਾਰ ਗਏ ਜਿਥੇ ਉਨ੍ਹਾਂ ਦੀ ਯਾਦ ਵਿਚ ਧਰਮਸਥਾਨ ਕਾਇਮ ਕੀਤੇ ਗਏ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਵੀ ਕਈ ਸਿੱਖ ਪਰਿਵਾਰ ਅਫ਼ਗਾਨਿਸਤਾਨ ਵਿਚ ਜਾ ਵਸੇ। ਕੰਧਾਰ ਦੇ ਪਿੰਡਾਂ ਵਿਚ ਕਰੀਬ ਇਕ ਹਜ਼ਾਰ ਸਿੱਖ ਵਸੋਂ ਸੀ ਜਿਹੜੇ ਜ਼ਿਆਦਾਤਰ ਖੇਤੀਬਾੜੀ ਵਿਚ ਰੁੱਝੇ ਹੋਏ ਸਨ। ਜਦੋਂ ਤਾਲਿਬਾਨ ਸੱਤਾ ਵਿਚ ਆਏ ਤਾਂ ਉਨ੍ਹਾਂ ਨੇ ਹਿੰਦੂਆਂ ਤੇ ਸਿੱਖਾਂ ਉਪਰ ਸਖਤੀ ਕਰਨ ਦੀ ਕੋਸ਼ਿਸ਼ ਕੀਤੀ ਅਤੇ ਉਨ੍ਹਾਂ ਨੂੰ ਪੀਲਾ ਵਸਤਰ ਪਾਉਣ ਦੀ ਹਦਾਇਤ ਕੀਤੀ ਗਈ ਤਾਂ ਜੋ ਉਨ੍ਹਾਂ ਦੀ ਪਛਾਣ ਹੋ ਸਕੇ। ਸਿੱਖਾਂ ਨੂੰ ਗੁਰਦੁਆਰੇ ਜਾਣ ਦੇ ਰਾਹ ਵਿਚ ਕੋਈ ਰੁਕਾਵਟਾਂ ਨਹੀਂ ਪਾਈਆਂ ਗਈਆਂ ਪਰ ਸਿੱਖ ਇਸਤਰੀਆਂ ਨੂੰ ਬੁਰਕਾ ਪਹਿਨ ਕੇ ਬਾਹਰ ਨਿਕਲਣਾ ਪੈਂਦਾ। ਸਿੱਖਾਂ ਨੂੰ ਇਹ ਹੁਕਮ ਜ਼ਰੂਰ ਦਿੱਤਾ ਗਿਆ ਕਿ ਉਹ ਆਪਣੇ ਗੁਰਦੁਆਰੇ ਉਤੇ ਨਿਸ਼ਾਨ ਸਾਹਿਬ ਉਚਾ ਨਾ ਝੁਲਾਉਣ। ਨਾਲ ਹੀ ਕੋਈ ਵੀ ਹਿੰਦੂ ਜਾਂ ਸਿੱਖ ਕਿਸੇ ਮੁਸਲਮਾਨ ਨਾਲ ਇਕੋ ਘਰ ਜਾਂ ਹਵੇਲੀ ਵਿਚ ਨਹੀਂ ਸੀ ਰਹਿ ਸਕਦਾ। ਹਿੰਦੂ-ਸਿੱਖ ਤੀਵੀਆਂ ਸੋਨੇ ਦਾ ਕੋਈ ਗਹਿਣਾ ਨਹੀਂ ਸਨ ਪਹਿਨ ਸਕਦੀਆਂ, ਕੋਈ ਹਿੰਦੂ ਜਾਂ ਸਿੱਖ ਚਿੱਟੀ ਪੱਗ ਨਹੀਂ ਸੀ ਬੰਨ੍ਹ ਸਕਦਾ ਅਤੇ ਨਾ ਹੀ ਘੋੜੇ ਦੀ ਸਵਾਰੀ ਕਰ ਸਕਦਾ ਸੀ।

ਕੰਮ ਕਾਰਨ ਕਈ ਵਾਰ ਅਫ਼ਗਾਨਿਸਤਾਨ ਜਾਣ ਦਾ ਮੌਕਾ ਮਿਲਿਆ ਤਾਂ ਕਾਬੁਲ ਵਿਚ ਸੱਤ ਗੁਰਦੁਆਰਿਆਂ ਦੇ ਦਰਸ਼ਨ ਕੀਤੇ। ਬਾਦਸ਼ਾਹ ਜ਼ਾਹਿਰ ਸ਼ਾਹ ਦੇ ਸਮੇਂ ਸਿੱਖਾਂ ਨੂੰ ਧਰਮ ਦੀ ਪੂਰੀ ਆਜ਼ਾਦੀ ਸੀ ਅਤੇ ਕਿਸੇ ਤਰ੍ਹਾਂ ਦੀ ਦਖਲਅੰਦਾਜ਼ੀ ਨਹੀਂ ਸੀ ਕੀਤੀ ਜਾਂਦੀ। ਬਾਅਦ ਵਿਚ ਕਈ ਹਿੰਦੂਆਂ ਨੂੰ ਜ਼ੋਰੀ ਨਮਾਜ਼ ਪੜ੍ਹਾਉਣ ਦੀਆਂ ਕੁਝ ਵਾਰਦਾਤਾਂ ਹੋਈਆਂ। ਇਕ ਵਾਰੀ ਤਾਲਿਬਾਨ ਨੇ ਇਕ ਸਿੱਖ ਦੀ ਦੇਹ ਦਾ ਸਸਕਾਰ ਕਰਨ ਦੀ ਇਜਾਜ਼ਤ ਨਾ ਦਿੱਤੀ ਅਤੇ ਸਿੱਖਾਂ ਨੂੰ ਉਹ ਦੇਹ ਸਸਕਾਰ ਲਈ ਬਹੁਤ ਦੂਰ ਲਿਜਾਣੀ ਪਈ। ਫਿਰ ਵੀ ਮੁਰਦੇ ਤੋਂ ਕਫ਼ਨ ਉਤਾਰ ਕੇ ਉਸ ਨੂੰ ਚੰਗੀ ਤਰ੍ਹਾਂ ਘੋਖਿਆ, ਵੇਖਿਆ ਗਿਆ ਕਿ ਇਹ ਕਿਤੇ ਕੋਈ ਬੁੱਤ ਹੀ ਤਾਂ ਨਹੀਂ ਜਿਸ ਨੂੰ ਕਿਸੇ ਰਸਮ ਲਈ ਲਿਜਾਇਆ ਜਾ ਰਿਹਾ ਹੋਵੇ।

ਕਾਬੁਲ ਵਿਚ ਅੱਠ ਗੁਰਦੁਆਰਿਆਂ ਲਈ ਸ਼ਾਨਦਾਰ ਇਮਾਰਤਾਂ ਦੀ ਉਸਾਰੀ ਕੀਤੀ ਗਈ ਸੀ। ਅਫ਼ਗਾਨਿਸਤਾਨ ਦੀ ਖਾਨਾਜੰਗੀ ਵਿਚ ਹੋਈ ਘਸਮਾਨ ਦੀ ਲੜਾਈ ਵਿਚ ਗੁਰਦੁਆਰਾ ਖਾਲਸਾ ਜੀ ਦੀ ਬਿਲਡਿੰਗ ਨੂੰ ਨੁਕਸਾਨ ਪੁੱਜਾ। ਇਕ ਤਰ੍ਹਾਂ ਨਾਲ ਇਹ ਇਮਾਰਤ ਖੰਡਰ ਬਣ ਗਈ ਅਤੇ ਗੁਰਦੁਆਰੇ ਨੂੰ ਪਛਾਣਨਾ ਮੁਸ਼ਕਿਲ ਹੋ ਗਿਆ ਪਰ ਧੰਨ ਹਨ ਗੁਰੂ ਦੇ ਸਿੱਖ ਜਿਨ੍ਹਾਂ ਦੇ ਸੱਤਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਿ ਰਾਏ ਸਾਹਿਬ ਵੱਲੋਂ ਭਾਈ ਗੋਂਦਾ ਜੀ ਨੂੰ ਬਖਸ਼ੀ ਮੰਜੀ ਕਾਬੁਲ ਤੋਂ ਲੈ ਆਂਦੀ, ਜਿਹੜੀ ਹੁਣ ਨਵੀਂ ਦਿੱਲੀ ਦੇ ਗੁਰਦੁਆਰਾ ਗ੍ਰੇਟਰ ਕੈਲਾਸ਼-2 ਵਿਚ ਸੁਸ਼ੋਭਿਤ ਹੈ, ਅਤੇ ਜਿਸ ਦੇ ਦਰਸ਼ਨ ਸੰਗਤਾਂ ਹਰ ਸਮੇਂ ਕਰ ਸਕਦੀਆਂ ਹਨ। ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ ਦੀ ਇਸ ਬਖਸ਼ਿਸ਼ ਦਾ ਵਰਣਨ ਗਿਆਨੀ ਜੈ ਸਿੰਘ ਨੇ ਇਸ ਪ੍ਰਕਾਰ ਕੀਤਾ ਹੈ:

ਗੋਂਦੇ ਤਾਈ ਬੁਲਾ ਫਿਰ ਸਤਿਗੁਰ ਮੰਜੀ ਬਖ਼ਸ਼ਿਸ਼ ਕੀਤੀ।
ਰਹਿੰਦੀ ਉਮਰਾ ਭਾਈ ਗੋਂਦੇ ਦੀ ਕਾਬੁਲ ਅੰਦਰ ਬੀਤੀ।
ਧੰਨ ਧੰਨ ਹਰ ਰਾਏ ਸਤਿਗੁਰੂ ਧੰਨ ਧੰਨ ਭਾਈ ਗੋਂਦਾ।
ਨਾਲ ਗੁਰੂ ਦੇ ਨਾਮ ਸਿੱਖ ਦਾ ਵਿਚ ਇਤਿਹਾਸ ਦੇ ਸੋਂਹਦਾ।

ਗੁਰੂ ਹਰਿ ਰਾਏ ਸਾਹਿਬ ਦੇ ਪ੍ਰਕਾਸ਼ ਦਿਵਸ 'ਤੇ ਹਰ ਸਾਲ ਗ੍ਰੇਟਰ ਕੈਲਾਸ਼-2 ਦੇ ਗੁਰਦੁਆਰੇ ਵਿਚ ਗੁਰਮਤਿ ਸਮਾਗਮ ਕੀਤਾ ਜਾਂਦਾ ਹੈ।

ਕਾਬੁਲ ਦੇ ਨੇੜੇ ਕਾਰਤਾ-ਇ-ਪਰਵਾਨ ਵਿਚ 1970 ਵਿਚ ਆਲੀਸ਼ਾਨ ਗੁਰਦੁਆਰਾ ਬਣਾਇਆ ਗਿਆ ਜਿਸ ਵਿਚ ਮੁਸਾਫ਼ਰਖਾਨੇ ਅਤੇ ਕੁਝ ਰਿਹਾਇਸ਼ੀ ਕਮਰਿਆਂ ਦਾ ਨਿਰਮਾਣ ਵੀ ਹੋਇਆ। ਉਥੇ ਗੁਰੂ ਦੇ ਸਿੱਖਾਂ ਨੇ ਗੁਰੂ ਨਾਨਕ ਧਾਰਮਿਕ ਸਕੂਲ ਦੀ ਸਥਾਪਨਾ ਕੀਤੀ ਅਤੇ ਨਾਲ ਹੀ ਡਿਸਪੈਂਸਰੀ ਖੋਲ੍ਹੀ। ਉਥੇ ਹੁਣ ਇਹ ਸਭ ਸਹੂਲਤਾਂ ਨਹੀਂ ਹਨ ਪਰ ਬਦਅਮਨੀ ਦਾ ਸ਼ਿਕਾਰ ਹੋਏ ਕੁਝ ਸਿੱਖ ਉਥੇ ਰਹਿੰਦੇ ਹਨ। ਉਨ੍ਹਾਂ ਨੇ ਰੌਲੇ-ਗ਼ੌਲੇ ਦੇ ਮੱਦੇਨਜ਼ਰ ਕੁਝ ਰਸਦ ਅੰਦਰ ਪਾ ਲਈ ਅਤੇ ਉਥੇ ਗੁਰੂ ਲੰਗਰ ਚੱਲਦਾ ਰਹਿੰਦਾ ਹੈ।

ਕੁਝ ਸਿੰਘ, ਜੋ ਅਫ਼ਗਾਨਿਸਤਾਨ ਛੱਡ ਕੇ ਪਾਕਿਸਤਾਨ ਪਹੁੰਚਣ ਵਿਚ ਕਾਮਯਾਬ ਹੋ ਗਏ ਸਨ, ਉਹ ਪੇਸ਼ਾਵਰ ਵਿਚ ਭਾਈ ਜੋਗਾ ਸਿੰਘ ਦੇ ਗੁਰਦੁਆਰੇ ਅਤੇ ਹਸਨ ਅਬਦਾਲ ਵਿਚ ਗੁਰਦੁਆਰਾ ਪੰਜਾ ਸਾਹਿਬ ਵਿਖੇ ਡੇਰਾ ਲਾਈ ਬੈਠੇ ਰਹੇ। ਕੁਝ ਸਿੱਖ ਲਾਹੌਰ ਵਿਚ ਗੁਰਦੁਆਰਾ ਡੇਹਰਾ ਸਾਹਿਬ ਵਿਚ ਵੀ ਠਹਿਰੇ ਹਨ ਪਰ ਉਹ ਬੇਸਹਾਰਾ ਸਨ। ਉਨ੍ਹਾਂ ਦੀ ਬਾਤ ਪੁੱਛਣ ਵਾਲਾ ਕੋਈ ਨਹੀਂ। ਭਾਰਤ ਸਰਕਾਰ ਨੇ ਅਫ਼ਗਾਨਿਸਤਾਨ ਦੇ ਸਿੱਖਾਂ ਨੂੰ ਇਸ ਦੇਸ਼ ਵਿਚ ਲਿਆਉਣ ਦਾ ਕੋਈ ਉਪਰਾਲਾ ਨਹੀਂ ਕੀਤਾ ਅਤੇ ਉਨ੍ਹਾਂ ਨੂੰ ਬੇਸਹਾਰਾ ਛੱਡ ਦਿੱਤਾ ਗਿਆ ਹੈ। ਸਰਕਾਰ ਉਨ੍ਹਾਂ ਨੂੰ ਅਫ਼ਗਾਨ ਅਰਥਾਤ ਵਿਦੇਸ਼ੀ ਨਾਗਰਿਕ ਹੀ ਕਹਿੰਦੀ ਹੈ ਅਤੇ ਉਨ੍ਹਾਂ ਨੂੰ ਭਾਰਤੀ ਮੂਲ ਦੇ ਵਿਅਕਤੀ ਨਹੀਂ ਸਮਝਦੀ।

ਜਿਹੜੇ ਅਫ਼ਗਾਨ ਮੁਸਲਮਾਨ ਨਾਗਰਿਕ ਅਫ਼ਗਾਨਿਸਤਾਨ ਤੋਂ ਉਜੜ ਕੇ ਭਾਰਤ ਆਏ, ਸੰਯੁਕਤ ਰਾਸ਼ਟਰ ਦੇ ਸ਼ਰਨਾਰਥੀਆਂ ਬਾਰੇ ਹਾਈ ਕਸ਼ਿਮਨਰ ਦੇ ਨਵੀਂ ਦਿੱਲੀ ਵਿਚ ਦਫ਼ਤਰ ਵੱਲੋਂ ਉਨ੍ਹਾਂ ਦੇ ਨਾਂ ਰਜਿਸਟਰ ਕਰ ਕੇ ਉਨ੍ਹਾਂ ਨੂੰ ਬਾਕਾਇਦਾ ਭੱਤਾ ਦਿੱਤਾ ਗਿਆ ਪਰ ਤਕਰੀਬਨ 60 ਫ਼ੀਸਦ ਹਿੰਦੂ ਤੇ ਸਿੱਖ ਸ਼ਰਨਾਰਥੀਆਂ ਦੇ ਮਾਮਲੇ ਵਿਚ ਬਿਆਨ ਇਸ ਆਧਾਰ 'ਤੇ ਰੱਦ ਕਰ ਦਿੱਤੇ ਗਏ ਕਿ ਉਹ ਭਾਰਤੀ ਮੂਲ ਦੇ ਹਨ ਅਤੇ ਉਨ੍ਹਾਂ ਦੀ ਬੋਲੀ ਤੇ ਧਰਮ ਭਾਰਤੀਆਂ ਨਾਲ ਸਾਂਝਾ ਹੈ। 1992 ਤੋਂ ਮਗਰੋਂ ਜਿਹੜੇ ਮੁਸਲਿਮ ਅਫ਼ਗਾਨ ਬੇਘਰ ਹੋ ਕੇ ਭਾਰਤ ਪੁੱਜੇ, ਉਨ੍ਹਾਂ ਨੂੰ ਸੰਯੁਕਤ ਰਾਸ਼ਟਰ ਵੱਲੋਂ ਆਸਟਰੇਲੀਆ, ਕੈਨੇਡਾ, ਹਾਲੈਂਡ, ਜਰਮਨੀ, ਇੰਗਲੈਂਡ ਅਤੇ ਡੈਨਮਾਰਕ ਆਦਿ ਦੇਸ਼ਾਂ ਵਿਚ ਜਾ ਕੇ ਵਸਣ ਵਿਚ ਸਹਾਇਤਾ ਦਿੱਤੀ ਗਈ। ਉਨ੍ਹਾਂ ਵਿਚੋਂ ਤਕਰੀਬਨ 90 ਫ਼ੀਸਦ ਸ਼ਰਨਾਰਥੀ ਬਾਹਰਲੇ ਦੇਸ਼ਾਂ ਵਿਚ ਜਾ ਕੇ ਵਸ ਚੁੱਕੇ ਹਨ ਅਤੇ ਕੇਵਲ 10 ਫ਼ੀਸਦ ਇਥੇ ਬਾਕੀ ਹਨ ਪਰ ਸਿੱਖਾਂ ਤੇ ਹਿੰਦੂਆਂ ਦੇ ਦਰਜੇ ਬਾਰੇ ਕੋਈ ਗੱਲ ਨਹੀਂ ਕੀਤੀ ਜਾਂਦੀ।

ਜਿਹੜੇ 45 ਕੁ ਹਜ਼ਾਰ ਗ਼ੈਰ-ਮੁਸਲਿਮ ਅਫ਼ਗਾਨਿਸਤਾਨ ਤੋਂ ਭੱਜ ਕੇ ਆਏ ਹਨ, ਉਨ੍ਹਾਂ ਵਿਚੋਂ ਬਹੁਗਿਣਤੀ ਸਿੱਖਾਂ ਦੀ ਹੈ। ਉਨ੍ਹਾਂ ਵਿਚੋਂ ਬਹੁਤ ਸਾਰੇ ਆਪਣੇ ਖਰਚ ਉਤੇ ਯੂ.ਕੇ., ਜਰਮਨੀ ਤੇ ਕੁਝ ਹੋਰ ਦੇਸ਼ਾਂ ਵਿਚ ਜਾ ਵਸੇ ਹਨ ਅਤੇ ਉਨ੍ਹਾਂ ਨੂੰ ਉਥੇ ਅਫ਼ਗਾਨ ਸ਼ਰਨਾਰਥੀਆਂ ਦਾ ਦਰਜਾ ਤੇ ਸਹੂਲਤਾਂ ਦਿੱਤੀਆਂ ਗਈਆਂ ਹਨ। ਕੋਈ ਦੋ ਕੁ ਹਜ਼ਾਰ ਅਫ਼ਗਾਨ ਸਿੱਖ ਯੂ.ਕੇ. ਪਹੁੰਚ ਗਏ ਹਨ ਪਰ ਭਾਰਤ ਸਰਕਾਰ ਅਫ਼ਗਾਨਿਸਤਾਨ ਤੋਂ ਬੇਘਰ ਹੋ ਕੇ ਇਥੇ ਆਏ ਸਿੱਖਾਂ ਨੂੰ ਅਫ਼ਗਾਨ ਨਾਗਰਿਕ ਹੀ ਕਹਿੰਦੀ ਹੈ ਅਤੇ ਉਨ੍ਹਾਂ ਨੂੰ ਸ਼ਰਨਾਰਥੀਆਂ ਵਰਗੀਆਂ ਕੋਈ ਸਹੂਲਤਾਂ ਦੇਣ ਦਾ ਪ੍ਰਬੰਧ ਨਹੀਂ ਕੀਤਾ ਗਿਆ। ਉਹ ਭਾਵੇਂ ਇਥੋਂ ਹੀ ਅੰਗਰੇਜ਼ੀ ਫ਼ੌਜ ਨਾਲ ਉਥੇ ਗਏ ਸਨ ਜਾਂ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਉਥੇ ਪੁੱਜੇ ਸਨ।

ਯੂਰਪ ਵਿਚ ਜਾ ਕੇ ਵਸੇ ਅਫ਼ਗਾਨ ਸਿੱਖਾਂ ਦਾ ਕਹਿਣਾ ਹੈ ਕਿ ਇਸ ਵੇਲੇ ਸਾਬਤ-ਸੂਰਤ ਦਸਤਾਰ ਵਾਲੇ ਸਿੱਖਾਂ ਦੇ ਡੇਢ ਹਜ਼ਾਰ ਟੱਬਰ ਜਰਮਨੀ ਵਿਚ ਹਨ, ਸਾਢੇ ਤਿੰਨ ਸੌ ਹਾਲੈਂਡ ਵਿਚ ਅਤੇ ਡੇਢ ਸੌ ਦੇ ਲਗਪਗ ਕੈਨੇਡਾ ਵਿਚ ਪੂਰੀ ਖਾਲਸਾਈ ਸ਼ਾਨ ਨਾਲ ਰਹਿੰਦੇ ਹਨ। ਉਨ੍ਹਾਂ ਨੂੰ ਕੇਵਲ ਆਪਣੀ ਅਗਲੀ ਪੀੜ੍ਹੀ ਦੀ ਚਿੰਤਾ ਹੈ ਕਿਉਂਕਿ ਪੱਛਮੀ ਸਭਿਅਤਾ ਬੜੀ ਬੇਦਰਦੀ ਨਾਲ ਪੂਰਬ ਦੀ ਸੰਸਕ੍ਰਿਤੀ ਨੂੰ ਮਗਰਮੱਛ ਵਾਂਗ ਨਿਗਲ ਰਹੀ ਹੈ। ਇਨ੍ਹਾਂ ਗੁਰਸਿੱਖਾਂ ਨੇ ਅਫ਼ਗਾਨਿਸਤਾਨ ਵਰਗੇ ਕੱਟੜ ਇਸਲਾਮੀ ਦੇਸ਼ ਵਿਚ ਗੁਰਸਿੱਖੀ ਨੂੰ ਕਾਇਮ ਰੱਖਿਆ ਅਤੇ ਦਸਮ ਪਾਤਸ਼ਾਹ ਵੱਲੋਂ ਪਵਿੱਤਰ ਅੰਮ੍ਰਿਤ ਦੀ ਦਿੱਤੀ ਦਾਤ ਗ੍ਰਹਿਣ ਕਰ ਕੇ ਖਾਲਸਈ ਮਰਯਾਦਾ ਨੂੰ ਆਪਣੇ ਪ੍ਰਾਣਾਂ ਤੋਂ ਵੀ ਉਚਾ ਸਮਝ ਕੇ ਉਸ ਦੀ ਪਾਲਣਾ ਕੀਤੀ ਸੀ। ਲੱਗਦਾ ਹੈ ਕਿ ਉਨ੍ਹਾਂ ਨੂੰ ਵਿਸ਼ਵੀਕਰਨ ਅਤੇ ਖੁਰਦੀ ਜਾ ਰਹੀ ਨੈਤਿਕਤਾ ਦੇ ਇਸ ਘੁੰਮਣਘੇਰੀਆਂ ਭਰੇ ਸਮੁੰਦਰ ਵਰਗੇ ਸੰਸਾਰ ਵਿਚ ਪੂਰਨ ਵਿਸ਼ਵਾਸ ਨਹੀਂ ਕਿ ਕੀ ਉਨ੍ਹਾਂ ਦੀ ਅਗਲੀ ਪੀੜ੍ਹੀ ਉਸੇ ਸਿਦਕ, ਸ਼ਰਧਾ ਤੇ ਵਿਸ਼ਵਾਸ ਨਾਲ ਕਲਗੀਧਰ ਪਿਤਾ ਵੱਲੋਂ ਦਿੱਤੇ ਗਏ ਉਪਦੇਸ਼ਾਂ ਉਤੇ ਫੁੱਲ ਚਾੜ੍ਹਦੀ ਰਹੇਗੀ। ਇਸ ਵੇਲੇ ਅਫ਼ਗਾਨਿਸਤਾਨ ਦੀ ਸਿੱਖ ਸੰਗਤ ਭਾਰਤੀ ਸਿੱਖਾਂ ਨਾਲੋਂ ਵੀ ਵੱਧ ਵਿਸ਼ਵਾਸੀ ਤੇ ਸ਼ਰਧਾਵਾਨ ਹੈ ਅਤੇ ਜਿਥੇ ਕਿੱਥੇ ਵੀ ਉਹ ਗਏ ਹਨ, ਉਥੇ ਗੁਰੂ ਨਾਨਕ ਦੀ ਪਵਿੱਤਰ ਬਾਣੀ ਦੀ ਧੁਨੀ ਸੁਣਾਈ ਦੇ ਰਹੀ ਹੈ ਅਤੇ ਕਲਗੀ ਵਾਲੇ ਪਿਤਾ ਵੱਲੋਂ ਦਿੱਤੀ ਗਈ ਦਸਤਾਰ ਚਮਕ ਤੇ ਦਮਕ ਰਹੀ ਹੈ। ਲੰਦਨ ਦਾ ਗੁਰਦੁਆਰਾ ਗੁਰੂ ਨਾਨਕ ਦਰਬਾਰ ਇਸ ਦੀ ਸ਼ਾਨਦਾਰ ਮਿਸਾਲ ਹੈ ਜਿਹੜਾ ਅਫ਼ਗਾਨ ਸਿੱਖਾਂ ਵੱਲੋਂ ਸਥਾਪਤ ਕੀਤਾ ਗਿਆ ਹੈ ਅਤੇ ਜਿਥੇ ਸੰਗਤਾਂ ਬੜੇ ਚਾਅ ਤੇ ਉਮਾਹ ਨਾਲ ਦੀਵਾਨ ਸਜਾਉਂਦੀਆਂ ਹਨ।

ਅਫ਼ਗਾਨਿਸਤਾਨ ਵਿਚ ਅਮਰੀਕਾ, ਬਰਤਾਨੀਆ ਅਤੇ ਉਨ੍ਹਾਂ ਦੇ ਸਾਥੀ ਦੇਸ਼ਾਂ ਦੀਆਂ ਫ਼ੌਜਾਂ ਅੰਧਾਧੁੰਦ ਬੰਬਾਰੀ ਕਰਦੀਆਂ ਰਹਿੰਦੀਆਂ ਹਨ। ਇਹ ਦੇਸ਼ ਕਈ ਤਰ੍ਹਾਂ ਨਾਲ ਅਭਾਗਾ ਹੈ। ਪਹਿਲਾਂ ਪਾਕਿਸਤਾਨ ਨੇ ਆਪਣੀ ਖ਼ੁਦਗਰਜ਼ੀ ਕਾਰਨ ਮੁਜਾਹਿਦੀਨ ਦੀ ਫ਼ੌਜ ਬਣਾਈ, ਜਿਸ ਨੇ ਮੁਲਕ ਵਿਚ ਗ੍ਰਹਿ ਯੁੱਧ ਸ਼ੁਰੂ ਕੀਤਾ ਅਤੇ ਜਦੋਂ ਪਾਕਿਸਤਾਨੀ ਹਾਕਮਾਂ ਨੇ ਮੁਜਾਹਿਦੀਨ ਦੁਆਰਾ ਆਪਣੀ ਗ਼ਰਜ਼ ਪੂਰੀ ਹੁੰਦੀ ਨਾ ਵੇਖੀ ਤਾਂ ਮੁਸਲਿਮ ਨੌਜਵਾਨ ਮੌਲਾਣਿਆਂ ਨੂੰ ਤਾਲਿਬਾਨ ਦੇ ਰੂਪ ਵਿਚ ਲਾਮਬੰਦ ਕਰ ਦਿੱਤਾ। ਤਾਲਿਬਾਨ ਨੇ ਮਜ਼੍ਹਬੀ ਕੱਟੜਤਾ ਨੂੰ ਜਨੂੰਨ ਦੀ ਹੱਦ ਤਕ ਪਹੁੰਚਾ ਕੇ ਆਪਣੇ ਹੀ ਲੋਕਾਂ ਦੀ ਜੀਵਨ ਪੱਧਰ ਪੂਰਬ-ਇਤਿਹਾਸਕ ਸੀਮਾ ਤਕ ਪਹੁੰਚਾ ਦਿੱਤੀ। ਓਸਾਮਾ ਬਿਨ ਲਾਦੇਨ ਵਰਗੇ ਅਤਿਵਾਦੀ ਨੂੰ ਪਨਾਹ ਦੇ ਕੇ ਉਨ੍ਹਾਂ ਨੇ ਵਿਸ਼ਵ ਦੀਆਂ ਸਭ ਤੋਂ ਵੱਧ ਸ਼ਕਤੀਸ਼ਾਲੀ ਤਾਕਤਾਂ ਨਾਲ ਦੁਸ਼ਮਣੀ ਮੁੱਲ ਲਈ ਅਤੇ ਹੁਣ ਉਨ੍ਹਾਂ ਦਾ ਦੇਸ਼ ਪੂਰਨ ਤਬਾਹੀ ਦੇ ਕਿਨਾਰੇ ਖੜ੍ਹਾ ਹੈ।

ਇਸ ਸਰਬ-ਨਾਸ਼ਕ ਘੱਲੂਘਾਰੇ ਵਿਚ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਦੇ ਨਾਮ ਲੇਵਾ ਸਿੱਖ, ਜਿਨ੍ਹਾਂ ਦਾ ਤਾਲਿਬਾਨ ਦੀ ਮਾਨਸਿਕਤਾ ਅਤੇ ਨੀਤੀਆਂ ਨਾਲ ਦੂਰ ਦਾ ਵੀ ਕੋਈ ਵਾਸਤਾ ਨਹੀਂ, ਚੱਕੀ ਦੇ ਦੋ ਪੁੜਾਂ ਵਿਚ ਪਿਸ ਗਏ ਹਨ। ਭਾਰਤ ਸਰਕਾਰ ਦਾ ਇਹ ਫ਼ਰਜ਼ ਸੀ ਕਿ ਜਿਹੜੇ ਸਿੱਖ ਤੇ ਹਿੰਦੂ, ਤਾਲਿਬਾਨ ਪੀੜਤ ਅਫ਼ਗਾਨਿਸਤਾਨ ਵਿਚੋਂ ਨਿਕਲਣਾ ਚਾਹੁੰਦੇ ਸਨ, ਉਨ੍ਹਾਂ ਦੇ ਉਥੋਂ ਸੁਰੱਖਿਅਤ ਨਿਕਲਣ ਵਿਚ ਇਹ ਸਹਾਈ ਹੁੰਦੀ। ਇਸ ਕੰਮ ਲਈ ਉਹ ਮਿੱਤਰ ਦੇਸ਼ ਈਰਾਨ ਜਾਂ ਤਾਜ਼ਿਕਸਤਾਨ ਤੇ ਉਜ਼ਬੇਕਿਸਤਾਨ ਵਰਗੇ ਮੱਧ-ਏਸ਼ੀਆ ਦੇਸ਼ਾਂ ਦੀ ਮਿਲਵਰਤਣ ਪ੍ਰਾਪਤ ਕਰ ਸਕਦੀ ਸੀ ਜਾਂ ਉਹ ਪਾਕਿਸਤਾਨ ਨੂੰ ਕਹਿ ਕੇ ਉਨ੍ਹਾਂ ਮੁਸੀਬਤਜ਼ਦਾ ਲੋਕਾਂ ਨੂੰ ਸੁਰੱਖਿਅਤ ਰਾਹਦਾਰੀਆਂ ਦਿਵਾ ਸਕਦੀ ਸੀ।

ਅਫ਼ਗਾਨਿਸਤਾਨ ਵਿਚਲੇ ਗੁਰੂ ਦੇ ਸਿੱਖਾਂ ਅਤੇ ਸਹਿਜਧਾਰੀ ਸਿੱਖਾਂ ਦੇ ਜਿਹੜੇ ਪਰਿਵਾਰ ਪਾਕਿਸਤਾਨ ਪਹੁੰਚਣ ਵਿਚ ਕਾਮਯਾਬ ਹੋਏ ਸਨ, ਉਨ੍ਹਾਂ ਨੂੰ ਭਾਰਤ ਵੱਲੋਂ ਵੀਜ਼ਾ ਨਾ ਦਿੱਤੇ ਜਾਣ ਕਰਕੇ ਉਹ ਦੁਖੀ ਹਾਲਤ ਵਿਚ ਗ਼ੈਰ-ਯਕੀਨੀ ਦੇ ਬਨੇਰੇ 'ਤੇ ਖੜ੍ਹੇ ਇਸ ਪਾਸੇ ਵੱਲ ਨਜ਼ਰਾਂ ਦੌੜਾ ਰਹੇ ਸਨ। ਅਫ਼ਗਾਨਿਸਤਾਨ ਵਿਚ ਉਨ੍ਹਾਂ ਦੇ ਕਈ ਰਿਸ਼ਤੇਦਾਰ ਮਾਰੇ ਜਾ ਚੁੱਕੇ ਸਨ। ਜਿਹੜੇ ਉਥੇ ਬਾਕੀ ਰਹਿ ਗਏ ਸਨ, ਉਨ੍ਹਾਂ ਦੀ ਤਕਦੀਰ ਰੱਬ ਦੇ ਹਵਾਲੇ ਹੈ।

ਜਿਥੋਂ ਤਕ ਸਿੱਖੀ ਸਰੂਪ ਅਤੇ ਗੁਰਬਾਣੀ ਉਤੇ ਸ਼ਰਧਾ ਦਾ ਸਵਾਲ ਹੈ, ਅਫ਼ਗਾਨ ਸਿੱਖਾਂ ਦਾ ਕੋਈ ਸਾਨੀ ਨਹੀਂ। ਭਾਈ ਨੰਦ ਲਾਲ, ਭਾਈ ਭਾਗ ਮੱਲ, ਭਾਈ ਸਾਧ, ਭਾਈ ਤ੍ਰਿਲੋਕਾ, ਭਾਈ ਕਟਾਰੂ ਅਤੇ ਭਾਈ ਗੋਂਦਾ ਗੁਰੂ ਸਾਹਿਬਾਨ ਦੇ ਅਨਿੰਨ ਭਗਤ ਸਨ, ਉਹ ਵੀ ਤਾਂ ਅਫ਼ਗਾਨਿਸਤਾਨ ਦੀ ਧਰਤੀ ਦੀ ਉਪਜ ਸਨ। ਉਨ੍ਹਾਂ ਦਾ ਜੀਵਨ ਸਫ਼ਲ ਸੀ ਅਤੇ ਪੁਸ਼ਤ-ਦਰ-ਪੁਸ਼ਤ ਅਫ਼ਗਾਨ ਸਿੱਖਾਂ ਨੇ ਉਨ੍ਹਾਂ ਦੀ ਤਰ੍ਹਾਂ ਗੁਰੂ ਚਰਨਾਂ 'ਤੇ ਭਰੋਸਾ ਕਾਇਮ ਰੱਖਿਆ। ਕਲਗੀਧਰ ਪਿਤਾ ਨੇ ਖਾਲਸਾ ਪੰਥ ਸਾਜਣ ਤੋਂ ਠੀਕ ਇਕ ਮਹੀਨਾ ਤੇ 26 ਦਿਨ ਮਗਰੋਂ ਕਾਬੁਲ ਦੀ ਸੰਗਤ ਦੇ ਨਾਂ ਇਹ ਹੁਕਮਨਾਮਾ ਭੇਜਿਆ ਸੀ:

ੴ ਸਤਿਗੁਰੂ ਪ੍ਰਸਾਦਿ॥

ਸਰਬਤ ਸੰਗਤ ਕਾਬਲ ਗੁਰੂ ਰਖੇਗਾ,

ਤੁਸਾਂ ਉਤੇ ਅਸਾਡੀ ਬਹੁਤ ਖੁਸ਼ੀ ਹੈ। ਤੁਸਾਂ ਖੰਡੇ ਦਾ ਅੰਮ੍ਰਿਤ ਪੰਜਾਂ ਤੋਂ ਲੈਣਾ, ਕੇਸ ਰਖਣੇ, ਇਹ ਅਸਾਡੀ ਮੋਹਰ ਹੈ। ਕੱਛ, ਕਿਰਪਾਨ ਦਾ ਵਿਸਾਹ ਕਰਨਾ ਨਹੀਂ, ਸਰਬ ਲੋਹ ਦਾ ਕੜਾ ਹੱਥ ਰੱਖਣਾ। ਸਰਬ ਲੋਹ ਦੀ ਕਿਰਪਾਨ ਪਹਿਨ ਕੇ ਰੱਖਣਾ, ਦੋਨੋਂ ਵਕਤ ਕੇਸਾਂ ਦੀ ਪਾਲਨਾ ਕੰਘੇ ਸਿਉ ਕਰਨੀ। ਸਰਬਤ ਸੰਗਤ ਅਭਾਖਿਆ ਦਾ ਕੁਠਾ ਖਾਵੈ ਨਹੀਂ। ਤਮਾਕੂ ਨਾ ਵਰਤਣਾ। ਭਾਦਣੀ ਤਥਾ ਕੰਨਿਆ ਮਾਰਨ ਵਾਲੇ ਸੇ ਮੇਲ ਨਾ ਰਖੋ। ਮੀਣੇ ਮਸੰਦੀਏ ਰਾਮ ਰਾਈਏ ਕੀ ਸੰਗਤਿ ਨਾ ਬੈਸੋ। ਗੁਰਬਾਣੀ ਪੜ੍ਹਨੀ। ਵਾਹਿਗੁਰੂ ਵਾਹਿਗੁਰੂ ਜਪਨਾ ਗੁਰੂ ਕੀ ਮਤ ਰਖਣੀ। ਸਰਬਤ ਸੰਗਤਿ ਉਪਰ ਮੇਰੀ ਖੁਸ਼ੀ ਹੈ।

ਪਾਤਸ਼ਾਹੀ 10 ਜੇਠ 26 ਸੰਮਤ 1756

ਅਫ਼ਗਾਨਿਸਤਾਨ ਦੀਆਂ ਕਈ ਫੇਰੀਆਂ ਦੌਰਾਨ ਸਿੱਖ ਧਰਮ ਅਸਥਾਨਾਂ ਦੇ ਦਰਸ਼ਨ ਕੀਤੇ, ਜਿਨ੍ਹਾਂ ਵਿਚ ਕਾਬੁਲ ਤੋਂ 98 ਕਿਲੋਮੀਟਰ ਦੂਰ ਸੁਲਤਾਨਪੁਰ ਵਿਖੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕਿਰਪਾ ਦੁਆਰਾ ਕੱਢਿਆ ਹੋਇਆ ਸੀਤਲ ਤੇ ਪਵਿੱਤਰ ਜਲ ਦਾ ਚਸ਼ਮਾ ਹੈ। ਇਹ ਗੁਰੂ ਬਾਬੇ ਨੇ ਫ਼ਕੀਰ ਅਬਦੁੱਲ ਗ਼ੌਸ ਦਾ ਹੰਕਾਰ ਤੋੜ ਕੇ ਛੜੀ ਨਾਲ ਕੱਢਿਆ ਸੀ। ਅਸਲ ਵਿਚ ਦੋ ਚਸ਼ਮੇ ਹਨ, ਜਿਨ੍ਹਾਂ ਦਾ ਪਾਣੀ ਇਕੱਠਾ ਹੋ ਕੇ ਇਕ ਨਹਿਰ ਬਣਦੀ ਹੈ ਅਤੇ ਉਸ ਉਤੇ ਬਣਿਆ ਪੁਲ ਬਾਬਾ ਨਾਨਕ ਜੀ ਦੇ ਨਾਮ 'ਤੇ ਹੈ। ਬਾਬਾ ਆਪ ਆਪਣੇ ਸੇਵਕਾਂ ਦੀ ਪੈਜ ਰੱਖੇ ਅਤੇ ਉਨ੍ਹਾਂ ਦਾ ਸਹਾਈ ਹੋਵੇ।



ਗੁਰਦੁਆਰਾ ਕਰਤੇ ਪਰਵਾਨ, ਕਾਬੁਲ



ਅਫ਼ਗਾਨਿਸਤਾਨ ਵਿਚ ਸਿੱਖ ਭਾਈਚਾਰੇ ਦੇ ਲੋਕ

# ਵਿਸ਼ਵਾਸ ਦੀ ਆਜ਼ਾਦੀ ਦੇ ਰੱਖਿਅਕ ਸ੍ਰੀ ਗੁਰੂ ਤੇਗ ਬਹਾਦਰ

**ਐਸ.ਐਸ. ਸ਼ਾਂਤ**

ਲੰਮਾ ਸਮਾਂ ਦੁਨੀਆਂ ਵਿਚ ਬਾਦਸ਼ਾਹਾਂ ਦਾ ਪੁਸ਼ਤ-ਦਰ-ਪੁਸ਼ਤ ਰਾਜ ਰਿਹਾ ਹੈ। 'ਜੈਸਾ ਰਾਜਾ ਤੈਸੀ ਪਰਜਾ' ਦਾ ਅਖਾਣ ਸ਼ਾਇਦ ਇਸ ਲੰਮੇ ਸਮੇਂ ਦੇ ਬਾਦਸ਼ਾਹੀ ਰਾਜ ਕਰਕੇ ਹੀ ਪ੍ਰਚਲਿਤ ਹੋਇਆ ਹੈ। ਰਾਜੇ ਦਾ ਧਰਮ ਜਨਤਾ ਦਾ ਧਰਮ, ਰਾਜੇ ਦੀ ਬੋਲੀ ਜਨਤਾ ਦੀ ਬੋਲੀ ਅਤੇ ਰਾਜੇ ਦਾ ਸੱਭਿਆਚਾਰ ਜਨਤਾ ਦਾ ਸੱਭਿਆਚਾਰ। ਇਨ੍ਹਾਂ ਗੱਲਾਂ ਪਿੱਛੇ ਰਾਜੇ ਦਾ ਡਰ, ਰਾਜੇ ਤੋਂ ਬਖ਼ਸ਼ਿਸ਼ਾਂ ਦਾ ਲਾਲਚ ਅਤੇ ਰਾਜੇ ਨੂੰ ਖੁਸ਼ ਰੱਖਣ ਦੀ ਲਾਲਸਾ ਮਨੁੱਖੀ ਮਨਾਂ ਦੀ ਹੋਣੀ ਬਣ ਚੁੱਕੇ ਸਨ। ਇਹ ਗੁਲਾਮ ਜ਼ਹਿਨੀਅਤ ਸੀ, ਜਿਸ ਕਰਕੇ ਇਸ ਕਿਸਮ ਦਾ ਮਜ਼੍ਹਬੀ ਰਾਜ ਚੱਲਦਾ ਸੀ।

ਬਾਦਸ਼ਾਹ ਅਕਬਰ ਨੇ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਬਾਰ ਦੀ ਹਾਜ਼ਰੀ ਭਰੀ, ਗੁਰੂਘਰ ਵਿਚ ਆ ਕੇ ਪੰਗਤ ਵਿਚ ਬਹਿ ਕੇ ਲੰਗਰ ਛਕਿਆ ਅਤੇ ਲੰਗਰ ਵਾਸਤੇ ਸੇਵਾ ਦੀ ਪੇਸ਼ਕਸ਼ ਵੀ ਕੀਤੀ। ਇਹ ਉਸਦੀ ਧਾਰਮਿਕ-ਸਹਿਣਸ਼ੀਲਤਾ ਦੀ ਨੀਤੀ ਸੀ ਪਰ ਜਹਾਂਗੀਰ ਬਾਦਸ਼ਾਹ ਪਹਿਲੀ ਤਰ੍ਹਾਂ ਦੇ ਬਾਦਸ਼ਾਹਾਂ 'ਚੋਂ ਸੀ ਜਿਹੜਾ ਚਾਹੁੰਦਾ ਸੀ ਕਿ ਲੋਕ ਉਸਦੇ ਮਜ਼੍ਹਬ, ਉਸਦੀ ਬੋਲੀ ਅਤੇ ਉਸਦੇ ਸੱਭਿਆਚਾਰ ਨੂੰ ਅਪਨਾਉਣ। ਉਹ ਇਹ ਬਿਲਕੁਲ ਨਹੀਂ ਚਾਹੁੰਦਾ ਸੀ ਕਿ ਉਸਦੇ ਆਪਣੇ ਹੀ ਮਜ਼੍ਹਬ ਦੇ ਲੋਕ ਗੁਰੂਘਰ ਦੇ ਸ਼ਰਧਾਲੂ ਬਣਨ। ਇਹੀ ਮੁੱਖ ਕਾਰਨ ਸੀ ਜਿਸ ਕਰਕੇ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਹੋਈ। ਬਾਦਸ਼ਾਹ ਔਰੰਗਜ਼ੇਬ ਜਹਾਂਗੀਰ ਤੋਂ ਵੀ ਦੋ ਕਦਮ ਅੱਗੇ ਸੀ। ਉਹ ਉਨ੍ਹਾਂ ਬਾਦਸ਼ਾਹਾਂ 'ਚੋਂ ਸੀ ਜਿਹੜੇ 'ਰਾਜੇ ਦਾ ਧਰਮ ਜਨਤਾ ਦਾ ਧਰਮ' ਵਿਚ ਪੱਕੀ ਤਰ੍ਹਾਂ ਵਿਸ਼ਵਾਸ ਰੱਖਦੇ ਸਨ। ਉਸ ਦਾ ਵਿਸ਼ਵਾਸ ਸੀ ਕਿ ਜੇ ਰਾਜਾ ਮੁਸਲਮਾਨ ਹੈ ਤਾਂ ਜਨਤਾ ਨੂੰ ਚਾਹੀਦਾ ਹੈ ਕਿ ਉਹ ਸਾਰੀ ਮੁਸਲਮਾਨ ਹੋ ਜਾਵੇ। ਇਸੇ ਕੱਟੜ ਨੀਤੀ ਤਹਿਤ ਉਸਨੇ ਗ਼ੈਰ-ਮੁਸਲਮਾਨਾਂ 'ਤੇ ਜਬਰ ਢਾਹੁਣੇ ਸ਼ੁਰੂ ਕਰ ਦਿੱਤੇ।

ਡਾ. ਗੰਡਾ ਸਿੰਘ ਦੁਆਰਾ ਸੰਪਾਦਿਤ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਛਿਮਾਹੀ-ਪੱਤਰ 'ਦਿ ਪੰਜਾਬ ਪਾਸਟ ਐਂਡ ਪ੍ਰੈਜ਼ੈਂਟ' ਦੇ ਅਪ੍ਰੈਲ 1975 ਦੇ ਅੰਕ ਵਿਚ ਪ੍ਰੋ. ਅਬਦੁਲ ਮਜੀਦ ਖਾਨ ਨੇ ਆਪਣੇ ਇਕ ਲੇਖ 'ਗੁਰੂ ਤੇਗ ਬਹਾਦਰ ਐਂਡ ਰਿਲੀਜ਼ੀਅਸ ਫ੍ਰੀਡਮ' ਵਿਚ ਦੱਸਿਆ ਹੈ ਕਿ ਭਾਰਤ ਵਿਚ ਔਰੰਗਜ਼ੇਬ ਵਲੋਂ ਅਕਬਰ ਅਤੇ ਕੁਝ ਹੋਰ ਮੁਸਲਿਮ ਬਾਦਸ਼ਾਹਾਂ ਦੁਆਰਾ ਅਪਨਾਈ ਹਿੰਦੂ ਧਰਮ ਪ੍ਰਤੀ ਸਹਿਣਸ਼ੀਲਤਾ ਦੀ ਨੀਤੀ ਨੂੰ ਤਿਆਗਣ ਕਰਕੇ ਮੁਗਲ ਰਾਜ ਦਾ ਤਖਤ ਹਿੱਲ ਗਿਆ। ਇਸ ਜਬਰ ਤੋਂ ਤੰਗ ਆ ਕੇ ਕਸ਼ਮੀਰੀ ਪੰਡਤਾਂ ਦਾ ਵਫ਼ਦ ਸ੍ਰੀ ਗੁਰੂ ਤੇਗ ਬਹਾਦਰ ਜੀ ਪਾਸ ਸਹਾਇਤਾ ਅਤੇ ਅਗਵਾਈ ਲਈ ਪਹੁੰਚਿਆ। ਇਸ ਵਫ਼ਦ ਨੂੰ ਇਸ ਇਤਿਹਾਸਕ ਸੱਚਾਈ ਦਾ ਅਹਿਸਾਸ ਸੀ ਕਿ ਗੁਰੂ ਜੀ ਦੇ ਦਾਦਾ ਜੀ ਸ੍ਰੀ ਗੁਰੂ ਅਰਜਨ ਦੇਵ ਜੀ ਜਬਰ ਦਾ ਸ਼ਾਂਤਮਈ ਟਾਕਰਾ ਕਰਦੇ ਹੋਏ ਸ਼ਹੀਦੀ ਪਾ ਗਏ ਸਨ ਅਤੇ ਉਨ੍ਹਾਂ ਦੇ ਪਿਤਾ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੁਗਲਾਂ ਦੇ ਜਬਰ ਵਿਰੁਧ ਲੜਾਈਆਂ ਲੜੀਆਂ ਸਨ। ਜਬਰ ਦਾ ਵਿਰੋਧ ਤਾਂ ਗੁਰੂ ਨਾਨਕ ਦੇਵ ਜੀ ਵਲੋਂ ਬਾਬਰ ਬਾਦਸ਼ਾਹ ਅਤੇ ਉਸਦੀ ਫੌਜ ਨੂੰ 'ਪਾਪ ਕੀ ਜੰਞ' ਕਹਿਣ ਨਾਲ ਹੀ ਸ਼ੁਰੂ ਹੋ ਚੁੱਕਾ ਸੀ। ਇਸ ਤਰ੍ਹਾਂ ਅਮੀਰ ਪਰੰਪਰਾ ਦੀ ਉਸੇ ਲੜੀ ਵਿਚ ਗੁਰੂ ਤੇਗ ਬਹਾਦਰ ਜੀ ਧਰਮ ਅਤੇ ਵਿਸ਼ਵਾਸ ਦੀ ਆਜ਼ਾਦੀ ਦੀ ਰੱਖਿਆ ਲਈ ਕੁਰਬਾਨੀ ਦੇਣ ਲਈ ਤਿਆਰ ਹੋ ਗਏ।




ਗੁਰੂ ਜੀ ਦੀ ਰਚੀ ਬਾਣੀ 'ਚੋਂ ਵੀ ਉਨ੍ਹਾਂ ਦੀ ਨਿਰਭੈਅਤਾ ਦੇ ਦਰਸ਼ਨ ਹੁੰਦੇ ਹਨ। ਉਹ ਨਾ ਕਿਸੇ ਨੂੰ ਡਰਾਉਣ ਅਤੇ ਨਾ ਹੀ ਕਿਸੇ ਤੋਂ ਡਰਨ ਦੇ ਸਿਧਾਂਤ ਵਿਚ ਵਿਸ਼ਵਾਸ ਰੱਖਣ ਵਾਲੇ ਸਨ। ਆਪ ਜੀ ਦਾ ਫ਼ਰਮਾਨ ਹੈ: ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥ ਕਹੁ ਨਾਨਕ ਸੁਨੁ ਰੇ ਮਨਾ ਗਿਆਨੀ ਤਾਹਿ ਬਖਾਨਿ॥ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦਾ ਬਿਆਨ ਕਰਦਿਆਂ ਇਸ ਤਰ੍ਹਾਂ ਫ਼ਰਮਾਇਆ:

ਤਿਲਕ ਜੰਞੂ ਰਾਖਾ ਪ੍ਰਭ ਤਾਕਾ॥
ਕੀਨੋ ਬਡੋ ਕਲੂ ਮਹਿ ਸਾਕਾ॥
ਸਾਧਨਿ ਹੇਤਿ ਇਤੀ ਜਿਨਿ ਕਰੀ॥
ਸੀਸੁ ਦੀਆ ਪਰ ਸੀ ਨ ਉਚਰੀ॥
ਧਰਮ ਹੇਤ ਸਾਕਾ ਜਿਨਿ ਕੀਆ॥
ਸੀਸੁ ਦੀਆ ਪਰ ਸਿਰਰੁ ਨ ਦੀਆ॥

ਤਿਲਕ ਅਤੇ ਜਨੇਊ ਦੇ ਰਾਖੇ ਤੋਂ ਭਾਵ ਧਰਮ ਅਤੇ ਵਿਸ਼ਵਾਸ ਦੀ ਆਜ਼ਾਦੀ ਦੇ ਰੱਖਿਅਕ ਤੋਂ ਹੈ। ਉਸ ਸਮੇਂ ਕਿਉਂਕਿ ਇਹ ਚੀਜ਼ਾਂ ਲੁਕਾਈਆਂ ਜਾ ਰਹੀਆਂ ਸਨ, ਇਸ ਕਰਕੇ ਇਨ੍ਹਾਂ ਦਾ ਜ਼ਿਕਰ ਹੋਇਆ ਹੈ। ਜੇਕਰ ਕੋਈ ਹੋਰ ਧਾਰਮਿਕ ਚਿੰਨ੍ਹ ਜਾਂ ਵਿਸ਼ਵਾਸ ਦੇ ਚਿੰਨ੍ਹ ਕਿਤੇ ਜਬਰੀ ਲੁਹਾਏ ਜਾਂਦੇ ਤਾਂ ਧਰਮ ਦੇ ਰੱਖਿਅਕ ਉਨ੍ਹਾਂ ਦੀ ਵੀ ਰੱਖਿਆ ਕਰਦੇ। 'ਧਰਮ' ਸ਼ਬਦ ਬਹੁਤ ਵਿਸ਼ਾਲਤਾ ਵਾਲਾ ਸ਼ਬਦ ਹੈ। ਇਹ ਸ਼ਬਦ ਆਪਣੇ-ਆਪ ਵਿਚ ਹੀ ਸੱਚ, ਨਿਆਂ, ਆਜ਼ਾਦੀ, ਬਰਾਬਰੀ, ਮਾਨਵਵਾਦ, ਇਨਸਾਨੀਅਤ ਜਿਹੇ ਮਹਾਨ ਗੁਣਾਂ ਨੂੰ ਸਮੋਈ ਬੈਠਾ ਹੈ। ਜਿਥੇ ਧਰਮ ਹੈ, ਉਥੇ ਜਬਰ ਹੋ ਹੀ ਨਹੀਂ ਸਕਦਾ।

ਜੇਕਰ ਔਰੰਗਜ਼ੇਬ ਬਾਦਸ਼ਾਹ ਸਹੀ ਅਰਥਾਂ ਵਿਚ ਇਸਲਾਮ ਨੂੰ ਸਮਝਦਾ ਹੁੰਦਾ ਤਾਂ ਉਹ ਕਦੇ ਵੀ ਅਜਿਹੇ ਜ਼ੁਲਮ ਨਹੀਂ ਕਰ ਸਕਦਾ ਸੀ। ਔਰੰਗਜ਼ੇਬ ਬਾਦਸ਼ਾਹ ਦੀ ਨੀਤੀ ਕੱਟੜਤਾ ਵਾਲੀ ਅਤੇ ਦੂਜਿਆਂ ਨੂੰ ਆਪਣਾ ਗੁਲਾਮ ਬਣਾ ਕੇ ਰੱਖਣ ਵਾਲੀ ਸੀ। ਇਹ ਨੀਤੀ ਬੁਨਿਆਦੀ ਤੌਰ 'ਤੇ ਹੀ ਧਰਮ ਅਤੇ ਵਿਸ਼ਵਾਸ ਦੀ ਆਜ਼ਾਦੀ ਦੇ ਵਿਰੁਧ ਸੀ, ਇਸ ਲਈ ਗੁਰੂ ਤੇਗ ਬਹਾਦਰ ਜੀ ਵਲੋਂ ਇਸ ਨੀਤੀ ਦਾ ਵਿਰੋਧ ਸੁਭਾਵਿਕ ਹੀ ਸੀ ਅਤੇ ਆਪ ਜੀ ਨੇ ਇਸ ਜਬਰ ਭਰੀ ਨੀਤੀ ਦਾ ਵਿਰੋਧ ਕਰਦੇ ਹੋਏ ਦ੍ਰਿੜ੍ਹਤਾ ਅਤੇ ਸਿਰੜ ਨੂੰ ਕਾਇਮ ਰੱਖਦੇ ਹੋਏ ਧਰਮ ਦੀ ਰੱਖਿਆ ਲਈ ਆਪਣਾ ਸੀਸ ਦੇ ਦਿੱਤਾ। ਔਰੰਗਜ਼ੇਬ ਦੀ ਕਠੋਰ ਨੀਤੀ ਅੱਗੇ ਉਹ ਬਿਲਕੁਲ ਨਹੀਂ ਝੁਕੇ। ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕਰਨ ਤੋਂ ਪਹਿਲਾਂ ਉਨ੍ਹਾਂ ਦੇ ਦੋ ਸਿੱਖਾਂ ਭਾਈ ਮਤੀ ਦਾਸ ਅਤੇ ਭਾਈ ਦਿਆਲਾ ਨੂੰ ਉਨ੍ਹਾਂ ਦੇ ਸਾਹਮਣੇ ਸ਼ਹੀਦ ਕੀਤਾ ਗਿਆ। ਭਾਈ ਮਤੀ ਦਾਸ ਨੂੰ ਆਰੇ ਨਾਲ ਚੀਰਿਆ ਗਿਆ ਅਤੇ ਭਾਈ ਦਿਆਲਾ ਨੂੰ ਉਬਲਦੀ ਦੇਗ਼ ਵਿਚ ਸ਼ਹੀਦ ਕੀਤਾ ਗਿਆ। ਇਨ੍ਹਾਂ ਗੁਰਸਿੱਖਾਂ ਨੂੰ ਜਿੰਨੀ ਬੇਦਰਦੀ ਨਾਲ ਇਹ ਸਜ਼ਾਵਾਂ ਦਿੱਤੀਆਂ ਗਈਆਂ, ਓਨੀ ਬੇਦਰਦੀ ਨਾਲ ਤਾਂ ਸ਼ਾਇਦ ਇਹ ਜ਼ੁਲਮ ਸ਼ੈਤਾਨ ਵੀ ਨਾ ਕਰ ਸਕਦਾ। ਇੰਨੇ ਤਸੀਹੇ ਦੇਣ ਦੇ ਹੁਕਮ ਕਰਨ ਵਾਲਾ ਬਾਦਸ਼ਾਹ ਔਰੰਗਜ਼ੇਬ ਖ਼ੁਦ ਕਿਵੇਂ ਧਰਮ ਦਾ ਪੱਕਾ ਕਿਹਾ ਜਾ ਸਕਦਾ ਹੈ? ਕਿਵੇਂ ਉਸਨੂੰ ਪਵਿੱਤਰ ਕੁਰਾਨ ਦੀ ਸਿੱਖਿਆ 'ਤੇ ਚੱਲਣ ਵਾਲਾ ਮੰਨਿਆ ਜਾ ਸਕਦਾ ਹੈ? ਧੰਨ ਹਨ ਗੁਰੂ ਗੋਬਿੰਦ ਸਿੰਘ ਜੀ ਜਿਹੜੇ ਫਿਰ ਵੀ ਉਸਨੂੰ ਗੱਲਬਾਤ ਲਈ ਸੱਦਾ ਦਿੰਦੇ ਹਨ। ਉਸਨੂੰ ਸੱਚ, ਇਮਾਨ ਅਤੇ ਧਰਮ 'ਤੇ ਚੱਲਣ ਲਈ ਕਹਿੰਦੇ ਹਨ। ਉਸਨੂੰ ਇਸਲਾਮ ਦੇ ਸਹੀ ਨਿਯਮ ਸਮਝਾਉਂਦੇ ਹਨ। ਉਸਨੂੰ ਅੱਲ੍ਹਾ ਦੇ ਰਹਿਮ ਦੇ ਗੁਣ ਦੱਸਦੇ ਹਨ। ਸੱਚ ਅਤੇ ਧਰਮ ਲਈ ਸਿਰ ਦੇਣ ਦੀ ਗੱਲ ਤਾਂ ਗੁਰੂ ਨਾਨਕ ਦੇਵ ਜੀ ਖ਼ੁਦ ਹੀ ਲਿਖ ਗਏ ਸਨ। ਸੱਚ ਅਤੇ ਧਰਮ ਦੀ ਆਜ਼ਾਦੀ ਲਈ ਗੁਰੂ ਤੇਗ ਬਹਾਦਰ ਜੀ ਨੇ ਆਪਣਾ ਸੀਸ ਦੇ ਕੇ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਸ਼ਬਦਾਂ ਨੂੰ ਅਮਲੀ ਰੂਪ ਦੇ ਦਿੱਤਾ। ਗੁਰੂ ਨਾਨਕ ਦੇਵ ਜੀ ਦਾ ਪਵਿੱਤਰ ਫ਼ਰਮਾਨ ਹੈ:

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥
ਸਿਰੁ ਦੀਜੈ ਕਾਣਿ ਨ ਕੀਜੈ॥
(ਸ਼ਲੋਕ ਵਾਰਾਂ ਤੇ ਵਧੀਕ ਪੰਨਾ 1412)

ਸੱਚਮੁੱਚ ਹੀ ਗੁਰੂ ਤੇਗ ਬਹਾਦਰ ਜੀ ਨੇ ਧਰਮ ਦੀ ਆਜ਼ਾਦੀ, ਵਿਸ਼ਵਾਸ ਦੀ ਆਜ਼ਾਦੀ, ਜੀਵ ਦੀ ਆਜ਼ਾਦੀ, ਸੱਭਿਆਚਾਰ ਦੀ ਆਜ਼ਾਦੀ, ਭਾਸ਼ਾ ਅਤੇ ਵਿਚਾਰਾਂ ਦੀ ਆਜ਼ਾਦੀ ਅਤੇ ਖਾਣ-ਪੀਣ, ਰਹਿਣ-ਸਹਿਣ ਦੀ ਆਜ਼ਾਦੀ ਦੀ ਰੱਖਿਆ ਖਾਤਰ ਮਹਾਨ ਕੁਰਬਾਨੀ ਦਿੱਤੀ। ਆਜ਼ਾਦੀ ਦੀਆਂ ਇਨ੍ਹਾਂ ਮਹਾਨ ਕਦਰਾਂ-ਕੀਮਤਾਂ ਦੀਆਂ ਨੀਹਾਂ ਨੂੰ ਪੱਕਾ ਕਰਨ ਵਿਚ ਮਹਾਨ ਯੋਗਦਾਨ ਪਾਇਆ। ਆਧੁਨਿਕ ਯੁੱਗ ਵਿਚ ਆਜ਼ਾਦੀ ਦੇ ਇਨ੍ਹਾਂ ਆਦਰਸ਼ਾਂ ਦੀ ਕੀਮਤ ਹੋਰ ਵੀ ਵਧ ਚੁੱਕੀ ਹੈ। ਗੁਰੂ ਜੀ ਦੀ ਮਹਾਨ ਸ਼ਹੀਦੀ ਲਈ ਮਨੁੱਖਤਾ ਉਨ੍ਹਾਂ ਦੀ ਸਦਾ ਰਿਣੀ ਰਹੇਗੀ।

# ਸ਼ਰਧਾਲੂਆਂ ਦੀ ਧਾਰਮਿਕ ਸ਼ਰਧਾ ਦਾ ਸ਼ੋਸ਼ਣ

**ਪ੍ਰਿੰ. ਸਰਵਣ ਸਿੰਘ**

ਬਹੁਤੀ ਥਾਂਈਂ ਇਹੋ ਕੁਝ ਹੋ ਰਿਹੈ। ਲੋਕਾਂ ਦੀ ਧਾਰਮਿਕ ਸ਼ਰਧਾ ਨੂੰ ਵਰਤ ਕੇ ਤਿੱਖੇ ਬੰਦੇ ਲੁੱਟਾਂ ਲੁੱਟ ਰਹੇ ਹਨ। ਪਰ ਉਹ ਐਸਾ ਪਰਦਾ ਪਾਈ ਰੱਖਦੇ ਹਨ ਕਿ ਆਮ ਬੰਦਿਆਂ ਨੂੰ ਸੂਹ ਵੀ ਨਹੀਂ ਲੱਗਣ ਦਿੰਦੇ। ਜੇ ਕੋਈ ਸੂਝਵਾਨ ਉਨ੍ਹਾਂ ਦੀ ਲੁਕਵੀਂ ਲੁੱਟ ਨੂੰ ਜੱਗ ਜ਼ਾਹਿਰ ਕਰੇ ਤਾਂ ਉਹ ਅੰਧ ਵਿਸ਼ਵਾਸੀ ਲੋਕਾਂ ਨੂੰ ਭੜਕਾ ਕੇ ਉਸ ਦੇ ਗਲ ਪੁਆ ਦਿੰਦੇ ਹਨ। ਉਸ ਨੂੰ ਨਾਸਤਕ ਗਰਦਾਨਦੇ ਹਨ। ਇਸ ਲਈ ਦਾਨੇ ਬੰਦੇ ਉਨ੍ਹਾਂ ਦੇ 'ਧਰਮ ਕਰਮ' ਵਿਚ ਦਖਲ ਨਹੀਂ ਦਿੰਦੇ। ਉਨ੍ਹਾਂ ਨਾਲ ਉਲਝਣ ਤੋਂ ਬਚਦੇ ਹਨ। ਗੁਰੂ ਜੀ ਦੀ ਵੀ ਇਹੋ ਮੱਤ ਹੈ ਕਿ ਮੂਰਖ ਨਾਲ ਨਾ ਲੁੱਝੀਏ।

ਪਿੱਛੇ ਜਿਹੇ ਇਕ ਫਿਲਮ ਨਿਰਮਾਤਾ ਫਿਲਮ ਦਾ ਨਾਂ 'ਬੋਲੇ ਸੋ ਨਿਹਾਲ' ਰੱਖ ਕੇ ਬਿਜ਼ਨਿਸ ਕਰਨ ਲੱਗਾ ਤਾਂ ਕਿੰਤੂ ਕੀਤਾ ਗਿਆ ਕਿ ਸਿੱਖ ਧਰਮ ਦੇ ਜੈਕਾਰੇ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ। ਫਿਲਮ ਦੇ ਨਾਂ ਉਤੇ ਕਾਫੀ ਰੌਲਾ ਪਿਆ ਜਿਸ ਨਾਲ ਫਿਲਮ 'ਚ ਕਾਂਟ ਛਾਂਟ ਕਰਨੀ ਪਈ। ਸ੍ਰੀ ਰਾਮ ਤੇ ਸ੍ਰੀ ਕ੍ਰਿਸ਼ਨ ਦੇ ਨਾਂ ਤਾਂ ਫਿਲਮਾਂ 'ਚ ਦੇਰ ਤੋਂ ਚੱਲੀ ਜਾਂਦੇ ਸਨ। ਰਾਮਾਇਣ-ਮਹਾਭਾਰਤ ਦੇ ਸੀਰੀਅਲਾਂ ਨੇ ਰਿਕਾਰਡ ਤੋੜ ਦਿੱਤੇ। ਪਹਿਲੀਆਂ ਫਿਲਮਾਂ ਚੱਲੀਆਂ ਹੀ ਧਰਮੀ ਪੁਰਸ਼ਾਂ ਤੇ ਦੇਵੀ ਦੇਵਤਿਆਂ ਦੇ ਨਾਂਵਾਂ ਉਤੇ ਸਨ। ਹਰੇ ਰਾਮਾ ਹਰੇ ਕ੍ਰਿਸ਼ਨਾ ਦੇ ਗੀਤ ਗਾਂਜੇ ਦੇ ਸੂਟੇ ਲਾਉਂਦੀਆਂ ਅਧਨੰਗੀਆਂ ਨਸ਼ਈ ਕੁੜੀਆਂ ਗਾਈ ਗਈਆਂ ਜੋ ਦਰਸ਼ਕਾਂ ਨੂੰ ਖਿੱਚ ਪਾਉਂਦੀਆਂ ਰਹੀਆਂ। ਕਿਸੇ ਨਾ ਕਿਹਾ ਕਿ ਇਹ ਕੀ ਕਰਦੇ ਓਂ? ਫਿਲਮਾਂ ਵਾਲਿਆਂ ਨੇ ਲੋਕਾਂ ਦੀ ਧਾਰਮਿਕ ਸ਼ਰਧਾ ਦਾ ਦੁਰਉਪਯੋਗ ਕਰਨ ਦੀ ਕੋਈ ਕਸਰ ਨਹੀਂ ਛੱਡੀ।

'ਰਾਮਾ ਕ੍ਰਿਸ਼ਨਾ' ਦੇ ਗਿੱਝੇ ਹੋਏ ਉਹ 'ਬੋਲੇ ਸੋ ਨਿਹਾਲ' ਨੂੰ ਵੀ ਪੈ ਨਿਕਲੇ। ਸਿੱਖਾਂ ਨੂੰ ਰੜਕ ਗਿਆ ਪਈ ਉਨ੍ਹਾਂ ਦਾ ਜੈਕਾਰਾ 'ਬੋਲੇ ਸੋ ਨਿਹਾਲ' ਵੇਚਿਆ ਜਾ ਰਿਹੈ! ਉਨ੍ਹਾਂ ਨੇ ਫਿਲਮ ਦਾ ਵਿਰੋਧ ਕੀਤਾ ਕਿਉਂਕਿ ਉਸ ਵਿਚਲੇ ਲਚਰਪੁਣੇ ਉਤੇ ਉਨ੍ਹਾਂ ਦੇ ਧਾਰਮਿਕ ਜੈਕਾਰੇ ਦਾ ਗਿਲਾਫ਼ ਚਾੜ੍ਹਿਆ ਹੋਇਆ ਸੀ। ਬੁਨਿਆਦੀ ਵਿਰੋਧ ਧਾਰਮਿਕ ਜੈਕਾਰੇ ਦੇ ਬਜ਼ਾਰੀਕਰਨ ਦਾ ਸੀ ਜਿਸ ਨਾਲ ਸਿੱਖਾਂ ਦੀ ਸ਼ਰਧਾ ਜੁੜੀ ਹੋਈ ਸੀ।

ਫਿਲਮਾਂ ਦੀ ਗੱਲ ਆਪਾਂ ਇਥੇ ਹੀ ਛੱਡਦੇ ਹਾਂ। ਗੱਲ ਤਾਂ ਫਿਲਮਾਂ ਤੋਂ ਅਗਾਂਹ ਕਰਨ ਦੀ ਹੈ। ਸਾਡੇ ਸਾਹਮਣੇ ਅਹਿਮ ਸੁਆਲ ਸਾਧਾਰਨ ਲੋਕਾਂ ਦੀ ਧਾਰਮਿਕ ਸ਼ਰਧਾ ਨੂੰ ਐਕਸਪਲਾਇਟ ਕਰਨ ਦਾ ਹੈ। ਆਮ ਲੋਕਾਂ ਦੇ ਆਪਣੇ ਧਰਮ ਵਿਚਲੇ ਵਿਸ਼ਵਾਸ ਨੂੰ ਧਰਮ ਮੋਰਚੇ, ਜਹਾਦ ਤੇ ਰੱਥ ਯਾਤਰਾ ਵਗੈਰਾ ਰਾਹੀਂ ਵਰਤ ਕੇ ਰਾਜਨੀਤਕ ਤਾਕਤ ਹਥਿਆਉਣ ਦਾ ਹੈ। ਧਾਰਮਿਕ ਚਿੰਨ੍ਹ ਸਲੀਬਾਂ, ਤ੍ਰਿਸੂਲਾਂ, ਤਸਬੀਆਂ, ਜਨੇਊਆਂ ਤੇ ਕਕਾਰਾਂ ਦਾ ਨਾਂ ਲੈ ਕੇ ਲੋਕਾਂ ਨੂੰ ਆਪੋ ਵਿਚ ਪਾੜਨਾ, ਲੜਾਉਣਾ ਤੇ ਮਗਰ ਲਾਉਣਾ ਭਲਾ ਕਿਧਰਲਾ ਦੀਨ ਈਮਾਨ ਹੈ?

ਅਸੀਂ ਆਪਣੇ ਧਰਮ ਦੀ ਹੀ ਗੱਲ ਕਰੀਏ। ਆਓ ਵੇਖੀਏ ਕਿ ਕਿਤੇ ਸਾਡੇ ਧਰਮ ਸਥਾਨਾਂ 'ਤੇ ਬੈਠੇ 'ਧਰਮੀ' ਬੰਦੇ ਖ਼ੁਦ ਹੀ ਤਾਂ ਨਹੀਂ ਸਿੱਖ ਸ਼ਰਧਾਲੂਆਂ ਦਾ ਸੋਸ਼ਣ ਕਰ ਰਹੇ? ਕਿਤੇ ਉਹ ਧਰਮੀ ਆਗੂ ਬਣ ਕੇ ਧਾਰਮਿਕ ਕਾਰਜਾਂ ਨੂੰ ਹੀ ਤਾਂ ਨਹੀਂ ਵੇਚੀ ਵੱਟੀ ਜਾਣ ਡਹੇ? ਹੁਣ ਜੇ ਮੈਂ ਨੇੜੇ ਦੀ ਗੱਲ ਕਰਾਂ ਤਾਂ ਗੁਰਮੁਖ ਪਿਆਰੇ ਮੈਨੂੰ ਮੁਆਫ਼ ਕਰਨਗੇ ਤੇ ਆਪਣੀ ਬੁਕਲ ਵਿਚ ਝਾਤੀ ਮਾਰਨਗੇ। ਨਿੱਕੀ ਜਿਹੀ ਮਿਸਾਲ ਹੈ। ਸਿਆਲ ਵਿਚ ਮੈਂ ਪੰਜਾਬ ਗਿਆ ਤਾਂ ਇਕ ਪਿੰਡ ਵਿਚ ਗੁਰਦੁਆਰੇ ਦੇ ਲਾਊਡ ਸਪੀਕਰ ਤੋਂ ਸੂਚਨਾ ਸੁਣੀ। ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ ਬੁਲਾਉਣ ਪਿੱਛੋਂ ਭਾਈ ਜੀ ਨੇ ਬੇਨਤੀ ਕੀਤੀ ਕਿ ਜਿਸ ਮਾਈ ਭਾਈ ਨੇ ਗੁਰੂਘਰ ਵਿਚ ਅਖੰਡ ਪਾਠ ਕਰਾਉਣਾ ਹੋਵੇ ਉਹਦੇ ਲਈ ਗੁਰਦੁਆਰਾ ਕਮੇਟੀ ਨੇ ਪੰਜ ਹਜ਼ਾਰ ਰੁਪਏ ਦੀ ਭੇਟਾ ਰੱਖੀ ਹੈ। ਇਹ ਭੇਟਾ ਵਿਸਾਖੀ ਤਕ ਹੈ। ਕਮੇਟੀ ਦਾ ਗੁਰਮਤਾ ਹੈ ਕਿ ਉਸ ਪਿੱਛੋਂ ਭੇਟਾ ਦਸ ਹਜ਼ਾਰ ਰੁਪਏ ਹੋ ਜਾਵੇਗੀ। ਸੋ ਭਾਈ ਜੀਹਨੇ ਪਾਠ ਕਰਾਉਣਾ ਹੈ ਛੇਤੀ ਕਰਵਾ ਲਵੋ ਤੇ ਸੱਚੇ ਪਾਤਸ਼ਾਹ ਦੀਆਂ ਖ਼ੁਸ਼ੀਆਂ ਪ੍ਰਾਪਤ ਕਰੋ। ਬੇਨਤੀ ਕਰਨ ਪਿੱਛੋਂ ਉਸ ਨੇ ਫਿਰ ਫਤਿਹ ਗਜਾਈ।

ਅਖੰਡ ਪਾਠ ਦੀ ਭੇਟਾ ਮੇਰੇ ਲਈ ਕੋਈ ਨਵੀਂ ਗੱਲ ਨਹੀਂ ਸੀ। ਇਹ ਤਾਂ ਹੁਣ ਮੁੱਖ ਗੁਰਦੁਆਰਿਆਂ ਵਿਚ ਵੀ ਲਾਗੂ ਹੋ ਚੁੱਕੀ ਹੈ। ਫੀਸ ਦੀ ਥਾਂ ਸ਼ਬਦ ਭੇਟਾ ਪ੍ਰਚਲਤ ਹੈ। ਭੇਟਾ ਦਿਉ ਤੇ ਪਾਠ ਆਪਣੇ ਨਾਮ ਕਰਵਾਓ! ਪਾਠ ਭਾਵੇਂ ਇਕ ਦਿਨ ਵੀ ਨਾ ਕਰੋ ਤੇ ਨਾ ਹੀ ਸੁਣਨ ਜਾਓ। ਅਰਦਾਸ ਵੇਲੇ ਹਾਜ਼ਰ ਹੋ ਜਾਣਾ ਹੀ ਕਾਫੀ ਹੈ। ਜੇ ਨਹੀਂ ਹਾਜ਼ਰ ਹੁੰਦੇ ਤਦ ਵੀ ਕੋਈ ਗੱਲ ਨਹੀਂ। ਇਸ ਨੂੰ 'ਸਿੱਖਾਂ' ਨੇ 'ਸਹੂਲਤ' ਸਮਝ ਲਿਆ ਹੋਇਐ!

ਪਰ ਉਪਰੋਕਤ ਸੂਚਨਾ ਵਿਚ ਰੜਕਣ ਵਾਲੀ ਗੱਲ ਇਕ ਹੋਰ ਵੀ ਸੀ ਕਿ ਭੇਟਾ ਦਾ ਵਿਸਾਖੀ ਤੋਂ ਪਹਿਲਾਂ ਸਸਤੀ ਤੇ ਵਿਸਾਖੀ ਤੋਂ ਪਿੱਛੋਂ ਮਹਿੰਗੀ ਹੋਣ ਦਾ ਬਜ਼ਾਰੂ ਹੋਕਾ। ਮੈਨੂੰ ਲੱਗਾ ਕਿ ਇਹ ਤਾਂ ਵਿਸਾਖੀ ਤਕ ਪਾਠਾਂ ਦੀ ਸੇਲ ਲਾਉਣ ਵਾਲਾ ਹਿਸਾਬ ਹੋਇਆ। ਕੁਦਰਤੀ ਗੱਲ ਸੀ ਕਿ ਪਾਠ ਕਰਾਉਣ ਵਾਲਿਆਂ ਨੇ ਪਾਠ ਵਿਸਾਖੀ ਤੋਂ ਪਹਿਲਾਂ ਕਰਾਉਣ ਨੂੰ ਪਹਿਲ ਦੇਣੀ ਸੀ। ਗੁਰੂ ਘਰ ਵਾਲੇ ਵੀ ਇਹੋ ਹੀ ਚਾਹੁੰਦੇ ਸਨ ਕਿ ਪਾਠਾਂ ਲਈ ਬੁਕਿੰਗ ਤੇਜ਼ ਹੋਵੇ। ਪਾਠੀ ਆਹਰੇ ਲੱਗੇ ਰਹਿਣ। ਇਥੇ ਸੁਆਲ ਪੈਦਾ ਹੁੰਦੈ ਕੀ ਅਸੀਂ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਅਖੰਡ ਪਾਠਾਂ ਨੂੰ ਵੇਚਣ ਤਾਂ ਨਹੀਂ ਲੱਗ ਪਏ? ਕਿਤੇ ਮਾਇਆ ਹੀ ਧਰਮ ਕਰਮ 'ਤੇ ਸਵਾਰ ਤਾਂ ਨਹੀਂ ਹੋਈ ਜਾ ਰਹੀ?

ਮੁੰਬਈ ਦੇ ਫਿਲਮ ਨਿਰਮਾਤਾ ਨੇ ਸਿੱਖਾਂ ਦੇ ਜੈਕਾਰੇ 'ਬੋਲੇ ਸੋ ਨਿਹਾਲ' ਨੂੰ ਫਿਲਮ ਦਾ ਟਾਈਟਲ ਬਣਾ ਕੇ ਆਪਣੀ ਨਿਖੇਧੀ ਤਾਂ ਕਰਵਾ ਲਈ ਪਰ ਸਿੱਖਾਂ ਨੂੰ ਆਪਣੀ ਪੀੜ੍ਹੀ ਹੇਠ ਸੋਟਾ ਫੇਰਨ ਦਾ ਸੁਨੇਹਾ ਵੀ ਦੇ ਦਿੱਤਾ। ਕੀ ਅਸੀਂ ਵਿਚਾਰ ਕਰਨੀ ਚਾਹਾਂਗੇ ਕਿ ਸਾਡੇ ਗੁਰੂ ਘਰਾਂ ਵਿਚ ਜਿਹੜੀਆਂ ਮਨਘੜਤ ਸਾਖੀਆਂ ਸੁਣਾਈਆਂ ਜਾ ਰਹੀਆਂ ਹਨ ਤੇ ਜੋ ਕੂੜਾ ਮਿਥਿਹਾਸ ਸਿੱਖ ਸੰਗਤਾਂ ਦੇ ਕੰਨੀਂ ਪਾਇਆ ਜਾ ਰਿਹੈ ਉਹ ਗੁਰੂ ਆਸ਼ੇ ਦੇ ਅਨੁਕੂਲ ਹੈ? ਕਿਤੇ ਵਾਜੇ ਢੋਲਕੀਆਂ ਤੇ ਢੱਡ ਸਾਰੰਗੀਆਂ ਕੇਵਲ ਪੌਂਡ-ਪੌਂਡ ਤੇ ਡਾਲਰ-ਡਾਲਰ ਤਾਂ ਨਹੀਂ ਕੂਕੀ ਜਾ ਰਹੀਆਂ? ਕਿਤੇ ਕਥਾ ਜੇਬਾਂ ਵੱਲ ਹੀ ਤਾਂ ਨਹੀਂ ਝਾਕੀ ਜਾ ਰਹੀ?

ਸਿੱਖਾਂ ਨੂੰ ਚਾਹੀਦੈ ਕਿ ਉਹ ਆਪਣੇ ਧਰਮ ਦੇ ਸਹੀ ਪੈਰੋਕਾਰ ਬਣਨ। ਸਿੱਖ ਦਾ ਮਤਲਬ ਹੀ ਹੈ ਗੁਰੂ ਦੀ ਸਿੱਖਿਆ ਨਾਲ ਵਰੋਸਾਇਆ ਹੋਇਆ ਵਿਅਕਤੀ। ਗੁਰੂ ਗੋਬਿੰਦ ਸਿੰਘ ਨੇ ਆਦਿ ਗ੍ਰੰਥ ਨੂੰ ਗੁਰੂ ਦਾ ਦਰਜਾ ਦਿੱਤਾ ਸੀ। ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਸਾਹਿਬਾਨ ਨਾਲ ਤੀਹ ਕਵੀਆਂ ਦੀ ਬਾਣੀ ਗੁਰੂ ਅਰਜਨ ਦੇਵ ਜੀ ਨੇ ਸੰਪਾਦਿਤ ਕੀਤੀ ਹੈ। ਉਨ੍ਹਾਂ ਕਵੀਆਂ ਵਿਚ ਵੱਖ ਵੱਖ ਇਲਾਕਿਆਂ, ਜਾਤੀਆਂ ਤੇ ਧਰਮਾਂ ਦੇ ਭਗਤ, ਭੱਟ, ਸੰਤ ਤੇ ਸੂਫੀ ਸ਼ਾਮਲ ਹਨ। ਉਨ੍ਹਾਂ ਦੀ ਬਾਣੀ ਨੂੰ ਸਮਝਣ ਸਮਝਾਉਣ ਲਈ ਸੁਲਝੇ ਹੋਏ ਵਿਆਖਿਆਕਾਰਾਂ ਦੀ ਲੋੜ ਹੈ ਤਾਂ ਜੋ ਜਨ ਸਾਧਾਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਸਹੀ ਸਿੱਖਿਆ ਲੈ ਸਕਣ। ਅਖੰਡ ਪਾਠ ਤਾਂ ਬਹੁਤ ਸਾਰੇ ਪਾਠੀਆਂ ਦੀ ਵੀ ਸਮਝ ਵਿਚ ਨਹੀਂ ਆਉਂਦੇ ਹੋਣੇ। ਜਿਸ ਸਿੱਖਿਆ ਦੀ ਸਮਝ ਨਾ ਆਵੇ ਉਹਦੇ ਉਤੇ ਅਮਲ ਫਿਰ ਕਿਵੇਂ ਹੋਵੇਗਾ? ਗ੍ਰੰਥਾਂ ਦੇ ਗੱਡੇ ਲੱਦੀ ਫਿਰਨ ਤੇ ਮੰਤਰਾਂ ਦੀ ਤੋਤੇ-ਰੱਟ ਦੀ ਤਾਂ ਗੁਰੂ ਸਾਹਿਬਾਨ ਨੇ ਵੀ ਨਿਖੇਧੀ ਕੀਤੀ ਹੈ। ਅਜਿਹੇ ਪਖੰਡਾਂ ਨੂੰ ਛੱਡਣ ਦੀ ਸਿੱਖ ਮੱਤ ਦਿੱਤੀ ਹੈ।

ਸਿੱਖ ਜਗਤ ਵਿਚ ਅਖੰਡ ਪਾਠਾਂ ਦਾ ਬਜਟ ਕਰੋੜਾਂ-ਅਰਬਾਂ ਰੁਪਏ ਦਾ ਹੈ। ਸਿੱਖ ਚਿੰਤਕਾਂ ਨੂੰ ਸੋਚ ਵਿਚਾਰ ਕਰਨੀ ਚਾਹੀਦੀ ਹੈ, ਕੀ ਇਨ੍ਹਾਂ ਕਰੋੜਾਂ-ਅਰਬਾਂ ਰੁਪਿਆਂ ਦਾ ਸਹੀ ਇਸਤੇਮਾਲ ਹੋ ਰਿਹੈ? ਕੀ ਅਖੰਡ ਪਾਠਾਂ ਨਾਲ ਅਸੀਂ ਗੁਰੂ ਦੀ ਸਿੱਖਿਆ ਤੋਂ ਸਹੀ ਸਬਕ ਲੈ ਰਹੇ ਹਾਂ? ਕੀ ਅਖੰਡ ਪਾਠ ਸਾਡੀ ਸਮਝ ਵਿਚ ਆ ਰਹੇ ਹਨ? ਜੇ ਅਸੀਂ ਸੁਣ ਹੀ ਨਹੀਂ ਰਹੇ ਤੇ ਸਮਝ ਵੀ ਨਹੀਂ ਰਹੇ ਤਾਂ ਕਾਹਦੇ ਲਈ ਹਨ ਇਹ ਅਖੰਡ ਪਾਠ? ਫਿਰ ਅਜਿਹੇ ਅਖੰਡ ਪਾਠਾਂ ਦੀ ਭੇਟਾ ਕਾਹਦੇ ਲਈ ਹੈ? ਜੇ ਸਾਨੂੰ ਲੱਗਦੈ ਕਿ ਕੋਈ ਸਾਡੇ ਜੈਕਾਰੇ ਦੀ ਗ਼ਲਤ ਵਰਤੋਂ ਕਰ ਰਿਹੈ ਤਾਂ ਸਾਨੂੰ ਹੋਰ ਵੀ ਸੁਚੇਤ ਹੋਣਾ ਚਾਹੀਦੈ ਕਿ ਕੋਈ ਸਾਡੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਵੀ ਆਪਣੇ ਮੁਨਾਫ਼ੇ ਲਈ ਤਾਂ ਨਹੀਂ ਵਰਤ ਰਿਹਾ? ਸ਼ਰਧਾਲੂਆਂ ਦਾ ਸ਼ੋਸ਼ਣ ਤਾਂ ਨਹੀਂ ਕਰ ਰਿਹਾ?

ਸਿੱਖ ਧਰਮ ਸਭ ਤੋਂ ਨਵੀਨ ਤੇ ਤਰਕਸ਼ੀਲ ਧਰਮ ਹੈ। ਫਿਰ ਵੀ ਇਸ ਉਤੇ ਬ੍ਰਾਹਮਣਵਾਦ ਦੀ ਅਮਰ ਵੇਲ ਚਾੜ੍ਹੀ ਜਾ ਰਹੀ ਹੈ। ਇਸ ਨੂੰ ਮਿਥਿਹਾਸ ਦੀ ਪਿਓਂਦ ਦਿੱਤੀ ਜਾ ਰਹੀ ਹੈ ਤੇ ਇਸ ਦਾ ਸ਼ਰ੍ਹੇਆਮ ਬਜ਼ਾਰੀਕਰਨ ਹੋ ਰਿਹੈ। ਨਾਮ ਵੇਚੇ ਜਾ ਰਹੇ ਨੇ, ਪਾਠ ਵੇਚੇ ਜਾ ਰਹੇ ਨੇ, ਮਾਇਆ ਲੈ ਕੇ ਅਰਦਾਸਾਂ ਕੀਤੀਆਂ ਜਾ ਰਹੀਆਂ ਨੇ ਤੇ ਅਨੰਦ ਪੜ੍ਹੇ ਜਾ ਰਹੇ ਨੇ। ਧਰਮ ਨੂੰ ਸੌੜੀ ਰਾਜਨੀਤੀ ਲਈ ਵਰਤਿਆ ਜਾ ਰਿਹੈ। ਨਿੱਜੀ ਖ਼ਤਰੇ ਨੂੰ 'ਪੰਥ ਖ਼ਤਰੇ ਵਿਚ' ਦਾ ਨਾਂ ਦਿੱਤਾ ਜਾ ਰਿਹੈ। ਕਈਆਂ ਨੇ ਗੁਰੂ ਘਰਾਂ ਦੇ ਨਾਂ ਉਤੇ ਦੁਕਾਨਾਂ ਖੋਲ੍ਹ ਰੱਖੀਆਂ ਹਨ। ਉਹ ਗੁਰੂ ਘਰਾਂ ਨੂੰ ਦਾਨ ਦੇਣ ਦੀਆਂ ਪਰਚੀਆਂ ਉਤੇ ਜਾਅਲੀ ਰਕਮਾਂ ਭਰ ਕੇ ਟੈਕਸ ਚੋਰੀ ਕਰ ਰਹੇ ਹਨ। ਕਈ ਦੁਕਾਨਦਾਰ ਆਪਣੀਆਂ ਦੁਕਾਨਾਂ ਦੇ ਸਾਈਨ ਬੋਰਡ ਗੁਰੂਆਂ ਦੇ ਨਾਂਵਾਂ ਉਤੇ ਲਾਈ ਬੈਠੇ ਹਨ।

ਇਥੇ ਇਕ ਧਰਮ ਪ੍ਰਚਾਰਕ ਦੀ ਮਿਸਾਲ ਦੇਣੀ ਕੁਥਾਂ ਨਹੀਂ ਹੋਵੇਗੀ। ਉਸ ਗੁਰਸਿੱਖ ਦੀਆਂ ਇਕੋ ਸ਼ਹਿਰ 'ਚ ਦੋ ਦੁਕਾਨਾਂ ਸਨ। ਹਿੰਦੂਆਂ ਦੇ ਮਹੱਲੇ ਵਾਲੀ ਦੁਕਾਨ ਦਾ ਨਾਂ ਉਸ ਨੇ 'ਸ੍ਰੀ ਕ੍ਰਿਸ਼ਨ ਟਿੰਬਰ ਸਟੋਰ' ਰੱਖਿਆ ਸੀ ਤੇ ਸਿੱਖਾਂ ਦੇ ਮਹੱਲੇ ਵਾਲੀ ਦੁਕਾਨ ਦਾ ਨਾਂ 'ਗੁਰੂ ਨਾਨਕ ਚੱਪਲ ਸਟੋਰ'। ਅੰਦਾਜ਼ਾ ਲਾ ਲਓ ਕਿ ਉਹ ਕਿਹੋ ਜਿਹਾ 'ਗੁਰਸਿੱਖ' ਸੀ?

ਸਵਾਲ ਹੈ ਕਿ ਧਾਰਮਿਕ ਕਾਰਜਾਂ ਦਾ ਠੇਕਾ ਕਿੰਨਾ ਕੁ ਚਿਰ ਅਜਿਹੇ 'ਗੁਰਮੁਖਾਂ' ਨੂੰ ਦੇਈ ਰੱਖਣੈ? ਕੀ ਰਾਜਨੀਤਕ ਪਾਰਟੀਆਂ ਵੱਲੋਂ ਧਰਮਾਂ ਨੂੰ ਆਪਣੇ ਰਾਜਨੀਤਕ ਟੀਚਿਆਂ ਲਈ ਵਰਤਿਆ ਜਾਣਾ ਯੋਗ ਹੈ? ਸਾਡਾ ਵਿਚਾਰ ਹੈ ਕਿ ਅਜਿਹਾ ਨਹੀਂ ਹੋਣਾ ਚਾਹੀਦਾ। ਧਾਰਮਿਕ ਸ਼ਰਧਾ, ਇਸ਼ਟ ਅਤੇ ਕਿਸੇ ਦੇ ਵਿਸ਼ਵਾਸ ਦਾ ਸੋਸ਼ਣ ਬੰਦ ਹੋਣਾ ਚਾਹੀਦਾ ਹੈ। ਅਸੀਂ ਜੇ ਆਪਣਾ ਧਰਮ ਕਾਇਮ ਰੱਖਣਾ ਹੈ ਤਾਂ ਸਾਨੂੰ ਸੱਚੇ ਧਰਮੀ ਬਣਨਾ ਪਵੇਗਾ। ਗੁਰਮੁਖਾਂ ਦੇ ਭੇਸ 'ਚ ਵਿਚਰਦੇ ਮਨਮੁਖਾਂ ਤੋਂ ਸੁਚੇਤ ਹੋਣਾ ਪਵੇਗਾ। ਕੀ ਸਿੱਖ ਅਜਿਹਾ ਕਰਨਗੇ? ਕੀ ਅਸੀਂ ਸੱਚਮੁੱਚ ਹੀ ਆਪਣੀ ਪੀੜ੍ਹੀ ਹੇਠ ਸੋਟਾ ਫੇਰਨ ਲਈ ਤਿਆਰ ਹਾਂ?

ਵਿਚਾਰ-ਚਰਚਾ

# ਪ੍ਰੋ. ਬਲਕਾਰ ਸਿੰਘ ਭਾਰਤੀ ਬਸਤੀਵਾਦੀ ਸੋਚ ਤੋਂ ਮੁਕਤ ਹੋਣ

**ਕੁਝ ਹਫਤੇ ਪਹਿਲਾਂ ਅਸੀਂ ਸਿੱਖ ਵਿਦਵਾਨ ਸ. ਅਜਮੇਰ ਸਿੰਘ ਦੀਆਂ ਪੁਸਤਕਾਂ ਬਾਰੇ ਖੱਬੇ ਪੱਖੀ ਵਿਦਵਾਨ ਡਾ. ਪ੍ਰੇਮ ਸਿੰਘ ਅਤੇ ਉਸ ਪਿਛੋਂ ਡਾ. ਬਲਕਾਰ ਸਿੰਘ ਹੋਰਾਂ ਦੇ ਲੇਖ ਛਾਪੇ ਸਨ। ਉਨ੍ਹਾਂ ਦੀ ਪ੍ਰਤੀਕ੍ਰਿਆ ਵਿਚ ਰਣਜੀਤ ਸਿੰਘ, ਬੀਰ ਸਿੰਘ ਚੌਹਾਨ ਤੇ ਹਰਕੀਰਤ ਸਿੰਘ ਦੇ ਲੇਖ ਛਾਪ ਚੁਕੇ ਹਾਂ। ਇਕ ਵੱਖਰੇ ਜ਼ਾਵੀਏ ਤੋਂ ਲਿਖਿਆ ਪ੍ਰਸਿਧ ਵਿਦਵਾਨ ਡਾ. ਤੇਜਵੰਤ ਸਿੰਘ ਗਿੱਲ ਦਾ ਲੇਖ ਵੀ ਛਾਪ ਚੁਕੇ ਹਾਂ। ਸੰਵਾਦ ਨੂੰ ਜਾਰੀ ਰੱਖਦਿਆਂ ਡਾ. ਬਲਕਾਰ ਸਿੰਘ ਦੇ ਪ੍ਰਤੀਉਤਰ ਵੀ ਛਪ ਚੁਕੇ ਹਨ। ਇਸ ਅੰਕ ਵਿਚ ਉਨ੍ਹਾਂ ਦਾ ਇਕ ਹੋਰ ਪ੍ਰਤੀਉਤਰ ਅਤੇ ਪ੍ਰਭਜੋਤ ਸਿੰਘ ਅਤੇ ਡਾ. ਜਸਵੀਰ ਸਿੰਘ ਦੀਆਂ ਪ੍ਰਤੀਕ੍ਰਿਆਵਾਂ ਛਾਪ ਰਹੇ ਹਾਂ। ਇਕ ਵਾਰ ਫਿਰ ਸਪਸ਼ਟ ਕਰ ਦਈਏ ਕਿ ਸਾਡਾ ਇਨ੍ਹਾਂ ਲੇਖਾਂ ਵਿਚ ਪ੍ਰਗਟਾਏ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। -ਸੰਪਾਦਕ**

**ਪ੍ਰਭਜੋਤ ਸਿੰਘ***

ਡਾ. ਪ੍ਰੇਮ ਸਿੰਘ ਹੁਰਾਂ ਦੀ ਸ. ਅਜਮੇਰ ਸਿੰਘ ਦੀਆਂ ਹੁਣ ਤਕ ਆ ਚੁਕੀਆਂ ਤਿੰਨ ਕਿਤਾਬਾਂ ਦਾ ਵਿਸ਼ਲੇਸ਼ਣ ਕਰਦੀ ਇਕ ਕੱਚੀ ਲਿਖਤ ਪੜ੍ਹਨ ਤੋਂ ਬਾਅਦ ਇਸੇ ਤਰਜ਼ ਦੀ ਇਕ ਹੋਰ ਲਿਖਤ ਪੜ੍ਹਨ ਨੂੰ ਮਿਲੀ। ਹੈਰਾਨੀ ਅਤੇ ਨਿਰਾਸ਼ਾ ਇਸ ਗੱਲ ਦੀ ਹੈ ਕਿ ਇਹ ਲਿਖਤ ਪੰਥ ਵਿਚ ਸਿੱਖ ਵਿਦਵਾਨ ਹੋਣ ਦਾ ਮਾਣ ਰਖਣ ਵਾਲੇ ਪ੍ਰੋ. ਬਲਕਾਰ ਸਿੰਘ ਦੀ ਕਲਮ ਦੀ ਉਪਜ ਹੈ। ਇਸ ਲੇਖ ਵਿਚ ਪ੍ਰੋ. ਸਾਹਿਬ ਨੇ ਸ.ਅਜਮੇਰ ਸਿੰਘ ਦੀ ਪਹਿਲੀ ਕਿਤਾਬ 'ਵੀਹਵੀਂ ਸਦੀ ਦੀ ਸਿੱਖ ਰਾਜਨੀਤੀ-ਇਕ ਗੁਲਾਮੀ ਤੋਂ ਦੂਜੀ ਗੁਲਾਮੀ ਤਕ' ਦਾ ਮੁਲੰਕਣ ਕੀਤਾ ਹੈ।

ਉਨ੍ਹਾਂ ਦਾ ਇਹ ਲੇਖ ਸ. ਅਜਮੇਰ ਸਿੰਘ ਦੀ ਪਹਿਲੀ ਪੁਸਤਕ ਦੇ ਪਾਠਕਾਂ ਦੇ ਹਥਾਂ ਵਿਚ ਆਉਣ ਤੋਂ ਬਾਅਦ ਦਾ ਲਿਖਿਆ ਹੋਇਆ ਹੈ। ਇਸ ਤੋਂ ਬਾਅਦ ਸ. ਅਜਮੇਰ ਸਿੰਘ ਦੀਆਂ ਦੋ ਹੋਰ ਕਿਤਾਬਾਂ 'ਕਿਸ ਬਿਧ ਰੁਲੀ ਪਾਤਸ਼ਾਹੀ' ਅਤੇ '1984 ਅਣਚਿਤਵਿਆ ਕਹਿਰ' ਆ ਚੁਕੀਆਂ ਹਨ ਜਿਨ੍ਹਾਂ ਰਾਹੀਂ ਉਨ੍ਹਾਂ ਨੇ ਆਪਣੀ ਗੱਲ ਨੂੰ ਜ਼ੋਰਦਾਰ ਤਰੀਕੇ ਨਾਲ ਸਥਾਪਿਤ ਕੀਤਾ ਹੈ ਪਰ ਪ੍ਰੋ. ਸਾਹਿਬ ਦਾ ਦਾਅਵਾ ਹੈ ਕਿ ਉਨ੍ਹਾਂ ਦਾ ਇਹ ਪਹਿਲੀ ਕਿਤਾਬ ਦਾ ਕੀਤਾ ਗਿਆ ਰੀਵਿਊ ਅਜ ਵੀ ਉਨਾਂ ਹੀ ਪਾਏਦਾਰ ਹੈ, ਜਿਨਾ ਪਹਿਲਾਂ ਸੀ।

ਡਾ. ਪ੍ਰੇਮ ਸਿੰਘ ਅਤੇ ਪ੍ਰੋ. ਬਲਕਾਰ ਸਿੰਘ ਵਲੋਂ ਸ. ਅਜਮੇਰ ਸਿੰਘ ਦੀਆਂ ਕਿਤਾਬ/ਕਿਤਾਬਾਂ ਦੇ ਕੀਤੇ ਗਏ ਮੁਲੰਕਣ ਤੋਂ ਇਹ ਗੱਲ ਤਾਂ ਪ੍ਰਤਖ ਹੋ ਜਾਂਦੀ ਹੈ ਕਿ ਇਹ ਦੋਵੇਂ ਭਾਰਤੀ ਰਾਸ਼ਟਰਵਾਦ ਦੇ ਪੁਜ ਕੇ ਸੇਵਕ ਹਨ। ਡਾ. ਪ੍ਰੇਮ ਸਿੰਘ ਜਿਥੇ ਇਹ ਕੰਮ ਮਾਰਕਸੀ ਮੰਚ ਤੇ ਖੜੇ ਹੋ ਕਰ ਕਰ ਰਹੇ ਹਨ, ਉਥੇ ਪ੍ਰੋ. ਸਾਹਿਬ ਇਹ "ਵਡਮੁਲੀ ਸੇਵਾ" ਅਕਾਲੀ ਦਲ ਦੀ ਸਟੇਜ ਤੋਂ ਖੜ੍ਹ ਕੇ ਨਿਭਾ ਰਹੇ ਹਨ। ਇਹ ਹੈ ਭਾਰਤੀ ਰਾਸ਼ਟਰਵਾਦ ਦਾ ਕਮਾਲ। ਕੁਝ ਸੱਜਣ ਡਾ. ਪ੍ਰੇਮ ਸਿੰਘ ਦੀ ਲਿਖਤ ਦਾ ਜਵਾਬ ਤਾਂ ਦੇ ਚੁਕੇ ਹਨ। ਇਸ ਲਈ ਇਹ ਲੇਖ ਪ੍ਰੋ. ਬਲਕਾਰ ਸਿੰਘ ਦੁਆਰਾ ਪ੍ਰਗਟਾਏ ਵਿਚਾਰਾਂ ਉਤੇ ਹੀ ਕੇਂਦਰਿਤ ਕੀਤਾ ਜਾ ਰਿਹਾ ਹੈ।

ਪ੍ਰੋ. ਸਾਹਿਬ ਲਿਖਦੇ ਹਨ: "ਭਾਰਤ ਦੀਆਂ ਖੇਤਰੀ ਸਿਆਸੀ ਪਾਰਟੀਆਂ ਵਿਚੋਂ ਅਕਾਲੀ ਪਾਰਟੀ ਸਭ ਨਾਲੋਂ ਪੁਰਾਣੀ ਹੈ ਕਿਉਂਕਿ ਅਕਾਲੀਆਂ ਦੀ ਧਰੋਹਰ ਅਕਾਲੀਅਤ ਦਾ ਇਤਿਹਾਸ ਖਾਲਸੇ ਦਾ ਹਾਣੀ ਹੈ। ਇਸੇ ਕਰਕੇ ਅਕਾਲੀ ਦਲ ਨੂੰ ਸਥਾਪਨਾ ਸਮੇਂ ਤੋਂ ਹੀ "ਖਾਲਸਾ ਜੀ ਦੇ ਬੋਲਬਾਲਿਆ" ਵਾਸਤੇ ਹੀ ਪ੍ਰਵਾਨ ਕੀਤਾ ਜਾਂਦਾ ਰਿਹਾ ਹੈ। ਇਸ ਪਖੋਂ ਸਿੱਖ ਰਾਜਨੀਤੀ ਕਿਸੇ ਵੀ ਪ੍ਰਸੰਗ ਵਿਚ ਸਿੱਖ ਰਾਜਨੀਤੀ ਵਿਚ ਦਿਲਚਸਪੀ ਰਖਣ ਵਾਲਿਆਂ ਲਈ ਕੇਂਦਰੀ ਵੀ ਹੈ, ਨੁਮਾਇਆ ਵੀ। ਇਹ ਮੰਨ ਲੈਣ ਵਿਚ ਕੋਈ ਸੰਦੇਹ ਨਹੀਂ ਕਿ ਵਰਤਮਾਨ ਪ੍ਰਸੰਗ ਵਿਚ ਅਕਾਲੀਆਂ ਬਾਰੇ ਸਭ ਤੋਂ ਘਟ ਜਾਣਕਾਰੀ ਅਕਾਲੀਆਂ ਨੂੰ ਹੀ ਹੈ। ਇਸੇ ਕਰਕੇ ਅਕਾਲੀਆਂ ਨੂੰ ਲੋਕਾਂ ਨਾਲ ਰਹਿਣ ਦੀ ਕਦੇ ਲੋੜ ਹੀ ਮਹਿਸੂਸ ਨਹੀਂ ਹੁੰਦੀ। ਫਿਰ ਵੀ ਲੋਕ ਅਕਾਲੀਆਂ ਨਾਲ ਰਹੇ ਹੀ ਹਨ ਅਤੇ ਰਹਿਣੇ ਵੀ ਹਨ। ਇਹ ਪੰਜਾਬ ਦੇ ਲੋਕਾਂ ਦੇ ਸਿੱਖੀ ਲਈ ਮੋਹ ਕਰਕੇ ਹੈ, ਨਾ ਕਿ ਅਕਾਲੀਆਂ ਕਰਕੇ ਕਿਉਂਕਿ ਅਕਾਲੀ ਸਿੱਖੀ ਦੇ ਅਜਿਹੇ ਵਿਗੜੇ ਹੋਏ ਵਾਰਸ ਹਨ ਜਿਨ੍ਹਾਂ ਦੇ ਹੱਕ ਨਾਲੋਂ ਖਿਲਾਫ਼ ਬੋਲਣਾ ਕਿਤੇ ਸੌਖਾ ਹੈ। ਇਸ ਕਿਤਾਬ ਵਿਚ ਇਸ ਦੀ ਨਜ਼ਾਇਜ਼ ਹਦ ਤਕ ਵਰਤੋਂ ਹੋ ਗਈ ਹੈ। ਹਮਦਰਦੀ ਨਾਲ ਵੇਖਿਆ ਹੁੰਦਾ ਤਾਂ ਕਿਹਾ ਜਾ ਸਕਦਾ ਸੀ ਕਿ ਅਕਾਲੀ ਅਤੇ ਅਕਾਲੀਅਤ ਵਿਚ ਉਨਾਂ ਕੁ ਫਰਕ ਤਾਂ ਹੈ ਜਿੰਨਾ ਕੁ ਸਿਧਾਂਤ ਅਤੇ ਅਮਲ ਵਿਚ ਅਕਸਰ ਰਹਿ ਜਾਂਦਾ ਹੈ। ਸੋਚਿਆ ਜਾਵੇ ਤਾਂ ਇਹ ਕਿਥੇ ਨਹੀਂ ਹੈ? ਸਿਧਾਂਤ ਆਦਰਸ਼ ਹੁੰਦਾ ਹੈ ਅਤੇ ਇਸ ਨੂੰ ਆਦਰਸ਼ਵਾਦ ਗਰਦਾਨ ਕੇ ਕਿਸੇ ਦਾ ਵੀ ਭੰਡੀ ਪ੍ਰਚਾਰ ਕੀਤਾ ਜਾ ਸਕਦਾ ਹੈ। ਇਹ ਲੇਖਕ ਕੋਲੋਂ ਅਕਾਲੀਆਂ ਦੇ ਖਿਲਾਫ਼ ਇਸ ਕਿਤਾਬ ਵਿਚ ਹੋ ਗਿਆ ਹੈ। ਜੇ ਮਿਥ ਕੇ ਵਿਰੋਧ ਨਾ ਕਰਨਾ ਹੋਵੇ ਤਾਂ ਸਥਾਪਿਤ ਸੱਚ ਪ੍ਰਵਾਨ ਕਰ ਲੈਣਾ ਚਾਹੀਦਾ ਹੈ ਕਿ ਕਿਸੇ ਵੀ ਸਿਆਸੀ ਪਾਰਟੀ ਨੂੰ ਉਸ ਦੇ ਆਪਣੇ ਪ੍ਰਸੰਗ ਵਿਚ ਵਿਚਾਰੇ ਜਾਣ ਨਾਲ ਹੀ ਉਸ ਨਾਲ ਨਿਆਂ ਹੋ ਸਕਦਾ ਹੈ। ਇਸ ਪਖੋਂ ਅਕਾਲੀ ਰਾਜਨੀਤੀ ਨੂੰ ਸਿੱਖ ਰਾਜਨੀਤੀ ਵਜੋਂ ਵਿਚਾਰਨ ਲਗਿਆਂ ਇਹ ਧਿਆਨ ਵਿਚ ਰਖਿਆ ਜਾਣਾ ਚਾਹੀਦਾ ਹੈ ਕਿ ਅਕਾਲੀਆਂ ਦੀ ਸਿੱਖ ਰਹਿਣ ਦੀ ਕੋਸ਼ਿਸ਼ ਕਰਨਾ ਹੀ ਉਨ੍ਹਾਂ ਦੇ ਖਿਲਾਫ਼ ਜਾਂਦਾ ਹੈ।"

ਪ੍ਰੋ. ਸਾਹਿਬ ਅਗੇ ਕਹਿੰਦੇ ਹਨ, "ਅਕਾਲੀ ਸਿਆਸਤ ਬਾਰੇ ਹੁਣ ਤਕ ਲਿਖੀਆਂ ਪੁਸਤਕਾਂ ਵਿਚੋਂ ਡਾ. ਜਗਤਾਰ ਸਿੰਘ ਗਰੇਵਾਲ ਦੀ ਪੁਸਤਕ ਨੂੰ ਅਕਾਲੀ ਨੁਕਤੇ ਤੋਂ ਸੰਤੁਲਿਤ, ਸੁਹਿਰਦ ਅਤੇ ਸਪਸ਼ਟ ਰਚਨਾ ਕਿਹਾ ਜਾ ਸਕਦਾ ਹੈ।" ਕੁਝ ਹੋਰ ਅਗੇ ਜਾ ਕੇ ਕਹਿੰਦੇ ਹਨ, "ਡਾ. ਗਰੇਵਾਲ ਨੇ ਬਾਦਲੀਲ ਢੰਗ ਨਾਲ ਖਾੜਕੂ ਦੌਰ ਨੂੰ ਹਨੇਰੀ ਸੁਰੰਗ ਅਤੇ ਘੋਰ ਸੰਕਟ ਦਾ ਸਮਾਂ ਦਸਿਆ ਹੈ। ਬੇਅੰਤ ਸਿੰਘ ਸਰਕਾਰ ਤੇ ਦੋਸ਼ ਲਾਇਆ ਹੈ ਕਿ ਉਹ ਸੌੜੇ ਰਾਜਨੀਤਕ ਕਾਰਨਾਂ ਕਰ ਕੇ ਅਕਾਲੀਆਂ ਦਾ ਨਾਂ ਖਾੜਕੂਆਂ ਨਾਲ ਜੋੜ ਰਿਹਾ ਹੈ। ਇਹ ਵੀ ਕਿਹਾ ਹੈ ਕਿ ਅਕਾਲੀਆਂ ਨੇ ਮੁਕਰਨ ਦੀ ਸੌਖੀ ਰਾਜਨੀਤੀ ਕਰਨ ਦੀ ਥਾਂ ਇਸ ਸਥਿਤੀ ਨਾਲ ਨਜਿਠਣ ਲਈ ਜੋ ਹੈਰਾਨਕੁੰਨ ਦ੍ਰਿੜ੍ਹਤਾ ਅਤੇ ਲਾਸਾਨੀ ਹੌਂਸਲਾ ਵਿਖਾਇਆ, ਉਹ ਦੇਸ ਦੇ ਰਾਜਨੀਤਕ ਜੀਵਨ ਲਈ ਵਿਲਖਣ ਯੋਗਦਾਨ ਸੀ। ਇਸ ਤੋਂ ਉਲਟ ਅਜਮੇਰ ਸਿੰਘ ਨੇ ਅਕਾਲੀਆਂ ਨੂੰ ਖਾੜਕੂ ਦ੍ਰਿਸ਼ਟੀ ਤੋਂ ਵੇਖਣ ਦੀ ਵਕਾਲਤ ਕੀਤੀ ਹੈ। ਖਾੜਕੂਆਂ ਨਾਲੋਂ ਵੀ ਵਧ ਲੇਖਕ ਲਈ ਅਸਲ ਮੁੱਦਾ ਖਾੜਕੂ ਸਿਆਸਤ ਨੂੰ ਸਮਝਣ ਸਮਝਾਉਣ ਦਾ ਹੈ। ਲੇਖਕ ਦੀ ਇਸ ਮੁੱਦੇ ਬਾਰੇ ਪੂਜਕ ਦੀ ਹਦ ਤਕ ਜਾਣ ਵਾਲੀ ਸੁਹਿਰਦ ਸ਼ਰਧਾ ਦੀ ਸਮਝ ਤਾਂ ਆਉਂਦੀ ਹੈ ਪਰ ਇਹ ਸਾਬਤ ਕਰਨ ਲਈ ਜਿਵੇਂ ਇਸ ਕਿਤਾਬ ਵਿਚ ਅਕਾਲੀਆਂ ਨੂੰ ਮਿਥ ਕੇ ਬਲੀ ਚੜ੍ਹਾਇਆ ਗਿਆ, ਸਮਝਣਾ ਸੌਖਾ ਨਹੀਂ ਹੈ।"

ਪ੍ਰੋ. ਸਾਹਿਬ ਬਹਿਸ ਲਈ ਇਕ ਨੁਕਤਾ ਸੁਝਾਉਂਦੇ ਹੋਏ ਕਹਿੰਦੇ ਹਨ ਕਿ ਇਹ ਕਿਤਾਬ ਉਸ ਮੌਕੇ ਆਈ ਹੈ ਜਦੋਂ ਅਕਾਲੀਆਂ ਦੇ ਵੀ ਅਕਾਲੀ ਨਾ ਰਹਿਣ ਕਰਕੇ ਸਿੱਖ ਸਿਆਸਤ 'ਤੇ ਸੱਟ ਮਾਰਨੀ ਸੌਖੀ ਹੋ ਗਈ ਹੈ। ਸੋ, ਨਿਖਸਮੀ ਅਕਾਲੀਅਤ ਦੇ ਵਾਰਸਾਂ ਨੂੰ ਸਿਆਸੀ ਭੰਵਰ ਜਾਲ ਵਿਚ ਪਾਉਂਦੀ ਇਸ ਕਿਤਾਬ ਨੂੰ ਪੜ੍ਹਨਾ ਜ਼ਰੂਰ ਚਾਹੀਦਾ ਹੈ।

ਪ੍ਰੋ. ਸਾਹਿਬ ਸ. ਅਜਮੇਰ ਸਿੰਘ ਦੀ ਪਹਿਲੀ ਕਿਤਾਬ ਬਾਰੇ ਫਤਵਾ ਦਿੰਦੇ ਹੋਏ ਕਹਿੰਦੇ ਹਨ, "ਪਹਿਲੀ ਨਜ਼ਰੇ ਇਹ ਕਿਤਾਬ ਖਾੜਕੂਵਾਦ ਦੀ ਕੇਸਰੀ-ਕਿਤਾਬ ਲਗਦੀ ਹੈ ਪਰ ਥੋੜਾ ਗਹੁ ਨਾਲ ਵੇਖੀਏ ਤਾਂ ਇਸਨੂੰ ਅਤਿਵਾਦੀ ਹੇਰਵਾ ਕਹਿਣਾ ਤਾਂ ਮੁਸ਼ਕਲ ਹੈ ਪਰ ਇਸ ਨੂੰ ਅਤਿਵਾਦੀ-ਜੁਗਾਲੀ ਜ਼ਰੂਰ ਕਿਹਾ ਜਾ ਸਕਦਾ ਹੈ।"

ਇਹ ਸਤਰਾਂ ਤੋਂ ਬਾਅਦ ਪ੍ਰੋ. ਸਾਹਿਬ ਦੀ ਅਕਾਲੀ ਦਲ ਪ੍ਰਤੀ ਅੰਨ੍ਹੀ ਸ਼ਰਧਾ ਅਤੇ ਖਾੜਕੂ ਲਹਿਰ ਸਬੰਧੀ ਉਨ੍ਹਾਂ ਦੀ ਸਿਰੇ ਦੀ ਨਫ਼ਰਤ ਸਾਫ਼ ਝਲਕ ਪੈਂਦੀ ਹੈ। ਇਕ ਪਾਸੇ ਉਹ ਅਕਾਲੀਆਂ ਨੂੰ ਵਿਗੜੇ ਕਹਿੰਦੇ ਹੋਏ ਹੁਣ ਉਨ੍ਹਾਂ ਦੇ ਅਕਾਲੀ ਨਾ ਰਹਿਣ ਦੀ ਤਸਦੀਕ ਕਰਦੇ ਹਨ ਅਤੇ ਦੂਜੇ ਪਾਸੇ ਉਹ ਅਕਾਲੀਆਂ ਦੇ ਅਮਲ ਨੂੰ ਸਹੀ ਠਹਿਰਾਉਂਦੇ ਹੋਏ ਕਹਿੰਦੇ ਹਨ ਕਿ ਹਮਦਰਦੀ ਨਾਲ ਵੇਖਿਆ ਹੁੰਦਾ ਤਾਂ ਕਿਹਾ ਜਾ ਸਕਦਾ ਸੀ ਕਿ ਅਕਾਲੀ ਅਤੇ ਅਕਾਲੀਅਤ ਵਿਚ ਉਨਾ ਕੁ ਫਰਕ ਤਾਂ ਹੈ, ਜਿਨਾ ਕੁ ਸਿਧਾਂਤ ਅਤੇ ਅਮਲ ਵਿਚਕਾਰ ਅਕਸਰ ਰਹਿ ਜਾਂਦਾ ਹੈ।

ਖਾੜਕੂ ਲਹਿਰ ਨੂੰ ਸਹੀ ਪ੍ਰਸੰਗ ਵਿਚ ਪੇਸ਼ ਕਰਦੀ ਸ.ਅਜਮੇਰ ਸਿੰਘ ਦੀ ਕਿਤਾਬ ਤਾਂ ਉਨ੍ਹਾਂ ਨੂੰ ਅਤਿਵਾਦੀ ਜੁਗਾਲੀ ਲਗਦੀ ਹੈ ਪਰ ਇਤਿਹਾਸਕਾਰ ਜਗਤਾਰ ਸਿੰਘ ਗਰੇਵਾਲ ਆਪਣੀ ਕਿਤਾਬ ਵਿਚ ਉਨ੍ਹਾਂ ਨੂੰ ਅਕਾਲੀਆਂ ਦਾ ਸਹੀ ਮੁਲੰਕਣ ਕਰਦਾ ਜਾਪਦਾ ਹੈ ਕਿਉਂਕਿ ਡਾ. ਗਰੇਵਾਲ ਅਨੁਸਾਰ ਖਾੜਕੂਵਾਦ ਦਾ ਦੌਰ ਹਨ੍ਹੇਰੀ ਸੁਰੰਗ ਅਤੇ ਘੋਰ ਸੰਕਟ ਦਾ ਸਮਾਂ ਸੀ।

ਪ੍ਰੋ. ਸਾਹਿਬ, ਅਜਮੇਰ ਸਿੰਘ 'ਤੇ ਇਹ ਨਜਾਇਜ਼ ਦੋਸ਼ ਵੀ ਮੜ੍ਹਦੇ ਹਨ ਕਿ ਉਹ ਅਕਾਲੀਆਂ ਵਿਰੁਧ ਬਿਨਾ ਕਾਰਨ ਹੀ ਭੰਡੀ ਪ੍ਰਚਾਰ ਕਰੀ ਜਾ ਰਿਹਾ ਹੈ, ਪਰ ਅਸਲ ਸੱਚ ਇਹ ਹੈ ਕਿ ਸ. ਅਜਮੇਰ ਸਿੰਘ ਸਮੁਚੇ ਰੂਪ ਵਿਚ ਅਕਾਲੀਆਂ ਤੇ ਬੇਈਮਾਨ ਹੋਣ ਦਾ ਦੋਸ਼ ਕਿਤੇ ਵੀ ਨਹੀਂ ਲਾਉਂਦੇ ਬਲਕਿ ਉਹ ਤਾਂ ਪੰਥਕ ਅਕਾਲੀਆਂ (ਹੁਣ ਦੇ ਅਕਾਲੀ ਨਹੀਂ) ਦੀ ਸਿਧਾਂਤਕ ਅਸਪਸ਼ਟਤਾ ਦੀ ਨਿਸ਼ਾਨਦੇਹੀ ਕਰਦੇ ਹੋਏ ਕੌਮ ਦੇ ਨਿਆਰੇਪਣ ਨੂੰ ਖੜ੍ਹੇ ਹੋ ਗਏ ਖਤਰੇ ਦੀ ਦਰਦ ਭਰੀ ਬਾਤ ਪਾ ਰਹੇ ਹਨ। ਉਨ੍ਹਾਂ ਦੀ ਪਹਿਲੀ ਕਿਤਾਬ ਵਿਚ ਦਰਜ਼ ਇਹ ਸਤਰਾਂ ਜ਼ਰਾ ਨੀਝ ਲਾ ਕੇ ਪੜ੍ਹੋ:

"ਇਹ ਕਹਿਣਾ ਕਿ 'ਨੈਸ਼ਲਿਸਟ' ਸਿੱਖ ਆਗੂਆਂ ਨੇ ਇਹ ਨਿਰਣਾ (ਹਿੰਦੂ ਭਾਰਤ ਨਾਲ ਸਿੱਖ ਕੌਮ ਦਾ ਰਲੇਵਾਂ) ਕਰਨ ਲਗਿਆਂ ਸਿੱਖ ਕੌਮ ਦੇ ਹਿਤਾਂ ਦੀ ਕੋਈ ਪ੍ਰਵਾਹ ਨਹੀਂ ਕੀਤੀ, ਉਨ੍ਹਾਂ ਨਾਲ ਬੇਇਨਸਾਫੀ ਹੋਵੇਗੀ। ਬੇਸ਼ਕ ਇਹ ਗੱਲ ਠੀਕ ਹੈ ਕਿ 'ਨੈਸ਼ਨਲਿਸਟ' ਸਿੱਖ ਲੀਡਰਸ਼ਿਪ ਅੰਦਰ ਕੁਝ ਅਜਿਹੇ ਤਤ ਵੀ ਸਨ। ਜਿਨ੍ਹਾਂ ਨੂੰ ਸਿੱਖ ਪੰਥ ਦੇ ਹਿਤਾਂ ਨਾਲੋਂ ਆਪਣੇ ਨਿਜੀ ਮੁਫਾਦ ਵਧ ਪਿਆਰੇ ਸਨ। ਉਨ੍ਹਾਂ ਵਲੋਂ ਸਿੱਖ ਪੰਥ ਦੇ ਹਿੰਦੂ ਵਰਗ ਨਾਲ ਗਠਜੋੜ ਦੀ ਵਕਾਲਤ ਕਰਨ ਦੀ ਮੁਖ ਵਜ੍ਹਾ ਵਿਚਾਰਧਾਰਾ ਨਹੀਂ ਸਗੋਂ ਨਿਜੀ ਗਰਜ਼ਾਂ ਤੇ ਲਾਲਸਾਵਾਂ ਸਨ। ਸ. ਬਲਦੇਵ ਸਿੰਘ ਨੂੰ ਅਜਿਹੇ ਤਤਾਂ ਦਾ ਸਰਗਣਾ ਮੰਨਿਆ ਜਾ ਸਕਦਾ ਹੈ। ਸ. ਹਰਨਾਮ ਸਿੰਘ ਐਡਵੋਕੇਟ, ਡਾ. ਗੋਪਾਲ ਸਿੰਘ ਤੇ ਸ. ਨਰਿੰਜਣ ਸਿੰਘ ਗਿੱਲ ਵਰਗੇ ਲੋਕਾਂ ਨੂੰ ਵੀ ਇਸੇ ਸ਼੍ਰੇਣੀ ਵਿਚ ਸ਼ੁਮਾਰ ਕੀਤਾ ਜਾ ਸਕਦਾ ਹੈ। ਪ੍ਰੰਤੂ 'ਨੈਸ਼ਨਲਿਸਟ' ਸਿੱਖ ਲੀਡਰਸ਼ਿਪ ਬਾਰੇ ਥੋਕ ਰੂਪ 'ਚ ਇਹ ਗੱਲ ਕਹਿਣੀ ਠੀਕ ਨਹੀਂ ਹੋਵੇਗੀ। ਉਸ ਵੇਲੇ ਦੇ ਜ਼ਿਆਦਾਤਰ ਸਿੱਖ ਆਗੂਆਂ ਵਲੋਂ ਲਏ ਗਏ ਗਲਤ ਫੈਸਲਿਆਂ ਦੀ ਮੁਖ ਵਜ੍ਹਾ ਉਨ੍ਹਾਂ ਦੀ ਨਿਜਪ੍ਰਸਤੀ ਨਹੀਂ ਸਗੋਂ ਉਨ੍ਹਾਂ ਦੀ ਸਿਧਾਂਤਕ ਨਾਸਮਝੀ ਸੀ। ਕੌਮੀ ਸਵਾਲ ਬਾਰੇ ਸਿਧਾਂਤਕ ਪਖ ਤੋਂ ਕੱਚੇ ਹੋਣ ਕਾਰਨ ਉਹ ਸਿੱਖ ਕੌਮ ਦੇ ਮਸਲੇ ਨੂੰ ਕੌਮੀ ਆਜ਼ਾਦੀ ਦੇ ਪੈਂਤੜੇ ਤੋਂ ਮੁਖਾਤਬ ਹੋਣ ਦੇ ਸਮਰਥ ਨਹੀਂ ਸਨ।" (ਵੀਂਹਵੀ ਸਦੀ ਦੀ ਸਿੱਖ ਰਾਜਨੀਤੀ, ਸਫਾ 107-108)

ਪ੍ਰੋ. ਸਾਹਿਬ ਨੂੰ ਸ. ਅਜਮੇਰ ਸਿੰਘ ਵਲੋਂ ਆਪਣੀ ਕਿਤਾਬ ਵਿਚ ਅਕਾਲੀਆਂ ਲਈ ਵਰਤੇ ਲਫ਼ਜ਼ "ਕੌਮੀ ਚੇਤਨਾ ਦੀ ਘਾਟ", "ਪਛੜੀ ਬੌਧਕ ਚੇਤਨਾ", "ਬਦਕਾਰ ਭੂਮਿਕਾ" ਬਹੁਤ ਰੜਕਦੇ ਹਨ। ਪ੍ਰੋ. ਸਾਹਿਬ, 19ਵੀਂ ਸਦੀ ਦੇ ਆਖਰੀ ਸਾਲਾਂ ਤੋਂ ਲੈ ਕੇ ਲਗਾਤਾਰ ਹਿੰਦੂ ਸਮਾਜ ਅਤੇ ਆਗੂਆਂ ਵਲੋਂ ਸਿੱਖੀ ਦੀ ਵਖਰੀ ਪਛਾਣ ਤੇ ਹਮਲਾ ਵਿਢੀ ਰਖਣ ਦੇ ਬਾਵਜੂਦ ਅਕਾਲੀਆਂ ਵਲੋਂ 1947 ਵੇਲੇ ਬਹੁ-ਗਿਣਤੀ ਹਿੰਦੂ ਦੇਸ਼ ਨਾਲ ਸਿੱਖਾਂ ਦੀ ਕਿਸਮਤ ਜੋੜਨ ਨੂੰ ਅਤੇ 1947 ਦੇ ਬਾਅਦ ਹਿੰਦੂ ਪ੍ਰਤੀਨਿਧ ਜਮਾਤ ਕਾਂਗਰਸ ਦਾ ਸਿੱਖੀ ਵਿਰੋਧੀ ਖ਼ਾਸਾ ਵਾਰ-ਵਾਰ ਪ੍ਰਗਟ ਹੋਣ 'ਤੇ ਵੀ ਅਕਾਲੀ ਦਲ ਦੀ ਦੋ ਵਾਰ (1947, 1956) ਸਿਆਸੀ ਹਸਤੀ ਨੂੰ ਖਤਮ ਕਰਕੇ ਕਾਂਗਰਸ ਵਿਚ ਮਿਲਾਉਣ ਨੂੰ ਅਕਾਲੀਆਂ ਦੀ ਬੇਸਮਝੀ ਨਾ ਸਮਝਿਆ ਜਾਵੇ ਤਾਂ ਹੋਰ ਕੀ ਸਮਝਿਆ ਜਾਵੇ? ਅਤੇ ਹੁਣ ਦੇ ਅਕਾਲੀਆਂ ਦੀ ਭਾਰਤੀ ਰਾਜ ਪ੍ਰਤੀ ਅੰਨ੍ਹੀ ਵਫ਼ਾਦਾਰੀ ਨੂੰ ਪੰਥ ਨਾਲ ਗੱਦਾਰੀ ਦਾ ਨਾਂ ਨਾ ਦਿਤਾ ਜਾਵੇ ਤਾਂ ਹੋਰ ਕੀ ਨਾਂ ਦਿਤਾ ਜਾਵੇ?

ਅਕਾਲੀ ਦਲ ਨੂੰ ਮੋਟੇ ਤੌਰ 'ਤੇ ਦੋ ਹਿਸਿਆਂ ਵਿਚ ਵੰਡ ਕੇ ਦੇਖਿਆ ਜਾ ਸਕਦਾ ਹੈ। ਇਕ ਪੰਥਕ ਅਕਾਲੀ ਦਲ ਅਤੇ ਦੂਜਾ ਸੈਕੂਲਰ ਅਕਾਲੀ ਦਲ। ਭਾਵੇਂ ਸੈਕੂਲਰ ਅਤੇ ਅਕਾਲੀ ਦੋ ਆਪਸ ਵਿਚ ਵਿਰੋਧੀ ਸ਼ਬਦ-ਸੰਕਲਪ ਹਨ ਪਰ ਮਾਡਰਨ ਅਕਾਲੀਆਂ ਨੇ ਇਨ੍ਹਾਂ ਦੋਨਾਂ ਨੂੰ ਇਕਠੇ ਕਰਨ ਦਾ "ਮਹਾਨ ਕਾਰਜ" ਅਤੇ ਕਮਾਲ ਵੀ ਕਰ ਦਿਖਾਇਆ ਹੈ। ਵੈਸੇ ਪ੍ਰੋ. ਸਾਹਿਬ ਲਈ ਇਹ ਫਰਕ ਇੰਨਾ ਕੁ ਹੀ ਹੈ ਜਿੰਨਾ ਸਿਧਾਂਤ ਅਤੇ ਅਮਲ ਵਿਚਕਾਰ ਰਹਿ ਜਾਂਦਾ ਹੈ। ਪਰ ਪੰਥਕ ਅਕਾਲੀਆਂ ਅਤੇ ਸੈਕੂਲਰ ਅਕਾਲੀਆਂ ਵਿਚ ਇਕ ਬੜੀ ਵਡੀ ਸਾਂਝ ਵੀ ਹੈ। ਉਹ ਹੈ ਇਨ੍ਹਾਂ ਦੋਵਾਂ ਦਾ ਭਾਰਤੀ ਏਕਤਾ ਤੇ ਅਖੰਡਤਾ ਵਿਚ ਗੂੜ੍ਹਾ ਯਕੀਨ। ਜਦੋਂ ਤਕ ਅਕਾਲੀਆਂ ਅੰਦਰ ਪੰਥਕ ਤਤ ਕਿਸੇ ਨਾ ਕਿਸੇ ਰੂਪ ਵਿਚ ਧੜਕਦਾ ਰਿਹਾ, ਕੇਂਦਰ ਦੀ ਕਰੋਪੀ ਉਨ੍ਹਾਂ 'ਤੇ ਨਾਜ਼ਲ ਹੁੰਦੀ ਰਹੀ ਕਿਉਂਕਿ ਭਾਰਤੀ ਰਾਜ ਵਿਵਸਥਾ ਵਿਚ ਪੂਰਨ ਵਿਸ਼ਵਾਸ ਪ੍ਰਗਟਾਉਣ ਦੇ ਬਾਵਜੂਦ ਭਾਰਤੀ ਹਕੂਮਤ ਨੂੰ ਪੰਥਕ ਅਕਾਲੀਆਂ ਦਾ, ਪੰਥਕ ਕਿਰਦਾਰ ਭੋਰਾ-ਭਰ ਵੀ ਮਨਜ਼ੂਰ ਨਹੀਂ ਸੀ ਪਰ ਹੁਣ ਭਾਰਤੀ ਸਟੇਟ ਦੀ ਸੈਕੂਲਰ ਅਕਾਲੀਆਂ ਤੇ ਪੂਰਨ ਕਿਰਪਾ ਦ੍ਰਿਸ਼ਟੀ ਹੈ, ਕਿਉਂਕਿ ਹੁਣ ਅਕਾਲੀ ਖੁਸ਼ੀਆਂ ਗੁਰੂ ਘਰ ਤੋਂ ਪ੍ਰਾਪਤ ਕਰਨ ਦੀ ਥਾਂ ਦਿੱਲੀ ਦਰਬਾਰ ਤੋਂ ਹਾਸਲ ਕਰ ਰਹੇ ਹਨ। ਇਸ ਕਰਕੇ ਸੈਕੂਲਰ ਅਕਾਲੀਆਂ ਦੀ ਸਰਕਾਰ ਵੀ ਹੁਣ ਪੂਰੇ ਪੰਜ ਸਾਲ ਕੱਢਦੀ ਹੈ।

ਵਿਲੀਅਮ ਆਰਕੀਬਾਲਡ ਡਨਿੰਗ ਆਪਣੀ ਕਿਤਾਬ ਰਾਜਨੀਤਿਕ ਸਿਧਾਂਤ ਦਾ ਇਤਿਹਾਸ ਵਿਚ ਸਿਆਸੀ ਚਿੰਤਕ ਟਾਕਵਿਲ ਦੇ ਹਵਾਲੇ ਨਾਲ ਗੱਲ ਕਰਦਾ ਹੋਇਆ ਕਹਿੰਦਾ ਹੈ ਕਿ ਅਜਿਹੇ ਵਿਅਕਤੀ ਦਾ ਨਾ ਹੀ ਕੋਈ ਰਾਜਨੀਤਕ ਜੀਵਨ ਹੋ ਸਕਦਾ ਹੈ ਅਤੇ ਨਾ ਹੀ ਉਸ ਦੇ ਕੋਈ ਉਚਿਤ ਸਮਾਜਿਕ ਸਬੰਧ ਹੋ ਸਕਦੇ ਹਨ, ਜਿਹੜਾ ਬਹੁ-ਸਮੰਤੀ ਦੇ ਵਿਸ਼ਵਾਸਾਂ ਦੇ ਦਾਇਰੇ ਤੋਂ ਬਾਹਰ ਦੇ ਵਿਚਾਰਾਂ ਨੂੰ ਅਪਨਾਉਂਦਾ ਹੈ। ਇਸ ਵਿਚ ਉਸ ਤੋਂ ਵੀ ਘਿਨਾਉਣਾ ਅਤੇ ਵਧੇਰੇ ਮਾੜਾ ਅਤਿਆਚਾਰ ਛੁਪਿਆ ਹੋਇਆ ਹੈ, ਜਿੰਨਾ ਕਿ ਕੋਈ ਬਾਦਸ਼ਾਹ ਕਰ ਸਕਦਾ ਹੈ।

ਪ੍ਰੋ. ਸਾਹਿਬ, ਉਪਰੋਕਤ ਸ਼ਬਦਾਂ ਦੇ ਭਾਵ ਅਰਥਾਂ ਨੂੰ ਅਕਾਲੀ ਦਲ ਨੇ ਆਪਣੇ ਧੁਰ ਅੰਦਰ ਜਜ਼ਬ ਕਰਕੇ ਆਪਣੇ ਹਰ ਅਮਲ ਨੂੰ ਬਹੁ-ਗਿਣਤੀ ਅਨੁਸਾਰ ਢਾਲ ਲਿਆ ਹੈ ਪਰ ਖਾੜਕੂ ਧਾਰਾ ਨੇ ਬਹੁ-ਗਿਣਤੀ ਸਮਾਜ ਅਤੇ ਉਸ ਦੀ ਸੋਚ ਦੇ ਆਧਾਰ 'ਤੇ ਉਸਰੀ ਭਾਰਤੀ ਹਕੂਮਤ ਦੇ ਦਿਸਦੇ-ਅਣਦਿਸਦੇ ਅਤਿਆਚਾਰ ਨੂੰ ਪਛਾਣਿਆ ਵੀ ਹੈ ਅਤੇ ਆਪਣੇ ਸਰੀਰ ਤੇ ਹਕੂਮਤੀ ਤਸ਼ੱਦਦ ਨੂੰ ਝਲ ਕੇ ਭਾਰਤੀ ਰਾਜ ਦੇ ਸਿੱਖੀ ਵਿਰੋਧੀ ਖਾਸੇ ਨੂੰ ਸਿੱਖ ਕੌਮ ਸਾਹਮਣੇ ਪ੍ਰਗਟ ਵੀ ਕੀਤਾ ਹੈ।

ਪ੍ਰੋ. ਸਾਹਿਬ ਅਨੁਸਾਰ ਅਕਾਲੀ ਦਲ ਦੀ ਸਥਾਪਨਾ 'ਖਾਲਸਾ ਜੀ ਕੇ ਬੋਲ ਬਾਲੇ' ਸਥਾਪਤ ਕਰਨ ਲਈ ਹੋਈ ਸੀ ਪਰ ਖਾਲਸਾ ਜੀ ਕੇ ਬੋਲ ਬਾਲੇ ਨੂੰ ਇਸ ਧਰਤੀ ਤੇ ਹਕੀਕੀ ਰੂਪ ਵਿਚ ਸਥਾਪਿਤ ਕਰਨ ਦਾ ਕਾਰਜ ਤਾਂ ਖਾੜਕੂ ਸਿੰਘਾਂ ਵਲੋਂ ਹੀ ਅਰੰਭ ਕੀਤਾ ਗਿਆ ਸੀ ਜੋ ਅਜ ਵੀ ਕਿਸੇ ਨਾ ਕਿਸੇ ਰੂਪ ਵਿਚ ਜਾਰੀ ਹੈ।

ਉਪਰ ਦਿਤੇ ਕਾਰਨਾਂ ਕਰਕੇ ਹੀ ਸ. ਅਜਮੇਰ ਸਿੰਘ ਅਕਾਲੀ ਸਿਆਸਤ ਨੂੰ ਖਾੜਕੂ ਸਿਆਸਤ ਦੇ ਨਜ਼ਰੀਏ ਤੋਂ ਦੇਖ ਰਹੇ ਹਨ ਕਿਉਂਕਿ ਖਾੜਕੂ ਧਾਰਾ ਹੀ ਸਹੀ ਅਰਥਾਂ ਵਿਚ ਖਾਲਸੇ ਦੇ ਅੰਤਰ-ਮਨ ਦੀ ਤਰਜ਼ਮਾਨੀ ਕਰਦੀ ਹੈ ਪਰ ਪ੍ਰੋ. ਸਾਹਿਬ ਨੂੰ ਹਿੰਦੂ ਸਟੇਟ ਦੀ ਸੇਵਾ ਵਿਚ ਲੱਗੀ ਅਕਾਲੀ ਸਿਆਸਤ ਹੀ ਸਿੱਖ ਸਿਆਸਤ ਦਾ ਆਖਰੀ ਸੱਚ ਜਾਪਦੀ ਹੈ। ਇਸ ਲਈ ਸ. ਅਜਮੇਰ ਸਿੰਘ ਦੀ ਕਿਤਾਬ ਉਨ੍ਹਾਂ ਨੂੰ ਅਤਿਵਾਦੀ-ਜੁਗਾਲੀ ਲੱਗਣ ਲੱਗ ਪੈਂਦੀ ਹੈ।

ਪ੍ਰੋ. ਸਾਹਿਬ ਅਨੁਸਾਰ 'ਲੇਖਕ ਜਿਨ੍ਹਾਂ ਲੀਹਾਂ 'ਤੇ ਸਿੱਖਾਂ ਲਈ ਧਰਮ ਆਧਾਰਤ ਸਿਆਸਤ ਦਾ ਥੀਸਸ ਉਸਾਰ ਰਿਹਾ ਹੈ, ਉਸ ਅਨੁਸਾਰ ਤਾਂ ਕਿਸੇ ਵੀ ਧਰਮ ਆਧਾਰਤ ਕੌਮੀਅਤ ਨੂੰ ਉਹ ਸਾਰਾ ਕੁਝ ਕਰਨ ਦਾ ਅਧਿਕਾਰ ਮਿਲ ਜਾਂਦਾ ਹੈ। ਲੇਖਕ ਨੇ ਹਿੰਦੂ ਨੂੰ ਇਸ ਤੋਂ ਮਹਿਰੂਮ ਰੱਖਣ ਦਾ ਜਿਵੇਂ ਫਤਵਾ ਦਿਤਾ ਹੈ, ਉਸ ਨਾਲ ਲੇਖਕ "ਵਜੂਦ ਸਮੋਈ ਕਮਜ਼ੋਰੀ" ਦਾ ਸ਼ਿਕਾਰ ਲੱਗਣ ਲੱਗ ਪਿਆ ਹੈ। ਇਸ ਦਾ ਸਮਰਥਨ ਸਿੱਖ ਦ੍ਰਿਸ਼ਟੀ ਤੋਂ ਨਹੀਂ ਕੀਤਾ ਜਾ ਸਕਦਾ।'

ਇਹ ਵਰਤਾਰਾ ਬੜਾ ਆਮ ਅਤੇ ਕਪਟ ਭਰਿਆ ਹੈ ਕਿ ਜਦੋਂ ਵੀ ਖਾਲਸੇ ਦੇ ਨਿਆਰੇਪਨ ਦੀ ਗੱਲ ਉਭਰਦੀ ਹੈ ਅਤੇ ਉਸ ਨਿਆਰੇਪਨ ਦੇ ਆਧਾਰ 'ਤੇ ਖਾਲਸੇ ਦੀ ਵੱਖਰੀ ਰਾਜਸੀ ਹਸਤੀ ਉਸਾਰਨ ਵਲ ਗੱਲ ਤੁਰਦੀ ਹੈ ਤਾਂ ਸਵਾਲ ਉਠਾਉਣੇ ਸ਼ੁਰੂ ਕਰ ਦਿਤੇ ਜਾਂਦੇ ਹਨ ਕਿ ਇਸ ਸੋਚ ਨਾਲ ਹਿੰਦੂ ਪੰਜਾਬ ਵਿਚੋਂ ਮਨਫ਼ੀ ਹੋ ਜਾਣਗੇ ਜਾਂ ਖਾਲਸਾ ਰਾਜ ਵਿਚ ਹਿੰਦੂਆਂ ਨੂੰ ਦਬਾਅ ਕੇ ਰਖਿਆ ਜਾਵੇਗਾ। ਇਕ ਵਰਗ ਵਲੋਂ ਖਾਲਸੇ ਦੀ ਆਪਣੀ ਕੌਮੀ-ਰਾਜ ਸਥਾਪਤ ਕਰਨ ਦੀ ਚਾਹਤ ਨੂੰ ਉਨ੍ਹਾਂ ਕੌਮੀ-ਰਾਜਾਂ ਨਾਲ ਮੇਲ ਕੇ ਦੇਖਣਾ ਜੋ ਆਪਣੇ ਰਾਜ ਅੰਦਰ ਰਹਿ ਰਹੀਆਂ ਘਟ ਗਿਣਤੀ ਕੌਮਾਂ ਦਾ ਘਾਣ ਕਰਨ ਲਗੇ ਹੋਏ ਹਨ, ਬਿਲਕੁਲ ਗਲਤ ਅਤੇ ਗੁਮਰਾਹਕੁਨ ਪ੍ਰਚਾਰ ਹੈ। ਇਸ ਪ੍ਰਚਾਰ ਵਿਚ ਪ੍ਰੋ. ਬਲਕਾਰ ਸਿੰਘ ਦੀ ਕਲਮ ਵੀ ਯੋਗਦਾਨ ਪਾਉਣ ਵਿਚ ਪਿਛੇ ਨਹੀਂ ਰਹੀ। ਖਾਲਸੇ ਨੇ ਜਦ-ਜਦ ਵੀ ਆਪਣਾ ਰਾਜ ਕਾਇਮ ਕੀਤਾ ਹੈ, ਇਤਿਹਾਸ ਗਵਾਹ ਹੈ ਕਿ ਉਸ ਨੇ ਧਾਰਮਿਕ-ਸਹਿਣਸ਼ੀਲਤਾ ਦੇ ਉਤਮ ਨਮੂਨੇ ਨੂੰ ਇਸ ਧਰਤੀ 'ਤੇ ਪ੍ਰਕਾਸ਼ਮਾਨ ਕੀਤਾ ਹੈ। ਸ. ਅਜਮੇਰ ਸਿੰਘ ਦਾ ਥੀਸਸ ਵੀ ਖਾਲਸੇ ਦੇ ਇਸ ਰੂਹਾਨੀ ਸਿਧਾਂਤ ਦੀ ਤਰਜ਼ਮਾਨੀ ਕਰਦਾ ਹੈ।

ਸ. ਅਜਮੇਰ ਸਿੰਘ ਆਪਣੀ ਦੂਜੀ ਕਿਤਾਬ 'ਕਿਸ ਬਿਧ ਰੁਲੀ ਪਾਤਸ਼ਾਹੀ' ਦੇ ਇਕ ਅਧਿਆਇ 'ਪੰਥ ਅਤੇ ਕੌਮੀਅਤ ਦਾ ਸਵਾਲ' ਵਿਚ ਕਹਿੰਦੇ ਹਨ ਕਿ "ਇਸ ਤਰ੍ਹਾਂ, ਇਕ ਕੌਮੀਅਤ ਹੁੰਦੇ ਹੋਏ ਵੀ ਸਿੱਖਾਂ ਦੇ ਮਨੋਰਥ ਆਮ ਕੌਮਾਂ ਨਾਲੋਂ ਬਹੁਤ ਹੀ ਭਿੰਨ ਹਨ। ਸਿੱਖਾਂ ਦੀ ਆਪਣੇ ਗੁਰੂ ਤੇ ਗੁਰੂ ਦੇ ਮਿਸ਼ਨ ਨਾਲ ਗੂੜ੍ਹੀ ਮੁਹੱਬਤ ਨੇ ਉਨ੍ਹਾਂ ਨੂੰ ਦੁਨੀਆਂ ਦੀਆਂ ਹੋਰਨਾਂ ਕੌਮਾਂ ਨਾਲੋਂ ਇਕ ਉਕਾ ਹੀ ਵਖਰੀ ਕਿਸਮ ਦੇ ਸਾਂਚੇ ਵਿਚ ਢਾਲ ਦਿਤਾ ਹੈ।" (ਸਫ਼ਾ 227)

ਭਾਵ ਖਾਲਸੇ ਦੇ ਰਾਜ ਦੇ ਸੰਕਲਪ ਪਿਛੇ ਗੁਰੂ ਦਾ ਸੱਚ ਖੜ੍ਹਾ ਹੈ। ਇਸ ਲਈ ਇਸ ਰਾਜ ਦੇ ਜ਼ਾਲਮ ਹੋਣ ਦਾ ਸਵਾਲ ਹੀ ਨਹੀਂ ਹੈ। ਵੈਸੇ ਪ੍ਰੋ. ਸਾਹਿਬ ਦਾ ਅਤਿ ਪਿਆਰਾ ਅਕਾਲੀ ਦਲ ਧਰਮ ਆਧਾਰਤ ਸਿਆਸਤ ਦਾ ਜਿਹੜਾ ਨਮੂਨਾ ਪੇਸ਼ ਕਰ ਰਿਹਾ ਹੈ, ਉਸ ਵਿਚ ਤਾਂ ਧਰਮ ਦਾ ਅੰਸ਼ ਮਾਤਰ ਤਤ ਵੀ ਨਹੀਂ ਹੈ। ਅਕਾਲੀ ਦਲ ਨੇ ਆਪਣੇ ਭੱਦੇ ਅਮਲ ਦੁਆਰਾ ਧਰਮ ਆਧਾਰਤ ਸਿਆਸਤ ਦਾ ਜੋ ਕਰੂਪ ਚਿਹਰਾ ਪੇਸ਼ ਕੀਤਾ ਹੈ ਉਹਨੂੰ ਦੇਖ ਕੇ ਤਾਂ ਸਿੱਖਾਂ ਦੇ ਇਕ ਵਰਗ ਨੇ ਇਹ ਗਲਤ ਧਾਰਨਾ ਬਣਾ ਲਈ ਹੈ ਕਿ ਧਰਮ ਅਤੇ ਸਿਆਸਤ ਵਖ-ਵਖ ਹੀ ਚੰਗੇ ਹਨ। ਇਹੋ ਗੱਲ ਤਾਂ ਦਿੱਲੀ ਤਖ਼ਤ ਚਾਹੁੰਦਾ ਹੈ। ਇਹ ਹੈ ਉਨ੍ਹਾਂ ਦੇ ਅਕਾਲੀ ਦਲ ਦਾ ਸਿੱਖ ਪਛਾਣ ਉਤੇ ਕੋਝਾ ਤੇ ਤਕੜਾ ਵਾਰ।

ਪ੍ਰੋ. ਬਲਕਾਰ ਸਿੰਘ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਸ਼ਖਸੀਅਤ 'ਤੇ ਚਲਾਕੀ ਭਰੇ ਅੰਦਾਜ਼ ਵਿਚ ਹਮਲਾ ਕਰਦੇ ਹੋਏ ਕਹਿੰਦੇ ਹਨ, "ਲੇਖਕ ਨੇ ਇਹ ਧਿਆਨ ਵਿਚ ਰੱਖਣ ਦੀ ਲੋੜ ਨਹੀਂ ਸਮਝੀ ਕਿ ਸਿੱਖ ਧਰਮ ਚਿੰਤਨ ਵਿਚ ਜਿਹੜੀ ਸੋਚ ਟਕਸਾਲ ਨਹੀਂ ਬਣਦੀ, ਉਹ ਸਿੱਖ ਵਿਚਾਰਧਾਰਾ ਦਾ ਹਿੱਸਾ ਹੀ ਨਹੀਂ ਬਣ ਸਕਦੀ ਤਾਂ ਫਿਰ ਸਿੱਖ ਸਿਆਸਤ ਕਿਵੇਂ ਬਣੇਗੀ? ਹਾਲਾਂਕਿ ਬਾਵਜੂਦ ਵਾਪਰ ਗਏ ਦੇ, ਸੰਤ ਭਿੰਡਰਾਂਵਾਲਾ ਆਪਣੇ ਨਾਮ, ਪ੍ਰਭਾਵ ਅਤੇ ਪਹੁੰਚ ਵਿਚ ਅੱਜ ਵੀ ਟਕਸਾਲੀਆ ਹੀ ਹੈ। ਇਸ ਤੋਂ ਅਗੇ ਉਹ ਸਿੱਖ ਸ਼ਹੀਦ ਤਾਂ ਹੈ ਪਰ ਸਿੱਖ ਸਿਆਸਤਦਾਨ ਨਹੀਂ ਹੋ ਸਕਿਆ। ਜੇ ਉਸ ਨੂੰ ਖਾੜਕੂ ਲਹਿਰ ਦਾ ਸਭ ਕੁਝ ਵੀ ਮੰਨ ਲਈਏ ਤਾਂ ਵੀ ਉਹ ਜੋ ਕੁਝ ਵੀ ਸੀ, ਉਸ ਦੇ ਨਾਲ ਹੀ ਸੀ। ਉਸ ਦੀ ਜੇ ਕੋਈ ਸਿਆਸਤ ਸੀ ਤਾਂ ਉਸ ਬਾਰੇ ਨਾ ਉਸ ਦੇ ਹੁੰਦਿਆਂ ਸਿੱਖ-ਸੰਮਤੀ ਸੀ ਅਤੇ ਨਾ ਹੀ ਅੱਜ ਹੈ ਪਰ ਪੰਥਕ ਅਤੇ ਟਕਸਾਲੀਆ ਹੋਣ ਬਾਰੇ ਅਤੇ ਸਿੱਖ ਸ਼ਹੀਦ ਹੋਣ ਬਾਰੇ ਕਦੇ ਵੀ ਕੋਈ ਰੌਲਾ ਨਹੀਂ ਸੀ। ਜੋ ਸਿਆਸਤ ਸੰਤ ਜੀ ਦੇ ਨਾਂ 'ਤੇ ਹੋ ਰਹੀ ਹੈ ਉਹ ਉਸ ਦੀ ਪੰਥਕ ਛਵੀ ਦੀ ਆੜ ਵਿਚ ਹੀ ਹੋ ਰਹੀ ਹੈ। ਸੰਤ ਜੀ ਨੇ ਸਿੱਖ ਸਿਆਸਤ ਨੂੰ ਪ੍ਰਭਾਵਿਤ ਤਾਂ ਕੀਤਾ ਪਰ ਸਿੱਖ ਸਿਆਸਤ ਦੀ ਕੋਈ ਨਵੀਂ ਪਰਤ (ਜਿਵੇਂ ਅਜਮੇਰ ਸਿੰਘ ਨੂੰ ਲਗਦਾ ਹੈ) ਸਾਹਮਣੇ ਨਹੀਂ ਲਿਆਂਦੀ)।"

ਸੋ! ਪ੍ਰੋ. ਸਾਹਿਬ ਅਨੁਸਾਰ ਸੰਤ ਭਿੰਡਰਾਂਵਾਲੇ ਸਿੱਖ ਸ਼ਹੀਦ ਤਾਂ ਜ਼ਰੂਰ ਹਨ ਪਰ ਉਨ੍ਹਾਂ ਦੀ ਵਿਚਾਰਧਾਰਾ ਦਾ ਕੋਈ ਚਿਰ-ਸਥਾਈ ਅਸਰ ਸਿੱਖ ਮਾਨਸਿਕਤਾ ਨੇ ਨਹੀਂ ਕਬੂਲਿਆ ਜਿਸ ਕਾਰਨ ਉਨ੍ਹਾਂ ਦੀ ਸੋਚ ਦੇ ਅਧਾਰ 'ਤੇ ਕੋਈ ਸਿੱਖ ਸਿਆਸਤ ਨਹੀਂ ਉਭਰ ਸਕੀ। ਮੈਂ ਕਹਿਣਾ ਚਾਹਾਂਗਾ ਕਿ ਸੰਤ ਜਰਨੈਲ ਸਿੰਘ ਦੀ ਵਿਚਾਰਧਾਰਾ ਕੋਈ ਸਿੱਖੀ ਧਰਾਤਲ ਤੋਂ ਪਰੇ ਨਹੀਂ ਵਿਚਰਦੀ। ਇਹ ਤਾਂ ਖਾਲਸੇ ਦੀ ਅੰਤਰ-ਆਤਮਾ ਦੀ ਆਵਾਜ਼ ਹੈ। ਇਸ ਆਵਾਜ਼ ਨੂੰ ਹਾਲ ਦੀ ਘੜੀ ਭਾਵੇਂ ਹਕੂਮਤ ਨੇ ਤਾਕਤ ਦੇ ਜ਼ੋਰ 'ਤੇ ਅਤੇ ਆਪਣੇ ਪੱਛਮੀ ਵਿਚਾਰਧਾਰਕ ਹਥਿਆਰਾਂ (ਰਾਸ਼ਟਰਵਾਦ, ਧਰਮਨਿਰਪਖਤਾ, ਉਦਾਰਵਾਦੀ ਲੋਕਤੰਤਰ) ਦੇ ਦਮ 'ਤੇ ਜ਼ਰੂਰ ਦਬ ਕੇ ਰਖਿਆ ਹੋਇਆ ਹੈ ਪਰ ਆਉਣ ਵਾਲੇ ਸਮੇਂ ਵਿਚ ਇਸ ਲਹਿਰ ਨੇ ਸਿਖਰ ਰੂਪ ਵਿਚ ਪ੍ਰਗਟ ਹੋਣਾ ਹੀ ਹੋਣਾ ਹੈ। ਇਹ ਕੋਈ ਮਹਿਜ ਆਸ਼ਾਵਾਦ ਨਹੀਂ। ਇਸ ਸੋਚ ਪਿਛੇ ਪੰਥ ਦੀ ਇਸ ਦੁਨੀਆਂ ਵਿਚ ਖਾਲਸਾ ਰਾਜ ਵਿਵਸਥਾ ਪ੍ਰਗਟ ਕਰਨ ਦੀ ਜ਼ੋਰਦਾਰ ਇੱਛਾ ਖੜ੍ਹੀ ਹੈ। ਇਸ ਇੱਛਾ ਉਤੇ ਗੁਰੂ ਸਾਹਿਬ ਦੀ 'ਰਾਜ ਕਰੇਗਾ ਖਾਲਸਾ' ਦੇ ਰੂਪ 'ਚ ਪਵਿਤਰ ਮੋਹਰ ਲੱਗੀ ਹੋਈ ਹੈ।

ਇਸ ਸੋਚ ਦੇ ਖਿਲਾਫ਼ ਚਲ ਰਹੀ ਕੂੜ ਪ੍ਰਚਾਰ ਦੀ ਜ਼ੋਰਦਾਰ ਮੁਹਿੰਮ ਦੇ ਬਾਵਜੂਦ ਸੰਤ ਜਰਨੈਲ ਸਿੰਘ ਦੀ ਸ਼ਖਸੀਅਤ ਅਤੇ ਵਿਚਾਰਧਾਰਾ ਦਾ ਦਿਨ ਪ੍ਰਤੀ-ਦਿਨ ਪੰਥ ਵਿਚ ਹਰਮਨਪਿਆਰਾ ਹੋਣਾ, ਗੁਰੂ ਦੋਖੀ ਸਿਰਸਾ ਡੇਰੇ ਦੇ ਖਿਲਾਫ਼ ਉਠਿਆ ਬੇਮਿਸਾਲ ਸਿੱਖ ਉਭਾਰ, ਜੁਝਾਰੂ ਸਿੰਘਾਂ ਅਤੇ ਖਾੜਕੂ ਸਿਆਸਤ ਦੇ ਵਾਰਸ ਸਿਆਸਤਦਾਨਾਂ ਦੀਆਂ ਆਏ ਦਿਨ ਹੁੰਦੀਆਂ ਗ੍ਰਿਫਤਾਰੀਆਂ ਭਵਿਖ ਵਿਚ ਉਠਣ ਵਾਲੀ ਸਿੱਖ ਲਹਿਰ ਦੇ ਮੁਢਲੇ ਇਸ਼ਾਰੇ ਹੀ ਹਨ। ਸਿੱਖ ਹੋਣ ਦੇ ਨਾਤੇ ਇਸ ਗੱਲ ਦਾ ਅਹਿਸਾਸ ਪ੍ਰੋ. ਸਾਹਿਬ ਦੇ ਮਨ ਦੇ ਕਿਸੇ ਕੋਨੇ ਵਿਚ ਵੀ ਜ਼ਰੂਰ ਹੋਵੇਗਾ ਪਰ ਹਕੂਮਤ ਨਾਲ ਸਾਂਝਭਿਆਲੀ ਕਈ ਵਾਰ ਬੁਧੀ ਦੀ ਦੇਖਣ ਸਮਰਥਾ ਨੂੰ ਸੀਮਤ ਕਰ ਦਿੰਦੀ ਹੈ। ਇਹੋ ਤ੍ਰਾਸਦੀ ਪ੍ਰੋ. ਸਾਹਿਬ ਨਾਲ ਵੀ ਵਾਪਰੀ ਹੈ।

ਭਾਰਤੀ ਕੌਮਪ੍ਰਸਤੀ ਨੂੰ ਹਿੰਦੂ ਕੌਮਪ੍ਰਸਤੀ ਤੋਂ

# ਸਿੱਖ ਇਤਿਹਾਸ ਬਿਰਤਾਂਤਕਾਰੀ ਦੇ ਪੈਂਤੜੇ

**ਡਾ. ਜਸਵੀਰ ਸਿੰਘ**

ਸ. ਅਜਮੇਰ ਸਿੰਘ ਦੀ ਪਹਿਲੀ ਕਿਤਾਬ 'ਵੀਹਵੀਂ ਸਦੀ ਦੀ ਸਿੱਖ ਰਾਜਨੀਤੀ' ਦੇ ਛਪਣ ਦੇ ਸੱਤ ਸਾਲਾਂ ਬਾਅਦ ਇਸ ਕਿਤਾਬ ਦੇ ਰਿਵਿਊ ਫਿਰ ਤੋਂ ਛਪੇ ਹਨ, ਵੈਸੇ ਇਹ ਰਿਵਿਊ ਘੱਟ ਅਤੇ ਸ. ਅਜਮੇਰ ਸਿੰਘ ਨਾਲ ਨਿਜੀ ਅਤੇ ਵਿਚਾਰਕ ਵਖਰੇਵਿਆਂ ਦੀ ਝਲਕ ਮਾਰਦੀਆਂ ਲਿਖਤਾਂ ਵਧੇਰੇ ਹਨ। ਡਾ. ਪਰੇਮ ਸਿੰਘ ਹੁਰਾਂ ਦੀ ਲਿਖਤ ਦਸਦੀ ਹੈ ਕਿ ਉਹ ਪੰਜਾਬ ਦੇ ਉਨ੍ਹਾਂ ਕਾਮਰੇਡਾਂ ਦੀ ਨੁਮਾਇੰਦਗੀ ਕਰ ਰਹੇ ਹਨ ਜਿਹੜੇ ਸੋਵੀਅਤ ਯੂਨੀਅਨ ਅਤੇ ਪੂਰਬੀ ਯੂਰਪ ਵਿਚਲੇ ਕੌਮੀ ਮਸਲਿਆਂ ਦੇ ਸੱਚ ਨੂੰ ਮੰਨਣ ਤੋਂ ਨਾਬਰ ਹਨ। ਦੂਜੇ ਪਾਸੇ ਡਾ. ਬਲਕਾਰ ਸਿੰਘ ਸਿੱਖ ਧਰਮ ਦੇ ਵਿਦਵਾਨ ਹਨ। ਜੇ ਕਿਤਾਬ ਦੇ ਛਪਣ ਦੇ ਸੱਤ ਸਾਲਾਂ ਬਾਅਦ ਵੀ ਸਿੱਖ ਧਰਮ ਅਧਿਐਨ ਦੇ ਵਿਸ਼ੇ ਦਾ ਪ੍ਰੋਫੈਸਰ ਰਿਹਾ ਬੰਦਾ ਸਿੱਖ ਰਾਜਨੀਤੀ ਅਤੇ ਖਾਸ ਕਰਕੇ ਅਕਾਲੀ ਰਾਜਨੀਤੀ ਨੂੰ ਕੋਈ ਸਿਧਾਂਤਕ ਰੂਪ ਦੇਣ ਜਾਂ ਕਿਸੇ ਸਿਧਾਂਤਕ ਚੌਖਟੇ ਦੀ ਵਰਤੋਂ ਕਰਕੇ ਇਨ੍ਹਾਂ ਵਰਤਾਰਿਆਂ ਦੇ ਹੱਕ ਜਾਂ ਵਿਰੋਧ ਵਿਚ ਕੋਈ ਵਿਆਖਿਆ ਕਰਨ ਦੇ ਕਾਬਲ ਨਹੀਂ ਹੁੰਦਾ ਤਾਂ ਉਸ ਦੀ ਬੌਧਿਕਤਾ ਨੂੰ ਖੜੋਤ ਦਾ ਸ਼ਿਕਾਰ ਮੰਨਿਆ ਜਾਣਾ ਕੁਦਰਤੀ ਹੈ। ਡਾ. ਪਰੇਮ ਸਿੰਘ ਨੇ ਤਾਂ 20 ਵਰ੍ਹੇ ਪੁਰਾਣੇ ਸਰਕਾਰੀ ਪ੍ਰਚਾਰ ਨੂੰ ਦੁਹਰਾਇਆ ਹੀ ਹੈ। ਅਕਾਲੀ ਸਿਆਸਤ ਦੀ ਮਾਨਤਾ (legitimacy) ਦੇ ਸੰਦਰਭ ਵਿਚ ਜਦੋਂ ਡਾ. ਬਲਕਾਰ ਸਿੰਘ ਜੇ. ਐਸ. ਗਰੇਵਾਲ ਦੇ ਮਰਨਊ ਜਿਹੇ ਤਰਕਾਂ ਦੀ ਵਰਤੋਂ ਕਰਦਾ ਹੈ ਤਾਂ 'ਰਾਜਨੀਤਕ ਇਤਿਹਾਸਕਾਰੀ' ਬਾਰੇ ਉਸ ਦੀ ਸਮਝ ਦੀ ਥਾਹ ਲਾਈ ਜਾ ਸਕਦੀ ਹੈ। ਡਾ. ਬਲਕਾਰ ਸਿੰਘ ਨੇ ਜਾਂ ਤਾਂ 'ਰਾਜਨੀਤਕ ਇਤਿਹਾਸਕਾਰੀ' ਦੀਆਂ ਸਿਧਾਂਤਕ ਪੇਚੀਦਗੀਆਂ ਬਾਰੇ ਕਦੇ ਪੜ੍ਹਿਆ ਹੀ ਨਹੀਂ ਹੈ ਜਾਂ ਫਿਰ ਉਹ ਜਾਣਬੁੱਝ ਕੇ ਅਨਜਾਣ ਬਣ ਰਿਹਾ ਹੈ ਕਿਉਂਕਿ ਜੇ. ਐਸ. ਗਰੇਵਾਲ ਅਤੇ ਸ. ਅਜਮੇਰ ਸਿੰਘ ਦੀ ਸਿੱਖ ਰਾਜਨੀਤਕ ਇਤਿਹਾਸਕਾਰੀ ਆਪਣੇ ਆਪ ਵਿਚ ਗਹਿਗੱਚ ਵਿਰੋਧ ਵਿਚ ਖੜ੍ਹੇ ਗਿਆਨ ਪ੍ਰਬੰਧਾਂ ਵਿਚਕਾਰਲੇ ਰਾਜਨੀਤਕ-ਇਤਿਹਾਸਕ ਸੰਘਰਸ਼ ਦੀ ਬਿਰਤਾਂਤਕ ਪੇਸ਼ਕਾਰੀ ਹੈ।

ਪ੍ਰਸਿਧ ਵਿਦਵਾਨ ਕੀਥ ਜੈਕਿੰਸ ਵੱਲੋਂ ਬਿਰਤਾਂਤ ਅਤੇ ਇਤਿਹਾਸਕਾਰੀ ਵਿਚਕਾਰ ਸਬੰਧਾਂ ਦੀ ਕੀਤੀ ਵਿਆਖਿਆ ਜੇ. ਐਸ. ਗਰੇਵਾਲ ਅਤੇ ਅਜਮੇਰ ਸਿੰਘ ਵੱਲੋਂ ਇਤਿਹਾਸਕ ਬਿਰਤਾਂਤ ਸਿਰਜਣ ਦੀਆਂ ਵਿਧੀਆਂ ਅਤੇ ਵਿਚਾਰਧਾਰਕ ਉਦੇਸ਼ ਵਿਚਕਾਰਲੇ ਪਾੜੇ ਨੂੰ ਸਮਝਣ ਲਈ ਕਾਫੀ ਸਹਾਇਕ ਸਿੱਧ ਹੋ ਸਕਦੀ ਹੈ। ਕੀਥ ਜੈਕਿੰਸ ਅਨੁਸਾਰ, 'ਇਤਿਹਾਸਕ ਬਿਰਤਾਂਤ' ਅਤੇ 'ਆਪਣੇ ਬਿਰਤਾਂਤ ਨੂੰ ਆਪਣੇ ਕਾਬੂ ਹੇਠ ਕਰਨ ਦਾ ਅਮਲ' ਲੋਕਾਂ ਦੀ ਇਤਿਹਾਸ ਸਬੰਧੀ ਸੋਚ ਨੂੰ 'ਹਿੱਤਾਂ' ਅਤੇ 'ਤਾਕਤ' ਨਾਲ ਸਬੰਧਤ ਕਰਦਾ ਹੈ। ਉਹ ਲਿਖਦਾ ਹੈ ਕਿ 'ਤੁਹਾਡੇ ਬਿਰਤਾਂਤ ਦੇ ਤੁਹਾਡੇ ਕਾਬੂ ਹੇਠ ਹੋਣ' ਤੋਂ ਭਾਵ ਉਸ ਤਾਕਤ ਤੋਂ ਹੈ ਜਿਸ ਦੀ ਵਰਤੋਂ ਕਰਕੇ ਤੁਸੀਂ: ਇਕ ਤਾਂ ਉਹੋ ਜਿਹਾ ਇਤਿਹਾਸ ਸਿਰਜਦੇ ਹੋ ਜਿਹੋ-ਜਿਹਾ ਤੁਸੀਂ ਸਿਰਜਣਾ ਚਾਹੁੰਦੇ ਹੋ। ਇਹ ਬਿਰਤਾਂਤ ਨੂੰ ਕਾਬੂ ਹੇਠ ਕਰਨ ਦਾ ਅਮਲ ਤੁਹਾਨੂੰ ਤਾਕਤਵਰ ਬਣਾਉਂਦਾ ਹੈ।

ਦੂਜਾ, ਜੋ ਤੁਹਾਡੇ ਬਾਰੇ ਦੂਜੇ (ਦੁਸ਼ਮਣ-ਵਿਰੋਧੀ) ਕਹਿ ਰਹੇ ਹਨ ਉਸਨੂੰ ਮੰਨਣ ਤੋਂ ਇਨਕਾਰ ਕਰਦੇ ਹੋ ਕਿਉਂਕਿ ਇਹ ਉਨ੍ਹਾਂ (ਦੁਸ਼ਮਣਾਂ-ਵਿਰੋਧੀਆਂ) ਨੂੰ ਤਾਕਤਵਰ ਬਣਾਉਂਦਾ ਹੈ।

ਇਤਿਹਾਸਕ ਬਿਰਤਾਂਤ ਇਤਿਹਾਸਕਾਰੀ ਨੂੰ 'ਤਾਕਤ ਦਾ ਪਿੜ' ਬਣਾ ਦਿੰਦਾ ਹੈ, ਭਾਵ ਇਤਿਹਾਸਕਾਰੀ ਇਕ ਅਜਿਹੀ ਵਿਧੀ ਹੈ ਜੋ ਭੂਤਕਾਲ ਨੂੰ ਕਿਸੇ ਨਾ ਕਿਸੇ 'ਧਿਰ' ਲਈ ਘੜਦੀ ਹੈ ਅਤੇ ਇਹ ਵਿਧੀ ਤੁਹਾਨੂੰ ਸਬੰਧਤ ਧਿਰ ਦੇ ਉਦੇਸ਼ਾਂ ਅਤੇ ਦਿਸ਼ਾ ਵਲ ਵਹਾਅ ਕੇ ਲੈ ਜਾਂਦੀ ਹੈ। ਇਹ ਇਤਿਹਾਸਕਾਰੀ ਦੀ ਵਿਧੀ 'ਤਾਕਤ ਦਾ ਪਿੜ' ਇਸ ਕਰਕੇ ਵੀ ਹੈ ਕਿਉਂਕਿ ਵੱਖ-ਵੱਖ ਧਿਰਾਂ ਦੇ ਉਦੇਸ਼ ਅਤੇ ਦਿਸ਼ਾਵਾਂ ਵਿਚਕਾਰ ਆਪਸੀ ਟਕਰਾਅ ਹੁੰਦਾ ਹੈ। ਇਸ ਪਿੜ ਵਿਚ ਭੂਤਕਾਲ ਨਾਲ ਸਬੰਧਤ ਵਿਚਾਰਾਂ ਨੂੰ ਇਸ ਤਰ੍ਹਾਂ ਉਭਾਰਿਆ ਜਾਂ ਹਾਸ਼ੀਏ ਉਤੇ ਰੱਖਿਆ ਜਾਂਦਾ ਹੈ ਕਿ ਇਹ ਸਬੰਧਤ ਧਿਰ ਦੀ ਤਾਕਤ ਵਿਚ ਵਾਧਾ ਕਰਨ।

ਇਤਿਹਾਸ ਕਦੇ ਵੀ ਸਾਊਪੁਣੇ ਨਾਲ ਲਿਖਿਆ ਜਾਂ ਪੜ੍ਹਿਆ ਨਹੀਂ ਜਾਂਦਾ ਕਿਉਂਕਿ ਇਹ ਹਮੇਸ਼ਾ ਕਿਸੇ ਨਾ ਕਿਸੇ ਧਿਰ ਲਈ ਸਿਰਜਿਆ ਗਿਆ ਹੁੰਦਾ ਹੈ। ਇਹ ਧਾਰਨਾ ਇਸ ਲਈ ਇੱਕ ਚੰਗੀ ਧਾਰਨਾ ਹੈ ਕਿਉਂਕਿ ਇਸ ਬਾਰੇ ਜਾਨਣਾ, ਜਾਨਣ ਵਾਲੇ ਨੂੰ ਤਾਕਤਵਰ ਬਣਾਉਂਦਾ ਹੈ। ਕੀਥ ਜੈਕਿੰਸ ਨੇ ਇਸੇ ਧਾਰਨਾ ਦੇ ਪ੍ਰਸੰਗ ਵਿਚ ਇਤਿਹਾਸ ਦੀ ਪਰਿਭਾਸ਼ਾ ਦਿੱਤੀ ਹੈ ਕਿ ਇਤਿਹਾਸ ਸੰਸਾਰ ਸਬੰਧੀ ਬਿਰਤਾਂਤਾਂ ਦੀ ਸਿਰਜਣਾ ਦਾ ਅਮਲ ਹੈ ਜੋ ਇਸ (ਸੰਸਾਰ) ਦੀ ਸਿਰਜਣਾ ਹੀ ਨਹੀਂ ਕਰਦਾ ਬਲਕਿ ਇਸ ਨੂੰ ਅਰਥ ਵੀ ਪ੍ਰਦਾਨ ਕਰਦਾ ਹੈ। ਇਸ ਲਈ ਇਤਿਹਾਸ ਭੂਤਕਾਲ ਬਾਰੇ, ਪਰ ਇਸ ਤੋਂ ਬਿਲਕੁੱਲ ਵੱਖਰਾ ਬਿਰਤਾਂਤ ਹੈ- ਭਾਵ ਭੂਤਕਾਲ ਅਤੇ ਇਤਿਹਾਸ ਦੋ ਵਖੋ-ਵੱਖਰੀਆਂ ਧਾਰਨਾਵਾਂ ਅਤੇ ਵਰਤਾਰੇ ਹਨ। ਭੂਤਕਾਲ ਅਤੇ ਇਤਿਹਾਸ ਦੇ ਵਿਚਕਾਰ ਇੱਕ ਵਿਆਖਿਆਕਾਰ ਹੁੰਦਾ ਹੈ ਅਤੇ ਹਰੇਕ ਸਮਾਜਕ ਢਾਂਚਾ ਆਪਣੇ ਵਿਆਖਿਆਕਾਰਾਂ (ਇਤਿਹਾਸਕਾਰਾਂ) ਤੋਂ ਕੁਝ ਖਾਸ ਕਿਸਮ ਦੇ ਬਿਰਤਾਂਤ ਸਿਰਜਣ ਦੀ ਇੱਛਾ ਰੱਖਦਾ ਹੈ। ਹਰੇਕ ਸਮਾਜਕ ਢਾਂਚੇ ਦੇ ਅੰਦਰ ਅਤੇ ਵੱਖ-ਵੱਖ ਸਮਾਜਕ ਢਾਂਚਿਆਂ ਵਿਚਕਾਰ 'ਤਾਕਤ ਦਾ ਪਿੜ' ਸਿਰਜਣ ਲਈ ਤਾਕਤਵਰ ਅਤੇ ਹਕੂਮਤੀ ਧਿਰਾਂ ਆਪਣੇ ਹਿੱਤਾਂ ਅਨੁਸਾਰ 'ਬਿਰਤਾਂਤਾਂ' ਦੀ ਸਿਰਜਣਾ ਲਗਾਤਾਰ ਕਰਦੀਆਂ ਅਤੇ ਕਰਾਉਂਦੀਆਂ ਰਹਿੰਦੀਆਂ ਹਨ। ਪਰ ਕਦੇ ਵੀ ਇਹ 'ਬਿਰਤਾਂਤ' ਪੱਕੇ ਸਥਾਈ ਰੂਪ ਗ੍ਰਹਿਣ ਨਹੀਂ ਕਰਦੇ ਭਾਵ ਇਨ੍ਹਾਂ ਦੇ ਵਿਰੋਧ ਦੀ ਸੰਭਾਵਨਾ ਹਮੇਸ਼ਾ ਬਣੀ ਰਹਿੰਦੀ ਹੈ। ਤਾਕਤੀ-ਰਿਸ਼ਤੇ ਤੋਂ ਪ੍ਰਭਾਵਿਤ ਹੋਣ ਵਾਲੀਆਂ ਧਿਰਾਂ ਵਲੋਂ ਹਮੇਸ਼ਾਂ ਦੂਜੀ ਧਿਰ ਦੇ ਇਤਿਹਾਸਕਾਰਾਂ ਵੱਲੋਂ ਆਪਣੇ ਅਮਲਾਂ ਨੂੰ ਸਹੀ ਸਾਬਤ ਕਰਨ, ਆਪਣੇ ਲੋਕਾਂ ਨੂੰ ਚੇਤੰਨ ਕਰਨ ਅਤੇ ਆਪਣੇ ਹਿੱਤਾਂ ਦੀ ਪ੍ਰਾਪਤੀ ਲਈ ਬਿਰਤਾਂਤ ਦੇ ਅਰਥਾਂ ਅਤੇ ਇਸ ਵੱਲੋਂ ਦਿੱਤੇ ਜਾਂਦੇ ਸੁਨੇਹਿਆਂ ਨੂੰ ਬਦਲਣ ਦੀ ਕੋਸ਼ਿਸ਼ ਜਾਰੀ ਰਹਿੰਦੀ ਹੈ। ਇਹ ਵਰਤਾਰਾ 'ਇਤਿਹਾਸਕ ਬਿਰਤਾਂਤ' ਨੂੰ ਵੱਖ-ਵੱਖ ਸਮਾਜਕ ਢਾਂਚਿਆਂ ਵੱਲੋਂ ਗਿਆਨ ਉਪਜਾਉਣ-ਸਿਰਜਣ, ਇਸ ਦੀ ਵਿਆਖਿਆ ਅਤੇ ਵੰਡ ਨੂੰ ਆਪਣੇ ਕਬਜ਼ੇ ਹੇਠ ਰੱਖਣ ਲਈ ਸੰਘਰਸ਼ ਨਾਲ ਸਬੰਧਤ ਕਰਦਾ ਹੈ ਭਾਵ ਤਾਕਤਵਰ ਧਿਰਾਂ ਗਿਆਨ ਦੀ ਵੰਡ ਹਮੇਸ਼ਾਂ ਆਪਣੇ ਹਿੱਤਾਂ ਅਨੁਸਾਰ ਕਰਨ ਦੀ ਕੋਸ਼ਿਸ਼ ਕਰਦੀਆਂ ਹਨ।

ਮਿਸ਼ੇਲ ਫੂਕੋ ਦੀ ਧਾਰਨਾ ਕਿ 'ਸੱਚ ਤਾਕਤ ਤੋਂ ਬਾਹਰ ਨਹੀਂ ਹੁੰਦਾ ਅਤੇ ਹਰੇਕ ਸਮਾਜ ਦੇ ਸੱਚ ਦੀ ਆਪਣੀ ਰਾਜਨੀਤੀ ਹੁੰਦੀ ਹੈ। ਸੱਚ ਤਾਕਤ ਦੀਆਂ ਪ੍ਰਣਾਲੀਆਂ ਨਾਲ ਜੁੜਿਆ ਹੁੰਦਾ ਹੈ ਜੋ ਇਸ ਨੂੰ ਪੈਦਾ ਵੀ ਕਰਦੀਆਂ ਹਨ ਅਤੇ ਇਸ ਦੀ ਰਾਖੀ ਵੀ ਕਰਦੀਆਂ ਹਨ' ਵੀ ਇਸ ਵਰਤਾਰੇ ਨੂੰ ਸਪਸ਼ਟ ਕਰਦੀ ਹੈ। ਇਸ ਤਰ੍ਹਾਂ ਇਤਿਹਾਸਕ ਬਿਰਤਾਂਤ, ਗਿਆਨ, ਗਿਆਨ ਸਿਰਜਣ ਦੀਆਂ ਵਿਧੀਆਂ ਅਤੇ ਵੱਖ-ਵੱਖ ਸਮਾਜਕ ਢਾਂਚਿਆਂ ਦੇ ਸੱਚ ਦੀ ਰਾਖੀ ਕਰਨ ਨਾਲ ਸਬੰਧਤ ਹੈ। ਖਾਸ ਕਰਕੇ ਫਰਾਂਸ ਅਤੇ ਜਰਮਨੀ ਦੀਆਂ ਦਾਰਸ਼ਨਿਕ ਪਰੰਪਰਾਵਾਂ ਗਿਆਨ, ਤਾਕਤ ਅਤੇ ਬਿਰਤਾਂਤਾਂ ਵਿਚਕਾਰ ਆਪਸੀ ਰਿਸ਼ਤਿਆਂ ਦੀ ਪਰਖ-ਪੜਚੋਲ ਕਰਨ ਵਲ ਸੇਧਤ ਹਨ। ਇਹ ਵਰਤਾਰਾ ਕੌਮੀ ਰਿਸ਼ਤਿਆਂ ਦੇ ਮਾਮਲੇ ਵਿਚ ਉਸ ਸਮੇਂ ਹੋਰ ਖ਼ਤਰਨਾਕ ਰੂਪ ਧਾਰਦਾ ਹੈ ਜਦੋਂ ਤਾਕਤਵਰ ਧਿਰ ਆਪਣੇ ਅਧੀਨ ਧਿਰ ਦੀ ਸੋਚ ਨੂੰ ਕਾਬੂ ਕਰਨ ਲਈ ਤਾਕਤ, ਗਿਆਨ ਅਤੇ ਬਿਰਤਾਂਤ ਦੀ ਵਰਤੋਂ ਕਰਦੀ ਹੈ। ਇਸ ਮੰਤਵ ਦੀ ਪੂਰਤੀ ਲਈ ਅਧੀਨ ਧਿਰ ਨਾਲ ਸਬੰਧਤ ਵਿਦਵਾਨਾਂ-ਵਿਆਖਿਆਕਾਰਾਂ ਦੀ ਵਰਤੋਂ ਕੀਤੀ ਜਾਂਦੀ ਹੈ। ਜੇ. ਐਸ. ਗਰੇਵਾਲ ਅਤੇ ਅਜਮੇਰ ਸਿੰਘ ਦੀ ਇਤਿਹਾਸਕ ਬਿਰਤਾਂਤ ਸਿਰਜਣਾ ਦੀ ਵਿਧੀ, ਉਦੇਸ਼ ਅਤੇ ਦਿਸ਼ਾ ਵਿਚਕਾਰਲੇ ਵਿਰੋਧ ਨੂੰ ਇਸ ਪ੍ਰਸੰਗ ਵਿਚ ਸਮਝਿਆ ਜਾ ਸਕਦਾ ਹੈ।

ਸਿੱਖਾਂ ਦਾ ਇਹ ਵੱਡਾ ਦੁਖਾਂਤ ਹੈ ਕਿ ਉਨ੍ਹਾਂ ਨੇ ਗੁਰੂ ਕਾਲ ਤੋਂ ਬਾਅਦ ਆਪਣੀ ਗਿਆਨ-ਪਰੰਪਰਾ, ਸਿੱਖ ਗਿਆਨ ਦੀ ਵੰਡ, ਸਿੱਖ ਸੱਚ ਦੀ ਬੌਧਿਕ ਰਾਖੀ ਅਤੇ ਇਸ ਦੀ ਵਿਆਖਿਆ ਨੂੰ ਸਿੱਖ ਤਾਕਤ ਨਾਲ ਸਬੰਧਤ ਨਹੀਂ ਕੀਤਾ। ਇਸ ਦੁਖਾਂਤ ਨਾਲ ਸਬੰਧਤ ਇੱਕ ਆਮ ਧਾਰਨਾ ਕਿ "ਸਿੱਖ ਇਤਿਹਾਸ ਸਿਰਜਦੇ ਹਨ, ਪਰ ਲਿਖਦੇ ਨਹੀਂ" ਨੂੰ ਅਸਲ ਵਿਚ ਇਸ ਤਰ੍ਹਾਂ ਸਮਝਣਾ ਚਾਹੀਦਾ ਹੈ ਕਿ ਸਿੱਖਾਂ ਦੀ ਆਪਣੇ ਇਤਿਹਾਸਕ ਬਿਰਤਾਂਤ ਦੀ ਸਿਰਜਣਾ ਉਤੇ ਪਕੜ ਨਹੀਂ ਹੈ। ਸਿੱਖ ਦੂਜੇ ਲੋਕਾਂ (ਦੁਸ਼ਮਣਾਂ-ਵਿਰੋਧੀਆਂ) ਵਲੋਂ ਸਿਰਜੇ ਬਿਰਤਾਂਤ (ਜੋ ਵੀ ਉਨ੍ਹਾਂ ਬਾਰੇ ਕਹਿੰਦੇ ਹਨ) ਨੂੰ ਸੱਚ ਮੰਨ ਕੇ ਸਵੀਕਾਰਦੇ ਹਨ ਅਤੇ ਮਾਣ ਮਹਿਸੂਸ ਕਰਦੇ ਹਨ। ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਦੇ ਮੁਖੀ ਰਹੇ ਪ੍ਰੋ. ਬਲਕਾਰ ਸਿੰਘ ਵਰਗੇ ਵਿਦਵਾਨ ਵੀ ਇਹ ਨਹੀਂ ਸਮਝਦੇ ਜਾਂ ਜਾਣ-ਬੁਝ ਕੇ ਨਹੀਂ ਮੰਨਦੇ ਕਿ ਦੂਜੇ ਜੋ ਉਨ੍ਹਾਂ (ਸਿੱਖਾਂ) ਬਾਰੇ ਕਹਿ ਰਹੇ ਹਨ ਉਹ ਸਿੱਖਾਂ ਨੂੰ ਨਹੀਂ ਬਲਕਿ ਉਨ੍ਹਾਂ (ਦੁਸ਼ਮਣਾਂ-ਵਿਰੋਧੀਆਂ) ਨੂੰ, ਦੂਜਿਆਂ ਨੂੰ ਤਾਕਤਵਰ ਬਣਾਉਂਦਾ ਹੈ। ਜੋ ਗੱਲਾਂ ਡਾ. ਪਰੇਮ ਸਿੰਘ ਅਤੇ ਜੇ.ਐਸ. ਗਰੇਵਾਲ ਨੇ ਕਹੀਆਂ ਹਨ ਉਨ੍ਹਾਂ ਦਾ ਦੁਹਰਾਓ ਜਾਂ ਪ੍ਰੋੜਤਾ ਸਿੱਧ ਕਰਦੀ ਹੈ ਕਿ ਡਾ. ਸਾਹਿਬ ਉਸੇ ਬਿਰਤਾਂਤ ਸਿਰਜਣਾ ਵਿਚ ਹਿੱਸੇਦਾਰੀ ਪਾ ਰਹੇ ਹਨ ਜੋ ਸਿੱਖ ਵਿਰੋਧੀ ਧਿਰ ਵਲੋਂ ਲੰਮੇ ਸਮੇਂ ਤੋਂ ਸਿਰਜਿਆ ਜਾ ਰਿਹਾ ਹੈ। ਮਕਲਿਊਡ ਅਤੇ ਹਰਜੋਤ ਉਬਰਾਏ ਆਦਿ ਵਿਦਵਾਨਾਂ ਦੀ ਸਿੱਖ ਇਤਿਹਾਸ ਦੀ ਬਿਰਤਾਂਤਕਾਰੀ ਵੀ ਸਿੱਖਾਂ ਦੀ ਥਾਂ ਦੂਜੀ ਧਿਰ ਨੂੰ ਤਾਕਤਵਰ ਕਰਨ ਵਾਲੇ ਪੈਂਤੜੇ ਦੀ ਉਪਜ ਹੈ ਜੋ ਸਿੱਖ ਗਿਆਨ ਪਰੰਪਰਾ ਨੂੰ ਖਤਮ ਕਰਨ ਅਤੇ ਮੁੜ ਵਿਰੋਧੀ ਧਿਰ ਦੀਆਂ ਲੀਹਾਂ ਉਪਰ ਉਸਾਰਣ ਵੱਲ ਸੇਧਿਤ ਹੈ। ਦੌਲਤ ਰਾਏ ਆਰੀਆ ਦੀ ਗੁਰੂ ਗੋਬਿੰਦ ਸਿੰਘ ਬਾਰੇ ਲਿਖੀ ਕਿਤਾਬ ਨੂੰ ਕੁਝ ਸਿੱਖਾਂ ਵੱਲੋਂ ਹੁਣ ਤਕ ਵੰਡਿਆ ਜਾਣਾ ਇਸੇ ਬੌਧਿਕ ਦੁਖਾਂਤ ਦਾ ਸਿੱਟਾ ਹੈ। ਅਜਮੇਰ ਸਿੰਘ ਦੀ ਦੂਜੀ ਕਿਤਾਬ 'ਕਿਸ ਬਿਧ ਰੁਲੀ ਪਾਤਸ਼ਾਹੀ' ਇਸੇ ਦੁਖਾਂਤ ਦਾ ਖੁਰਾ ਨੱਪਣ ਦੀ ਕਾਮਯਾਬ ਕੋਸ਼ਿਸ਼ ਹੈ।

ਅਜਮੇਰ ਸਿੰਘ ਦੀ ਸਿੱਖ ਰਾਜਨੀਤਕ ਇਤਿਹਾਸਕਾਰੀ ਅਸਿੱਧੇ ਤੌਰ ਉਤੇ ਸਿੱਖਾਂ ਨੂੰ ਆਪਣੇ ਬਿਰਤਾਂਤ ਦੀ ਸਿਰਜਣਾ ਅਤੇ ਆਪਣੇ ਗਿਆਨ ਦੀ ਵੰਡ ਨੂੰ ਕਾਬੂ ਕਰਨ ਦਾ ਸੁਨੇਹਾ ਦਿੰਦੀ ਹੈ। ਜੇ ਸਿੱਖਾਂ ਦੇ ਬੌਧਿਕ ਵਰਗ ਦਾ ਕੋਈ ਇੱਕ ਹਿੱਸਾ ਵੀ ਇਸ ਸੁਨੇਹੇ ਨੂੰ ਫੜ ਗਿਆ ਤਾਂ 18ਵੀਂ ਅਤੇ 19ਵੀਂ ਸਦੀ ਵਿਚ ਯੋਰਪ ਅਤੇ ਖਾਸ ਕਰਕੇ ਫਰਾਂਸ ਅਤੇ ਜਰਮਨੀ ਵਿਚ ਉਪਜੇ ਸਕਾਰਾਤਮਕਵਾਦ (ਪੌਜ਼ਿਟਿਵਿਜ਼ਮ) ਵਰਗੇ ਵਰਤਾਰੇ ਦਾ ਜਨਮ ਸਿੱਖ ਪੰਥ ਵਿਚ ਵੀ ਹੋ ਸਕਦਾ ਹੈ, ਕਿਉਂਕਿ ਅਜਮੇਰ ਸਿੰਘ ਹੁਰਾਂ ਵੱਲੋਂ ਸਿਰਜਿਆ ਬਿਰਤਾਂਤ ਹਰੇਕ ਉਸ ਸਿੱਖ ਨੂੰ ਤਾਕਤਵਰ ਬਣਾਏਗਾ ਜੋ ਸਿੱਖ ਸੱਚ ਨੂੰ ਜਾਨਣ ਦੀ ਕੋਸ਼ਿਸ਼ ਕਰੇਗਾ।

ਜੇ ਡਾ. ਬਲਕਾਰ ਸਿੰਘ ਇਸ ਬਿਰਤਾਂਤ ਨੂੰ 'ਅਤਿਵਾਦੀ ਜੁਗਾਲੀ' ਆਖਦੇ ਹਨ ਤਾਂ ਇਹ ਧਾਰਨਾ ਉਸੇ ਰਾਜਨੀਤਿਕ ਪੈਂਤੜੇ ਦੀ ਪ੍ਰਸ਼ਟੀ ਕਰਦੀ ਹੈ ਜੋ ਗੁਲਾਮ ਕੌਮਾਂ ਦੇ ਸੱਚ ਨੂੰ ਖਤਮ ਕਰਨ ਲਈ ਤਾਕਤਵਰ ਧਿਰਾਂ ਅਕਸਰ ਕਰਦੀਆਂ ਹਨ ਕਿ ਆਪਣੀ ਮਰਜ਼ੀ ਦਾ ਸੱਚ ਗੁਲਾਮ ਕੌਮ ਦੇ ਕੁਝ ਵਿਦਵਾਨਾਂ-ਵਿਆਖਿਆਕਾਰਾਂ ਦੇ ਮੂੰਹ ਵਿਚ ਪਾ ਕੇ ਆਪਣੇ ਆਪ ਨੂੰ ਦੋਸ਼ ਮੁਕਤ ਵੀ ਕਰ ਲੈਂਦੀਆਂ ਹਨ ਅਤੇ ਆਪਣੇ ਸੱਚ ਨੂੰ ਦੁਨੀਆਂ ਸਾਹਮਣੇ ਨਿਰਪੱਖ ਸੱਚ ਵੀ ਸਾਬਤ ਕਰ ਲੈਂਦੀਆਂ ਹਨ। ਅਜਮੇਰ ਸਿੰਘ ਦੀ ਸਿੱਖ ਨੁਕਤੇ ਤੋਂ ਕੀਤੀ ਇਤਿਹਾਸ ਦੀ ਪੜਚੋਲ ਨਾਲ ਵਾਬਸਤਾ ਹੋਣ ਮਗਰੋਂ ਕਿਸੇ ਸਧਾਰਨ ਪਾਠਕ ਨੂੰ ਵੀ ਡਾ. ਪਰੇਮ ਸਿੰਘ ਅਤੇ ਜੇ.ਐਸ ਗਰੇਵਾਲ ਦੇ ਹਵਾਲੇ ਨਾਲ ਡਾ. ਬਲਕਾਰ ਸਿੰਘ ਦੇ ਸਿਰਜੇ ਬਿਰਤਾਂਤ ਦੀ ਸਮਝ ਪੈ ਸਕਦੀ ਹੈ ਕਿ ਅਸਲ ਮਾਮਲਾ ਕੀ ਹੈ। ਇਹ ਵਿਦਵਾਨ ਇਸ ਬਿਰਤਾਂਤਕਾਰੀ ਦੇ ਹਿੱਸੇਦਾਰ ਸੁਚੇਤ ਰੂਪ ਵਿਚ ਹਨ ਜਾਂ ਅਚੇਤ ਰੂਪ ਵਿਚ ਹਨ, ਇਸ ਗੱਲ ਨਾਲ ਕੋਈ ਫਰਕ ਨਹੀਂ ਪੈਂਦਾ ਕਿਉਂਕਿ ਦੋਹਾਂ ਰੂਪਾਂ ਵਿਚ ਸਿੱਖਾਂ ਉਪਰ ਇਸ ਪੈਂਤੜੇ ਦਾ ਇਕੋ ਜਿਹਾ ਅਸਰ ਪੈਣਾ ਹੈ।

## ਪ੍ਰੋ. ਬਲਕਾਰ ਸਿੰਘ ਭਾਰਤੀ ਬਸਤੀਵਾਦੀ ਸੋਚ ਤੋਂ ਮੁਕਤ ਹੋਣ

ਵਖਰਾ ਐਲਾਨਦੇ ਹੋਏ ਪ੍ਰੋ. ਸਾਹਿਬ ਕਹਿੰਦੇ ਹਨ, "ਭਾਰਤੀ ਕੌਮਪ੍ਰਸਤੀ ਨੂੰ ਹਿੰਦੂ ਕੌਮਪ੍ਰਸਤੀ ਉਸਾਰੀ ਦਾ ਪ੍ਰਾਜੈਕਟ ਮੰਨ ਕੇ ਹਿੰਦੂਆਂ ਨੂੰ ਸਿੱਖਾਂ ਦੇ ਇਕੋ ਇਕ ਸਿਆਸੀ ਦੁਸ਼ਮਣ ਸਾਬਤ ਕਰਨਾ ਲੇਖਕ ਦਾ ਮੂਲ ਸਰੋਕਾਰ ਜਾਪਦਾ ਹੈ ਤੇ ਇਸ 'ਚ ਵਡੀ ਰੁਕਾਵਟ ਸਿੱਖ ਆਗੂਆਂ ਨੂੰ ਮੰਨਿਆ ਜਾ ਰਿਹਾ ਹੈ।"

ਭਾਰਤੀ ਕੌਮਪ੍ਰਸਤੀ ਨੂੰ ਹਿੰਦੂ ਕੌਮਪ੍ਰਸਤੀ ਨਾਲੋਂ ਅੱਡ ਕਰਕੇ ਦੇਖਣ ਦੀ ਪ੍ਰਵਿਰਤੀ ਸਿੱਖਾਂ ਵਿਚ ਬਹੁਤ ਪ੍ਰਬਲ ਹੈ। ਇਸ ਲਾਗ ਨੇ ਸਿੱਖ ਵਿਦਵਾਨਾਂ ਤਕ ਨੂੰ ਵੀ ਆਪਣੀ ਲਪੇਟ ਵਿਚ ਲਿਆ ਹੋਇਆ ਹੈ। ਸਿੱਖ ਸਮਝ ਵਿਚ ਪਏ ਇਸ ਵੱਡੇ ਵਿਗਾੜ ਨੂੰ ਦਰੁਸਤ ਕਰਨ ਦੀ ਕਵਾਇਦ ਵਿਚ ਹੀ ਸ. ਅਜਮੇਰ ਸਿੰਘ ਲੱਗੇ ਹੋਏ ਹਨ। ਅਸਲ ਵਿਚ ਭਾਰਤ ਵਿਚ ਰਾਸ਼ਟਰਵਾਦ ਦੀਆਂ ਦੋ ਧਰਾਵਾਂ ਨਾਲੋ-ਨਾਲ ਚਲ ਰਹੀਆਂ ਹਨ। ਇਕ ਹੈ ਹਿੰਦੂ ਰਾਸ਼ਟਰਵਾਦੀ ਧਾਰਾ ਅਤੇ ਦੂਜੀ ਹੈ ਸੈਕੂਲਰ ਹਿੰਦੂ ਰਾਸ਼ਟਰਵਾਦੀ ਧਾਰਾ। ਪਹਿਲੀ ਕਿਸਮ ਦੇ ਰਾਸ਼ਟਰਵਾਦ ਦੀ ਅਗਵਾਈ ਭਾਜਪਾ ਅਤੇ ਸੰਘ ਪਰਿਵਾਰ ਦੇ ਹੱਥ ਵਿਚ ਹੈ ਅਤੇ ਦੂਜੀ ਤਰ੍ਹਾਂ ਦੇ ਰਾਸ਼ਟਰਵਾਦ ਦੀ ਵਾਗਡੋਰ ਕਾਂਗਰਸ ਕੋਲ ਹੈ। ਜਿਥੇ ਹਿੰਦੂ ਕੌਮਵਾਦ ਆਪਣੀ ਤਾਕਤ ਹਿੰਦੂ ਦਰਸ਼ਨ ਤੋਂ ਲੈਂਦਾ ਹੈ, ਉਥੇ ਸੈਕੂਲਰ ਹਿੰਦੂ ਕੌਮਵਾਦ ਆਪਣੀ ਵਿਚਾਰਧਾਰਕ ਖੁਰਾਕ ਪਛਮੀ ਰਾਜਨੀਤਕ ਫਲਸਫ਼ੇ ਤੋਂ ਲੈਂਦਾ ਹੈ। ਭਾਵੇਂ ਇਨ੍ਹਾਂ ਦੋਨਾਂ ਧਾਰਾਵਾਂ ਦਾ ਆਪਸ ਵਿਚ ਟਕਰਾਅ ਵੀ ਚਲਦਾ ਰਹਿੰਦਾ ਹੈ ਪਰ ਇਨ੍ਹਾਂ ਦੋਨਾਂ ਦਾ ਪਹਿਲਾ ਅਤੇ ਆਖਰੀ ਮਕਸਦ ਬਹੁਗਿਣਤੀ ਹਿੰਦੂਆਂ ਦੀ ਸੇਵਾ ਕਰਨਾ ਹੀ ਹੈ। ਘਟਗਿਣਤੀ ਕੌਮਾਂ ਦੀ ਪਛਾਣ ਮੇਟਣ ਲਈ ਦੋਹਾਂ ਧਿਰਾਂ ਦੀ ਪਹੁੰਚ ਇਕੋ ਜਿਹੀ ਹੀ ਹੈ। ਘਟਗਿਣਤੀ ਕੌਮਾਂ ਦੀਆਂ ਲਹਿਰਾਂ ਕੁਚਲਣ ਸਮੇਂ ਇਨ੍ਹਾਂ ਦੀ ਏਕਤਾ ਬੇਮਿਸਾਲ ਹੁੰਦੀ ਹੈ। ਪੰਜਾਬੀ ਸੂਬਾ ਮੋਰਚੇ ਅਤੇ ਧਰਮ ਯੁਧ ਮੋਰਚੇ ਦੀ ਹਿੰਦੂਆਂ ਵਲੋਂ ਇਕ-ਚਿਤ ਹੋ ਕੇ ਕੀਤੀ ਗਈ ਵਿਰੋਧਤਾ, ਜੂਨ 1984 ਦੇ ਦਰਬਾਰ ਸਾਹਿਬ ਦੇ ਹਮਲੇ ਸਮੇਂ ਹਿੰਦੂ ਸਮਾਜ ਅਤੇ ਭਾਰਤੀ ਰਾਜਸੀ ਪਾਰਟੀਆਂ ਦੀ ਲਾਮਿਸਾਲ ਇਕਮੁਠਤਾ, ਨਵੰਬਰ 1984 ਵੇਲੇ ਬਹੁਗਿਣਤੀ ਵਲੋਂ ਕੀਤੀ ਗਈ ਸਿੱਖ ਨਸਲਕੁਸ਼ੀ ਅਤੇ ਨਸਲਕੁਸ਼ੀ ਤੋਂ ਬਾਅਦ ਹਿੰਦੂ ਸਮਾਜ ਵਿਚ ਕਾਂਗਰਸ ਦੇ ਹੱਕ ਵਿਚ ਵਰ੍ਹਾਇਆ ਗਿਆ ਵੋਟਾਂ ਦਾ ਮੀਂਹ, ਸਿੱਖ ਖਾੜਕੂ ਲਹਿਰ ਅਤੇ ਕਸ਼ਮੀਰੀ ਆਜ਼ਾਦੀ ਦੀ ਲਹਿਰ ਦੇ ਖਿਲਾਫ਼ ਬਹੁਗਿਣਤੀ ਫਿਰਕੇ ਦੀ ਸਿਰੇ ਦੀ ਨਫ਼ਰਤ ਉਕਤ ਵਰਣਿਤ ਸੱਚ ਦੀਆਂ ਪ੍ਰਤਖ ਗਵਾਹੀਆਂ ਹਨ। ਪਰ ਪ੍ਰੋ. ਸਾਹਿਬ ਇਸ ਸਾਰੇ ਵਰਤਾਰੇ ਦਾ ਅਤੇ ਸ. ਅਜਮੇਰ ਸਿੰਘ ਦੀਆਂ ਕਿਤਾਬਾਂ ਦਾ ਸਹੀ ਮੁਲੰਕਣ ਉਦੋਂ ਹੀ ਕਰ ਪਾਉਣਗੇ, ਜਦੋਂ ਉਹ ਭਾਰਤੀ ਬਸਤੀਵਾਦੀ ਸੋਚ ਤੋਂ ਮੁਕਤ ਹੋ ਜਾਣਗੇ।

ਫਰਾਂਜ਼ ਫੈਨਨ ਕਹਿੰਦਾ ਹੈ ਕਿ ਬਸਤੀਵਾਦ ਤੋਂ ਛੁਟਕਾਰਾ ਪਾਏ ਬਿਨਾਂ ਨਵਾਂ ਮਨੁਖ ਨਹੀਂ ਸਿਰਜਿਆ ਜਾ ਸਕਦਾ। ਪ੍ਰੋ. ਬਲਕਾਰ ਸਿੰਘ ਇਸ ਗੱਲ ਵਲ ਜ਼ਰੂਰ ਧਿਆਨ ਦੇਣ, ਇਸ ਵਿਚ ਹੀ ਪੰਥ ਦੀ ਭਲਾਈ ਹੈ।

**ਫੋਨ:91-94655-89440*

# 'ਡਾ. ਬਲਕਾਰ ਸਿੰਘ ਦਾ ਅਨੋਖਾ ਰਾਜਸੀ ਗਿਆਨ':ਪ੍ਰਤੀਉਤਰ

ਮੈਂ ਤਾਂ ਡਾ. ਪ੍ਰੇਮ ਸਿੰਘ ਨੂੰ ਅਜੇ ਤਕ ਮਿਲਿਆ ਹੀ ਨਹੀਂ ਹਾਂ। ਉਸ ਤੋਂ "ਪ੍ਰੇਰਨਾ ਤੇ ਉਤਸ਼ਾਹ" ਦਾ ਫੈਸਲਾ ਹਰਕੀਰਤ ਸਿੰਘ ਨੇ ਪਤਾ ਨਹੀਂ ਕਿਉਂ ਅਤੇ ਕਿਵੇਂ ਲੈ ਲਿਆ ਹੈ। ਮੈਨੂੰ ਇਹ ਅਖਬਾਰ ਤੋਂ ਪਤਾ ਲੱਗਾ ਸੀ ਕਿ ਅਜਮੇਰ ਸਿੰਘ ਦੀ ਪੁਸਤਕ ਬਾਰੇ ਪ੍ਰੇਮ ਸਿੰਘ ਨੇ ਕੁਝ ਨੁਕਤੇ ਉਠਾਏ ਹਨ ਅਤੇ ਉਸ ਉਤੇ ਉਤਰ ਪ੍ਰਤੀ ਉਤਰ ਵੀ ਹੋਏ ਹਨ। ਮੇਰਾ ਪੁਸਤਕ ਬਾਰੇ ਪ੍ਰਤੀਕਰਮ ਵੀ "ਪੰਜਾਬ ਟਾਈਮਜ਼" ਵਿਚ ਛਪ ਗਿਆ। ਇੰਟਰਨੈਟ ਨੇ ਇਹ ਸਭ ਸੌਖਾ ਕਰ ਦਿਤਾ ਹੈ। ਮੇਰੀ ਇੱਛਾ ਰਹਿੰਦੀ ਹੈ ਕਿ ਸਿੱਖ ਕੌਮ ਦੀ ਹੋਣੀ ਨਾਲ ਜੁੜੇ ਹੋਏ ਮਸਲਿਆਂ ਬਾਰੇ ਸਾਂਝੀ-ਸਮਝ ਬਣਾਉਣ ਲਈ ਸੰਵਾਦ ਜ਼ਰੂਰੀ ਹੈ। ਇਸ ਦੀ ਵਧੀਆ ਵਿਧਾ ਤਾਂ ਪੁਸਤਕ ਹੀ ਹੈ ਪਰ ਅਜਿਹਾ ਕਿਸੇ ਵੀ ਪ੍ਰਾਪਤ ਵਿਧਾ ਰਾਹੀਂ ਹੁੰਦਾ ਰਹਿਣਾ ਚਾਹੀਦਾ ਹੈ। ਜੇ ਇਸ ਪ੍ਰਭਾਵ ਹੇਠ ਲਿਖੇ ਮੇਰੇ ਲੇਖ ਵਿਚ "ਲਿਖਤ ਦਾ ਪੱਧਰ ਬਹੁਤ ਨੀਵਾਂ ਜਾਂ ਗਿਰਿਆ" ਹਰਕੀਰਤ ਸਿੰਘ ਨੂੰ ਲਗਿਆ ਹੈ ਤਾਂ ਮੈਂ ਇਸ ਬਾਰੇ ਕੀ ਕਰ ਸਕਦਾ ਹਾਂ। ਅਜਿਹੀ ਰਾਏ ਬਣਾਉਣ ਦਾ ਹਰ ਇਕ ਨੂੰ ਅਧਿਕਾਰ ਹੈ। ਅਕਾਦਮਿਕਤਾ ਵਿਚ ਇਹੋ ਜਿਹੀ ਇਕਪਾਸੜ ਰਾਏ ਦਾ ਸਾਹਮਣਾ ਅਕਾਦਮੀਸ਼ਨਾਂ ਨੂੰ ਅਕਸਰ ਹੀ ਕਰਨਾ ਪੈਂਦਾ ਹੈ।

ਜਿਥੋਂ ਤਕ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਬਾਰੇ ਮੇਰੀ ਰਾਏ ਨੂੰ "ਕੁਚੱਜਾ ਨਿਰਣਾ" ਕਹਿਣ ਦੀ ਗੱਲ ਹੈ, ਇਸ ਬਾਰੇ ਤਾਂ ਇਹੀ ਕਹਾਂਗਾ ਕਿ ਸੰਤ ਜੀ ਦੇ ਯੋਗਦਾਨ ਦੀ ਪ੍ਰਧਾਨ ਸੁਰ ਧਾਰਮਿਕ ਸੀ, ਸਿਆਸੀ ਨਹੀਂ। ਦਮਦਮੀ ਟਕਸਾਲ ਦੀ ਧਾਰਮਿਕ ਨਿਰੰਤਰਤਾ ਵਿਚ ਤਾਂ ਉਨ੍ਹਾਂ ਦੇ ਵਾਰਸ ਅਜ ਵੀ ਹਨ ਪਰ ਉਨ੍ਹਾਂ ਦੇ ਸਿਆਸੀ ਵਾਰਸ ਦੀ ਨਿਸ਼ਾਨਦੇਹੀ ਅਜੇ ਤਕ ਵੀ ਨਹੀਂ ਹੋ ਸਕੀ। ਇਸ ਪੁਸਤਕ ਦੇ ਲਿਖੇ ਜਾਣ ਦੇ ਬਾਵਜੂਦ ਵੀ ਨਹੀਂ। ਏਸੇ ਲਈ ਕਹਿ ਰਿਹਾ ਹਾਂ ਕਿ ਸੰਤ ਜੀ ਦੀ ਸਿਆਸਤ ਉਨ੍ਹਾਂ ਦੀ ਧਾਰਮਿਕਤਾ ਦਾ ਹੀ ਹਿੱਸਾ ਸੀ। ਸੰਤ ਜੀ ਦੇ ਨਾਂ ਤੇ ਕੀਤੀ ਜਾ ਰਹੀ ਸਿਆਸਤ ਨੂੰ ਉਨ੍ਹਾਂ ਦੀ ਸਿਆਸਤ ਕਹਿਣ ਲਈ ਮੇਰੇ ਕੋਲ ਕੋਈ ਆਧਾਰ ਨਹੀਂ ਹਨ। ਜੇ ਇਸ ਨੂੰ ਮੇਰੀ ਅਸਮਰਥਾ ਸਮਝਿਆ ਜਾ ਰਿਹਾ ਹੈ ਤਾਂ ਵੀ ਮੈਨੂੰ ਕੋਈ ਇਤਰਾਜ਼ ਨਹੀਂ ਪਰ ਰਾਏ ਮੇਰੀ ਇਹੀ ਹੈ।

ਪੁਸਤਕ "ਵੀਹਵੀਂ ਸਦੀ ਦੀ ਰਾਜਨੀਤੀ" ਨੂੰ ਲੈ ਕੇ ਰਚਾਏ ਜਾ ਰਹੇ ਸੰਵਾਦ ਵਿਚ "ਨੈਸ਼ਨਲ ਸਿੱਖ ਵਰਗ" ਬਹੁਤ ਹਕਾਰਤ ਨਾਲ ਵਰਤਿਆ ਜਾ ਰਿਹਾ ਹੈ। ਜਿਹੜਾ ਹਵਾਲਾ ਚਰਚਾ ਅਧੀਨ ਪੁਸਤਕ ਵਿਚੋਂ ਹਰਕੀਰਤ ਸਿੰਘ ਨੇ ਦਿਤਾ ਹੈ, ਇਹ ਲੇਖਕ ਦੀ ਉਸੇ ਤਰ੍ਹਾਂ ਰਾਏ ਹੈ, ਜਿਸ ਤਰ੍ਹਾਂ ਮੇਰੀ ਰਾਏ ਉਪਰ ਦੇ ਦਿਤੀ ਗਈ ਹੈ। ਰਾਏ ਵਿਚਕਾਰਲੇ ਫਰਕ ਨੂੰ ਲੈ ਕੇ ਇਕ ਹੋਰ ਰਾਏ ਵੀ ਹੋ ਸਕਦੀ ਹੈ। ਰਾਇਆਂ ਦੇ ਇਸ ਭੇੜ ਵਿਚੋਂ ਪਹਿਲਾਂ ਸਾਂਝੀ-ਸਮਝ ਲਈ ਸਪੇਸ ਪੈਦਾ ਹੁੰਦੀ ਹੈ ਅਤੇ ਫਿਰ ਪੰਥਕ-ਵਿਧੀ ਵਿਚ ਪੰਥਕ ਰਾਏ ਸਾਹਮਣੇ ਲਿਆਉਣ ਦੀ ਪੰਥਕ-ਪਰੰਪਰਾ ਕਾਇਮ ਹੈ। ਜੇ ਅਸੀਂ ਵਿਅਕਤੀਗਤ ਮਸ਼ਵਰੇ ਜਾਂ ਟਿਪਣੀ ਨੂੰ ਪੰਥਕ-ਰਾਏ ਐਲਾਨ ਕੇ ਗੱਲ ਕਰਨ ਦਾ ਹੱਠ ਕਰਾਂਗੇ ਤਾਂ ਨਿਰਸੰਦੇਹ ਕਿੰਤੂਆਂ ਪ੍ਰੰਤੂਆਂ ਦੇ ਜੰਗਲ ਵਿਚ ਫਸ ਜਾਵਾਂਗੇ। ਲਗਭਗ ਇਹ ਵਾਪਰ ਹੀ ਚੁਕਾ ਹੈ। ਹਰਕੀਰਤ ਸਿੰਘ ਨੂੰ ਇਹੀ ਸਲਾਹ ਦੇ ਸਕਦਾ ਹਾਂ ਕਿ ਅਜਮੇਰ ਸਿੰਘ ਦੀ ਲਿਖਤ ਦੀ ਕਦਰ ਕਰੋ, ਉਸ ਤੋਂ ਅਗਵਾਈ ਵੀ ਲਵੋ ਪਰ ਉਸ ਲਿਖਤ ਨੂੰ ਪੰਥਕ-ਫੈਸਲਾ ਘੋਸ਼ਿਤ ਕਰਨ ਦੀ ਵਧੀਕੀ ਨਾ ਕਰੋ। ਮੇਰੀ ਇਸ ਸਲਾਹ ਨੂੰ ਜੇ "ਸੰਤਾਂ ਦੀ ਬਹੁਪੱਖੀ ਸ਼ਖਸੀਅਤ ਨੂੰ ਧੁੰਦਲਾਉਣਾ" ਆਖਣ ਦਾ ਉਲਾਰ ਫਤਵਾ ਦਿਉਗੇ ਤਾਂ ਸੰਤਾਂ ਦੇ ਨਾਂ 'ਤੇ ਕੀਤੀ ਜਾ ਰਹੀ ਸਿਆਸਤ ਵਿਚ ਮੈਨੂੰ ਉਲਝਾਉਣ ਦੀ ਕੋਸ਼ਿਸ਼ ਕਰ ਰਹੇ ਹੋਵੋਗੇ। ਅਜਿਹਾ ਕਿਸੇ ਨੂੰ ਵੀ ਨਹੀਂ ਕਰਨਾ ਚਾਹੀਦਾ।

ਹਰਕੀਰਤ ਸਿੰਘ ਨੇ ਚਰਚਾ ਅਧੀਨ ਪੁਸਤਕ ਦੇ ਪਾਠਕਾਂ ਨੂੰ "ਧਿਆਨ ਨਾਲ ਪੜ੍ਹਨ ਵਾਲੇ" ਅਤੇ "ਮੋਟੀ ਜਿਹੀ ਝਾਤ ਮਾਰਨ ਵਾਲੇ" ਦੀਆਂ ਦੋ ਕੋਟੀਆਂ ਵਿਚ ਵੰਡ ਲਿਆ ਹੈ। ਪਹਿਲਾਂ ਤਾਂ ਸਿੱਖ ਭਾਈਚਾਰੇ ਵਿਚ ਪੜ੍ਹਨ ਲਿਖਣ ਸਮੇਂ ਬਹੁਤ ਘਟ ਹਨ। ਜੋ ਹਨ ਪੜ੍ਹਨ ਵਿਚੋਂ "ਮੋਟੀ ਜਿਹੀ ਝਾਤ ਮਾਰਨ ਵਾਲਿਆਂ" ਦੀ ਬਹੁਗਿਣਤੀ ਹੀ ਕਹਿਣੀ ਚਾਹੀਦੀ ਹੈ। ਏਸੇ ਵਿਚੋਂ ਇਕ ਹੋਰ ਕੋਟੀ ਸਿਆਸਤਨੁਮਾ-ਪਾਠਕਾਂ ਦੀ ਪੈਦਾ ਹੋ ਗਈ ਲਗਦੀ ਹੈ। ਫਿਰ ਪੰਥਕ ਮਸਲਿਆਂ ਤੇ ਸੰਵਾਦ ਕਿਵੇਂ ਚਲੇਗਾ? ਮੈਨੂੰ ਇਹੀ ਹਰਕੀਰਤ ਸਿੰਘ ਦੇ ਸ਼ਬਦਾਂ ਵਿਚ "ਅਨੋਖਾ ਰਾਜਸੀ ਵਿਗਿਆਨ" ਲਗਦਾ ਹੈ। ਇਹੀ ਅਨੋਖਾ ਰਾਜਸੀ ਵਿਗਿਆਨ ਹੈ ਜਿਸ ਨੇ ਧਰਮ ਨੂੰ ਸਿਆਸਤ ਦਾ ਹਥਿਆਰ ਬਣਾ ਦਿਤਾ ਹੈ। ਸਿੱਖ ਧਰਮ ਦੇ ਵਿਦਿਆਰਥੀ ਵਜੋਂ ਮੇਰੀ ਸੋਚੀ ਸਮਝੀ ਰਾਏ ਹੈ ਕਿ ਸਿੱਖ ਸਮਕਾਲ ਦੀ ਹੋਣੀ ਘੜਨ ਵਾਸਤੇ ਸਿੱਖ ਧਰਮ ਨੂੰ ਸਿੱਖ ਸਿਆਸਤਦਾਨਾਂ ਤੋਂ ਬਚਾਉਣਾ ਪਹਿਲੀ ਲੋੜ ਬਣ ਗਿਆ ਹੈ। ਇਸ ਪਾਸੇ ਜਿੰਨਾ ਛੇਤੀ ਤੁਰ ਪਵਾਂਗੇ, ਉਨਾਂ ਹੀ ਠੀਕ ਰਹੇਗਾ। ਜਿਵੇਂ ਮੈਂ ਆਪਣੀ ਰਾਏ ਹਰਕੀਰਤ ਸਿੰਘ ਦੇ ਹਵਾਲੇ ਨਾਲ ਦੇ ਰਿਹਾ ਹਾਂ, ਉਵੇਂ ਹੀ ਹਰਕੀਰਤ ਸਿੰਘ ਨੂੰ ਆਪਣੀ ਰਾਏ ਰਖਣ ਦਾ ਅਧਿਕਾਰ ਹੈ। ਸਹਿਮਤ ਨਾ ਹੋ ਕੇ ਵੀ "ਵੇਖ ਕੇ ਅਣਡਿੱਠ" ਕਰਨ ਦੀ ਨੈਤਿਕਤਾ ਨਿਭਾਈ ਜਾ ਸਕਦੀ ਹੈ। ਧਿਆਨ ਤਾਂ ਇੰਨਾ ਹੀ ਰਖਣਾ ਚਾਹੀਦਾ ਹੈ ਕਿ ਆਪਣਾ ਅਧਿਕਾਰ ਕਿਸੇ ਹੋਰ ਦੇ ਅਧਿਕਾਰ ਦੀ ਕੀਮਤ ਤੇ ਰਖਣ ਦੀ ਵਧੀਕੀ ਕਰਨ ਤੋਂ ਲਗਦੀ ਵਾਹ ਗੁਰੇਜ਼ ਕੀਤਾ ਜਾਵੇ। ਜੋ ਅਜਮੇਰ ਸਿੰਘ ਨੇ ਲਿਖਣ ਲਗਿਆਂ ਮਿਹਨਤ ਕੀਤੀ ਹੈ, ਉਸ ਦੀ ਕਦਰ ਦਾ ਦਾਇਰਾ ਵਧਾਉਣ ਦੇ ਮਨਸ਼ੇ ਨਾਲ ਹੀ ਸੰਵਾਦ ਰਚਾਏ ਜਾਣ ਦੀ ਕੋਸ਼ਿਸ਼ ਕੀਤੀ ਸੀ।

ਵੈਸੇ ਵੀ ਮੈਂ ਮਹਿਸੂਸ ਕਰਦਾ ਹਾਂ ਕਿ ਸੰਵਾਦ ਰਚਾਉਣ ਦੀ ਚੇਸ਼ਟਾ, ਇੱਛਾ ਜਾਂ ਰੀਝ ਤਾਂ ਲੇਖਕ ਕੋਲੋਂ ਕੀਤੀ ਗਈ ਸੀ ਪਰ ਮੈਦਾਨ ਵਿਚ ਲੇਖਕ ਦੇ ਪਾਠਕਨੁਮਾ-ਪ੍ਰਸ਼ੰਸਕ ਉਤਰ ਆਏ। ਇਸ ਨਾਲ ਤਾਂ ਲੇਖਕ ਤਕ ਪਹੁੰਚਣ ਤੋਂ ਰੋਕਣ ਦੀ ਸਿਆਸਤ ਸ਼ੁਰੂ ਹੋ ਗਈ ਹੈ। ਇਸ ਹਾਲਤ ਵਿਚ ਵੀ ਮੈਂ ਇਹ ਸਮਝ ਕੇ ਉਤਰ ਦੇਈ ਜਾ ਰਿਹਾ ਹਾਂ ਕਿ ਜੋ ਘਟ ਜਾਂ ਵਧ ਸਮਰਥਾ ਮੈਨੂੰ ਗੁਰ ਕਿਰਪਾ ਨਾਲ ਪ੍ਰਾਪਤ ਹੋ ਗਈ ਹੈ, ਉਸ ਨੂੰ ਈਮਾਨਦਾਰੀ ਨਾਲ ਸਾਂਝੀ ਕਰਨ ਦੀ ਕੋਸ਼ਿਸ਼ ਕਰਾਂ।

***ਬਲਕਾਰ ਸਿੰਘ ਪ੍ਰੋਫੈਸਰ***
***ਅਰਬਨ ਅਸਟੇਟ, ਪਟਿਆਲਾ।***

ਪੁਰਾਣਾ ਮਾਖਿਓਂ

# ਲੇਖੈ ਛੋਡ ਅਲੇਖੇ ਛੂਟਹਿ

*ਸੰਤ ਸਿੰਘ ਸੇਖੋਂ ਦੀ ਇਹ ਕਹਾਣੀ 'ਲੇਖੈ ਛੋਡ ਅਲੇਖੇ ਛੂਟਹਿ' ਅੱਧੀ ਸਦੀ ਤੋਂ ਵੀ ਵੱਧ ਸਮਾਂ ਪਹਿਲਾਂ 1954 ਵਿਚ ਪ੍ਰਕਾਸ਼ਿਤ ਪੁਸਤਕ 'ਅੱਧੀ ਵਾਟ' ਵਿਚ ਛਪੀ ਸੀ ਪਰ 'ਕਿਸਾਨ ਅਤੇ ਕਰਜ਼' ਦੇ ਪ੍ਰਸੰਗ ਵਿਚ ਇਸ ਦੀ ਅਹਿਮੀਅਤ ਅੱਜ ਵੀ ਓਨੀ ਹੀ ਹੈ। ਇਹ ਕਹਾਣੀ ਉਸ ਰਾਜਪ੍ਰਬੰਧ ਦਾ ਚੇਤਾ ਕਰਵਾਉਂਦੀ ਹੈ ਜਿਸ ਨੇ ਕਿਸਾਨ ਨੂੰ ਕਰਜ਼ੇ ਦੀ ਪੰਡ ਹੇਠੋਂ ਕੱਢਣਾ ਸੀ ਪਰ ਆਰਜ਼ੀ ਪ੍ਰਬੰਧਾਂ ਕਾਰਨ ਅਜਿਹਾ ਸੰਭਵ ਹੀ ਨਾ ਹੋ ਸਕਿਆ। ਜੇ ਇਹ ਕਹਾਣੀ ਅੱਜ ਸਾਢੇ ਪੰਜ ਦਹਾਕਿਆਂ ਬਾਅਦ ਵੀ ਅੱਜ ਦੇ ਕਿਸਾਨ ਦੀ ਕਹਾਣੀ ਲਗਦੀ ਹੈ ਤਾਂ ਭਾਰਤ ਦੇ ਵਿਕਾਸ ਉਤੇ ਪ੍ਰਸ਼ਨ ਚਿੰਨ੍ਹ ਤਾਂ ਲਗਦਾ ਹੀ ਹੈ, ਕਿਸਾਨ ਦੀ ਰੁਕੀ ਹੋਈ ਸੋਝੀ ਦੀ ਝਲਕ ਵੀ ਪੇਸ਼ ਕਰਦੀ ਹੈ।*

**ਸੰਤ ਸਿੰਘ ਸੇਖੋਂ**

ਰਮਜ਼ਾਨ ਨੂੰ ਪੁੱਤਰ ਦੀਆਂ ਸੁੰਨਤਾਂ ਬਿਠਾਣ ਸਮੇਂ ਰੁਪਿਆਂ ਦੀ ਸਖ਼ਤ ਲੋੜ ਆ ਗਈ ਤਾਂ ਮਹਿੰਗਾ ਸਿੰਘ ਦੁਕਾਨਦਾਰ ਪਾਸੋਂ ਉਸ ਨੇ ਵੀਹ ਰੁਪਏ ਕਰਜ਼ ਚੁੱਕ ਲਏ। ਰਮਜ਼ਾਨ ਇਤਨੇ ਕੁ ਰੁਪਿਆਂ ਲਈ ਆਪਣੇ ਕਿਸੇ ਸ਼ਰੀਕ ਭਾਈ ਜਾਂ ਸਬੰਧੀ ਦਾ ਦੇਣਦਾਰ ਨਹੀਂ ਸੀ ਹੋਣਾ ਚਾਹੁੰਦਾ ਤੇ ਉਸ ਨੇ ਅੱਲਾ ਤਾਅਲਾ ਦਾ ਲੱਖ ਲੱਖ ਸ਼ੁਕਰ ਗੁਜ਼ਾਰਿਆ ਜਿਸ ਨੇ ਮਹਿੰਗਾ ਸਿੰਘ ਦੇ ਮਨ ਵਿਚ ਦਇਆ ਪਾ ਕੇ ਉਸ ਦੀ ਲੋੜ ਪੂਰੀ ਕਰ ਦਿੱਤੀ। ਹੁਣ ਰਮਜ਼ਾਨ ਦੀ ਜ਼ਬਾਨ ਉਤੇ ਸਿਆਣਿਆਂ ਦਾ ਇਹ ਕਥਨ ਮੁੜ-ਮੁੜ ਆ ਰਿਹਾ ਸੀ ਕਿ ਗੁਰੂ ਬਿਨਾਂ ਗਤ ਨਹੀਂ ਤੇ ਸ਼ਾਹ ਬਿਨਾਂ ਪਤ ਨਹੀਂ। ਗੁਰੂ ਦੀ ਗਤ ਦੀ ਲੋੜ ਤਾਂ ਉਸ ਨੂੰ ਇਸ ਜੀਵਨ ਵਿਚ ਬਹੁਤੀ ਮਹਿਸੂਸ ਨਹੀਂ ਸੀ ਹੋਈ ਤੇ ਜੇ ਹੋਈ ਵੀ ਸੀ ਤਾਂ ਉਹ ਉਸ ਦੀ ਇਕ ਦੀਨਦਾਰ ਮੁਸਲਮਾਨ ਘਰ ਵਿਚ ਪੈਦਾ ਹੋਣ ਨਾਲ ਆਪਣੇ ਆਪ ਹੀ ਪੂਰੀ ਹੋ ਗਈ ਹੋਈ ਸੀ। ਜੇ ਕਦੇ ਇਸ ਉਤੇ ਕੁਝ ਹੋਰ ਤਸੱਲੀ ਦੀ ਲੋੜ ਪੈਂਦੀ ਤਾਂ ਕਿਸੇ ਸਮੇਂ ਵੀ ਪੀਰਾਂ ਮੁਰਸ਼ਦਾਂ ਦੀ ਥੁੜ੍ਹ ਨਹੀਂ ਸੀ ਰਹੀ, ਸਗੋਂ ਕਈ ਵਾਰੀ ਤਾਂ ਉਸ ਨੂੰ ਇਸ ਤਰ੍ਹਾਂ ਮਹਿਸੂਸ ਹੋਇਆ ਸੀ ਕਿ ਪਤਾ ਨਹੀਂ ਕਿੰਨੀਵੀਂ ਪੀੜ੍ਹੀ ਤੋਂ ਨੁਸ਼ਹਿਰੇ ਵਾਲੇ ਪੀਰ ਉਸ ਦੇ ਖ਼ਾਨਦਾਨ ਨੂੰ ਚੰਬੜੇ ਹੋਏ ਸਨ ਤੇ ਜਿਉਂ ਜਿਉਂ ਉਸ ਦੇ ਗ਼ਰੀਬ ਕਿਰਸਾਣੇ ਖ਼ਾਨਦਾਨ ਦੀ ਪੁਸ਼ਤ ਅੱਗੇ ਚੱਲਦੀ ਰਹੀ ਸੀ, ਇਸ ਪੀਰ ਖ਼ਾਨਦਾਨ ਦਾ ਵਾਧਾ ਵੀ ਨਾਲ ਹੁੰਦਾ ਆਇਆ ਸੀ।

ਪਰ ਸ਼ਾਹੂਕਾਰ ਦੀ ਲੋੜ ਕੁਝ ਹੋਰ ਭਾਂਤ ਦੀ ਲੋੜ ਸੀ। ਇਹ ਇਤਨੀ ਡਾਢੀ ਹੁੰਦੀ ਸੀ, ਜਦੋਂ ਆ ਪੈਂਦੀ ਸਭ ਅਗਲੀਆਂ ਪਿਛਲੀਆਂ ਭੁੱਲ ਜਾਂਦੀਆਂ ਸਨ। ਅੰਗਰੇਜ਼ਾਂ ਦੇ ਆਉਣ ਤੋਂ ਪਿੱਛੋਂ ਦੀ ਗੱਲ ਸੀ ਕਿ ਉਸ ਦੇ ਪਿੰਡ ਦੀ ਜ਼ਮੀਨ ਦਾ ਸੋਲ੍ਹਵਾਂ ਹਿੱਸਾ ਝਾਬੇ ਦੇ ਸ਼ਾਹੂਕਾਰਾਂ ਪਾਸ ਚਲਾ ਗਿਆ ਸੀ ਤੇ ਜੇ ਅੰਗਰੇਜ਼ਾਂ ਨੂੰ ਸਮੇਂ ਸਿਰ ਸੂਰਤ ਨਾ ਆ ਜਾਂਦੀ ਤਾਂ ਕੀ ਬਾਕੀ ਦੀ ਭੋਇੰ ਵੀ ਉਨ੍ਹਾਂ ਸ਼ਾਹੂਕਾਰਾਂ ਦੀ ਜਾਂ ਉਨ੍ਹਾਂ ਦੇ ਹੀ ਹੋਰ ਭਾਈ-ਭਰਾਵਾਂ ਦੀ ਨਹੀਂ ਹੋ ਜਾਣੀ ਸੀ? "ਅੰਗਰੇਜ਼ ਵੀ ਅਸਾਡੇ ਨਾਲ ਸ਼ਤਰੰਜ ਈ ਖੇਡਦਾ ਰਿਹਾ ਏ, ਅਸਾਨੂੰ ਮੋਹਰੇ ਬਣਾ ਕੇ," ਬੜੀ ਵਾਰੀ ਖ਼ੁਦਾ ਦਾਦਾ ਨੇ, ਜੋ ਕੁਝ ਪੜ੍ਹਿਆ-ਲਿਖਿਆ ਤੇ ਬਾਹਰ-ਅੰਦਰ ਭੌਂਵਿਆ ਹੋਇਆ ਏ, ਇਲਾਕੇ ਦੀ ਖ਼ਿਲਾਫ਼ਤ ਕਮੇਟੀ ਦਾ ਇਕ ਸਿਰਕੱਢ ਮੋਢੀ ਸੀ, ਆਖਣਾ ਪਹਿਲਾਂ ਆਪ ਹੀ ਕਾਨੂੰਨ ਬਣਾ ਕੇ ਅਸਾਡੀਆਂ ਭੋਇੰ ਸ਼ਾਹੂਕਾਰ ਦੇ ਕਰਜ਼ਿਆਂ ਵਿਚ ਵਿਕਵਾ ਦਿੱਤੀਆਂ ਤੇ ਫਿਰ ਆਪ ਈ ਕਾਨੂੰਨ ਬਣਾ ਕੇ ਉਨ੍ਹਾਂ ਨੂੰ ਇਹ ਭੋਇੰ ਖ਼ਰੀਦਣ ਤੋਂ ਵਰਜ ਦਿੱਤਾ ਏ।

ਕਈ ਵਾਰੀ ਤਾਂ ਰਮਜ਼ਾਨ ਜਿਹੇ ਲੋੜਵੰਦ ਕਿਰਸਾਣਾਂ ਨੂੰ ਇਉਂ ਮਹਿਸੂਸ ਹੁੰਦਾ ਕਿ ਅੰਗਰੇਜ਼ ਨੇ ਭੋਇੰ ਦੀ ਰਾਖੀ ਦਾ ਇਹ ਕਾਨੂੰਨ ਬਣਾ ਕੇ ਉਨ੍ਹਾਂ ਦਾ ਕੋਈ ਬਹੁਤਾ ਭਲਾ ਨਹੀਂ ਸੀ ਕੀਤਾ, ਕਿਉਂਕਿ ਹੁਣ ਜੇ ਕਦੇ ਲੋੜ ਪੈਂਦੀ ਰੁਪਏ-ਪੈਸੇ ਦੀ, ਕਿਸੇ ਮੁੰਡੇ ਦੀਆਂ ਸੁੰਨਤਾਂ ਬਹਾਣ ਵੇਲੇ ਜਾਂ ਕਿਸੇ ਵਿਆਹ-ਸ਼ਾਦੀ ਉਤੇ ਤਾਂ ਸ਼ਾਹੂਕਾਰ ਪਾਸੋਂ ਇਹ ਜ਼ਰਾ ਵਧੇਰੇ ਹੀ ਮੁਸ਼ਕਲ ਨਾਲ ਪੂਰੀ ਹੁੰਦੀ ਸੀ। "ਵੇਖੇਂ ਨਾ ਚੌਧਰੀ, ਹੁਣ ਜੇ ਤੂੰ ਜਾਂ ਰੱਬ ਨਾ ਕਰੇ, ਤੇਰੇ ਪਿੱਛੋਂ ਤੇਰਾ ਪੁੱਤਰ ਅਸਾਡਾ ਰੁਪਿਆ ਦੇਣ ਤੋਂ ਨਾਂਹ ਕਰ ਦੇਵੇ ਤਾਂ ਅਸੀਂ ਕਿਸੇ ਦਾ ਕੀ ਫੜ ਲੈਣਾ ਏਂ। ਭੋਇੰ ਤੁਹਾਡੀ ਵੱਲ ਤਾਂ ਅੰਗਰੇਜ਼ ਤੱਕਣ ਨਹੀਂ ਦਿੰਦਾ।" ਸਦਾ ਸ਼ਾਹੂਕਾਰ ਦਾ ਪਹਿਲਾ ਨਹੋਰਾ ਹੁੰਦਾ, ਜਦੋਂ ਕੋਈ ਲੋੜਵੰਦ ਉਸ ਪਾਸ ਕਰਜ਼ੇ ਦਾ ਸਵਾਲ ਕਰਦਾ। ਪਰ ਫਿਰ ਵੀ ਅੱਲਾ ਤਾਅਲਾ ਆਪ ਸੁਣਦਾ ਹੈ ਤੇ ਕਿਸੇ ਮਹਿੰਗਾ ਸਿੰਘ ਜਿਹੇ ਦੇ ਮਨ ਮਿਹਰ ਪਾ ਕੇ ਮਹਿੰਗੀ-ਸਸਤੀ ਲੋੜ ਪੂਰੀ ਕਰਵਾ ਹੀ ਦਿੰਦਾ ਏ।

ਪਰ ਇਸ ਸ਼ੁਕਰਗੁਜ਼ਾਰੀ ਦੇ ਮੌਕੇ ਵੀ ਰਮਜ਼ਾਨ ਨੂੰ ਇਹ ਗੱਲ ਰੜਕਣੋਂ ਨਾ ਰਹੀ ਕਿ ਮਹਿੰਗਾ ਸਿੰਘ ਸੂਦ ਦੀ ਸ਼ਰਹ ਕੁਝ ਵਧੇਰੇ ਹੀ ਲਗਾ ਰਿਹਾ ਸੀ। ਪੰਝੀ ਰੁਪਏ ਸਾਲਾਨਾ ਨਾਲ ਤਾਂ ਇਹ ਰੁਪਏ ਚੌਹ ਸਾਲਾਂ ਵਿਚ ਦੁੱਗਣੇ ਹੋ ਜਾਣਗੇ।

"ਪਰ ਚਾਰ ਸਾਲ ਚੌਧਰੀ, ਤੁਸੀਂ ਕੋਈ ਇਹ ਫੜੇ ਵੀਹ ਰੁਪਏ ਡੱਕ ਛੋੜਸੋ? ਅਗਲੀ ਸਾਵਣੀ ਨੂੰ ਨਹੀਂ ਤਾਂ ਹਾੜ੍ਹੀ ਨੂੰ ਮੋੜ ਦੇਸੋ। ਅਸੀਂ ਸੂਦ ਹੀ ਸ਼ਰਹ ਇੰਨੀ ਵੱਧ ਤਾਂ ਤੁਹਾਡੀ ਚੰਗੀ ਵਾਸਤੇ ਲਗਾਨੇ ਆਂ, ਤਾਂ ਜੋ ਤੁਸੀਂ ਜਲਦੀ ਇਹ ਕਰਜ਼ਾ ਮੋੜ ਦਿਓ।"

"ਹਾਂ, ਮੋੜਨ ਦਾ ਫ਼ਿਕਰ ਤਾਂ ਮੈਨੂੰ ਸਦਾ ਲੱਗਾ ਰਹਿਸੀ। ਸ਼ਾਹੂਕਾਰ ਦਾ ਕਰਜ਼ਾ ਜੇ ਨਰਮ ਅਮਰ ਵੇਲ ਜਿਹਾ ਹੁੰਦਾ ਏ ਤਾਂ ਵੱਧਦਾ ਵੀ ਅਮਰ ਵੇਲ ਵਾਕਰ ਏ," ਰਮਜ਼ਾਨ ਨੇ ਸਿਆਣਪ ਭਰਿਆ ਉੱਤਰ ਦਿੱਤਾ।

"ਤੂੰ ਆਪ ਸਿਆਣਾ ਏਂ ਚੌਧਰੀ," ਮਹਿੰਗਾ ਸਿੰਘ ਨੇ ਗੱਲ ਮੋੜੀ, "ਤੈਨੂੰ ਕਹੀਆਂ ਕੇ ਮੱਤ ਦੇਣੀ ਏ। ਹੱਛਾ, ਮੇਰੀ ਆਦਤ ਨਹੀਂ ਲੁਕਾ ਕੇ ਰੱਖਣ ਦੀ ਕੁਝ। ਬੰਦਾ ਬੋਲ ਦਾ ਮਿੱਠਾ ਤੇ ਵਣਜ ਦਾ ਖ਼ਰਾ ਹੋਣਾ ਚਾਹੀਦਾ ਏ। ਮੈਂ ਪਹਿਲੇ ਸਾਲ ਦਾ ਵਿਆਜ ਮੂਲ ਦੇ ਨਾਲ ਹੀ ਲਗਾ ਲਵਸਾਂ। ਇਸ ਤਰ੍ਹਾਂ ਨਾਲ ਹਿਸਾਬ ਸਿੱਧਾ ਰਹਿੰਦਾ ਏ।"

ਰਮਜ਼ਾਨ ਸਿਆੜ ਸਿੱਧਾ ਤਾਂ ਰੱਖਣ ਜਾਣਦਾ ਸੀ ਤੇ ਜਦੋਂ ਕਦੇ ਵੀ ਉਸ ਦੇ ਨਾਲ ਦਾ ਹਾਲੀ, ਉਸ ਦਾ ਪੁੱਤਰ, ਸਿਆੜ ਡਿੰਗਾ ਕਰ ਦਿੰਦਾ ਤਾਂ ਰਮਜ਼ਾਨ ਉਸ ਦੇ ਗਲ ਪੈ ਜਾਂਦਾ ਸੀ ਤੇ ਆਪਣੇ ਅਗਲੇ ਸਿਆੜ ਵਿਚ ਉਹ ਟੇਢ ਕੱਢ ਦਿੰਦਾ ਸੀ ਪਰ ਹਿਸਾਬ ਸਿੱਧਾ ਕਿਸ ਤਰ੍ਹਾਂ ਰੱਖੀਦਾ ਹੈ, ਇਹ ਉਸ ਦੇ ਇਲਮ ਤੋਂ ਬਾਹਰ ਦੀ ਗੱਲ ਸੀ। ਸੋ, ਉਸ ਨੇ ਮਹਿੰਗਾ ਸਿੰਘ ਦੀ ਗੱਲ ਦਾ ਕੋਈ ਮੋੜ ਨਾ ਕਰਨਾ ਹੀ ਉਚਿਤ ਸਮਝਿਆ।

ਸੁੰਨਤਾਂ ਬੈਠ ਗਈਆਂ। ਨਾਈ, ਮੁੱਲਾ, ਪੀਰ ਤੇ ਰਮਜ਼ਾਨ ਦੇ ਘਰਵਾਲੀ ਸਭੇ ਖ਼ੁਸ਼ ਸਨ ਕਿ ਇਹ ਦਿਨ-ਤਿਉਹਾਰ ਵਿਘਨ ਤੋਂ ਬਿਨਾਂ ਸੁਹਣਾ ਪੂਰਿਆ ਗਿਆ। "ਲੋੜ ਦਾ ਕਾਈ ਮੁੱਲ ਨਹੀਂ, ਚੌਧਰੀ," ਕਹਿ ਕੇ ਨਾਈ ਨੇ ਵੀ ਜਾਣ ਲਗੇ ਰਮਜ਼ਾਨ ਦੀ ਢਾਰਸ ਬਨ੍ਹਾ ਦਿੱਤੀ, ਭਾਵੇਂ ਰਮਜ਼ਾਨ ਨੂੰ ਆਪ ਵੀ ਕਰਜ਼ਾ ਚੁੱਕਣ ਦਾ ਕੋਈ ਬਹੁਤਾ ਖੇਦ ਨਹੀਂ ਸੀ। "ਆਖ਼ਰ ਪੰਜਾਹ ਰੁਪਏ ਦਾ ਖ਼ਰਚ ਹੋਇਆ ਏ, ਤੇ ਉਧਾਰ ਤਾਂ ਕੁੱਲ ਵੀਹ ਵੀ ਮੁੜ ਜਾਸਣ ਸਾਲ ਖੰਡ ਵਿਚ," ਰਮਜ਼ਾਨ ਦੀ ਘਰਵਾਲੀ ਨੇ ਤਸੱਲੀ ਕਰਵਾਈ। ਇਹ ਘਰੋਂ ਕੱਢੇ ਤੀਹ ਉਹ ਇਕ ਟੂਮ ਗਿਰਵੀ ਰੱਖ ਕੇ ਮਹਿੰਗਾ ਸਿੰਘ ਦੀ ਘਰਵਾਲੀ ਤੋਂ ਲਿਆਈ ਸੀ ਤੇ ਜਦੋਂ ਮਹਿੰਗਾ ਸਿੰਘ ਨੇ ਵੀਹ ਮੂਲ ਤੇ ਪੰਝੀ ਰੁਪਏ ਪਹਿਲੇ ਸਾਲ ਦਾ ਵਿਆਜ ਤੇ ਤੀਹ ਰੁਪਏ ਟੂਮ ਵਾਲੇ, ਕੁੱਲ ਪੰਝੱਤਰ ਰੁਪਏ ਉਤੇ ਰਮਜ਼ਾਨ ਦਾ ਅੰਗੂਠਾ ਲਗਵਾ ਲਿਆ ਸੀ ਤਾਂ ਮਹਿੰਗਾ ਸਿੰਘ ਦੀ ਘਰਵਾਲੀ ਨੇ ਮਹਿੰਗਾ ਸਿੰਘ ਦੀ ਸਲਾਹ ਨਾਲ ਹੀ ਉਹ ਟੂਮ ਚੁਧਰਾਣੀ ਨੂੰ ਵਾਪਸ ਕਰ ਦਿੱਤੀ ਸੀ। ਮਹਿੰਗਾ ਸਿੰਘ ਵਿਹਾਰ ਦਾ ਖ਼ਰਾ ਸੀ ਤੇ ਪਿੰਡ ਦੇ ਚੌਧਰੀਆਂ ਦੀ ਇੱਜ਼ਤ ਦਾ ਸਾਂਝੀ ਸੀ। ਉਸ ਨੇ ਵਹੀ ਉਤੇ ਰਮਜ਼ਾਨ ਤੋਂ ਅੰਗੂਠਾ ਲਗਵਾਣ ਲੱਗੇ ਵੀ ਕਿਸੇ ਤੀਜੇ ਪਾਸ ਇਸ ਗੱਲ ਦੀ ਭਾਫ਼ ਨਹੀਂ ਸੀ ਕੱਢੀ। ਸਿਰਫ਼ ਕੋਈ ਪੰਜ-ਸੱਤ ਦਿਨ ਬਾਅਦ, ਉਹ ਵੀ ਬਿਨਾਂ ਨਾਉਂ-ਥੇਹ ਦੱਸੇ, ਆਪਣੇ ਇਕ ਦੋਸਤ-ਮਿੱਤਰ ਪਾਸੋਂ ਇਸ ਲਿਖਤ ਉਤੇ ਗਵਾਹੀ ਪਵਾ ਲਈ ਸੀ। ਹੋਰ ਬਹੁਤੀਆਂ ਗਵਾਹੀਆਂ ਦੀ ਲੋੜ ਵੀ ਕਿਹੜੀ ਸੀ। ਕਰਜ਼ੇ ਤੋਂ ਮੁਕਰਨ ਦਾ ਡਰ ਤਾਂ ਰਮਜ਼ਾਨ ਦੇ ਫ਼ਰਿਸ਼ਤਿਆਂ ਪਾਸੋਂ ਵੀ ਨਹੀਂ ਸੀ।

"ਲੈ, ਚੁਧਰਾਣੀ, ਘਿੰਨ ਆਪਣੀ ਅਮਾਨਤ," ਮਹਿੰਗਾ ਸਿੰਘ ਦੀ ਘਰਵਾਲੀ ਨੇ ਰਮਜ਼ਾਨ ਦੀ ਘਰਵਾਲੀ ਪਾਸ ਜਾ ਕੇ ਟੂਮ ਮੋੜ ਕੇ ਆਖਿਆ ਸੀ। "ਹੁਣ ਚੌਧਰੀ, ਇਨ੍ਹਾਂ ਤੀਹਾਂ ਦੇ ਵੀ ਅੱਖਰ ਕਰਵਾ ਆਇਆ ਏ ਤੇ ਅਸਾਡਾ ਧਰਮ ਨਹੀਂ ਕਹਿਨਾ ਅਸੀਂ ਤੇਰੀ ਇਹ ਅਮਾਨਤ ਰੱਖ ਛੋੜੀਏ। ਅੰਤ ਧਰਮ ਉਤੇ ਰਹਿਣਾ ਈ ਸਹਾਈ ਹੋਸੀ, ਚੁਧਰਾਣੀ। ਜੇ ਤੁਸੀਂ ਅਸਾਡੇ ਉਤੇ ਇਤਬਾਰ ਕਰਦੇ ਓ ਤਾਂ ਸਾਡਾ ਧਰਮ ਨਹੀਂ ਤੁਹਾਡੀ ਅਮਾਨਤ ਵਿਚ ਖ਼ਿਆਨਤ ਕਰੀਏ," ਸ਼ਾਹੂਕਾਰਨੀ ਨੇ ਲੰਮਾ ਭਾਸ਼ਨ ਝਾੜਿਆ ਸੀ। ਚੁਧਰਾਣੀ ਸ਼ਾਹੂਕਾਰਨੀ ਦੀ ਇਸ ਈਮਾਨਦਾਰੀ ਦੀ ਕਾਇਲ ਹੋ ਗਈ ਸੀ। "ਪਰ ਚੌਧਰੀ ਨਾਲ ਕਿਸੇ ਮੌਕੇ ਗੱਲ ਕਰ ਛੋੜੋ, ਚੁਧਰਾਣੀ। ਉਸ ਅੱਖਰ ਕਰਵਾਏ ਤੇ ਉਸ ਤੋਂ ਕੋਈ ਗੱਲ ਲੁਕੀ ਨਹੀਂ ਰਹਿਣੀ ਚਾਹੀਦੀ।"

"ਚੰਗੀ ਗੱਲ," ਚੁਧਰਾਣੀ ਨੇ ਆਖ ਦਿੱਤਾ ਸੀ ਤੇ ਕਿਸੇ ਯੋਗ ਸਮੇਂ ਚੌਧਰੀ ਪਾਸ ਇਹ ਗੱਲ ਵੀ ਖੋਲ੍ਹ ਦਿੱਤੀ ਸੀ। ਚੌਧਰੀ ਨੇ ਉਸ ਨੂੰ ਕੀ ਆਖਣਾ ਸੀ? ਉਸ ਨੇ ਕੋਈ ਵਾਧੂ ਫ਼ਜ਼ੂਲਖ਼ਰਚੀ ਤਾਂ ਨਹੀਂ ਸੀ ਕੀਤੀ।

ਤਿੰਨ ਸਾਲ ਪਿੱਛੋਂ ਹਿਸਾਬ ਸਿੱਧਾ ਹੋ ਕੇ ਨਵੇਂ ਅੱਖਰ ਕਰਵਾਏ ਗਏ ਤਾਂ ਪੰਝੱਤਰ ਰੁਪਏ ਮੂਲ ਤੇ ਪੰਝੱਤਰ ਰੁਪਏ ਤਿੰਨ ਸਾਲ ਦਾ ਵਿਆਜ ਰਲ਼ਾ ਕੇ ਮਹਿੰਗਾ ਸਿੰਘ ਦੇ ਰਮਜ਼ਾਨ ਨੂੰ ਕਰਜ਼ ਦਿੱਤੇ ਪੰਜਾਹ ਰੁਪਏ ਇਕ ਸੌ ਪੰਜਾਹ ਬਣ ਚੁੱਕੇ ਸਨ।

ਮਹਿੰਗਾ ਸਿੰਘ ਦਾ ਹਿਸਾਬ ਕੁਝ ਇਸ ਕਿਸਮ ਦਾ ਸਿੱਧਾ ਸਿਰਤੋੜ ਸੀ ਕਿ ਸੋਲ੍ਹਾਂ ਕੁ ਸਾਲਾਂ ਵਿਚ ਰਮਜ਼ਾਨ ਦੇ ਅੰਗੂਠੇ ਉਤੇ ਉਸ ਦੀ ਵਹੀ ਵਿਚ ਪੰਦਰਾਂ ਸੌ ਰੁਪਏ ਦੀ ਰਕਮ ਬਣੀ ਖੜ੍ਹੀ ਸੀ।

ਹੁਣ ਰਮਜ਼ਾਨ ਨੂੰ ਮਹਿੰਗਾ ਸਿੰਘ ਦੀ ਮਹਿੰਗਾਈ ਤੇ ਉਸ ਦੇ ਸਿੱਧੇ ਹਿਸਾਬ ਦੀ ਹੇਰਾਫ਼ੇਰੀ ਦਾ ਤਿੱਖਾ ਤੇ ਦੁਖਦਾਈ ਅਨੁਭਵ ਹੋ ਰਿਹਾ ਸੀ। ਉਹ ਆਖ ਕੁਝ ਨਹੀਂ ਸੀ ਸਕਦਾ। ਹਿਸਾਬ ਕਰਨ ਤੋਂ ਉਸ ਨੂੰ ਡਰ ਆਉਂਦਾ ਸੀ, ਮਤਾਂ ਇਹ ਚਾਲਾਕ ਸ਼ਾਹੂਕਾਰ ਜੋ ਹਰ ਰੋਜ਼ ਗੁਰਦੁਆਰੇ ਵਿਚ 'ਲੇਖੈ ਛੋਡਿ ਅਲੇਖੇ ਛੂਟਹਿ ਹਮ ਨਿਰਗੁਣ ਲੇਹੁ ਉਬਾਰੀ' ਦੀ ਰਟ ਲਗਾਂਦਾ ਸੀ, ਪੰਦਰਾਂ ਸੌ ਦਾ ਦੋ ਹਜ਼ਾਰ ਹੀ ਕਰ ਵਿਖਾਵੇ। ਹੁਣ ਰਮਜ਼ਾਨ ਨੂੰ ਮਹਿੰਗਾ ਸਿੰਘ ਬਹੁਤ ਬੁਰਾ ਲਗਦਾ ਸੀ। ਉਸ ਨੂੰ ਮਹਿੰਗਾ ਸਿੰਘ ਪਾਸੋਂ ਕਿਸੇ ਹਨ੍ਹੇਰੀ ਕੋਠੜੀ ਵਾਂਗ ਡਰ ਆਉਂਦਾ ਸੀ।

ਉਸ ਨੂੰ ਇਹ ਪਤਾ ਸੀ ਕਿ ਅੰਗਰੇਜ਼ ਨੇ ਅਜਿਹਾ ਕਾਨੂੰਨ ਬਣਾਇਆ ਹੋਇਆ ਸੀ, ਜਿਸ ਦੇ ਅਧੀਨ ਮਹਿੰਗਾ ਸਿੰਘ ਪੰਦਰਾਂ ਸੌ ਕੀ, ਪੰਦਰਾਂ ਹਜ਼ਾਰ ਕਰ ਲਵੇ, ਉਹ ਉਸ ਦੀ ਭੋਇੰ ਨਹੀਂ ਸੀ ਖੋਹ ਸਕਦਾ ਪਰ ਪਿੰਡ ਵਿਚ ਹਰ ਕਿਸੇ ਨੂੰ ਪਤਾ ਹੋਣਾ ਕਿ ਰਮਜ਼ਾਨ ਦੇ ਮੁੰਡਿਆਂ ਦੇ ਉਨ੍ਹਾਂ ਦੀਆਂ ਚਾਰੇ-ਫੁਫੀ ਧੀਆਂ ਨਾਲ ਨਿਕਾਹ ਹੋਣੇ ਵੀ ਅਸੰਭਵ ਹੋ ਰਹੇ ਸਨ। ਤੇ ਫਿਰ ਕੀ ਪਤਾ ਕਿ ਇਹ ਰੁਪਿਆ ਵਸੂਲ ਕਰਨ ਲਈ ਅਦਾਲਤਾਂ ਮਹਿੰਗਾ ਸਿੰਘ ਨੂੰ ਕੀ-ਕੀ ਅਧਿਕਾਰ ਦੇ ਦੇਣ? ਆਖ਼ਿਰ ਪੰਦਰਾਂ ਸੌ ਰੁਪਏ ਉਤੇ ਉਸ ਦਾ ਅੰਗੂਠਾ ਤੇ ਉਹ ਅੱਖਰ ਕੋਈ ਖੇਡਣ ਲਈ ਤਾਂ ਨਹੀਂ ਸਨ ਕਰਵਾਏ ਹੋਏ। ਉਸ ਪਾਸ ਉਨ੍ਹਾਂ ਨੂੰ ਵਸੂਲ ਕਰਨ ਦਾ ਢੰਗ ਵੀ ਕੋਈ ਜ਼ਰੂਰ ਹੋਵੇਗਾ, ਭਾਵੇਂ ਆਮ ਲੋਕ ਇਹ ਆਖ ਰਹੇ ਸਨ ਕਿ ਦਿੱਲੀ ਕੋਲ ਰੋਹਤਕ ਵੱਲ ਦਾ ਇਕ ਜਾਣੀ-ਜਾਣ ਵਜ਼ੀਰ, ਛੋਟੂ ਰਾਮ ਜੱਟਾਂ ਦੇ ਸਭ ਕਰਜ਼ਿਆਂ ਉਤੇ ਲੀਕ ਮਰਵਾਣ 'ਤੇ ਤੁਲਿਆ ਹੋਇਆ ਸੀ।

ਹੁਣ ਰਮਜ਼ਾਨ ਮਹਿੰਗਾ ਸਿੰਘ ਨਾਲ ਗੱਲ ਕਰੇ ਤਾਂ ਕੀ, ਉਸ ਦੇ ਮੱਥੇ ਲੱਗਣ ਤੋਂ ਵੀ ਝਕਦਾ ਸੀ, ਕਤਰਾਂਦਾ ਸੀ ਉਹ। ਉਸ ਨੂੰ ਪਤਾ ਨਹੀਂ ਸੀ ਲਗਦਾ ਕਿ ਓੜਕ ਇਸ ਭਾਰ ਤੋਂ ਉਸ ਦੀ ਖ਼ੁਲਾਸੀ ਕਿਵੇਂ ਹੋਵੇਗੀ। ਇਹ ਪੰਦਰਾਂ ਸੌ ਰੁਪਿਆ ਨਹੀਂ ਸੀ, ਵਹੀ ਉਤੇ ਲਿਖਿਆ ਹੋਇਆ, ਉਸ ਦੀ ਗਰਦਨ ਉਤੇ ਪੰਦਰਾਂ ਧੜੀਆਂ ਮਿੱਟੀ ਰੱਖੀ ਹੋਈ ਸੀ ਜਿਸ ਹੇਠਾਂ ਉਸ ਦੀ ਗਰਦਨ ਮਚਕੋੜੀ ਜਾ ਰਹੀ ਸੀ। ਉਸ ਦੀਆਂ ਲੱਤਾਂ ਥਿੜਕ ਰਹੀਆਂ ਸਨ ਤੇ ਉਸ ਦਾ ਸਾਹ ਘੁਟ ਰਿਹਾ ਸੀ।

ਇਸ ਹਨ੍ਹੇਰੇ ਵਿਚ ਇਕੋ-ਇਕ ਚਾਨਣ ਦੀ ਕਿਰਨ ਸੀ, ਤਾਂ ਉਹ ਮਹਿੰਗਾ ਸਿੰਘ ਦਾ ਉੱਨੀ-ਵੀਹ ਵਰ੍ਹੇ ਦਾ ਪੁੱਤਰ ਕਰਤਾਰ ਸਿੰਘ, ਜੋ ਅੰਮ੍ਰਿਤਸਰ ਦੇ ਕਾਲਜ ਵਿਚ ਕਿਸੇ ਵੱਡੀ ਜਮਾਤ ਵਿਚ ਪੜ੍ਹਦਾ ਸੀ। ਉਹ ਭਾਵੇਂ ਮਹਿੰਗਾ ਸਿੰਘ ਦਾ ਪੁੱਤਰ ਸੀ ਪਰ ਉਸ ਦੇ ਮਨ ਵਿਚ, ਨਵੀਂ ਉਮਰ ਦਾ ਸਦਕਾ ਗ਼ਰੀਬ ਲਈ, ਦੇਣਦਾਰ ਲਈ ਦਇਆ ਦਾ ਦਰਿਆ ਹੀ ਤਾਂ ਵਗ ਰਿਹਾ ਸੀ। ਉਹ ਕਈ ਵਾਰੀ ਚੌਕ 'ਚ ਬੈਠਾ ਕਿਰਸਾਣਾਂ ਦੀ ਗ਼ਰੀਬੀ ਤੇ ਮੰਦੀ ਹਾਲਤ ਦੀਆਂ ਗੱਲਾਂ ਕਰਦਾ, ਬਾਹਰਲੇ ਦੇਸ਼ਾਂ ਵਿਚ ਕਿਸੇ ਹੋਰ ਤਰ੍ਹਾਂ ਦੇ ਰਾਜ-ਪ੍ਰਬੰਧ ਦੀਆਂ ਕਹਾਣੀਆਂ ਸੁਣਾਂਦਾ, ਜਿਥੇ ਵਿਆਜ, ਵਟਾਈ ਤੇ ਚੁਕੌਤੇ ਦਾ ਨਾਉਂ ਵੀ ਨਹੀਂ ਸੀ ਰਹਿ ਗਿਆ, ਤੇ ਉਸ ਜਾਟ ਵਜ਼ੀਰ ਛੋਟੂ ਰਾਮ ਦੀ ਬੜੀ ਵਡਿਆਈ ਕਰਦਾ। ਰਮਜ਼ਾਨ ਸੋਚਦਾ, ਜੇ ਮੈਂ ਕਦੇ ਕਰਤਾਰ ਸਿੰਘ ਪਾਸ ਆਪਣਾ ਦੁੱਖ ਫੋਲਾਂ ਤਾਂ ਸ਼ਾਇਦ ਇਹ ਆਪਣੇ ਬੋਲਾਂ ਜਿਹਾ ਹੀ ਸੱਚਾ ਨਿਕਲ ਪਵੇ ਤੇ ਮਹਿੰਗਾ-ਸਸਤਾ ਆਪਣੇ ਪਿਓ ਪਾਸੋਂ ਮੇਰਾ ਛੁਟਕਾਰਾ ਕਰਵਾ ਦੇਵੇ।

ਸੋ, ਹੁਣ ਜਦੋਂ ਵੀ ਕਰਤਾਰ ਸਿੰਘ ਛੁੱਟੀ ਕਰ ਕੇ ਪਿੰਡ ਆਇਆ ਹੁੰਦਾ ਤਾਂ ਰਮਜ਼ਾਨ ਉਸ ਦੀ ਸੰਗਤ ਵਿਚ ਆ ਕੇ ਬੈਠਦਾ, ਉਸ ਦੀਆਂ ਗੱਲਾਂ ਨੂੰ ਬੜੇ ਗਹੁ ਨਾਲ ਸੁਣਦਾ ਤੇ ਕਦੇ-ਕਦਾਈਂ ਉਸ ਨਾਲ ਕੋਈ ਸਵਾਲ-ਜਵਾਬ ਵੀ ਕਰਦਾ। ਪਰ ਆਪਣੇ ਬਾਰੇ, ਆਪਣੀ ਪੰਦਰਾਂ ਸੌ ਰੁਪਏ ਦੀ ਕਰਜ਼ੇ ਦੀ ਪੰਡ ਬਾਰੇ, ਹਾਲੇ ਵੀ ਉਸ ਦਾ ਕਰਤਾਰ ਸਿੰਘ ਨਾਲ ਕੋਈ ਜ਼ਿਕਰ ਕਰਨ ਦਾ ਹੌਸਲਾ ਨਾ ਪੈਂਦਾ।

ਛੇਕੜ ਇਕ ਦਿਨ ਜਦੋਂ ਸੰਗਰਾਂਦ ਜਾਂ ਹੋਰ ਦਿਹਾੜਾ ਮੰਨਾਉਣ ਉਪਰੰਤ ਕਰਤਾਰ ਸਿੰਘ ਤੇ ਹੋਰ ਕਈ ਸਿੱਖ ਗੁਰਦੁਆਰੇ ਵਿਚੋਂ ਬਾਹਰ ਆਏ ਤਾਂ ਰਮਜ਼ਾਨ ਨੇ ਕਰਤਾਰ ਸਿੰਘ ਨੂੰ ਠਹਿਰਾ ਕੇ ਜ਼ਰਾ ਉਸ ਦੀ ਅਰਜ਼ ਸੁਣਨ ਲਈ ਬੇਨਤੀ ਕੀਤੀ।

"ਕੀ ਅਰਜ਼ ਕਰਨੀ ਏਂ ਤੂੰ, ਰਮਜ਼ਾਨ, ਮੇਰੇ ਅੱਗੇ?" ਕਰਤਾਰ ਸਿੰਘ ਨੇ ਖਿੜੇ ਮੱਥੇ ਰਮਜ਼ਾਨ ਪਾਸੋਂ ਪੁੱਛਿਆ। "ਮੈਂ ਕਿਹੜਾ ਕੋਈ ਵੱਡਾ ਅਫ਼ਸਰ ਹਾਂ। ਮੈਂ ਤੇਰਾ ਕੀ ਸੰਵਾਰ ਸਕਦਾ ਹਾਂ?"

"ਵੱਡਾ ਅਫ਼ਸਰ ਵੀ ਅੱਲਾ ਤਾਅਲਾ ਬਣਾ ਛੋੜਸੀ ਕਿਸੇ ਦਿਹਾੜੇ। ਉਸ ਦੇ ਘਰ ਕਿਸੇ ਸ਼ੈਅ ਦਾ ਘਾਟਾ ਏ, ਛੋਟੇ ਸਰਦਾਰ" ਰਮਜ਼ਾਨ ਨੇ ਮਿਰਾਸੀਆਂ ਵਾਂਗਰ ਅਸੀਸ ਦਿੱਤੀ।

"ਅੱਛਾ ਬਈ, ਜੇ ਮਨ ਵਿਚ ਮੇਰੇ ਲਈ ਅਜਿਹੀਆਂ ਨੇਕ ਖ਼ਾਹਿਸ਼ਾਂ ਹੈਨ ਤਾਂ ਮੈਂ ਵੀ ਤੇਰੀ ਗੱਲ ਕਿਉਂ ਨਾ ਸੁਣਸਾਂ?" ਕਰਤਾਰ ਸਿੰਘ ਨੇ ਉਤਰ ਵਿਚ ਆਖਿਆ।

"ਹੇ ਜੋ, ਤੁਸੀਂ ਗਾ ਰਹੇ ਸਾਓ ਲੇਖੇ ਛੋਡਣ ਬਾਬਤ, ਹੇ ਕੇਹ ਸਾਈ, ਸਰਦਾਰ, ਮੈਨੂੰ ਸੁਣਾਏਂ ਨਾ ਜ਼ਰਾ ਠਾਹਰ ਨਾਲ!"

"ਲੇਖੇ ਛੱਡਣ ਵਾਲੀ ਕੇ ਗੱਲ ਸੀ?" ਕਰਤਾਰ ਸਿੰਘ ਨੇ ਜਾਣੋ ਆਪਣੇ ਸਾਥੀਆਂ ਪਾਸੋਂ ਪੁੱਛਿਆ।

"ਏ ਜੋ ਭਜਨ ਗਾ ਰਹੇ ਸਾਓ ਤੁਸਾਂ ਸੁਣਿਆ," ਰਮਜ਼ਾਨ ਨੇ ਦੁਹਰਾਇਆ।

"ਅੱਛਾ, ਜਿਹੜਾ ਸ਼ਬਦ ਪੜ੍ਹਿਆ ਸੀ ਗ੍ਰੰਥੀ ਹੋਰਾਂ, 'ਲੇਖੈ ਛੋਡ ਅਲੇਖੈ ਛੁਟਹਿ'," ਕਰਤਾਰ ਸਿੰਘ ਨੇ ਜ਼ਰਾ ਬੋਲ ਲਮਕਾ ਕੇ ਆਖਿਆ।

"ਹਾਂ, ਈਹਾਂ," ਰਮਜ਼ਾਨ ਨੂੰ ਜਾਣੋ ਹਨ੍ਹੇਰੇ ਵਿਚ ਰਾਹ ਲੱਭਦਾ ਦਿਸਿਆ।

"ਹਾਂ, ਇਹ ਸ਼ਬਦ ਏ ਜਿਹੜਾ ਗ੍ਰੰਥੀ ਹੋਰਾਂ ਗਾਇਆ ਸੀ," ਕਰਤਾਰ ਸਿੰਘ ਨੇ ਹਾਲੀ ਇਸ ਸ਼ਬਦ ਦਾ ਰਮਜ਼ਾਨ ਦੀ ਅਰਜ਼ ਨਾਲ ਕੋਈ ਸਬੰਧ ਸਹੀ ਨਹੀਂ ਸੀ ਕੀਤਾ।

"ਮੈਂ ਤੇ ਈਹਾਂ ਤੁਹਾਡੇ ਕੋਲੂੰ, ਤੇਰੇ ਪਿਉ ਕੋਲੂੰ, ਮੰਗਨਾ ਵਾਂ, ਨਿੱਕੇ ਸਰਦਾਰ, ਜੋ ਤੁਸੀਂ ਅੱਲਾ ਤਾਅਲਾ, ਆਪਣੇ ਵਾਹਿਗੁਰੂ ਕੋਲੂੰ ਮੰਗਦੇ ਓ। ਆਖ ਸੂ ਆਪਣੇ ਪਿਓ ਨੂੰ, ਲੇਖਾ ਛੋਡੇ ਹੁਣ ਤੇ ਕਿਸੇ ਭਾ ਮਹਿੰਗਾ-ਸਸਤਾ ਮੇਰੀ ਖ਼ੁਲਾਸੀ ਕਰੇ। ਮੇਰੇ ਘਰ ਇਸ ਸਮੇਂ ਮੱਝ ਨਵੀਂ ਸੂਈ ਹੋਈ ਏ, ਪਹਿਲੇ ਸੂ। ਉਹਦੀ ਮਾਂ ਹੇਠਾਂ ਪੰਦਰਾਂ ਸੇਰ ਦੁੱਧ ਹਾਈ ਤੇ ਸੇਰ ਪੱਕਾ ਮੱਖਣ। ਹੇ ਮੱਝ ਵੀ ਉਜੇਹੀ ਦੁੱਧ ਘਿਓ ਨੂੰ ਬਹੂੰ ਚੰਗੀ ਹੋਸੀ। ਤੇ ਮੇਰੇ ਕੋਲੂੰ ਲਵੇ ਤੇ ਮੇਰੀ ਖ਼ੁਲਾਸੀ ਕਰੇ। ਮੈਂ ਤੁਹਾਡੇ ਸਿਰਾਂ ਨੂੰ ਦੁਆਈਂ ਦੇਸਾਂ ਤੇ ਤੁਸੀਂ ਹਿੱਸੇ ਦਾ ਦੁੱਧ ਪੀਵਿਆ ਜੇ ਰੱਜ ਰੱਜ ਕੇ," ਰਮਜ਼ਾਨ ਨੇ ਕਰਤਾਰ ਸਿੰਘ ਨੂੰ ਜ਼ਰਾ ਕਾਹਲਾ ਪੈਂਦਾ ਜਾਂਚ ਦੇ ਗੱਲ ਮੁਕਾਈ।

"ਹੱਛਾ! ਕਰਾ ਦੇਸਾਂ ਊਂ ਫ਼ੈਸਲਾ ਇਨ੍ਹਾਂ ਦਿਨਾਂ ਅੰਦਰ ਈ," ਕਰਤਾਰ ਸਿੰਘ ਨੇ ਰਮਜ਼ਾਨ ਨੂੰ ਤਸੱਲੀ ਦੇ ਕੇ ਉਸ ਪਾਸੋਂ ਆਪਣਾ ਪੱਲਾ ਛੁਡਵਾਇਆ ਪਰ ਰਮਜ਼ਾਨ ਜਿਸ ਦੀ ਗਰਦਨ ਉਤੇ ਪੰਦਰਾਂ ਸੌ ਦੀ ਇਹ ਪੰਡ ਰੱਖੀ ਹੋਈ ਸੀ, ਕਰਤਾਰ ਸਿੰਘ ਦੇ ਪਿੱਛੇ ਲੱਗਾ ਰਿਹਾ। ਹਰ ਦੂਜੇ-ਤੀਜੇ ਉਹ ਕਰਤਾਰ ਸਿੰਘ ਦਾ ਰਾਹ ਰੋਕ ਕੇ ਖੜ੍ਹਾ ਹੋ ਜਾਂਦਾ, ਉਸ ਨੂੰ ਅਸੀਸਾਂ ਦਿੰਦਾ ਤੇ ਉਸ ਅੱਗੇ ਆਪਣੀ ਬੇਨਤੀ ਦੁਹਰਾਂਦਾ। "ਮੇਰੇ ਪੁੱਤਰ ਜਲਾਲ ਦਾ ਨਿਕਾਹ ਤਦੇ ਹੋ ਸਕਦਾ ਏ ਨੂਰ ਮੁਹੰਮਦ ਦੀ ਧੀਊ ਆਇਸ਼ਾਂ ਨਾਲ, ਸਰਦਾਰਾ! ਜੇ ਤੇਰੇ ਪਿਓ ਦੀ ਵਹੀ ਉਤੇ ਲੀਕ ਫਿਰ ਜਾਏ। ਨਹੀਂ ਤਾਂ ਉਹ ਆਇਸ਼ਾਂ ਨੂੰ ਹੋਰ ਕਿਧਰੇ ਦੇ ਦੇਸੀ ਤੇ ਮੇਰਾ ਪੁੱਤਰ ਹਮੇਸ਼ਾ ਲਈ ਕੰਵਾਰਾ ਰਹਿ ਜਾਸੀ। ਤੈਥੋਂ ਕੀ ਲੁਕਾ ਏ, ਸਰਦਾਰ। ਜਲਾਲ ਤੇ ਆਇਸ਼ਾਂ ਦਾ ਬਹੂੰ ਪਿਆਰ ਏ ਆਪਸ ਵਿਚ," ਰਮਜ਼ਾਨ ਨੇ ਜਾਣੋ ਆਪਣੇ ਵੀਹ ਸਾਲ ਦੇ ਪੁੱਤਰ ਜਲਾਲ ਤੇ ਆਪਣੇ ਚਚੇਰੇ ਭਾਈ ਦੀ ਅਠਾਰਾਂ ਸਾਲ ਦੀ ਧੀ ਆਇਸ਼ਾਂ ਦੇ ਇਸ਼ਕ ਦਾ ਵਾਸਤਾ ਪਾਇਆ।

ਕਰਤਾਰ ਸਿੰਘ ਦੀਆਂ ਅੱਖਾਂ ਅੱਗਿਓਂ ਛੇ ਫੁੱਟ ਲੰਮੇ ਜਲਾਲ ਅਤੇ ਸਾਢੇ ਪੰਜ ਫੁੱਟ ਲੰਮੀ ਆਇਸ਼ਾਂ ਦੀਆਂ ਤਸਵੀਰਾਂ ਸਿਨਮੇ ਦੀ ਫ਼ਿਲਮ ਵਾਂਗਰ ਲੰਘ ਗਈਆਂ। ਆਇਸ਼ਾਂ ਜਿਸ ਦੀ ਖ਼ੂਬਸੂਰਤੀ ਦੀ ਉਪਮਾ ਉਹ ਕਾਲਜ ਵਿਚ ਆਪਣੇ ਜਮਾਤੀਆਂ, ਦੋਸਤਾਂ-ਮਿੱਤਰਾਂ ਪਾਸ ਕਰਦਾ ਨਹੀਂ ਸੀ ਥੱਕਦਾ, ਤੇ ਜਲਾਲ ਜਿਹੜਾ ਸੌਂਚੀ ਲਈ ਨੇੜ ਪਰੀਹੇ ਵਿਚ ਧੁੰਮਿਆ ਹੋਇਆ ਸੀ, ਜਿਸ ਦੇ ਮੂੰਹ ਦੀ ਨੁਹਾਰ ਉਸ ਨੂੰ ਸਿਕੰਦਰ ਮਹਾਂ ਵਿਜਈ ਦੀ ਯਾਦ ਕਰਵਾਂਦੀ ਸੀ ਤੇ ਜਿਸ ਦਾ ਸੀਨਾ ਉਸ ਦੇ ਲੱਕ ਤੋਂ ਦੁੱਗਣਾ ਚੌੜਾ ਸੀ। ਕੀ ਇਨ੍ਹਾਂ ਦੋਹਾਂ ਦੇ ਨਿਕਾਹ ਦਾ ਭੇਤ ਉਸ ਦੇ ਪਿਉ ਦੀ ਵਹੀ ਵਿਚ ਲਿਖਿਆ ਹੋਇਆ ਸੀ? ਉਸ ਨੇ ਸੋਚਿਆ।

"ਅੱਛਾ ਰਮਜ਼ਾਨ, ਘਬਰਾ ਨਾ। ਮੈਂ ਕਰਾ ਦੇਸਾਂ ਤੇਰਾ ਕੰਮ," ਉਸ ਨੇ ਰਮਜ਼ਾਨ ਨੂੰ ਫੇਰ ਦਿਲਾਸਾ ਦਿੱਤਾ।

"ਤੇਰੀਆਂ ਛੁੱਟੀਆਂ ਈ ਨਾ ਭੈੜੀਆਂ ਬੀਤ ਜਾਵਣ ਮੇਰਾ ਕੰਮ ਕਰਾਂਦੇ-ਕਰਾਂਦੇ ਦੀਆਂ, ਸਰਦਾਰ! ਤੈਨੂੰ ਆਪਣੀ ਪੱਗ ਦੀ ਸਹੁੰ ਈ ਮੇਰੀ ਖ਼ੁਲਾਸੀ ਕਰਵਾ ਕੇ ਜਾਵੇਂ। ਅੱਲਾ ਤਾਅਲਾ ਤੇਰੇ ਪਿਉ ਨੂੰ ਵੀ ਆਇਸ਼ਾਂ ਜਿਹੀ ਨੂੰਹ ਦੇਸੀ," ਰਮਜ਼ਾਨ ਨੇ ਕਰਤਾਰ ਸਿੰਘ ਦੇ ਮਨ ਤਕ ਕੰਘੀ ਮਾਰ ਕੇ ਆਖਿਆ।

ਪਤਾ ਨਹੀਂ ਕਰਤਾਰ ਸਿੰਘ ਨੂੰ ਕਿਤਨੀ ਵਾਰ ਆਪਣੇ ਪਿਤਾ ਮਹਿੰਗਾ ਸਿੰਘ ਨਾਲ ਬਹਿਸਣਾ ਤੇ ਝਗੜਨਾ ਪਿਆ ਪਰ ਉਸ ਨੇ ਕਾਲਜ ਨੂੰ ਵਾਪਸ ਜਾਣ ਤੋਂ ਦੋ ਦਿਨ ਪਹਿਲਾਂ ਰਮਜ਼ਾਨ ਦਾ ਫ਼ੈਸਲਾ ਕਰਵਾ ਦਿੱਤਾ। ਰਮਜ਼ਾਨ ਦੀ ਪਹਿਲਣ ਝੋਟੀ ਜਿਸ ਨੇ ਆਪਣੀ ਮਾਂ ਵਾਂਗਰ ਪੰਦਰਾਂ ਸੇਰ ਪੱਕਾ ਦੁੱਧ ਦੇਣਾ ਸੀ ਤੇ ਇਸ ਦੇ ਨਾਲ-ਨਾਲ ਚੁਧਰਾਣੀ ਦੀ ਉਹ ਟੂਮ, ਜੋ ਇਸੇ ਜਲਾਲ ਦੀਆਂ ਸੁੰਨਤਾਂ ਵੇਲੇ ਸ਼ਾਹੂਕਾਰਨੀ ਨੇ ਉਸ ਨੂੰ ਮੋੜ ਦਿੱਤੀ ਸੀ ਤੇ ਇਕ ਹੋਰ ਟੂਮ ਜੋ ਕਿਸੇ ਸਮੇਂ ਚੁਧਰਾਣੀ ਨੇ ਔਖੀ-ਭਾਰੀ ਹੋ ਕੇ ਬਣਵਾਈ ਸੀ, ਇਹ ਵੀ ਮਹਿੰਗਾ ਸਿੰਘ ਦੇ ਘਰ ਆ ਗਈਆਂ ਤੇ ਉਸ ਨੇ ਆਪਣੀ ਵਹੀ ਦੇ ਲੇਖੇ ਉਤੇ ਲੀਕ ਮਾਰ ਦਿੱਤੀ।

"ਹੁਣ ਜਲਾਲ ਦੇ ਨਿਕਾਹ 'ਤੇ ਕੋਈ ਕਰਜ਼ ਨਾ ਲਵੇਂ, ਰਮਜ਼ਾਨ," ਕਰਤਾਰ ਸਿੰਘ ਨੇ ਦੂਜੇ ਦਿਨ ਰਮਜ਼ਾਨ ਨੂੰ ਸਮਝਾਉਣਾ ਚਾਹਿਆ।

"ਹੋਰ ਕੇ ਕਰਸਾਂ, ਸਰਦਾਰ?" ਰਮਜ਼ਾਨ ਦਾ ਉਤਰ ਸੀ।



# ਮਹਾਨ ਚਰਚਿਲ ਦੇ ਜੀਵਨ ਦੇ ਅਣਛੋਹੇ ਪੱਖ

**ਜੋਹਨ ਹੈਰੀ**

ਵਿੰਸਟਨ ਚਰਚਿਲ ਨੂੰ ਉਸ ਦੇ ਬਿਹਤਰੀਨ ਸਮੇਂ ਦੌਰਾਨ ਦੀ ਅਗਵਾਈ ਲਈ ਯਾਦ ਕੀਤਾ ਜਾਂਦਾ ਹੈ ਪਰ ਇਹ ਵੀ ਸੱਚ ਹੈ ਕਿ ਉਸ ਨੇ ਅਤਿ ਦੇ ਸ਼ਰਮਨਾਕ ਸਮੇਂ ਵੀ ਦੇਸ਼ ਦੀ ਅਗਵਾਈ ਕੀਤੀ ਸੀ। ਕੀ ਹੋਇਆ, ਜੇ ਉਸ ਨੇ ਸੰਸਾਰ ਨੂੰ ਨਾਜ਼ੀਆਂ ਤੋਂ ਬਚਾਉਣ ਲਈ ਆਪਣੇ ਦੇਸ਼ ਨੂੰ ਉਭਾਰਿਆ ਸੀ ਪਰ ਕੱਚਘਰੜ ਗੋਰੇ ਸਰਦਾਰਵਾਦ ਲਈ ਵੀ ਉਹ ਲੜਿਆ ਸੀ ਅਤੇ ਉਸ ਨੇ ਕੈਦਖ਼ਾਨਿਆਂ ਦਾ ਆਪਣਾ ਹੀ ਜਾਲ ਵਿਛਾਇਆ ਹੋਇਆ ਸੀ। ਇਹ ਸਵਾਲ ਰਿਚਰਡ ਟੋਈ ਦੇ ਨਵੇਂ ਇਤਿਹਾਸ 'ਚਰਚਲ'ਜ਼ ਐਂਪਾਇਰ' ਰਾਹੀਂ ਸਾਹਮਣੇ ਆਇਆ ਹੈ ਅਤੇ ਪ੍ਰਭਾਵ ਇਸ ਦਾ ਅਮਰੀਕਾ ਦੇ ਰਾਸ਼ਟਰਪਤੀ ਭਵਨ 'ਓਵਲ ਆਫ਼ਿਸ' ਵਿਚ ਵੀ ਦੇਖਣ ਨੂੰ ਮਿਲਿਆ ਹੈ।

ਜਾਰਜ ਵਾਕਰ ਬੁਸ਼ ਨੇ ਵ੍ਹਾਈਟ ਹਾਊਸ ਵਿਚਲੇ ਆਪਣੇ ਮੇਜ਼ ਉਤੇ ਚਰਚਿਲ ਦਾ ਛੋਟਾ ਬੁੱਤ ਰੱਖਿਆ ਹੋਇਆ ਸੀ ਜਿਹੜਾ ਉਹ ਜੰਗੀ ਨੇਤਾ ਦੇ ਫਾਸ਼ੀਵਾਦ ਵਿਰੁਧ ਪੈਂਤੜੇ ਨਾਲ ਆਪਣੇ ਆਪ ਨੂੰ ਜੋੜਨ ਦੇ ਯਤਨ ਵਜੋਂ ਪਿੱਛੇ ਛੱਡ ਗਿਆ ਸੀ। ਬਰਾਕ ਓਬਾਮਾ ਨੇ ਅਹੁਦਾ ਸਾਂਭਦੇ ਸਾਰ ਇਹ ਬੁੱਤ ਬਰਤਾਨੀਆ ਨੂੰ ਵਾਪਸ ਕਰ ਦਿੱਤਾ। ਅਜਿਹਾ ਕਿਉਂ ਕੀਤਾ ਗਿਆ, ਇਸ ਦਾ ਅੰਦਾਜ਼ਾ ਲਗਾਉਣਾ ਮੁਸ਼ਕਲ ਨਹੀਂ ਹੈ। ਓਬਾਮਾ ਦੇ ਕੀਨੀਆ ਵਾਸੀ ਦਾਦੇ ਹੁਸੈਨ ਓਨੀਆਗੋ ਓਬਾਮਾ ਨੂੰ ਚਰਚਿਲ ਨੇ ਆਪਣੀ ਸਲਤਨਤ ਦਾ ਵਿਰੋਧ ਕਰਨ ਕਰਕੇ ਬਿਨਾਂ ਮੁਕੱਦਮਾ ਚਲਾਇਆਂ ਦੋ ਸਾਲ ਕੈਦ ਰੱਖਿਆ ਸੀ ਅਤੇ ਉਸ ਦੀ ਨਿਗਰਾਨੀ ਹੇਠ ਉਸ ਉਤੇ ਅਤਿਆਚਾਰ ਕੀਤਾ ਗਿਆ ਸੀ।

ਕੀ ਇਕ-ਦੂਜੇ ਨਾਲ ਟਕਰਾਉਂਦੇ ਇਨ੍ਹਾਂ ਚਰਚਿਲਾਂ ਵਿਚ ਕੋਈ ਮੇਲ ਹੋ ਸਕਦਾ ਹੈ? ਕੀ ਅਸੀਂ ਇਕੋ ਸਮੇਂ ਉਸ ਸੰਸਾਰ ਵਿਚ ਵੀ ਰਹਿ ਸਕਦੇ ਹਾਂ ਜਿਸ ਨੂੰ ਉਸ ਨੇ ਬਚਾਉਣ ਦਾ ਯਤਨ ਕੀਤਾ ਅਤੇ ਉਸ ਸੰਸਾਰ ਵਿਚ ਵੀ, ਜਿਸ ਨੂੰ ਤਬਾਹ-ਬਰਬਾਦ ਕਰਨ ਵਿਚ ਉਸ ਨੇ ਅਹਿਮ ਭੂਮਿਕਾ ਅਦਾ ਕੀਤੀ? ਟੋਈ ਜਿਹੜਾ ਬਰਤਾਨੀਆ ਦੇ ਨੌਜਵਾਨ ਇਤਿਹਾਸਕਾਰਾਂ ਵਿਚੋਂ ਇਕ ਹੈ, ਨੇ ਗ਼ੈਰ ਜਜ਼ਬਾਤੀ ਢੰਗ ਨਾਲ ਇਨ੍ਹਾਂ ਸਵਾਲਾਂ ਨੂੰ ਘੋਖਣ ਦਾ ਯਤਨ ਕੀਤਾ ਹੈ।

ਚਰਚਿਲ 1874 ਵਿਚ ਅਜਿਹੇ ਬਰਤਾਨੀਆ ਵਿਚ ਪੈਦਾ ਹੋਇਆ ਜੋ ਨਕਸ਼ੇ ਨੂੰ ਗੁਲਾਬੀ ਬਣਾਈ ਜਾ ਰਿਹਾ ਸੀ ਅਤੇ ਅਜਿਹਾ ਉਹ ਦੂਰ-ਦੁਰਾਡੇ ਦੇ ਰਾਸ਼ਟਰਾਂ ਨੂੰ ਖ਼ੂਨ 'ਚ ਰੰਗਣ ਦੀ ਕੀਮਤ ਉਤੇ ਕਰ ਰਿਹਾ ਸੀ। ਵਿਕਟੋਰੀਆ ਨੂੰ ਉਦੋਂ ਹਾਲੇ ਭਾਰਤ ਦੀ ਮਲਿਕਾ ਦਾ ਤਾਜ ਪਹਿਨਾਇਆ ਹੀ ਗਿਆ ਸੀ ਅਤੇ ਅਫ਼ਰੀਕੀ ਮਹਾਂਦੀਪ ਉਤੇ ਕਬਜ਼ੇ ਲਈ ਦੌੜ-ਭੱਜ ਨੂੰ ਅਜੇ ਕੁਝ ਸਾਲ ਲੱਗਣੇ ਸਨ। ਪਹਿਲਾਂ ਹਾਰੋ ਸਕੂਲ ਵਿਚ ਅਤੇ ਫੇਰ ਸੈਂਡਹਰਸਟ ਵਿਚ ਉਸ ਨੂੰ ਸਾਦਾ ਜਿਹੀ ਕਹਾਣੀ ਸੁਣਾਈ ਗਈ ਸੀ। ਕਹਾਣੀ ਇਹ ਸੀ ਕਿ ਸ੍ਰੇਸ਼ਟ ਗੋਰਾ ਬੰਦਾ ਪ੍ਰਾਚੀਨ ਅਤੇ ਕਾਲੀ ਚਮੜੀ ਵਾਲੇ ਸਥਾਨਕ ਲੋਕਾਂ ਉਤੇ ਜਿੱਤ ਪ੍ਰਾਪਤ ਕਰ ਰਿਹਾ ਹੈ ਅਤੇ ਉਨ੍ਹਾਂ ਲਈ ਸਭਿਅਤਾ ਦੇ ਲਾਭ ਲਿਆ ਰਿਹਾ ਹੈ। ਜਿੰਨੀ ਜਲਦੀ ਹੋ ਸਕਿਆ, ਚਰਚਿਲ ਉਨ੍ਹਾਂ ਛੋਟੀਆਂ-ਛੋਟੀਆਂ ਜੰਗਾਂ ਵਿਚ ਸ਼ਾਮਲ ਹੋਣ ਲਈ ਤਿਆਰ ਹੋ ਗਿਆ ਜੋ 'ਵਹਿਸ਼ੀ' ਲੋਕਾਂ ਵਿਰੁਧ ਲੜੀਆਂ ਜਾ ਰਹੀਆਂ ਸਨ।

ਸਵਾਤ ਘਾਟੀ ਜੋ ਹੁਣ ਪਾਕਿਸਤਾਨ ਦਾ ਹਿੱਸਾ ਹੈ, ਵਿਚ ਉਸ ਨੂੰ ਸ਼ੱਕ ਪੈਦਾ ਹੋਇਆ। ਉਸ ਨੇ ਇਹ ਮਹਿਸੂਸ ਕੀਤਾ ਕਿ ਸਥਾਨਕ ਵਸੋਂ ਸਰਕਾਰ ਦਾ ਵਿਰੋਧ ਇਸ ਲਈ ਕਰ ਰਹੀ ਸੀ ਕਿਉਂਕਿ ਉਹ ਸਮਝਦੀ ਸੀ ਕਿ ਉਸ ਭੂਮੀ ਉਤੇ ਬਰਤਾਨਵੀ ਫ਼ੌਜਾਂ, ਜਿਸ ਨੂੰ ਉਹ ਆਪਣੀ ਸਮਝਦੇ ਹਨ, ਦੀ ਮੌਜੂਦਗੀ ਗ਼ਲਤ ਸੀ। ਹੁਣ ਨੁਕਤਾ ਇਹ ਹੈ ਕਿ ਜੇ ਬਰਤਾਨਵੀਆਂ ਦੇ ਘਰ-ਬਾਰ ਅਤੇ ਜਗ੍ਹਾ-ਜ਼ਮੀਨ ਉਤੇ ਕਬਜ਼ਾ ਕੀਤਾ ਜਾਂਦਾ, ਤਾਂ ਉਹ ਵੀ ਐਨ ਓਸੇ ਤਰ੍ਹਾਂ ਹੀ ਲੜਦੇ, ਪਰ ਚਰਚਿਲ ਨੇ ਛੇਤੀ ਹੀ ਇਸ ਵਿਚਾਰ ਨੂੰ ਦਬਾਅ ਲਿਆ ਅਤੇ ਇਸ ਦੇ ਉਲਟ ਫੈਸਲਾ ਇਹ ਕੀਤਾ ਕਿ ਉਹ ਤਾਂ ਕੇਵਲ ਕੁਰਾਹੇ ਪਏ ਜਹਾਦੀ ਹਨ, ਜਿਨ੍ਹਾਂ ਦੀ ਹਿੰਸਾ ਇਸ ਕਾਰਨ ਸੀ ਕਿ ਉਨ੍ਹਾਂ ਵਿਚ ਕਤਲ ਕਰਨ ਦਾ ਜ਼ੋਰਦਾਰ ਜਜ਼ਬਾ ਹੈ। ਉਸ ਨੇ ਉਨ੍ਹਾਂ ਹਮਲਿਆਂ ਵਿਚ ਖ਼ੁਸ਼ੀ ਨਾਲ ਹਿੱਸਾ ਲਿਆ ਜਿਨ੍ਹਾਂ ਨੇ ਪੂਰੀਆਂ ਬਸਤੀਆਂ ਨੂੰ ਹੀ ਬਰਬਾਦ ਕਰ ਦਿੱਤਾ, ਘਰ ਤਬਾਹ ਕਰ ਦਿੱਤੇ ਅਤੇ ਫ਼ਸਲਾਂ ਸਾੜ ਦਿੱਤੀਆਂ। ਇਸ ਤੋਂ ਬਾਅਦ ਉਹ ਸੁਡਾਨ ਨੂੰ ਫ਼ਤਿਹ ਕਰਨ ਚਲਾ ਗਿਆ ਜਿਥੇ ਉਸ ਨੇ ਜ਼ਾਤੀ ਤੌਰ 'ਤੇ ਘੱਟੋ-ਘੱਟ ਤਿੰਨ 'ਵਹਿਸ਼ੀਆਂ' ਨੂੰ ਗੋਲੀ ਮਾਰੀ ਸੀ।

ਨੌਜਵਾਨ ਚਰਚਿਲ ਨੇ ਸਾਮਰਾਜੀ ਜ਼ੁਲਮਾਂ ਵਿਚ ਹਿੱਸਾ ਲਿਆ ਅਤੇ ਹਰ ਜ਼ੁਲਮ ਦੀ ਉਸ ਨੇ ਹਮਾਇਤ ਕੀਤੀ। ਜਦੋਂ ਦੱਖਣੀ ਅਫ਼ਰੀਕਾ ਵਿਚ ਨਜ਼ਰਬੰਦੀ ਕੈਂਪ ਬਣਾਏ ਗਏ, ਜਿਨ੍ਹਾਂ ਵਿਚ ਗੋਰੇ ਬੋਰ (ਹਾਲੈਂਡ ਤੋਂ ਆ ਕੇ ਵਸੇ ਕਿਸਾਨ) ਕੈਦ ਕੀਤੇ ਗਏ ਸਨ, ਤਾਂ ਉਸ ਨੇ ਕਿਹਾ ਸੀ ਕਿ ਉਨ੍ਹਾਂ ਵਿਚਲੇ ਕੈਦੀਆਂ ਨੂੰ ਘੱਟ ਤੋਂ ਘੱਟ ਤਕਲੀਫ਼ਾਂ ਹੋਣ। ਮ੍ਰਿਤਕਾਂ ਦੀ ਗਿਣਤੀ ਲਗਪਗ 28,000 ਸੀ। ਜਦੋਂ ਘੱਟ-ਘੱਟ 1,15,000 ਕਾਲੇ ਅਫ਼ਰੀਕੀ ਇਸੇ ਤਰ੍ਹਾਂ ਹੀ ਬਰਤਾਨਵੀ ਕੈਂਪਾਂ ਵਿਚ ਧੱਕ ਦਿੱਤੇ ਗਏ ਤਾਂ ਉਥੇ 14,000 ਮਰ ਗਏ। ਇਸ 'ਤੇ ਉਸ ਨੇ ਆਪਣੀ ਝੁੰਜਲਾਹਟ ਇਹ ਕਹਿ ਕੇ ਜ਼ਾਹਿਰ ਕੀਤੀ ਸੀ ਕਿ ਕਾਫ਼ਰਾਂ ਨੂੰ ਗੋਰੇ ਲੋਕਾਂ ਉਤੇ ਗੋਲੀਆਂ ਚਲਾਉਣ ਦੀ ਆਗਿਆ ਦੇ ਦਿੱਤੀ ਜਾਣੀ ਚਾਹੀਦੀ ਹੈ। ਬਾਅਦ ਵਿਚ ਉਥੇ ਹੋਏ ਤਜਰਬਿਆਂ ਬਾਰੇ ਉਸ ਨੇ ਇਹ ਗੱਪ ਮਾਰੀ ਸੀ: "ਇਹ ਗੱਲ ਤਾਂ ਜੰਗ ਦੇ ਨਿਘਾਰ ਤੋਂ ਪਹਿਲਾਂ ਦੀ ਹੈ। ਇਹ ਮਖ਼ੌਲ ਉਡਾਉਣ ਬਾਰੇ ਚੰਗਾ ਮੌਕਾ ਸੀ।"

ਫ਼ਿਰ ਸੰਸਦ ਮੈਂਬਰ ਵਜੋਂ ਉਸ ਨੇ ਇਹ ਮੰਗ ਕੀਤੀ ਕਿ ਵਧੇਰੇ ਜਿੱਤਾਂ ਦਾ ਚਲੰਤ ਪ੍ਰੋਗਰਾਮ ਉਲੀਕਿਆ ਜਾਣਾ ਚਾਹੀਦਾ ਹੈ, ਜਿਸ ਦਾ ਆਧਾਰ ਉਸ ਦਾ ਇਹ ਵਿਸ਼ਵਾਸ ਸੀ ਕਿ ਆਰੀਆ (ਗੋਰੀ ਨਸਲ) ਲੋਕ ਹਰ ਹਾਲਤ ਵਿਚ ਜਿੱਤਣਗੇ ਹੀ।


ਵਿੰਸਟਨ ਚਰਚਿਲ

ਇੰਜ ਜਾਪਦਾ ਹੈ ਕਿ ਉਸ ਦੇ ਮਨ ਵਿਚ ਸਥਾਨਕ ਲੋਕਾਂ ਬਾਰੇ ਅਜੀਬ ਕਿਸਮ ਦੀ ਅਜੋੜਤਾ ਸੀ। ਜਦੋਂ ਇਹ ਲੋਕ ਉਸ ਦੀ ਮਰਜ਼ੀ ਦੇ ਉਲਟ ਗਏ ਤਾਂ ਚਰਚਿਲ ਨੇ ਇਹ ਮੰਗ ਕਰ ਦਿੱਤੀ ਕਿ ਉਨ੍ਹਾਂ ਨੂੰ ਪੂਰੀ ਤਰ੍ਹਾਂ ਤਾਕਤ ਨਾਲ ਕੁਚਲ ਦੇਣਾ ਚਾਹੀਦਾ ਹੈ। 1920 ਵਿਚ ਗ਼ੁਲਾਮ ਬਸਤੀਆਂ ਦੇ ਮਹਿਕਮੇ ਦੇ ਸਕੱਤਰ ਵਜੋਂ ਉਸ ਨੇ ਆਇਰਲੈਂਡ ਦੇ ਕੈਥੋਲਿਕ ਨਾਗਰਿਕਾਂ ਉਪਰ ਬਦਨਾਮ ਕਾਲੇ ਅਤੇ ਟਾਨ ਬਦਮਾਸ਼ਾਂ ਨੂੰ ਚਾੜ੍ਹ ਦਿੱਤਾ ਅਤੇ ਜਦੋਂ ਕੁਰਦਾਂ ਨੇ ਬਰਤਾਨਵੀ ਸ਼ਾਸਨ ਵਿਰੁਧ ਬਗ਼ਾਵਤ ਕੀਤੀ ਤਾਂ ਉਸ ਨੇ ਕਿਹਾ: "ਮੈਂ ਪੂਰੀ ਸ਼ਿੱਦਤ ਨਾਲ ਇਸ ਗੱਲ ਦੇ ਹੱਕ ਵਿਚ ਹਾਂ ਕਿ ਇਨ੍ਹਾਂ ਗ਼ੈਰ ਸਭਿਅਕ ਕਬੀਲਿਆਂ ਵਿਰੁਧ ਜ਼ਹਿਰੀਲੀ ਗੈਸ ਦੀ ਵਰਤੋਂ ਕੀਤੀ ਜਾਵੇ।"

ਬਿਨਾਂ ਸ਼ੱਕ, ਇਨ੍ਹਾਂ ਕਾਰਵਾਈਆਂ ਦੀ ਕਿਸੇ ਵੀ ਆਲੋਚਨਾ ਨੂੰ ਸੰਸੇ ਭਰਪੂਰ ਕਹਿ ਕੇ ਰੱਦ ਕੀਤਾ ਜਾ ਸਕਦਾ ਹੈ। ਕੀ ਉਸ ਵੇਲੇ ਹਰ ਕੋਈ ਇੰਜ ਹੀ ਨਹੀਂ ਸੀ ਸੋਚਦਾ? ਟੋਈ ਦੀ ਖੋਜ ਦੀਆਂ ਲੱਭਤਾਂ ਦੀ ਹੈਰਾਨਕੁਨ ਗੱਲ ਇਹ ਹੈ ਕਿ ਉਸ ਵੇਲੇ ਵੀ ਅਸਲੀਅਤ ਵਿਚ ਚਰਚਿਲ ਬਾਰੇ ਇਹ ਨਹੀਂ ਸੀ ਸਮਝਿਆ ਜਾਂਦਾ ਕਿ ਉਹ ਅਤਿ ਦਾ ਜਾਬਰ ਸੀ ਅਤੇ ਬਰਤਾਨਵੀ ਸਾਮਰਾਜ ਦਾ ਇਹ ਵਹਿਸ਼ੀ ਅੰਤ ਉਹ ਵੇਖੇਗਾ। ਪ੍ਰਧਾਨ ਮੰਤਰੀ ਸਟੈਨਲੇ ਬਾਲਡਵਿਨ ਨੂੰ ਉਸ ਦੇ ਕੈਬਨਿਟ ਸਾਥੀਆਂ ਨੇ ਇਹ ਚਿਤਾਵਨੀ ਦਿੱਤੀ ਸੀ ਕਿ ਉਸ ਨੂੰ ਮੰਤਰੀ ਨਿਯੁਕਤ ਨਾ ਕੀਤਾ ਜਾਵੇ ਕਿਉਂਕਿ ਉਸ ਦੇ ਵਿਚਾਰ ਡੀਲੂਵੀਅਨ-ਵਿਰੋਧੀ ਸਨ। ਇਥੋਂ ਤਕ ਕਿ ਉਸ ਦੇ ਪ੍ਰੇਸ਼ਾਨ ਹੋਏ ਡਾਕਟਰ ਲਾਰਡ ਮੋਰਨ ਨੇ ਦੂਜੀਆਂ ਨਸਲਾਂ ਬਾਰੇ ਕਿਹਾ ਸੀ: "ਵਿੰਸਟਨ ਤਾਂ ਕੇਵਲ ਉਨ੍ਹਾਂ ਦੀ ਚਮੜੀ ਦੇ ਰੰਗ ਬਾਰੇ ਹੀ ਸੋਚਦਾ ਹੈ।"

ਉਸ ਦੇ ਬਹੁਤ ਸਾਰੇ ਸਹਿਕਰਮੀ ਸੋਚਦੇ ਸਨ ਕਿ ਚਰਚਿਲ ਨੂੰ ਬਰਤਾਨੀਆ ਅਤੇ ਉਚ ਨਸਲਾਂ ਦੇ ਇਕ ਛੋਟੇ ਜਿਹੇ ਧੜੇ ਤੋਂ ਸਿਵਾ ਹੋਰ ਕਿਸੇ ਲਈ ਜਮਹੂਰੀਅਤ ਦੀ ਗੱਲ ਕਰਨ ਨਾਲ ਡੂੰਘੀ ਨਫ਼ਰਤ ਸੀ। ਭਾਰਤ ਬਾਰੇ ਉਸ ਦੇ ਵਤੀਰੇ ਤੋਂ ਇਹ ਗੱਲ ਸਭ ਨਾਲੋਂ ਸਪਸ਼ਟ ਸੀ। ਜਦੋਂ ਮਹਾਤਮਾ ਗਾਂਧੀ ਨੇ ਸ਼ਾਂਤੀਪੂਰਨ ਸਤਿਆਗ੍ਰਹਿ ਦੀ ਮੁਹਿੰਮ ਚਲਾਈ ਤਾਂ ਚਰਚਿਲ ਨੇ ਗ਼ੁੱਸੇ ਵਿਚ ਕਿਹਾ ਸੀ ਕਿ ਉਸ ਨੂੰ ਹੱਥ-ਪੈਰ ਬੰਨ੍ਹ ਕੇ ਦਿੱਲੀ ਦੇ ਦਰਵਾਜ਼ਿਆਂ ਵਿਚ ਲਟਕਾ ਦੇਣਾ ਚਾਹੀਦਾ ਹੈ ਅਤੇ ਫ਼ਿਰ ਉਤੋਂ ਦੀ ਉਹ ਦਿਓ ਕੱਦ ਜੰਗੀ ਹਾਥੀ ਲੰਘਾ ਦੇਣਾ ਚਾਹੀਦਾ ਹੈ ਜਿਸ ਦੀ ਪਿੱਠ ਉਤੇ ਨਵਾਂ ਵਾਇਸਰਾਏ ਬੈਠਾ ਹੋਵੇ।

ਇਸ ਨਫ਼ਰਤ ਨੇ ਮੌਤ ਦਾ ਤਾਂਡਵ ਨੱਚਿਆ। ਕੇਵਲ ਇਕ ਹੀ ਵੱਡੀ ਮਿਸਾਲ ਕਾਫ਼ੀ ਹੈ। 1943 ਵਿਚ ਬੰਗਾਲ ਵਿਚ ਕਾਲ ਪੈ ਗਿਆ। ਜਿਵੇਂ ਨੋਬਲ ਪੁਰਸਕਾਰ ਜੇਤੂ ਅਰਥਸ਼ਾਸਤਰੀ ਅਮਰਿਤਿਆ ਸੇਨ ਨੇ ਸਾਬਤ ਕਰ ਦਿੱਤਾ ਹੈ ਕਿ ਇਹ ਕਾਲ ਬਰਤਾਨੀਆ ਦੀਆਂ ਸਾਮਰਾਜੀ ਨੀਤੀਆਂ ਕਾਰਨ ਪਿਆ ਸੀ। ਕੋਈ 30 ਲੱਖ ਲੋਕੀਂ ਭੁੱਖ ਨਾਲ ਮਰ ਗਏ, ਜਦੋਂ ਕਿ ਚਰਚਿਲ ਨੂੰ ਬਰਤਾਨਵੀ ਅਫ਼ਸਰ ਇਹ ਬੇਨਤੀ ਕਰਦੇ ਰਹੇ ਕਿ ਉਹ ਇਸ ਖੇਤਰ ਲਈ ਖ਼ੁਰਾਕ ਦੀ ਸਪਲਾਈ ਭੇਜੇ। ਉਸ ਨੇ ਸਖ਼ਤੀ ਨਾਲ ਇਨਕਾਰ ਕਰ ਦਿੱਤਾ। ਉਸ ਨੇ ਗ਼ੁੱਸੇ ਨਾਲ ਕਿਹਾ ਕਿ ਇਹ ਉਨ੍ਹਾਂ ਦਾ ਆਪਣਾ ਕਸੂਰ ਸੀ ਕਿਉਂਕਿ ਉਹ ਸਹਿਆਂ ਦੀ ਤਰ੍ਹਾਂ ਬੱਚੇ ਜੰਮਦੇ ਹਨ। ਕਈ ਹੋਰ ਵਕਤਾਂ ਉਪਰ ਉਸ ਨੇ ਕਿਹਾ ਸੀ ਕਿ ਪਲੇਗ ਵੱਸੋਂ ਘਟਾ ਹੀ ਰਹੀ ਹੈ। ਹੱਡੀਆਂ ਦੀ ਮੁੱਠ ਲੋਕ ਸ਼ਹਿਰਾਂ ਵੱਲ ਵਹੀਰਾਂ ਘੱਤ ਕੇ ਆ ਰਹੇ ਸਨ ਅਤੇ ਗਲੀਆਂ ਵਿਚ ਜਾਨਾਂ ਦੇ ਰਹੇ ਸਨ।

ਚਰਚਿਲ ਦੇ ਲਗਾਏ ਬਹੁਤ ਸਾਰੇ ਜ਼ਖ਼ਮ ਹਾਲੇ ਤਕ ਭਰੇ ਨਹੀਂ ਹਨ। ਤੁਸੀਂ ਹਫ਼ਤੇ ਦੇ ਕਿਸੇ ਦਿਨ ਵੀ ਇਨ੍ਹਾਂ ਨੂੰ ਅਖ਼ਬਾਰਾਂ ਦੇ ਪਹਿਲੇ ਸਫ਼ਿਆਂ ਉਤੇ ਵੇਖ ਸਕਦੇ ਹੋ। ਇਹ ਹੈ ਉਹ ਆਦਮੀ ਜਿਸ ਨੇ ਇਰਾਕ ਦੀ ਕਾਢ ਕੱਢੀ ਸੀ ਤੇ ਜਿਸ ਵਿਚ ਤਿੰਨ ਝਗੜਾਲੂ ਭਾਈਚਾਰਿਆਂ ਨੂੰ ਨਰੜ ਦਿੱਤਾ ਗਿਆ ਸੀ। ਉਸ ਨੇ ਮਨਮਰਜ਼ੀ ਨਾਲ ਇਸ ਖਿੱਤੇ ਦੇ ਦੇਸ਼ਾਂ ਦੀਆਂ ਹੱਦਾਂ ਤੈਅ ਕਰ ਦਿੱਤੀਆਂ ਸਨ। ਇਸੇ ਕਰਕੇ ਇਥੇ ਹਾਲੇ ਵੀ ਖ਼ੂਨ-ਖ਼ਰਾਬਾ ਹੋ ਰਿਹਾ ਹੈ। ਉਹ ਫ਼ਲਸਤੀਨੀਆਂ ਨੂੰ ਅਜਿਹੇ ਵਹਿਸ਼ੀ ਇੱਜੜ ਸਮਝਦਾ ਸੀ ਜੋ ਸਿਵਾਏ ਊਠਾਂ ਦੀ ਲਿੱਦ ਤੋਂ ਹੋਰ ਕੁਝ ਨਹੀਂ ਖਾਂਦੇ। ਉਹ ਇਸ ਗੱਲੋਂ ਵੀ ਦੁਖੀ ਸੀ ਕਿ ਇਜ਼ਰਾਈਲੀ ਇਸ ਗੱਲ ਨੂੰ ਯਕੀਨੀ ਸਮਝਦੇ ਹਨ ਕਿ ਸਥਾਨਕ ਵਸੋਂ ਛੇਤੀ ਹੀ ਬਾਹਰ ਕੱਢ ਦਿੱਤੀ ਜਾਏਗੀ।

ਇਹ ਠੀਕ ਹੈ ਕਿ ਚਰਚਿਲ ਬਰਤਾਨਵੀ ਸਲਤਨਤ ਦੇ ਅਤਿਵਾਦੀ ਕਾਰਿਆਂ ਬਾਰੇ ਕਈ ਵਾਰ ਦੁਖੀ ਜ਼ਰੂਰ ਹੋ ਜਾਂਦਾ ਸੀ। ਉਹ ਔਰਤਾਂ ਅਤੇ ਬੱਚਿਆਂ ਦੇ ਕਤਲੇਆਮ ਬਾਰੇ ਦੁਖੀ ਹੋਇਆ ਸੀ ਅਤੇ 1919 ਵਿਚ ਅੰਮ੍ਰਿਤਸਰ ਦੇ ਜੱਲ੍ਹਿਆਂ ਵਾਲੇ ਬਾਗ਼ ਦੇ ਕਤਲੇਆਮ ਬਾਰੇ ਉਸ ਨੇ ਨਾਰਾਜ਼ਗੀ ਪ੍ਰਗਟ ਕੀਤੀ ਸੀ। ਟੋਈ ਅਜਿਹੇ ਸ਼ੰਕਿਆਂ ਨੂੰ ਸਹਿਜ ਭਾਵ ਵਾਲੇ ਸਬੂਤਾਂ ਵਜੋਂ ਪੇਸ਼ ਕਰਦਾ ਹੈ ਪਰ ਇਨ੍ਹਾਂ ਕਾਰਿਆਂ ਨੇ ਕਦੇ ਵੀ ਚਰਚਿਲ ਨੂੰ ਆਪਣੇ ਆਪ ਨੂੰ ਬਦਲਣ ਲਈ ਨਹੀਂ ਸੀ ਪ੍ਰੇਰਿਆ।

# ਕੌਣ ਦਿਲਾਂ ਦੀਆਂ ਜਾਣੇ

**ਦਵਿੰਦਰ ਸੰਧੂ**

ਬੜੀ ਵਾਰ ਦਿਲ ਭਰ ਆਉਂਦਾ ਹੈ, ਕੁਝ ਉਨ੍ਹਾਂ ਰਿਸ਼ਤਿਆਂ ਬਾਰੇ ਸੋਚਦਿਆਂ ਜਿਨ੍ਹਾਂ ਤੋਂ ਮੈਨੂੰ ਐਨਾ ਮੋਹ, ਐਨਾ ਪਿਆਰ ਮਿਲਿਆ ਕਿ ਮੈਨੂੰ ਉਸ ਦਾ ਅਹਿਸਾਸ ਹੀ ਸਾਰੀ ਉਮਰ ਦੁੱਖਾਂ-ਮੁਸੀਬਤਾਂ ਦੀਆਂ ਘੜੀਆਂ ਵਿਚ ਵੀ ਮੁਸਕਰਾਉਣ ਜੋਗਾ ਕਰ ਦੇਂਦਾ ਏ। ਹਾਲਾਂਕਿ ਨਾ ਤਾਂ ਮੈਂ ਉਨ੍ਹਾਂ ਦਾ ਕੁਝ ਲਗਦਾ ਸੀ ਤੇ ਨਾ ਹੀ ਉਹ ਮੇਰੀ ਕਿਸੇ ਰਿਸ਼ਤੇਦਾਰੀ 'ਚੋਂ ਸਨ ਪਰ ਉਹ ਬੇਗਾਨੇ ਹੋ ਕੇ ਵੀ ਮੇਰੇ ਆਪਣਿਆਂ ਤੋਂ ਕਿਤੇ ਜ਼ਿਆਦਾ ਆਪਣੇ ਹੋ ਨਿਬੜੇ।

ਬਠਿੰਡੇ ਇਕ ਸਮੇਂ ਇਕ ਕਲਾਕਾਰ ਜਸਵਿੰਦਰ ਬਰਾੜ ਦੀ ਬੜੀ ਚੜ੍ਹਤ ਹੁੰਦੀ ਸੀ। ਮੈਂ ਉਸ ਨੂੰ ਮਿਲਣਾ ਅਤੇ ਕੁਝ ਗੀਤ ਦੇਣੇ ਚਾਹੁੰਦਾ ਸੀ। ਮੇਰੇ ਪਰਮ ਮਿੱਤਰ ਅਤੇ ਰਿਸ਼ਤੇਦਾਰ ਸਵ. ਸੁਰਜੀਤ ਸਿੰਘ ਸੰਧੂ ਨੂੰ ਪਤਾ ਲੱਗਾ ਤਾਂ ਉਨ੍ਹਾਂ ਨੇ ਬਠਿੰਡੇ ਆਪਣੀ ਜਾਣ-ਪਛਾਣ ਵਾਲੇ ਇਕ ਪਰਿਵਾਰ ਦਾ ਪਤਾ ਮੈਨੂੰ ਦੇ ਦਿੱਤਾ ਜਿਨ੍ਹਾਂ ਦਾ ਲੜਕਾ ਇੰਦਰਜੀਤ ਲੱਕੀ ਭਾਅ ਜੀ ਦੇ ਸਕੂਲ 'ਚ ਪੜ੍ਹਾਉਂਦਾ ਰਿਹਾ ਸੀ। ਮੈਂ ਉਸ ਪਤੇ 'ਤੇ ਸ੍ਰੀ ਸਤਿਆ ਨਾਰਾਇਣ ਸ਼ਰਮਾ ਦੇ ਘਰ ਪਹੁੰਚ ਗਿਆ। ਉਨ੍ਹਾਂ ਨੂੰ ਸੁਰਜੀਤ ਸਿੰਘ ਹੁਰਾਂ ਨਾਲ ਆਪਣੇ ਰਿਸ਼ਤੇ ਬਾਰੇ ਦੱਸਿਆ ਤਾਂ ਉਨ੍ਹਾਂ ਹੱਥਾਂ 'ਤੇ ਚੁੱਕ ਲਿਆ। ਘਰ 'ਚ ਅੰਕਲ ਜੀ ਤੋਂ ਬਿਨਾਂ ਆਂਟੀ ਜੀ, ਲੱਕੀ ਅਤੇ ਦੋ ਭੈਣਾਂ ਵੀ ਸਨ। ਇਕ ਭੈਣ ਵਿਆਹੀ ਹੋਈ ਸੀ। ਉਨ੍ਹਾਂ ਨੇ ਮੈਨੂੰ ਲੱਕੀ ਵਾਂਗ ਹੀ ਪਿਆਰ ਦਿੱਤਾ ਅਤੇ ਮੈਂ ਪਹਿਲੇ ਹੀ ਦਿਨ, ਕੁਝ ਪਲਾਂ 'ਚ ਉਸ ਪਰਿਵਾਰ 'ਚ ਇੰਜ ਘੁਲ-ਮਿਲ ਗਿਆ ਜਿਵੇਂ ਇਸੇ ਪਰਿਵਾਰ 'ਚ ਜੰਮਿਆ-ਪਲਿਆ ਹੋਵਾਂ। ਮੈਂ ਦੋ ਦਿਨ ਉਥੇ ਹੀ ਰਿਹਾ। ਮੈਂ ਜਿਥੇ ਵੀ ਜਾਣਾ ਹੁੰਦਾ, ਲੱਕੀ ਮੈਨੂੰ ਸਕੂਟਰ 'ਤੇ ਘੁਮਾਈ ਫਿਰਦਾ। ਅੰਕਲ ਜੀ ਰੇਲਵੇ 'ਚ ਸਨ ਅਤੇ ਉਹ ਡਿਊਟੀ 'ਤੇ ਚਲੇ ਜਾਂਦੇ ਸਨ। ਲੱਕੀ ਵੀ ਕਿਤੇ ਪੜ੍ਹਾਉਣ ਚਲਾ ਜਾਂਦਾ ਅਤੇ ਘਰ ਵਿਚ ਆਂਟੀ ਅਤੇ ਭੈਣਾਂ ਕੋਲ ਮੈਂ 'ਕੱਲਾ ਹੀ ਰਹਿ ਜਾਂਦਾ। ਪਰ ਉਨ੍ਹਾਂ ਨੇ ਮੈਨੂੰ ਇੰਜ ਅਪਨਾਇਆ ਜਿਵੇਂ ਮੈਂ ਉਨ੍ਹਾਂ ਦੇ ਹੀ ਪਰਿਵਾਰ ਦਾ ਇਕ ਮੈਂਬਰ ਹੋਵਾਂ। ਫਿਰ ਤਾਂ ਮੈਂ ਕਿੰਨੀ ਵਾਰ ਗਿਆ। ਹਰ ਵਾਰ ਪਿਆਰ ਅੱਗੇ ਨਾਲੋਂ ਵੀ ਜ਼ਿਆਦਾ ਮਿਲਦਾ। ਫਿਰ ਅੰਕਲ ਜੀ ਦੀ ਬਦਲੀ ਅਬੋਹਰ ਹੋ ਗਈ ਪਰ ਮੈਨੂੰ ਪਤਾ ਨਾ ਲੱਗਾ। ਮੈਂ ਬਠਿੰਡੇ ਗਿਆ ਤੇ ਜਦੋਂ ਉਨ੍ਹਾਂ ਦੇ ਘਰ ਨੂੰ ਤਾਲਾ ਲੱਗਾ ਵੇਖਿਆ ਤਾਂ ਮੇਰਾ ਗੱਚ ਭਰ ਆਇਆ...ਰੱਬਾ! ਉਹ ਕਿਧਰ ਚਲੇ ਗਏ ਮੇਰੇ ਆਪਣੇ ਤੇ ਫਿਰ ਮੈਂ ਤਿੰਨ ਸਾਲ ਬਠਿੰਡੇ ਨਾ ਗਿਆ। ਪਤਾ ਲੱਗਾ ਕਿ ਉਹ ਅਬੋਹਰ ਨੇ ਤੇ ਮੈਨੂੰ ਯਾਦ ਕਰਦੇ ਨੇ। ਮੈਂ ਚਿੱਠੀ ਲਿਖੀ। ਅੱਗੋਂ ਬੜਾ ਦਰਦ ਭਰਿਆ ਜਵਾਬ ਮਿਲਿਆ, "ਦਵਿੰਦਰ! ਤੂੰ ਤਾਂ ਸਾਨੂੰ ਭੁੱਲ ਹੀ ਗਿਐਂ! ਅਸੀਂ ਸਾਰੇ ਤੈਨੂੰ ਬਹੁਤ ਯਾਦ ਕਰਦੇ ਹਾਂ। ਤੂੰ ਜਿੰਨੀ ਛੇਤੀ ਹੋ ਸਕਦੈ, ਆ ਕੇ ਮਿਲ ਜਾ।" ਮੈਂ ਅਗਲੇ ਹੀ ਦਿਨ ਪਹੁੰਚ ਗਿਆ। ਮੈਨੂੰ ਬੁੱਕਲ 'ਚ ਲੈ ਕੇ ਮਿਲੇ। ਲੱਕੀ ਦਾ ਵਿਆਹ ਕਰ ਰਹੇ ਸਨ ਅਤੇ ਕੁੜੀ ਹਰਿਦੁਆਰ ਦੀ ਸੀ। ਮੈਨੂੰ ਲੱਕੀ ਦੇ ਭਰਾ ਵਜੋਂ, ਕੁੜੀ ਨੂੰ ਸ਼ਗਨ ਲਾਉਣ ਅੰਕਲ ਜੀ ਆਪਣੇ ਨਾਲ ਹਰਿਦੁਆਰ ਲੈ ਕੇ ਗਏ। ਰਾਤ ਅਸੀਂ ਉਥੇ ਹੀ ਠਹਿਰੇ। ਕੁੜੀ ਦੇ ਪਰਿਵਾਰ ਨੂੰ ਵੀ ਇਹੀ ਦਸਿਆ ਕਿ ਇਹ (ਦਵਿੰਦਰ), ਮੁੰਡੇ ਦਾ ਭਰਾ ਏ। ਫਿਰ ਜਦੋਂ ਬਰਾਤ ਨਾਲ ਗਏ, ਉਦੋਂ ਵੀ ਭਰਾ ਵਾਲੇ ਸ਼ਗਨ ਮੇਰੇ ਕੋਲੋਂ ਹੀ ਕਰਵਾਏ।

ਬਾਦ 'ਚ ਜਦੋਂ ਕਿਤੇ ਕੋਈ ਸਮੱਸਿਆ ਹੁੰਦੀ ਤਾਂ ਫ਼ੋਨ ਆਉਣਾ, "ਦਵਿੰਦਰ ਬੇਟਾ! ਜਲਦੀ ਆ ਜਾ। ਇਹ ਕੰਮ ਸਿਰਫ ਤੂੰ ਹੀ ਕਰ ਸਕਦੈਂ।" ਕੁੜੀਆਂ ਮਰਜਾਣੀਆਂ ਵੀ ਲੱਕੀ ਤੋਂ ਵਧ ਕੇ ਮੋਹ ਕਰਨ। ਹੁਣ ਸੁਣਿਐ ਉਹ ਫਿਰ ਬਠਿੰਡੇ ਚਲੇ ਗਏ ਨੇ। ਅੱਜ ਵੀ ਜਦੋਂ ਉਨ੍ਹਾਂ ਸਤਿਜੁਗੀ ਪਿਆਰ ਵਾਲੇ ਜੀਆਂ ਦਾ ਚੇਤਾ ਆਉਂਦੈ ਤਾਂ ਸਿਰ ਆਪਣੇ ਆਪ ਝੁਕ ਜਾਂਦੈ ਤੇ ਅੱਖਾਂ 'ਚੋਂ ਹੰਝੂ ਵੀ ਆਪਣੇ-ਆਪ ਵਗ ਪੈਂਦੇ ਨੇ।

ਦੂਜੇ ਹਨ ਸ. ਫਤਹਿਜੰਗ ਸਿੰਘ, ਚੰਡੀਗੜ੍ਹ ਤੋਂ। ਉਹ ਮੇਰੇ ਲੇਖ 'ਦਸਾਂ ਨਹੁੰਆਂ ਦੀ ਕਿਰਤ ਕਰਨ 'ਚ ਸ਼ਰਮ ਮਹਿਸੂਸ ਕਰਨ ਵਾਲਿਓ...' ਪੜ੍ਹ ਕੇ, ਇਕ ਪਾਠਕ ਦੇ ਤੌਰ 'ਤੇ ਮੇਰੇ ਨਾਲ ਜੁੜੇ ਸਨ। ਉਹ ਹੌਲੀ-ਹੌਲੀ ਮੈਨੂੰ ਐਨਾ ਪਿਆਰ ਕਰਨ ਲੱਗੇ ਕਿ ਮੈਂ ਕਿਸੇ ਕੰਮ ਚੰਡੀਗੜ੍ਹ ਗਿਆ ਤਾਂ ਦੋ ਦਿਨ ਉਨ੍ਹਾਂ ਕੋਲ ਹੀ ਠਹਿਰਿਆ। ਉਹ ਆਪਣੇ ਰੁਝੇਵਿਆਂ ਦੇ ਬਾਵਜੂਦ, ਮੈਨੂੰ ਆਪਣੀ ਗੱਡੀ 'ਚ ਘੁਮਾਉਂਦੇ ਰਹੇ ਤੇ ਵੇਖਣਯੋਗ ਥਾਵਾਂ 'ਤੇ ਵੀ ਲੈ ਕੇ ਗਏ। ਬੀਜੀ ਹੋਰੀਂ ਵੀ ਮੋਹ ਦੀ ਤਸਵੀਰ ਹੀ ਸਨ।

ਤੀਜਾ ਇਕ ਪਰਿਵਾਰ ਸੀ ਚੰਡੀਗੜ੍ਹ ਨੇੜਲੇ ਬਨੂੜ ਦੇ ਵਸਨੀਕ ਸ. ਰਘਬੀਰ ਸਿੰਘ ਵਿਰਕ ਹੁਰਾਂ ਦਾ। ਉਨ੍ਹਾਂ ਨਾਲ ਵੀ ਮੇਰੀ ਸਾਂਝ ਪੁਆਉਣ ਵਾਲਾ ਸੁਰਜੀਤ ਸਿੰਘ ਸੰਧੂ ਹੀ ਸੀ। ਮੈਨੂੰ ਚੰਡੀਗੜ੍ਹ ਕੋਈ ਕੰਮ ਸੀ ਦੋ ਦਿਨਾਂ ਲਈ। ਰਹਿਣ ਲਈ ਕੋਈ ਠਾਹਰ ਨਹੀਂ ਸੀ। ਸੁਰਜੀਤ ਜੀ ਮੇਰੇ ਨਾਲ ਗਏ। ਮੇਰੀ ਸਾਂਝ ਪੁਆਈ। ਬਾਅਦ 'ਚ ਮੈਂ ਜਦੋਂ ਵੀ ਚੰਡੀਗੜ੍ਹ ਜਾਣਾ, ਉਨ੍ਹਾਂ ਕੋਲ ਠਹਿਰਨਾ। ਉਸ ਪਰਿਵਾਰ 'ਚ ਅੰਕਲ ਹੁਰਾਂ ਦਾ ਬੇਟਾ ਗੁਰਨਾਮ ਸਿੰਘ, ਉਨ੍ਹਾਂ ਦੀ ਪਤਨੀ, ਭੈਣ ਅਤੇ ਬੇਟੀ ਹਰਮਨ ਤੇ ਦੋ ਕਾਕੇ ਸਨ। ਉਸ ਪਰਿਵਾਰ ਨੇ ਵੀ ਮੈਨੂੰ ਇੰਜ ਅਪਨਾਇਆ ਕਿ ਮੇਰਾ ਉਥੋਂ ਵਾਪਸ ਆਉਣ ਨੂੰ ਦਿਲ ਹੀ ਨਾ ਕਰੇ। ਜੇ ਸਾਡੇ ਪਿੰਡਾਂ 'ਚੋਂ ਕਿਸੇ ਨੇ ਉਧਰ ਜਾਣਾ ਤਾਂ ਉਨ੍ਹਾਂ ਨੇ ਸੁਰਜੀਤ ਦਾ ਹਾਲ ਪੁੱਛਣਾ ਭਾਵੇਂ ਨਾ ਪਰ ਮੇਰਾ ਪਹਿਲਾਂ ਪੁੱਛਣਾ। ਗੁਰਨਾਮ ਸਿੰਘ ਬੜਾ ਖੁਲ੍ਹੇ-ਡੁਲ੍ਹੇ ਸੁਭਾਅ ਦਾ ਮਾਲਕ ਸੀ। ਉਸ ਨੇ ਮੈਨੂੰ ਕਈ ਥਾਵਾਂ 'ਤੇ ਘੁਮਾਉਣ ਲੈ ਜਾਣਾ।

ਮੈਂ ਹੌਲੀ-ਹੌਲੀ ਰੋਟੀ ਦੇ ਚੱਕਰ 'ਚ ਫਸ ਗਿਆ ਅਤੇ ਜਾਣਾ ਬੰਦ ਹੋ ਗਿਆ। ਲਗਭਗ 7 ਸਾਲ ਹੋ ਗਏ ਨੇ ਮਿਲਿਆਂ ਨੂੰ। ਫੋਨ, ਚਿੱਠੀਆਂ ਆਉਂਦੇ-ਜਾਂਦੇ ਰਹੇ। ਫਿਰ ਘਟ ਗਏ ਤੇ ਅਖੀਰ ਬੰਦ ਹੋ ਗਏ। ਹੁਣ ਬੜੇ ਚਿਰਾਂ ਬਾਅਦ ਇਕ ਦਿਨ ਹਰਮਨ ਦਾ ਫੋਨ ਆਇਆ। ਵਿਚਾਰੀ ਝੱਲੀ ਬੜੀ ਤਰਲੇ ਲਵੇ ਕਿ ਇਕ ਵਾਰ ਆ ਕੇ ਮਿਲ ਜਾਉ। ਫਿਰ ਭੂਆ ਜੀ ਨੇ ਗੱਲ ਕੀਤੀ ਅਤੇ ਦੱਸਿਆ ਕਿ ਹਰਮਨ ਦਾ ਵਿਆਹ ਏ, ਜ਼ਰੂਰ ਆਇਉ। ਪਰ ਮੈਂ ਜਾ ਨਾ ਸਕਿਆ। ਫਿਰ ਇਕ ਦਿਨ ਭੂਆ ਜੀ ਨੇ ਨਿਹੋਰਾ ਦਿੱਤਾ, "ਵੇ ਦਵਿੰਦਰ! ਬਸ ਓਨਾ ਚਿਰ ਸੀ ਜਦੋਂ ਤੱਕ ਕੰਮ ਹੁੰਦੇ ਸੀ। ਕੰਮ ਹੋਏ ਤਾਂ ਭੂਆ ਵੀ ਵਿਸਰ ਗਈ। ਵੇ ਚੰਦਰਿਆ! ਐਨਾ ਮੋਹ ਪਾ ਕੇ ਵੀ ਭੁੱਲ ਜਾਈਦਾ ਹੁੰਦੈ? ਭੂਆ ਤਾਂ ਤੈਨੂੰ ਅੱਜ ਵੀ ਬੜਾ ਯਾਦ ਕਰਦੀ ਏ। ਮੈਂ ਤੇਰੀ ਕਿਤਾਬ 'ਤੱਤੇ ਟਿੱਬਿਆਂ ਦੇ ਪਾਂਧੀ' ਪੜ੍ਹੀ। ਕਈ ਕਹਾਣੀਆਂ ਪੜ੍ਹ ਕੇ ਰੋਈ ਜਾਵਾਂ। ਤੇਰੀ ਯਾਦ ਹੋਰ ਵੀ ਜ਼ਿਆਦਾ ਆਉਣ ਲੱਗ ਪਈ। ਸਾਨੂੰ ਜਿਉਂਦਿਆਂ ਜੀਅ ਆ ਕੇ ਮਿਲ ਜਾ। ਅੱਗੋਂ ਤੇਰੀ ਮਰਜ਼ੀ।"

ਭੂਆ ਜੀ ਦੀ ਆਵਾਜ਼ ਰੋਂਦੀ ਲਗਦੀ ਸੀ। ਕੀ ਦੱਸਾਂ ਭੂਆ ਜੀ, ਮੈਂ ਆਪ ਤੁਹਾਨੂੰ ਕਿੰਜ ਦਿਲ ਭਰ-ਭਰ ਕੇ ਯਾਦ ਕਰਦਾਂ, ਤੁਹਾਡੀ ਹਿੱਕ ਨਾਲ ਲੱਗ ਕੇ ਪਿਆਰ ਲੈਣ ਨੂੰ ਕਿੰਨਾ ਦਿਲ ਕਰਦੈ। ਤੁਸੀਂ ਤਾਂ ਮੈਨੂੰ ਮਾਂ ਤੋਂ ਵੀ ਵਧ ਕੇ ਪਿਆਰ ਦਿੱਤੈ। ਕੀ ਕਰਾਂ, ਬਸ ਰੋਟੀ ਦਾ ਚੱਕਰ ਹੀ ਮੇਰੀ ਕੋਈ ਪੇਸ਼ ਨਹੀਂ ਜਾਣ ਦੇਂਦਾ। ਮੈਂ ਤਾਂ ਆਉਣ ਲਈ ਕਦੋਂ ਦਾ ਤਰਸਦਾ ਪਿਆਂ। ਮੇਰੀ ਕਿਤਾਬ 'ਤੱਤੇ ਟਿੱਬਿਆਂ ਦੇ ਪਾਂਧੀ' ਨੂੰ ਰਲੀਜ਼ ਕਰਨ ਲਈ ਪੰਜਾਬੀ ਦੇ ਸਿਰਮੌਰ ਕਹਾਣੀਕਾਰ ਵਰਿਆਮ ਸਿੰਘ ਸੰਧੂ ਹੁਰਾਂ ਨੇ ਹਾਮੀ ਭਰ ਦਿੱਤੀ। ਪਰ ਰਲੀਜ਼ ਸਮਾਰੋਹ ਤੋਂ ਦੋ ਦਿਨ ਪਹਿਲਾਂ ਹੀ ਉਨ੍ਹਾਂ ਦੀ ਪਤਨੀ ਬੀਮਾਰ ਹੋ ਗਈ ਅਤੇ ਉਨ੍ਹਾਂ ਨੂੰ ਹਸਪਤਾਲ 'ਚ ਦਾਖਲ ਕਰਨਾ ਪਿਆ ਪਰ ਸ. ਸੰਧੂ, ਇਹ ਸੋਚ ਕੇ ਕਿ ਮੁੰਡੇ ਦਾ ਦਿਲ ਨਾ ਦੁਖੀ ਹੋਵੇ, ਆਪਣੀ ਪਤਨੀ ਨੂੰ ਹਸਪਤਾਲ ਛੱਡ ਕੇ ਮਿਥੇ ਦਿਨ ਨੌਂ ਵਜੇ ਹੀ ਮੇਰੇ ਕੋਲ ਪਹੁੰਚ ਗਏ ਅਤੇ ਸ਼ਾਮ 5 ਵਜੇ ਤਕ ਮੇਰੇ ਕੋਲ ਹੀ ਰਹੇ। ਮੈਂ ਇਨ੍ਹਾਂ ਦਾ ਦੇਣਾ ਕਿੱਥੋਂ ਦਿਆਂਗਾ।

ਮੈਂ ਅਤੇ ਚਰਨਜੀਤ, ਚੰਡੀਗੜ੍ਹ ਜਾ ਰਹੇ ਸਾਂ। ਸ਼ਾਮ ਦੇ 5 ਕੁ ਵਜੇ ਪਟਿਆਲਾ ਪਹੁੰਚੇ ਤਾਂ ਮੈਂ ਉਸ ਨੂੰ ਕਿਹਾ ਕਿ ਚਲ ਤੈਨੂੰ ਪੰਜਾਬੀ ਸਾਹਿਤ ਦੇ ਪ੍ਰਸਿੱਧ ਵਿਦਵਾਨ ਅਤੇ ਖੋਜੀ ਪ੍ਰੋ. ਪ੍ਰੀਤਮ ਸਿੰਘ ਦੇ ਦਰਸ਼ਨ ਕਰਵਾਈ ਚੱਲਾਂ। ਅਸੀਂ ਇਕ ਘੰਟਾ ਉਨ੍ਹਾਂ ਕੋਲ ਬੈਠ ਕੇ ਜਦੋਂ ਤੁਰਨ ਲੱਗੇ ਤਾਂ ਪ੍ਰੋ. ਸਾਹਿਬ ਕਹਿੰਦੇ, "ਵੇਖ ਦਵਿੰਦਰ! ਤੂੰ 'ਕੱਲਾ ਹੁੰਦਾ ਤਾਂ ਚਲਾ ਜਾਂਦਾ ਪਰ ਕੁੜੀ ਤੇਰੇ ਨਾਲ ਏ। ਕਦੋਂ ਚੰਡੀਗੜ੍ਹ ਪਹੁੰਚੇ? ਮੈਂ ਨਹੀਂ ਜਾਣ ਦੇਣਾ। ਰਾਤ ਇਥੇ ਰਹੋ। ਸਵੇਰੇ ਭਾਵੇਂ ਤੜਕੇ ਹੀ ਚਲੇ ਜਾਇਉ।" ਤੇ ਉਨ੍ਹਾਂ ਮੇਰਾ ਸਾਮਾਨ ਕਮਰੇ 'ਚ ਰਖਵਾ ਦਿੱਤਾ। ਪ੍ਰੋ. ਪ੍ਰੀਤਮ ਸਿੰਘ ਦੇ ਪੁੱਤਰ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਡਾ. ਜੈ ਰੂਪ ਸਿੰਘ ਨੂੰ ਕੰਮ ਦੇ ਸਮੇਂ 'ਚ, ਬਿਨਾਂ ਸਮਾਂ ਲਿਆਂ ਹੀ ਮਿਲਣ ਚਲਾ ਗਿਆ ਤਾਂ ਉਨ੍ਹਾਂ ਪਰਚੀ 'ਤੇ ਮੇਰਾ ਨਾਂ ਵੇਖਦਿਆਂ ਹੀ ਸਭ ਤੋਂ ਪਹਿਲਾਂ ਸੱਦ ਲਿਆ। ਮੈਂ ਕਿਥੇ ਅਤੇ ਉਹ ਕਿਥੇ! ਸੋ ਦੋਸਤੋ, ਆਓ ਚਾਂਦੀ ਦੇ ਛਿੱਲੜਾਂ ਦੇ ਫਿਕਰ ਛੱਡ ਕੇ ਦਿਲਾਂ ਦੀ ਪਵਿੱਤਰ ਮੁਹੱਬਤ ਹਾਸਲ ਕਰਨ ਲਈ, ਦਿਲਾਂ 'ਚ ਮੋਹ, ਸੁਨੇਹ ਅਤੇ ਪਵਿੱਤਰਤਾ ਦੀ ਜੋਤ ਜਗਾ ਕੇ, ਨਿਰਸਵਾਰਥ ਪਿਆਰ ਦੇ ਰਿਸ਼ਤਿਆਂ ਦਾ ਨਿੱਘ ਮਾਣੀਏ।

# ਰਾਜ ਕਪੂਰ: ਭਾਰਤੀ ਫ਼ਿਲਮਾਂ ਦਾ 'ਗਰੇਟ ਸ਼ੋਅਮੈਨ'

ਰਾਜ ਕਪੂਰ ਤੇ ਨਰਗਿਸ ਦਾ ਨਾਂ ਭਾਰਤੀ ਸਿਨੇ ਇਤਿਹਾਸ ਦੇ ਉਨ੍ਹਾਂ ਮਹਾਨ ਅਦਾਕਾਰਾਂ ਵਿਚ ਬੜੀ ਸ਼ਾਨ ਨਾਲ ਲਿਆ ਜਾਂਦਾ ਹੈ ਜੋ ਆਪਣੇ ਜੀਵਨ-ਕਾਲ ਵਿਚ ਹੀ ਇਕ ਮੁਹਾਵਰਾ ਬਣ ਚੁੱਕੇ ਹਨ। ਭਾਰਤੀ ਫਿਲਮਾਂ ਦੇ 'ਗਰੇਟ ਸ਼ੋਅਮੈਨ' ਕਹੇ ਜਾਣ ਵਾਲੇ ਰਾਜ ਕਪੂਰ ਸਹੀ ਅਰਥਾਂ ਵਿਚ ਇਕ ਸ਼ੋਅਮੈਨ ਸਨ ਜਿਨ੍ਹਾਂ ਨੇ ਆਪਣੀਆਂ ਫਿਲਮਾਂ ਜ਼ਰੀਏ ਲੋਕਾਂ ਨੂੰ ਉਮੀਦਾਂ ਵੇਚੀਆਂ ਤੇ ਉਨ੍ਹਾਂ ਦੀਆਂ ਅੱਖਾਂ ਵਿਚ ਸਤਰੰਗੀ ਸੁਪਨੇ ਸੰਜੋਏ। ਉਨ੍ਹਾਂ ਦੇ ਇਸ ਸੁਪਨੀਲੇ ਸਫ਼ਰ ਵਿਚ ਕਈ ਖ਼ੂਬਸੂਰਤ ਨਾਇਕਾਵਾਂ ਨੇ ਉਨ੍ਹਾਂ ਦਾ ਸਾਥ ਨਿਭਾਇਆ ਪਰ ਸਭ ਤੋਂ ਜ਼ਿਆਦਾ ਫਿਲਮਾਂ ਵਿਚ ਉਨ੍ਹਾਂ ਦੇ ਨਾਲ ਕੰਮ ਕਰਨ ਵਾਲੀ ਨਰਗਿਸ ਹੀ ਉਨ੍ਹਾਂ ਦੀ ਹਿੱਟ ਜੋੜੀਦਾਰ ਬਣ ਸਕੀ।

ਬੰਬਈ ਰੰਗਮੰਚ ਤੇ ਸਿਨੇਮੇ ਦੀ ਪ੍ਰਮੁੱਖ ਹਸਤੀ 'ਪ੍ਰਿਥਵੀ ਰਾਜ ਕਪੂਰ' ਯਾਨੀ 'ਪਾਪਾ ਜੀ' ਦਾ ਵੱਡਾ ਲੜਕਾ ਰਣਬੀਰ ਰਾਜ ਕਪੂਰ ਫਿਲਮੀ ਦੁਨੀਆਂ ਵਿਚ ਕੇਦਾਰ ਸ਼ਰਮਾ ਵਰਗੇ ਦਿੱਗਜ ਨਿਰਦੇਸ਼ਕ ਦਾ ਸਹਾਇਕ ਬਣ ਕੇ ਆਇਆ। ਉਹ ਸੈੱਟ 'ਤੇ ਨਾ ਸਿਰਫ ਇਕ ਕੁਲੀ ਦਾ ਕੰਮ ਕਰਦਾ ਸੀ ਬਲਕਿ ਝਾੜ-ਪੂੰਝ ਕਰਨ ਵਿਚ ਵੀ ਉਹ ਕਦੇ ਨਹੀਂ ਹਿਚਕਿਚਾਇਆ। ਦੇਵਕੀ ਬੋਸ ਦੀ 'ਇਨਕਲਾਬ' (1935) ਵਿਚ ਬਾਲ ਕਲਾਕਾਰ ਦੇ ਰੂਪ ਵਿਚ ਪਰਦੇ 'ਤੇ ਆਉਣ ਦੇ ਲਈ ਰਣਬੀਰ 'ਰਾਜ ਕਪੂਰ' ਬਣ ਗਿਆ। ਫਿਰ ਬਤੌਰ ਸਹਾਇਕ ਅਭਿਨੇਤਾ 'ਹਮਾਰੀ ਬਾਤ' (1943) ਦੇਵਿਕਾ-ਰਾਣੀ, 'ਗੌਰੀ' (1943) ਮੋਨਿਕਾ ਦੇਸਾਈ ਨਾਲ, 'ਵਾਲਮੀਕੀ' (1946) ਸ਼ਾਂਤਾ ਆਪਟੇ, 'ਚਿਤੌੜ ਵਿਜੈ' (1947) ਤੇ ਮੋਨਿਕਾ ਦੇਵੀ ਨਾਲ ਤੇ 'ਜੇਲ੍ਹ ਯਾਤਰਾ' (1947) 'ਚ ਅਦਾਕਾਰਾ ਕਾਮਨੀ ਕੌਸ਼ਲ ਨਾਲ ਕੰਮ ਕੀਤਾ। ਇਨ੍ਹਾਂ ਪੰਜਾਂ ਫਿਲਮਾਂ ਵਿਚ ਛੋਟੇ-ਮੋਟੇ ਰੋਲ ਕਰਨ ਦੇ ਬਾਅਦ ਰਾਜ ਕਪੂਰ ਨੂੰ ਕੇਦਾਰ ਸ਼ਰਮਾ ਨੇ ਓਰੀਐਂਟਲ ਪਿਕਚਰਜ਼ ਦੀ 'ਨੀਲ ਕਮਲ' (1947) ਵਿਚ ਸੁਨੱਖੀ ਅਦਾਕਾਰਾ ਮਧੂਬਾਲਾ ਦਾ ਨਾਇਕ ਬਣਾ ਦਿੱਤਾ। ਫਿਲਮ ਖ਼ੂਬ ਚੱਲੀ ਤੇ ਨਾਲ ਹੀ ਰਾਜ ਕਪੂਰ ਦੇ ਕਦਮ ਬੁਲੰਦੀਆਂ ਵੱਲ ਵਧੇ। ਉਨ੍ਹਾਂ ਦਿਨਾਂ 'ਚ ਰਾਜ ਕਪੂਰ ਨੇ ਪ੍ਰਿਥਵੀਰਾਜ ਕਪੂਰ ਨੂੰ ਆਪਣੀ ਇੱਛਾ ਦੱਸੀ ਕਿ ਉਹ ਇਕ ਫਿਲਮ ਬਣਾਉਣਾ ਚਾਹੁੰਦੇ ਹਨ। 'ਆਗ' (1948) ਦੇ ਨਿਰਮਾਣ ਦੇ ਵੇਲੇ ਰਾਜ ਕਪੂਰ ਮਹਿਜ਼ 24 ਵਰ੍ਹਿਆਂ ਦੇ ਸਨ। ਇਸ ਫਿਲਮ ਵਿਚ ਬਤੌਰ ਅਦਾਕਾਰਾ ਉਨ੍ਹਾਂ ਨਰਗਿਸ ਨੂੰ ਲਿਆ। ਹਾਲਾਂਕਿ ਇਹ ਫਿਲਮ ਲੋੜੀਂਦੀ ਸਫਲਤਾ ਪ੍ਰਾਪਤ ਨਹੀਂ ਕਰ ਸਕੀ ਪਰ ਰਾਜ ਕਪੂਰ ਤੇ ਨਰਗਿਸ ਦੀ ਇਸ ਜੋੜੀ ਨੂੰ ਵੀ ਦਰਸ਼ਕਾਂ ਨੇ ਨਹੀਂ ਨਕਾਰਿਆ। ਇੱਥੋਂ ਸ਼ੁਰੂ ਹੋਏ ਇਸ ਜੋੜੀ ਦੇ ਸੁਨਹਿਰੀ ਸਫ਼ਰ ਨੇ 16 ਫਿਲਮਾਂ ਤਕ ਇਨ੍ਹਾਂ ਨੂੰ ਬੰਨ੍ਹੀ ਰੱਖਿਆ।

ਨਰਗਿਸ ਯਾਨੀ ਫ਼ਾਤਿਮਾ ਰਸ਼ੀਦ ਆਪਣੇ ਜ਼ਮਾਨੇ ਦੀ ਮਸ਼ਹੂਰ ਨਰਤਕੀ ਤੇ ਗੁਲੂਕਾਰਾ ਜੱਦਣਬਾਈ ਦੀ ਧੀ ਸੀ। ਜੱਦਣਬਾਈ ਜਦੋਂ ਕਲਕੱਤੇ ਤੋਂ ਬੰਬਈ ਆਈ ਤਾਂ ਸੰਗੀਤ ਦੀ ਦੁਨੀਆਂ ਵਿਚ ਜ਼ਬਰਦਸਤ ਤਹਿਲਕਾ ਮਚਾਉਣ ਦੇ ਬਾਅਦ ਫਿਲਮ 'ਤਲਾਸ਼-ਏ-ਹੱਕ' (1935) ਦਾ ਨਿਰਮਾਣ ਕੀਤਾ। ਇਸ ਵਿਚ ਫ਼ਾਤਿਮਾ ਨੇ 'ਬੇਬੀ ਰਾਣੀ' ਦੇ ਨਾਂ ਨਾਲ ਬਾਲ ਕਲਾਕਾਰ ਦੀ ਭੂਮਿਕਾ ਨਿਭਾਈ। ਕੁਝ ਕੁ ਦੂਜੀਆਂ ਫਿਲਮਾਂ ਵਿਚ ਕੰਮ ਕਰਨ ਦੇ ਬਾਅਦ ਬੇਬੀ ਰਾਣੀ ਆਪਣੀ ਪੜ੍ਹਾਈ-ਲਿਖਾਈ ਵਿਚ ਮਸਰੂਫ਼ ਹੋ ਗਈ। ਪੜ੍ਹਾਈ ਪੂਰੀ ਹੁੰਦਿਆਂ-ਹੁੰਦਿਆਂ ਉਹ ਜਵਾਨੀ ਦੀ ਦਹਿਲੀਜ਼ 'ਤੇ ਕਦਮ ਰੱਖ ਚੁੱਕੀ ਸੀ। ਉਨ੍ਹਾਂ ਦਿਨਾਂ ਵਿਚ ਫਿਲਮਕਾਰ ਮਹਿਬੂਬ ਆਪਣੀ ਨਵੀਂ ਫਿਲਮ 'ਤਕਦੀਰ' (1943) ਦੇ ਲਈ ਕਿਸੇ ਨਵੇਂ ਚਿਹਰੇ ਦੀ ਤਲਾਸ਼ ਵਿਚ ਸਨ। ਜੱਦਣਬਾਈ, ਫ਼ਾਤਿਮਾ ਨੂੰ ਲੈ ਕੇ ਉੱਥੇ ਪਹੁੰਚੀ। ਸਕਰੀਨ ਟੈਸਟ ਹੋਇਆ ਤੇ ਫ਼ਾਤਿਮਾ, 'ਬੇਬੀ ਰਾਣੀ' ਤੋਂ 'ਨਰਗਿਸ' ਬਣ ਗਈ। 'ਤਕਦੀਰ' ਨੇ ਨਰਗਿਸ ਦੀ ਤਕਦੀਰ ਦੇ ਦਰਵਾਜ਼ੇ ਖੋਲ੍ਹ ਦਿੱਤੇ ਤੇ ਸਿਖ਼ਰ ਉੱਤੇ ਪਹੁੰਚਣ ਦਾ ਸੁਨਹਿਰੀ ਰਸਤਾ ਵਿਖਾਇਆ।

ਉਧਰ ਰਾਜ ਕਪੂਰ 'ਆਗ' (1948) ਦੇ



ਬਾਅਦ 'ਬਰਸਾਤ' (1949) ਬਣਾਉਣ ਵਿਚ ਰੁੱਝ ਗਏ। ਇਸੇ ਦੌਰਾਨ ਮਹਿਬੂਬ ਖ਼ਾਨ ਦੀ 'ਅੰਦਾਜ਼' (1949) ਆਈ। ਨੌਸ਼ਾਦ ਸਾਹਿਬ ਦੇ ਅਮਰ ਸੰਗੀਤ ਨਾਲ ਸਜੀ ਇਸ ਫਿਲਮ ਨੂੰ ਨਰਗਿਸ, ਦਲੀਪ ਕੁਮਾਰ ਤੇ ਰਾਜ ਕਪੂਰ ਦੀ ਤਿਕੜੀ ਨੇ ਸਫਲ ਬਣਾ ਦਿੱਤਾ। ਫਿਲਮ ਬਰਸਾਤ ਤੋਂ ਰਾਜ ਕਪੂਰ ਨੇ ਆਪਣੀ ਟੀਮ ਬਣਾਈ। ਸ਼ੰਕਰ-ਜਯ ਕਿਸ਼ਨ-ਲਤਾ ਮੰਗੇਸ਼ਕਰ, ਸ਼ੈਲੇਂਦਰ-ਹਸਰਤ ਜਯਪੁਰੀ, ਕੈਮਰਾਮੈਨ ਰਾਧੂ ਕਰਮਾਕਰ ਅਤੇ ਰਾਜ-ਨਰਗਿਸ ਇਕ ਹੀ ਜਗ੍ਹਾ ਇਕੱਠੇ ਹੋਏ। ਪਿਆਰ ਦੀ ਰੂਹਾਨੀਅਤ ਨਾਲ ਭਰੀ ਇਹ ਫਿਲਮ ਆਪਣੇ ਆਪ ਵਿਚ ਇਕ ਮਿਸਾਲ ਬਣ ਗਈ। ਇਸ ਦੇ ਅਗਲੇ ਹੀ ਸਾਲ ਅਵਾਰਾ (1951) ਆਈ। ਇਸ ਫਿਲਮ ਨੂੰ ਦਰਸ਼ਕਾਂ ਨੇ ਜੋ ਪਿਆਰ ਦਿੱਤਾ, ਉਹ ਇਕ ਇਤਿਹਾਸ ਬਣ ਚੁੱਕਿਆ ਹੈ। ਨਾ ਸਿਰਫ ਇਸ ਦਾ ਸਿਰਲੇਖ ਗੀਤ 'ਅਵਾਰਾ ਹੂੰ, ਯਾ ਗਰਦਿਸ਼ ਮੇਂ' (ਮੁਕੇਸ਼) ਦੁਨੀਆਂ ਦੀਆਂ 18 ਭਾਸ਼ਾਵਾਂ ਵਿਚ ਡੱਬ ਹੋਇਆ, ਬਲਕਿ ਰੂਸ, ਸੀਰੀਆ, ਚੀਨ, ਮਿਸਰ, ਈਰਾਨ, ਤੁਰਕੀ ਤੇ ਲੈਟਿਨ, ਅਮਰੀਕਾ ਦੇ ਕਈ ਮੁਲਕਾਂ ਵਿਚ ਇਸ ਫਿਲਮ ਨੇ ਤਾਰੀਫ਼ਾਂ ਬਟੋਰੀਆਂ। ਅੰਕਾਰਾ ਦੇ ਇਕ ਫਿਲਮ-ਵਿਤਰਕ ਨੇ ਇਸ ਫਿਲਮ ਦੇ ਮੁਨਾਫ਼ੇ ਦੇ ਨਾਲ 'ਅਵਾਰਾ ਅੰਪਾਰਟਮੈਂਟ' ਤਕ ਬਣਾ ਦਿੱਤਾ।

ਸ੍ਰੀ 420 (1955) ਨੇ ਨਰਗਿਸ-ਰਾਜ ਕਪੂਰ ਦੀ ਜੋੜੀ ਨੂੰ ਇਕ ਨਵੇਂ ਮੁਕਾਮ 'ਤੇ ਪਹੁੰਚਾਇਆ। ਹਾਲਾਂਕਿ ਫਿਲਮ ਦੀ ਮੂਲ ਕਹਾਣੀ ਬਿਨਾਂ ਕਿਸੇ ਅਦਾਕਾਰਾ ਦੇ ਵੀ ਚੱਲ ਸਕਦੀ ਸੀ ਪਰ ਨਰਗਿਸ ਅਤੇ ਰਾਜ ਕਪੂਰ ਦੇ ਪਿਆਰ-ਪ੍ਰਸੰਗਾਂ ਤੇ ਸੁਰੀਲੇ ਗੀਤ-ਸੰਗੀਤ ਨੇ ਇਸ ਫਿਲਮ ਨੂੰ ਭਾਰਤੀ ਸਿਨੇ ਸਫ਼ਰ ਵਿਚ ਇਕ ਮੀਲ ਪੱਥਰ ਦਾ ਦਰਜਾ ਦਿਵਾ ਦਿੱਤਾ। ਇਸ ਜੋੜੀ ਦੀਆਂ ਦੂਸਰੀਆਂ ਫਿਲਮਾਂ ਜਿਵੇਂ ਫਲੀ ਮਿਸਤਰੀ ਦੀ 'ਜਾਨ-ਪਹਿਚਾਨ' (1950), ਵੀ.ਐਸ. ਵਿਆਸ ਦੀ 'ਆਸ਼ਿਆਨਾ' (1952), ਐਮ.ਐਲ. ਆਨੰਦ ਦੀ 'ਬੇਵਫ਼ਾ' (1952), ਚੰਦੂ ਲਾਲ ਸ਼ਾਹ ਦੀ 'ਪਾਪੀ' (1953), ਐਮ. ਕੁਮਾਰ ਦੀ 'ਧੁਨ' (1953), ਆਨੰਦ ਠਾਕੁਰ ਦੀ 'ਚੋਰੀ-ਚੋਰੀ' (1956) ਵੀ ਪਸੰਦ ਕੀਤੀਆਂ ਗਈਆਂ। ਫਿਰ ਆਈ ਆਰ.ਕੇ. ਦੇ ਨਿਰਮਾਣ 'ਚ ਸ਼ੰਭੂ ਮਿੱਤਰਾ ਤੇ ਅਮਿਤ ਮਿੱਤਰਾ ਦੀ ਜਾਗਤੇ ਰਹੋ (1957)। ਜਿੱਥੇ ਇਸ ਫਿਲਮ ਨੂੰ ਰਾਜ ਕਪੂਰ ਦੀਆਂ ਫਿਲਮਾਂ ਵਿਚ ਕਲਾਤਮਿਕਤਾ ਦੀ ਦ੍ਰਿਸ਼ਟੀ ਨਾਲ ਸਰਵਸ੍ਰੇਸ਼ਟ ਕਿਹਾ ਜਾਂਦਾ ਹੈ, ਉੱਥੇ ਇਸ ਹਰਮਨਪਿਆਰੀ ਜੋੜੀ ਦੀ ਵੀ ਇਹ ਆਖ਼ਰੀ ਫਿਲਮ ਸੀ। ਇਸ ਫਿਲਮ ਦੇ ਆਖ਼ਰੀ ਦ੍ਰਿਸ਼ ਵਿਚ ਪਿਆਸੇ ਰਾਜ ਨੂੰ ਪਾਣੀ ਪਿਆ ਕੇ ਨਰਗਿਸ, ਆਰ.ਕੇ. ਬੈਨਰ ਨੂੰ ਹਮੇਸ਼ਾ ਲਈ ਅਲਵਿਦਾ ਕਹਿ ਗਈ

ਪਰ ਇਤਿਹਾਸ ਹਾਲੇ ਵੀ ਪੂਰੀ ਤਰ੍ਹਾਂ ਨਹੀਂ ਬਣ ਸਕਿਆ ਸੀ। ਉਹ ਤਾਂ ਮਹਿਬੂਬ ਦੀ ਮਦਰ ਇੰਡੀਆ (1957) ਨਾਲ ਬਣਿਆ। ਇਸ ਫਿਲਮ ਵਿਚ ਬਿਹਤਰੀਨ ਅਦਾਕਾਰੀ ਦੇ ਲਈ ਨਰਗਿਸ ਨੂੰ ਕਾਰਲੋਵੀ ਵੇਰੀ ਫਿਲਮ ਮਹਾਂਉਤਸਵ ਦਾ ਪ੍ਰਤਿਸ਼ਠਿਤ ਪੁਰਸਕਾਰ ਮਿਲਿਆ। ਇਸ ਫਿਲਮ ਦੇ ਦੌਰਾਨ ਹੀ ਉਨ੍ਹਾਂ ਨੇ ਸੁਨੀਲ ਦੱਤ ਨਾਲ ਸ਼ਾਦੀ ਕਰ ਲਈ। ਸੰਨ 1968 ਵਿਚ ਆਈ ਆਪਣੀ ਆਖ਼ਰੀ ਫਿਲਮ 'ਰਾਤ ਔਰ ਦਿਨ' ਦੇ ਡਬਲ ਰੋਲ ਵਿਚ ਨਰਗਿਸ ਨੂੰ ਸਰਵੋਤਮ ਅਦਾਕਾਰਾ ਦਾ ਰਾਸ਼ਟਰੀ ਪੁਰਸਕਾਰ ਮਿਲਿਆ।

ਨਰਗਿਸ ਦੱਤ ਨੂੰ 1980 ਵਿਚ ਰਾਜ ਸਭਾ ਲਈ ਨਾਮਜ਼ਦ ਕੀਤਾ ਗਿਆ। ਅਗਲੇ ਹੀ ਸਾਲ 3 ਮਈ, 1981 ਨੂੰ ਕੈਂਸਰ ਨਾਲ ਉਨ੍ਹਾਂ ਦੀ ਮੌਤ ਹੋ ਗਈ। 2 ਮਈ, 1988 ਨੂੰ ਦਿੱਲੀ ਵਿਖੇ ਕਰਵਾਏ ਗਏ ਸਮਾਗਮ ਵਿਚ ਫਿਲਮੀ ਦੁਨੀਆ ਦੇ ਸਰਬਉੱਚ ਸਨਮਾਨ 'ਦਾਦਾ ਸਾਹਿਬ ਫ਼ਾਲਕੇ ਐਵਾਰਡ' ਲੈਂਦਿਆਂ ਹੋਇਆਂ ਰਾਜ ਕਪੂਰ ਦੀ ਹਾਲਤ ਨਾਸਾਜ਼ ਹੋ ਗਈ। ਇਸ ਦੇ ਠੀਕ ਇਕ ਮਹੀਨੇ ਬਾਅਦ ਇਕ ਜੂਨ ਨੂੰ ਨਰਗਿਸ ਦਾ ਜਨਮ ਦਿਨ ਸੀ। ਅਗਲੇ ਹੀ ਦਿਨ ਯਾਨੀ 2 ਜੂਨ ਨੂੰ ਰਾਜ ਕਪੂਰ ਵੀ ਆਪਣੇ ਆਰ.ਕੇ. ਬੈਨਰ ਤੇ ਕਰੋੜਾਂ ਪ੍ਰਸ਼ੰਸਕਾਂ ਨੂੰ ਸਦਾ ਲਈ ਅਲਵਿਦਾ ਕਹਿ ਗਏ। ਨਰਗਿਸ ਤੇ ਰਾਜ ਕਪੂਰ ਦੀਆਂ ਨਿਸ਼ਾਨੀਆਂ ਅੱਜ ਵੀ ਜ਼ਿੰਦਾ ਹਨ, ਉਨ੍ਹਾਂ ਦੇ ਕਰੋੜਾਂ ਚਾਹੁਣ ਵਾਲਿਆਂ ਦੇ ਦਿਲਾਂ ਵਿਚ ਉਨ੍ਹਾਂ ਦੀਆਂ ਯਾਦਾਂ ਦੇ ਰੂਪ ਵਿਚ, ਉਨ੍ਹਾਂ ਦੀਆਂ ਫਿਲਮਾਂ ਵਿਚ, ਉਨ੍ਹਾਂ ਦੇ ਨਗ਼ਮਿਆਂ ਵਿਚ 'ਹਮ ਨਾ ਰਹੇਂਗੇ, ਤੁਮ ਨਾ ਰਹੋਗੇ, ਫਿਰ ਭੀ ਰਹੇਂਗੀ- ਨਿਸ਼ਾਨੀਆਂ'।

## ਵਿਆਹ ਤੋਂ ਬਾਦ ਵੀ ਫਿਲਮਾਂ 'ਚ ਸਰਗਰਮ ਹੈ ਐਸ਼ਵਰਿਆ

ਪਿਛਲੇ 13 ਸਾਲਾਂ ਤੋਂ ਫਿਲਮਾਂ 'ਚ ਅਭਿਨੈ ਕਰ ਰਹੀ ਐਸ਼ਵਰਿਆ ਰਾਏ ਬਚਨ ਨੂੰ ਇਕ ਵਾਰ ਫਿਰ ਖੁਸ਼ ਹੋਣ ਦਾ ਮੌਕਾ ਮਿਲ ਗਿਆ ਹੈ। ਐਸ਼ਵਰਿਆ ਨੂੰ ਇਹ ਮੌਕਾ ਦਿੱਤਾ ਹੈ ਡਾਇਰੈਕਟਰ ਸੰਜੇ ਲੀਲਾ ਭੰਸਾਲੀ ਦੀ ਹੁਣੇ ਜਿਹੇ ਰਿਲੀਜ਼ ਫਿਲਮ 'ਗੁਜ਼ਾਰਿਸ਼' ਨੇ ਕਿਉਂਕਿ ਇਸ ਫਿਲਮ ਵਿਚ ਐਸ਼ਵਰਿਆ ਦੀ ਅਦਾਕਾਰੀ ਨੂੰ ਬਹੁਤ ਪਸੰਦ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਇਹ ਫਿਲਮ 19 ਨਵੰਬਰ ਨੂੰ ਰਿਲੀਜ਼ ਹੋਈ ਹੈ ਤੇ ਇਸੇ ਤਰੀਕ ਨੂੰ 16 ਸਾਲ ਪਹਿਲਾਂ ਐਸ਼ਵਰਿਆ ਨੇ 'ਮਿਸ ਵਰਲਡ' ਦਾ ਖਿਤਾਬ ਜਿੱਤਿਆ ਸੀ। ਐਸ਼ਵਰਿਆ



ਵਿਆਹੁਤਾ ਅਭਿਨੇਤਰੀ ਹੈ ਤੇ ਇਸ ਲਈ ਲੋਕਾਂ ਦੀ ਸਮਝ 'ਚ ਇਹ ਨਹੀਂ ਆ ਰਿਹਾ ਕਿ ਉਹ ਗ੍ਰਹਿਸਥੀ ਤੇ ਕੈਰੀਅਰ ਦੋਵਾਂ ਨੂੰ ਇੰਨੀ ਸਫਲਤਾ ਨਾਲ ਕਿਵੇਂ ਸੰਭਾਲ ਲੈਂਦੀ ਹੈ ਪਰ ਐਸ਼ਵਰਿਆ ਖ਼ੁਦ ਨੂੰ ਇਕ ਕੰਮਕਾਜੀ ਮਹਿਲਾ ਮੰਨਦੀ ਹੈ। ਉਸ ਦਾ ਕਹਿਣਾ ਹੈ ਕਿ ਉਹ ਭਾਰਤ ਦੀ ਆਮ ਕੰਮਕਾਜੀ ਮਹਿਲਾ ਤੋਂ ਵੱਖ ਨਹੀਂ ਹੈ। ਇਸੇ ਲਈ ਉਹ ਵੀ ਹੋਰ ਕੰਮਕਾਜੀ ਮਹਿਲਾਵਾਂ ਵਾਂਗ ਕੰਮ ਤੇ ਕੈਰੀਅਰ ਦੋਵਾਂ ਵਿਚਕਾਰ ਤਾਲਮੇਲ ਪੈਦਾ ਕਰ ਰਹੀ ਹੈ ਪਰ ਨਾਲ ਇਹ ਵੀ ਜੋੜਦੀ ਹੈ ਕਿ ਉਸ ਦਾ ਕੰਮ ਅਜਿਹਾ ਹੈ ਕਿ ਜਿਸ ਵਿਚ ਸਮੇਂ ਦੀ ਪਾਬੰਦੀ ਹੋਣ 'ਤੇ ਵੀ ਥੋੜ੍ਹੀ ਐਡਜਸਟਮੈਂਟ ਦੀ ਗੁੰਜਾਇਸ਼ ਹੁੰਦੀ ਹੈ। ਇਸ ਲਈ ਉਸ ਨੂੰ ਕੋਈ ਪ੍ਰੇਸ਼ਾਨੀ ਨਹੀਂ ਹੈ। ਪਰਿਵਾਰ ਤੇ ਫਿਲਮ ਨਗਰੀ ਦੇ ਲੋਕ ਉਸ ਦੀ ਪਹਿਲ ਨੂੰ ਸਮਝਦੇ ਹਨ। ਇਸੇ ਲਈ ਤਾਂ ਉਸ ਨੇ ਇਸ ਧਾਰਨਾ ਨੂੰ ਨਕਾਰ ਦਿੱਤਾ ਹੈ ਕਿ ਹਿੰਦੀ ਫਿਲਮ ਨਗਰੀ ਵਿਚ ਹੀਰੋਇਨਾਂ ਦੀ ਉਮਰ ਪੰਜ ਸਾਲ ਤੋਂ ਜ਼ਿਆਦਾ ਨਹੀਂ ਹੁੰਦੀ ਜਾਂ ਵਿਆਹ ਤੋਂ ਬਾਅਦ ਉਨ੍ਹਾਂ ਨੂੰ ਕੰਮ ਮਿਲਣਾ ਬੰਦ ਹੋ ਜਾਂਦਾ ਹੈ। ਭਾਵੇਂ ਉਸ ਦਾ ਇਹ ਵੀ ਕਹਿਣਾ ਹੈ ਕਿ ਸਾਰੀਆਂ ਕੰਮਕਾਜੀ ਮਹਿਲਾਵਾਂ ਲਈ ਇਕ ਹੀ ਫਾਰਮੂਲਾ ਨਹੀਂ ਹੋ ਸਕਦਾ ਕਿਉਂਕਿ ਇਹ ਤੈਅ ਕਰਨਾ ਹੁੰਦਾ ਹੈ ਕਿ ਕਦੋਂ ਕੀ ਕਰਨਾ ਹੈ? ਐਸ਼ ਦਾ ਕਹਿਣਾ ਹੈ ਕਿ ਦਰਸ਼ਕ ਚਾਹੁੰਦੇ ਹਨ ਤਾਂ ਹੀ ਇਕ ਕਲਾਕਾਰ ਨੂੰ ਫਿਲਮ ਮਿਲਦੀ ਹੈ। ਇਸ ਲਈ ਦਰਸ਼ਕਾਂ ਦੀ ਉਹ ਧੰਨਵਾਦੀ ਹੈ ਕਿ ਕਿ ਲੋਕ ਉਸ ਦੀਆਂ ਫਿਲਮਾਂ ਨੂੰ ਪਸੰਦ ਕਰਦੇ ਹਨ।

## ਕਾਮੇਡੀ ਫ਼ਿਲਮ 'ਫੰਸ ਗਏ ਰੇ ਓਬਾਮਾ'

ਪਹਿਲਾਂ ਓਸਾਮਾ ਬਿਨ ਲਾਦੇਨ ਨੂੰ ਮੁੱਖ ਰੱਖ ਕੇ ਕਾਮੇਡੀ ਫਿਲਮ 'ਤੇਰੇ ਬਿਨ ਲਾਦੇਨ' ਬਣੀ ਤੇ ਹੁਣ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ 'ਤੇ ਆਧਾਰਿਤ ਹੋਰ ਕਾਮੇਡੀ ਫਿਲਮ 'ਫੰਸ ਗਏ ਰੇ ਓਬਾਮਾ' ਬਣਾਈ ਗਈ ਹੈ। ਇਸ ਫਿਲਮ 'ਚ ਜਿੱਥੇ ਮੰਦੀ ਦੇ ਦੌਰ ਵਰਗੇ ਗੰਭੀਰ ਮੁੱਦੇ ਨੂੰ ਉਭੀਰਿਆ ਗਿਆ ਹੈ ਉੱਥੇ ਕਮੇਡੀ ਦੀ ਵੀ ਸੂਲ ਪੇਸ਼ਕਾਰੀ ਕੀਤੀ ਗਈ ਹੈ। ਇਸ ਫਿਲਮ ਦੀ ਕਹਾਣੀ ਇਸ ਤਰ੍ਹਾਂ ਹੈ।


ਓਮ ਸ਼ਾਸਤਰੀ (ਰਜਤ ਕਪੂਰ) ਅਮਰੀਕਾ ਵਿਚ ਰਹਿ ਰਿਹਾ ਹੁੰਦਾ ਹੈ ਤੇ ਉਸ ਕੋਲ ਅਮਰੀਕਾ ਦੀ ਨਾਗਰਿਕਤਾ ਵੀ ਹੈ। ਅਮਰੀਕਾ ਵਿਚ ਆਈ ਆਰਥਿਕ ਮੰਦੀ ਦੇ ਚਲਦਿਆਂ ਓਮ ਸ਼ਾਸਤਰੀ ਕੰਗਾਲ ਹੋ ਜਾਂਦਾ ਹੈ ਤੇ ਆਪਣੇ ਕਰਜ਼ੇ ਚੁਕਾਉਣ ਲਈ ਉਸ ਨੂੰ ਆਪਣਾ ਘਰ ਤੱਕ ਵੇਚ ਦੇਣ ਦੀ ਨੌਬਤ ਆਣ ਪੈਂਦੀ ਹੈ। ਉਸ ਦੇ ਸਿਰ 'ਤੇ ਬੈਂਕ ਦਾ ਇਕ ਲੱਖ ਡਾਲਰ ਦਾ ਕਰਜ਼ਾ ਹੈ ਤੇ ਇਹ ਇਕ ਮਹੀਨੇ ਦੇ ਅੰਦਰ ਚੁਕਾਉਣਾ ਹੁੰਦਾ ਹੈ। ਓਮ ਦੀ ਭਾਰਤ ਵਿਚ ਜ਼ਮੀਨ ਹੈ ਤੇ ਉਹ ਆਪਣੀ ਜ਼ਮੀਨ ਵੇਚ ਕੇ ਕਰਜ਼ਾ ਚੁਕਾਉਣ ਦਾ ਫੈਸਲਾ ਲੈਂਦਾ ਹੈ। ਓਮ ਭਾਰਤ ਆਉਂਦਾ ਹੈ ਤੇ ਉਸ ਨੂੰ ਅਮਰੀਕਾ ਤੋਂ ਆਇਆ ਅਮੀਰ ਪਰਵਾਸੀ ਭਾਰਤੀ ਮੰਨ ਕੇ ਇਕ ਗਰੋਹ ਫਰੌਤੀ ਲਈ ਅਗਵਾ ਕਰ ਲੈਂਦਾ ਹੈ। ਇਸ ਗਰੋਹ ਦਾ ਸਰਗਨਾ (ਸੰਜੈ ਮਿਸ਼ਰਾ) ਵੀ ਮੰਦੀ ਦੇ ਦੌਰ ਤੋਂ ਅਛੂਤਾ ਨਹੀਂ ਹੈ। ਉਹ ਇੰਨਾ ਕੰਗਾਲ ਹੋ ਗਿਆ ਹੈ ਕਿ ਉਸ ਦੇ ਮੋਬਾਈਲ ਫੋਨ ਦਾ 'ਇਨਕਮਿੰਗ' ਚਾਲੂ ਹੈ ਪਰ 'ਆਉਟਗੋਇੰਗ' ਬੰਦ ਹੈ। ਜੀਪ ਹੈ ਪਰ ਉਸ ਵਿਚ ਪੈਟਰੋਲ ਪਵਾਉਣ ਲਈ ਪੈਸੇ ਨਹੀਂ ਹਨ। ਓਮ ਤੋਂ ਫਰੌਤੀ ਦੇ ਰੂਪ ਵਿਚ ਮੋਟੀ ਰਕਮ ਵਸੂਲਣ ਦੇ ਸੁਪਨੇ ਦੇਖਣ ਵਾਲੇ ਇਸ ਗੈਂਗਸਟਰ ਨੂੰ ਉਦੋਂ ਝਟਕਾ ਲੱਗਦਾ ਹੈ ਜਦੋਂ ਉਸ ਨੂੰ ਪਤਾ ਲੱਗਦਾ ਹੈ ਕਿ ਓਮ ਦੀ ਵੀ ਜੇਬ ਖਾਲੀ ਹੈ ਤੇ ਉਹ ਵੀ ਕੰਗਾਲ ਹੈ।

### ਸੱਭਿਆਚਾਰਕ ਕਦਰਾਂ-ਕੀਮਤਾਂ ਦੀ ਪੇਸ਼ਕਰੀ

## 'ਤੇਰੇ ਇਸ਼ਕ ਨਚਾਇਆ'

ਮਾਨਸਾ ਵਿਖੇ ਜੰਮਿਆ-ਪਲਿਆ ਤੇ ਸ਼ਾਹੀ ਸ਼ਹਿਰ ਪਟਿਆਲਾ ਵਿਖੇ ਜਵਾਨ ਹੋਇਆ ਅਦਾਕਾਰ ਗੈਵੀ ਚਹਿਲ ਆਪਣੀ ਚੌਥੀ ਪੰਜਾਬੀ ਫਿਲਮ 'ਤੇਰੇ ਇਸ਼ਕ ਨਚਾਇਆ' ਰਾਹੀਂ ਬਤੌਰ ਨਾਇਕ ਫਿਲਮ ਪ੍ਰੇਮੀਆਂ ਦੇ ਰੂਬਰੂ ਹੋਇਆ ਹੈ। ਗੈਵੀ ਚਹਿਲ ਨੇ ਫਿਲਮ 'ਚ ਇਕ ਅਜਿਹੇ ਨੌਜਵਾਨ ਦਾ ਕਿਰਦਾਰ ਨਿਭਾਇਆ ਹੈ ਜੋ ਉਚੇਰੀ ਸਿੱਖਿਆ ਹਾਸਲ ਕਰਨ ਦੇ ਨਾਲ-ਨਾਲ ਆਪਣੇ ਵਿਰਸੇ ਦੀਆਂ ਅਮੀਰ ਰਵਾਇਤਾਂ ਤੇ ਮਰਿਯਾਦਾ ਨੂੰ ਕਾਇਮ ਰੱਖਣ ਲਈ ਵੀ ਦ੍ਰਿੜ ਹੈ। ਉਹ ਜਿੱਥੇ ਇਕ ਮੁਟਿਆਰ ਦੀ ਮੁਹੱਬਤ ਦੇ ਰੰਗ 'ਚ ਰੰਗਿਆ ਜਾਂਦਾ ਹੈ ਉੱਥੇ ਉਹ ਰਿਸ਼ਤੇ-ਨਾਤਿਆਂ ਦੀ ਕਦਰ ਵੀ ਕਾਇਮ ਰੱਖਦਾ ਹੈ। ਇਨ੍ਹਾਂ ਲਈ ਉਹ ਹਰ ਤਰ੍ਹਾਂ ਦੀ ਕੁਰਬਾਨੀ ਕਰਨ ਲਈ ਤਿਆਰ ਰਹਿੰਦਾ ਹੈ। ਇਸ ਫਿਲਮ 'ਚ ਮੰਨਤ ਸਿੰਘ ਨੇ ਨਾਇਕਾ ਦੀ ਭੂਮਿਕਾ ਨਿਭਾਈ ਹੈ। ਇਸ ਦੇ ਨਾਲ ਹੀ ਬਾਲੀਵੁੱਡ ਅਦਾਕਾਰ ਦੀਪ ਢਿੱਲੋਂ ਤੇ ਕਮਲਜੀਤ ਸਿੰਘ ਤੋਂ ਇਲਾਵਾ ਅਮਰ ਨੂਰੀ ਤੇ ਸਰਬਜੀਤ ਮਾਂਗਟ ਵੀ ਵਧੀਆ ਭੂਮਿਕਾਵਾਂ 'ਚ ਹਨ। ਇਰੋਜ਼ ਕੰਪਨੀ ਵੱਲੋਂ ਰਿਲੀਜ਼ ਫਿਲਮ ਦਾ ਸੰਗੀਤ ਹੰਸ ਰਾਜ ਹੰਸ ਤੇ ਨਵਰਾਜ ਹੰਸ ਨੇ ਦਿੱਤਾ ਹੈ। ਗੀਤਕਾਰ ਰਾਜ ਕਾਕੜਾ ਦੇ ਲਿਖੇ ਸੱਤ ਗੀਤ ਫਿਲਮ ਨੂੰ ਸੰਗੀਤਕ ਰੰਗ ਦਿੰਦੇ ਹਨ। ਗੈਵੀ ਦਾ ਕਹਿਣਾ ਹੈ ਕਿ ਨਿਰਦੇਸ਼ਕ ਰਵਿੰਦਰ ਰਵੀ ਨੇ ਆਪਣੀਆਂ ਪਹਿਲੀਆਂ ਫਿਲਮਾਂ ਵਾਂਗ ਹੀ ਇਸ ਫਿਲਮ 'ਚ ਪੰਜਾਬੀ ਸੱਭਿਆਚਾਰ ਦੀਆਂ ਕਦਰਾਂ-ਕੀਮਤਾਂ ਤੇ ਰਿਸ਼ਤਿਆਂ ਦੀ ਪਾਕੀਜ਼ਗੀ ਨੂੰ ਕਾਇਮ ਰੱਖਣ ਦੇ ਨਾਲ-ਨਾਲ ਪੂਰੀ ਤਰ੍ਹਾਂ ਪਰਿਵਾਰਕ ਤੇ ਮਨੋਰੰਜਕ ਫਿਲਮ ਬਣਾਈ ਹੈ ਜਿਸ ਨੂੰ ਹਰ ਉਮਰ ਦੇ ਦਰਸ਼ਕ ਪਸੰਦ ਕਰਨਗੇ।

ਆਪਣੇ ਪਹਿਰਾਵੇ, ਬੋਲੀ ਤੇ ਸੱਭਿਆਚਾਰ ਦੇ ਨਾਲ-ਨਾਲ ਆਧੁਨਿਕ ਸਮੇਂ ਦੀ ਗੱਲ ਕਰਦੀ ਫਿਲਮ 'ਤੇਰੇ ਇਸ਼ਕ ਨਚਾਇਆ' ਦੀ ਨਾਇਕਾ ਮੰਨਤ ਸਿੰਘ ਜਾਣੀ-ਪਛਾਣੀ ਅਭਿਨੇਤਰੀ ਹੈ। ਰੰਗਮੰਚ ਤੋਂ ਬਾਅਦ ਦੂਰਦਰਸ਼ਨ ਜਲੰਧਰ ਦੇ ਅਨੇਕਾਂ ਲੜੀਵਾਰਾਂ 'ਤੇ ਬੇਸ਼ੁਮਾਰ ਪੰਜਾਬੀ



ਵੀਡੀਓਜ਼ 'ਚ ਮਾਡਲਿੰਗ ਕਰਨ ਤੋਂ ਬਾਅਦ ਸਟਾਰ ਬਣੀ ਮੰਨਤ ਸਿੰਘ ਜ਼ੀ ਟੀ.ਵੀ. ਦੇ ਸੀਰੀਅਲ 'ਚਲਦੀ ਦਾ ਨਾਂ ਗੱਡੀ' ਨਾਲ ਲੋਕਪ੍ਰਿਆ ਹੋਈ। 'ਮਹਿੰਦੀ ਵਾਲੇ ਹੱਥ', 'ਧੀਆਂ' ਤੇ 'ਪੰਜਾਬ' ਫਿਲਮਾਂ ਨਾਲ ਜ਼ੋਰਦਾਰ ਅਭਿਨੈ ਸਦਕਾ ਚਰਚਾ ਵਿਚ ਆਈ ਮੰਨਤ ਸਿੰਘ ਸ਼ਾਨਦਾਰ ਅਭਿਨੇਤਰੀ ਹੈ। 26 ਨਵੰਬਰ ਨੂੰ ਰਿਲੀਜ਼ ਹੋਈ ਫਿਲਮ 'ਤੇਰੇ ਇਸ਼ਕ ਨਚਾਇਆ' ਦੀ ਸਾਰੀ ਕਹਾਣੀ ਉਸ ਦੇ ਇਰਦ-ਗਿਰਦ ਘੁੰਮਦੀ ਹੈ। ਵਿਸ਼ਾਲ ਬਜਟ ਤੇ ਵਿਸ਼ਾਲ ਪ੍ਰਚਾਰ ਨਾਲ ਇਹ ਫਿਲਮ ਵੱਡੇ ਪੱਧਰ 'ਤੇ ਦੇਸ਼-ਵਿਦੇਸ਼ 'ਚ ਰਿਲੀਜ਼ ਹੋਈ ਹੈ। ਇਸ ਫਿਲਮ ਬਾਰੇ ਗੱਲ ਕਰਦਿਆਂ ਮੰਨਤ ਦਾ ਕਹਿਣਾ ਹੈ ਕਿ ਸਿਨੇਮਾ ਸਕੋਪ ਤਕਨੀਕ ਵਾਲੀ ਇਸ ਫਿਲਮ ਦੀ ਰੁਮਾਂਟਿਕ ਤ੍ਰਿਕੋਣੀ ਪ੍ਰੇਮ ਕਹਾਣੀ ਨੌਜਵਾਨ ਦਰਸ਼ਕਾਂ ਦੇ ਦਿਲੀ ਜਜ਼ਬਾਤਾਂ ਤੇ ਉਨ੍ਹਾਂ ਦੀ ਉਮਰ ਦੇ ਹਾਣ ਦੀ ਬਣੀ ਹੈ। ਸ਼ਾਨਦਾਰ ਪਹਿਰਾਵੇ, ਰੀਤੀ ਰਿਵਾਜ਼ਾਂ ਦੇ ਨਾਲ-ਨਾਲ ਦਿਲਕਸ਼ ਲੋਕੇਸ਼ਨਾਂ ਨਾਲ ਫਿਲਮ ਦਾ ਹਰ ਦ੍ਰਿਸ਼ ਦਿਲ ਖਿੱਚਵਾਂ ਹੈ। ਮੰਨਤ ਦਾ ਕਹਿਣਾ ਹੈ ਕਿ ਗੈਵੀ ਚਾਹਲ ਤੇ ਦਕਸ਼ ਅਜੀਤ ਨਾਲ ਰੁਮਾਂਟਿਕ ਤ੍ਰਿਕੋਣ 'ਚ ਸ਼ਾਨਦਾਰ ਰੁਮਾਂਟਿਕ ਸੰਵਾਦ, ਜਾਨਦਾਰ ਸਸਪੈਂਸ ਤੇ ਮੁਹੱਬਤ ਭਰੇ ਦ੍ਰਿਸ਼ 'ਤੇਰੇ ਇਸ਼ਕ ਨਚਾਇਆ' 'ਚ ਪਿਆਰ ਦੀ ਸਤਰੰਗੀ ਪੀਂਘ ਵਰਗੇ ਨਜ਼ਾਰੇਦਾਰ ਪਲ ਹਨ ਜਿਨ੍ਹਾਂ ਨਾਲ ਸਮੁੱਚੀ ਫਿਲਮ ਪਿਆਰ ਦੇ ਸਵਰਗ ਦੀ ਸੈਰ ਕਰਵਾਏਗੀ। ਐਰੀ 435 ਕੈਮਰੇ ਨਾਲ ਫਿਲਮਾਈ ਤੇ ਥਾਈਲੈਂਡ ਦੇ ਮਨਮੋਹਕ ਸਥਾਨ 'ਤੇ ਬਣੀ ਇਸ ਫਿਲਮ 'ਚ ਰੂਸ ਦੀਆਂ ਨ੍ਰਤਕੀਆਂ ਵੱਲੋਂ ਕੀਤਾ ਡਾਂਸ ਵੀ ਮੰਨਤ ਅਨੁਸਾਰ ਦਰਸ਼ਕਾਂ ਦੇ ਪੈਸੇ ਦਾ ਚੌਣਾ ਮੁੱਲ ਮੋੜੇਗਾ। ਮੰਨਤ ਨੂੰ ਖੁਸ਼ੀ ਹੈ ਕਿ ਪੰਜ ਕਰੋੜ ਦੇ ਬਜਟ ਨਾਲ ਬਣੀ ਉਸ ਦੀ ਇਸ ਫਿਲਮ ਦਾ ਟਰਾਇਲ ਬਾਲੀਵੁੱਡ ਦੀਆਂ ਉਘੀਆਂ ਹਸਤੀਆਂ ਨੇ ਪਸੰਦ ਕੀਤਾ ਹੈ। ਅਖੀਰ 'ਚ ਨਿਰਦੇਸ਼ਕ ਰਵਿੰਦਰ ਰਵੀ ਤੇ ਨਿਰਮਾਤਾ ਕੇਸਰ ਸਿੰਘ ਦੇ ਟੀਮ ਵਰਕ ਦੀ ਸ਼ਲਾਘਾ ਕਰਦੀ ਮੰਨਤ ਸਿੰਘ ਆਖਦੀ ਹੈ ਕਿ ਫਿਲਮ 'ਤੇਰੇ ਇਸ਼ਕ ਨਚਾਇਆ' 'ਚ ਮਨੋਰੰਜਨ ਦਾ ਪੂਰਾ ਤੜਕਾ ਹੈ ਤੇ ਫਿਲਮ ਸਵਾਦਲੇ ਭੋਜਨ ਦੀ ਤਰ੍ਹਾਂ ਦਰਸ਼ਕਾਂ ਨੂੰ ਨਜ਼ਾਰੇਦਾਰ ਸਵਾਦ ਦੇਵੇਗੀ।

# ਸਪੈਸ਼ਲ ਸੇਲ ➡ ਬਰੇਕਸ 89.99

GILL EXPRESS

Fast & Friendly Service

# WASH, TIRE & REPAIR



ਪੰਜਾਬੀ ਢਾਬਾ

Tractor Wash .................. $ 29.99
Full Service Oil Change... $189.99
Flat Repair .............................. $ 35.00
☞ Mount & Dismount .................. $ 25.00
☞ Hourly Labor Rate ...................... $ 60.00

*We are a full service repair shop, From a simple seal to a new transmission, We have you covered.*


ਵਧੀਆ ਕੁਆਲਟੀ ਦੇ ਟਾਇਰ ਸਸਤੇ ਰੇਟਾਂ 'ਤੇ ਲੈਣ ਲਈ ਕਾਲ ਕਰੋ

Oklahoma City • 405-324-8473 Spiceland IN • 765-987-7000 Madera CA • 559-673-8473
Bakersfield CA • 661-369-4368 Ripon CA • 209-599-6662 Fresno CA • 559-283-2644



ਯਾਰਾਂ ਦਾ ਟਰੱਕ ਬੱਲੀਏ,
ਹੁਣ ਏ ਪੀ ਪੈਟਰੋ ਤੋਂ ਤੇਲ ਪਵਾਵੇ...

AP AMERICAN PETRO



ਸਭ ਤੋਂ ਵਧੀਆ ਸਹੂਲਤਾਂ ਵਾਲਾ

# Truck Stop

*2 Cent/Gallon Rebate
* Cash/Credit Card/Fleet Card (Same Price on All)

ਸਹੂਲਤਾਂ

*ਸਸਤਾ Diesel
*Liquor Bar



*ਪੰਜਾਬੀ ਢਾਬਾ
*Liquor Store

# Taste of India

# ਪੰਜਾਬੀ ਢਾਬਾ

ਕੀਮਤਾਂ ਬਹੁਤ ਹੀ ਵਾਜਬ !

ਇਥੇ ਹਰ ਰੋਜ਼ ਮੱਕੀ ਦੀਆਂ ਤਾਜ਼ੀਆਂ ਰੋਟੀਆਂ ਤੇ ਤਾਜ਼ਾ ਸਾਗ ਮਿਲਦਾ ਹੈ।



ਇਥੇ ਆਓ, ਬੈਠ ਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਓ...। ਸੁਆਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਹੋਵੇ ਤੇ ਘਰ ਦੀ...।

*Brand New Shower ਹੈ।*
*ਨਹਾਓ ਤੇ ਫਰੈਸ਼ ਹੋ ਕੇ ਕੰਮ 'ਤੇ ਜਾਓ।*

*Spiceland, Indiana*
*I-70, Exit 123*

# Call: 765-987-8786


ਪੰਜਾਬੀ ਪੈਕ ਦਾ ਜਵਾਬ ਨਹੀਂ!
PTC Punjabi, India's No. 1 Punjabi entertainment channel, is now available only on DISH Network.
Exclusive
GURBANI FROM SRI HAZOOR SAHEB
PTC PUNJABI
The Punjabi Pack offers the widest variety of Punjabi-language programs including "Gurbani" from Golden Temple in Amritsar and Sri Hazoor Sahib. Watch top drama serials, musical programs, movies, documentaries, live interactive talk shows, children's programs, cultural programs and much more. Punjabi Pack includes seven outstanding channels
Punjabi Pack - Complete Punjabi TV package
Punjabi Pack $24.99/mo.
jus
JUS one
punjabi
Punjab
PTC PUNJABI
• No equipment to buy • Free Standard Professional Installation
• Free DVR Upgrade ($6.00/mo. DVR Service fee applies) • Free Activation (with 24-month Agreement)
Watch the Best! DISH Network offers 7 Channels only in the Punjabi Pack
Learn More
Call 1-888-242-2276
www.dishnetwork.com/punjabi
Source: TAM Peoplemeter system. Period Week 26-29, 2010
Requires additional International Basic package for $10/mo. or any America's Top package. Digital Home Advantage plan requires 24-month agreement and credit qualification. If service is terminated before the end of agreement, a cancellation fee of $17.50/month remaining applies. Free Standard Professional Installation only. All equipment is leased and must be returned to DISH Network upon cancellation or unreturned equipment fees apply. Limit 6 leased tuners per account; lease upgrade fees apply for select receivers; monthly fees may apply based on type and number of receivers. HD programming requires HD television. All prices, packages and programming subject to change without notice. Local channels may not be available in all areas. Offer is subject to the terms of applicable Promotional and Residential Customer Agreements. Additional restrictions may apply. First-time DISH Network customers only. Offer ends 1/31/11. ©2010, DISH Network L.L.C. All rights reserved.
dish NETWORK